**Reo-Bankowned Properties**

From San Jose to Sacramento

JASSI GILL *Broker/Owner*

510-304-9292

**Refinance Now**

@ZERO COST

Call Sukhi Gill:510-207-9067

CA DRE Lic.#01180969



*Jassi Gill*

CA DRE# 00966763



**Hardeep S.Rai**

ਇਮੇਗਰੇਸ਼ਨ ਵਕੀਲ

Attorney-at-Law

• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ

• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ

• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

SAN JOSE
TEL: 408.280.1111
FAX. 408.280.1212



**Kuldip Singh Dhariwal**


Attorney At Law

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

Tel : (510) 744-1280

Fax: (510) 744-4192



ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538

E-mail: kuldipdhariwal@yahoo.com



Twelfth Year in Publication

ਕੈਲੇਫੋਰਨੀਆ ਐਡੀਸ਼ਨ

Price 50¢

Email:punjabtimes1@sbcglobal.net

www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 9, February 26, 2011 | 20451 N Plum Grove Rd. Palatine, IL 60074 | Ph:847-359-0746, Fax:847-705-9388


## ਦੋ ਨਵੰਬਰ '84:ਪਿੰਡ ਹੋਂਦ ਚਿੱਲੜ 'ਚ ਹੋਇਆ ਦਰਿੰਦਗੀ ਦਾ ਨੰਗਾ ਨਾਚ, ਦਰਦ ਕਹਾਣੀ ਸਾਹਮਣੇ ਆਉਂਦਿਆਂ ਲੱਗੇ 27 ਸਾਲ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਦੋ ਨਵੰਬਰ 1984 ਨੂੰ ਹਰਿਆਣਾ ਦੇ ਪਿੰਡ ਹੋਂਦ ਚਿੱਲੜ (ਜ਼ਿਲ੍ਹਾ ਰਿਵਾੜੀ) ਵਿਚ ਹੋਏ 35 ਸਿੱਖਾਂ ਦੇ ਸਮੂਹਿਕ ਕਤਲੇਆਮ ਨੂੰ ਸਾਹਮਣੇ ਆਉਣ ਲਈ 27 ਸਾਲ ਲੱਗ ਗਏ। ਇਸ ਨੇ ਦਰਦ ਨੂੰ ਵਧਾਇਆ ਤਾਂ ਹੈ ਹੀ, ਬਹੁਤ ਸਾਰੇ ਸਵਾਲ ਵੀ ਖੜ੍ਹੇ ਕਰ ਦਿੱਤੇ ਹਨ। ਇੰਨੇ ਸਾਲ ਇਹ ਭਿਆਨਕ ਕਾਂਡ ਲੋਕਾਂ ਦੇ ਧਿਆਨ ਵਿਚ ਨਹੀਂ ਆਇਆ ਅਤੇ ਜਿਨ੍ਹਾਂ ਦੇ ਇਹ ਧਿਆਨ ਵਿਚ ਸੀ, ਉਨ੍ਹਾਂ ਨੇ ਇਸ ਨੂੰ ਨਸ਼ਰ ਨਾ ਕਰਕੇ ਇਕ ਲਿਹਾਜ ਨਾਲ ਮਾਨਵਤਾ ਦੋਖੀ ਕੰਮ ਕੀਤਾ ਹੈ।

ਦੋ ਨਵੰਬਰ, 1984 ਨੂੰ ਧਾੜਵੀਆਂ ਨੇ 35 ਸਿੱਖਾਂ ਨੂੰ ਮਾਰ ਮੁਕਾਇਆ ਜਿਨ੍ਹਾਂ ਵਿਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਇਨ੍ਹਾਂ ਵਿਚੋਂ ਅਜੇ 25 ਜਣਿਆਂ ਦੀ ਹੀ ਸ਼ਨਾਖ਼ਤ ਹੋਈ ਹੈ। ਹਮਲਾਵਰਾਂ ਨੇ ਲੋਕਾਂ ਨੂੰ ਘਰਾਂ ਸਮੇਤ ਸਾੜ ਦਿੱਤਾ। ਇਸ ਤੋਂ ਬਾਅਦ ਪਿੰਡ ਦੇ ਗੁਰਦੁਆਰੇ ਨੂੰ ਵੀ ਅੱਗ ਲਾ ਦਿੱਤੀ। ਹਮਲਾਵਰਾਂ ਨੇ ਘਰਾਂ ਦੀਆਂ ਛੱਤਾਂ ਪਾੜ ਕੇ ਅਤੇ ਤੇਲ ਛਿੜਕ ਕੇ ਅੱਗਾਂ ਲਾਈਆਂ। ਤੇਲ ਵੀ ਸਾੜੇ ਜਾਣ ਵਾਲੇ ਸਿੱਖਾਂ ਦੇ ਡਰੰਮਾਂ ਵਿਚੋਂ ਹੀ ਕੱਢਿਆ ਗਿਆ ਸੀ।



ਪਿੰਡ ਹੋਂਦ ਚਿੱਲੜ ਦਾ ਦੌਰਾ ਕਰ ਰਹੇ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ

(ਹੋਰ ਵਿਸਤ੍ਰਿਤ ਖਬਰਾਂ ਸਫਾ 12 ਤੇ 13 ਉਤੇ)

ਇਨ੍ਹਾਂ ਪਰਿਵਾਰਾਂ ਵਿਚ ਕੁਝ ਪਰਿਵਾਰ ਉਹ ਵੀ ਸਨ ਜਿਹੜੇ 1947 ਵਿਚ ਮੁਸਲਮਾਨਾਂ ਲਈ ਵੱਖਰਾ ਦੇਸ਼ ਪਾਕਿਸਤਾਨ ਬਣਨ ਵੇਲੇ ਹੋਈ ਵੰਡ ਮੌਕੇ ਪਿੰਡ ਵਿਚ ਆਣ ਵਸੇ ਸਨ। ਧਾੜਵੀਆਂ ਦਾ ਸ਼ਿਕਾਰ ਬਣੇ ਲੋਕਾਂ ਵਿਚ ਇਕ ਉਹ ਫ਼ੌਜੀ ਵੀ ਸ਼ਾਮਲ ਹੈ ਜਿਸ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖਾਂ ਖ਼ਿਲਾਫ਼ ਚੱਲ ਰਹੀ ਹਨ੍ਹੇਰੀ ਤੋਂ ਬਚਣ ਲਈ ਇਸ ਪਿੰਡ ਵਿਚ ਪਨਾਹ ਲਈ ਸੀ। ਉਸ

(ਬਾਕੀ ਸਫਾ 6 'ਤੇ)

## ਸ਼੍ਰੋਮਣੀ ਕਮੇਟੀ ਚੋਣਾਂ ਮਈ ਦੇ ਪਹਿਲੇ ਹਫ਼ਤੇ!

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਲੰਮੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਮਈ ਦੇ ਪਹਿਲੇ ਹਫ਼ਤੇ ਹੋਣ ਦੀ ਸੰਭਾਵਨਾ ਹੈ। ਪੰਜਾਬ ਸਮੇਤ ਸਾਰੇ ਸਬੰਧਤ ਰਾਜ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਲਈ ਪੂਰੀ ਤਰ੍ਹਾਂ ਤਿਆਰ ਹਨ ਤੇ ਵੋਟਰ ਸੂਚੀਆਂ ਦਾ ਪ੍ਰਕਾਸ਼ਨ ਮੁਕੰਮਲ ਹੋਣ ਤੋਂ ਬਾਅਦ ਗੁਰਦੁਆਰਾ ਚੋਣ ਕਮਿਸ਼ਨ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਮਈ ਦੇ ਪਹਿਲੇ ਹਫ਼ਤੇ ਆਮ ਚੋਣਾਂ ਕਰਵਾਉਣ ਦੀ ਸਿਫਾਰਸ਼ ਕੀਤੀ ਹੈ। ਆਸ ਹੈ ਕਿ ਕੇਂਦਰ ਇਸ ਸਿਫਾਰਸ਼ 'ਤੇ ਮੋਹਰ ਲਾ ਦੇਵੇਗਾ ਕਿਉਂਕਿ ਚੋਣਾਂ 'ਚ ਦੇਰੀ ਨੂੰ ਲੈ ਕੇ ਪਹਿਲਾਂ ਹੀ ਸਿੱਖ ਹਲਕਿਆਂ 'ਚ ਰੋਸ ਹੈ। ਹਾਕਮ ਧਿਰ ਅਕਾਲੀ ਦਲ (ਬ) ਵੀ ਮਈ 'ਚ ਹੀ ਚੋਣਾਂ ਕਰਾਉਣ ਦੇ ਰੌਅ 'ਚ ਹੈ ਕਿਉਂਕਿ ਉਹ ਇਨ੍ਹਾਂ ਚੋਣਾਂ ਦੇ ਪ੍ਰਭਾਵ ਦਾ ਲਾਹਾ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਲੈਣਾ ਚਾਹੁੰਦਾ ਹੈ। ਉਧਰ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਦੇ ਕਮਿਸ਼ਨਰਾਂ ਨੇ ਮੁੱਖ ਕਮਿਸ਼ਨਰ (ਗੁਰਦੁਆਰਾ ਚੋਣਾਂ) ਜਸਟਿਸ ਹਰਫੂਲ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਮੀਟਿੰਗ ਵਿਚ ਚੋਣ ਦੀ ਤਿਆਰੀ ਬਾਰੇ ਜਾਇਜ਼ਾ ਲਿਆ ਗਿਆ ਤੇ ਪ੍ਰਬੰਧਾਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ।

ਗੁਰਦੁਆਰਾ ਚੋਣ ਕਮਿਸ਼ਨ ਨੇ ਗੁਰਦੁਆਰਾ ਐਕਟ 1925 ਅਧੀਨ ਪੰਜਾਬ ਦੇ ਇਲਾਵਾ ਹਰਿਆਣਾ ਵਿਚ ਅੱਠ ਹਲਕਿਆਂ ਦੀਆਂ 11 ਸੀਟਾਂ ਅਤੇ ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਦੀ ਕ੍ਰਮਵਾਰ ਇਕ-ਇਕ ਸੀਟ ਵਾਸਤੇ ਚੋਣ ਕਰਵਾਉਣੀ ਹੈ।

(ਬਾਕੀ ਸਫਾ 6 'ਤੇ)

### ਯੂ.ਪੀ.ਏ. ਸਰਕਾਰ ਵਿਰੋਧੀ ਧਿਰਾਂ ਅੱਗੇ ਝੁਕੀ

## ਪ੍ਰਧਾਨ ਮੰਤਰੀ ਵੱਲੋਂ ਜੇ.ਪੀ.ਸੀ. ਦਾ ਐਲਾਨ

**ਨਵੀਂ ਦਿੱਲੀ (ਪੰਜਾਬ ਟਾਈਮਜ਼ ਬਿਊਰੋ):** ਬਜਟ ਸੈਸ਼ਨ ਨੂੰ ਸਹੀ ਢੰਗ ਨਾਲ ਚਲਾਉਣ ਲਈ ਯੂ.ਪੀ.ਏ. ਸਰਕਾਰ ਨੇ ਅਖੀਰ ਵਿਰੋਧੀ ਧਿਰਾਂ ਦੀ ਅੜੀ ਅੱਗੇ ਝੁਕਦਿਆਂ 2-ਜੀ ਸਪੈਕਟ੍ਰਮ ਘੁਟਾਲੇ ਦੀ ਜਾਂਚ ਲਈ ਸਾਂਝੀ ਸੰਸਦੀ ਕਮੇਟੀ (ਜੇ.ਪੀ.ਸੀ.) ਬਣਾਉਣ ਦਾ ਐਲਾਨ ਕਰ ਦਿੱਤਾ ਹੈ। ਵਿਰੋਧੀ ਧਿਰਾਂ ਦੀ ਇਸੇ ਅੜੀ ਕਰਕੇ ਪੂਰੇ ਸਰਦ ਰੁੱਤ ਸੈਸ਼ਨ 'ਚ ਕੋਈ ਕਾਰਵਾਈ ਨਹੀਂ ਸੀ ਹੋ ਸਕੀ ਜਿਸ ਕਰਕੇ ਮੀਡੀਆ ਵੱਲੋਂ ਸਰਕਾਰ ਦੀ ਦਿਆਨਤਦਾਰੀ 'ਤੇ ਵੀ ਸਵਾਲ ਉਠਾਏ ਗਏ ਸਨ। ਇਸ ਤੋਂ ਬਾਅਦ ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ ਕਈ ਮੀਟਿੰਗਾਂ ਕਰਕੇ ਮਾਮਲੇ ਨੂੰ ਕਿਸੇ ਤਣ-ਪੱਤਣ ਲਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਵਿਰੋਧੀ ਧਿਰਾਂ ਟੱਸ ਤੋਂ ਮੱਸ ਨਾ ਹੋਈਆਂ।

ਵਿਰੋਧੀ ਧਿਰਾਂ ਦੇ ਅੜੀਅਲ ਰਵੱਈਏ ਨੂੰ ਵੇਖਦਿਆਂ ਸਰਕਾਰ ਨੂੰ ਖਦਸ਼ਾ ਸੀ ਕਿ ਕਿਤੇ ਬਜਟ ਸੈਸ਼ਨ ਵੀ ਰੌਲੇ ਰੱਪੇ ਦੀ ਭੇਟ ਹੀ ਨਾ ਚੜ੍ਹ ਜਾਵੇ। ਇਸ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ 22 ਫਰਵਰੀ ਨੂੰ ਜੇ.ਪੀ.ਸੀ. ਕਾਇਮ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਸੰਸਦ ਦੇ ਬੇਹੱਦ ਅਹਿਮ ਬਜਟ ਸੈਸ਼ਨ ਵਿਚ ਕਿਸੇ ਵੀ ਤਰ੍ਹਾਂ ਦਾ ਵਿਘਨ ਦੇਸ਼ ਲਈ ਚੰਗੀ ਗੱਲ ਨਹੀਂ। ਮਾਲੀ ਸਾਲ 2011-12 ਦਾ ਆਮ ਬਜਟ 28 ਫਰਵਰੀ ਨੂੰ ਤੇ ਰੇਲਵੇ ਬਜਟ 25 ਫਰਵਰੀ ਨੂੰ ਪੇਸ਼ ਕੀਤਾ ਜਾਣਾ ਹੈ। ਬਜਟ ਤੋਂ ਪਹਿਲਾਂ ਦਾ ਆਰਥਿਕ ਸਰਵੇਖਣ ਵੀ 25 ਫਰਵਰੀ ਨੂੰ ਹੀ ਪੇਸ਼ ਕੀਤਾ ਜਾਣਾ ਹੈ। ਕੰਮਕਾਜ ਦੇ ਪਹਿਲੇ ਦਿਨ ਹੀ ਪ੍ਰਧਾਨ ਮੰਤਰੀ ਨੇ ਇਹ ਐਲਾਨ ਕਰਦਿਆਂ ਕਿਹਾ ਕਿ ਸਾਂਝੀ ਸੰਸਦੀ ਕਮੇਟੀ ਕਾਇਮ ਕਰਨ ਬਾਰੇ ਰਸਮੀ ਮਤਾ ਜਲਦੀ ਹੀ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਆਪਣੇ ਸੁਹਿਰਦ ਯਤਨਾਂ ਦੇ ਬਾਵਜੂਦ ਵਿਰੋਧੀ

(ਬਾਕੀ ਸਫਾ 6 'ਤੇ)


**Mann Tax Services**

Individual, Trucking or Business Taxes

CTEC California Tax Education Council Approved Tax Preparer

e-file



For Fast Refund:

For Appointments.

*Gurdawar S. Mann*

Ph:(510) 487-1000

(510) 468-9381

Email: manntaxservices@gmail.com



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Raja™ SWEETS & CATERING®

AUTHORIZED CATERER FOR MAJOR 5-STAR HOTELS

follow us on:

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com



Law Offices Of

**Manpreet S. Gahra**

ਇਮੀਗਰੇਸ਼ਨ ਸੇਵਾਵਾਂ

ਫੈਮਿਲੀ ਲਾਅ

ਬਿਜਨਸ ਲਾਅ



Manpreet S.Gahra
Attorney At Law

Berkeley Office

2161 Shattuck Ave. #304, Berkeley

Ph. 510-841-4582, Fax: 510-217-6847

Sacramento Office

Call For Appointments

Ph. 916-924-1617

Email:manpreet@gahralaw.com

# ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਮਰੀਜ਼ ਸਾਵਧਾਨ!

## ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ ਜੇ ਉਹ ਗਲਤ ਸਾਬਤ ਹੋਵੇ?




ਭਲਾ ਸੋਚੋ! ਤੁਹਾਡੀ ਕਮਰ ਅਤੇ ਡਿਸਕ ਦੇ ਦਰਦ ਬਾਰੇ ਤੁਹਾਨੂੰ ਜੋ ਕੁਝ ਵੀ ਹੁਣ ਤੱਕ ਦੱਸਿਆ ਗਿਆ ਹੈ ਜੇ ਉਹ ਗਲਤ ਸਾਬਤ ਹੋਵੇ?

ਸਟਾਕਟਨ ਇਲਾਕੇ ਵਿਚ ਕਮਰ ਦਰਦ ਅਤੇ ਡਿਸਕ ਦੀ ਦਰਦ ਤੋਂ ਪੀੜਤ ਲੋਕ ਕਿੰਨੇ ਹੀ ਸਾਲਾਂ ਤੋਂ ਪ੍ਰੇਸ਼ਾਨੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਬਹੁਤੇ ਲੋਕਾਂ ਲਈ ਇਹ ਪ੍ਰੇਸ਼ਾਨੀ ਸਾਰੀ ਉਮਰ ਨਾਲ ਹੀ ਨਿਭਦੀ ਹੈ।

ਸਟਾਕਟਨ ਇਲਾਕੇ ਦੇ ਡਿਸਕ ਅਤੇ ਕਮਰ ਦਰਦ ਦੇ ਇਲਾਜ ਦੇ ਸਭ ਤੋਂ ਵੱਡੇ ਮੁੱਦਈ ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦੇ ਡਾ. ਜਗਜੀਤ ਸਿੰਘ ਸਿਹੋਤਾ ਡੀ ਸੀ ਦਾ ਕਹਿਣਾ ਹੈ ਕਿ ਕਮਰ ਦਰਦ, ਡਿਸਕ ਦੀ ਦਰਦ, ਸਿਆਟਿਕਾ, ਗੁੱਝੀ ਕਮਰ ਦਰਦ, ਲੱਤ ਦੀ ਦਰਦ ਜਾਂ ਚੂਲ੍ਹੇ ਦੀ ਦਰਦ, ਸਲਿਪ ਡਿਸਕ ਬਾਰੇ ਜੋ ਅਕਸਰ ਲੋਕ ਸੋਚਦੇ ਹਨ ਮੂਲੋਂ ਹੀ ਗਲਤ ਹੋ ਸਕਦਾ ਹੈ। ਭਾਵੇਂ ਉਨ੍ਹਾਂ ਦੀ ਇਸ ਰਾਏ ਨਾਲ ਹਰ ਕੋਈ ਸਹਿਮਤ ਨਹੀਂ ਹੈ...ਫਿਰ ਵੀ ਇਸ ਡਾਕਟਰ ਦਾ ਨਜ਼ਰੀਆ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਦੇ ਇਸ ਨਜ਼ਰੀਏ ਦੀ ਪ੍ਰੋੜਤਾ ਕਰਨ ਵਾਲੇ ਕਮਰ ਦਰਦ ਤੋਂ ਨਿਜਾਤ ਪਾ ਚੁਕੇ ਖੁਸ਼ ਲੋਕਾਂ ਦੀ ਇਕ ਪੂਰੀ ਫੌਜ ਹੈ।

ਕੀ ਤੁਸੀਂ *ਐਂਟੀ-ਇਨਫਲੇਮੇਟਰੀ ਮਲ੍ਹਮਾਂ *ਕਾਇਰੋਪ੍ਰੈਕਟਿਕ *ਯੋਗਾ *ਕਸਰਤ *ਸਟਰੈਚਿੰਗ *ਫਿਜ਼ੀਕਲ ਥੈਰਪੀ *ਦਵਾਈਆਂ *ਸਰਜਰੀ *ਲੱਕ ਦੀਆਂ ਪੇਟੀਆਂ *ਨੈਚੂਰਲ ਸਪਲੀਮੈਂਟ *ਦੇਸੀ ਦਵਾਈਆਂ *ਸੇਕ *ਰੀੜ ਦੀ ਹੱਡੀ 'ਚ ਇੰਜੈਕਸ਼ਨ *ਬਰਫ *ਹਾਟ ਲਿਨੀਮੈਂਟ *ਕੋਲਡ ਲਿਨੀਮੈਂਟ *ਮਸਾਜ (ਮਾਲਿਸ਼) ਆਦਿ ਸਭੇ ਨੁਸਖੇ ਅਜ਼ਮਾ ਚੁਕੇ ਹੋ ਅਤੇ ਕੋਈ ਫਰਕ ਨਹੀਂ ਪਿਆ! ਜੇ ਤੁਹਾਡਾ ਜੁਆਬ ਹਾਂ ਵਿਚ ਹੈ ਤਾਂ ਇਸ ਪ੍ਰਗਤੀਸ਼ੀਲ ਡਾਕਟਰ ਦੇ ਖਿਆਲ ਵਿਚ ਲਾਜ਼ਮੀ ਤੌਰ 'ਤੇ ਤੁਹਾਡੀ ਕਮਰ ਅਤੇ ਡਿਸਕ ਦਰਦ ਵਾਸਤੇ ਜੋ ਕੁਝ ਦੱਸਿਆ ਗਿਆ ਹੈ ਉਸ ਵਿਚ ਕੁਝ ਗਲਤ ਹੈ।

ਅਸਲੀਅਤ ਤਾਂ ਇਹ ਹੈ ਕਿ ਡਾ. ਸਿਹੋਤਾ, ਡੀ ਸੀ ਨੇ ਸਟਾਕਟਨ ਅਤੇ ਆਲੇ ਦੁਆਲੇ ਦੇ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਜਿੰਨੇ ਮਰੀਜਾਂ ਦਾ ਇਲਾਜ ਇਸ ਬਹੁਤ ਹੀ ਨਿਵੇਕਲੀ ਅਤੇ ਬਿਨਾ ਚੀਰ-ਫਾੜ ਵਾਲੀ ਇਲਾਜ-ਪ੍ਰਣਾਲੀ ਨਾਲ ਕੀਤਾ ਹੈ, ਉਸ ਦੇ ਆਧਾਰ ਉਤੇ ਬੜੇ ਦਾਅਵੇ ਨਾਲ ਉਹ ਕੁਝ ਕਹਿ ਸਕਣ ਦੇ ਸਮਰਥ ਹਨ। ਉਨ੍ਹਾਂ ਇਕ ਬਹੁਤ ਹੀ ਨਿਵੇਕਲੀ ਸਕਰੀਨਿੰਗ ਵਿਧੀ ਇਜਾਦ ਕੀਤੀ ਹੈ ਜਿਸ ਨਾਲ ਇਹ ਪਤਾ ਲਗਦਾ ਹੈ ਕਿ ਇਹ ਇਲਾਜ ਕਿਹੜੇ ਮਰੀਜ਼ਾਂ ਲਈ ਸਹੀ ਹੈ ਅਤੇ ਕਿਹੜੇ ਮਰੀਜ਼ਾਂ ਲਈ ਨਹੀਂ, ਜਿਸ ਕਰਕੇ ਉਨ੍ਹਾਂ ਨੂੰ ਜਿੰਨੀ ਕਾਮਯਾਬੀ ਮਿਲਦੀ ਹੈ ਉਸ ਦਾ ਸ਼ਾਇਦ ਤੁਹਾਨੂੰ ਅੰਦਾਜ਼ਾ ਨਹੀਂ ਹੋਵੇਗਾ!

ਜੇ ਤੁਸੀਂ ਕਮਰ ਦਰਦ ਦੀਆਂ ਪ੍ਰੇਸ਼ਾਨੀਆਂ ਨਾਲ ਜੂਝ ਰਹੇ ਹੋ ਅਤੇ ਆਸ ਦੀ ਕੋਈ ਕਿਰਨ ਨਜ਼ਰ ਨਹੀਂ ਆਉਂਦੀ

...ਤਾਂ ਫਿਰ ਇਕ ਬਹੁਤ ਹੀ ਸਿਆਣਾ ਡਾਕਟਰ ਤੁਹਾਡੀ ਉਡੀਕ ਕਰ ਰਿਹਾ ਹੈ। ਇਹ ਉਸ ਦੀ ਅਤਿ-ਆਧੁਨਿਕ ਤਕਨਾਲੋਜੀ ਅਤੇ ਹਮਦਰਦਾਨਾ ਪਹੁੰਚ ਹੈ ਜਿਸ ਕਰਕੇ ਉਸ ਦੀ ਇਲਾਜ-ਪ੍ਰਣਾਲੀ ਸਟਾਕਟਨ ਇਲਾਕੇ ਦੇ ਕਮਰ ਅਤੇ ਡਿਸਕ ਦਰਦ ਦੇ ਮਰੀਜ਼ਾਂ ਵਿਚ ਇੰਨੀ ਹਰਮਨਪਿਆਰੀ ਹੋ ਚੁਕੀ ਹੈ।

ਇਹ ਇਲਾਜ ਸਾਰੇ ਹੀ ਮਰੀਜ਼ਾਂ ਲਈ ਢੁਕਵਾਂ ਨਹੀਂ ਹੈ।

ਜਦੋਂਕਿ ਇਹ ਗੱਲ ਮਾੜੀ ਖਬਰ ਜਾਪੇਗੀ ਪਰ ਅਸਲ ਵਿਚ ਇਹ ਇਕ ਖੁਸ਼ਖਬਰੀ ਹੈ। ਕਾਰਨ ਇਹ ਹੈ ਕਿ...ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦਾ ਸਟਾਫ ਅਤੇ ਡਾਕਟਰ ਭੇਦ ਦੀ ਜਿਹੜੀ ਗੱਲ ਮੰਨਦੇ ਹਨ ਉਹ ਹੈ ਇਲਾਜ ਲਈ ਸਹੀ ਮਰੀਜ਼ਾਂ ਦੀ ਚੋਣ। ਵਰ੍ਹਿਆਂਬੱਧੀ ਅੰਤਾਂ ਦੀ ਕਮਰ ਦਰਦ ਸਹਿਣ ਪਿਛੋਂ ਮਰੀਜ਼ ਜਾਣਦੇ ਹਨ ਕਿ ਇਕ ਪਿਛੋਂ ਇਕ ਇਲਾਜ ਕਰਵਾਉਣ ਤੋਂ ਬਾਅਦ ਵੀ ਕੋਈ ਆਰਾਮ ਨਾ ਆਉਣ 'ਤੇ ਕਿੰਨੀ ਨਿਰਾਸ਼ਾ, ਡਰ ਅਤੇ ਚਿੰਤਾ ਹੁੰਦੀ ਹੈ।

ਡਾ. ਸਿਹੋਤਾ ਦੀ ਨਿਮਰ, ਯਥਾਰਥਕ, ਸਿੱਧੀ ਸਿੱਧੀ ਬਿਨਾ ਕਿਸੇ ਲੁਕ-ਲੁਕਾ ਵਾਲੀ ਪਹੁੰਚ ਅਤੇ ਆਧੁਨਿਕ ਤਕਨਾਲੋਜੀ ਦੀ ਵਰਤੋਂ ਨਾਲ ਇਕ ਅਜਿਹੀ ਇਲਾਜ-ਪ੍ਰਣਾਲੀ ਵਿਕਸਿਤ ਹੋਈ ਹੈ ਜਿਸ ਦਾ ਉਨ੍ਹਾਂ ਮਰੀਜ਼ਾਂ ਨੂੰ ਵੀ ਫਾਇਦਾ ਹੋਇਆ ਹੈ ਜਿਹੜੇ ਕਿਸੇ ਤਰ੍ਹਾਂ ਦੀ ਆਸ ਉਕਾ ਹੀ ਲਾਹ ਚੁੱਕੇ ਸਨ। ਐਕਸੀਡੈਂਟ ਐਂਡ ਇੰਜਰੀ ਰਿਕਵਰੀ ਕਲੀਨਿਕ ਦੇ ਡਾ. ਸਿਹੋਤਾ ਜਿਹੜੇ ਕੇਸ ਲੈਂਦੇ ਹਨ, ਉਨ੍ਹਾਂ ਦੀ ਸਫਲਤਾ ਪ੍ਰਤੀ ਇਨੇ ਪ੍ਰਤੀਬਧ ਹਨ ਕਿ ਉਹ ਆਪਣੇ ਮਰੀਜਾਂ ਨੂੰ "ਤਸੱਲੀ ਦੀ ਗਾਰੰਟੀ"* ਦਿੰਦੇ ਹਨ।

ਜੇ ਤੁਹਾਡਾ ਅਸਹਿ/ਅਸਾਧ ਦਰਦ: (1) ਕਮਰ ਦੇ ਹੇਠਲੇ ਪਾਸੇ (ਸੀ-1, 3, 4 ਜਾਂ 5) ਹੈ, (2) ਤੁਹਾਡੇ ਚੂਲ੍ਹੇ ਵਿਚ ਹੈ (3) ਲੱਤ ਦੇ ਹੇਠਾਂ ਪਿੰਨੀਆਂ ਵਿਚ ਹੈ (4) ਗਰਦਨ ਵਿਚ (ਸੀ-3, 4, 5 ਜਾਂ 7) ਹੈ (5) ਬਾਂਹ ਤੋਂ ਹੇਠਾਂ ਵਲ ਹੈ (6) ਚੀਸਾਂ ਉਠਦੀਆਂ ਹਨ, ਛੁਰੀਆਂ ਚਲਦੀਆਂ ਹਨ ਜਾਂ ਸਾੜ ਪੈਂਦਾ ਹੈ (7) ਹਰਨੀਆ ਦੀ ਡਿਸਕ ਪੀੜ ਵਰਗੀ ਹੈ (8) ਸਲਿਪ ਡਿਸਕ ਤੋਂ ਹੈ (9) ਤਰੇੜੀ ਹੋਈ ਡਿਸਕ ਤੋਂ ਹੈ (10) ਸੁਕੜੇਵੇਂ ਤੋਂ ਹੈ (11) ਜੋੜਾਂ ਦੇ ਦਰਦ ਤੋਂ ਹੈ ਜਾਂ ਅਜੇ ਪੀੜ ਦੇ ਦਰਦ ਦਾ ਕਾਰਨ ਪਤਾ ਨਹੀਂ ਲਗਿਆ... ਤਾਂ ਤੁਸੀਂ ਚੀਰ-ਫਾੜ ਅਤੇ ਦਵਾ ਰਹਿਤ ਕਮਰ ਦਰਦ ਨਿਵਾਰਨ ਸਿਸਟਮ ਦੇ ਲਈ ਸਹੀ ਉਮੀਦਵਾਰ ਹੋ। ਦਰਦ ਤੋਂ ਛੁਟਕਾਰਾ ਪਾਉਣ ਲਈ


## ਅਜ ਹੀ ਫੋਨ 209-464-7738 'ਤੇ ਕਾਲ ਕਰੋ।

ਇਹ ਲੇਖ ਪੜ੍ਹ ਕੇ ਕਾਲ ਕਰਨ ਵਾਲੇ ਮਰੀਜ਼ਾਂ ਪ੍ਰਤੀ ਵਿਸ਼ੇਸ਼ ਲਿਹਾਜ ਵਜੋਂ ਐਕਸੀਡੈਂਟ ਐਂਡ ਇੰਜਰੀ ਕਲੀਨਿਕ ਦੇ ਡਾਇਰੈਕਟਰ ਡਾ. ਜਗਜੀਤ ਸਿੰਘ ਸਿਹੋਤਾ, ਡੀ ਸੀ ਅਗਲੇ ਦਸਾਂ ਦਿਨਾਂ ਵਿਚ 11 ਮਰੀਜਾਂ ਨੂੰ ਮੁਫਤ ਨਿਜੀ ਯੋਗਤਾ ਮੁਆਇਨਾ/ਸਲਾਹ-ਮਸ਼ਵਰਾ ਦੇਣਗੇ ਤਾਂ ਜੋ ਪਾਠਕ ਇਹ ਫੈਸਲਾ ਕਰ ਸਕਣ ਕਿ ਵਾਕਿਆ ਹੀ ਆਪਣੀ ਬਰਦਾਸ਼ਤ ਬਾਹਰੀ ਕਮਰ ਦਰਦ ਤੋਂ ਛੁਟਕਾਰਾ ਹਮੇਸ਼ਾਂ-ਹਮੇਸ਼ਾਂ ਲਈ ਪਾਇਆ ਜਾ ਸਕਦਾ ਹੈ। ਇਸ ਮੁਆਇਨੇ/ਮਸ਼ਵਰੇ ਦੀ ਉਂਜ ਫੀਸ 247 ਡਾਲਰ ਹੈ।

ਸੋ, ਜੇ ਤੁਸੀਂ ਦਵਾਈਆਂ ਅਤੇ ਟੀਕਿਆਂ ਦੀ ਥਾਂ ਕਮਰ ਦਰਦ ਦਾ ਕੋਈ ਪੱਕਾ ਇਲਾਜ ਲੱਭਣਾ ਚਾਹੁੰਦੇ ਹੋ ਤਾਂ ਸਾਨੂੰ ਕਾਲ ਕਰਨ ਤੋਂ ਹਿਚਕਿਚਾਓ ਨਹੀਂ।

ਸਾਡੀ ਕਲੀਨਿਕ **2531 N. California Street (North California St. & Ellis St.)** ਵਿਖੇ ਸਥਿਤ ਹੈ। ਇਹ ਹਾਰਡਿੰਗ ਵੇਅ ਅਤੇ ਅਲਪਾਈਨ ਐਵਨਿਊ ਦੇ ਵਿਚਕਾਰ ਸੇਂਟ ਜੌਸਫ ਹਸਪਤਾਲ ਤੋਂ ਡੇਢ ਬਲਾਕ ਦੂਰ ਹੈ। ਬਿਨਾ ਕਿਸੇ ਫੀਸ ਤੋਂ ਆਪਣੇ ਮੁਲਾਂਕਣ ਅਤੇ ਸਲਾਹ-ਮਸ਼ਵਰੇ ਲਈ ਫੋਨ ਕਰੋ: 209-464-7738

**ਨੋਟ (1):** ਕਾਲ ਕਰਨ ਵਾਲੇ ਪਹਿਲੇ 11 ਮਰੀਜ਼ਾਂ ਨੂੰ 48 ਘੰਟੇ ਵਿਚ ਅਪੁਆਇੰਟਮੈਂਟ ਮਿਲ ਜਾਏਗੀ। **ਨੋਟ (2):** ਜੇ ਤੁਸੀਂ ਅਪੁਆਇੰਟਮੈਂਟ 4 ਮਾਰਚ 2011 ਸ਼ਾਮ 6 ਵਜੇ ਤਕ ਬਣਾਉਂਦੇ ਹੋ ਤਾਂ ਇਸ ਲਈ ਕੋਈ ਫੀਸ ਨਹੀਂ ਦੇਣੀ ਪਵੇਗੀ (247 ਡਾਲਰ ਦੇ ਬਰਾਬਰ)। *ਸਾਡੀ "ਤਸੱਲੀ ਦੀ ਗਾਰੰਟੀ" ਇਹ ਗੱਲ ਯਕੀਨੀ ਬਣਾਉਂਦੀ ਹੈ ਕਿ ਤੁਹਾਨੂੰ ਸਾਡੀ ਕਲੀਨਿਕ ਵਿਚ ਸਾਫ-ਸੁਥਰਾ, ਸੰਭਾਲ ਕਰਨ ਵਾਲਾ, ਖੁਸ਼ਗਵਾਰ ਅਤੇ ਪੇਸ਼ੇਵਰ ਮਾਹੌਲ ਮਿਲੇਗਾ ਕਿਉਂਕਿ ਇਹ ਤੁਹਾਡੀਆਂ ਲੋੜਾਂ ਪ੍ਰਤੀ ਹੁੰਗਾਰਾ ਭਰਨ ਵਾਲਾ ਅਤੇ ਸਮੇਂ ਦਾ ਪਾਬੰਦ ਹੋਵੇਗਾ। ਇਸਦਾ ਮਤਲਬ ਨਤੀਜਿਆਂ ਦੀ ਗਾਰੰਟੀ ਨਹੀਂ ਹੈ।



ਮੈਂ ਡਾਕਟਰ ਸਿਹੋਤਾ ਦਾ ਰੀੜ੍ਹ ਦੀ ਹੱਡੀ ਅਤੇ ਡਿਸਕ ਦੇ ਦਰਦ ਦੇ ਇਲਾਜ ਦਾ ਪ੍ਰੋਗਰਾਮ ਕੋਈ ਦੋ ਮਹੀਨੇ ਪਹਿਲਾਂ ਸ਼ੁਰੂ ਕੀਤਾ। ਮੈਨੂੰ ਉਸ ਵੇਲੇ ਸਖਤ ਦਰਦ ਹੋ ਰਹੀ ਸੀ ਅਤੇ ਮੇਰੀ ਹਿੱਲਣ ਜੁੱਲਣ ਦੀ ਰੇਂਜ 75% ਘਟ ਗਈ ਸੀ। ਮੈਂ ਕਈ ਇਲਾਜ ਅਜਮਾਏ। ਡਾਕਟਰਾਂ ਦੀਆਂ ਕਲੀਨਿਕਾਂ ਦੇ ਬੇਅੰਤ ਗੇੜੇ ਲਾਏ ਪਰ ਕੋਈ ਫਰਕ ਨਾ ਪਿਆ। ਮੈਂ ਡਾਕਟਰ ਸਿਹੋਤਾ ਦੇ ਪ੍ਰੋਗਰਾਮ ਬਾਰੇ ਪੜ੍ਹਿਆ ਅਤੇ ਇਸ ਨੂੰ ਅਜ਼ਮਾਉਣ ਦਾ ਫੈਸਲਾ ਕੀਤਾ। ਮੈਂ ਡਾ. ਸਿਹੋਤਾ ਦੇ ਗਿਆਨ ਅਤੇ ਉਨ੍ਹਾਂ ਦੇ ਸਟਾਫ ਦੇ ਦੋਸਤਾਨਾ ਰਵੱਈਏ ਤੋਂ ਬਹੁਤ ਪ੍ਰਭਾਵਤ ਹੋਇਆ। ਮੈਨੂੰ ਜਾਪਿਆ ਕਿ ਮੇਰੀ ਇਸ ਹਾਲਤ ਵਿਚੋਂ ਮੈਨੂੰ ਕੱਢਣ ਲਈ ਇਹੋ ਇਕ ਥਾਂ ਹੈ। ਡਾ. ਸਿਹੋਤਾ ਦੇ ਪ੍ਰੋਗਰਾਮ ਨਾਲ ਮੈਂ ਪਹਿਲਾਂ ਦੇ ਮੁਕਾਬਲੇ 85% ਬਿਹਤਰ ਮਹਿਸੂਸ ਕਰ ਰਿਹਾ ਹਾਂ।

*-ਗੁਰਪਾਲ, ਉਮਰ 53 ਸਾਲ (ਫੈਕਟਰੀ ਵਰਕਰ)*

---

# Pacific Coast Law Firm P.C.

**Lance V Friel, Attorney at Law** | **Kirandeep K Sihota, Attorney at Law**

## *Over 10 Years of experience*

**ਅਸੀਂ ਪੰਜਾਬੀ ਅਤੇ ਹਿੰਦੀ ਬੋਲਦੇ ਹਾਂ**

- **> Personal Injury/Car Accident**
  **ਪਰਸਨਲ ਇੰਜਰੀ (ਸੱਟ-ਫੇਟ)/ਕਾਰ ਐਕਸੀਡੈਂਟ**
- **> Bankruptcy (Ch 7) ਬੈਂਕਰਪਸੀ (ਚੈਪਟਰ 7)**
- **> Family Law (Divorce, Custody)**
  **ਫੈਮਿਲੀ ਲਾਅ (ਤਲਾਕ, ਬੱਚਿਆਂ ਦੀ ਸਪੁਰਦਗੀ)**

**Unlawful Detainer/Eviction ਕਿਰਾਏਦਾਰ ਦਾ ਕਬਜ਼ਾ/ਬੇਦਖਲੀ**
**Probate (Wills & Trusts) ਪਰੋਬੇਟ (ਵਸੀਅਤਾਂ ਅਤੇ ਟਰੱਸਟ)**

**Business Formation and Tax (installment agreement)**
**ਬਿਜਨਸ ਦੀ ਸਥਾਪਨਾ ਅਤੇ ਟੈਕਸ (ਕਿਸ਼ਤਨਾਮਾ)**



*Kirandeep K Sihota and Lance V Friel*

*Free Consultation ਮੁਫਤ ਸਲਾਹ-ਮਸ਼ਵਰਾ*

**Ph.209-475-6001**

**2351 W. March Lane Suite A, Stockton, CA 95207**

### ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਹੋਣ ਦੀ ਸੰਭਾਵਨਾ ਘੱਟ

# ਸ਼੍ਰੋਮਣੀ ਕਮੇਟੀ ਚੋਣਾਂ ਤੋਂ ਬਾਅਦ ਹੋਵੇਗਾ ਫ਼ੈਸਲਾ

**ਚੰਡੀਗੜ੍ਹ (ਬਿਊਰੋ):** ਬੇਸ਼ੱਕ ਸਾਰੀਆਂ ਸਿਆਸੀ ਧਿਰਾਂ ਵੱਲੋਂ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ ਹਨ ਪਰ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਹੋਣ ਦੇ ਆਸਾਰ ਘੱਟ ਹੀ ਹਨ। ਸਿਆਸੀ ਰੈਲੀਆਂ ਤੇ ਆਗੂਆਂ ਦਾ ਰੌਲਾ-ਰੱਪਾ ਅਗਾਊਂ ਵਿਧਾਨ ਸਭਾ ਚੋਣਾਂ ਦਾ ਸੰਕੇਤ ਨਹੀਂ ਮੰਨਿਆ ਜਾ ਸਕਦਾ। ਭਾਵੇਂ ਕਾਂਗਰਸੀ ਆਗੂ ਦਾਅਵੇ ਕਰ ਰਹੇ ਹਨ ਕਿ ਅਕਾਲੀ-ਭਾਜਪਾ ਸਰਕਾਰ ਇਸ ਸਾਲ ਅਕਤੂਬਰ ਜਾਂ ਨਵੰਬਰ 'ਚ ਚੋਣਾਂ ਕਰਵਾ ਸਕਦੀ ਹੈ ਪਰ ਇਹ ਚੋਣਾਂ ਫਰਵਰੀ 2012 ਤੋਂ ਪਹਿਲਾਂ ਹੋਣ ਦੀ ਕੋਈ ਸੰਭਾਵਨਾ ਨਹੀਂ।

ਪਿਛਲੀ ਵਾਰ ਰਾਜ 'ਚ 13 ਫਰਵਰੀ 2007 ਨੂੰ ਵੋਟਾਂ ਪਈਆਂ ਸਨ ਤੇ 27 ਫਰਵਰੀ ਨੂੰ ਨਤੀਜੇ ਐਲਾਨੇ ਗਏ ਸਨ। ਸਿਆਸੀ ਮਾਹਿਰਾਂ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਇਸ ਸਾਲ ਮਈ 'ਚ ਹੋ ਰਹੀਆਂ ਚੋਣਾਂ ਰਾਜ ਦੀ ਅਕਾਲੀ-ਭਾਜਪਾ ਸਰਕਾਰ ਲਈ ਪਰਖ਼ ਦੀ ਘੜੀ ਹੋਣਗੀਆਂ। ਇਨ੍ਹਾਂ ਚੋਣਾਂ ਦੇ ਨਤੀਜੇ ਸਿਆਸੀ ਹਵਾ ਦਾ ਰੁਖ਼ ਦੱਸਣਗੇ ਤੇ ਇਹ ਵੀ ਖੁਲਾਸਾ ਕਰਨਗੇ ਕਿ ਕਾਂਗਰਸ ਜਾਂ 'ਕੱਲਾਕਾਰਾ ਲੜਾਕੂ' ਮਨਪ੍ਰੀਤ ਬਾਦਲ ਅਕਾਲੀ ਦਲ ਦੇ ਗੜ੍ਹ 'ਚ ਕੋਈ ਸੰਨ੍ਹ ਲਾ ਸਕਦੇ ਹਨ ਜਾਂ ਨਹੀਂ। ਜੇਕਰ ਸ਼੍ਰੋਮਣੀ ਕਮੇਟੀ ਚੋਣਾਂ 'ਚ ਅਕਾਲੀ ਦਲ ਦੀ ਕਾਰਗੁਜ਼ਾਰੀ ਚੰਗੀ ਰਹਿੰਦੀ ਹੈ ਤਾਂ ਹੀ ਇਸ ਵੱਲੋਂ ਵਿਧਾਨ ਸਭਾ ਚੋਣਾਂ ਸਮੇਂ ਤੋਂ ਪਹਿਲਾਂ ਕਰਵਾਉਣ ਦਾ ਫ਼ੈਸਲਾ ਲਿਆ ਜਾਵੇਗਾ। ਇਸ ਹਾਲਤ 'ਚ ਅਕਾਲੀ ਦਲ ਆਪਣੇ ਪੱਖੀ ਹਾਲਾਤ ਦਾ ਲਾਭ ਲਵੇਗਾ ਤੇ ਵਿਰੋਧੀਆਂ ਨੂੰ ਇਕੱਠੇ ਜਾਂ ਸੰਗਠਿਤ ਹੋਣ ਦਾ ਮੌਕਾ ਵੀ ਨਹੀਂ ਦੇਵੇਗਾ ਜਦਕਿ ਸੂਬਾਈ ਮੰਤਰੀ ਮੰਡਲ ਵਿਧਾਨ ਸਭਾ ਭੰਗ ਕਰਨ ਤੇ ਅਗਾਊਂ ਵਿਧਾਨ ਸਭਾ ਚੋਣਾਂ ਦੀ ਸਿਫ਼ਾਰਸ਼ ਕੀਤੇ ਜਾਣ ਦਾ ਮਤਾ ਪਾ ਸਕਦਾ ਹੈ ਪਰ ਇਸ ਬਾਰੇ ਤੈਅ ਕਰਨ ਦਾ ਅਧਿਕਾਰ ਚੋਣ ਕਮਿਸ਼ਨ ਕੋਲ ਤੇ ਕੁਝ ਹੱਦ ਤੱਕ ਕੇਂਦਰ ਸਰਕਾਰ ਕੋਲ ਹੋਵੇਗਾ।

ਸੰਵਿਧਾਨ ਦੇ ਮਾਹਰ ਪ੍ਰੀਤਮ ਸਿੰਘ ਕੁਮੇਦਾਨ ਦਾ ਕਹਿਣਾ ਹੈ ਕਿ ਇਹ ਵੀ ਸੰਭਵ ਹੈ ਕਿ ਕੇਂਦਰ ਥੋੜ੍ਹੇ ਚਿਰ ਲਈ ਰਾਜ 'ਚ ਰਾਸ਼ਟਰਪਤੀ ਰਾਜ ਲਾ ਦੇਵੇ ਤੇ ਅਕਾਲੀ-ਭਾਜਪਾ ਗੱਠਜੋੜ ਦੀਆਂ ਸਿਆਸੀ ਆਸਾਂ ਨੂੰ ਬੂਰ ਹੀ ਨਾ ਪੈ ਸਕੇ। ਉਨ੍ਹਾਂ ਇਹ ਵੀ ਕਿਹਾ ਕਿ 1992 ਤੋਂ ਬਾਅਦ ਰਾਜ 'ਚ ਕਦੇ ਵੀ ਪੰਜ ਸਾਲ ਦੀ ਸਰਕਾਰ ਦੀ ਮਿਆਦ ਤੋਂ ਪਹਿਲਾਂ ਚੋਣਾਂ ਨਹੀਂ ਕਰਵਾਈਆਂ ਗਈਆਂ। ਉਂਜ ਕਾਂਗਰਸ ਦੇ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਅਕਾਲੀ ਦਲ ਦੇ ਆਗੂ ਇਸ ਵੇਲੇ ਘਾਬਰੇ ਹੋਏ ਤੇ ਹਿੱਲੇ ਪਏ ਹਨ। ਮਨਪ੍ਰੀਤ ਬਾਦਲ ਦੀਆਂ ਨਵੀਂ ਪਾਰਟੀ ਬਣਾਉਣ ਦੀਆਂ ਯੋਜਨਾਵਾਂ ਦੇ ਮੱਠੀ ਚਾਲੇ ਹੋਣ ਪਰ ਲਗਾਤਾਰ ਅਕਾਲੀ ਦਲ ਨਾਲੋਂ ਆਗੂਆਂ ਦੇ ਟੁੱਟਣ ਕਾਰਨ ਇਸ ਕੋਲ ਅਗਾਊਂ ਚੋਣਾਂ ਦਾ ਮੌਕਾ ਲੈਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਬਚਦਾ।"

ਸ੍ਰੀ ਸਿੱਧੂ ਦੀ ਦਲੀਲ ਹੈ ਕਿ ਅਕਾਲੀ-ਭਾਜਪਾ ਸਰਕਾਰ ਵੇਲੇ ਝੋਨੇ ਦੀ ਖਰੀਦ ਦਾ ਪਿਛਲੇ ਚਾਰ ਸਾਲ ਦਾ ਰਿਕਾਰਡ 'ਬੇਹੱਦ ਮਾੜਾ' ਰਿਹਾ ਹੈ ਜੋ ਇਸ ਤੋਂ ਪਹਿਲੀ ਕਾਂਗਰਸ ਸਰਕਾਰ ਵੇਲੇ ਲਗਾਤਾਰ ਠੀਕ ਰਿਹਾ ਸੀ। ਇਸ ਕਰਕੇ ਸਰਕਾਰ ਝੋਨੇ ਦੀ ਖਰੀਦ ਦੇ ਸੀਜ਼ਨ ਤੋਂ ਪਹਿਲਾਂ-ਪਹਿਲਾਂ ਲੋਕਾਂ ਕੋਲ ਜਾਣ ਨੂੰ ਤਰਜੀਹ ਦੇਵੇਗੀ। ਉਧਰ ਮੁੱਖ ਮੰਤਰੀ ਦੇ ਸਲਾਹਕਾਰ ਦਲਜੀਤ ਸਿੰਘ ਚੀਮਾ ਇਨ੍ਹਾਂ ਦਾਅਵਿਆਂ ਨੂੰ ਖ਼ਾਰਜ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਅਗਾਊਂ ਵਿਧਾਨ ਸਭਾ ਚੋਣਾਂ ਦਾ ਸ਼ੋਸ਼ਾ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਨੇ ਆਪਣੀ ਪਾਰਟੀ ਵਿਚਲੀ ਫੁੱਟ ਰੋਕਣ ਲਈ ਛੱਡਿਆ ਹੈ। ਉਨ੍ਹਾਂ ਦਾਅਵਾ ਕੀਤਾ ਕਿ ਮਾਲਵੇ 'ਚ ਜਗਮੀਤ ਬਰਾੜ ਤੇ ਮਾਝੇ 'ਚ ਪ੍ਰਤਾਪ ਸਿੰਘ ਬਾਜਵਾ, ਕੈਪਟਨ ਦਾ ਜ਼ੋਰਦਾਰ ਵਿਰੋਧ ਕਰ ਰਹੇ ਹਨ। ਇਸ ਕਰਕੇ ਉਸ ਵੱਲੋਂ ਅਗਾਊਂ ਚੋਣਾਂ ਦੀ ਸੰਭਾਵਨਾ ਦੀ ਗੱਲ ਤੋਰ ਕੇ ਪਾਰਟੀ ਵਰਕਰਾਂ ਨੂੰ ਸਰਗਰਮ ਕੀਤਾ ਜਾ ਰਿਹਾ ਹੈ।

# ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਭੰਗ

**ਨਿਊ ਯਾਰਕ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਕੈਲੀਫੋਰਨੀਆ ਇਕਾਈ ਅਤੇ ਇਸ ਦਾ ਯੂਥ ਵਿੰਗ ਫੌਰੀ ਤੌਰ 'ਤੇ ਭੰਗ ਕਰ ਦਿਤੇ ਗਏ ਹਨ। ਇਸ ਸਬੰਧੀ ਫੈਸਲਾ ਪਾਰਟੀ ਦੀ ਅਮਰੀਕਾ ਰਿਜ਼ਨ ਦੀ ਇਕ ਪੰਜ ਮੈਂਬਰੀ ਕੌਮੀ ਕਾਰਜਕਾਰਨੀ ਵਲੋਂ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦੀ ਸਹਿਮਤੀ ਨਾਲ ਲਿਆ ਗਿਆ।

ਇਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਇਹ ਜਾਣਕਾਰੀ ਦਿੰਦਿਆਂ ਪਾਰਟੀ ਦੇ ਕਨਵੀਨਰ ਸ. ਬੂਟਾ ਸਿੰਘ ਖੜੌਂਦ ਅਤੇ ਪ੍ਰਧਾਨ ਸ. ਸੁਰਜੀਤ ਸਿੰਘ ਕੁਲਾਰ ਨੇ ਦੱਸਿਆ ਕਿ ਕਾਰਜਕਾਰਨੀ ਵਿਚ ਉਨ੍ਹਾਂ ਦੋਵਾਂ ਤੋਂ ਇਲਾਵਾ ਮੈਂਬਰ ਅਵਤਾਰ ਸਿੰਘ ਹੇਅਰ, ਰੁਪਿੰਦਰ ਸਿੰਘ ਬਾਠ ਅਤੇ ਦੀਪਇੰਦਰ ਸਿੰਘ ਮਾਨ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਕੈਲੀਫੋਰਨੀਆ ਸਟੇਟ ਦੇ ਜਿੰਨੇ ਵੀ ਪਾਰਟੀ ਅਹੁਦੇਦਾਰ ਹਨ, ਜਿਸ ਵਿਚ ਯੂਥ ਵਿੰਗ ਇਕਾਈ ਦੇ ਅਹੁਦੇਦਾਰ ਵੀ ਸ਼ਾਮਲ ਹਨ, ਆਰਜੀ ਤੌਰ 'ਤੇ ਭੰਗ ਕਰ ਦਿਤੇ ਗਏ ਹਨ। ਪਾਰਟੀ ਦਾ ਕੋਈ ਵੀ ਵੈਸਟ ਕੋਸਟ ਦਾ ਪ੍ਰਧਾਨ ਨਹੀਂ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਵਿਸਾਖੀ ਤੋਂ ਬਾਅਦ ਸਥਾਨਕ ਲੀਡਰਸ਼ਿਪ ਅਤੇ ਸੰਗਤ ਨਾਲ ਸਲਾਹ-ਮਸ਼ਵਰੇ ਤੋਂ ਬਾਅਦ ਪਾਰਟੀ ਦੀ ਕੈਲੀਫੋਰਨੀਆ ਯੂਨਿਟ ਦਾ ਐਲਾਨ ਕੀਤਾ ਜਾਵੇਗਾ। ਇਸ ਸਾਰੇ ਘਟਨਾਕ੍ਰਮ ਦੀ ਜਾਣਕਾਰੀ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੂੰ ਦੇ ਦਿਤੀ ਗਈ ਹੈ। ਹੋਰ ਜਾਣਕਾਰੀ ਲਈ ਸ. ਖੜੌਂਦ ਨਾਲ ਫੋਨ 609-351-0321 ਅਤੇ ਸ. ਕੁਲਾਰ ਨਾਲ ਫੋਨ 917-434-2483 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਸੇ ਦੌਰਾਨ ਅਕਾਲੀ ਦਲ (ਅੰਮ੍ਰਿਤਸਰ) ਦੇ ਇੰਟਰਨੈਸ਼ਨਲ ਮੀਡੀਆ ਸਕੱਤਰ ਸ. ਗੁਰਜੀਤ ਸਿੰਘ ਝਾਮਪੁਰ ਨੇ ਜਾਰੀ ਕੀਤੇ ਇਕ ਬਿਆਨ ਵਿਚ ਕਿਹਾ ਹੈ ਕਿ ਪਾਰਟੀ ਦੀ ਕੈਲੀਫੋਰਨੀਆ ਇਕਾਈ ਨੂੰ ਭੰਗ ਕਰਨ ਦਾ ਮਾਮਲਾ ਅਜੇ ਵਿਚਾਰ-ਅਧੀਨ ਹੈ।

## ਅਖੰਡ ਕੀਰਤਨੀ ਸਮਾਗਮ 27 ਫਰਵਰੀ ਤੱਕ

**ਸੈਨ ਹੋਜ਼ੇ:** ਅਖੰਡ ਕੀਰਤਨੀ ਜਥੇ ਵਲੋਂ ਕੈਲੀਫੋਰਨੀਆ ਵਿਚ ਕੀਤੇ ਜਾ ਰਹੇ ਕੀਰਤਨ ਪ੍ਰੋਗਰਾਮਾਂ ਦੇ ਸਿਲਸਿਲੇ ਵਿਚ ਗੁਰਦੁਆਰਾ ਸੈਨ ਹੋਜ਼ੇ ਵਿਖੇ ਅਖੰਡ ਕੀਰਤਨ ਸਮਾਗਮ ਜੋ 19 ਫਰਵਰੀ ਤੋਂ ਸ਼ੁਰੂ ਹਨ, 27 ਫਰਵਰੀ ਤੱਕ ਚੱਲਣਗੇ। ਇਸ ਸਬੰਧੀ ਗੁਰਦੁਆਰਾ ਸੈਨ ਹੋਜ਼ੇ ਦੇ ਇਸ਼ਤਿਹਾਰ ਵਿਚ ਗਲਤੀ ਨਾਲ 19 ਫਰਵਰੀ ਤੋਂ 23 ਫਰਵਰੀ ਤੱਕ ਹੀ ਛਪ ਗਿਆ ਸੀ।

ਗੁਰੂ ਘਰ ਦੇ ਪ੍ਰਬੰਧਕਾਂ ਵਲੋਂ ਸਮੂਹ ਸੰਗਤ ਨੂੰ 27 ਫਰਵਰੀ ਤੱਕ ਇਨ੍ਹਾਂ ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਗੁਰ ਸ਼ਬਦ ਕੀਰਤਨ ਦਾ ਲਾਹਾ ਲੈਣ ਅਤੇ ਜੀਵਨ ਸਫਲੇ ਕਰਨ ਦੀ ਬੇਨਤੀ ਕੀਤੀ ਗਈ ਹੈ। 23 ਅਤੇ 24 ਫਰਵਰੀ ਨੂੰ ਦਿਨ ਦੇ ਪ੍ਰੋਗਰਾਮ ਗੁਰਦੁਆਰਾ ਸੈਨ ਹੋਜ਼ੇ ਵਿਚੇ ਹੋਣਗੇ ਜਦੋਂ ਕਿ ਸ਼ਾਮ ਦੇ ਪ੍ਰੋਗਰਾਮ ਗੁਰਦੁਆਰਾ ਫਰੀਮਾਂਟ ਹੋਣਗੇ। 26 ਫਰਵਰੀ ਨੂੰ ਰੈਣ ਸਬਾਈ ਕੀਰਤਨ ਹੋਵੇਗਾ।

# ਕਈ ਅਕਾਲੀਆਂ ਤੇ ਭਾਜਪਾਈਆਂ ਵੱਲੋਂ ਮਨਪ੍ਰੀਤ ਬਾਦਲ ਦੀ ਹਮਾਇਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਮੰਡੀ ਬੋਰਡ ਦੇ ਚੇਅਰਮੈਨ ਰਹੇ ਜਥੇਦਾਰ ਮੱਲ ਸਿੰਘ ਘੁਮਾਣ ਦੇ ਪੁੱਤਰ ਜਸਕੀਰਤ ਸਿੰਘ ਘੁਮਾਣ ਨੇ 'ਜਾਗੋ ਪੰਜਾਬ' ਯਾਤਰਾ ਲੈ ਕੇ ਨਿਕਲੇ ਹੋਏ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮਨਪ੍ਰੀਤ ਬਾਦਲ ਨੇ ਜੋ ਮੁੱਦੇ ਉਠਾਏ ਹਨ ਉਹ ਪੰਜਾਬ ਦੇ ਹਿੱਤ 'ਚ ਹਨ ਤੇ ਰਾਜ ਦੀ ਖੁਸ਼ਹਾਲੀ ਲਈ ਸਭ ਗੈਰਤਮੰਦ ਤੇ ਫਿਕਰਮੰਦ ਪੰਜਾਬੀਆਂ ਨੂੰ ਉਨ੍ਹਾਂ ਦੀ ਹਮਾਇਤ ਕਰਨੀ ਚਾਹੀਦੀ ਹੈ। ਇਸ ਮੌਕੇ ਮਨਪ੍ਰੀਤ ਨੇ ਉਨ੍ਹਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਹਰ ਸੂਝਵਾਨ ਪੰਜਾਬੀ ਸੂਬੇ ਦੀ ਤਰੱਕੀ ਲਈ ਉਨ੍ਹਾਂ ਦੇ ਨਾਲ ਆ ਰਿਹਾ ਹੈ ਤੇ ਉਹ ਹੁਣ ਦਿਨ ਦੂਰ ਨਹੀਂ ਜਦੋਂ ਉਹ ਨਿਜ਼ਾਮ ਬਦਲਣ ਦੀ ਗੱਲ ਨੂੰ ਸੱਚ ਕਰਕੇ ਦਿਖਾਉਣਗੇ।


ਸ. ਮਨਪ੍ਰੀਤ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਮਾਝੇ ਤੋਂ ਅਕਾਲੀ ਤੇ ਭਾਜਪਾ ਆਗੂਆਂ ਤੇ ਮਾਲਵੇ ਤੋਂ ਕਾਂਗਰਸੀਆਂ ਨੇ ਉਨ੍ਹਾਂ ਦੀ ਮੁਹਿੰਮ ਵਿਚ ਸ਼ਮੂਲੀਅਤ ਕੀਤੀ ਹੈ। ਮਨਪ੍ਰੀਤ ਦੇ ਖੇਮੇ 'ਚ ਰਲੇ ਆਗੂਆਂ 'ਚ ਪੰਜਾਬ ਭਾਜਪਾ ਦੇ ਸਾਬਕਾ ਕਨਵੀਨਰ ਮਨਿੰਦਰਪਾਲ ਸਿੰਘ ਪਲਾਸੌਰ, ਤਰਨਤਾਰਨ ਤੋਂ ਕੌਂਸਲਰ ਵਿਜੈ ਪਾਲ ਚੌਧਰੀ, ਭਾਜਪਾ ਤਰਨਤਾਰਨ ਦੇ ਸੀਨੀਅਰ ਮੀਤ ਪ੍ਰਧਾਨ ਪ੍ਰਿੰਸੀਪਲ ਸਵਿੰਦਰ ਸਿੰਘ ਪੰਨੂ, ਕਿਸਾਨ ਮੋਰਚਾ ਭਾਜਪਾ ਜ਼ਿਲ੍ਹਾ ਤਰਨਤਾਰਨ ਦੇ ਪ੍ਰਧਾਨ ਮਨਮੋਹਨ ਸਿੰਘ ਤੁੜ, ਸਾਬਕਾ ਕੌਂਸਲਰ ਜਗਦੀਸ਼ ਕੁਮਾਰ, ਸਾਬਕਾ ਕੌਂਸਲਰ ਬਾਬਾ ਪ੍ਰਤਾਪ ਸਿੰਘ, ਸ਼੍ਰੋਮਣੀ ਅਕਾਲੀ ਦਲ ਜ਼ਿਲ੍ਹਾ ਤਰਨਤਾਰਨ ਦੇ ਵਪਾਰ ਸੈਲ ਦੇ ਪ੍ਰਧਾਨ ਮੁਨੀਸ਼ ਸਪਰਾ, ਗੁਰਭੇਜ ਸਿੰਘ ਸਰਪੰਚ ਪਲਾਸੌਰ ਸਮੇਤ ਅਨੇਕ ਆਗੂ ਸ਼ਾਮਲ ਹਨ। ਉਧਰ ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੰਯੁਕਤ ਸਕੱਤਰ ਸੀਤਾ ਰਾਮ ਦੀਪਕ ਨੇ ਮਨਪ੍ਰੀਤ ਦੀ ਮੁਹਿੰਮ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਨੂੰ ਬਚਾਉਣਾ ਹੈ ਤਾਂ ਸਾਰੇ ਪੰਜਾਬ ਹਿਤੈਸ਼ੀਆਂ ਨੂੰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਇਸ ਮੁਹਿੰਮ ਨਾਲ ਜੁੜਨਾ ਚਾਹੀਦਾ ਹੈ। ਇਸ ਮੌਕੇ ਭੱਠਾ ਲੇਬਰ ਯੂਨੀਅਨ ਪੰਜਾਬ ਦੇ ਪ੍ਰਧਾਨ ਚਾਨਣ ਰਾਮ ਨੇ ਵੀ ਮਨਪ੍ਰੀਤ ਬਾਦਲ ਦੀ ਮੁਹਿੰਮ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ।


ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਡੈਲਸ ਫੋਰਟਵਰਥ ਏਰੀਏ ਵਿਚ ਸਭ ਤੋਂ ਸਸਤਾ ਡੀਜ਼ਲ

ਵਲੇਰੋ ਟਰੱਕ ਸਟਾਪ

10101 Jacksboro HWY ( HWY 199)




Valero Truck Stop

820 ਲੂਪ ਦੇ ਬਿਲਕੁਲ ਨਜ਼ਦੀਕ

Help Wanted: Cashier

Contact: Jasbir Singh Jassa

Ph. 917-297-9530

Law Offices of Gill & Heridis

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

Call for free initial consultation

(408) 736-5203, (408) 940-6065

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085

ATM's & Credit Card Terminals at Lowest Prices! No Hidden Fees.

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

99% approved same day. We specialize in high risk businesses.

ATMs – TRANAX/TRITON/WRG, starting at $69/mo.*
(Perfect for retail stores, hotels, gas stations, etc.)

Need Money? We provide cash advance against credit card processing with NO collateral or personal guaran- tee.

Online Data Corp. is a registered ISO/MSP of Wells Fargo Bank N.A.
*Credit restrictions apply.

Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com



# ਹਰਿਮੰਦਰ ਸਾਹਿਬ ਇੰਟਰਨੈਸ਼ਨਲ ਕੀਰਤਨ ਕੌਂਸਲ ਦਾ ਗਠਨ







**ਕੈਲਮਜ਼ੂ, ਮਿਸ਼ੀਗਨ:** ਦਰਬਾਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀਆਂ ਨੇ ਇਕ ਕੌਮਾਂਤਰੀ ਪੱਧਰ ਦੀ ਜਥੇਬੰਦੀ ਸ੍ਰੀ ਹਰਿਮੰਦਰ ਸਾਹਿਬ ਇੰਟਰਨੈਸ਼ਨਲ ਕੀਰਤਨ ਕੌਂਸਲ ਦਾ ਗਠਨ ਕੀਤਾ ਹੈ। ਇਸ ਸਬੰਧੀ ਫੈਸਲਾ ਬੀਤੇ ਦਿਨੀਂ ਨਿਊ ਯਾਰਕ ਵਿਚ ਗੁਰਦੁਆਰਾ ਸੰਤ ਸਾਗਰ ਵਿਖੇ ਹੋਈ ਇਕ ਮੀਟਿੰਗ ਵਿਚ ਲਿਆ ਗਿਆ।

ਇਹ ਜਾਣਕਾਰੀ ਦਿੰਦਿਆਂ ਕੌਂਸਲ ਦੇ ਇਕ ਬੁਲਾਰੇ ਭਾਈ ਬਲਵਿੰਦਰ ਸਿੰਘ ਕੈਲਮਜ਼ੂ ਨੇ ਦੱਸਿਆ ਕਿ ਉਪਰੋਕਤ ਮੀਟਿੰਗ ਵਿਚ ਖੁਦ ਉਨ੍ਹਾਂ ਤੋਂ ਇਲਾਵਾ ਭਾਈ ਸਵਿੰਦਰ ਸਿੰਘ ਮੈਰੀਲੈਂਡ, ਭਾਈ ਬਲਵਿੰਦਰ ਸਿੰਘ ਬਰਵਾਲਾ (ਸੈਨ ਹੋਜ਼ੇ), ਭਾਈ ਨਰਿੰਦਰ ਸਿੰਘ, ਭਾਈ ਪੂਰਨ ਸਿੰਘ, ਭਾਈ ਕੁਲਵੀਰ ਸਿੰਘ, ਭਾਈ ਗੁਰਵਿੰਦਰ ਸਿੰਘ ਅਤੇ ਭਾਈ ਕਸ਼ਮੀਰ ਸਿੰਘ ਨਿਊ ਯਾਰਕ ਸ਼ਾਮਲ ਹੋਏ। ਭਾਈ ਗੁਰਮੇਲ ਸਿੰਘ, ਭਾਈ ਗੁਰਬਚਨ ਸਿੰਘ, ਭਾਈ ਕੁਲਦੀਪ ਸਿੰਘ ਨਿਊ ਯਾਰਕ, ਭਾਈ ਸੁਰਜੀਤ ਸਿੰਘ ਸੈਂਟਰਲ ਜਰਸੀ, ਭਾਈ ਬਲਦੇਵ ਸਿੰਘ, ਭਾਈ ਨਿਰਮਲ ਸਿੰਘ, ਭਾਈ ਅਤਰ ਸਿੰਘ, ਭਾਈ ਮਨਜੀਤ ਸਿੰਘ, ਭਾਈ ਸੁਰਜੀਤ ਸਿੰਘ ਕੈਲੀਫੋਰਨੀਆ ਅਤੇ ਭਾਈ ਅਮਰਜੀਤ ਸਿੰਘ ਨਾਰਥ ਕੈਰੋਲਾਈਨਾ ਨੇ ਨਵੀਂ ਸੰਸਥਾ ਨੂੰ ਸ਼ੁਭ ਇੱਛਾਵਾਂ ਦਿੰਦਿਆਂ ਇਸ ਦੇ ਗਠਨ ਪ੍ਰਤੀ ਸਹਿਮਤੀ ਪ੍ਰਗਟਾਈ।

ਭਾਈ ਬਲਵਿੰਦਰ ਸਿੰਘ ਅਨੁਸਾਰ ਮੀਟਿੰਗ ਵਿਚ ਸਰਬਸੰਮਤੀ ਨਾਲ 9 ਟਰਸਟੀ ਚੁਣੇ ਗਏ ਜਿਨ੍ਹਾਂ ਵਿਚ ਖੁਦ ਉਨ੍ਹਾਂ ਤੋਂ ਇਲਾਵਾ ਭਾਈ ਸੱਜਣ ਸਿੰਘ, ਭਾਈ ਗੁਰਮੇਲ ਸਿੰਘ, ਭਾਈ ਗੁਰਵਿੰਦਰ ਸਿੰਘ ਨਿਊ ਯਾਰਕ, ਭਾਈ ਸਵਿੰਦਰ ਸਿੰਘ ਮੈਰੀਲੈਂਡ, ਭਾਈ ਅਮਰਜੀਤ ਸਿੰਘ ਨਾਰਥ ਕੈਰੋਲਾਈਨਾ, ਭਾਈ ਕੁਲਵੀਰ ਸਿੰਘ ਨਿਊ ਜਰਸੀ, ਭਾਈ ਬਲਵਿੰਦਰ ਸਿੰਘ ਅਤੇ ਭਾਈ ਬਲਦੇਵ ਸਿੰਘ ਕੈਲੀਫੋਰਨੀਆ ਦੇ ਨਾਂ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਇਸ ਕੌਂਸਲ ਦਾ ਗਠਨ ਇਸ ਮੰਤਵ ਨਾਲ ਕੀਤਾ ਗਿਆ ਹੈ ਕਿ ਸਿੱਖੀ ਤੋਂ ਦੂਰ ਹੋ ਰਹੀ ਨੌਜਵਾਨ ਪੀੜੀ ਨੂੰ ਗੁਰੂ ਸ਼ਬਦ ਨਾਲ ਜੋੜ ਕੇ ਸਿੱਖੀ ਸਰੂਪ ਵਿਚ ਲਿਆਂਦਾ ਜਾਵੇ। ਕੀਰਤਨ ਕੌਂਸਲ ਵਲੋਂ ਸਾਲ ਵਿਚ ਦੋ ਜਾਂ ਇਸ ਤੋਂ ਵੱਧ ਕੀਰਤਨ ਦਰਬਾਰ ਕਰਵਾਏ ਜਾਣਗੇ। ਇੰਡੀਆ ਵਿਚ ਲੋੜਵੰਦ ਪਰਿਵਾਰਾਂ ਦੇ ਬੱਚਿਆਂ ਨੂੰ ਵਿਦਿਆ ਲਈ ਆਰਥਿਕ ਮਦਦ ਦਿੱਤੀ ਜਾਏਗੀ ਅਤੇ ਨਾਲ ਨਾਲ ਕੀਰਤਨ ਦੀ ਸਿਖਲਾਈ ਵੀ ਦਿੱਤੀ ਜਾਏਗੀ। ਇਸ ਤੋਂ ਬਿਨਾਂ ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਦੇ ਵਿਆਹਾਂ ਲਈ ਵੀ ਮਦਦ ਕੀਤੀ ਜਾਏਗੀ।



ਉਪਰੋਕਤ ਮੀਟਿੰਗ ਤੋਂ ਬਾਅਦ ਗੁਰਦੁਆਰਾ ਸੰਤ ਸਾਗਰ ਵਿਖੇ ਸੰਤ ਸਰਵਣ ਸਿੰਘ ਡੁਮੇਲੀ ਵਾਲਿਆਂ (ਜੋ ਕਿ ਭਾਈ ਸੱਜਣ ਸਿੰਘ ਦੇ ਉਸਤਾਦ ਸਨ) ਦੀ ਯਾਦ ਵਿਚ ਕੀਰਤਨ ਦਰਬਾਰ ਕੀਤਾ ਗਿਆ ਜਿਸ ਵਿਚ ਭਾਈ ਨਰਿੰਦਰ ਸਿੰਘ ਨਿਊ ਜਰਸੀ, ਭਾਈ ਦਿਆਲ ਸਿੰਘ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਬਲਵਿੰਦਰ ਸਿੰਘ ਮਿਸ਼ੀਗਨ, ਭਾਈ ਸਵਿੰਦਰ ਸਿੰਘ ਮੈਰੀਲੈਂਡ, ਭਾਈ ਬਲਵਿੰਦਰ ਸਿੰਘ ਅਤੇ ਭਾਈ ਸੱਜਣ ਸਿੰਘ ਦੇ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਕੁਲਦੀਪ ਸਿੰਘ ਯੂ ਕੇ ਵਾਲਿਆਂ ਦੇ ਜਥੇ ਨੇ ਵੀ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ।

## ਪੰਜਾਬੀ ਰੇਡੀਓ ਯੂਐਸਏ ਨੇ ਮਾਂ ਬੋਲੀ ਦਿਹਾੜਾ ਮਨਾਇਆ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਬੋਲੀ ਅਤੇ ਸਿੱਖ ਸਭਿਆਚਾਰ ਨੂੰ ਸਮਰਪਿਤ ਪੰਜਾਬੀ ਰੇਡੀਓ ਯੂਐਸਏ ਨੇ ਮਾਂ ਬੋਲੀ ਦਿਹਾੜਾ ਮਨਾਇਆ। ਇਸ ਤੋਂ ਇਲਾਵਾ ਰੇਡੀਓ ਵਲੋਂ ਵਿਸ਼ੇਸ਼ ਪ੍ਰੋਗਰਾਮ ਰਾਹੀਂ ਸਾਕਾ ਨਨਕਾਣਾ ਸਾਹਿਬ ਤੇ ਜੈਤੋ ਦੇ ਮੋਰਚੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਵੀ ਦਿੱਤੀਆਂ ਗਈਆਂ।

21 ਫਰਵਰੀ, ਜੋ ਕਿ ਯੂਨਾਈਟਿਡ ਨੇਸ਼ਨਜ਼ ਵੱਲੋਂ ਮਾਂ ਬੋਲੀ ਦਿਹਾੜੇ ਵਜੋਂ ਐਲਾਨਿਆ ਗਿਆ ਹੈ, ਨੂੰ ਪੰਜਾਬੀ ਰੇਡੀਓ ਯੂਐਸਏ ਨੇ ਸਾਰਾ ਦਿਨ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਪ੍ਰੋਗਰਾਮ ਬਰਾਡਕਾਸਟ ਕੀਤੇ। ਸਭ ਤੋਂ ਪਹਿਲਾਂ ਟਰੇਸੀ ਤੋਂ ਰਾਣੀ ਕਾਹਲੋਂ ਦੇ ਪ੍ਰੋਗਰਾਮ 'ਸੁਰ ਪੰਜਾਬ ਦੀ' ਵਿਚ ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਗਾਣੇ, ਕਵਿਤਾਵਾਂ ਅਤੇ ਹੋਰ ਕਾਵਿ ਰਚਨਾਵਾਂ ਪੜ੍ਹੀਆਂ ਗਈਆਂ। ਹਰਵਿੰਦਰ ਸਿੰਘ ਕੰਗ ਨੇ ਇਸੇ ਪ੍ਰੋਗਰਾਮ ਵਿਚ ਹਿੱਸਾ ਪਾਉਂਦਿਆਂ ਨਨਕਾਣਾ ਸਾਹਿਬ ਦੇ ਸ਼ਹੀਦਾਂ ਬਾਰੇ ਗੱਲ ਕੀਤੀ। ਚੇਤੇ ਰਹੇ 21 ਫਰਵਰੀ ਨੂੰ ਹੀ ਨਨਕਾਣਾ ਸਾਹਿਬ ਦਾ ਸਾਕਾ ਵਾਪਰਿਆ ਸੀ ਅਤੇ ਜੈਤੋ ਦੇ ਮੋਰਚੇ ਵਿਚ ਵੀ ਇਸੇ ਦਿਨ ਸੈਂਕੜੇ ਸਿੰਘ ਸ਼ਹੀਦੀਆਂ ਪਾ ਗਏ ਸਨ।

ਬਾਅਦ ਦੁਪਹਿਰ 4.00 ਵਜੇ ਕੁਝ ਗੱਲਾਂ ਕੁਝ ਗੀਤ ਦੀ ਥਾਂ ਮਸੂਦ ਮੱਲ੍ਹੀ, ਹਰਵਿੰਦਰ ਸਿੰਘ ਕੰਗ ਅਤੇ ਗੁਰਜਸਪਾਲ ਸਿੰਘ ਨੇ ਰਲ ਕੇ ਇਕ ਬਹੁਤ ਹੀ ਵਿਲੱਖਣ ਪ੍ਰੋਗਰਾਮ ਪੇਸ਼ ਕੀਤਾ, ਜਿਸ ਵਿਚ ਉਨ੍ਹਾਂ ਪੰਜਾਬੀ ਦੇ ਇਤਿਹਾਸ 'ਤੇ ਝਾਤੀ ਮਾਰੀ। ਨਾਲ ਨਾਲ ਪੰਜਾਬੀ ਦਾ ਰੁਝਾਨ ਘਟਣ ਦੇ ਕਾਰਨ ਅਤੇ ਕਿਸ ਤਰੀਕੇ ਨਾਲ ਅਸੀਂ ਸਾਰੇ ਰਲ ਕੇ ਪੰਜਾਬੀ ਦੇ ਵਿਕਾਸ ਲਈ ਕੰਮ ਕਰ ਸਕਦੇ ਹਾਂ, ਬਾਰੇ ਵਿਚਾਰ ਵਟਾਂਦਰਾ ਕੀਤਾ। ਸ਼ਾਮੀਂ 7 ਵਜੇ ਤੋਂ 8 ਵਜੇ ਨਨਕਾਣਾ ਸਾਹਿਬ ਦੇ ਸਾਕੇ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਵਜੋਂ ਭਾਈ ਪਿੰਦਰਪਾਲ ਸਿੰਘ ਦੁਆਰਾ ਸਾਕਾ ਨਨਕਾਣਾ ਸਾਹਿਬ ਦਾ ਇਤਿਹਾਸ ਦਾ ਪ੍ਰਸਾਰਣ ਕੀਤਾ ਗਿਆ। ਰਾਤ ਨੂੰ 8 ਵਜੇ ਪਟਿਆਲਾ ਪੰਜਾਬ ਤੋਂ ਪਰਮਿੰਦਰ ਸਿੰਘ ਟਿਵਾਣਾ ਇਕ ਵੱਖਰੇ ਅੰਦਾਜ਼ ਵਿਚ ਮਾਂ ਬੋਲੀ ਪੰਜਾਬੀ ਨੂੰ ਸਮਰਪਿਤ ਪ੍ਰੋਗਰਾਮ ਲੈ ਕੇ ਆਏ। ਸਰੋਤਿਆਂ ਨੇ ਕਾਲਾਂ ਕਰਕੇ ਇਨ੍ਹਾਂ ਪ੍ਰੋਗਰਾਮਾਂ ਨੂੰ ਭਰਵਾਂ ਹੁੰਗਾਰਾ ਦਿੱਤਾ। ਰੇਡੀਓ ਵਲੋਂ ਜਾਰੀ ਇਕ ਬਿਆਨ ਅਨੁਸਾਰ ਬੇਕਰਜ਼ਫੀਲਡ ਸਟੇਸ਼ਨ ਸ਼ੁਰੂ ਹੋਣ ਤੋਂ 2 ਦਿਨਾਂ ਵਿਚ ਹੀ 500 ਤੋਂ ਵੱਧ ਪਰਿਵਾਰ ਪੰਜਾਬੀ ਰੇਡੀਓ ਯੂਐਸਏ ਨਾਲ ਜੁੜ ਗਏ ਹਨ। ਇੰਟਰਨੈਟ 'ਤੇ ਪੰਜਾਬੀ ਰੇਡੀਓ ਯੂਐਸਏ ਨੂੰ www.punjabiradio.com 'ਤੇ ਸੁਣਿਆ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਫੋਨ 408-722-7698 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬੇਕਰਜ਼ਫੀਲਡ 'ਚ ਪੰਜਾਬੀ ਰੇਡੀਓ ਨੂੰ ਭਰਵਾਂ ਹੁੰਗਾਰਾ

**ਬੇਕਰਜ਼ਫੀਲਡ (ਬਿਊਰੋ):** ਬੇਕਰਜ਼ਫੀਲਡ ਵਿਚ 24 ਘੰਟੇ ਚਲਣ ਵਾਲੇ ਪੰਜਾਬੀ ਰੇਡੀਓ ਯੂਐਸਏ ਵਲੋਂ ਸਥਾਨਕ ਗੁਰੂਘਰਾਂ ਵਿਚ ਆਪਣੇ ਰੇਡੀਓ ਵੇਚਣ ਲਈ ਸਟਾਲ ਲਾਏ ਗਏ ਜਿਨ੍ਹਾਂ ਨੂੰ ਭਰਵਾਂ ਹੁੰਗਾਰਾ ਮਿਲਿਆ। ਸਰੋਤਿਆਂ ਨੇ ਕੋਈ 400 ਦੇ ਕਰੀਬ ਰੇਡੀਓ ਖਰੀਦੇ।

ਪੰਜਾਬੀ ਰੇਡੀਓ ਯੂਐਸਏ ਦੇ ਰੇਡੀਓ ਸੈਟ ਸਥਾਨਕ ਪੰਜਾਬੀ ਸਟੋਰਾਂ ਤੋਂ ਵੀ 25 ਡਾਲਰ ਦੀ ਕੀਮਤ 'ਤੇ ਖਰੀਦੇ ਜਾ ਸਕਦੇ ਹਨ। ਰੇਡੀਓ ਤੇ ਖਬਰਾਂ ਤੇ ਇਸ਼ਤਿਹਾਰ ਦੇਣ ਲਈ ਇਸ ਦੇ ਨੁਮਾਇੰਦੇ ਮਾਨ ਮਨਦੀਪ ਨਾਲ ਫੋਨ 661-889-1927 'ਤੇ ਸੰਪਰਕ ਕੀਤਾ ਜਾ ਸਕਦਾ ਹੈ।


SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR,
CONTINENTAL AIR

JET AIRWAYS
DELTA, AIR INDIA,
KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250

MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Attorny At Law
Law Offices Of Jaspreet Singh
4491 W. Shaw Ave., Suite 300 B (Near Costco) Fresno, CA 93722 Ph: 559-271-5511
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

SYAN VIDEO PRODUCTION, INC.
Professional HD Video & Digital Photo Production
Multiple Camera Shooting / Digital Still Photography
(with flush mount Album)
Live Video Display with Large Screens
DJ Service with Laser Lights
Call Toll Free : 1-888-RAJ- SYAN (725-7926)
(With 14 years Experienced)

734-261-0936 / 734-890-1767
E-mail: raj@syanvideo.com
or visit at: www.syanvideo.com
SV PRODUCTION

# ਕਸਾਬ ਦੀ ਸਜ਼ਾ-ਏ-ਮੌਤ ਬਰਕਰਾਰ




**ਮੁੰਬਈ:** ਬੰਬੇ ਹਾਈ ਕੋਰਟ ਨੇ ਹੇਠਲੀ ਅਦਾਲਤ ਵੱਲੋਂ ਪਾਕਿਸਤਾਨੀ ਅਤਿਵਾਦੀ ਅਜਮਲ ਆਮਿਰ ਕਸਾਬ ਨੂੰ ਮੁੰਬਈ ਹਮਲਿਆਂ ਬਾਰੇ ਸੁਣਾਈ ਗਈ ਮੌਤ ਦੀ ਸਜ਼ਾ ਬਰਕਰਾਰ ਰੱਖੀ ਹੈ। ਇਸ ਦੇ ਨਾਲ ਹੀ ਹਾਈ ਕੋਰਟ ਨੇ ਹੇਠਲੀ ਅਦਾਲਤ 'ਚ ਦੋ ਭਾਰਤੀ ਸਹਿ-ਸਾਜ਼ਿਸ਼ੀਆਂ ਫਾਹੀਮ ਅੰਸਾਰੀ ਤੇ ਸਬਾਉਦੀਨ ਅਹਿਮ ਨੂੰ ਬਰੀ ਕਰਨ ਦਾ ਫੈਸਲਾ ਵੀ ਬਰਕਰਾਰ ਰੱਖਿਆ ਹੈ। ਇਹ ਦੋਵੇਂ ਸਬੂਤਾਂ ਦੀ ਘਾਟ ਕਾਰਨ ਬਰੀ ਕੀਤੇ ਗਏ ਹਨ।

ਆਰਥਰ ਰੋਡ ਜੇਲ੍ਹ 'ਚ 24 ਸਾਲਾ ਕਸਾਬ ਜੱਜਾਂ ਸਾਹਮਣੇ ਆਇਆ ਤਾਂ ਉਸ ਦੇ ਚਿਹਰੇ 'ਤੇ ਕਿਸੇ ਤਰ੍ਹਾਂ ਦਾ ਕੋਈ ਪਛਤਾਵਾ ਨਹੀਂ ਸੀ। ਉਹ ਬੈਂਚ ਦੇ ਬੈਠਣ ਤੋਂ ਪੰਜ ਮਿੰਟ ਪਹਿਲਾਂ ਪੁੱਜਿਆ ਹੋਇਆ ਸੀ, ਉਹ ਸਗੋਂ ਮੁਸਕਰਾਉਂਦਾ ਜਾਪ ਰਿਹਾ ਸੀ। ਵੀਡੀਓ ਕਾਨਫਰੰਸਿੰਗ ਰਾਹੀਂ ਡਵੀਜ਼ਨ ਬੈਂਚ ਦੀ ਜਸਟਿਸ ਰੰਜਨਾ ਦੇਸਾਈ ਨੇ ਕਿਹਾ ਕਿ ਕਸਾਬ ਦੀ ਸਜ਼ਾਏ ਮੌਤ ਅਦਾਲਤ ਵੱਲੋਂ ਬਰਕਰਾਰ ਰੱਖੀ ਜਾਂਦੀ ਹੈ। ਹੁਣ ਉਹ ਸੁਪਰੀਮ ਕੋਰਟ 'ਚ ਅਪੀਲ ਕਰ ਸਕਦਾ ਹੈ। ਡਵੀਜ਼ਨ ਬੈਂਚ 'ਚ ਜਸਟਿਸ ਆਰ.ਵੀ. ਮੋਰੇ ਵੀ ਸ਼ਾਮਲ ਹਨ। ਫਾਹੀਮ ਤੇ ਸਬਾਉਦੀਨ ਦੀ ਰਿਹਾਈ ਵਿਰੁਧ ਰਾਜ ਸਰਕਾਰ ਦੀ ਅਰਜ਼ੀ ਬੈਂਚ ਨੇ ਖਾਰਜ ਕਰਦਿਆਂ ਕਿਹਾ ਕਿ ਇਹ ਅਦਾਲਤ ਵੀ ਹੇਠਲੀ ਅਦਾਲਤ ਨਾਲ ਇਸ ਗੱਲੋਂ ਸਹਿਮਤ ਹੈ ਕਿ ਉਨ੍ਹਾਂ ਦੀ ਸ਼ਮੂਲੀਅਤ ਬਾਰੇ ਕੋਈ ਤਸਦੀਕਸ਼ੁਦਾ ਸਬੂਤ ਨਹੀਂ ਹਨ। ਗਵਾਹਾਂ ਦੇ ਬਿਆਨ ਮੰਨਣਯੋਗ ਨਹੀਂ ਹਨ ਤੇ ਮੁੱਖ ਕੜੀ ਗਾਇਬ ਹੈ।

ਅਦਾਲਤ ਨੇ ਕਿਹਾ ਕਿ ਕਸਾਬ ਵੱਲੋਂ ਕੀਤਾ ਗਿਆ ਗੁਨਾਹ 'ਅਤਿ ਦੇ ਘਿਨੌਣੇ ਗੁਨਾਹਾਂ' ਵਿਚ ਆਉਂਦਾ ਹੈ ਤੇ ਉਸ ਨੂੰ ਮੌਤ ਦੀ ਸਜ਼ਾ ਹੀ ਦਿੱਤੀ ਜਾ ਸਕਦੀ ਹੈ। ਜੱਜਾਂ ਅਨੁਸਾਰ ਵੀਡੀਓ ਕਾਨਫਰੰਸ ਰਾਹੀਂ ਪੇਸ਼ ਕਸਾਬ ਦੇ ਚਿਹਰੇ 'ਤੇ ਐਨੇ ਕਤਲਾਂ ਲਈ ਕਦੇ ਪਛਤਾਵਾ ਨਜ਼ਰ ਨਹੀਂ ਆਇਆ। 1208 ਸਫਿਆਂ ਦੇ ਫੈਸਲੇ 'ਚ ਅਦਾਲਤ ਨੇ ਇਹ ਵੀ ਕਿਹਾ ਕਿ ਉਹ ਕਿਸੇ ਦੇ ਵੀ ਪ੍ਰਭਾਵ ਥੱਲੇ ਨਹੀਂ ਸੀ ਤੇ ਉਹ ਆਪਣੀ ਇੱਛਾ ਨਾਲ ਹੀ ਪਾਕਿਸਤਾਨੀ ਦਹਿਸ਼ਤਗਰਦ ਗਰੁੱਪ ਲਸ਼ਕਰ-ਏ-ਤੋਇਬਾ 'ਚ ਸ਼ਾਮਲ ਹੋਇਆ ਸੀ। ਮੌਤ ਦੀ ਸਜ਼ਾ ਬਹਾਲ ਰੱਖਦਿਆਂ ਬੈਂਚ ਨੇ ਕਿਹਾ ਕਿ ਕਸਾਬ ਨੇ ਪਾਕਿਸਤਾਨ 'ਚ ਰਚੀ ਗਈ ਸਾਜ਼ਿਸ਼ ਅਧੀਨ ਭਾਰਤ ਸਰਕਾਰ ਵਿਰੁਧ ਜੰਗ ਛੇੜੀ ਜਿਸ ਦਾ ਮੰਤਵ ਭਾਰਤ ਸਰਕਾਰ ਤੇ ਇਸ ਦੀ ਆਰਥਿਕਤਾ ਨੂੰ ਢਾਹ ਲਾਉਣਾ ਸੀ।

ਉਧਰ ਫੈਸਲੇ ਦਾ ਸਵਾਗਤ ਕਰਦਿਆਂ ਗ੍ਰਹਿ ਮੰਤਰੀ ਪੀ. ਚਿਦੰਬਰਮ ਨੇ ਕਿਹਾ ਹੈ ਕਿ ਇਸ ਨਾਲ ਭਾਰਤੀ ਕਾਨੂੰਨ ਪ੍ਰਣਾਲੀ ਦਾ ਮਾਣ-ਸਨਮਾਨ ਵਧਿਆ ਹੈ ਪਰ ਨਾਲ ਹੀ ਉਨ੍ਹਾਂ ਨੇ ਅਫ਼ਸੋਸ ਪ੍ਰਗਟ ਕੀਤਾ ਕਿ ਇਹ ਮਾਮਲਾ ਪਾਕਿਸਤਾਨ 'ਚ ਬੜੀ ਮੱਠੀ ਚਾਲੇ ਚੱਲ ਰਿਹਾ ਹੈ।

# ਸੁਰਜੀਤ ਨੇ ਫੇਰਿਆ ਸੀ ਸੋਨੀਆ ਦੇ ਇਰਾਦਿਆਂ 'ਤੇ ਪਾਣੀ

**ਨਵੀਂ ਦਿੱਲੀ:** ਭਾਵੇਂ ਹੁਣ ਤੱਕ ਇਹ ਮੰਨਿਆਂ ਜਾਂਦਾ ਰਿਹਾ ਹੈ ਕਿ ਸਮਾਜਵਾਦੀ ਪਾਰਟੀ ਦੇ ਆਗੂ ਮੁਲਾਇਮ ਸਿੰਘ ਯਾਦਵ ਦੇ ਸ਼ਰ੍ਹੇਆਮ ਸੋਨੀਆ ਗਾਂਧੀ ਵਿਰੁਧ ਡਟਣ ਕਾਰਨ ਅਪਰੈਲ 1999 'ਚ ਭਾਜਪਾ ਦੀ ਅਗਵਾਈ ਵਾਲੀ ਐਨ.ਡੀ.ਏ. ਸਰਕਾਰ ਦੇ ਪਤਨ ਪਿਛੋਂ ਕਾਂਗਰਸ ਸੱਤਾ 'ਚ ਨਹੀਂ ਆ ਸਕੀ ਸੀ ਪਰ ਅਸਲ 'ਚ ਮਰਹੂਮ ਹਰਕਿਸ਼ਨ ਸਿੰਘ ਸੁਰਜੀਤ ਤੇ ਖੱਬੀਆਂ ਪਾਰਟੀਆਂ ਨੇ ਹੀ ਸੋਨੀਆ ਨੂੰ ਸਰਕਾਰ ਬਣਾਉਣ ਦੀਆਂ ਉਸ ਵੇਲੇ ਦੀਆਂ ਆਪਣੀਆਂ ਯੋਜਨਾਵਾਂ ਠੱਪ ਕਰਨ ਲਈ ਮਜਬੂਰ ਕਰ ਦਿੱਤਾ ਸੀ।



ਮਰਹੂਮ ਹਰਕਿਸ਼ਨ ਸਿੰਘ

ਇਨ੍ਹਾਂ ਘਟਨਾਵਾਂ ਦਾ ਖੁਲਾਸਾ ਸਾਬਕਾ ਪ੍ਰਧਾਨ ਮੰਤਰੀ ਆਈ.ਕੇ. ਗੁਜਰਾਲ ਨੇ ਹਾਲ ਹੀ 'ਚ ਰਿਲੀਜ਼ ਹੋਈ ਆਪਣੀ ਸਵੈ-ਜੀਵਨੀ "ਮੈਟਰਜ਼ ਆਫ ਡਿਸਕ੍ਰੀਸ਼ਨ" 'ਚ ਕੀਤਾ ਹੈ। ਉਨ੍ਹਾਂ ਨੇ ਨਾਲ ਹੀ ਇਹ ਵੀ ਦੱਸਿਆ ਹੈ ਕਿ ਕਾਂਗਰਸ ਵਿਚਲੇ ਕਿਹੜੇ ਸ਼ਖ਼ਸਾਂ ਨੇ 1997 'ਚ ਯੂਨਾਈਟਿਡ ਫਰੰਟ ਦੀ ਸਰਕਾਰ ਡੇਗਣ 'ਚ ਅਹਿਮ ਭੂਮਿਕਾ ਨਿਭਾਈ ਸੀ। ਇਹ ਕਾਰਵਾਈ ਸ੍ਰੀ ਰਾਜੀਵ ਗਾਂਧੀ ਦੀ ਹੱਤਿਆ ਮਗਰੋਂ ਜੈਨ ਕਮਿਸ਼ਨ ਵੱਲੋਂ ਡੀ.ਐਮ.ਕੇ. ਨੂੰ ਦੋਸ਼ੀ ਠਹਿਰਾਏ ਜਾਣ 'ਤੇ ਸਾਂਝੇ ਫਰੰਟ ਦੀ ਸਰਕਾਰ 'ਚ ਇਸ ਪਾਰਟੀ ਦੇ (ਡੀ.ਐਮ.ਕੇ.) ਮੰਤਰੀਆਂ ਦੀ ਹਾਜ਼ਰੀ ਵਿਰੁਧ ਕੀਤੀ ਗਈ ਸੀ।

ਇਤਫਾਕ ਵਸ ਇਸ ਵੇਲੇ ਕੇਂਦਰ 'ਚ ਯੂ.ਪੀ.ਏ. ਗੱਠਜੋੜ 'ਚ ਕਾਂਗਰਸ ਨਾਲ ਡੀ.ਐਮ.ਕੇ. ਦੂਜੀ ਵੱਡੀ ਭਾਈਵਾਲ ਪਾਰਟੀ ਹੈ। ਸ੍ਰੀ ਗੁਜਰਾਲ ਨੇ ਉਨ੍ਹਾਂ ਸਭ ਸਿਆਸੀ ਸਰਗਰਮੀਆਂ ਦਾ ਜ਼ਿਕਰ ਕੀਤਾ ਹੈ ਜੋ ਜੱਜ ਐਮ.ਸੀ. ਜੈਨ ਵੱਲੋਂ ਜੈਨ ਕਮਿਸ਼ਨ ਦੀ ਰਿਪੋਰਟ ਦਿੱਲੀ ਦੀ ਇਕ ਪੱਤ੍ਰਿਕਾ ਕੋਲ ਲੀਕ ਕੀਤੇ ਜਾਣ ਮਗਰੋਂ ਉਨ੍ਹਾਂ ਦੀ ਚਾਰ ਮਹੀਨੇ ਪੁਰਾਣੀ ਸਰਕਾਰ ਦੇ ਡਿੱਗਣ ਦਾ ਕਾਰਨ ਬਣੀਆਂ ਸਨ।

ਹੇਅ ਹਾਊਸ ਇੰਡੀਆ ਵੱਲੋਂ ਛਾਪੀ ਗਈ ਇਸ ਪੁਸਤਕ 'ਚ ਉਨ੍ਹਾਂ ਦੱਸਿਆ ਹੈ ਕਿ 17 ਅਪਰੈਲ 1999 ਨੂੰ ਕੇਵਲ ਇਕ ਵੋਟ ਕਾਰਨ ਐਨ.ਡੀ.ਏ. ਸਰਕਾਰ ਦੇ ਡਿੱਗਣ ਮਗਰੋਂ ਉਹ ਤੇ ਸ੍ਰੀ ਰਾਮ ਵਿਲਾਸ ਪਾਸਵਾਨ, ਐਨ.ਡੀ.ਏ. ਦੀ ਹਮਾਇਤ ਲਈ ਭਾਜਪਾ ਵੱਲੋਂ ਕਿੰਨੇ ਦਬਾਅ ਹੇਠ ਸਨ। ਸ੍ਰੀ ਅਟਲ ਬਿਹਾਰੀ ਵਾਜਪਾਈ ਤੇ ਭਾਜਪਾ ਆਗੂ ਜਸਵੰਤ ਸਿੰਘ ਉਨ੍ਹਾਂ ਨੂੰ ਮਨਾਉਣ ਉਨ੍ਹਾਂ ਕੋਲ ਆਏ ਸਨ। ਭਾਜਪਾ ਨੇ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਉਨ੍ਹਾਂ ਕੋਲ ਭੇਜਿਆ ਸੀ ਤੇ ਟੀ.ਡੀ.ਪੀ. ਦੇ ਮੁਖੀ ਚੰਦਰ ਬਾਬੂ ਨਾਇਡੂ ਰਾਹੀਂ ਵੀ ਉਨ੍ਹਾਂ 'ਤੇ ਦਬਾਅ ਪਾਇਆ ਸੀ। ਉਨ੍ਹਾਂ ਲਿਖਿਆ ਹੈ ਕਿ ਐਨ ਇਸ ਮੌਕੇ ਕਾਮਰੇਡ ਸੁਰਜੀਤ ਨੇ ਸੋਨੀਆ ਗਾਂਧੀ ਦਾ ਨਾਂ ਲਿਆ ਤੇ ਉਨ੍ਹਾਂ ਨੂੰ ਅਗਲੀ ਸਰਕਾਰ ਬਣਾਉਣ ਦੇ ਯਤਨ ਕਰਨ ਲਈ ਮਨਾਇਆ। ਸ੍ਰੀ ਗੁਜਰਾਲ ਅਨੁਸਾਰ 20 ਅਪਰੈਲ 1999 ਨੂੰ ਸੋਨੀਆ ਗਾਂਧੀ ਕੌਫੀ ਦਾ ਕੱਪ ਪੀਣ ਉਨ੍ਹਾਂ ਦੇ ਘਰ ਆਈ ਤੇ ਹਮਾਇਤ ਦੀ ਮੰਗ ਕੀਤੀ। ਇਸ ਮੌਕੇ ਉਨ੍ਹਾਂ ਸਪਸ਼ਟ ਕੀਤਾ ਕਿ ਉਹ ਉਨ੍ਹਾਂ ਦੀ ਪ੍ਰਧਾਨ ਮੰਤਰੀ ਵਜੋਂ ਉਮੀਦਵਾਰੀ ਦੀ ਹਮਾਇਤ ਕਰਨਗੇ ਪਰ ਆਖਰੀ ਘੜੀ ਉਨ੍ਹਾਂ ਨੂੰ ਉਨ੍ਹਾਂ ਦੇ ਖੱਬੇ ਪੱਖੀ ਪਾਰਟੀਆਂ ਵਿਚਲੇ ਦੋਸਤਾਂ ਨੇ ਹੀ ਦਗਾ ਦੇਣਾ ਹੈ। ਉਨ੍ਹਾਂ ਸੋਨੀਆ ਨੂੰ ਇਹ ਵੀ ਦੱਸਿਆ ਕਿ ਜੇ ਉਹ ਸਮਝਦੀ ਹੈ ਕਿ ਸੁਰਜੀਤ ਗੰਭੀਰਤਾ ਨਾਲ ਉਨ੍ਹਾਂ ਦੀ ਹਮਾਇਤ ਕਰ ਰਿਹਾ ਹੈ ਤਾਂ ਇਹ ਉਸ ਦੀ ਭੁੱਲ ਹੈ। ਸ੍ਰੀ ਗੁਜਰਾਲ ਅਨੁਸਾਰ ਖੱਬੇ ਪਖੀਆਂ ਦਾ ਅਸਲ ਘੋੜਾ ਜੋਤੀ ਬਾਸੂ ਸੀ ਜਿਸ ਨੂੰ ਹਾਲਾਤ ਪੈਦਾ ਹੋਣ 'ਤੇ ਸਾਹਮਣੇ ਲਿਆਂਦਾ ਜਾਣਾ ਸੀ। ਉਨ੍ਹਾਂ ਦੱਸਿਆ ਕਿ ਉਹੀ ਗੱਲ ਹੋਈ ਤੇ 21 ਅਪਰੈਲ 1999 ਨੂੰ ਸੋਨੀਆ ਦੇ ਸਰਕਾਰ ਬਣਾਉਣ ਲਈ ਰਾਸ਼ਟਰਪਤੀ ਨਾਲ ਮਿਲਣ ਮਗਰੋਂ ਹਰ ਵੇਲੇ ਉਸ ਦੀ ਹਮਾਇਤ ਦਾ ਦਮ ਭਰਨ ਵਾਲੇ ਮੁਲਾਇਮ ਸਿੰਘ ਯਾਦਵ ਨੇ ਪੈਂਤੜਾ ਬਦਲਦਿਆਂ ਐਲਾਨ ਕਰ ਦਿੱਤਾ ਕਿ ਉਸ ਦੀ ਪਾਰਟੀ ਕਾਂਗਰਸ ਨਾਲ ਨਹੀਂ ਹੈ ਤੇ ਅਗਲੀ ਸਵੇਰ ਉਸ ਦੀ ਪਾਰਟੀ ਨੇ ਜੋਤੀ ਬਾਸੂ ਦਾ ਨਾਂ ਪੇਸ਼ ਕਰ ਦਿੱਤਾ।

## ਹੇਵਰਡ ਵਿਚ ਦੋ ਰੋਜ਼ਾ ਪੰਜਾਬ ਮੇਲਾ 9 ਜੁਲਾਈ ਤੋਂ

**ਹੇਵਰਡ:** ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ (ਬੇ-ਏਰੀਆ) ਅਤੇ ਆਪਣਾ ਪੰਜਾਬ ਐਸੋਸੀਏਸ਼ਨ ਵਲੋਂ ਦੋ ਰੋਜ਼ਾ ਖੇਡ ਮੇਲਾ ਆਉਂਦੀ 9 ਅਤੇ 10 ਜੁਲਾਈ ਨੂੰ ਕੈਲ ਸਟੇਟ ਯੂਨੀਵਰਸਿਟੀ ਦੀਆਂ ਗਰਾਉਂਡਾਂ ਵਿਚ ਕਰਵਾਇਆ ਜਾਵੇਗਾ।

ਇਹ ਜਾਣਕਾਰੀ ਦਿੰਦਿਆਂ ਇਨ੍ਹਾਂ ਸੰਸਥਾਵਾਂ ਦੇ ਬੁਲਾਰਿਆਂ ਅਵਤਾਰ ਸਿੰਘ ਤਾਰੀ ਅਤੇ ਕਸ਼ਮੀਰ ਸਿੰਘ ਧੁੱਗਾ ਨੇ ਇਕ ਸਾਂਝੇ ਬਿਆਨ ਵਿਚ ਦੱਸਿਆ ਕਿ ਇਸ ਖੇਡ ਮੇਲੇ ਦੌਰਾਨ ਕਬੱਡੀ ਤੋਂ ਇਲਾਵਾ ਹਾਕੀ, ਸਾਕਰ, ਵਾਲੀਬਾਲ ਅਤੇ ਹੋਰ ਖੇਡਾਂ ਵੀ ਕਰਵਾਈਆਂ ਜਾਣਗੀਆਂ। ਮੇਲੇ ਵਿਚ ਅਮਰੀਕਾ ਤੋਂ ਬਿਨਾ ਹੋਰ ਦੇਸ਼ਾਂ ਦੀਆਂ ਟੀਮਾਂ ਵੀ ਹਿੱਸਾ ਲੈਣਗੀਆਂ। ਇਸ ਮੌਕੇ ਗਦਰ ਲਹਿਰ ਅਤੇ ਕੂਕਾ ਲਹਿਰ ਦੇ ਇਤਿਹਾਸ ਬਾਰੇ ਇਕ ਵਿਸ਼ੇਸ਼ ਪ੍ਰਦਰਸ਼ਨੀ ਵੀ ਲਾਈ ਜਾਏਗੀ। ਮੇਲੇ ਵਿਚ ਚੰਗੇ ਪੰਜਾਬੀ ਗਾਇਕ ਦਰਸ਼ਕਾਂ ਦਾ ਮਨੋਰੰਜਨ ਕਰਨ ਲਈ ਪਹੁੰਚਣਗੇ, ਭੰਗੜੇ ਅਤੇ ਗਿੱਧੇ ਦਾ ਪ੍ਰੋਗਰਾਮ ਵੀ ਹੋਵੇਗਾ। ਦੋਵੇਂ ਦਿਨ ਖਾਣ-ਪੀਣ ਦਾ ਪ੍ਰਬੰਧ ਮੁਫਤ ਹੋਵੇਗਾ। ਕੋਈ ਟਿਕਟ ਨਹੀਂ ਹੋਵੇਗੀ। ਹੋਰ ਜਾਣਕਾਰੀ ਲਈ ਸ੍ਰੀ ਤਾਰੀ ਨਾਲ ਫੋਨ 510-750-5152 ਜਾਂ ਸ੍ਰੀ ਧੁੱਗਾ ਨਾਲ ਫੋਨ 510-816-9044 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪੰਜਾਬ ਦਾ ਬਜਟ 14 ਨੂੰ

**ਚੰਡੀਗੜ੍ਹ:** ਅਕਾਲੀ ਦਲ-ਭਾਜਪਾ ਸਰਕਾਰ ਦੀ ਮੌਜੂਦਾ ਪਾਰੀ ਦਾ ਆਖਰੀ ਬਜਟ ਪੰਜਾਬ ਦੀ ਪਹਿਲੀ ਮਹਿਲਾ ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ 14 ਮਾਰਚ ਨੂੰ ਪੇਸ਼ ਕਰਨਗੇ। ਸਰਕਾਰ ਦਾ ਇਹ ਆਖਰੀ ਤੇ ਉਨ੍ਹਾਂ ਦਾ ਪਲੇਠਾ ਬਜਟ ਹੋਵੇਗਾ। ਬਜਟ ਸੈਸ਼ਨ 4 ਮਾਰਚ ਤੋਂ ਬਾਅਦ ਦੁਪਹਿਰ ਸ਼ੁਰੂ ਹੋ ਰਿਹਾ ਹੈ। ਇਹ ਫੈਸਲਾ ਮੰਤਰੀ ਮੰਡਲ ਦੀ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਲਿਆ ਗਿਆ।

ਸੂਤਰਾਂ ਅਨੁਸਾਰ ਪਹਿਲਾਂ 16 ਮਾਰਚ ਨੂੰ ਬਜਟ ਪੇਸ਼ ਕੀਤਾ ਜਾਣਾ ਸੀ ਪਰ ਹੁਣ ਇਹ ਦੋ ਦਿਨ ਪਹਿਲਾਂ ਹੋ ਗਿਆ ਹੈ। ਵਿੱਤ ਮੰਤਰੀ ਡਾ. ਉਪਿੰਦਰਜੀਤ ਕੌਰ ਵੱਲੋਂ ਮੁਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਵਿਦੇਸ਼ ਜਾਣ ਤੋਂ ਪਹਿਲਾਂ ਬਜਟ ਮਾਮਲਿਆਂ ਬਾਰੇ ਉਚੇਚੇ ਤੌਰ 'ਤੇ ਗੱਲ ਕੀਤੀ ਗਈ।




**Guaranteed! Save $5,000**
on Your Home Purchase Or I Will Pay You $1,000 Cash
CALL 1-888-450-6603, ID # 4008
For FREE list of homes go to www.FreeHotListings.net
Call:AMARDEEP SINGH Realtor/Loan Broker Ph:(916) 712-2735l, Fax:(916) 679-5986 (DRE # 01357217)

**Antelope $139,000**

**$4,865 Down! $782 Payment**
Quite street. Bright living & family room. Perfect home.Unique. Shaded backyard. Cozy fireplace. Patio.
**FREE INFO:1-888-450-6603**
ID#4201

**Sacramento $165,000**

**$5,600 Down. $837 Payment**
Big family house. One Bed and Bath downstairs. Formal Dining. 3 Car Garage. Safe neighborhood.
**FREE INFO: 1-888-450-6603**
ID # 4204

**Sacramento $229,000**

**$8,015 Down $1,198 PMT**
Anatolia Beauty. New community. Good Schools. Walking distance to park.
**FREE INFO: 1-888-450-6603**
ID # 4222

**Sacramento $99,000**

**$3,465 Down $647 Payment**
Great Location. 3 Beds. Separate Dining and Family Room. Family house. Private backyard.
**FREE INFO: 1-888-450-660**
ID # 4224

**Antelope $148,000**

**$5,180 Down $774 Payment**
Beautiful 3 bedroom. Cozy fire. Lovely home. Excellent School. Payment less than rent.
**FREE INFO: 1-888-450-6603**
ID # 4212

**Elk Grove $270,000**

**$9,450 Down $1,329 Payment**
Walking distance to school, park and shopping plazas. Lovely home. Clean. Private Yard.
**FREE INFO: 1-888-450-6603**
ID # 4226

**Sacramento $128,000**

**$4,480 Down $613 Payment**
Eat in Kitchen, family house, clean, private backyard. Quite neighborhood. Bright rooms
**FREE INFO: 1-888-450-6603**
ID # 4217

**Elk Grove $230,000**

**$7,350 Down $1,089PMT**
Lovely home. Beautiful 4 bedroom. Great schools. Private yard. Perfect for family.
**FREE INFO: 1-888-450-6603**
ID #4221

**Elk Grove $238,000**

**$8,830 Down $1,245 Payment**
Quite Street. Great neighborhood. Perfect. Cozy Fireplace. Open Lay Out. Den. Bright rooms
**FREE INFO: 1-888-450-6603**
ID # 4228

**Sacramento $220,000**

**$7700 Down $1,152 Payment**
Peaceful. Family home. Lovely. 2005 Built. Shaded huge backyard. Newer Area.Spacious.
**FREE INFO: 1-888-450-6603**
ID #4229

**For Short Sale I received over $4,500**


**FREE** cash back money when we did our short sale. Both my first, second loans, utility bills and property taxes were forgiven by the lenders. I got enough time to relocate to next home. Amardeep had his whole team negotiated with the lenders and protected our rights. Thanks for saving my credit and being foreclosed… Mike and family

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਜਥੇਬੰਦੀਆਂ ਨਿਆਂਇਕ ਜਾਂਚ ਲਈ ਅੜੀਆਂ

**ਚੰਡੀਗੜ੍ਹ:** ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਨੇ ਕੌਮੀ ਘੱਟ ਗਿਣਤੀ ਕਮਿਸ਼ਨ ਕੋਲੋਂ ਮੰਗ ਕੀਤੀ ਹੈ ਕਿ ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿਚ 1984 ਵਿਚ ਸਿੱਖਾਂ ਦੇ ਕਤਲੇਆਮ ਦੀ ਉਚ ਪੱਧਰੀ ਜਾਂਚ ਕਰਵਾਈ ਜਾਵੇ। ਉਧਰ ਪੰਜਾਬ ਅਤੇ ਹਰਿਆਣਾ ਦੀਆਂ ਵੱਖ-ਵੱਖ ਸਿੱਖ ਜਥੇਬੰਦੀਆਂ 'ਤੇ ਆਧਾਰਤ ਖਾਲਸਾ ਐਕਸ਼ਨ ਕਮੇਟੀ ਦੇ ਵਫਦ ਨੇ ਵੀ ਹਰਿਆਣਾ ਦੇ ਰਾਜਪਾਲ ਅਤੇ ਮੁੱਖ ਮੰਤਰੀ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਹੋਂਦ ਚਿੱਲੜ ਵਿਚ ਦੋ ਨਵੰਬਰ 1984 ਨੂੰ ਸਿੱਖਾਂ ਦੇ ਕੀਤੇ ਕਤਲੇਆਮ ਦੀ ਜਾਂਚ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜ ਕੋਲੋਂ ਕਰਵਾਈ ਜਾਵੇ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ।

ਖਾਲਸਾ ਐਕਸ਼ਨ ਕਮੇਟੀ ਦੇ ਵਫਦ ਦੇ ਮੈਂਬਰਾਂ ਨੇ ਦੱਸਿਆ ਕਿ ਰਾਜਪਾਲ ਜਗਨਨਾਥ ਪਹਾੜੀਆ ਨੇ ਭਰੋਸਾ ਦਿੱਤਾ ਹੈ ਕਿ ਉਹ ਰਾਜ ਸਰਕਾਰ ਨੂੰ ਸਿਫਾਰਸ਼ ਕਰਨਗੇ ਕਿ ਕਮੇਟੀ ਕਾਇਮ ਕਰਕੇ ਇਸ ਕਾਂਡ ਦੀ ਜਲਦੀ ਜਾਂਚ ਕਰਵਾਈ ਜਾਵੇ ਅਤੇ ਪੀੜਤਾਂ ਨੂੰ ਇਨਸਾਫ ਦਿੱਤਾ ਜਾਵੇ। ਦੂਜੇ ਪਾਸੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਵਫਦ ਨੂੰ ਦੱਸਿਆ ਕਿ ਉਨ੍ਹਾਂ ਨੇ ਗੁੜਗਾਉਂ ਦੇ ਡਿਵੀਜ਼ਨਲ ਕਮਿਸ਼ਨਰ ਕੋਲੋਂ ਇਸ ਕਾਂਡ ਬਾਰੇ ਰਿਪੋਰਟ ਮੰਗੀ ਹੈ। ਰਿਪੋਰਟ ਅਗਲੇ ਦੋ ਤਿੰਨ ਦਿਨਾਂ ਵਿਚ ਆ ਜਾਵੇਗੀ ਅਤੇ ਉਸ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਹੋਂਦ ਚਿੱਲੜ ਕਾਂਡ ਨੂੰ ਮੰਦਭਾਗਾ ਦੱਸਿਆ ਅਤੇ ਕਿਹਾ ਕਿ ਦੋਸ਼ੀਆਂ ਨੂੰ ਸਜ਼ਾ ਮਿਲਣੀ ਚਾਹੀਦੀ ਹੈ। ਵਫਦ ਦੇ ਮੈਂਬਰਾਂ ਨੇ ਮੁੱਖ ਮੰਤਰੀ ਨੂੰ ਮੰਗ ਪੱਤਰ ਦਿੱਤਾ ਜਿਸ ਵਿਚ ਮੰਗ ਕੀਤੀ ਗਈ ਹੈ ਕਿ ਕਾਤਲਾਂ ਦਾ ਪਤਾ ਲਾਇਆ ਜਾਵੇ ਤੇ ਸਜ਼ਾਵਾਂ ਦਿੱਤੀਆਂ ਜਾਣ। ਇਹ ਵੀ ਪਤਾ ਲਾਇਆ ਜਾਵੇ ਕਿ ਕਾਤਲਾਂ ਦੇ ਨਾਂ 'ਤੇ ਐਫ.ਆਈ.ਆਰ. ਕਿਉਂ ਦਰਜ ਨਹੀਂ ਕੀਤੀ ਗਈ ਅਤੇ ਕਿਸ ਦੇ ਕਹਿਣ 'ਤੇ ਜਾਂਚ ਰੋਕੀ ਗਈ।

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਖਾਲਸਾ ਐਕਸ਼ਨ ਕਮੇਟੀ ਦੇ ਵਫਦ ਨਾਲ ਹੀ ਮੁੱਖ ਮੰਤਰੀ ਨੂੰ ਮਿਲਣ ਤੋਂ ਬਾਅਦ ਦੱਸਿਆ ਕਿ ਉਨ੍ਹਾਂ ਨੇ ਇਕ ਦਿਨ ਪਹਿਲਾਂ ਹੀ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਐਚ.ਐਸ. ਹੰਸਪਾਲ ਨਾਲ ਵੀ ਜਾਂਚ ਬਾਰੇ ਗੱਲ ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ ਵਫਦ ਹੋਂਦ ਚਿੱਲੜ ਗਿਆ ਸੀ। ਪਿੰਡ ਵਿਚ ਐਸ.ਪੀ., ਡੀ.ਸੀ. ਤੇ ਹੋਰ ਅਧਿਕਾਰੀ ਆਏ ਹੋਏ ਸਨ। ਵਫਦ ਨੇ ਮੁੱਖ ਮੰਤਰੀ ਕੋਲੋਂ ਮੰਗ ਕੀਤੀ ਹੈ ਕਿ ਲੋਕਾਂ ਦੇ ਹੋਏ ਨੁਕਸਾਨ ਦੀ ਭਰਪਾਈ ਕੀਤੀ ਜਾਵੇ। ਵਫਦ ਵਿਚ ਸ਼ਾਮਲ ਭਾਈ ਮੋਹਕਮ ਸਿੰਘ, ਸਾਬਕਾ ਆਈ.ਏ.ਐਸ. ਅਫਸਰ ਗੁਰਤੇਜ ਸਿੰਘ ਅਤੇ ਹੋਰ ਆਗੂਆਂ ਨੇ ਕਿਹਾ ਕਿ ਜਿੱਥੇ ਹਰਿਆਣਾ ਦੀਆਂ ਵੱਖ-ਵੱਖ ਸਰਕਾਰਾਂ ਨੇ ਕਾਤਲਾਂ ਨੂੰ ਸਜ਼ਾਵਾਂ ਦਿਵਾਉਣ ਲਈ ਕੋਈ ਕਾਰਵਾਈ ਨਹੀਂ ਕੀਤੀ, ਉਥੇ ਸ਼੍ਰੋਮਣੀ ਕਮੇਟੀ ਦੇ ਆਗੂ ਵੀ ਪੀੜਤ ਸਿੱਖਾਂ ਦੀ ਮਦਦ ਕਰਨ ਵਿਚ ਨਾਕਾਮ ਰਹੇ ਹਨ ਤੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ। ਵਫਦ ਵਿਚ ਦਲ ਖਾਲਸਾ ਦੇ ਸਤਨਾਮ ਸਿੰਘ ਪਾਉਂਟਾ ਸਾਹਿਬ, ਸਰਬਜੀਤ ਸਿੰਘ ਸੋਹਲ, ਯੂਥ ਅਕਾਲੀ ਦਲ (ਲੌਂਗੋਵਾਲ) ਦੇ ਸੁਰਜੀਤ ਸਿੰਘ ਨਿਕੜਾ, ਅਕਾਲੀ ਦਲ 1920 ਦੇ ਰਾਜਿੰਦਰ ਸਿੰਘ ਬਡਹੇੜੀ, ਖਾਲਸਾ ਪੰਚਾਇਤ ਦੇ ਰਾਜਿੰਦਰ ਸਿੰਘ, ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪਰਮਜੀਤ ਸਿੰਘ ਸਮੇਤ ਕਈ ਹੋਰ ਆਗੂ ਸ਼ਾਮਲ ਸਨ।

**ਮੱਕੜ ਵੱਲੋਂ ਪਿੰਡ ਦਾ ਦੌਰਾ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਪਿੰਡ ਦੇ ਦੌਰੇ ਦੌਰਾਨ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਦਿੱਤੇ ਕਮਿਸ਼ਨਰ ਪੱਧਰ ਦੀ ਜਾਂਚ ਦੇ ਹੁਕਮ ਰੱਦ ਕਰਦਿਆਂ ਕਿਹਾ ਕਿ ਜਾਂਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਪਾਸੋਂ ਕਰਵਾਈ ਜਾਵੇ। ਇਸ ਕਾਂਡ ਦੇ ਮ੍ਰਿਤਕਾਂ ਨਮਿਤ ਸ੍ਰੀ ਅਖੰਡ ਪਾਠ ਦੇ ਭੋਗ ਸ੍ਰੀ ਅਕਾਲ ਤਖ਼ਤ ਵਿਖੇ 4 ਮਾਰਚ ਨੂੰ ਪਾਏ ਜਾਣਗੇ।

ਜਥੇਦਾਰ ਮੱਕੜ ਨੇ ਕੁਝ ਪੀੜਤ ਪਰਿਵਾਰਾਂ ਦੇ ਜੀਆਂ ਨਾਲ ਘਟਨਾ ਬਾਰੇ ਗੱਲਬਾਤ ਵੀ ਕੀਤੀ। ਉਨ੍ਹਾਂ ਮੰਗ ਕੀਤੀ ਕਿ ਪੀੜਤ ਪਰਿਵਾਰਾਂ ਨੂੰ ਉਨ੍ਹਾਂ ਦੀ ਜਾਇਦਾਦ ਵਾਪਸ ਕਰਵਾਈ ਜਾਵੇ ਅਤੇ ਘੱਟ ਮੁੱਲ 'ਤੇ ਖਰੀਦੀ ਗਈ ਵਾਹੀਯੋਗ ਜ਼ਮੀਨ ਮੁੜਵਾਈ ਜਾਵੇ। ਕੁਝ ਸਿੱਖ ਜਥੇਬੰਦੀਆਂ ਵੱਲੋਂ ਪਿੰਡ ਹੋਂਦ ਵਿਖੇ ਮ੍ਰਿਤਕਾਂ ਦੀ ਯਾਦਗਾਰ ਬਣਾਉਣ ਦੇ ਐਲਾਨ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਇਹ ਕੌਮੀ ਮਸਲਾ ਹੈ ਅਤੇ ਇਸ ਬਾਰੇ ਸਾਰੀਆਂ ਜਥੇਬੰਦੀਆਂ ਨਾਲ ਸਲਾਹ-ਮਸ਼ਵਰਾ ਕਰਕੇ ਫੈਸਲਾ ਕੀਤਾ ਜਾਵੇਗਾ। ਇਸ ਸਬੰਧੀ ਪੀੜਤ ਪਰਿਵਾਰਾਂ ਕੋਲੋਂ ਵੀ ਸਹਿਮਤੀ ਲਈ ਜਾਵੇਗੀ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਬਾਰੇ ਵੀ ਕਿਹਾ। ਉਨ੍ਹਾਂ ਜਗਦੀਸ਼ ਸਿੰਘ ਝੀਂਡਾ ਦਾ ਇਹ ਦੋਸ਼ ਰੱਦ ਕੀਤਾ ਕਿ ਇਸ ਮੁੱਦੇ 'ਤੇ ਰਾਜਨੀਤੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਤਾਂ ਪੀੜਤ ਪਰਿਵਾਰਾਂ ਨਾਲ ਦੁੱਖ ਵੰਡਾਉਣ ਦਾ ਯਤਨ ਕਰ ਰਹੀ ਹੈ।

## ਸ਼੍ਰੋਮਣੀ ਕਮੇਟੀ ਚੋਣਾਂ ਮਈ ਦੇ ਪਹਿਲੇ ਹਫ਼ਤੇ!

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁੱਲ 120 ਹਲਕਿਆਂ ਲਈ 170 ਮੈਂਬਰਾਂ ਦੀ ਵੋਟਰਾਂ ਨੇ ਚੋਣ ਕਰਨੀ ਹੈ। ਇਨ੍ਹਾਂ ਵਿਚੋਂ ਕਈ ਹਲਕੇ ਦੂਹਰੇ ਹਨ ਤੇ ਕਈ ਔਰਤਾਂ ਵਾਸਤੇ ਰਾਖਵੇਂ ਹਨ। ਇਸ ਦੇ ਇਲਾਵਾ ਨਾਮਜ਼ਦਗੀਆਂ ਸਮੇਤ ਕੁੱਲ 191 ਮੈਂਬਰੀ ਹਾਊਸ ਹੋਵੇਗਾ ਜਿਹੜਾ ਕਿ ਆਮ ਚੋਣਾਂ ਬਾਅਦ ਪਹਿਲੇ ਨਵੇਂ ਪ੍ਰਧਾਨ ਦੀ ਚੋਣ ਕਰੇਗਾ।

ਜਸਟਿਸ ਬਰਾੜ ਮੁਤਾਬਕ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਦੇ ਕਮਿਸ਼ਨਰਾਂ ਤੇ ਸਬੰਧਤ ਅਧਿਕਾਰੀਆਂ ਦੀ ਉਨ੍ਹਾਂ ਨੇ ਵੋਟਰ ਸੂਚੀਆਂ ਦਾ ਕੰਮ ਮੁਕੰਮਲ ਹੋਣ ਬਾਅਦ ਮੀਟਿੰਗ ਕੀਤੀ ਸੀ। ਸਾਰੇ ਰਾਜਾਂ ਨੇ ਵੋਟਰ ਸੂਚੀਆਂ ਦੇ ਅੰਤਿਮ ਪ੍ਰਕਾਸ਼ਨ ਦਾ ਕੰਮ ਮੁਕੰਮਲ ਕਰ ਲਿਆ ਹੈ। ਸਾਰੇ ਸਬੰਧਤ ਰਾਜ ਸ਼੍ਰੋਮਣੀ ਕਮੇਟੀ ਚੋਣਾਂ ਕਰਵਾਉਣ ਲਈ ਪੂਰੀ ਤਰ੍ਹਾਂ ਤਿਆਰ ਹਨ। ਕਿਸੇ ਵੀ ਰਾਜ ਨੇ ਚੋਣਾਂ ਬਾਰੇ ਕੋਈ ਮੁਸ਼ਕਲ ਨਹੀਂ ਦੱਸੀ।

ਭਾਵੇਂ ਕੇਂਦਰੀ ਗ੍ਰਹਿ ਮੰਤਰਾਲਾ ਚੋਣ ਦੀ ਤਰੀਕ ਦਾ ਐਲਾਨ ਕਰੇਗਾ ਪਰ ਸਮੁੱਚਾ ਚੋਣ ਪ੍ਰੋਗਰਾਮ ਗੁਰਦੁਆਰਾ ਕਮਿਸ਼ਨ ਵੱਲੋਂ ਹੀ ਤਿਆਰ ਕੀਤਾ ਜਾਵੇਗਾ। ਗੁਰਦੁਆਰਾ ਕਮਿਸ਼ਨ ਨੇ ਤਾਂ ਅਪਰੈਲ ਵਿਚ ਹੀ ਆਮ ਚੋਣ ਕਰਵਾਉਣ ਦੀ ਤਿਆਰੀ ਕਰ ਲਈ ਸੀ ਪਰ ਪੰਜਾਬ ਤੇ ਹਰਿਆਣਾ ਵਿਚ ਕਣਕ ਦੀ ਵਾਢੀ ਤੇ ਹਾੜ੍ਹੀ ਦੀਆਂ ਹੋਰ ਫਸਲਾਂ ਦੀ ਸੰਭਾਲ ਦਾ ਸਮਾਂ ਹੋਣ ਕਾਰਨ ਅਪਰੈਲ ਦੀ ਥਾਂ ਮਈ ਦੇ ਪਹਿਲੇ ਹਫਤੇ ਦੀ ਚੋਣ ਕੀਤੀ ਗਈ ਹੈ।

ਜਸਟਿਸ ਬਰਾੜ ਨੇ ਕਿਹਾ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਲਈ ਉਮੀਦਵਾਰਾਂ ਨੂੰ ਚੋਣ ਨਿਸ਼ਾਨ ਦੇਣ ਵਾਸਤੇ ਕਮਿਸ਼ਨ ਨੇ ਸਬੰਧਤ ਧਿਰਾਂ ਦੀਆਂ ਅਰਜ਼ੀਆਂ ਪਹਿਲਾਂ ਹੀ ਮੰਗ ਲਈਆਂ ਹਨ। ਅਗਲੇ ਦਿਨਾਂ ਵਿਚ ਚੋਣ ਨਿਸ਼ਾਨ ਦੇਣ ਬਾਰੇ ਵੀ ਸਬੰਧਤ ਧਿਰਾਂ ਦੀ ਕਮਿਸ਼ਨ ਵੱਲੋਂ ਮੀਟਿੰਗ ਬੁਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣ ਨਿਸ਼ਾਨ ਦੇਣ ਦਾ ਅੰਤਿਮ ਫੈਸਲਾ ਕਮਿਸ਼ਨ ਦਾ ਹੋਵੇਗਾ। ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਲਈ ਵੋਟਰ ਇਲੈਕਟ੍ਰਾਨਿਕ ਮਸ਼ੀਨਾਂ ਦੀ ਥਾਂ ਬੈਲਟ ਪੇਪਰ ਦਾ ਹੀ ਇਸਤੇਮਾਲ ਕਰੇਗਾ। ਗੁਰਦੁਆਰਾ ਐਕਟ ਅਨੁਸਾਰ ਡਿਪਟੀ ਕਮਿਸ਼ਨਰ ਦੀ ਆਗਿਆ ਨਾਲ ਯੋਗ ਵੋਟਰ ਵੋਟਾਂ ਦੇ ਇਕ ਦਿਨ ਪਹਿਲਾਂ ਤੱਕ ਵੀ ਆਪਣੀ ਵੋਟ ਬਣਵਾ ਸਕਦਾ ਹੈ। ਉਂਜ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਹੋਣ ਦੇ ਨਾਲ ਹੀ ਵੋਟਾਂ ਬਣਾਉਣ ਦੇ ਢੰਗ-ਤਰੀਕਿਆਂ ਬਾਰੇ ਕਈ ਧਿਰਾਂ ਵੱਲੋਂ ਉਠਾਏ ਜਾ ਰਹੇ ਇਤਰਾਜ਼ਾਂ ਦਾ ਭੋਗ ਪੈ ਗਿਆ ਹੈ ਤੇ ਹੁਣ ਆਮ ਚੋਣਾਂ ਲਈ ਰਾਹ ਪੱਧਰਾ ਹੋ ਗਿਆ ਹੈ।

## ਦੋ ਨਵੰਬਰ '84:ਪਿੰਡ ਹੋਂਦ ਚਿੱਲੜ 'ਚ ਹੋਇਆ ਦਰਿੰਦਗੀ ਦਾ ਨੰਗਾ ਨਾਚ

ਨੂੰ ਨਹੀਂ ਸੀ ਪਤਾ ਕਿ ਹੋਣੀ ਤਾਂ ਉਸ ਨੂੰ ਘੇਰ-ਘੇਰ ਕੇ ਉਸ ਪਿੰਡ ਲਿਜਾ ਰਹੀ ਸੀ ਜਿਸ ਉਤੇ ਕੁਝ ਸਮੇਂ ਬਾਅਦ ਹੀ ਭੂਤਰੀ ਹੋਈ ਭੀੜ ਨੇ ਹਮਲਾ ਕਰ ਦੇਣਾ ਸੀ। ਇਸ ਫੌਜੀ ਬਾਰੇ ਅਜੇ ਤੱਕ ਕੁਝ ਵੀ ਪਤਾ ਨਹੀਂ ਲੱਗਿਆ।

ਇਸ ਕਾਂਡ ਨੂੰ ਦਬਾਈ ਰੱਖਣ ਦੇ ਮਾਮਲੇ ਵਿਚ ਸਭ ਤੋਂ ਵੱਡਾ ਸਵਾਲ ਤਾਂ ਇਸ ਤੰਤਰ ਉਤੇ ਲੱਗਿਆ ਹੈ ਜਿਸ ਤਹਿਤ ਆਈਆਂ ਸਰਕਾਰਾਂ ਨੇ ਇਸ ਕਾਂਡ ਬਾਰੇ ਭਾਫ਼ ਵੀ ਨਹੀਂ ਕੱਢੀ। ਪਿਛਲੇ 27 ਸਾਲਾਂ ਦੌਰਾਨ ਕਾਂਗਰਸ ਅਤੇ ਵਿਰੋਧੀ ਧਿਰ ਦੀਆਂ ਸਰਕਾਰਾਂ ਵੀ ਰਹੀਆਂ ਪਰ ਕਿਸੇ ਨੇ ਵੀ ਇਹ ਜਾਣਨ ਦਾ ਯਤਨ ਨਹੀਂ ਕੀਤਾ ਕਿ 2 ਨਵੰਬਰ ਨੂੰ ਇਸ ਪਿੰਡ ਵਿਚ ਵਸਦੇ-ਰਸਦੇ ਲੋਕਾਂ ਨਾਲ ਕੀ ਵਾਪਰਿਆ ਅਤੇ ਹੁਣ ਉਹ ਕਿਨ੍ਹਾਂ ਹਾਲਾਤ ਨਾਲ ਜੂਝ ਰਹੇ ਹਨ। ਹੁਣ ਵੀ ਜੇਕਰ ਕੋਈ ਟਰੱਕ ਡਰਾਈਵਰ ਇਸ ਪਿੰਡ ਬਾਰੇ ਗੱਲ ਨਾ ਕਰਦਾ ਅਤੇ ਗੁੜਗਾਉਂ ਦੇ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰ ਵਰਗਾ ਕੋਈ ਬੰਦਾ ਇਸ ਗੱਲ ਨੂੰ ਨਾ ਗੌਲਦਾ ਤਾਂ ਪਤਾ ਨਹੀਂ ਹੋਰ ਕਿੰਨੀ ਦੇਰ ਇਹ ਮਾਮਲਾ ਪਹਿਲਾਂ ਵਾਂਗ ਦਬਿਆ ਰਹਿੰਦਾ। ਉਂਜ, ਅਜਿਹਾ ਤਾਂ ਸੰਭਵ ਹੀ ਨਹੀਂ ਹੈ ਕਿ ਇਕੋ ਪਿੰਡ ਵਿਚ ਇੰਨੇ ਕਤਲ ਹੋ ਜਾਣ ਅਤੇ ਇਸ ਬਾਰੇ ਕਿਤੇ ਕਦੀ ਗੱਲ ਹੀ ਨਾ ਤੁਰੀ ਹੋਵੇ! ਗੱਲ ਤੁਰਦੀ ਜ਼ਰੂਰ ਹੋਵੇਗੀ ਪਰ ਇਸ ਨੂੰ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰ ਵਾਂਗ ਕਿਸੇ ਨੇ ਅਗਾਂਹ ਤੋਰਨ ਦੀ ਹਿੰਮਤ ਨਹੀਂ ਜੁਟਾਈ।

ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰ ਨੂੰ ਵੀ ਆਪਣੀ ਗੱਲ ਸੁਣਾਉਣ ਲਈ ਪਤਾ ਨਹੀਂ ਕਿੱਥੇ-ਕਿੱਥੇ ਟੱਕਰਾਂ ਮਾਰਨੀਆਂ ਪਈਆਂ। ਜਿਹੜੀ ਸ਼੍ਰੋਮਣੀ ਕਮੇਟੀ ਹੁਣ ਇਸ ਮਾਮਲੇ ਨੂੰ ਲੈ ਕੇ ਸਭ ਤੋਂ ਵੱਧ ਸਰਗਰਮੀ ਦਿਖਾ ਰਹੀ ਹੈ, ਉਸ ਨੂੰ ਵੀ ਇਹ ਮਾਮਲਾ ਕੋਈ ਬਹੁਤਾ ਵੱਡਾ ਨਹੀਂ ਸੀ ਲੱਗਿਆ। ਸ਼੍ਰੋਮਣੀ ਕਮੇਟੀ ਨੇ ਇਹ ਗੱਲ ਢੰਗ ਨਾਲ ਸੁਣੀ ਵੀ ਨਹੀਂ ਸੀ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ ਵੱਲੋਂ ਪ੍ਰੈਸ ਕਾਨਫਰੰਸ ਕਰਕੇ ਇਹ ਮਾਮਲਾ ਉਭਾਰਨ ਨਾਲ ਹੀ ਇਸ ਪਾਸੇ ਗੱਲ ਤੁਰੀ। ਹੁਣ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ ਨੇ ਸੰਗਤ ਨੂੰ ਅਪੀਲ ਕੀਤੀ ਹੈ ਕਿ ਉਹ 6 ਮਾਰਚ ਨੂੰ ਪਿੰਡ ਹੋਂਦ ਚਿੱਲੜ ਪੁੱਜਣ ਜਿਥੇ ਉਸ ਦਿਨ ਇਸ ਖ਼ੂਨੀ ਸਾਕੇ ਵਿਚ ਮਾਰੇ ਗਏ ਸਿੱਖਾਂ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

1947 ਬਨਾਮ 1984: ਜਿਸ ਢੰਗ ਨਾਲ ਧਾੜਵੀਆਂ ਨੇ ਪਿੰਡ ਹੋਂਦ ਚਿੱਲੜ ਵਿਚ ਹਮਲਾ ਕੀਤਾ, 1947 ਵਿਚ ਹੋਈ ਕਤਲੋਗਾਰਤ ਵੇਲੇ ਵੀ ਇਸੇ ਤਰ੍ਹਾਂ ਦੇ ਢੰਗ-ਤਰੀਕੇ ਅਪਨਾਏ ਗਏ ਸਨ। ਭੀੜ ਇਕੱਠੀ ਹੋ ਕੇ ਹਮਲੇ ਕਰਦੀ ਸੀ।

ਇਹ ਮਾਮਲਾ ਸਾਹਮਣੇ ਆਉਣ ਨਾਲ ਹੁਣ ਤਕਰੀਬਨ ਸਾਰੀਆਂ ਹੀ ਸਿਆਸੀ ਧਿਰਾਂ ਆਪੋ ਆਪਣੀ ਸਿਆਸਤ ਮੁਤਾਬਕ ਸਰਗਰਮੀ ਕਰ ਰਹੀਆਂ ਹਨ। ਚੇਤੇ ਰਹੇ ਕਿ ਸ਼੍ਰੋਮਣੀ ਕਮੇਟੀ ਚੋਣਾਂ ਸਿਰ 'ਤੇ ਹਨ। ਹਰਿਆਣਾ ਲਈ ਵੱਖਰੀ ਕਮੇਟੀ ਦੇ ਮੁੱਦੇ ਨੂੰ ਲਾਂਭੇ ਕਰਨ ਲਈ ਸ਼੍ਰੋਮਣੀ ਕਮੇਟੀ ਅਤੇ ਸੱਤਾਧਾਰੀ ਅਕਾਲੀ ਦਲ ਪੂਰਾ ਟਿੱਲ ਲਾ ਰਿਹਾ ਹੈ। ਨਹੀਂ ਤਾਂ ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਜਿਨ੍ਹਾਂ ਪੀੜਤਾਂ ਬਾਰੇ ਇਨ੍ਹਾਂ ਸਾਰੀਆਂ ਧਿਰਾਂ ਨੂੰ ਪਹਿਲਾਂ ਹੀ ਪਤਾ ਹੈ, ਉਨ੍ਹਾਂ ਲਈ ਕਿਸੇ ਨੇ ਕੀ ਕੁਝ ਕੀਤਾ ਹੈ? ਅੱਜ ਤੱਕ ਕਿਸੇ ਨੇ ਵੀ ਅਜਿਹੀ ਕੋਈ ਨੀਤੀ ਨਹੀਂ ਬਣਾਈ ਜਿਸ ਤਹਿਤ 1984 ਦੇ ਇਨ੍ਹਾਂ ਪੀੜਤਾਂ ਦੀ ਕੋਈ ਮਦਦ ਕੀਤੀ ਜਾ ਸਕੇ। ਸ਼ਾਇਦ ਇਸੇ ਕਰਕੇ ਹੁਣ ਜਦੋਂ ਸਾਰੇ ਜਣੇ ਇਨ੍ਹਾਂ ਪੀੜਤਾਂ ਦੇ ਘਰੀਂ ਜਾਂਦੇ ਹਨ ਤਾਂ ਪੀੜਤਾਂ ਦਾ ਸਭ ਤੋਂ ਪਹਿਲਾ ਸਵਾਲ ਇਹੀ ਹੁੰਦਾ ਹੈ ਕਿ ਭਾਈ! ਇੰਨੇ ਸਾਲ ਤੁਸੀਂ ਕਿੱਥੇ ਰਹੇ; 27 ਸਾਲਾਂ ਵਿਚ ਤਾਂ ਦੋ-ਦੋ ਪੀੜ੍ਹੀਆਂ ਤਿਆਰ ਹੋ ਜਾਂਦੀਆਂ ਹਨ।

## ਯੂ.ਪੀ.ਏ. ਸਰਕਾਰ ਵਿਰੋਧੀ ਧਿਰਾਂ ਅੱਗੇ ਝੁਕੀ

ਧਿਰ ਨੂੰ ਇਹ ਜ਼ਿੱਦ ਛੱਡਣ ਲਈ ਨਹੀਂ ਮਨਾ ਸਕੇ ਸਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਪੁੱਟਣ ਲਈ ਵਚਨਬੱਧ ਹੈ ਤੇ ਇਸ ਬਾਰੇ ਵਿਰੋਧੀ ਧਿਰ ਨੂੰ ਜਚਾਉਣ ਲਈ ਪੂਰੇ ਯਤਨ ਕੀਤੇ ਗਏ ਸਨ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਬੇਹੱਦ ਅਹਿਮ ਬਜਟ ਸੈਸ਼ਨ 'ਚ ਸਦਨ ਦੇ ਕੰਮਕਾਜ 'ਚ ਕਿਸੇ ਵੀ ਕਿਸਮ ਦਾ ਵਿਘਨ ਹਰ ਤਰ੍ਹਾਂ ਨੁਕਸਾਨਦੇਹ ਹੈ ਤੇ ਇਨ੍ਹਾਂ ਵਿਸ਼ੇਸ਼ ਹਾਲਤਾਂ 'ਚ ਹੀ ਸਰਕਾਰ ਜੇ.ਪੀ.ਸੀ. ਕਾਇਮ ਕਰਨਾ ਮੰਨੀ ਹੈ। ਪ੍ਰਧਾਨ ਮੰਤਰੀ ਨੇ ਸਪੀਕਰ ਮੀਰਾ ਕੁਮਾਰ ਨੂੰ ਜੇ.ਪੀ.ਸੀ. ਬਣਾਏ ਜਾਣ ਦੀ ਕਾਰਵਾਈ ਲਈ ਬੇਨਤੀ ਕੀਤੀ। ਸਰਕਾਰ ਦੀ ਇਸ ਕਾਰਵਾਈ ਦਾ ਸਵਾਗਤ ਕਰਦਿਆਂ ਵਿਰੋਧੀ ਧਿਰ ਦੀ ਆਗੂ ਸੁਸ਼ਮਾ ਸਵਰਾਜ ਨੇ ਪ੍ਰਧਾਨ ਮੰਤਰੀ ਤੇ ਸਦਨ ਦੇ ਆਗੂ ਪ੍ਰਣਬ ਮੁਖਰਜੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਨੂੰ ਜਿੱਤ ਜਾਂ ਹਾਰ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ ਸਗੋਂ ਇਹ ਤਾਂ ਲੋਕਤੰਤਰ ਦੀ ਜਿੱਤ ਹੈ ਤੇ ਸਾਨੂੰ ਰਲ ਕੇ ਕੰਮ ਕਰਨਾ ਚਾਹੀਦਾ ਹੈ। ਪ੍ਰਧਾਨ ਮੰਤਰੀ ਨੇ ਸੰਸਦ ਦਾ ਸਰਦ ਰੁੱਤ ਸੈਸ਼ਨ ਬਿਨਾਂ ਕੰਮਕਾਰ ਦੇ ਹੀ ਲੰਘ ਜਾਣ ਬਾਰੇ ਕਿਹਾ ਕਿ ਸੰਸਦ ਦੀ ਕਾਰਵਾਈ ਠੱਪ ਕਰਕੇ ਅਸਲ 'ਚ ਚੁਣਨ ਵਾਲੇ ਵੋਟਰਾਂ ਦਾ ਨੁਕਸਾਨ ਕਰ ਰਹੇ ਹੁੰਦੇ ਹਾਂ।

ਇਸੇ ਦੌਰਾਨ ਏ.ਆਈ.ਏ. ਡੀ.ਐਮ.ਕੇ. ਆਗੂ ਐਮ. ਥਾਂਬੀਦੁਰਾਇ ਨੇ ਮੰਗ ਕੀਤੀ ਕਿ ਜੇ.ਪੀ.ਸੀ. 'ਚ ਸਾਰੀਆਂ ਪਾਰਟੀਆਂ ਦੇ ਆਗੂਆਂ ਨੂੰ ਪ੍ਰਤੀਨਿਧਤਾ ਦਿੱਤੀ ਜਾਵੇ ਤਾਂ ਕਿ ਕੋਈ ਪਾਰਟੀ ਅਣਗੌਲੀ ਨਾ ਮਹਿਸੂਸ ਕਰੇ। ਸੀ.ਪੀ.ਆਈ. ਦੇ ਗੁਰੂਦਾਸ ਦਾਸਗੁਪਤਾ ਨੇ ਸਰਕਾਰ ਦਾ ਧੰਨਵਾਦ ਕਰਦਿਆਂ 'ਦੇਰ ਆਏ ਦਰੁਸਤ ਆਏ' ਕਿਹਾ। ਸਮਾਜਵਾਦੀ ਪਾਰਟੀ ਦੇ ਆਗੂ ਮੁਲਾਇਮ ਸਿੰਘ ਯਾਦਵ ਨੇ ਕਿਹਾ ਕਿ ਜੇ.ਪੀ.ਸੀ. ਦੇ ਦੇਰੀ ਨਾਲ ਐਲਾਨ ਕਾਰਨ ਸਰਕਾਰ ਦੀ ਸਾਖ 'ਤੇ ਅਸਰ ਪਿਆ ਹੈ। ਐਨ.ਡੀ.ਏ. ਦੇ ਕਨਵੀਨਰ ਸ਼ਰਦ ਯਾਦਵ ਨੇ ਮੰਗ ਰੱਖੀ ਕਿ ਰਾਸ਼ਟਰਮੰਡਲ ਖੇਡਾਂ, ਐਸ-ਬੈਂਡ ਤੇ ਆਦਰਸ਼ ਹਾਊਸਿੰਗ ਘੁਟਾਲੇ ਦੀ ਜਾਂਚ ਵੀ ਜੇ.ਪੀ.ਸੀ. ਕਰੇ। ਸੀ.ਪੀ.ਐਮ. ਦੇ ਬਾਸੂਦੇਵ ਅਚਾਰੀਆ, ਬੀ.ਜੇ.ਡੀ. ਦੇ ਅਰਜੁਣ ਚਰਨ ਸੇਠੀ, ਕੇ. ਚੰਦਰਸ਼ੇਖਰ ਰਾਓ (ਟੀ.ਆਰ.ਐਸ.) ਤੇ ਆਰ.ਜੇ.ਡੀ. ਦੇ ਰਘੂਵੰਸ਼ ਪ੍ਰਸਾਦ ਨੇ ਵੀ ਜੇ.ਪੀ.ਸੀ. ਬਣਾਏ ਜਾਣ ਦਾ ਸਵਾਗਤ ਕੀਤਾ ਹੈ।

ਪ੍ਰਧਾਨ ਮੰਤਰੀ ਨੇ ਰਾਜ ਸਭਾ 'ਚ ਵੀ ਜੇ.ਪੀ.ਸੀ. ਬਣਾਏ ਜਾਣ ਬਾਰੇ ਬਿਆਨ ਦਿੱਤਾ ਤਾਂ ਇਸ ਤੋਂ ਫੌਰੀ ਮਗਰੋਂ ਵਿਰੋਧੀ ਧਿਰ ਦੇ ਆਗੂ ਅਰੁਨ ਜੇਤਲੀ ਨੇ ਕਿਹਾ ਕਿ ਉਹ ਪ੍ਰਧਾਨ ਮੰਤਰੀ ਦੇ ਬੋਲਾਂ 'ਤੇ ਨਿਰਾਸ਼ ਹਨ ਕਿਉਂਕਿ ਜੇ.ਪੀ.ਸੀ. ਬਣਾਏ ਜਾਣ ਦਾ ਐਲਾਨ ਮਾਣ-ਮਰਿਆਦਾ ਨਾਲ ਵੀ ਕੀਤਾ ਜਾ ਸਕਦਾ ਸੀ। ਉਨ੍ਹਾਂ ਇਤਰਾਜ਼ ਕੀਤਾ ਕਿ ਪ੍ਰਧਾਨ ਮੰਤਰੀ ਇਹ ਕਿਉਂ ਜ਼ੋਰ ਦੇ ਰਹੇ ਹਨ ਕਿ ਸਰਕਾਰ ਨੇ ਅਜਿਹਾ ਵਿਰੋਧੀ ਧਿਰ ਦੇ ਦਬਾਅ ਹੇਠ ਕੀਤਾ ਹੈ ਕਿਉਂਕਿ ਸਦਨ ਦਾ ਕੰਮ ਰੁਕ ਗਿਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਆਮਦਨ ਕਰ ਵਿਭਾਗ ਵੱਲੋਂ ਅਕਾਲੀ ਆਗੂ ਦੇ ਟਿਕਾਣਿਆਂ 'ਤੇ ਛਾਪੇ

**ਬਠਿੰਡਾ:** ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸਰੂਪ ਸਿੰਗਲਾ ਦੇ ਬਠਿੰਡਾ, ਲੁਧਿਆਣਾ, ਮੁਹਾਲੀ ਤੇ ਚੰਡੀਗੜ੍ਹ ਵਿਚਲੇ ਦਰਜਨਾਂ ਕਾਰੋਬਾਰੀ ਟਿਕਾਣਿਆਂ 'ਤੇ 18 ਫਰਵਰੀ ਨੂੰ ਆਮਦਨ ਕਰ ਵਿਭਾਗ ਵੱਲੋਂ ਛਾਪੇ ਮਾਰੇ ਗਏ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਨੇੜਲੇ ਸ੍ਰੀ ਸਿੰਗਲਾ ਦੇ ਕਾਰੋਬਾਰੀ ਅਦਾਰਿਆਂ 'ਤੇ ਸਵੇਰ ਤਕਰੀਬਨ 9 ਵਜੇ ਜਿਵੇਂ ਹੀ ਛਾਪਾ ਪਿਆ ਉਨ੍ਹਾਂ ਦੇ ਨੇੜਲੇ ਸਾਥੀ ਰੂਪੋਸ਼ ਹੋ ਗਏ।

ਛਾਪਿਆਂ ਦੌਰਾਨ ਆਮਦਨ ਕਰ ਵਿਭਾਗ ਦੀਆਂ ਟੀਮਾਂ ਦੇ ਗਹਿਣੇ, ਨਕਦੀ ਤੇ ਹੋਰ ਜ਼ਰੂਰੀ ਦਸਤਾਵੇਜ਼ ਹੱਥ ਲੱਗੇ ਹਨ। ਬਠਿੰਡਾ ਸ਼ਹਿਰ 'ਚ ਸ੍ਰੀ ਸਿੰਗਲਾ ਤੇ ਉਨ੍ਹਾਂ ਦੇ ਹਿੱਸੇਦਾਰ ਇੰਦਰਜੀਤ ਸਿੰਘ ਬਰਾੜ ਦੇ ਕਾਰੋਬਾਰ ਸਾਂਝੇ ਹਨ। ਤਕਰੀਬਨ 20 ਗੱਡੀਆਂ 'ਚ ਆਮਦਨ ਕਰ ਵਿਭਾਗ ਦੀਆਂ ਸੱਤ ਟੀਮਾਂ ਸੁਰੱਖਿਆ ਦਸਤਿਆਂ ਸਣੇ ਬਠਿੰਡਾ 'ਚ ਪੁੱਜੀਆਂ ਸਨ । ਆਮਦਨ ਕਰ ਵਿਭਾਗ ਦੀਆਂ ਟੀਮਾਂ ਵੱਲੋਂ ਬਠਿੰਡਾ 'ਚ ਜਿਨ੍ਹਾਂ ਥਾਵਾਂ 'ਤੇ ਛਾਪੇ ਮਾਰੇ ਗਏ। ਸ੍ਰੀ ਸਿੰਗਲਾ ਤੇ ਸ੍ਰੀ ਬਰਾੜ ਦੇ ਸਾਂਝੇ ਕਾਰਪੋਰੇਟ ਹਾਊਸ 'ਜੈਂਡਰਜ਼' ਦੇ ਮੁਹਾਲੀ ਵਿਚਲੇ ਮੁੱਖ ਦਫਤਰ, 'ਜੈਂਡਰਜ਼ ਸਕਿੱਲਜ ਮੁਹਾਲੀ, ਸ੍ਰੀ ਬਰਾੜ ਦੇ ਚੰਡੀਗੜ੍ਹ ਦੇ ਸੈਕਟਰ 38 ਸਥਿਤ ਘਰ, ਮਨੀਮਾਜਰਾ ਵਿਖੇ ਜਵੈਲਰਜ਼ ਕਾਰੋਬਾਰ 'ਤੇ ਵੀ ਛਾਪੇ ਮਾਰੇ ਗਏ ਹਨ। ਸ੍ਰੀ ਸਿੰਗਲਾ ਵੱਲੋਂ ਜੋ ਬੀਬੀ ਵਾਲਾ ਰੋਡ 'ਤੇ ਅਕਾਲੀ ਦਲ ਦਾ ਦਫਤਰ ਬਣਾਇਆ ਹੋਇਆ ਹੈ, ਉਹ ਵੀ ਮਹਿਕਮੇ ਨੇ ਸੀਲ ਕਰ ਦਿੱਤਾ ਹੈ।

ਟੀਮਾਂ ਨੇ ਸ੍ਰੀ ਸਿੰਗਲਾ ਦੇ ਦਫਤਰਾਂ ਤੇ ਰਿਹਾਇਸ਼ ਤੋਂ ਕੁਝ ਕਾਗਜ਼ਾਤ ਵੀ ਆਪਣੇ ਕਬਜ਼ੇ 'ਚ ਲਏ ਹਨ ਤੇ ਰਿਹਾਇਸ਼ ਤੋਂ ਬੈਂਕ ਖਾਤਿਆਂ ਤੇ ਲਾਕਰਾਂ ਦੇ ਸਬੂਤ ਵੀ ਮਿਲੇ ਹਨ।ਬਠਿੰਡਾ 'ਚ ਜੈਂਡਰਜ਼ ਗਰੁੱਪ ਵੱਲੋਂ ਮਾਨਸਾ ਰੋਡ 'ਤੇ ਜੋ ਚਾਰ ਤਾਰਾ ਹੋਟਲ ਉਸਾਰਿਆ ਜਾਣਾ ਹੈ, ਉਸ ਦੀ ਜ਼ਮੀਨ ਦੀ ਅਸੈਸਮੈਂਟ ਵੀ ਕੀਤੀ ਗਈ ਹੈ। ਆਮਦਨ ਵਿਭਾਗ ਨੇ ਮਨੀਮਾਜਰਾ ਵਿਚਲੇ ਹੀਰਿਆਂ ਦੇ ਕਾਰੋਬਾਰ 'ਤੇ ਛਾਪੇ ਮਾਰੇ।

# ਹੁਣ ਪੰਜਾਬ ਪੁਲਿਸ ਵੀ ਲੁੱਟਾਂ-ਖੋਹਾਂ ਕਰਨ ਰੁੱਝੀ

**ਭਵਾਨੀਗੜ੍ਹ:** ਕਿਸੇ ਦੋਸ਼ 'ਚ ਫਸੇ ਵਿਅਕਤੀਆਂ ਦੇ ਕੱਪੜੇ ਲਾਉਣ ਲਈ ਤਾਂ ਪਹਿਲਾਂ ਹੀ ਪੰਜਾਬ ਪੁਲਿਸ ਮਸ਼ਹੂਰ ਹੈ ਪਰ ਹੁਣ ਉਸ ਨੇ ਹਥਿਆਰਾਂ ਦੇ ਡਰਾਵੇ ਨਾਲ ਲੁੱਟਾਂ-ਖੋਹਾਂ ਵੀ ਸ਼ੁਰੂ ਕਰ ਦਿੱਤੀਆਂ ਹਨ।

ਸਮਾਨਾ ਨੇੜਲੇ ਪਿੰਡ ਹਰਦਿਤਪੁਰਾ 'ਚ ਇਕ ਢਾਬੇ 'ਤੇ ਰਾਤ ਨੂੰ ਪੰਜਾਬ ਪੁਲਿਸ ਦੇ ਤਿੰਨ ਹੌਲਦਾਰਾਂ ਨੇ ਪ੍ਰਾਪਰਟੀ ਡੀਲਰ ਤੋਂ ਪਿਸਤੌਲ ਦਿਖਾ ਕੇ ਚਾਰ ਲੱਖ 14 ਹਜ਼ਾਰ ਰੁਪਏ ਤੇ 7 ਤੋਲੇ ਸੋਨਾ ਖੋਹ ਲਿਆ। ਇਹ ਤਿੰਨੇ ਪੰਜਾਬ ਪੁਲਿਸ ਦੀ ਰੇਲਵੇ ਸ਼ਾਖਾ ਜੀ.ਆਰ.ਪੀ ਦੇ ਹੌਲਦਾਰ ਸਨ। ਪ੍ਰਾਪਰਟੀ ਡੀਲਰ ਨੂੰ ਅਗਵਾ ਕਰਕੇ ਕੁੱਟ ਮਾਰ ਕਰਨ ਤੇ ਪੈਸੇ ਖੋਹਣ ਦੇ ਦੋਸ਼ ਹੇਠ ਥਾਣਾ ਭਵਾਨੀਗੜ੍ਹ ਵਿਚ ਤਿੰਨੇ ਹੌਲਦਾਰਾਂ ਤੇ ਇਕ ਔਰਤ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਪ੍ਰਾਪਰਟੀ ਡੀਲਰ ਮੇਜਰ ਸਿੰਘ ਵਾਸੀ ਪਿੰਡ ਬੂਰਾਵਾਲਾ (ਮਾਨਸਾ) ਨੂੰ ਇਕ ਔਰਤ ਕੁਲਵਿੰਦਰ ਕੌਰ ਉਰਫ ਸਿਮਰਨ ਵਾਸੀ ਬਾਹਮਣੀਵਾਲਾ ਫਤਿਆਬਾਦ ਨੇ ਆਪਣੀ ਭੈਣ ਦੀ ਜ਼ਮੀਨ ਵੇਚਣ ਦਾ ਝਾਂਸਾ ਦੇ ਕੇ 4 ਲੱਖ ਰੁਪਏ ਮੰਗਵਾਏ। ਜਦੋਂ ਮੇਜਰ ਸਿੰਘ ਆਪਣੀ ਆਲਟੋ ਕਾਰ ਰਾਹੀਂ ਇਸ ਔਰਤ ਨਾਲ ਜ਼ਮੀਨ ਦੇਖਣ ਤੋਂ ਬਾਅਦ ਪਟਿਆਲਾ ਜਾ ਰਿਹਾ ਸੀ ਤਾਂ ਰਸਤੇ ਵਿਚ ਉਹ ਪਿੰਡ ਹਰਦਿੱਤਪੁਰਾ ਦੇਇਕ ਢਾਬੇ 'ਤੇ ਰੋਟੀ ਖਾਣ ਲਈ ਰੁਕੇ। ਉਥੇ ਜ਼ੈਨ ਕਾਰ ਵਿਚ ਸਵਾਰ ਤਿੰਨ ਵਿਅਕਤੀਆਂ, ਜਿਨ੍ਹਾਂ ਵਿਚੋਂ ਇਕ ਨੇ ਪੁਲਿਸ ਦੀ ਵਰਦੀ ਪਾਈ ਹੋਈ ਸੀ, ਨੇ ਪਿਸਤੌਲ ਦਿਖਾ ਕੇ ਪ੍ਰਾਪਰਟੀ ਡੀਲਰ ਤੋਂ 4 ਲੱਖ 14000 ਰੁਪਏ ਤੇ ਕੜਾ, ਮੁੰਦਰੀ ਤੇ ਚੈਨੀ ਖੋਹ ਲਈ। ਬਾਅਦ ਵਿਚ ਉਸ ਨੂੰ ਕਾਰ ਵਿਚ ਅਗਵਾ ਕਰਕੇ ਪਟਿਆਲਾ ਲੈ ਗਏ ਜਿਥੇ ਉਸ ਦੀ ਕੁੱਟ ਮਾਰ ਕਰਨ ਤੋਂ ਬਾਅਦ ਮਾਡਲ ਟਾਊਨ ਪਟਿਆਲਾ ਦੇ ਥਾਣੇ ਅੱਗੇ ਸੁੱਟ ਕੇ ਫਰਾਰ ਹੋ ਗਏ। ਮੇਜਰ ਸਿੰਘ ਨੇ ਇਸ ਘਟਨਾ ਦੀ ਸੂਚਨਾ ਭਵਾਨੀਗੜ੍ਹ ਥਾਣੇ ਵਿਚ ਦਿੱਤੀ।

ਪੁਲੀਸ ਨੇ ਕੁਲਵਿੰਦਰ ਕੌਰ ਉਰਫ ਸਿਮਰਨ, ਹੌਲਦਾਰ ਬਲਕਾਰ ਸਿੰਘ, ਚਰਨਜੀਤ ਸਿੰਘ ਤੇ ਸੁਖਜਿੰਦਰ ਸਿੰਘ ਵਿਰੁੱਧ ਕੇਸ ਦਰਜ ਕਰ ਲਿਆ ਹੈ। ਹੌਲਦਾਰ ਬਲਕਾਰ ਸਿੰਘ ਤੇ ਕੁਲਵਿੰਦਰ ਕੌਰ ਉਰਫ ਸਿਮਰਨ ਵਾਸੀ ਫਤਿਆਬਾਦ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਦੇ ਕਬਜ਼ੇ ਵਿਚੋਂ ਲੁੱਟਾਂ ਖੋਹਾਂ ਲਈ ਵਰਤੀ ਜਾਂਦੀ ਰਹੀ ਕਾਰ, 32 ਬੋਰ ਦਾ ਰਿਵਾਲਵਰ ਤੇ 1 ਲੱਖ 70 ਹਜ਼ਾਰ ਦੀ ਲੁੱਟੀ ਹੋਈ ਰਕਮ ਬਰਾਮਦ ਕਰ ਲਈ ਹੈ ਜਦੋਂਕਿ ਦੋ ਹੌਲਦਾਰਾਂ ਚਰਨਜੀਤ ਸਿੰਘ ਤੇ ਸੁਖਵਿੰਦਰ ਸਿੰਘ ਦੀ ਤਲਾਸ਼ ਹੈ।

ਇਸ ਘਟਨਾ ਨੇ ਪੁਲਿਸ ਦੇ ਕਿਰਦਾਰ ਬਾਰੇ ਲੋਕਾਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਲੋਕਾਂ ਦਾ ਕਹਿਣਾ ਹੈ ਕਿ ਜੇ ਲੋਕਾਂ ਦੇ ਰਾਖੇ ਹੀ ਇਹ ਕਰਤੂਤਾਂ ਕਰਨਗੇ ਤਾਂ ਆਮ ਲੋਕਾਂ ਦਾ ਕੀ ਬਣੇਗਾ।

# ਡੇਰਾ ਸਿਰਸਾ ਵੱਲੋਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ

**ਬਠਿੰਡਾ:** ਨੇੜੇ ਆ ਰਹੀਆਂ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਦੇਖਦੇ ਹੋਏ ਹੁਣ ਡੇਰਾ ਸਿਰਸਾ ਦੇ ਰਾਜਸੀ ਵਿੰਗ ਨੇ ਵੀ ਤਿਆਰੀਆਂ ਖਿੱਚਣੀਆਂ ਸ਼ੁਰੂ ਕਰ ਦਿੱਤੀਆਂ ਹਨ ਤੇ ਇਸ ਸਬੰਧ 'ਚ ਲਗਾਤਾਰ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਦੀ ਇਕ ਵਿਸ਼ਾਲ ਮੀਟਿੰਗ ਮਾਨਸਾ ਦੇ ਡੇਰਾ 'ਚ ਵੀ ਕੀਤੀ ਗਈ। ਮੀਟਿੰਗ ਵਿਚ ਅਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਨੂੰ ਮੁੱਖ ਰੱਖਕੇ ਅਪਣਾਈ ਜਾਣ ਵਾਲੀ ਰਣਨੀਤੀ 'ਤੇ ਗੰਭੀਰ ਵਿਚਾਰਾਂ ਹੋਈਆਂ। ਮੀਟਿੰਗ ਵਿਚ ਹੱਥ ਖੜ੍ਹੇ ਕਰਕੇ ਇਹ ਸੰਕਲਪ ਕੀਤਾ ਗਿਆ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਡੇਰੇ ਦੇ ਸ਼ਰਧਾਲੂ ਏਕਤਾ ਕਰਕੇ ਵੋਟ ਪਾਉਣਗੇ। ਮੀਟਿੰਗਾਂ ਨੂੰ ਡੇਰਾ ਸਿਰਸਾ ਦੇ ਰਾਜਸੀ ਵਿੰਗ ਦੇ ਮੁਖੀ ਰਾਮ ਸਿੰਘ ਇੰਸਾਂ ਨੇ ਕਿਹਾ ਕਿ ਮੌਜੂਦਾ ਸਰਕਾਰ ਦੇ ਰਾਜ ਵਿਚ ਔਰੰਗਜ਼ੇਬ ਵਾਂਗ ਉਨ੍ਹਾਂ ਨੂੰ ਨਾਮ ਚਰਚਾ ਨਹੀਂ ਕਰਨ ਦਿੱਤੀ ਗਈ। ਉਨ੍ਹਾਂ ਦੇ ਧਾਰਮਿਕ ਅਸਥਾਨਾਂ ਤੇ ਹਮਲੇ ਕਰਕੇ ਉਨ੍ਹਾਂ ਨੂੰ ਢਹਿ ਢੇਰੀ ਕੀਤਾ ਗਿਆ। ਡੇਰਾ ਸ਼ਰਧਾਲੂਆਂ ਦੇ ਕਤਲ ਕੀਤੇ ਗਏ ਤੇ ਉਨ੍ਹਾਂ 'ਤੇ ਝੂਠੇ ਪੁਲਿਸ ਕੇਸ ਬਣਾਏ ਗਏ। ਇਸ ਜ਼ਬਰ ਦਾ ਡੇਰਾ ਸਿਰਸਾ ਦੇ ਸ਼ਰਧਾਲੂ ਚੋਣਾਂ ਵਿਚ ਇਕੱਠੇ ਹੋਕੇ ਵੋਟ ਦਾ ਇਸਤੇਮਾਲ ਕਰਕੇ ਉਨ੍ਹਾਂ 'ਤੇ ਜ਼ਬਰ ਕਰਨ ਵਾਲਿਆਂ ਨੂੰ ਸਬਕ ਸਿਖਾਉਣਗੇ।

# ਰਾਸ਼ਨ ਘੁਟਾਲੇ 'ਚ ਜਨਰਲ ਸਾਹਨੀ ਨੂੰ ਤਿੰਨ ਸਾਲ ਦੀ ਕੈਦ

**ਜਲੰਧਰ:** ਫੌਜੀਆਂ ਨੂੰ ਘਟੀਆ ਦਰਜੇ ਦਾ ਰਾਸ਼ਨ ਮੁਹੱਈਆ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸੇਵਾਮੁਕਤ ਲੈਫਟੀਨੈਂਟ ਜਨਰਲ ਐਸ.ਕੇ. ਸਾਹਨੀ ਨੂੰ 18 ਫਰਵਰੀ ਨੂੰ ਜਨਰਲ ਕੋਰਟ ਮਾਰਸ਼ਲ ਦੌਰਾਨ ਤਿੰਨ ਸਾਲ ਦੀ ਬਾਮੁਸ਼ੱਕਤ ਕੈਦ ਤੇ ਕੈਸ਼ੀਅਰਿੰਗ ਦੀ ਸਜ਼ਾ ਸੁਣਾਈ ਗਈ। ਇਹ ਜਨਰਲ ਕੋਰਟ ਮਾਰਸ਼ਲ ਇਲੈਵਨ ਕੋਰ ਦੇ ਜਲੰਧਰ ਛਾਉਣੀ ਸਥਿਤ ਹੈੱਡਕੁਆਰਟਰ ਵਿਖੇ ਚੱਲ ਰਿਹਾ ਸੀ। ਭਾਰਤੀ ਫੌਜ ਦੇ ਇਤਿਹਾਸ 'ਚ ਇਹ ਪਹਿਲੀ ਵਾਰ ਹੈ ਕਿ ਸੇਵਾਮੁਕਤ ਲੈਫਟੀਨੈਂਟ ਜਨਰਲ ਨੂੰ ਦੋਸ਼ੀ ਠਹਿਰਾਇਆ ਗਿਆ ਹੋਵੇ ਤੇ ਸਜ਼ਾ ਸੁਣਾਈ ਗਈ ਹੋਵੇ।

ਸ੍ਰੀ ਸਾਹਨੀ ਨੂੰ ਫੌਜ ਵੱਲੋਂ ਲੰਘੇ ਸਾਲ 31 ਜੁਲਾਈ ਨੂੰ ਹਿਰਾਸਤ 'ਚ ਲਿਆ ਗਿਆ ਸੀ ਤੇ ਕੋਰਟ ਮਾਰਸ਼ਲ ਦੀ ਪ੍ਰਕਿਰਿਆ ਛੇ ਅਗਸਤ ਨੂੰ ਸ਼ੁਰੂ ਕਰ ਦਿੱਤੀ ਗਈ ਸੀ। ਜਨਰਲ ਸਾਹਨੀ 'ਤੇ ਭ੍ਰਿਸ਼ਟਾਚਾਰ ਤੇ ਪੇਸ਼ੇਵਾਰਾਨਾ ਅਣਗਹਿਲੀਆਂ ਦੇ ਨੌਂ ਮਾਮਲੇ ਸਨ ਜਿਨ੍ਹਾਂ ਵਿਚੋਂ ਕੋਰਟ ਮਾਰਸ਼ਲ ਦੌਰਾਨ ਛੇ ਚੋਂ ਦੋਸ਼ੀ ਠਹਿਰਾਇਆ ਗਿਆ।

ਕੋਰਟ ਮਾਰਸ਼ਲ ਵੱਲੋਂ ਆਰਮੀ ਐਕਟ ਦੇ ਸੈਕਸ਼ਨ 63 ਤਹਿਤ ਉਨ੍ਹਾਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਇਸ ਤੋਂ ਇਲਾਵਾ ਜੋ ਹੋਰ ਦੋਸ਼ ਸਿੱਧ ਹੋਏ ਉਨ੍ਹਾਂ ਵਿਚ ਖਾਧ ਪਦਾਰਥਾਂ ਦੀ ਸਪਲਾਈ 'ਚ ਨਿਯਮਾਂ ਦੇ ਉਲਟ ਹੇਰ-ਫੇਰ ਕਰਨਾ ਵੀ ਸ਼ਾਮਲ ਸੀ। ਸਾਹਨੀ ਜੋ 2006 ਵਿਚ ਸੇਵਾਮੁਕਤ ਹੋਏ ਸਨ, ਸਿਆਚਿਨ ਤੇ ਹੋਰ ਪਹਾੜੀ ਖੇਤਰਾਂ 'ਚ ਤਾਇਨਾਤ ਫੌਜੀ ਜਵਾਨਾਂ ਨੂੰ ਘਟੀਆ ਦਰਜੇ ਦਾ ਰਾਸ਼ਨ ਸਪਲਾਈ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਨ। ਜਨਰਲ ਸਾਹਨੀ ਨੇ ਕੋਰਟ 'ਚ ਦਿੱਤੇ ਆਪਣੇ ਬਿਆਨ 'ਚ ਕਿਹਾ ਕਿ ਉਨ੍ਹਾਂ ਨੂੰ ਨਰਮਾਈ ਨਾਲ ਵਿਚਾਰਿਆ ਜਾਵੇ ਕਿਉਂਕਿ ਉਹ ਇਸ ਟਰਾਇਲ ਦੌਰਾਨ ਸਿਹਤਯਾਬ ਨਾ ਹੋਣ ਦੇ ਬਾਵਜੂਦ ਸ਼ਿਰਕਤ ਕਰਦੇ ਰਹੇ।

ਦੱਸਣਯੋਗ ਹੈ ਕਿ ਜਨਰਲ ਸਾਹਨੀ ਆਪਣੇ ਸਪਲਾਈ ਤੇ ਟਰਾਂਸਪੋਰਟ (ਆਰਮੀ ਸਰਵਿਸਿਜ਼ ਕੋਰ ਹੈੱਡ ਕੁਆਰਟਰ) ਦੇ ਅਹੁਦੇ ਉੱਤੇ ਸੇਵਾਵਾਂ ਦੇਣ ਦੌਰਾਨ ਕੀਤੀਆਂ ਅਣਗਹਿਲੀਆਂ ਦੇ ਮਾਮਲੇ 'ਚ ਜਾਂਚ ਦਾ ਸਾਹਮਣਾ ਕਰ ਰਹੇ ਸਨ। ਉਨ੍ਹਾਂ ਨੇ ਭਾਰਤੀ ਫੌਜ 'ਚ 38 ਵਰ੍ਹੇ ਸੇਵਾਵਾਂ ਦਿੱਤੀਆਂ।

## Matrimonials

### ਕੰਨਿਆ ਦੀ ਲੋੜ

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Pl. contact: Sikh5family@gmail.com


ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838



Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans

Call: Sohanpreet 'Sam' Chahal
@916-612-5773

Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਵਿਰੋਧ ਤੇ ਵਿਵਾਦ ਦੇ ਬਾਵਜੂਦ ਨਵਾਂ ਨਾਨਕਸ਼ਾਹੀ ਕੈਲੰਡਰ ਜਾਰੀ

## ਪੁਰੇਵਾਲ ਵੱਲੋਂ ਨਾਨਕਸ਼ਾਹੀ ਕੈਲੰਡਰ ਦੇ ਬਿਕਰਮੀਕਰਨ ਦੇ ਦੋਸ਼

**ਅੰਮ੍ਰਿਤਸਰ (ਪੰਜਾਬ ਟਾਈਮਜ਼ ਬਿਊਰੋ):** ਸਿੱਖਾਂ ਦੇ ਵੱਖ-ਵੱਖ ਧੜਿਆਂ ਵੱਲੋਂ ਵਿਰੋਧ ਕਰਨ ਦੇ ਬਾਵਜੂਦ ਨਵਾਂ ਨਾਨਕਸ਼ਾਹੀ ਕੈਲੰਡਰ ਜਾਰੀ ਕਰ ਦਿੱਤਾ ਗਿਆ ਹੈ। ਸ਼੍ਰੋਮਣੀ ਕਮੇਟੀ ਵੱਲੋਂ 17 ਫਰਵਰੀ ਨੂੰ ਇਸੇ ਨਵੇਂ ਵਰ੍ਹੇ ਦਾ ਨਾਨਕਸ਼ਾਹੀ ਕੈਲੰਡਰ ਜਾਰੀ ਕੀਤਾ ਗਿਆ। ਨਾਨਕਸ਼ਾਹੀ ਕੈਲੰਡਰ ਅਨੁਸਾਰ ਨਵਾਂ ਸਾਲ ਭਾਵੇਂ 14 ਮਾਰਚ ਨੂੰ ਆਰੰਭ ਹੋਣਾ ਹੈ ਪਰ ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਤਕਰੀਬਨ ਇਕ ਮਹੀਨਾ ਪਹਿਲਾਂ ਹੀ ਅੱਜ 'ਨਾਨਕਸ਼ਾਹੀ ਕੈਲੰਡਰ' ਸੰਮਤ 543 (2011-12) ਜਾਰੀ ਕਰ ਦਿੱਤਾ। ਇਸ ਮੌਕੇ ਗਿਆਨੀ ਗੁਰਬਚਨ ਸਿੰਘ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਸਾਹਿਬਾਨ ਦੇ ਗੁਰਪੁਰਬ, ਇਤਿਹਾਸਕ ਦਿਹਾੜੇ ਆਪਣੇ ਸਮਾਜਿਕ ਕਾਰ-ਵਿਹਾਰ ਸੋਧੇ ਹੋਏ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਕਰਨ।

ਨਵੇਂ ਵਰ੍ਹੇ ਦੇ ਕੈਲੰਡਰ ਨੂੰ ਮਹੀਨਾ ਪਹਿਲਾਂ ਜਾਰੀ ਕਰਨ ਦਾ ਕਾਰਨ ਬਿਆਨ ਕਰਦਿਆਂ ਦੋਵਾਂ ਧਾਰਮਿਕ ਆਗੂਆਂ ਨੇ ਕਿਹਾ ਕਿ ਇਹ ਕੈਲੰਡਰ ਦੇਸ਼-ਵਿਦੇਸ਼ ਵਿਚ ਦੂਰ-ਦੂਰ ਸੰਗਤਾਂ ਨੂੰ ਭੇਜਿਆ ਜਾਣਾ ਹੈ। ਇਸੇ ਲਈ ਇਸ ਨੂੰ ਜਲਦੀ ਜਾਰੀ ਕਰ ਦਿੱਤਾ ਗਿਆ ਹੈ ਤਾਂ ਜੋ ਸੰਗਤਾਂ ਨੂੰ ਭੇਜਿਆ ਜਾ ਸਕੇ ਤੇ ਉਹ ਆਪਣੇ ਦਿਨ ਤਿਓਹਾਰ ਇਸ ਮੁਤਾਬਕ ਮਨਾ ਸਕਣ। 17 ਫਰਵਰੀ ਨੂੰ ਸਕੱਤਰੇਤ ਵਿਖੇ ਨਵੇਂ ਵਰ੍ਹੇ ਦਾ ਇਹ ਕੈਲੰਡਰ ਜੈਕਾਰਿਆਂ ਦੀ ਗੂੰਜ ਵਿਚ ਜਾਰੀ ਕੀਤਾ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਪਸ਼ਟ ਕੀਤਾ ਕਿ 2003 ਵਿਚ ਜਾਰੀ ਹੋਏ ਨਾਨਕਸ਼ਾਹੀ ਕੈਲੰਡਰ ਦਾ ਉਸ ਵੇਲੇ ਹੀ ਵਿਰੋਧ ਹੋਣ ਲਗ ਪਿਆ ਸੀ ਤੇ ਸੰਗਤਾਂ ਵੱਲੋਂ ਇਸ ਵਿਚ ਸੋਧਾਂ ਕਰਨ ਲਈ ਸੁਝਾਅ ਭੇਜੇ ਸਨ ਜਿਨ੍ਹਾਂ ਦੇ ਆਧਾਰ 'ਤੇ 2010 ਵਿਚ ਸੋਧਾਂ ਕੀਤੀਆਂ ਗਈਆਂ ਹਨ। ਉਨ੍ਹਾਂ ਇਹ ਦੋਸ਼ ਰੱਦ ਕੀਤਾ ਕਿ ਇਹ ਸੋਧਾਂ ਆਰ.ਐਸ.ਐਸ. ਦੇ ਪ੍ਰਭਾਵ ਹੇਠ ਕੀਤੀਆਂ ਗਈਆਂ ਹਨ।

ਦੂਜੇ ਪਾਸੇ ਨਾਨਕਸ਼ਾਹੀ ਕੈਲੰਡਰ ਦੇ ਰਚਨਹਾਰੇ ਪਾਲ ਸਿੰਘ ਪੁਰੇਵਾਲ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਮੰਗ ਪੱਤਰ ਦੇ ਕੇ ਅਪੀਲ ਕੀਤੀ ਹੈ ਕਿ ਡੁੱਲੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ, ਇਸ ਲਈ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਨੂੰ ਵਾਪਸ ਲੈ ਲਿਆ




ਜਾਵੇ ਤੇ 2003 ਵਾਲੇ ਅਸਲੀ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਨਵੇਂ ਵਰ੍ਹੇ ਦਾ ਕੈਲੰਡਰ ਜਾਰੀ ਕੀਤਾ ਜਾਵੇ।

ਸ. ਪੁਰੇਵਾਲ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਮੰਗ ਪੱਤਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਦਿੱਤਾ ਹੈ ਜਿਸ ਵਿਚ ਉਨ੍ਹਾਂ ਦੋਸ਼ ਲਾਇਆ ਕਿ ਨਾਨਕਸ਼ਾਹੀ ਕੈਲੰਡਰ ਦਾ ਅਸਲ ਸਰੂਪ ਵਿਗਾੜ ਦਿੱਤਾ ਗਿਆ ਤੇ ਇਸ ਦਾ ਬਿਕਰਮੀਕਰਨ ਕਰ ਦਿੱਤਾ ਗਿਆ। ਹੁਣ ਇਹ ਨਾਨਕਸ਼ਾਹੀ ਕੈਲੰਡਰ ਨਹੀਂ ਰਿਹਾ ਸਗੋਂ ਨਾਨਕਸ਼ਾਹੀ ਤੇ ਬਿਕਰਮੀ ਕੈਲੰਡਰ ਦਾ ਮਿਲਗੋਭਾ ਬਣ ਗਿਆ। ਸੋਧੇ ਹੋਏ ਕੈਲੰਡਰ ਵਿਚ 12 ਸੰਗਰਾਂਦਾਂ ਬਿਕਰਮੀ ਕੈਲੰਡਰ (ਦ੍ਰਿਕ ਗਣਿਤ ਪ੍ਰਣਾਲੀ) ਅਨੁਸਾਰ ਕਰ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ ਤੇ ਜੋਤੀ ਜੋਤਿ ਦਿਵਸ, ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਤੇ ਗੁਰਗੱਦੀ ਦਿਵਸ ਦੇ ਗੁਰਪੁਰਬ ਬਿਕਰਮੀ ਕੈਲੰਡਰ ਅਨੁਸਾਰ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਕੈਲੰਡਰ ਦਾ ਬਿਕਰਮੀਕਰਨ ਕੀਤੇ ਜਾਣ ਕਾਰਨ ਕਈ ਗੁਰਪੁਰਬ ਸਾਲ ਵਿਚ ਦੋ ਵਾਰ ਆਉਣਗੇ ਤੇ ਕਦੇ ਸਾਲ ਵਿਚ ਆਉਣਗੇ ਹੀ ਨਹੀਂ। ਉਨ੍ਹਾਂ ਦੱਸਿਆ ਕਿ ਬਿਕਰਮੀ ਕੈਲੰਡਰ ਅਨੁਸਾਰ 2011, 14, 17, 22 ਤੇ 2025 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਸਾਲ ਵਿਚ ਦੋ ਵਾਰ ਆਵੇਗਾ। ਜਦੋਂਕਿ 2012, 15, 18 ਤੇ 2023 'ਚ ਇਕ ਵਾਰ ਵੀ ਇਹ ਗੁਰਪੁਰਬ ਨਹੀਂ ਆਵੇਗਾ। ਨਾਨਕਸ਼ਾਹੀ ਕੈਲੰਡਰ ਅਨੁਸਾਰ 23 ਪੋਹ ਲਈ ਪੰਜ ਜਨਵਰੀ ਦੀ ਤਰੀਕ ਸਦਾ ਲਈ ਨਿਸ਼ਚਿਤ ਕੀਤੀ ਗਈ ਸੀ। ਉਨ੍ਹਾਂ ਦੋਸ਼ ਲਾਇਆ ਕਿ ਨਾਨਕਸ਼ਾਹੀ ਕੈਲੰਡਰ ਦਾ ਮੰਤਵ ਇਸ ਦੇ ਗੁਰਬਾਣੀ ਅਨੁਸਾਰ ਹੋਵੇ, ਸਿੱਖ ਕੌਮ ਦੀ ਵਿਲੱਖਣ ਹੋਂਦ ਦਾ ਪ੍ਰਤੀਕ ਹੋਵੇ ਅਤੇ ਗੁਰਪੁਰਬਾਂ ਦੀਆਂ ਤਰੀਕਾਂ ਨਿਰਧਾਰਤ ਹੋਣ ਬਾਰੇ ਸੀ। ਪਰ ਕੀਤੀਆਂ ਗਈਆਂ ਸੋਧਾਂ ਤੋਂ ਬਾਅਦ ਇਹ ਮੰਤਵ ਰੱਦ ਹੋ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਬਿਕਰਮੀ ਕੈਲੰਡਰ ਅਨੁਸਾਰ 2999 ਵਿਚ ਸਾਰੇ ਤਿਓਹਾਰਾਂ ਤੇ ਮਹੀਨਿਆਂ ਵਿਚ ਦੋ ਹਫ਼ਤੇ ਦਾ ਫਰਕ ਪੈ ਜਾਵੇਗਾ। ਮਾਘੀ 13 ਜਨਵਰੀ ਦੀ ਥਾਂ 27 ਜਨਵਰੀ ਨੂੰ ਆਵੇਗੀ, ਵਿਸਾਖੀ 13 ਅਪਰੈਲ ਦੀ ਥਾਂ 27 ਅਪਰੈਲ ਨੂੰ ਆਵੇਗੀ। ਜਦੋਂਕਿ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਾਘੀ ਹਮੇਸ਼ਾ 14 ਜਨਵਰੀ ਤੇ ਵਿਸਾਖੀ 14 ਅਪਰੈਲ ਨੂੰ ਹੀ ਹੋਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਬਿਕਰਮੀ ਕੈਲੰਡਰ ਅਨੁਸਾਰ 2011 ਵਿਚ 31 ਦਸੰਬਰ ਨੂੰ ਜਦੋਂ ਦਸਵੇਂ ਗੁਰੂ ਦਾ ਪ੍ਰਕਾਸ਼ ਪੁਰਬ ਦੂਜੀ ਵਾਰ ਆਵੇਗਾ ਤਾਂ ਉਸ ਤੋਂ ਤਿੰਨ ਦਿਨ ਪਹਿਲਾਂ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹੋਵੇਗਾ। 2014 ਵਿਚ ਵੀ 28 ਦਸੰਬਰ ਨੂੰ ਦਸਵੇਂ ਗੁਰੂ ਦਾ ਪ੍ਰਕਾਸ਼ ਪੁਰਬ ਅਤੇ ਉਸੇ ਦਿਨ ਹੀ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹੋਵੇਗਾ। 2025 ਵਿਚ ਵੀ ਦਸਵੇਂ ਗੁਰੂ ਦਾ ਪ੍ਰਕਾਸ਼ ਦਿਹਾੜਾ ਦੂਜੀ ਵਾਰ 27 ਦਸੰਬਰ ਨੂੰ ਆਵੇਗਾ ਤੇ ਉਸੇ ਦਿਨ ਹੀ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਹੋਵੇਗਾ। ਸ੍ਰੀ ਪੁਰੇਵਾਲ ਨੇ ਦਾਅਵਾ ਕੀਤਾ ਕਿ ਦੇਸ਼-ਵਿਦੇਸ਼ ਦੀਆਂ 70 ਤੋਂ 80 ਫੀਸਦੀ ਸਿੱਖ ਸੰਗਤਾਂ ਵੱਲੋਂ ਗੁਰਪੁਰਬ 2003 ਵਾਲੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਹੀ ਮਨਾਏ ਜਾ ਰਹੇ ਹਨ।


ਇਸ ਮੌਕੇ ਸ਼੍ਰੋਮਣੀ ਪੰਥਕ ਕੌਂਸਲ ਦੇ ਚੇਅਰਮੈਨ ਮਨਜੀਤ ਸਿੰਘ ਕਲਕੱਤਾ ਨੇ ਦੋਸ਼ ਲਾਇਆ ਕਿ ਨਾਨਕਸ਼ਾਹੀ ਕੈਲੰਡਰ ਵਿਚ ਕੀਤੀਆਂ ਗਈਆਂ ਸੋਧਾਂ ਆਰ.ਐਸ.ਐਸ. ਦੇ ਦਬਾਅ ਹੇਠ ਕੀਤੀਆਂ ਗਈਆਂ ਹਨ। ਅਜਿਹਾ ਹੀ ਦਬਾਅ ਸਾਬਕਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ 'ਤੇ ਵੀ ਪਾਇਆ ਗਿਆ ਸੀ ਪਰ ਉਨ੍ਹਾਂ ਇਹ ਦਬਾਅ ਮੰਨਣ ਤੋਂ ਇਨਕਾਰ ਕਰ ਦਿੱਤਾ। ਇਸ ਮੌਕੇ ਹੋਰ ਸਿੱਖ ਆਗੂ ਵੀ ਹਾਜ਼ਰ ਸਨ।

## ਸੋਧਾਂ ਬਿੱਲਕੁਲ ਜਾਇਜ਼: ਗਿਆਨੀ ਗੁਰਬਚਨ ਸਿੰਘ



**ਅੰਮ੍ਰਿਤਸਰ:** ਕੈਨੇਡਾ ਵਾਸੀ ਪਾਲ ਸਿੰਘ ਪੁਰੇਵਾਲ ਵੱਲੋਂ 2003 'ਚ ਤਿਆਰ ਕੀਤੇ ਕੀਤੇ ਨਾਨਕਸ਼ਾਹੀ ਕੈਲੰਡਰ 'ਚ ਸੋਧਾਂ ਕਰਕੇ ਇਸ ਦਾ ਬਿਕਰਮੀਕਰਨ ਕੀਤੇ ਜਾਣ ਦੇ ਦੋਸ਼ਾਂ ਨੂੰ ਨਕਾਰਦਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਅਜਿਹਾ ਗੁੰਮਰਾਹਕੁੰਨ ਪ੍ਰਚਾਰ ਤੇ ਦੋਸ਼ ਮੜ੍ਹਨ ਵਾਲਿਆਂ ਤੋਂ ਕੌਮ ਨੂੰ ਸੁਚੇਤ ਰਹਿਣਾ ਚਾਹੀਦਾ ਹੈ। ਉਨ੍ਹਾਂ ਨਾਨਕਸ਼ਾਹੀ ਕੈਲੰਡਰ ਦੇ ਰਚੇਤਾ ਪਾਲ ਸਿੰਘ ਪੁਰੇਵਾਲ ਵੱਲੋਂ ਸੋਧਾਂ ਦਾ ਵਿਰੋਧ ਤੇ ਇਸ ਬਾਰੇ ਕੀਤੀ ਜਨਤਕ ਬਿਆਨਬਾਜ਼ੀ 'ਤੇ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਨ ਤੇ ਸੋਧਾਂ ਆਰ.ਐਸ.ਐਸ. ਦੇ ਪ੍ਰਭਾਵ ਹੇਠ ਕਰਨ ਦੇ ਦੋਸ਼ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸੱਤ ਸਾਲ ਤੋਂ ਹੀ ਸੰਤ ਸਮਾਜ ਤੇ ਹੋਰ ਸਿੱਖ ਜਥੇਬੰਦੀਆਂ ਵੱਲੋਂ ਨਾਨਕਸ਼ਾਹੀ ਕੈਲੰਡਰ 'ਚ ਸੋਧ ਦੀ ਮੰਗ ਲਗਾਤਾਰ ਕੀਤੀ ਜਾ ਰਹੀ ਸੀ। ਸਿੱਖ ਵਿਦਵਾਨਾਂ ਦੀ ਰਾਇ ਲੈ ਕੇ ਸਾਰੀ ਸੋਧ ਗੁਰਬਾਣੀ, ਮਰਿਆਦਾ ਅਤੇ ਦੇਸੀ ਤਰੀਕਾਂ (ਮਿਤੀਆਂ) ਦੇ ਹਿਸਾਬ ਨਾਲ ਹੋਈ ਹੈ। ਉਨ੍ਹਾਂ ਕਿਹਾ ਕਿ ਕੁਝ ਤਾਕਤਾਂ ਕੌਮ 'ਚ ਭੁਲੇਖੇ ਖੜ੍ਹੇ ਕਰ ਰਹੀਆਂ ਹਨ ਜੋ ਕਦੇ ਵੀ ਸਫਲ ਨਹੀਂ ਹੋਣਗੀਆਂ।

## ਸਿਮਰਨਜੀਤ ਸਿੰਘ ਮਾਨ ਵੱਲੋਂ ਸੋਧਿਆ ਕੈਲੰਡਰ ਰੱਦ



**ਅੰਮ੍ਰਿਤਸਰ :** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਜਾਰੀ ਕੀਤੇ ਗਏ ਨਵੇਂ ਵਰ੍ਹੇ ਦੇ ਨਾਨਕਸ਼ਾਹੀ ਕੈਲੰਡਰ ਨੂੰ ਰੱਦ ਕਰਦਿਆਂ ਕਿਹਾ ਕਿ ਸਮੁੱਚੀ ਕੌਮ ਨਾਲ ਸਬੰਧਤ ਇਤਿਹਾਸਕ ਦਿਨ-ਦਿਹਾੜਿਆਂ ਨੂੰ ਮਨਾਉਣ ਦੀਆਂ ਮਿਤੀਆਂ ਤੇ ਕੌਮੀ ਫੈਸਲੇ ਕਰਨ ਦਾ ਅਧਿਕਾਰ ਕਿਸੇ ਇਕੱਲੇ ਵਿਅਕਤੀ ਨੂੰ ਨਹੀਂ ਹੈ। ਅਜਿਹੇ ਮਹੱਤਵਪੂਰਨ ਫੈਸਲੇ ਤਾਂ ਸਮੁੱਚੀਆਂ ਪੰਥਕ, ਸਮਾਜਿਕ ਜਥੇਬੰਦੀਆਂ, ਸੰਗਠਨਾਂ ਤੇ ਕੌਮ ਦੀ ਨਿਰਪੱਖਤਾ ਦੀ ਸੋਚ ਰੱਖਣ ਵਾਲੇ ਕੌਮੀ ਬੁੱਧੀਜੀਵੀਆਂ ਦੀ ਸਰਬ-ਸੰਮਤੀ ਜਾਂ ਬਹੁਸੰਮਤੀ ਨਾਲ ਹੀ ਹੁੰਦੇ ਹਨ। ਸ. ਮਾਨ ਨੇ ਦੋਸ਼ ਲਾਇਆ ਕਿ ਗਿਆਨੀ ਗੁਰਬਚਨ ਸਿੰਘ ਤੇ ਜਥੇਦਾਰ ਅਵਤਾਰ ਸਿੰਘ ਨੇ ਸ੍ਰੀ ਪਾਲ ਸਿੰਘ ਪੁਰੇਵਾਲ ਵੱਲੋਂ ਗਿਆਰਾਂ ਸਾਲ ਦੀ ਲੰਮੀ ਤੇ ਸਖ਼ਤ ਮਿਹਨਤ ਨਾਲ ਤਿਆਰ ਕੀਤੇ ਗਏ 2003 ਵਾਲੇ ਨਾਨਕਸ਼ਾਹੀ ਕੈਲੰਡਰ ਦੀ ਅਸਲੀ ਕੌਮ ਪੱਖੀ ਭਾਵਨਾ ਨੂੰ ਖ਼ਤਮ ਕਰ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਜੋ ਨਾਨਕਸ਼ਾਹੀ ਕੈਲੰਡਰ ਰਹਿੰਦੀ ਦੁਨੀਆਂ ਤੱਕ ਸਿੱਖ ਕੌਮ ਦੇ ਪ੍ਰਮੁੱਖ ਇਤਿਹਾਸਕ ਦਿਹਾੜਿਆਂ ਦੀਆਂ ਮਿਤੀਆਂ ਤੇ ਦਿਨਾਂ ਨੂੰ ਪ੍ਰਪੱਕ ਕਰਦਾ ਹੈ ਜਿਸ ਰਾਹੀਂ ਹਰ ਸਾਲ ਇਨ੍ਹਾਂ ਮਹੱਤਵਪੂਰਨ ਦਿਨਾਂ ਦੀ ਇੱਕੋ ਹੀ ਤਰੀਕ ਸਥਾਪਤ ਹੋਵੇਗੀ ਤੇ ਜੋ ਕੈਲੰਡਰ ਸਿੱਖ ਕੌਮ ਦੀ ਕੌਮਾਂਤਰੀ ਪੱਧਰ ਉੱਤੇ ਨਿਵੇਕਲੀ ਤੇ ਵੱਖਰੀ ਪਹਿਚਾਣ ਨੂੰ ਸਪਸ਼ਟ ਰੂਪ ਵਿਚ ਉਭਾਰਦਾ ਹੈ, ਦੀ ਅਸਲੀ ਭਾਵਨਾ ਨੂੰ ਖ਼ਤਮ ਕੀਤਾ ਗਿਆ ਹੈ।

## ਗੋਧਰਾ ਕਾਂਡ 'ਚ 31 ਵਿਅਕਤੀ ਦੋਸ਼ੀ ਕਰਾਰ, 63 ਬਰੀ

**ਅਹਿਮਦਾਬਾਦ:** ਵਿਸ਼ੇਸ਼ ਅਦਾਲਤ ਨੇ 2002 ਦੇ ਗੋਧਰਾ ਰੇਲ ਅਗਨੀਕਾਂਡ ਕੇਸ 'ਚ 31 ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਹੈ ਤੇ ਮੁੱਖ ਮੁਲਜ਼ਮ ਮੌਲਵੀ ਉਮਰਜੀ ਸਮੇਤ 63 ਹੋਰਾਂ ਨੂੰ ਬਰੀ ਕਰ ਦਿੱਤਾ। ਇਸ ਰੇਲ ਅਗਨੀਕਾਂਡ 'ਚ 59 ਲੋਕ ਮਾਰੇ ਗਏ ਸਨ ਤੇ ਇਸ ਮਗਰੋਂ ਪੂਰੇ ਗੁਜਰਾਤ 'ਚ ਕਤਲੇਆਮ ਹੋਇਆ ਸੀ ਜਿਸ 'ਚ ਮੁਸਲਮਾਨ ਭਾਈਚਾਰੇ ਦੇ 1200 ਤੋਂ ਵੱਧ ਲੋਕ ਮਾਰੇ ਗਏ ਸਨ।

ਵਿਸ਼ੇਸ਼ ਅਦਾਲਤ ਵੱਲੋਂ ਸਜ਼ਾ ਜ਼ਿਰਹ ਮਗਰੋਂ 25 ਫਰਵਰੀ ਨੂੰ ਸੁਣਾਈ ਜਾਏਗੀ। ਉਂਜ ਅਦਾਲਤ ਨੇ ਅਯੁੱਧਿਆ ਤੋਂ ਪਰਤ ਰਹੇ ਕਾਰ ਸੇਵਕਾਂ ਨਾਲ ਭਰੇ ਸਾਬਰਮਤੀ ਐਕਸਪ੍ਰੈਸ ਦੇ ਡੱਬੇ ਨੂੰ ਅੱਗ ਲਾਏ ਜਾਣ ਪਿੱਛੇ ਸਾਜ਼ਿਸ਼ ਹੋਣ ਦੀ ਗੱਲ ਸਵੀਕਾਰ ਕਰ ਲਈ ਹੈ। ਅਦਾਲਤ ਨੇ ਮੁੱਖ ਮੁਲਜ਼ਮ ਮੌਲਵੀ ਉਮਰਜੀ ਨੂੰ ਬਰੀ ਕਰ ਦਿੱਤਾ ਜਦਕਿ ਹੋਰ ਅਹਿਮ ਮੁਲਜ਼ਮਾਂ ਹਾਜੀ ਬਿੱਲਾ ਤੇ ਰਜ਼ਾਕ ਕੁਰਕੁਰ ਨੂੰ ਦੋਸ਼ੀ ਠਹਿਰਾਇਆ ਗਿਆ ਹੈ। ਵਿਸ਼ੇਸ਼ ਅਦਾਲਤ ਦੇ ਜੱਜ ਪੀ.ਆਰ. ਪਟੇਲ ਨੇ 31 ਜਣਿਆਂ ਨੂੰ ਦੋਸ਼ੀ ਠਹਿਰਾਇਆ ਹੈ ਤੇ 63 ਨੂੰ ਬਰੀ ਕਰ ਦਿੱਤਾ ਹੈ।

ਸਾਬਰਮਤੀ ਸੈਂਟਰਲ ਜੇਲ੍ਹ 'ਚ ਇਸ ਮੁਕੱਦਮੇ ਦੀ ਕਾਰਵਾਈ ਜੂਨ 2009 'ਚ 94 ਮੁਲਜ਼ਮਾਂ ਵਿਰੁੱਧ ਦੋਸ਼ ਲਾਏ ਜਾਣ ਦੇ ਅਮਲ ਨਾਲ ਸ਼ੁਰੂ ਹੋਈ ਸੀ। 27 ਫਰਵਰੀ, 2002 ਨੂੰ ਗੋਧਰਾ ਨੇੜੇ ਸਾਬਰਮਤੀ ਐਕਸਪ੍ਰੈਸ ਦੇ ਐਸ-6 ਕੋਚ ਨੂੰ ਅੱਗ ਲਾ ਦਿੱਤੀ ਗਈ ਸੀ ਜਿਸ 'ਚ 59 ਜਣੇ ਮਾਰੇ ਗਏ ਸਨ।

# ਯੂਨਾਈਟਡ ਸਿੱਖਸ ਨੇ ਕਿਸਾਨ ਪਰਿਵਾਰ ਅਪਨਾਏ

**ਸੰਗਰੂਰ:** ਕਰਜ਼ੇ ਦੇ ਬੋਝ ਕਾਰਨ ਕਾਰਨ ਖ਼ੁਦਕੁਸ਼ੀ ਕਰ ਚੁੱਕੇ ਕਿਸਾਨਾਂ ਦੇ ਪਰਿਵਾਰਾਂ ਨੂੰ ਅਮਰੀਕੀ ਮਾਨਵ ਸੇਵਾ ਜਥੇਬੰਦੀ ਯੂਨਾਈਟਡ ਸਿੱਖਸ ਵਲੋਂ ਪੈਨਸ਼ਨ ਦਿੱਤੀ ਜਾ ਰਹੀ ਹੈ ਤਾਂ ਕਿ ਉਹ ਆਪੋ-ਆਪਣੇ ਬੱਚਿਆਂ ਨੂੰ ਪੜ੍ਹਾ ਸਕਣ ਅਤੇ ਪਰਿਵਾਰ ਦੀਆਂ ਹੋਰ ਲੋੜਾਂ ਪੂਰੀਆਂ ਹੋ ਸਕਣ।

ਯਾਦ ਰਹੇ ਕਿ ਯੂਨਾਈਟਡ ਸਿੱਖਸ ਨੇ ਇਹ ਪੈਨਸ਼ਨ ਸਕੀਮ ਅਕਤੂਬਰ 2010 ਵਿਚ ਬਾਬਾ ਨਾਨਕ ਐਜੂਕੇਸ਼ਨ ਸੁਸਾਇਟੀ ਦੇ ਸਹਿਯੋਗ ਨਾਲ ਸ਼ੁਰੂ ਕੀਤੀ ਸੀ। ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀਆਂ ਵਿਧਵਾਵਾਂ ਗਰੀਬੀ ਕਰਕੇ ਆਪਣੇ ਬੱਚਿਆਂ ਨੂੰ ਸਕੂਲਾਂ ਤੋਂ ਹਟਾ ਰਹੀਆਂ ਸਨ ਅਤੇ ਰੋਜ਼ੀ ਰੋਟੀ ਕਮਾਉਣ ਲਈ ਕੰਮ 'ਤੇ ਲਾ ਰਹੀਆਂ ਸਨ।

ਯੂਨਾਈਟਡ ਸਿੱਖਸ ਦੀ ਨਿਰਦੇਸ਼ਕ ਅਤੇ ਪੈਨਸ਼ਨ ਸਕੀਮ ਦੀ ਸਹਾਇਤਾ ਸੰਯੋਜਕ ਮਜਿੰਦਰਪਾਲ ਕੌਰ ਨੇ ਦੱਸਿਆ ਕਿ ਹੁਣ ਪੰਜਾਬ ਸਰਕਾਰ ਵੀ ਇਸ ਮਸਲੇ ਨੂੰ ਸੰਜੀਦਗੀ ਨਾਲ ਲੈ ਰਹੀ ਹੈ। ਯੂਨਾਈਟਡ ਸਿੱਖਸ ਵੱਲੋਂ ਇਹ ਮਸਲਾ ਉਭਾਰਨ ਨਾਲ ਇਨ੍ਹਾਂ ਪਰਿਵਾਰਾਂ ਨੂੰ ਹੁਣ ਹਰ ਮਦਦ ਦੀ ਆਸ ਬੱਝੀ ਹੈ।

ਬੀਬੀ ਮਜਿੰਦਰਪਾਲ ਕੌਰ ਨੇ ਕਿਹਾ ਕਿ ਹਜ਼ਾਰਾਂ ਪਰਿਵਾਰ ਗੰਭੀਰ ਹਾਲਾਤ ਵਿੱਚੋਂ ਗੁਜ਼ਰ ਰਹੇ ਹਨ। ਪੰਜਾਬ ਖੇਤੀ ਯੂਨੀਵਰਸਿਟੀ ਦੇ ਅਧਿਐਨ ਮੁਤਾਬਕ 2000 ਤੋਂ 2008 ਤੱਕ ਬਠਿੰਡੇ ਅਤੇ ਸੰਗਰੂਰ ਵਿਚ ਹੀ 2890 ਖ਼ੁਦਕਸ਼ੀਆਂ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਪੈਨਸ਼ਨ ਸਕੀਮ ਤਹਿਤ ਇਕ ਪਰਿਵਾਰ ਨੂੰ ਮਹੀਨੇ ਦੇ 1000 ਤੋਂ 1500 ਰੁਪਏ ਦਿੱਤੇ ਜਾਂਦੇ ਹਨ। ਇਹ ਸਹਾਇਤਾ ਬੱਚਿਆਂ ਦੇ ਸਕੂਲ ਜਾਣ ਤੱਕ ਜਾਰੀ ਰਹੇਗੀ। ਇਹ ਪੈਨਸ਼ਨ ਰਕਮ ਪਰਿਵਾਰ ਲਈ ਖੋਲ੍ਹੇ ਬੈਂਕ ਖਾਤੇ ਵਿਚ ਜਮ੍ਹਾਂ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਲੋੜਵੰਦ ਪਰਿਵਾਰਾਂ ਬਾਰੇ ਲਗਾਤਾਰ ਜਾਣਕਾਰੀ ਹਾਸਲ ਕੀਤੀ ਜਾ ਰਹੀ ਹੈ। ਕੋਸ਼ਿਸ਼ ਹੈ ਕਿ ਹਰ ਲੋੜਵੰਦ ਪਰਿਵਾਰ ਤੱਕ ਇਹ ਸਹਾਇਤਾ ਪੁੱਜਦੀ ਕੀਤੀ ਜਾ ਸਕੇ।

ਮਜਿੰਦਰਪਾਲ ਕੌਰ ਨੇ ਕਿਹਾ ਕਿ ਕਿਸਾਨ ਸਖ਼ਤ ਮਿਹਨਤ ਕਰਕੇ ਸਾਨੂੰ ਖੁਆਉਂਦਾ ਹੈ ਤਾਂ ਅਸੀਂ ਘੱਟ ਤੋਂ ਘੱਟ ਇਸਦੇ ਬੱਚਿਆਂ ਨੂੰ ਖੁਆਉਣ ਲਈ ਮਹੀਨੇ ਦੇ 20-30 ਡਾਲਰ ਤਾਂ ਦਾਨ ਕਰ ਸਕਦੇ ਹਾਂ। 'ਪਰਿਵਾਰ ਨੂੰ ਬਚਾਓ' ਪ੍ਰੋਗਰਾਮ ਹੇਠ ਮਹੀਨੇ ਦੀ ਮਹੀਨੇ ਜਾਂ ਹਰ ਸਾਲ, ਹੇਠ ਲਿਖੇ ਰਸਤਿਆਂ ਰਾਹੀਂ, ਦਾਨ ਕੀਤਾ ਜਾ ਸਕਦਾ ਹੈ। ਸੰਸਥਾ ਨਾਲ ਸੰਪਰਕ ਫੋਨ 888-243-1690 ਜਾਂ ਇਸ ਦੀ ਵੈਬ ਸਾਈਟ www.unitedsikhs.org ਰਾਹੀਂ ਕੀਤਾ ਜਾ ਸਕਦਾ ਹੈ।



ਕਿਸਾਨਾਂ ਦੀਆਂ ਵਿਧਵਾਵਾਂ ਨਾਲ ਗੱਲ ਕਰ ਰਹੇ ਯੂਨਾਈਟਡ ਸਿੱਖਸ ਦੇ ਨੁਮਾਇੰਦੇ

## ਪੰਜਾਬ 'ਚ ਸ਼ਰਾਬ ਦੀ ਬੋਤਲ 10 ਰੁਪਏ ਮਹਿੰਗੀ

**ਚੰਡੀਗੜ੍ਹ:** ਪੰਜਾਬ 'ਚ ਸ਼ਰਾਬ ਦੀ ਬੋਤਲ 10 ਰੁਪਏ ਮਹਿੰਗੀ ਹੋ ਗਈ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਨਵੀਂ ਆਬਕਾਰੀ ਨੀਤੀ ਪ੍ਰਵਾਨ ਕਰਨ ਨਾਲ ਦੇਸੀ ਤੇ ਅੰਗਰੇਜ਼ੀ ਸ਼ਰਾਬ ਦੀ ਬੋਤਲ ਦਸ ਰੁਪਏ ਮਹਿੰਗੀ ਹੋ ਗਈ ਹੈ ਪਰ ਪੰਜਾਬ ਵਿਚ ਠੇਕਿਆਂ ਦੀ ਗਿਣਤੀ ਪਿਛਲੇ ਸਾਲ ਦੇ ਬਰਾਬਰ ਹੀ ਰਹੇਗੀ। ਮਾਲੀ ਸਾਲ 2011-12 ਦੀ ਆਬਕਾਰੀ ਨੀਤੀ ਨਾਲ ਪਿਛਲੇ ਸਾਲ ਨਾਲੋਂ 728 ਕਰੋੜ ਰੁਪਏ ਦਾ ਵਾਧਾ ਹੋਵੇਗਾ।

## ਸਾਊਥਾਲ 'ਚ ਪੰਜਾਬਣ ਦੀ ਮੌਤ

**ਜਲੰਧਰ:** ਸਥਾਨਕ ਬਾਬਾ ਦੀਪ ਸਿੰਘ ਨਗਰ ਦੀ ਰਹਿਣ ਵਾਲੀ ਔਰਤ ਦੀ ਇੰਗਲੈਂਡ ਦੇ ਸਾਊਥਾਲ ਵਿਚ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਆਸ਼ਾ ਪੁੱਤਰੀ ਗੁਰਬਚਨ ਸਿੰਘ ਵਜੋਂ ਹੋਈ ਹੈ। ਮ੍ਰਿਤਕਾ ਦੇ ਪਿਤਾ ਨੇ ਦੱਸਿਆ ਕਿ ਇਕ ਸਾਲ ਪਹਿਲਾਂ ਉਸ ਨੇ ਆਪਣੀ ਲੜਕੀ ਦਾ ਵਿਆਹ ਸਾਊਥਾਲ ਵਾਸੀ ਕੁਲਤਾਰ ਸਿੰਘ ਨਾਲ ਕੀਤਾ ਸੀ ਤੇ ਉਨ੍ਹਾਂ ਦੀ ਇਕ ਲੜਕੀ ਵੀ ਹੈ। ਉਨ੍ਹਾਂ ਕਿਹਾ ਕਿ ਕੁਲਤਾਰ ਅਕਸਰ ਉਸ ਦੀ ਲੜਕੀ ਨੂੰ ਕੁੱਟਦਾ ਸੀ ਤੇ ਬੀਤੇ ਦਿਨ ਵੀ ਆਸ਼ਾ ਨੇ ਫੋਨ ਕਰਕੇ ਆਪਣੇ ਪਿਤਾ ਨੂੰ ਦੱਸਿਆ ਕਿ ਕੁਲਤਾਰ ਸਿੰਘ ਨੇ ਉਸ ਨਾਲ ਮਾਰਕੁੱਟ ਕੀਤੀ ਹੈ ਜਿਸ ਕਰਕੇ ਉਹ ਜ਼ਖ਼ਮੀ ਹੋ ਗਈ।

ਗੁਰਬਚਨ ਨੇ ਸਾਊਥਾਲ ਵਾਸੀ ਆਪਣੀ ਮੂੰਹ ਬੋਲੀ ਭੈਣ ਨੂੰ ਫੋਨ ਕਰਕੇ ਆਸ਼ਾ ਦੀ ਮਦਦ ਕਰਨ ਨੂੰ ਕਿਹਾ ਜਿਸ ਤੋਂ ਬਾਅਦ ਉਸ ਔਰਤ ਨੇ ਆਸ਼ਾ ਨੂੰ ਸਾਊਥਾਲ ਦੇ ਸੈਂਟਰਲ ਹਸਪਤਾਲ ਵਿਚ ਦਾਖ਼ਲ ਕਰਵਾਇਆ ਤੇ ਉਥੋਂ ਦੀ ਪੁਲਿਸ ਨੂੰ ਵੀ ਇਸ ਬਾਰੇ ਜਾਣਕਾਰੀ ਦਿੱਤੀ। ਪੁਲਿਸ ਨੇ ਕੁਲਤਾਰ ਸਣੇ ਉਸ ਦੀ ਮਾਂ ਪ੍ਰਕਾਸ਼ ਕੌਰ, ਦਿਓਰ ਮੁਖਤਿਆਰ ਸਿੰਘ, ਨਣਾਨ ਰੂਪ ਕੌਰ ਸਣੇ ਰਾਜ ਕੌਰ, ਸੁਨੀਤਾ ਖ਼ਿਲਾਫ਼ ਮਾਰਕੁੱਟ ਦਾ ਮਾਮਲਾ ਦਰਜ ਕਰ ਦਿੱਤਾ। ਗੁਰਬਚਨ ਸਿੰਘ ਨੇ ਦੱਸਿਆ ਕਿ ਆਸ਼ਾ ਨੇ ਅੱਜ ਤੜਕੇ ਹਸਪਤਾਲ ਵਿਚ ਦਮ ਤੋੜ ਦਿੱਤਾ ਜਿਸ ਤੋਂ ਬਾਅਦ ਪੁਲਿਸ ਨੇ ਮਾਰਕੁੱਟ ਦੇ ਮਾਮਲੇ 'ਚ ਨਾਮਜ਼ਦ ਕੀਤੇ ਸਾਰੇ ਮੁਲਜ਼ਮਾਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰ ਦਿੱਤਾ।

FARMERS INSURANCE GROUP — Symbol of Superior Service

# FARMERS®

**181 Metro Drive, Suite 290, San Jose, CA 95110**

**ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।**

*"Call for a review of any of your insurance policies or to get a quote"*
*Totally Free and No Obligation to buy from us!!*



Satwant Singh
Insurance Agent
License # OH11256

***Auto *Home *Life *Business *Workers Compensation**

Call for consultation

**Ph: 408-771-2438**

*408-580-6063, 408-687-7566*

Fax: 408-573-3829

ssingh6@farmeragent.com

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।

*Call us to know about special discounts for nurses, teachers, engineers, pharmacists, doctors and more professionals to get low prices.**

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional


ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

We Specialize in Bankowned, Foreclosure and Short Sale Homes

ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ



**If you want to sell your house in shortsale, first call 209-815-1869**
*We are certified Home Afordable Foreclosure Alternative (HAFA) specilist in shortsale of homes.*

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Gurbans Singh Gill
Realtor
13 Years Experiance in Real Estate
e-mail: gurbans@gotracy.com
Fax: 209-836-0706
www.gotracy.com

Right Time To Buy For Investers And First Time Home Buyers

REALTY WORLD Millennium

**Gurbans Gill 209-815-1869**



# 24 ਘੰਟੇ 11 ਸਟੇਸ਼ਨਾਂ ਤੋਂ ਚੱਲਣ ਵਾਲਾ ਪੰਜਾਬੀ ਰੇਡੀਓ

San Jose, Livermore, Berkeley, Tracy, Sacramento, Yuba City, Stocton, Modesto, Fresno, Bakersfield, Reno

ਪੰਜਾਬੀ ਰੇਡੀਓ ਯੂਐਸਏ

# Punjabi RADIO USA


*Uniting Punjabi's All Over*

# ਬੇਕਰਜ਼ਫੀਲਡ ਤੇ ਰੀਨੋ 'ਚ ਪੰਜਾਬੀ ਰੇਡੀਓ ਸ਼ੁਰੂ

ਰੇਡੀਓ ਲੈਣ ਲਈ ਕਾਲ ਕਰੋ

**408.722.7698**

**ਛੋਟੇ ਰੇਡੀਓ ਦੀ ਕੀਮਤ $ 25 ਵੱਡੇ ਰੇਡੀਓ ਦੀ ਕੀਮਤ $ 35**



## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- ਸਵੇਰੇ 4 ਤੋਂ 9 ਵਜੇ : **ਅੰਮ੍ਰਿਤ ਵੇਲਾ ਸਚ ਨਾਉ**, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਪ੍ਰਸਾਰਣ
- ਸਵੇਰੇ 9.30 ਵਜੇ : ਪੰਜਾਬੀ ਅਤੇ ਅੰਗਰੇਜ਼ੀ ਵਿਚ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਦੇ **ਹੁਕਮਨਾਮੇ ਦੀ ਵਿਆਖਿਆ**
- ਚੰਡੀਗੜ੍ਹ, ਮੁਕਤਸਰ ਸਾਹਿਬ, ਲਾਹੌਰ ਤੇ ਨਿਊ ਜਰਸੀ ਤੋਂ **ਖ਼ਬਰਾਂ ਹਰ ਦੋ ਘੰਟੇ ਬਾਅਦ**
- ਸਵੇਰੇ 10 ਤੋਂ 11 ਵਜੇ : **ਆਤਮਿਕ ਆਨੰਦ ਪ੍ਰੋਗਰਾਮ** – ਕੁਲਬੀਰ ਸਿੰਘ
- ਬਾਅਦ ਦੁਪਹਿਰ 1 ਤੋਂ 2 ਵਜੇ : **ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ** (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- ਸ਼ਾਮ 4 ਤੋਂ 6 ਵਜੇ : **ਕੁਝ ਗੱਲਾਂ ਕੁਝ ਗੀਤ** (ਗੁਰਜਸਪਾਲ ਸਿੰਘ ਤੇ ਰਾਜਕਰਨਬੀਰ ਸਿੰਘ)
- ਸ਼ਾਮ 6 ਤੋਂ 7:30 ਵਜੇ : **ਸਰਬ ਸਾਂਝੀ ਗੁਰਬਾਣੀ** – ਰਹਿਰਾਸ ਸਾਹਿਬ ਤੇ ਕੀਰਤਨ ਗੁਰਦੁਆਰਾ ਐਲ ਸਬਰਾਂਟੇ, ਸੈਨਹੋਜ਼ੇ ਤੇ ਹੋਰ ਗੁਰਦੁਆਰਾ ਸਾਹਿਬ ਤੋਂ
- ਰਾਤ 7:30 ਤੋਂ 8 ਵਜੇ ਤੱਕ : **ਜੀਵਨ ਜਾਚ ਦਾ ਖਜ਼ਾਨਾ** – ਵੀਰ ਭੁਪਿੰਦਰ ਸਿੰਘ ਤੇ ਕਥਾ ਭਾਈ ਅਮਰੀਕ ਸਿੰਘ ਚੰਡੀਗੜ੍ਹ
- ਰਾਤ 8 ਤੋਂ 9 ਵਜੇ : **ਭਖਦੇ ਮਸਲਿਆਂ 'ਤੇ ਲਾਈਵ ਟਾਕ ਸ਼ੋਅ** (ਸੁਸ਼ੀਲ ਦੋਸਾਂਝ, ਪਰਵਿੰਦਰ ਸਿੰਘ ਟਿਵਾਣਾ, ਜਸਵਿੰਦਰ ਸਿੰਘ ਬਿੱਟਾ)
- ਰਾਤ 9 ਤੋਂ 10 ਵਜੇ : **ਮਨੋਰੰਜਕ ਪ੍ਰੋਗਰਾਮ - ਦੋ ਆਰ ਦੀਆਂ ਦੋ ਪਾਰ ਦੀਆਂ** - ਗੁਰਪ੍ਰੀਤ ਸਿੰਘ ਤੇ ਸਿਮਰਨ, **ਲਹਿੰਦੇ ਪੰਜਾਬ ਦੀਆਂ ਬਾਂਗਾਂ** - ਮਸੂਦ ਮੱਲੀ, ਖਬਰ ਤੇ ਨਜ਼ਰ ਪਰਮਿੰਦਰ ਸਿੰਘ ਟਿਵਾਣਾ

ਸ਼ੁੱਕਰਵਾਰ : ਸ਼ਾਮ 3 ਤੋਂ 4 ਵਜੇ : **ਦੇਸੋ ਪਰਦੇਸ** – ਪਾਲ ਧਾਲੀਵਾਲ • ਰਾਤ 8 ਤੋਂ 10 ਵਜੇ : **ਸ਼ਾਨ ਪੰਜਾਬ ਦੀ** – ਗੁਰਦੀਪ ਸਿੰਘ ਸ਼ੇਰਗਿੱਲ

ਸ਼ਨਿਚਰਵਾਰ : ਸ਼ਾਮ 3 ਤੋਂ 4 ਵਜੇ : **ਝਿਲਮਿਲ ਤਾਰੇ** – ਬੱਚਿਆਂ ਲਈ ਪ੍ਰੋਗਰਾਮ– ਦਿਲਪ੍ਰੀਤ ਸਿੰਘ ਖਾਲਸਾ ਤੇ ਮਨਪ੍ਰੀਤ ਕਾਲਰਾ • ਰਾਤ 8 ਤੋਂ 10 ਵਜੇ : **ਇਕ ਖ਼ਾਸ ਮੁਲਾਕਾਤ** – ਹਰਵਿੰਦਰ ਸਿੰਘ ਕੰਗ

ਹੋਰ ਜਾਣਕਾਰੀ ਲਈ **408.722.7698**

Listen LIVE www.punjabiradiousa.com

Email: info@punjabiradiousa.com
3750 McKee Road, # B, San Jose CA 95127

# ਗੱਠਜੋੜ ਦੀਆਂ ਸਿਆਸੀ ਮਜਬੂਰੀਆਂ ਦਾ ਟੋਕਰਾ

## ਪ੍ਰਧਾਨ ਮੰਤਰੀ ਨੇ 'ਕੁਝ ਸਮਝੌਤਿਆਂ' ਦੀ ਗੱਲ ਕਬੂਲੀ

**ਨਵੀਂ ਦਿੱਲੀ:** ਗੱਠਜੋੜ ਸਰਕਾਰ ਚਲਾਉਣ ਵਿਚ 'ਕੁਝ ਸਮਝੌਤੇ' ਕਰਨ ਦੀ ਗੱਲ ਕਬੂਲਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਸਰਕਾਰ ਘਪਲਿਆਂ 'ਚ ਸ਼ਾਮਲ ਲੋਕਾਂ ਨੂੰ ਕਾਨੂੰਨ ਦੇ ਘੇਰੇ ਵਿਚ ਲਿਆਏਗੀ ਪਰ ਨਾਲ ਹੀ ਉਨ੍ਹਾਂ ਨੇ ਅਹੁਦਾ ਛੱਡਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਕੰਮ ਕਰਨ ਵਾਲੀ ਸਰਕਾਰ ਹੈ ਜੋ ਘਪਲੇ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਕਰੇਗੀ। 2-ਜੀ ਸਪੈਕਟ੍ਰਮ ਘਪਲੇ ਬਾਰੇ ਉਨ੍ਹਾਂ ਕਿਹਾ ਕਿ ਇਹ ਸਭ ਕੁਝ ਏ. ਰਾਜਾ ਦੀ ਅਗਵਾਈ ਹੇਠਲੇ ਦੂਰਸੰਚਾਰ ਮੰਤਰਾਲੇ ਨੇ ਹੀ ਕੀਤਾ। ਮੰਤਰਾਲੇ ਵੱਲੋਂ ਅਪਣਾਈ ਗਈ 'ਪਹਿਲਾਂ ਆਓ-ਪਹਿਲਾਂ ਪਾਓ' ਦੀ ਨੀਤੀ ਨਾਲ ਉਨ੍ਹਾਂ ਤੇ ਉਨ੍ਹਾਂ ਦੇ ਮੰਤਰੀ ਮੰਡਲ ਦਾ ਕੋਈ ਲੈਣ-ਦੇਣ ਨਹੀਂ।

ਡਾ. ਮਨਮੋਹਨ ਸਿੰਘ ਨੂੰ ਭਾਰਤ ਵਿਚ ਆਰਥਿਕ ਸੁਧਾਰਾਂ ਦਾ ਮੋਢੀ ਮੰਨਿਆ ਜਾਂਦਾ ਹੈ ਤੇ ਇਹ ਵੀ ਮੰਨਿਆ ਜਾਂਦਾ ਹੈ ਕਿ ਭਾਰਤੀ ਆਰਥਿਕਤਾ ਨੂੰ ਲੀਹ 'ਤੇ ਲਿਆ ਕੇ ਦੇਸ਼ ਨੂੰ ਖੁਸ਼ਹਾਲੀ ਦੇ ਰਾਹ ਵੀ ਇਸੇ ਪ੍ਰਧਾਨ ਮੰਤਰੀ ਨੇ ਪਾਇਆ ਪਰ ਡਾ. ਸਿੰਘ ਖ਼ੁਦ ਨੂੰ ਅਜਿਹੇ ਵਿਦਿਆਰਥੀ ਵਾਂਗ ਮਹਿਸੂਸ ਕਰਦੇ ਹਨ ਜਿਸ ਨੂੰ ਇਕ ਤੋਂ ਬਾਅਦ ਦੂਜੀ ਪ੍ਰੀਖਿਆ ਦੇਣੀ ਪੈ ਰਹੀ ਹੋਵੇ। ਹਰ ਕੋਈ ਮੰਨਦਾ ਹੈ ਕਿ ਇਹ ਨਿਹਾਇਤ ਇਮਾਨਦਾਰ, ਨਿਮਰ ਤੇ ਦਾਨਸ਼ਮੰਦ ਇਨਸਾਨ ਹਨ ਪਰ ਉਨ੍ਹਾਂ ਦਾ ਅਕਸ ਅਜਿਹੇ ਕਪਤਾਨ ਵਾਲਾ ਬਣ ਗਿਆ ਹੈ ਜੋ ਆਪਣੇ ਡੱਕੋ-ਡੋਲੇ ਖਾਂਦੇ ਜਹਾਜ਼ ਨੂੰ ਸੰਭਾਲਣ 'ਚ ਨਾਕਾਮ ਹੈ।

ਕੇਂਦਰ 'ਚ ਯੂ.ਪੀ.ਏ. ਸਰਕਾਰ ਸੱਤ ਸਾਲਾਂ ਤੋਂ ਚੱਲੀ ਆ ਰਹੀ ਹੈ ਪਰ ਇਸ ਸਮੇਂ ਇਹ ਭ੍ਰਿਸ਼ਟਾਚਾਰ ਨਾਲ ਭਰਪੂਰ, ਸਕੈਂਡਲਾਂ, ਅੰਦਰੂਨੀ ਖਾਨਾਜੰਗੀ ਤੇ ਤੇਜ਼ੀ ਨਾਲ ਵਧਦੀ ਜਾ ਰਹੀ ਮਹਿੰਗਾਈ ਨਾਲ ਜੂਝ ਰਹੀ ਹੈ। 79 ਸਾਲਾ ਭਾਰਤੀ ਵਿਦੇਸ਼ ਮੰਤਰੀ ਸੰਯੁਕਤ ਰਾਸ਼ਟਰ ਦੀ ਮਹਾਂ ਸਭਾ ਵਿਚ ਆਪਣੇ ਭਾਸ਼ਣ ਦੀ ਥਾਂ ਕਿਸੇ ਹੋਰ ਦਾ ਭਾਸ਼ਣ ਪੜ੍ਹੀ ਜਾ ਰਿਹਾ ਹੈ ਤੇ ਗ੍ਰਹਿ ਮੰਤਰੀ ਸਮੁੱਚੀ ਕੈਬਨਿਟ ਦਾ ਆਪੂ ਬਣਿਆ ਤਰਜਮਾਨ ਬਣ ਚੁੱਕਾ ਹੈ। ਅਜਿਹੇ ਹਾਲਾਤ ਵਿਚ ਪ੍ਰਧਾਨ ਮੰਤਰੀ ਆਪਣੇ ਸ਼ਾਲੀਨਤਾ ਦੇ ਬਾਵਜੂਦ ਇਹੀ ਪ੍ਰਭਾਵ ਦੇਣ ਲੱਗਾ ਹੈ ਕਿ ਆਪਣੇ ਵਜ਼ਾਰਤੀ ਸਹਿਯੋਗੀਆਂ 'ਤੇ ਉਸ ਦਾ ਕੋਈ ਕੰਟਰੋਲ ਨਹੀਂ।



16 ਜਨਵਰੀ ਨੂੰ ਟੀ.ਵੀ. ਸੰਪਾਦਕਾਂ ਨਾਲ 70 ਮਿੰਟਾਂ ਤਕ ਕੀਤੀ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਨੇ ਮੰਨਿਆ ਕਿ ਸਰਕਾਰ 'ਚ ਕਿਤੇ ਕਮਜ਼ੋਰੀਆਂ ਹਨ ਤੇ ਉਨ੍ਹਾਂ 'ਤੇ ਕਾਬੂ ਪਾਉਣ ਦੀ ਲੋੜ ਹੈ। ਸ਼ਿਕਾਇਤਾਂ ਦੇ ਬਾਵਜੂਦ ਏ. ਰਾਜਾ ਨੂੰ ਮੁੜ ਕੈਬਨਿਟ ਵਿਚ ਸ਼ਾਮਲ ਕਰਨ ਬਾਰੇ ਉਨ੍ਹਾਂ ਕਿਹਾ ਕਿ ਗੱਠਜੋੜ ਸਰਕਾਰ ਵਿਚ ਉਨ੍ਹਾਂ ਦੇ ਹੱਥ 'ਚ ਨਹੀਂ ਸੀ ਕਿ ਕਿਸ ਨੂੰ ਸ਼ਾਮਲ ਕੀਤਾ ਜਾਵੇ। "ਤੁਸੀਂ ਆਪਣੀ ਪਸੰਦ ਨਹੀਂ ਦਸ ਸਕਦੇ ਸਗੋਂ ਪਾਰਟੀ ਆਗੂ ਦੀ ਪਸੰਦ ਮੁਤਾਬਕ ਕੰਮ ਕਰਨਾ ਹੁੰਦਾ ਹੈ। ਉਨ੍ਹਾਂ ਕਿਹਾ ਕਿ "ਰਾਜਾ ਤੇ ਦਯਾਨਿਧੀ ਮਾਰਨ ਡੀ.ਐਮ.ਕੇ. ਦੀ ਪਸੰਦ ਸਨ। ਕੁਝ ਕੰਪਨੀਆਂ ਵੱਲੋਂ ਕੀਤੀਆਂ ਸ਼ਿਕਾਇਤਾਂ ਦੇ ਬਾਵਜੂਦ ਮੇਰੇ ਕੋਲ ਰਾਜਾ ਨੂੰ ਕੈਬਨਿਟ 'ਚ ਸ਼ਾਮਲ ਹੋਣ ਤੋਂ ਰੋਕਣ ਦਾ ਅਧਿਕਾਰ ਨਹੀਂ ਸੀ।

ਆਪਣੀ ਰਿਹਾਇਸ਼ 'ਤੇ ਚੱਲੀ ਇਸ ਗੱਲਬਾਤ ਦੌਰਾਨ ਪ੍ਰਧਾਨ ਮੰਤਰੀ ਨੇ ਕਿਹਾ ਕਿ ਉਹ 2-ਜੀ ਸਪੈਕਟ੍ਰਮ ਘਪਲੇ ਬਾਰੇ ਸਾਂਝੀ ਕਮੇਟੀ (ਜੇ.ਪੀ.ਸੀ) ਸਣੇ ਕਿਸੇ ਵੀ ਸੰਸਦੀ ਕਮੇਟੀ ਸਾਹਮਣੇ ਪੇਸ਼ ਹੋਣ ਤੋਂ ਨਹੀਂ ਡਰਦੇ। ਉਨ੍ਹਾਂ ਕਿਹਾ ਕਿ ਹਰ ਸੰਭਵ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਤੇ ਵਿਰੋਧੀ ਧਿਰ ਨਾਲ ਗੱਲਬਾਤ ਚੱਲ ਰਹੀ ਹੈ ਤਾਂ ਜੋ ਸੰਸਦ ਦਾ ਬਜਟ ਸੈਸ਼ਨ ਚਲ ਸਕੇ। ਸਰਕਾਰ ਦੇ ਮੁਖੀ ਹੋਣ ਦੇ ਨਾਤੇ ਆਪਣੇ-ਆਪ ਨੂੰ ਨੈਤਿਕ ਤੌਰ 'ਤੇ ਜ਼ਿੰਮੇਵਾਰ ਮੰਨਣ ਬਾਰੇ ਉਨ੍ਹਾਂ ਕਿਹਾ, "ਮੈਂ ਕਦੇ ਨਹੀਂ ਕਹਿੰਦਾ ਕਿ ਮੈਂ ਕੋਈ ਗਲਤੀ ਨਹੀਂ ਕੀਤੀ ਪਰ ਮੈਂ ਓਨਾ ਵੱਡਾ ਦੋਸ਼ੀ ਨਹੀਂ ਹਾਂ ਜਿੰਨਾ ਮੈਨੂੰ ਦੱਸਿਆ ਜਾ ਰਿਹਾ ਹੈ। ਗੱਲਬਾਤ ਸ਼ੁਰੂ ਹੋਣ ਤੋਂ ਪਹਿਲਾਂ ਆਪਣੀ ਸ਼ੁਰੂਆਤੀ ਟਿੱਪਣੀ ਵਿਚ ਪ੍ਰਧਾਨ ਮੰਤਰੀ ਨੇ ਰਾਸ਼ਟਰ ਮੰਡਲ, ਇਸਰੋ ਸਮਝੌਤੇ, ਆਦਰਸ਼ ਹਾਊਸਿੰਗ ਸਣੇ ਵੱਖ-ਵੱਖ ਘਪਲਿਆਂ ਦਾ ਮੀਡੀਆ ਵੱਲੋਂ ਪਰਦਾਫਾਸ਼ ਕੀਤੇ ਜਾਣ ਦਾ ਜ਼ਿਕਰ ਕੀਤਾ ਪਰ ਮੀਡੀਆ ਨੂੰ ਕਿਹਾ ਕਿ ਉਹ ਅਕਸ ਅਜਿਹਾ ਪੇਸ਼ ਨਾ ਕਰੇ ਜਿਸ ਨਾਲ ਲੱਗੇ ਕਿ ਭਾਰਤ ਘਪਲਿਆਂ ਦਾ ਦੇਸ਼ ਹੈ ਤੇ ਇੱਥੇ ਕੁਝ ਨਹੀਂ ਹੋ ਰਿਹਾ। ਸੰਚਾਰ ਮੰਤਰੀ ਕਪਿਲ ਸਿੱਬਲ ਦੇ ਦਾਅਵੇ ਕਿ 2-ਜੀ ਸਪੈਕਟ੍ਰਮ ਵਿਚ ਇਕ ਪੈਸੇ ਦਾ ਵੀ ਨੁਕਸਾਨ ਨਹੀਂ ਹੋਇਆ, ਬਾਰੇ ਉਨ੍ਹਾਂ ਕੈਗ ਦੇ ਮੁਲਾਂਕਣ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਕੈਗ ਨੇ ਖ਼ੁਦ ਹੀ ਇਨ੍ਹਾਂ ਅੰਕੜਿਆਂ ਨੂੰ 'ਅੰਦਾਜ਼ਾ' ਦੱਸਿਆ ਹੈ। ਅਗਲੀਆਂ ਚੋਣਾਂ ਵਿਚ ਪ੍ਰਧਾਨ ਮੰਤਰੀ ਦੀ ਦਾਅਵੇਦਾਰੀ ਬਾਰੇ ਉਨ੍ਹਾਂ ਕਿਹਾ, ਇਹ ਕਹਿਣਾ ਫਿਲਹਾਲ ਜਲਦਬਾਜ਼ੀ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਦੇਸ਼ ਦੀ ਅੰਦਰੂਨੀ ਸੁਰੱਖਿਆ ਦੇ ਪੱਖੋਂ ਕਾਫੀ ਸੁਧਾਰ ਕੀਤਾ ਹੈ ਤੇ ਹਾਲਾਤ ਪਹਿਲਾਂ ਨਾਲੋਂ ਬਿਹਤਰ ਹਨ। ਇਸੇ ਨਾਲ ਪ੍ਰਧਾਨ ਮੰਤਰੀ ਨੇ ਕਿਹਾ ਕਿ ਬਜਟ ਸੈਸ਼ਨ ਮਗਰੋਂ ਕੈਬਨਿਟ ਵਿਚ ਰੱਦੋਬਦਲ ਕੀਤੀ ਜਾਵੇਗੀ। ਉਨ੍ਹਾਂ ਦੇਸ਼ ਵਿਚ ਸੁਧਾਰਵਾਦੀ ਨੀਤੀਆਂ ਜਾਰੀ ਰੱਖਣ ਦੀ ਗੱਲ ਕਰਦਿਆਂ ਵਿਰੋਧੀ ਧਿਰ 'ਤੇ ਦੋਸ਼ ਲਗਾਇਆ ਕਿ ਉਹ ਵਿਕਾਸ ਦੇ ਰਾਹ ਵਿਚ ਅੜਿੱਕਾ ਪਾ ਰਹੀ ਹੈ।

## ਪ੍ਰਧਾਨ ਮੰਤਰੀ ਦੇ ਬਿਆਨ 'ਤੇ ਵਿਰੋਧੀ ਧਿਰਾਂ ਭੜਕੀਆਂ

**ਨਵੀਂ ਦਿੱਲੀ:** ਵਿਰੋਧੀ ਪਾਰਟੀਆਂ ਨੇ ਅੱਜ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਉਸ ਟਿੱਪਣੀ ਦੀ ਸਖ਼ਤ ਅਲੋਚਨਾ ਕੀਤੀ ਹੈ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਗਠਜੋੜ ਸਰਕਾਰ ਚਲਾਉਣ ਵੇਲੇ 'ਕੁਝ ਸਮਝੌਤੇ' ਕਰਨੇ ਪੈਂਦੇ ਹਨ। ਭਾਜਪਾ ਨੇ ਹਾਲ ਹੀ ਵਿਚ ਵਾਪਰੇ ਘੁਟਾਲਿਆਂ 'ਤੇ 'ਪਰਦਾ' ਪਾਉਣ ਦੀ ਕੋਸ਼ਿਸ਼ ਲਈ ਡਾ. ਸਿੰਘ ਨੂੰ ਕਸੂਰਵਾਰ ਠਹਿਰਾਇਆ। ਉਨ੍ਹਾਂ ਕਿਹਾ ਕਿ 'ਗਠਜੋੜ ਧਰਮ' ਦਾ ਮਤਲਬ ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਦੇਣਾ ਨਹੀਂ ਹੋ ਸਕਦਾ।

ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਨੇ ਕਿਹਾ ਕਿ "ਪ੍ਰਧਾਨ ਮੰਤਰੀ ਦੀ ਪ੍ਰੈਸ ਕਾਨਫਰੰਸ ਬਹੁਤ ਹੀ ਨਿਰਾਸ਼ ਕਰਨ ਵਾਲੀ ਸੀ ਤੇ ਇਸ ਤੋਂ ਉਨ੍ਹਾਂ ਦੀ ਮਜਬੂਰੀ ਸਾਫ ਝਲਕਦੀ ਸੀ। ਗੱਠਜੋੜ ਧਰਮ ਦਾ ਮਤਲਬ ਭ੍ਰਿਸ਼ਟਾਚਾਰ ਨੂੰ ਹਵਾ ਦੇਣਾ ਨਹੀਂ ਹੋ ਸਕਦਾ। ਬਿਹਾਰ ਦੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਕਿਹਾ ਕਿ ਯੂ.ਪੀ.ਏ. ਵਰਗੇ ਗੱਠਜੋੜ ਚਲਾਉਣ ਨਾਲੋਂ ਲੋਕਾਂ ਦੀ ਕਚਹਿਰੀ ਵਿਚ ਜਾਣਾ ਜ਼ਿਆਦਾ ਬਿਹਤਰ ਹੈ। ਜਿਹੜਾ ਗੱਠਜੋੜ ਭ੍ਰਿਸ਼ਟਾਚਾਰ ਨੂੰ ਹੱਲਾਸ਼ੇਰੀ ਦੇਵੇ ਤੇ ਦੇਸ਼ ਨੂੰ ਵੰਡੇ, ਉਸ ਨਾਲੋਂ ਲੋਕਾਂ ਦੀ ਅਦਾਲਤ ਵਿਚ ਜਾਣਾ ਹਮੇਸ਼ਾ ਜ਼ਿਆਦਾ ਚੰਗਾ ਹੋਵੇਗਾ। ਖੱਬੀਆਂ ਧਿਰਾਂ ਨੇ ਸਰਕਾਰ 'ਤੇ ਵਾਰ ਕਰਦਿਆਂ ਕਿਹਾ ਕਿ ਇਸ ਨੇ 2-ਜੀ ਸਪੈਕਟਰਮ ਵੰਡ ਤੇ ਹੋਰ ਘੁਟਾਲਿਆਂ ਰਾਹੀਂ ਲੋਕਾਂ ਦਾ ਪੈਸਾ ਲੁੱਟਿਆ ਹੈ। ਸੀ.ਪੀ.ਐਮ . ਆਗੂ ਸੀਤਾ ਰਾਮ ਯੇਚੁਰੀ ਨੇ ਕਿਹਾ ਕਿ ਇਸ ਵਕਤ ਰਾਸ਼ਟਰ ਦੋ ਅਹਿਮ ਮੁੱਦਿਆਂ ਭ੍ਰਿਸ਼ਟਾਚਾਰ ਤੇ ਮਹਿੰਗਾਈ ਨਾਲ ਜੂਝ ਰਿਹਾ ਹੈ ਤੇ ਪ੍ਰਧਾਨ ਮੰਤਰੀ ਨੇ 'ਕੁਝ ਨਹੀਂ ਕੀਤਾ ਜਾ ਸਕਦਾ' ਕਹਿ ਕੇ ਹੱਥ ਖੜ੍ਹੇ ਕਰ ਦਿੱਤੇ ਹਨ।




## ਗਿੱਲ ਦਾ ਬਾਹਰਲੇ ਮੁਲਕਾਂ 'ਤੇ 'ਅਤਿਵਾਦ' ਨੂੰ ਹੱਲਾਸ਼ੇਰੀ ਦੇਣ ਦਾ ਦੋਸ਼

**ਨਵੀਂ ਦਿੱਲੀ:** ਪੰਜਾਬ ਪੁਲੀਸ ਦੇ ਸਾਬਕਾ ਡਾਇਰੈਕਟਰ ਜਨਰਲ ਕੇ.ਪੀ.ਐਸ. ਗਿੱਲ ਨੇ ਅਮਰੀਕਾ, ਇੰਗਲੈਂਡ, ਕੈਨੇਡਾ ਤੇ ਜਰਮਨੀ 'ਤੇ ਪੰਜਾਬ ਵਿਚ ਅਤਿਵਾਦ ਨੂੰ ਹਮਾਇਤ ਦੇਣ ਦਾ ਦੋਸ਼ ਲਾਉਂਦਿਆਂ ਨਵਾਂ ਵਿਵਾਦ ਛੇੜ ਦਿੱਤਾ। ਇਕ ਕਿਤਾਬ ਰਿਲੀਜ਼ ਸਮਾਗਮ 'ਚ ਸ੍ਰੀ ਗਿੱਲ ਨੇ ਕਿਹਾ ਕਿ ਉਨ੍ਹਾਂ ਦਿਨਾਂ ਦੌਰਾਨ ਤੀਜੇ ਵਿਸ਼ਵ ਦੇ ਮੁਲਕਾਂ ਵਿਚ ਅਤਿਵਾਦ ਨੂੰ ਹੱਲਾਸ਼ੇਰੀ ਦੇਣਾ ਇਨ੍ਹਾਂ ਮੁਲਕਾਂ ਦੇ ਹਿੱਤ ਵਿਚ ਸੀ। ਇਸ ਸੋਚ ਵਿਚ ਬਦਲਾਓ ਅਮਰੀਕਾ 'ਚ 9/11 ਦੌਰਾਨ ਹੋਏ ਹਮਲੇ ਤੋਂ ਬਾਅਦ ਆਇਆ ਹੈ।

ਸ੍ਰੀ ਗਿੱਲ ਤ੍ਰਿਪੁਰਾ ਦੇ ਸਾਬਕਾ ਡੀ.ਜੀ.ਪੀ. ਬੀ.ਐਲ.ਵੋਹਰਾ ਦੀ ਕਿਤਾਬ 'ਤ੍ਰਿਪੁਰਾ ਬਰੇਵਹਾਰਟਸ' ਦੇ ਰਿਲੀਜ਼ ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਸਨ। ਕਿਤਾਬ ਦਾ ਲੇਖਕ ਜੋ 1967 ਬੈਚ ਦਾ ਆਈ.ਪੀ.ਐਸ. ਅਫਸਰ ਹੈ, ਨੇ ਅਤਿਵਾਦ ਦੌਰਾਨ ਪੰਜਾਬ ਵਿਚ




ਸੇਵਾਵਾਂ ਨਿਭਾਈਆਂ, ਉਦੋਂ ਉਹ ਸੀ.ਆਰ.ਪੀ.ਐਫ. ਵਿਚ ਡੈਪੂਟੇਸ਼ਨ 'ਤੇ ਸੀ। ਇਸ ਮੌਕੇ ਸ੍ਰੀ ਗਿੱਲ ਨੇ ਸਾਫ ਕੀਤਾ ਕਿ ਪਾਕਿਸਤਾਨ ਘੁਸਪੈਠ ਤੇ ਹਥਿਆਰਾਂ ਦੀ ਸਪਲਾਈ ਕਰਦਾ ਸੀ। ਸ੍ਰੀ ਗਿੱਲ ਜਿਹੜੇ 15 ਵਰ੍ਹੇ ਪਹਿਲਾਂ ਬਤੌਰ ਡੀ.ਜੀ.ਪੀ. ਸੇਵਾਮੁਕਤ ਹੋਏ ਸਨ, ਨੇ ਦੱਸਿਆ ਕਿ ਕੈਨੇਡਾ ਨੇ ਏਅਰ. ਇੰਡੀਆ ਦੀ ਕਨਿਸ਼ਕ ਹਵਾਈ ਜਹਾਜ਼ ਬੰਬ ਧਮਾਕੇ ਦੇ ਮੁੱਖ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਨਹੀਂ ਕੀਤੀ ਸੀ। ਇਸ ਹਾਦਸੇ ਵਿਚ 300 ਵਿਅਕਤੀਆਂ ਦੀ ਮੌਤ ਹੋਈ ਸੀ। ਇਹੀ ਨਹੀਂ ਉਨ੍ਹਾਂ ਨੇ ਆਈ.ਐਸ.ਆਈ. ਵੱਲੋਂ ਜਰਮਨੀ ਵਿਚ ਖਾਲਿਸਤਾਨੀ ਵਿਚਾਰਧਾਰਾ ਵਾਲੇ ਵਿਅਕਤੀਆਂ ਨਾਲ ਹੋਈਆਂ ਦੋ ਮੀਟਿੰਗਾਂ ਵਿਚ ਹਿੱਸਾ ਲਿਆ ਗਿਆ ਸੀ।

ਉਨ੍ਹਾਂ ਇਹ ਮਾਮਲਾ ਮੀਡੀਆ ਵਿਚ ਨਸ਼ਰ ਕਰਨ 'ਤੇ ਡਰ ਪ੍ਰਗਟਾਉਂਦਿਆਂ ਕਿਹਾ ਕਿ ਜੇ ਪੰਜਾਬ ਵਿਚ ਅੱਜ ਅਤਿਵਾਦ ਹੁੰਦਾ ਤਾਂ ਮੈਂ ਨਹੀਂ ਜਾਣਦਾ ਕਿ ਇਨ੍ਹਾਂ ਅਪਰੇਸ਼ਨਾਂ ਦਾ ਕੀ ਹਾਲ ਹੁੰਦਾ। ਉਨ੍ਹਾਂ ਸਮਿਆਂ ਦੌਰਾਨ ਇਹੋ ਜਿਹੇ ਝੂਠੇ ਪਾਪੇਗੰਡਾ ਨੂੰ ਰੋਕਿਆ ਨਹੀਂ ਸੀ ਜਾ ਸਕਿਆ ਤੇ ਇਹ ਅੱਜ ਵੀ ਪੂਰੀ ਦੁਨੀਆ ਵਿਚ ਵੈਬਸਾਈਟਾਂ ਜ਼ਰੀਏ ਫੈਲਾਇਆ ਜਾ ਰਿਹਾ ਹੈ।" ਉਨ੍ਹਾਂ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਬਹੁਤ ਵਧੀਆ ਕੰਮ ਕੀਤਾ ਸੀ।

# ਅਡਵਾਨੀ ਤੇ ਹੋਰਾਂ ਖ਼ਿਲਾਫ਼ ਸੁਪਰੀਮ ਕੋਰਟ ਦੇ ਦਰ 'ਤੇ ਦਸਤਕ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਬਾਬਰੀ ਮਸਜਿਦ ਢਾਹੇ ਜਾਣ ਦੇ ਮਾਮਲੇ ਵਿਚ ਅਲਾਹਾਬਾਦ ਹਾਈ ਕੋਰਟ ਵੱਲੋਂ ਭਾਜਪਾ ਦੇ ਸੀਨੀਅਰ ਆਗੂਆਂ ਐਲ.ਕੇ. ਅਡਵਾਨੀ ਤੇ ਮੁਰਲੀ ਮਨੋਹਰ ਜੋਸ਼ੀ ਖ਼ਿਲਾਫ਼ ਫੌਜਦਾਰੀ ਸਾਜ਼ਿਸ਼ ਦੇ ਦੋਸ਼ ਰੱਦ ਕੀਤੇ ਜਾਣ ਖ਼ਿਲਾਫ਼ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਹੈ। ਆਪਣੀ ਅਪੀਲ ਵਿਚ ਏਜੰਸੀ ਨੇ ਦਲੀਲ ਦਿੱਤੀ ਹੈ ਕਿ ਇਨ੍ਹਾਂ ਆਗੂਆਂ ਖ਼ਿਲਾਫ਼ ਹਾਈ ਕੋਰਟ ਵੱਲੋਂ ਫੌਜਦਾਰੀ ਸਾਜ਼ਿਸ਼ ਦੇ ਦੋਸ਼ ਰੱਦ ਕਰਨਾ ਸਹੀ ਨਹੀਂ।

ਪਿਛਲੇ ਸਾਲ 20 ਮਈ ਨੂੰ ਹਾਈ ਕੋਰਟ ਨੇ ਸੀ.ਬੀ.ਆਈ. ਦੀ ਉਹ ਅਪੀਲ ਰੱਦ ਕਰ ਦਿੱਤੀ ਸੀ ਜਿਸ ਵਿਚ ਉਸ ਨੇ ਭਾਜਪਾ ਤੇ ਸੰਘ ਪਰਿਵਾਰ ਦੇ ਆਗੂਆਂ ਅਸ਼ੋਕ ਸਿੰਘਲ, ਗਿਰੀਰਾਜ ਕਿਸ਼ੋਰ, ਵਿਨੈ ਕਟਿਆਰ, ਵਿਸ਼ਨੂੰ ਹਰੀ ਡਾਲਮੀਆ, ਸਾਧਵੀ ਰਿਤੰਬਰਾ ਤੇ ਮਹੰਤ ਅਵੈਦਿਆ ਨਾਥ ਖ਼ਿਲਾਫ਼ ਫੌਜਦਾਰੀ ਸਾਜ਼ਿਸ਼ ਦੇ ਦੋਸ਼ ਬਹਾਲ ਕਰਨ ਦੀ ਮੰਗ ਕੀਤੀ ਸੀ। ਏਜੰਸੀ ਨੇ ਜਿਨ੍ਹਾਂ ਹੋਰਾਂ ਖ਼ਿਲਾਫ਼ ਇਹ ਦੋਸ਼ ਬਹਾਲ ਕਰਨ ਦੀ ਮੰਗ ਕੀਤੀ ਸੀ ਉਨ੍ਹਾਂ ਵਿਚ ਮੱਧ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਉਮਾ ਭਾਰਤੀ ਤੇ ਉੱਤਰ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਕਲਿਆਣ ਸਿੰਘ ਤੇ ਸ਼ਿਵ ਸੈਨਾ ਮੁਖੀ ਬਾਲ ਠਾਕਰੇ ਸ਼ਾਮਲ ਹਨ।



ਹਾਈ ਕੋਰਟ ਦੇ ਲਖਨਊ ਬੈਂਚ ਦੇ ਜਸਟਿਸ ਅਲੋਕ ਕੁਮਾਰ ਸਿੰਘ ਨੇ ਆਪਣੇ 44 ਸਫ਼ਿਆਂ ਦੇ ਫੈਸਲੇ ਵਿਚ ਕਿਹਾ ਸੀ ਕਿ ਵਿਸ਼ੇਸ਼ ਅਦਾਲਤ ਵੱਲੋਂ 4 ਮਈ, 2001 ਵਿਚ ਇਨ੍ਹਾਂ ਖ਼ਿਲਾਫ਼ ਫੌਜਦਾਰੀ ਸਾਜ਼ਿਸ਼ ਦੇ ਮਾਮਲੇ ਰੱਦ ਕਰ ਦਿੱਤੇ ਸਨ ਤੇ ਸੀ.ਬੀ.ਆਈ. ਵੱਲੋਂ ਇਸ ਫੈਸਲੇ ਖ਼ਿਲਾਫ਼ ਪਾਈ ਪਟੀਸ਼ਨ ਉਪਰ ਨਜ਼ਰਸਾਨੀ ਕਰਨ ਦੀ ਕੋਈ ਤੁਕ ਨਹੀਂ। ਬਾਬਰੀ ਮਸਜਿਦ ਢਾਹੇ ਜਾਣ ਬਾਰੇ ਦੋ ਕੇਸ ਹਨ, ਇਕ ਸ੍ਰੀ ਅਡਵਾਨੀ ਤੇ ਹੋਰਾਂ ਖ਼ਿਲਾਫ਼ ਹੈ ਜੋ 6 ਦਸੰਬਰ, 1992 ਨੂੰ ਮੰਚ 'ਤੇ ਬੈਠੇ ਸਨ ਤੇ ਦੂਜਾ ਹਜ਼ਾਰਾਂ ਅਣਪਛਾਤੇ ਕਾਰ ਸੇਵਕਾਂ ਖ਼ਿਲਾਫ਼ ਹੈ।

ਹਾਈ ਕੋਰਟ ਨੇ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਦੇ 2001 ਵਿਚਲੇ ਫੈਸਲੇ ਨੂੰ ਬਰਕਰਾਰ ਰੱਖਦਿਆਂ ਕਿਹਾ ਕਿ ਹੇਠਲੀ ਅਦਾਲਤ ਨੇ ਇਨ੍ਹਾਂ ਸਾਰੇ 21 ਜਣਿਆਂ ਵਿਰੁੱਧ ਫੌਜਦਾਰੀ ਸਾਜ਼ਿਸ਼ ਦਾ ਕੇਸ ਨਾ ਚਲਾਉਣ ਦਾ ਜੋ ਫੈਸਲਾ ਕੀਤਾ ਸੀ, ਉਹ ਕਿਸੇ ਪਾਸਿਓਂ ਗਲਤ ਨਹੀਂ ਜਿਸ ਕਰਕੇ ਉਸ ਵਿਚ ਦਖਲ ਦੇਣ ਦੀ ਲੋੜ ਨਹੀਂ ਕਿਉਂਕਿ ਫੌਜਦਾਰੀ ਸਾਜ਼ਿਸ਼ ਦੀ ਗੱਲ ਸੀ.ਬੀ.ਆਈ. ਹੁਣ ਕਰ ਰਹੀ ਹੈ ਜਦਕਿ ਉਸ ਨੇ ਅਜਿਹਾ ਮਾਮਲਾ ਕਦੇ ਵੀ ਸੁਣਵਾਈ ਅਦਾਲਤ ਜਾਂ ਨਜ਼ਰਸਾਨੀ ਪਟੀਸ਼ਨ ਵਿੱਚ ਨਹੀਂ ਉਠਾਇਆ। ਹਾਈ ਕੋਰਟ ਨੇ ਹੇਠਲੀ ਅਦਾਲਤ ਦੀ ਉਸ ਗੱਲ ਨਾਲ ਵੀ ਸਹਿਮਤੀ ਪ੍ਰਗਟਾਈ ਕਿ ਮਸਜਿਦ ਢਾਹੇ ਜਾਣ ਸਮੇਂ ਬਾਲ ਠਾਕਰੇ, ਕਲਿਆਣ ਸਿੰਘ ਤੇ ਸਤੀਸ਼ ਪ੍ਰਧਾਨ ਮੰਚ 'ਤੇ ਨਹੀਂ ਸਨ। ਇਸੇ ਨਾਲ ਉਸ ਨੇ ਕਿਹਾ ਕਿ ਜੇਕਰ ਸੀ. ਬੀ.ਆਈ. ਕੋਲ ਇਨ੍ਹਾਂ ਸਾਰਿਆਂ ਖ਼ਿਲਾਫ਼ ਫੌਜਦਾਰੀ ਸਾਜ਼ਿਸ਼ ਦੇ ਸਬੂਤ ਹਨ ਤਾਂ ਉਹ ਰਾਏ ਬਰੇਲੀ ਦੀ ਅਦਾਲਤ ਵਿਚ ਇਕ ਹੋਰ ਚਾਰਜਸ਼ੀਟ ਦਾਖਲ ਕਰ ਸਕਦੀ ਹੈ।

## ਅਡਵਾਨੀ ਨੇ ਸੋਨੀਆ ਤੋਂ ਮੁਆਫ਼ੀ ਮੰਗੀ

**ਨਵੀਂ ਦਿੱਲੀ:** ਭਾਜਪਾ ਵੱਲੋਂ ਵਿਦੇਸ਼ਾਂ ਵਿਚਲੇ ਕਾਲੇ ਧਨ ਦਾ ਪਤਾ ਲਾਉਣ ਲਈ ਬਣਾਈ ਗਈ ਟਾਸਕ ਫੋਰਸ ਦੀ ਰਿਪੋਰਟ ਉਸ ਨੂੰ ਹੀ ਪੁੱਠੀ ਪੈ ਗਈ ਹੈ। ਪਾਰਟੀ ਦੇ ਸੀਨੀਅਰ ਆਗੂ ਐਲ.ਕੇ. ਅਡਵਾਨੀ ਨੇ ਰਿਪੋਰਟ ਵਿਚ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਤੇ ਉਨ੍ਹਾਂ ਦੇ ਮਰਹੂਮ ਪਤੀ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਨਾਂ 'ਘੜੀਸੇ' ਜਾਣ 'ਤੇ ਸ੍ਰੀਮਤੀ ਗਾਂਧੀ ਤੋਂ ਮੁਆਫ਼ੀ ਮੰਗੀ ਹੈ। ਭਾਜਪਾ ਨੇ ਵਿਦੇਸ਼ਾਂ ਵਿਚਲੇ ਕਾਲੇ ਧਨ ਤੇ ਉਸ ਨੂੰ ਵਾਪਸ ਲਿਆਉਣ ਦੇ ਢੰਗ-ਤਰੀਕਿਆਂ ਨੂੰ ਦੱਸਣ ਲਈ ਟਾਸਕ ਫੋਰਸ ਬਣਾਈ ਸੀ। ਇਸ ਟਾਸਕ ਫੋਰਸ ਦੀ ਰਿਪੋਰਟ ਵਿਚ ਦੋਸ਼ ਲਗਾਇਆ ਗਿਆ ਸੀ ਕਿ ਸਵਿਸ ਬੈਂਕ ਵਿਚ ਹੋਰ ਕਈ ਭਾਰਤੀਆਂ ਸਣੇ ਸ੍ਰੀਮਤੀ ਗਾਂਧੀ ਤੇ ਉਨ੍ਹਾਂ ਦੇ ਪਤੀ ਰਾਜੀਵ ਗਾਂਧੀ ਦੇ ਖਾਤੇ ਹਨ। ਇਸ ਮਗਰੋਂ ਕਾਂਗਰਸ ਪ੍ਰਧਾਨ ਨੇ ਸ੍ਰੀ ਅਡਵਾਨੀ ਨੂੰ ਖ਼ਤ ਭੇਜਿਆ ਤੇ ਕਿਹਾ ਕਿ ਇਹ ਰਿਪੋਰਟ ਉਨ੍ਹਾਂ ਦੇ ਅਕਸ 'ਤੇ ਦਾਗ਼ ਲਗਾ ਰਹੀ ਹੈ ਕਿਉਂਕਿ ਉਨ੍ਹਾਂ ਦੇ ਵਿਦੇਸ਼ੀ ਬੈਂਕਾਂ ਵਿਚ ਖਾਤੇ ਨਹੀਂ।

ਇਸ ਖ਼ਤ ਦੇ ਜਵਾਬ ਵਿਚ ਸ੍ਰੀ ਅਡਵਾਨੀ ਨੇ ਰਿਪੋਰਟ ਵਿਚ ਸ੍ਰੀਮਤੀ ਗਾਂਧੀ ਤੇ ਉਨ੍ਹਾਂ ਦੇ ਪਤੀ ਦਾ ਨਾਂ ਆਉਣ 'ਤੇ ਅਫਸੋਸ ਪ੍ਰਗਟ ਕੀਤਾ ਹੈ। ਇਸ ਨਾਲ ਉਨ੍ਹਾਂ ਇਹ ਵੀ ਕਿਹਾ ਕਿ ਸ੍ਰੀਮਤੀ ਗਾਂਧੀ ਨੂੰ ਇਸ ਬਾਰੇ ਪਹਿਲਾਂ ਹੀ ਜਨਤਕ ਤੌਰ 'ਤੇ ਇਨਕਾਰ ਕਰਨਾ ਚਾਹੀਦਾ ਸੀ। ਟਾਸਕ ਫੋਰਸ ਨੇ ਆਪਣੀ ਰਿਪੋਰਟ ਵਿਚ ਕਿਹਾ ਹੈ ਕਿ ਵਿਦੇਸ਼ੀ ਬੈਂਕਾਂ ਵਿਚ ਭਾਰਤੀਆਂ ਦੇ 25 ਲੱਖ ਕਰੋੜ ਰੁਪਏ ਜਮ੍ਹਾਂ ਹਨ। ਪਹਿਲੀ ਫਰਵਰੀ ਨੂੰ ਇਹ ਰਿਪੋਰਟ ਐਨ.ਡੀ.ਏ. ਆਗੂਆਂ ਨੇ ਜਾਰੀ ਕੀਤੀ ਸੀ।

## ਅਮੋਲਕ ਸਿੰਘ ਸਿੱਧੂ ਨੂੰ ਸਦਮਾ, ਮਾਤਾ ਸੁਰਗਵਾਸ

**ਫਰਿਜ਼ਨੋ (ਐਸ ਅਸ਼ੋਕ ਭੌਰਾ):** ਉਘੇ ਟਰਾਂਸਪੋਰਟਰ ਅਤੇ ਸੈਂਟਰਲ ਵੈਲੀ ਦੀ ਜਾਣੀ-ਪਛਾਣੀ ਸ਼ਖਸੀਅਤ ਸ੍ਰੀ ਅਮੋਲਕ ਸਿੰਘ ਸਿੱਧੂ (ਭੋਲਾ) ਨੂੰ ਉਸ ਸਮੇਂ ਡੂੰਘਾ



ਸਦਮਾ ਪੁਜਾ ਜਦੋਂ ਉਨ੍ਹਾਂ ਦੇ ਮਾਤਾ ਬੀਬੀ ਕੁਲਵੰਤ ਕੌਰ ਸਿੱਧੂ (56) ਸੁਪਤਨੀ ਮਰਹੂਮ ਸ. ਹਰਜੀਤ ਸਿੰਘ ਸਿੱਧੂ ਸੰਖੇਪ ਜਿਹੀ ਬੀਮਾਰੀ ਪਿਛੋਂ ਪੰਜਾਬ ਵਿਚ ਬੰਗਾ ਦੇ ਇਕ ਹਸਪਤਾਲ ਵਿਚ ਸਦੀਵੀ ਵਿਛੋੜਾ ਦੇ ਗਏ। ਇਸ ਵੇਲੇ ਉਹ ਆਪਣੇ ਛੋਟੇ ਪੁਤਰ ਰਵਿੰਦਰ ਸਿੰਘ ਸਿੱਧੂ ਨਾਲ ਆਪਣੇ ਜੱਦੀ ਪਿੰਡ ਗੁਣਾਚੌਰ (ਜਿਲਾ ਸ਼ਹੀਦ ਭਗਤ ਸਿੰਘ ਨਗਰ) ਵਿਖੇ ਰਹਿ ਰਹੇ ਸਨ। ਉਹ ਆਪਣੇ ਪਿਛੇ ਪੁਤਰ ਅਮੋਲਕ ਸਿੰਘ ਸਿੱਧੂ, ਰਵਿੰਦਰ ਸਿੰਘ ਸਿੱਧੂ, ਨੂੰਹ ਪਰਮਿੰਦਰ ਕੌਰ ਅਤੇ ਧੀ ਹਰਿੰਦਰ ਕੌਰ ਨਾਰਵੇ ਛਡ ਗਏ ਹਨ। ਉਨ੍ਹਾਂ ਦਾ ਸਸਕਾਰ ਪਿੰਡ ਗੁਣਾਚੌਰ ਵਿਚ ਕਰ ਦਿਤਾ ਗਿਆ।

ਪਰਿਵਾਰ ਲਈ ਲੋਹੜਾ ਇਹ ਵੀ ਵੱਜਾ ਕਿ ਇਸੇ ਪੁਤਰ ਦਾ ਵਿਆਹ 21 ਫਰਵਰੀ ਨੂੰ ਰਖਿਆ ਹੋਇਆ ਸੀ। ਬੀਬੀ ਕੁਲਵੰਤ ਕੌਰ ਸਿੱਧੂ ਸਥਾਨਕ ਟਰਾਂਸਪੋਰਟਰਾਂ ਸੁਰਿੰਦਰ ਸਿੰਘ ਨਿੱਜਰ, ਅੰਮ੍ਰਿਤਪਾਲ ਸਿੰਘ ਨਿੱਜਰ ਅਤੇ ਹਰਨੇਕ ਸਿੰਘ ਨਿੱਜਰ ਦੇ ਭੂਆ ਜੀ ਸਨ। ਸ੍ਰੀ ਅਮੋਲਕ ਸਿੰਘ ਸਿੱਧੂ ਨਾਲ ਸੰਪਰਕ ਫੋਨ 559-709-0089 ਤੇ ਕੀਤਾ ਜਾ ਸਕਦਾ ਹੈ।

## ਸਾਧੂ ਸਿੰਘ ਤਖਤੂਪੁਰਾ ਦੀ ਬਰਸੀ 'ਤੇ ਹਜ਼ਾਰਾਂ ਲੋਕਾਂ ਵੱਲੋਂ ਸੰਘਰਸ਼ ਜਾਰੀ ਰੱਖਣ ਦਾ ਅਹਿਦ

**ਤਖਤੂਪੁਰਾ, ਮੋਗਾ (ਬਲਜਿੰਦਰ ਕੋਟਭਾਰਾ):** ਕਿਸਾਨ ਆਗੂ ਸ਼ਹੀਦ ਸਾਧੂ ਸਿੰਘ ਤਖਤੂਪੁਰਾ ਦੀ ਪਹਿਲੀ ਬਰਸੀ 'ਤੇ ਹਜ਼ਾਰਾਂ ਲੋਕਾਂ ਦੇ ਇਕੱਠ ਨੇ ਵਰ੍ਹਦੇ ਮੀਂਹ ਤੇ ਤੇਜ਼ ਝੱਖੜ ਦੀ ਪਰਵਾਹ ਕੀਤੇ ਬਿਨਾਂ ਸੰਘਰਸ਼ ਜਾਰੀ ਰੱਖਣ ਦਾ ਅਹਿਦ ਲਿਆ। ਸੂਬੇ ਭਰ ਦੇ ਕੋਨੇ-ਕੋਨੇ ਵਿਚੋਂ ਵੱਡੀ ਗਿਣਤੀ ਵਿਚ ਪੁੱਜੇ ਲੋਕਾਂ ਨੇ ਸੂਬਾ ਹਕੂਮਤ ਅਤੇ ਤਖਤੂਪੁਰਾ ਦੇ ਕਾਤਲਾਂ ਨੂੰ ਵੰਗਾਰਦਿਆ ਹਕੂਮਤ ਦੇ ਨੱਕ ਵਿਚ ਦਮ ਕਰਨ ਦਾ ਪ੍ਰਣ ਵੀ ਲਿਆ।

ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਸਾਧੂ ਸਿੰਘ ਦੇ ਜੱਦੀ ਪਿੰਡ ਮਨਾਈ ਗਈ ਬਰਸੀ ਮੌਕੇ ਉਸ ਦੀ ਯਾਦ ਵਿਚ ਬਣਨ ਵਾਲੀ ਇੱਕ ਯਾਦਗਰ ਦਾ ਨੀਂਹ ਪੱਥਰ ਵੀ ਰੱਖਿਆ। ਮੀਂਹ ਦੌਰਾਨ ਚੱਲੀ ਹਨੇਰੀ ਕਾਰਣ ਠੰਡ ਐਨੀ ਜਿਆਦਾ ਵੱਧ ਗਈ ਸੀ ਕਿ ਬਜ਼ੁਰਗ ਕਿਸਾਨ ਕੰਬਦੇ ਹੋਏ ਵੀ ਪੰਡਾਲ ਵਿਚ ਡਟੇ ਬੈਠੇ ਰਹੇ। ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਸਾਨਾਂ, ਮਜ਼ਦੂਰਾਂ ਅਤੇ ਕਿਰਤੀ ਔਰਤਾਂ ਦੇ ਜਬਰਦਸਤ ਇਕੱਠ ਨੂੰ ਸੰਬੋਧਨ ਕਰਦਿਆਂ ਸਾਧੂ ਸਿੰਘ ਦੇ ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦਿਵਾਉਣ, ਜਮੀਨੀ ਸੁਧਾਰ ਤਹਿਤ ਵਾਧੂ ਨਿਕਲਦੀਆਂ ਜ਼ਮੀਨਾਂ ਦੀ ਵੰਡ ਕਰਵਾਉਣ, ਸੂਬਾ ਹਕੂਮਤ ਵੱਲੋਂ ਲਾਗੂ ਕੀਤੇ ਜਾ ਰਹੇ ਕਾਲੇ ਕਾਨੂੰਨਾਂ ਨੂੰ ਵਾਪਸ ਕਰਵਾਉਣ, ਖ਼ੁਦਕੁਸ਼ੀ ਪੀੜ੍ਹਤਾਂ ਨੂੰ ਮੁਆਵਜ਼ੇ ਅਤੇ ਨੌਕਰੀਆਂ ਦਿਵਾਉਣ ਤੱਕ ਸੰਗਰਾਮ ਅੱਗੇ ਵਧਾਉਣ ਦੀ ਗੱਲ ਕੀਤੀ। ਮਜ਼ਦੂਰ ਆਗੂ ਲਛਮਣ ਸਿੰਘ ਸੇਵੇਵਾਲ ਨੇ ਕਿਸਾਨਾਂ ਅਤੇ ਖ਼ੇਤ ਮਜ਼ਦੂਰਾਂ ਦੇ ਬਣਦੇ ਸਾਂਝੇ ਹਿੱਤਾਂ 'ਤੇ ਲੋਕ ਲਹਿਰ ਉਸਾਰਨ ਦੀ ਗੱਲ ਕਰਦਿਆਂ ਭਵਿੱਖ ਦੀ ਚੁਣੌਤੀਆਂ ਨੂੰ ਲੋਕਾਂ ਦੇ ਸਨਮੁੱਖ ਕੀਤਾ।

ਮਜ਼ਦੂਰ ਆਗੂ ਜੋਰਾ ਸਿੰਘ ਨਸਰਾਲੀ, ਬੀ. ਕੇ. ਯੂ. ਦੇ ਸੂਬਾ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਸੂਬਾ ਆਗੂ ਝੰਡਾ ਸਿੰਘ ਜੇਠੂਕੇ, ਕਰਾਂਤੀਕਾਰੀ ਸਭਾ ਦੇ ਸੁਰਜੀਤ ਸਿੰਘ ਫੂਲ, ਬੀ. ਕੇ .ਯੂ. ਡਕੌਂਦਾ ਦੇ ਬੂਟਾ ਸਿੰਘ ਬੁਰਜ ਗਿੱਲ, ਜਮਹੂਰੀ ਕਿਸਾਨ ਸਭਾ ਦੇ ਸਤਿਨਾਮ ਸਿੰਘ, ਕਿਸਾਨ ਸੰਘਰਸ਼ ਕਮੇਟੀ ਦੇ ਕੰਵਲਪ੍ਰੀਤ ਸਿੰਘ ਪਨੂੰ, ਕਿਰਤੀ ਕਿਸਾਨ ਯੂਨੀਅਨ ਦੇ ਹਰਦੇਵ ਸਿੰਘ ਸੰਧੂ, ਟੀ. ਐਸ. ਯੂ. ਦੇ ਗੁਰਦੀਪ ਸਿੰਘ, ਪੰਜਾਬ ਕਿਸਾਨ ਸਭਾ ਦੇ ਸੂਬਾ ਆਗੂ ਰੁਲਦੂ ਸਿੰਘ ਮਾਨਸਾ, ਮੋਲਡਰ ਐਂਡ ਸਟੀਲ ਵਰਕਰ ਯੂਨੀਅਨ ਦੇ ਹਰਜਿੰਦਰ ਸਿੰਘ ਆਦਿ ਨੇ ਹਕੂਮਤਾਂ ਦੀ ਜਨਤਕ ਅਦਾਰਿਆਂ ਦਾ ਭੋਗ ਪਾਉਣ, ਕਿਸਾਨ ਅਤੇ ਹੋਰ ਲੋਕ ਆਗੂਆਂ ਨੂੰ ਸ਼ਹੀਦ ਕਰਨ ਦੀ ਨੀਤੀ ਨੂੰ ਆੜੇ ਹੱਥੀ ਲੈਂਦਿਆ ਕਿਹਾ ਕਿ ਸਰਕਾਰੀ ਜਬਰ ਦੇ ਬਾਵਜੂਦ 17 ਮਜ਼ਦੂਰ-ਕਿਸਾਨ ਜਥੇਬੰਦੀਆਂ ਵੱਲੋਂ ਸ਼ੁਰੂ ਕੀਤੀ ਸੰਗਰਾਮ ਦੀ ਲਹਿਰ ਆਪਣੀ ਮੰਜ਼ਲ ਦੀ ਪ੍ਰਾਪਤੀ ਵੱਲ ਲਗਾਤਾਰ ਵੱਧ ਰਹੀ ਹੈ।



*ਸਾਧੂ ਸਿੰਘ ਤਖਤੂਪੁਰਾ ਦੀ ਪਹਿਲੀ ਬਰਸੀ ਮੌਕੇ ਵਰ੍ਹਦੇ ਮੀਂਹ ਵਿਚ ਬੈਠੇ ਲੋਕ*

## ਲੋਗਨ ਹਾਈ ਸਕੂਲ ਦੀ ਪ੍ਰਿੰਸੀਪਲ ਨੇ ਸੰਗਤਾਂ ਨੂੰ ਪੰਜਾਬੀ ਪੜ੍ਹਨ ਲਈ ਪ੍ਰੇਰਿਆ

ਫ਼ਰੀਮਾਂਟ: ਜੇਮਜ਼ ਲੋਗਨ ਹਾਈ ਸਕੂਲ ਦੀ ਪ੍ਰਿੰਸੀਪਲ ਐਮੀ ਮੈਕਨਾਮਾਰਾ ਫ਼ਰੀਮਾਂਟ ਗੁਰਦਵਾਰੇ ਆਈ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸਕੂਲ ਵਿਚ ਚਲਾਈ ਜਾ ਰਹੀ ਪੰਜਾਬੀ ਕਲਾਸ ਵਿਚ ਵਧ ਤੋਂ ਵੱਧ ਬੱਚਿਆਂ ਨੂੰ ਦਾਖਲ ਹੋਣ ਲਈ ਪ੍ਰੇਰਿਤ ਕਰਨ। ਉਨ੍ਹਾਂ ਦਸਿਆ ਕਿ ਸਕੂਲ ਵਿਚ ਪੰਜਾਬੀ ਭਾਈਚਾਰੇ ਦੇ ਉਪਰਾਲੇ ਨਾਲ ਪਿਛਲੇ ਛੇ ਸਾਲਾਂ ਤੋਂ ਪੰਜਾਬੀ ਕਲਾਸ ਚਲਾਈ ਜਾ ਰਹੀ ਹੈ। ਇਸ ਕਲਾਸ ਨੂੰ ਯੂਨੀਵਰਸਿਟੀ ਵਲੋਂ ਮਾਨਤਾ ਪ੍ਰਾਪਤ ਹੈ ਅਤੇ ਇਹ ਕਾਲਜਾਂ ਵਿਚ ਅਗੇਤਰ ਪੜ੍ਹਾਈ ਲਈ ਇਕ ਮੰਜ਼ੂਰਸ਼ੁਦਾ ਹੈ। ਇਸ ਵਾਸਤੇ ਪੰਜਾਬੀ ਭਾਈਚਾਰੇ ਨੂੰ ਇਸਦਾ ਪੂਰਾ ਲਾਭ ਉਠਾਉਣਾ ਚਾਹੀਦਾ ਹੈ। ਵੈਸੇ ਵੀ ਦੋ ਜਾਂ ਵੱਧ ਜ਼ੁਬਾਨਾਂ ਸਿੱਖਣ ਵਾਲੇ ਬੱਚੇ ਆਪਣੀ ਮਾਤਭਾਸ਼ਾ ਦੀ ਪੜ੍ਹਾਈ ਵਿਚ ਵਧੇਰੇ ਨੰਬਰ ਲੈਂਦੇ ਹਨ ਅਤੇ ਨੌਕਰੀ ਵਿਚ ਵੀ ਉਨ੍ਹਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ ਜੇਮਜ਼ ਲੋਗਨ ਹਾਈ ਸਕੂਲ ਵਿਚ ਕੇਵਲ ਪੰਜਾਬੀ ਕਲਾਸ ਪੰਜ ਲੈਵਲ ਤਕ ਪੜ੍ਹਾਈ ਜਾਂਦੀ ਹੈ। ਪੰਜਾਬੀ 1-2 ਮੁਢਲੇ ਦਰਜੇ ਦੀਆਂ ਕਲਾਸਾਂ ਉਨ੍ਹਾਂ ਬੱਚਿਆਂ ਲਈ ਹਨ ਜੋ ਇਥੋਂ ਦੇ ਜਮਪਲ ਹਨ ਅਤੇ ਜਿਨ੍ਹਾਂ ਨੇ ਪੰਜਾਬੀ ਮੁਢ ਤੋਂ ਸਿੱਖਣੀ ਹੋਵੇ। ਪੰਜਾਬੀ 3 ਵਿਚਕਾਰਲੇ ਦਰਜੇ ਅਤੇ ਪੰਜਾਬੀ 4 ਐਡਵਾਂਸ ਲੈਵਲ ਦੀ ਕਲਾਸ ਹੈ। ਇਸ ਤੋਂ ਉਪਰੰਤ ਪੰਜਾਬੀ ਆਨਰਜ਼ ਉਨ੍ਹਾਂ ਲਈ ਹੈ ਜਿਨ੍ਹਾਂ ਨੇ ਮਾਨਤਾ ਪ੍ਰਾਪਤ ਕਰਨੀ ਹੋਵੇ। ਇਸ ਕਲਾਸ ਦੀ ਜੀ ਪੀ ਏ 5 ਹੈ ਜੋ ਕਿ ਕਾਲਜ ਵਿਚ ਦਾਖਲੇ ਲਈ ਬੜੀ ਸਹਾਇਕ ਹੁੰਦੀ ਹੈ।





**Business Opportunity**

International Company looking for serious people to work from home-part time or full time. Great earning potential, full training and support provided. To attend training in your area and For more info. call:

**Surjit Singh or Satwant K. Takk Cell:**

**(416) 889-9886**

Sukhpreet Kaur Indiana Ph:317-884-3557

*www.safeandeasyweightloss.com*

*e-mail:sstakk@hotmail.com*

*To Advertise with us call: 847-359-0746*

**Desi Cuts and Color Plus**

For Men, Women & Children

Grand Opening

Ph:510-429-0786



Mandeep
510-200-4415



Tony
(510) 825-0820

Monday to Friday 9:00-7:30 (Tuesday Closed)
Saturday 9:00-7:00, Sunday 10:00-6:00

ਜਿੰਦਗੀ ਵਿਚ ਕਾਮਯਾਬੀ ਲਈ ਸਮਾਰਟ ਹੋਣਾ ਹੀ ਜਰੂਰੀ ਨਹੀਂ ਬਲਕਿ ਵਧੀਆ ਦਿਖਣਾ ਵੀ ਜਰੂਰੀ ਹੈ। ਵਧੀਆ ਹੇਅਰ ਕਟਿੰਗ ਤੇ ਆਪਣੀ ਦੱਖ ਹੋਰ ਸੋਹਣੀ ਬਣਾਉਣ ਲਈ ਅਜ ਹੀ ਮਿਲੋ ਮਿਸਟਰ ਟੋਨੀ ਨੂੰ, ਜੋ ਕਿ ਇੰਡੀਆ, ਇੰਗਲੈਂਡ ਯੂ ਕੇ, ਅਮਰੀਕਾ ਕੁਆਲੀਫਾਈਡ ਬਾਰਬਰ ਨੇ।

Hair cut
Beard Perm
Hair styler
Color
Facial, Threading and Waxing (Special Lady)

34685 Alvarado Niles Rd., Union City, CA 94587 (Behind Tacobell)

ਕੀ ਤੁਹਾਡੇ ਕੋਲ਼ iPhone ਹੈ? ਹੁਣ ਤੁਸੀਂ ਆਪਣੇ iPhone ਤੇ ਹੀ iHues.com ਦਾ ਫ਼ਰੀ App ਐਡ ਕਰਕੇ ਪੰਜਾਬੀ ਵਿੱਚ ਤਾਜ਼ੀਆਂ ਖ਼ਬਰਾਂ ਪੜ੍ਹ ਸਕਦੇ ਹੋ




ਜਿਆਦਾ ਜਾਣਕਾਰੀ ਲਈ www.ihues.com ਤੇ ਜਾਵੋ

iHues.com ਦਾ ਫ਼ਰੀ App ਲੈਣ ਕਰਨ ਲਈ ਆਪਣੇ iPhone ਦੇ App Store ਵਿੱਚ ihues media ਸ਼ਬਦ ਟਾਈਪ ਕਰੋ

FARMERS INSURANCE GROUP Symbol of Superior Service

**FARMERS®**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**

***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



Gurcharan Singh Mann
Insurance Agent
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

## 27 ਸਾਲ ਕਿਸੇ ਨਾ ਪੁੱਛਿਆ ਹਾਲ

*ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿਖੇ 2 ਨਵੰਬਰ 1984 ਨੂੰ ਹੋਏ ਇਸ ਖ਼ੂਨੀ ਕਾਂਡ ਦੇ ਪੀੜਤਾਂ ਦੀ ਅੱਜ ਤੱਕ ਕਿਸੇ ਨੇ ਸਾਰ ਨਾ ਲਈ। ਹੁਣ ਵੱਖ-ਵੱਖ ਰੰਗ ਦੀਆਂ ਸਿਆਸੀ ਧਿਰਾਂ ਨੇ ਵੱਡੇ ਪੱਧਰ 'ਤੇ ਸਰਗਰਮੀ ਸ਼ੁਰੂ ਕਰ ਦਿੱਤੀ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਧਿਰਾਂ ਵਿਚੋਂ ਕਿਸੇ ਨੇ ਵੀ ਅੱਜ ਤੱਕ, 1984 ਦੇ ਪੀੜਤਾਂ ਦੇ ਮੁੜ ਵਸੇਬੇ ਲਈ ਕੋਈ ਨੀਤੀ ਨਹੀਂ ਬਣਾਈ। ਨਾ ਹੀ ਇਨ੍ਹਾਂ ਦੀ ਮੱਦਦ ਲਈ ਕਦੀ ਕੋਈ ਤਰੱਦਦ ਹੀ ਕੀਤਾ ਹੈ। ਨਤੀਜਨ, ਵਜੋਂ ਦਰਦ ਦਾ ਇਹ ਦਰਿਆ ਆਏ ਦਿਨ ਭਰਦਾ ਜਾ ਰਿਹਾ ਹੈ।*

# 84: ਦਰਦ ਦਾ ਦਰਿਆ



*ਪਿੰਡ ਹੋਂਦ ਚਿੱਲੜ ਵਿਚ ਸਿੱਖਾਂ ਦੇ ਖੰਡਰ ਹੋਏ ਘਰਾਂ ਦੀ ਤਸਵੀਰ*

## ਵਹਿਸ਼ਤ ਦੇ ਸ਼ਿਕਾਰਾਂ ਨੇ ਸੁਣਾਈ ਦਹਿਸ਼ਤ ਦੀ ਦਾਸਤਾਂ

**ਬਠਿੰਡਾ:** ਹੋਂਦ ਚਿੱਲੜ ਪਿੰਡ ਦੇ ਕਤਲੇਆਮ ਦੇ ਚਸ਼ਮਦੀਦ ਗਵਾਹਾਂ ਦਾ ਕਹਿਣਾ ਹੈ ਕਿ ਦੋ ਨਵੰਬਰ 1984 ਦਾ ਦਿਨ ਬਹੁਤ ਹੀ ਭਿਆਨਕ ਸੀ। ਇਸ ਦਿਨ ਵੱਡੀ ਗਿਣਤੀ ਵਿਚ ਗੁੰਡਿਆਂ ਨੇ ਪਿੰਡ 'ਤੇ ਹਮਲਾ ਕਰਕੇ 35 ਜਣਿਆਂ ਜਿਨ੍ਹਾਂ ਵਿਚ ਔਰਤਾਂ ਤੇ ਬੱਚੇ ਵੀ ਸ਼ਾਮਲ ਸਨ, ਨੂੰ ਮਾਰ ਦਿੱਤਾ। ਕੁਝ ਪਿੰਡ ਵਾਸੀ ਬੜੀ ਮੁਸ਼ਕਲ ਜਾਨਾਂ ਬਚਾ ਕੇ ਰਿਵਾੜੀ ਪਹੁੰਚੇ ਸਨ। ਕਤਲੇਆਮ ਦੀ ਗਵਾਹ ਹਰਭਜਨ ਸਿੰਘ ਤੇ ਹਰਜੀਤ ਸਿੰਘ ਦੀ ਮਾਤਾ ਸਮਿੱਤਰਾ ਦੇਵੀ ਅਤੇ ਇਸੇ ਪਿੰਡ ਦੇ ਵਾਸੀ ਪ੍ਰੇਮ ਸਿੰਘ ਮੁਤਾਬਕ ਉਹ ਆਪਣੇ ਪੁੱਤਰਾਂ ਸਮੇਤ ਬੜੀ ਮੁਸ਼ਕਲ ਨਾਲ ਜਾਨ ਬਚਾ ਕੇ ਰਾਤ ਨੂੰ ਨੇੜਲੇ ਪਿੰਡ ਧਨੌਰਾ ਪਹੁੰਚੇ। ਉਸ ਪਿੰਡ ਦੇ ਰਿਸਾਲ ਸਿੰਘ ਨੇ ਆਪਣੇ ਟਰੈਕਟਰ-ਟਰਾਲੀ ਵਿਚ ਉਨ੍ਹਾਂ ਨੂੰ ਰਿਵਾੜੀ ਪਹੁੰਚਾਇਆ। ਹਮਲਾਵਰਾਂ ਨੇ ਦਿਨੇ ਗਿਆਰਾਂ ਵਜੇ ਹਮਲਾ ਕੀਤਾ ਸੀ ਤੇ ਇਸ ਹਮਲੇ ਵਿਚ ਚਾਰ ਪਰਿਵਾਰਾਂ ਦੇ 34 ਮੈਂਬਰ ਤੇ ਇਕ ਫੌਜੀ ਸਣੇ 35 ਵਿਅਕਤੀ ਮਾਰੇ ਗਏ ਸਨ। ਮਰਨ ਵਾਲਿਆਂ ਵਿਚ ਸਮਿੱਤਰਾ ਦਾ ਪਤੀ ਬਲਵੰਤ ਸਿੰਘ ਵੀ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਨੇੜਲੇ ਪਿੰਡ ਦੀ ਕਾਫੀ ਭੀੜ ਉਥੇ ਖੜ੍ਹੀ ਸੀ ਪਰ ਮਿੰਨਤਾਂ ਕਰਨ ਦੇ ਬਾਵਜੂਦ ਕਿਸੇ ਨੇ ਸਾਥ ਨਹੀਂ ਦਿੱਤਾ।

ਇਸ ਪਿੰਡ ਵਿਚ ਮੱਕੜ ਗੋਤ ਦੇ ਪਾਕਿਸਤਾਨ ਤੋਂ ਆਏ 92 ਦੇ ਕਰੀਬ ਮੈਂਬਰ ਰਹਿੰਦੇ ਸਨ। ਕਾਂਡ ਵਾਲੇ ਦਿਨ 70 ਦੇ ਕਰੀਬ ਮੈਂਬਰ ਪਿੰਡ ਸਨ ਅਤੇ ਬਾਕੀ ਕੰਮਾਂ-ਕਾਰਾਂ ਲਈ ਬਾਹਰ ਗਏ ਹੋਏ ਸਨ। ਹਮਲਾਵਰਾਂ ਨੇ ਗੁਰਦਿਆਲ ਸਿੰਘ, ਸਰਦਾਰ ਸਿੰਘ, ਕਰਤਾਰ ਸਿੰਘ ਅਤੇ ਭਗਵਾਨ ਸਿੰਘ ਦੇ ਸਾਰੇ ਪਰਿਵਾਰ ਨੂੰ ਸਾੜ ਕੇ ਮਾਰ ਦਿੱਤਾ। ਤਖਤ ਸਿੰਘ ਜੋ ਇਕੱਲਾ ਹੀ ਰਹਿੰਦਾ ਸੀ, ਵੀ ਮਾਰਿਆ ਗਿਆ। ਇਸੇ ਤਰ੍ਹਾਂ ਹਰਨਾਮ ਸਿੰਘ ਦੀ ਪਤਨੀ ਅੰਮ੍ਰਿਤ ਕੌਰ ਵੀ ਮਾਰੀ ਗਈ ਪਰ ਉਸ ਦਾ ਪਤੀ ਉਸ ਦਿਨ ਪਿੰਡ ਵਿਚ ਨਹੀਂ ਸੀ ਤੇ ਇਸ ਕਰਕੇ ਉਹ ਬਚ ਗਿਆ। ਹਰਭਜਨ ਸਿੰਘ ਨੇ ਦੱਸਿਆ ਕਿ ਚਾਰ ਪਰਿਵਾਰਾਂ ਦੇ ਲਗਪਗ 35 ਮੈਂਬਰ ਜੋ ਬਚ ਕੇ ਆ ਗਏ ਸਨ, ਰਿਵਾੜੀ, ਬਠਿੰਡਾ ਅਤੇ ਲੁਧਿਆਣਾ ਵਿਚ ਰਹਿੰਦੇ ਹਨ। ਜਿਸ ਰਾਤ ਉਨ੍ਹਾਂ ਨੂੰ ਪਿੰਡ ਛੱਡਣਾ ਪਿਆ, ਉਸ ਦੀ ਉਮਰ 22 ਸਾਲ ਸੀ ਤੇ ਉਸ ਦੇ ਭਰਾ ਹਰਜੀਤ ਸਿੰਘ ਦੀ ਉਮਰ ਤਿੰਨ ਸਾਲ ਸੀ। ਉਸ ਦੀ ਮਾਤਾ ਨੇ ਦੱਸਿਆ ਕਿ ਡਰ ਕਾਰਨ ਹੀ ਉਹ ਰਿਵਾੜੀ ਤੋਂ ਆਪਣੇ ਪੁੱਤਰਾਂ ਸਮੇਤ ਬਠਿੰਡੇ ਜ਼ਿਲ੍ਹੇ ਦੀ ਗੋਨਿਆਣਾ ਮੰਡੀ ਵਿਚ ਰਹਿਣ ਲੱਗ ਪਈ। ਦੋ ਤਿੰਨ ਸਾਲ ਇਸ ਮੰਡੀ ਵਿਚ ਗੁਜ਼ਾਰੇ ਅਤੇ ਉਸ ਤੋਂ ਬਾਅਦ ਲੁਧਿਆਣਾ ਰਹਿਣਾ ਸ਼ੁਰੂ ਕਰ ਦਿੱਤਾ। ਮੁੜ ਕੇ ਉਹ ਕਦੀ ਆਪਣੇ ਪਿੰਡ ਨਹੀਂ ਗਏ ਕਿਉਂਕਿ ਪਿੰਡ ਵਿਚ ਉਨ੍ਹਾਂ ਦਾ ਕੋਈ ਸਕਾ ਸਬੰਧੀ ਨਹੀਂ ਸੀ ਬਚਿਆ। ਉਨ੍ਹਾਂ ਦੱਸਿਆ ਕਿ ਹਮਲਾਵਰਾਂ ਨੇ ਲੋਕਾਂ ਨੂੰ ਘਰਾਂ ਸਮੇਤ ਸਾੜ ਦਿੱਤਾ। ਇਸ ਤੋਂ ਬਾਅਦ ਪਿੰਡ ਦੇ ਗੁਰਦੁਆਰੇ ਨੂੰ ਵੀ ਅੱਗ ਲਾ ਦਿੱਤੀ। ਹਮਲਾਵਰਾਂ ਨੇ ਘਰਾਂ ਦੀਆਂ ਛੱਤਾਂ ਪਾੜ ਕੇ ਅਤੇ ਤੇਲ ਛਿੜਕ ਕੇ ਅੱਗਾਂ ਲਾਈਆਂ ਸਨ। ਤੇਲ ਵੀ ਉਨ੍ਹਾਂ ਦੇ ਡਰੰਮਾਂ ਵਿਚੋਂ ਕੱਢਿਆ ਸੀ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖਜ਼ ਫਾਰ ਜਸਟਿਸ ਨੇ ਪਿੰਡ ਹੋਂਦ ਚਿੱਲੜ ਨੂੰ ਸਿੱਖ ਨਸਲਕੁਸ਼ੀ ਦੀ ਯਾਦਗਾਰ ਵਜੋਂ ਸਥਾਪਿਤ ਕਰਨ ਦਾ ਐਲਾਨ ਕੀਤਾ ਹੈ ਤੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ 6 ਮਾਰਚ ਨੂੰ ਪਿੰਡ ਹੋਂਦ ਚਿੱਲੜ ਵਿਚ ਪਹੁੰਚਣ। ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਅਨੁਸਾਰ ਪਿਛਲੇ ਲੰਮੇ ਸਮੇਂ ਤੋਂ ਭਾਰਤ ਨੇ ਸਿੱਖ ਨਸਲਕੁਸ਼ੀ ਨੂੰ ਵੱਖ-ਵੱਖ ਨਾਂ ਦੇ ਕੇ ਜਾਂ ਇਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਹੈ।

## 6 ਮਾਰਚ ਨੂੰ ਪਿੰਡ ਹੋਂਦ ਚਿੱਲੜ ਪੁੱਜਣ ਦਾ ਹੋਕਾ

**ਅੰਮ੍ਰਿਤਸਰ:** ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ ਨੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਉਹ ਵੱਧ ਤੋਂ ਵੱਧ ਗਿਣਤੀ ਵਿਚ 6 ਮਾਰਚ ਨੂੰ ਪਿੰਡ ਹੋਂਦ ਚਿੱਲੜ ਪੁੱਜਣ ਜਿਥੇ ਉਸ ਦਿਨ ਇਸ ਖ਼ੂਨੀ ਸਾਕੇ ਵਿਚ ਮਾਰੇ ਗਏ ਸਿੱਖਾਂ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ।

ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਅਤੇ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਇਸ ਪਿੰਡ ਨੂੰ ਸਿੱਖ ਨਸਲਕੁਸ਼ੀ ਦੀ ਪਵਿੱਤਰ ਯਾਦ ਵਜੋਂ ਸਾਂਭਿਆ ਜਾਣਾ ਚਾਹੀਦਾ ਹੈ। ਆਗੂਆਂ ਨੇ ਦੱਸਿਆ ਕਿ ਨਸਲਕੁਸ਼ੀ ਵਾਲੀ ਥਾਂ ਦਾ ਪਤਾ ਇੰਜੀਨੀਅਰ ਮਨਵਿੰਦਰ ਸਿੰਘ ਗਿਆਸਪੁਰ ਦੇ ਯਤਨਾਂ ਸਦਕਾ ਲੱਗਾ ਹੈ।

## ਜਾਂਚ ਹਾਈਕੋਰਟ ਦਾ ਜੱਜ ਕਰੇ

**ਅੰਮ੍ਰਿਤਸਰ:** ਖ਼ਾਲਸਾ ਐਕਸ਼ਨ ਕਮੇਟੀ ਅਤੇ ਦਲ ਖਾਲਸਾ ਨੇ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਜੱਜ ਤੋਂ ਕਰਵਾਈ ਜਾਵੇ ਤਾਂ ਜੋ 26 ਵਰ੍ਹੇ ਪਹਿਲਾਂ ਵਾਪਰੀ ਇਸ ਘਟਨਾ ਦੀ ਸੱਚਾਈ ਨੂੰ ਸਾਹਮਣੇ ਲਿਆਂਦਾ ਜਾ ਸਕੇ।

ਖ਼ਾਲਸਾ ਐਕਸ਼ਨ ਕਮੇਟੀ ਦੇ ਕਨਵੀਨਰ ਭਾਈ ਮੋਹਕਮ ਸਿੰਘ ਅਤੇ ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੱਲੋਂ ਬਣਾਏ ਕਮਿਸ਼ਨ ਅਤੇ ਕਮੇਟੀਆਂ ਸਿੱਖ ਕਤਲੇਆਮ ਦਾ ਪੂਰਾ ਸੱਚ ਸਾਹਮਣੇ ਲਿਆਉਣ ਵਿਚ ਬੁਰੀ ਤਰ੍ਹਾਂ ਅਸਫਲ ਰਹੇ ਹਨ। ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜੱਜ ਉਤੇ ਆਧਾਰਿਤ ਜੁਡੀਸ਼ਲ ਕਮਿਸ਼ਨ ਬਣਾਉਣ ਇਹ ਕਾਂਡ ਰਚਣ ਵਾਲਿਆਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਲਿਆਉਣ। ਦੋਵਾਂ ਆਗੂਆਂ ਨੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ ਵੱਲੋਂ 6 ਮਾਰਚ ਨੂੰ ਪਿੰਡ ਹੋਂਦ ਚਿੱਲੜ ਵਿਚ ਰੱਖੇ ਸ਼ਹੀਦੀ ਸਮਾਰੋਹ ਦਾ ਸਮਰਥਨ ਕੀਤਾ

## ਮਾਮਲਾ ਸੰਯੁਕਤ ਰਾਸ਼ਟਰ ਵਿਚ ਲਿਜਾਣ ਦਾ ਫ਼ੈਸਲਾ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਸਿੱਖਸ ਫਾਰ ਜਸਟਿਸ ਤੇ ਆਲ ਇੰਡੀਆ ਸਿੱਖ ਸਟੂਡੈਂਟ ਫੈਡਰੇਸ਼ਨ ਨੇ ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿਚ 2 ਨਵੰਬਰ 1984 ਨੂੰ ਵਾਪਰੀ ਹੌਲਨਾਕ ਘਟਨਾ ਦਾ ਮਾਮਲਾ ਸੰਯੁਕਤ ਰਾਸ਼ਟਰ ਸੰਘ ਦੇ ਸਾਹਮਣੇ ਰੱਖਣ ਦਾ ਫੈਸਲਾ ਕੀਤਾ ਹੈ।

## ਸ਼੍ਰੋਮਣੀ ਕਮੇਟੀ ਦੀ ਟੀਮ ਵੱਲੋਂ ਰਿਪੋਰਟ ਪੇਸ਼

**ਅੰਮ੍ਰਿਤਸਰ:** ਇਸ ਘਟਨਾ ਬਾਰੇ ਸ਼੍ਰੋਮਣੀ ਕਮੇਟੀ ਦੀ 7 ਮੈਂਬਰੀ ਜਾਂਚ ਕਮੇਟੀ ਨੇ ਤੱਥ ਇਕੱਠੇ ਕੀਤੇ ਹਨ ਅਤੇ ਇਸ ਬਾਰੇ ਰਿਪੋਰਟ ਜਾਰੀ ਕੀਤੀ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਤਿੰਨ ਟਰੱਕਾਂ ਵਿਚ ਸਵਾਰ ਹੋ ਕੇ ਆਏ 40-50 ਹਥਿਆਰਬੰਦ ਬੰਦਿਆਂ ਨੇ ਪਿੰਡ ਦੇ ਸਾਰੇ ਘਰਾਂ ਨੂੰ ਮਿੱਟੀ ਦਾ ਤੇਲ ਅਤੇ ਹੋਰ ਜਲਣਸ਼ੀਲ ਰਸਾਇਣ ਪਾ ਕੇ ਅੱਗ ਲਾ ਦਿੱਤੀ ਸੀ। ਇਸ ਅੱਗ ਕਾਰਨ ਮੌਕੇ 'ਤੇ ਹੀ 32 ਜਣਿਆਂ ਦੀ ਮੌਤ ਹੋ ਗਈ ਜਿਸ ਵਿਚ ਬੱਚੇ, ਬਜ਼ੁਰਗ, ਔਰਤਾਂ ਤੇ ਮਰਦ ਸ਼ਾਮਲ ਸਨ।

ਇਸ ਟੀਮ ਨੇ ਪਿੰਡ ਵਿਚ ਪੁੱਜ ਕੇ ਹਾਲਾਤ ਦਾ ਜਾਇਜ਼ਾ ਲਿਆ ਅਤੇ ਇਸ ਘਟਨਾ ਵਿਚੋਂ ਬਚੇ ਕੁਝ ਸ਼ਖ਼ਸਾਂ ਨਾਲ ਮੁਲਾਕਾਤ ਕਰਕੇ ਘਟਨਾ ਬਾਰੇ ਤੱਥ ਇਕੱਠੇ ਕੀਤੇ ਹਨ। 2 ਨਵੰਬਰ 1984 ਨੂੰ ਪਿੰਡ ਹੋਂਦ ਵਿਚ ਵਾਪਰੀ ਘਟਨਾ ਨੂੰ ਆਪਣੇ ਪਿੰਡੇ 'ਤੇ ਹੰਢਾਉਣ ਵਾਲੇ ਮਨਮੋਹਨ ਸਿੰਘ ਨੇ ਦੱਸਿਆ ਕਿ 26 ਸਾਲ ਪਹਿਲਾਂ ਵਾਪਰੇ ਇਸ ਖ਼ੂਨੀ ਕਾਂਡ ਨੂੰ ਉਹ ਅੱਜ ਤੱਕ ਇਕ ਪਲ ਲਈ ਵੀ ਵਿਸਾਰ ਨਹੀਂ ਸਕਿਆ। ਖੰਡਰਾਂ ਪਾਸ ਇਕ ਜਗ੍ਹਾ ਵੱਲ੍ਹ ਇਸ਼ਾਰਾ ਕਰਦਿਆਂ ਉਨ੍ਹਾਂ ਦੱਸਿਆ ਕਿ ਇਸ ਥਾਂ 'ਤੇ ਉਨ੍ਹਾਂ ਦਾ ਘਰ ਹੁੰਦਾ ਸੀ ਜਿਸ ਦੇ ਸਾਹਮਣੇ ਗੁਰਦੁਆਰਾ ਸੀ। ਗੁਰਦੁਆਰੇ ਦੀ ਮਰਿਆਦਾ ਤਖ਼ਤ ਸਿੰਘ ਨਿਭਾਉਂਦਾ ਸੀ। ਦਰਿੰਦਗੀ ਦਾ ਸ਼ਿਕਾਰ ਹੋਣ ਵਾਲੇ 8 ਪਰਿਵਾਰ ਦੇਸ਼ ਦੀ ਵੰਡ ਸਮੇਂ ਪਾਕਿਸਤਾਨ ਦੇ ਜ਼ਿਲ੍ਹਾ ਮੀਆਂਵਾਲੀ ਦੇ ਪਿੰਡ ਕਾਰਲੂਵਾਲ ਤੋਂ ਉੱਜੜ ਕੇ ਆਏ ਸਨ ਅਤੇ ਮੁਸਲਮਾਨਾਂ ਵੱਲੋਂ ਖਾਲੀ ਕੀਤੇ ਘਰਾਂ ਵਿਚ ਆ ਕੇ ਵਸੇਬਾ ਕੀਤਾ ਸੀ। ਉਜੜ ਕੇ ਆਏ ਇਨ੍ਹਾਂ ਪਰਿਵਾਰਾਂ ਨੂੰ ਸਰਕਾਰ ਵੱਲੋਂ ਪਿੰਡ ਵਿਚ ਜ਼ਮੀਨ ਅਲਾਟ ਹੋਈ ਸੀ। ਸ਼ੁਰੂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼, ਮਸਜਿਦ ਵਿਚ ਕੀਤਾ ਜਾਂਦਾ ਸੀ।

ਮਨਮੋਹਨ ਸਿੰਘ ਨੇ ਦੱਸਿਆ ਕਿ ਘਟਨਾ ਵੇਲੇ ਉਸ ਦੀ ਉਮਰ 17 ਸਾਲ ਦੇ ਲੱਗਪਗ ਸੀ। 2 ਨਵੰਬਰ 1984 ਨੂੰ ਕੁਝ ਅਣਪਛਾਤੇ ਬੰਦੇ ਹਥਿਆਰਾਂ ਨਾਲ ਲੈਸ ਹੋ ਕੇ ਆਏ ਸਨ ਪਰ ਸਰਪੰਚ ਧਨਪਤ ਸਿੰਘ ਨੇ ਉਨ੍ਹਾਂ ਨੂੰ ਵਾਪਸ ਜਾਣ ਲਈ ਰਾਜ਼ੀ ਕਰ ਲਿਆ ਸੀ ਪਰ ਕੁੱਝ ਘੰਟਿਆਂ ਬਾਅਦ ਹੀ 3 ਟਰੱਕਾਂ ਵਿਚ ਸਵਾਰ ਹੋ ਕੇ 40-

**8 ਪਰਿਵਾਰ ਵੰਡ ਵੇਲੇ ਉਜੜ ਕੇ ਆਏ ਸਨ**

50 ਹਥਿਆਰਬੰਦ ਬੰਦੇ ਪੁੱਜ ਗਏ ਜਿਨ੍ਹਾਂ ਨੂੰ ਦੇਖ ਕੇ ਲੋਕ ਸਹਿਮ ਨਾਲ ਆਪੋ-ਆਪਣੇ ਘਰਾਂ ਵਿਚ ਵੜ ਗਏ। ਹਮਲਾਵਰਾਂ ਨੇ ਮਿੱਟੀ ਦਾ ਤੇਲ ਅਤੇ ਹੋਰ ਰਸਾਇਣ ਆਦਿ ਘਰਾਂ 'ਤੇ ਪਾ ਕੇ ਅੱਗ ਲਾ ਦਿੱਤੀ। ਅੰਦਰ ਅੱਗ ਦੇ ਧੂੰਏ ਨਾਲ ਮੌਤ ਯਕੀਨੀ ਸੀ ਅਤੇ ਬਾਹਰ ਨਿਕਲਣ ਵਾਲਿਆਂ ਨੂੰ ਉਹ ਕੋਹ-ਕੋਹ ਕੇ ਮਾਰ ਰਹੇ ਸਨ।

ਕਮੇਟੀ ਦੀ ਰਿਪੋਰਟ ਵਿਚ ਦੱਸਿਆ ਕਿ ਪਿੰਡ ਚਿੱਲੜ ਦੇ ਵਸਨੀਕ ਹੁਸ਼ਿਆਰ ਸਿੰਘ ਨੇ 27 ਲਾਸ਼ਾਂ ਦਾ ਸਸਕਾਰ ਕੀਤਾ ਸੀ। ਲਾਸ਼ਾਂ ਦੇ ਸਸਕਾਰ ਸਮੇਂ ਐਸ.ਐਚ.ਓ ਰਾਮ ਕਿਸ਼ੋਰ ਵੀ ਹਾਜ਼ਰ ਸਨ। ਕੁਝ ਅੱਧਸੜੀਆਂ ਲਾਸ਼ਾਂ ਦੇ ਸਸਕਾਰ ਮਿਉਂਸਿਪਲ ਕਮੇਟੀ ਦੇ ਕਰਮਚਾਰੀਆਂ ਵੱਲੋਂ ਵੀ ਕੀਤੇ ਗਏ ਸਨ। ਮਨਮੋਹਨ ਸਿੰਘ ਦਾ ਇਕ ਭਰਾ ਜੋਗਿੰਦਰ ਸਿੰਘ ਮੱਕੜ ਜੋ ਇਸ ਸਮੇਂ ਐਡਵੋਕੇਟ ਹੈ ਅਤੇ ਰਿਵਾੜੀ ਵਿਖੇ ਪ੍ਰੈਕਟਿਸ ਕਰ ਰਹੇ ਹਨ, ਨਾਲ ਵੀ ਇਸ ਜਾਂਚ ਟੀਮ ਨੇ ਰਿਵਾੜੀ ਵਿਖੇ ਮੁਲਾਕਾਤ ਕੀਤੀ। ਜੋਗਿੰਦਰ ਸਿੰਘ ਮੁਤਾਬਕ ਉਸ ਦਿਨ ਇਕ ਸਿੱਖ ਫੌਜੀ ਛੁੱਟੀ ਆ ਰਿਹਾ ਸੀ ਪਰ ਸਿੱਖ ਵਿਰੋਧੀ ਕਤਲੇਆਮ ਸ਼ੁਰੂ ਹੋਣ ਕਾਰਨ ਉਹ ਸਿੱਖ ਵਸੋਂ ਵਾਲੇ ਇਸ ਪਿੰਡ ਵਿਚ ਪਨਾਹ ਲੈਣ ਲਈ ਪੁੱਜ ਗਿਆ। ਉਸਦੇ ਪਿੱਛੇ ਹੀ ਦੰਗਾਕਾਰੀ ਵੀ ਪਿੰਡ ਪੁੱਜ ਗਏ ਅਤੇ ਉਸਨੂੰ ਮਾਰ ਦਿੱਤਾ। ਐਡਵੋਕੇਟ ਮੱਕੜ ਨੇ ਦੱਸਿਆ ਕਿ ਪੁਲਿਸ ਨੇ ਇਸ ਘਟਨਾ ਵਿਚ ਹੋਈਆਂ ਮੌਤਾਂ ਦੀ ਐਫ.ਆਈ.ਆਰ ਵਿਚ ਅਣਪਛਾਤੇ ਬੰਦੇ ਦੱਸੇ ਸਨ। ਇਸ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਵੀ 'ਅਣਪਛਾਤੀ ਭੀੜ' ਕਹਿ ਕੇ ਕੇਸ ਬੰਦ ਕਰ ਦਿੱਤਾ ਗਿਆ ਸੀ। ਉਸਨੇ ਦੱਸਿਆ ਕਿ ਇਨ੍ਹਾਂ ਪਰਿਵਾਰਾਂ ਵਿਚੋਂ ਇਕ, ਗੁਲਾਬ ਸਿੰਘ ਦਾ ਪਰਿਵਾਰ ਸੀ ਜਿਸਦੇ ਦੋ ਬੱਚੇ ਸਰਦਾਰ ਸਿੰਘ ਤੇ ਕਰਤਾਰ ਸਿੰਘ ਸਨ। ਕਰਤਾਰ ਸਿੰਘ ਦਾ ਬਚਿਆ ਹੋਇਆ ਮੁੰਡਾ ਬਲਵੰਤ ਸਿੰਘ ਇਸ ਵੇਲੇ ਹਰਿਆਣਾ ਵਿਧਾਨ ਸਭਾ ਚੰਡੀਗੜ੍ਹ ਵਿਖੇ ਕੰਮ ਕਰਦਾ ਹੈ।

ਕਮੇਟੀ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਸਕੱਤਰ ਜੋਗਿੰਦਰ ਸਿੰਘ, ਕਾਰਜਕਾਰਨੀ ਮੈਂਬਰ ਰਜਿੰਦਰ ਸਿੰਘ ਮਹਿਤਾ ਤੇ ਕਰਨੈਲ ਸਿੰਘ ਪੰਜੋਲੀ, ਮੀਡੀਆ ਇੰਚਾਰਜ ਰਾਮ ਸਿੰਘ ਤੋਂ ਇਲਾਵਾ ਫੈਡਰੇਸ਼ਨ ਆਗੂ ਕਰਨੈਲ ਸਿੰਘ ਪੀਰਮੁਹੰਮਦ ਸ਼ਾਮਿਲ ਹਨ। ਹਰਿਆਣਾ ਨਾਲ ਸਬੰਧਿਤ ਆਗੂ ਕਿਰਪਾਲ ਸਿੰਘ ਚੌਹਾਨ ਨੂੰ ਟੀਮ ਦਾ ਕੋਆਰਡੀਨੇਟਰ ਬਣਾਇਆ ਗਿਆ। ਉਨ੍ਹਾਂ ਕਿਹਾ ਕਿ ਇਸ ਘਟਨਾ ਵਿਚ ਕਤਲ ਕੀਤੇ ਗਏ ਪਰਿਵਾਰਾਂ ਦੀ ਸਾਂਝੀ ਯਾਦਗਾਰ ਪਿੰਡ ਵਿਚ ਬਣਾਈ ਜਾਵੇਗੀ ਅਤੇ ਸਾੜੇ ਗਏ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਮੁੜ ਉਸਾਰੀ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮੁੜ ਪ੍ਰਕਾਸ਼ ਕੀਤਾ ਜਾਵੇਗਾ।

### ਕਾਨੂੰਨੀ ਚਾਰਾਜੋਈ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਇਸ ਘਟਨਾ ਵਿਚ ਮਾਰੇ ਗਏ ਬੰਦਿਆਂ ਦੇ ਵਾਰਸਾਂ ਨਾਲ ਸ਼੍ਰੋਮਣੀ ਕਮੇਟੀ ਵਲੋਂ ਸੰਪਰਕ ਕੀਤਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਨੇ ਇਸ ਘਟਨਾ ਲਈ ਜ਼ਿੰਮੇਵਾਰ ਵਿਅਕਤੀਆਂ ਅਤੇ ਘਟਨਾ ਨੂੰ ਦਬਾਉਣ ਵਾਲਿਆਂ ਖਿਲਾਫ ਕਾਨੂੰਨੀ ਚਾਰਾਜੋਈ ਕਰਨ ਦਾ ਫੈਸਲਾ ਕੀਤਾ ਹੈ।

## ਸੰਸਦ ਵਿਚ ਵੀ ਉਠਾਇਆ ਜਾਵੇਗਾ ਮਾਮਲਾ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਆਖਿਆ ਹੈ ਕਿ ਪਿੰਡ ਹੋਂਦ ਚਿੱਲੜ ਦਾ ਮਾਮਲਾ ਪਾਰਲੀਮੈਂਟ ਦੇ ਮੌਜੂਦਾ ਸੈਸ਼ਨ ਦੌਰਾਨ ਵੀ ਉਠਾਇਆ ਜਾਵੇਗਾ। ਇਸ ਬਾਰੇ ਉਨ੍ਹਾਂ ਨੇ ਸੰਸਦ ਮੈਂਬਰ ਡਾ. ਰਤਨ ਸਿੰਘ ਅਜਨਾਲਾ ਅਤੇ ਹੋਰ ਅਕਾਲੀ ਮੈਂਬਰਾਂ ਨਾਲ ਗੱਲਬਾਤ ਕੀਤੀ ਹੈ।

ਉਨ੍ਹਾਂ ਆਖਿਆ ਕਿ ਹਰਿਆਣਾ ਦੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੇ ਪਿੰਡ ਹੋਂਦ ਚਿੱਲੜ ਦਾ ਮਾਮਲਾ ਕਦੇ ਵੀ ਧਿਆਨ ਵਿਚ ਨਹੀਂ ਲਿਆਂਦਾ ਹਾਲਾਂਕਿ ਹਰ ਹਲਕੇ ਦੇ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਸਿੱਖ ਭਾਈਚਾਰੇ ਦੇ ਹਿੱਤਾਂ ਦਾ ਧਿਆਨ ਰੱਖਿਆ ਜਾਵੇ। ਉਨ੍ਹਾਂ ਇਸ ਗੱਲ ਤੋਂ ਇਨਕਾਰ ਕੀਤਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ 'ਤੇ ਸਿਆਸਤ ਖੇਡ ਰਹੀ ਹੈ।

## ਹੁੱਡਾ ਨੇ ਡਿਵੀਜ਼ਨਲ ਕਮਿਸ਼ਨਰ ਤੋਂ ਰਿਪੋਰਟ ਮੰਗੀ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਹੋਂਦ ਚਿੱਲੜ ਪਿੰਡ ਵਿਚ 2 ਨਵੰਬਰ 1984 ਵਿਚ ਵਾਪਰੇ ਕਾਂਡ ਬਾਰੇ ਗੁੜਗਾਓਂ ਦੇ ਡਿਵੀਜ਼ਨਲ ਕਮਿਸ਼ਨਰ ਕੋਲੋਂ ਰਿਪੋਰਟ ਮੰਗ ਲਈ ਹੈ ਪਰ ਵੱਖ-ਵੱਖ ਸਿੱਖ ਜਥੇਬੰਦੀਆਂ ਦੀ ਡਿਵੀਜ਼ਨਲ ਕਮਿਸ਼ਨਰ ਕੋਲੋਂ ਰਿਪੋਰਟ ਮੰਗਣ ਤਕ ਦੀ ਕਾਰਵਾਈ ਨਾਲ ਸਹਿਮਤੀ ਨਹੀਂ। ਇਨ੍ਹਾਂ ਦੀ ਮੰਗ ਹੈ ਕਿ ਇਸ ਕਾਂਡ ਦੀ ਜਾਂਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਜਾਂ ਸੀ.ਬੀ.ਆਈ.ਕੋਲੋਂ ਕਰਵਾਈ ਜਾਵੇ। ਇਨ੍ਹਾਂ ਜਥੇਬੰਦੀਆਂ ਵਿਚ ਖਾਲਸਾ ਐਕਸ਼ਨ ਕਮੇਟੀ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ, ਅਕਾਲੀ ਦਲ ਪੰਚ ਪ੍ਰਧਾਨੀ, ਸਿੱਖਸ ਫਾਰ ਜਸਟਿਸ, ਦਲ ਖਾਲਸਾ, ਸਿੱਖ ਨਸਲਕੁਸ਼ੀ ਵੈਲਫੇਅਰ ਸੁਸਾਇਟੀ ਸ਼ਾਮਲ ਹਨ।

# ਖੁਸ਼ਹਾਲੀ ਹੀ ਬਣੀ ਸਿੱਖਾਂ ਦੀ ਤਬਾਹੀ ਦਾ ਕਾਰਨ

**ਨਵੀਂ ਦਿੱਲੀ:** 2 ਨਵੰਬਰ 1984 ਦੀ ਸਵੇਰ ਨੂੰ ਪਿੰਡ ਹੋਂਦ ਦੇ ਮਾਰੇ ਗਏ 32 ਸਿੱਖਾਂ ਦੇ ਪਰਿਵਾਰਾਂ ਦੀ ਖੁਸ਼ਹਾਲੀ ਹੀ ਉਨ੍ਹਾਂ ਦੀ ਮੌਤ ਦਾ ਕਾਰਨ ਬਣੀ। ਕਤਲੇਆਮ ਤੋਂ ਬਾਅਦ ਪਿੱਛੇ ਰਹਿ ਗਏ ਬਾਕੀ ਬਚੇ ਪਰਿਵਾਰ ਕੌਡੀਆਂ ਦੇ ਭਾਅ ਆਪਣੀਆਂ ਜਾਇਦਾਦਾਂ ਵੇਚ ਕੇ ਹੋਰ ਥਾਵਾਂ ਨੂੰ ਹਿਜਰਤ ਕਰ ਗਏ। ਪਿੰਡ ਵਾਸੀਆਂ ਨੂੰ ਮਲਾਲ ਹੈ ਕਿ ਉਹ ਕਤਲੇਆਮ 'ਤੇ ਉਤਾਰੂ ਭੀੜ ਦਾ ਕੁਝ ਨਹੀਂ ਕਰ ਸਕੇ ਅਤੇ 27 ਸਾਲ ਬੀਤ ਜਾਣ 'ਤੇ ਵੀ ਪੀੜਤਾਂ ਬਾਰੇ ਆਮ ਲੋਕਾਂ ਨੂੰ ਜਾਣਕਾਰੀ ਨਾ ਮਿਲੀ।

ਗੁੜਗਾਉਂ ਜ਼ਿਲ੍ਹੇ ਦੀ ਹੱਦ ਲੰਘਦੇ ਹੀ ਰਿਵਾੜੀ ਰੋਡ 'ਤੇ ਪਿੰਡ ਚਿੱਲੜ ਦੀ ਪੰਚਾਇਤ ਨਾਲ ਜੁੜੇ ਪਿੰਡ ਹੋਂਦ ਦੇ ਦਸ-ਬਾਰਾਂ ਸਿੱਖ ਪਰਿਵਾਰਾਂ ਨੂੰ ਇਹ ਜ਼ਮੀਨ 1947 ਦੀ ਵੰਡ ਤੋਂ ਬਾਅਦ ਮਿਲੀ ਸੀ ਅਤੇ ਉਨ੍ਹਾਂ ਨੇ ਇਸ ਨੂੰ ਆਬਾਦ ਕੀਤਾ ਸੀ। ਪਿੰਡ ਚਿੱਲੜ ਦੇ ਤਤਕਾਲੀ ਸਰਪੰਚ ਧਨਪਤ ਸਿੰਘ ਨੇ ਕਿਹਾ ਕਿ ਰੋਡਵੇਜ਼ ਦੀ ਬੱਸ ਅਤੇ ਇਕ ਟਰੱਕ ਵਿਚ ਢਾਈ-ਤਿੰਨ ਸੌ ਹੁੜਦੰਗਬਾਜ਼ ਆਏ ਅਤੇ ਵੱਢ-ਟੁੱਕ ਕਰ ਦਿੱਤੀ। ਉਸ ਨੇ ਦੱਸਿਆ ਕਿ ਪੁਲਿਸ ਦੂਜੇ ਦਿਨ ਆਈ ਅਤੇ ਪਿੰਡ ਵਿਖੇ ਹੀ ਮ੍ਰਿਤਕਾਂ ਦਾ ਸਸਕਾਰ ਕਰ ਦਿੱਤਾ ਗਿਆ।

ਪਿੰਡ ਵਾਸੀਆਂ ਮੁਤਾਬਕ ਇਹ ਪਰਿਵਾਰ ਨੇੜੇ ਦੇ ਪਿੰਡਾਂ ਦੇ ਲੋੜਵੰਦਾਂ ਨੂੰ ਉਧਾਰ ਆਦਿ ਵੀ ਮੌਕੇ-ਬੇਮੌਕੇ ਦਿੰਦੇ ਰਹਿੰਦੇ ਸਨ। ਕਤਲੇਆਮ ਪਿੱਛੋਂ ਘਰਾਂ ਵਿਚੋਂ ਸਾਮਾਨ ਆਦਿ ਲੈ ਜਾਣ ਵਾਲਿਆਂ ਵਿਚ ਨੇੜੇ ਦੇ ਪਿੰਡਾਂ ਦੇ ਲੋਕ ਵੀ ਸ਼ਾਮਲ ਸਨ। ਪਿੰਡ ਹੋਂਦ ਦੇ ਸੌ ਕੁ ਮੀਟਰ ਨੇੜੇ ਹੀ ਖੇਤਾਂ ਵਿਚ ਰਹਿੰਦੇ ਸਾਬਕਾ ਸਰਪੰਚ ਥਾਵਰ ਸਿੰਘ ਨੇ ਕਿਹਾ ਕਿ ਕੁਝ ਮੋਟਰਾਂ ਅਤੇ ਖੇਤੀ ਦੇ ਹੋਰ ਸੰਦ ਉਸ ਨੇ ਵਾਪਸ ਕਰਵਾਏ ਸਨ। ਇਹ ਤਿੰਨ ਪਰਿਵਾਰਾਂ ਗੁਲਾਬ ਸਿੰਘ, ਬਿਸ਼ਨ ਸਿੰਘ ਤੇ ਕਰਮ ਸਿੰਘ ਦਾ ਟੱਬਰ ਸੀ ਅਤੇ ਉਹ ਇਕੱਠੇ ਹੀ ਖੇਤੀ ਕਰਦੇ ਸਨ। ਉਸ ਨੇ ਕਿਹਾ ਕਿ ਗੁਰਦਿਆਲ ਸਿੰਘ ਦੀ ਲੜਕੀ ਜੋ ਬਾਵਲ ਪਿੰਡ ਵਿਚ ਵਿਆਹੀ ਹੋਈ ਸੀ, ਦੀ ਆਰਥਿਕ ਸਥਿਤੀ ਕਾਫੀ ਖਰਾਬ ਸੀ ਅਤੇ ਪਤਾ ਲੱਗਾ ਸੀ ਕਿ ਉਹ ਹੁਣ ਰਿਵਾੜੀ ਵਿਚ ਹੀ ਕਿਤੇ ਰਹਿੰਦੀ ਹੈ। ਕੁਝ ਪਰਿਵਾਰ ਆਪਣੀ ਜ਼ਮੀਨ ਕੌਡੀਆਂ ਦੇ ਭਾਅ ਵੇਚ ਗਏ। ਇਨ੍ਹਾਂ ਪਰਿਵਾਰਾਂ ਦੀ 87 ਏਕੜ ਜ਼ਮੀਨ ਖਰੀਦਣ ਵਾਲੇ ਤਿੰਨ ਭਰਾਵਾਂ ਵਿਚੋਂ ਇਕ ਲੇਖਰਾਮ ਨੇ ਕਿਹਾ ਕਿ ਉਦੋਂ 33 ਹਜ਼ਾਰ ਰੁਪਏ ਨੂੰ ਏਕੜ ਸਰਕਾਰੀ ਰੇਟ ਸੀ ਅਤੇ ਇਹ ਪਰਿਵਾਰ ਆਪਣੀ ਜ਼ਮੀਨ ਵੇਚ ਗਏ ਸਨ। ਖਰੀਦਦਾਰਾਂ ਨੇ ਘਰਾਂ ਨੂੰ ਢਾਹ ਕੇ ਖੇਤੀ ਵਾਲੀ ਜ਼ਮੀਨ ਵਿਚ ਥਾਂ ਮਿਲਾ ਲਈ ਹੈ ਅਤੇ ਹੁਣ ਉਥੇ ਸਿਰਫ ਟੁੱਟੀ ਹਵੇਲੀ ਦੇ ਖੰਡਰ ਅਤੇ ਗੁਰਦੁਆਰੇ ਦੀ ਟੁੱਟੀ ਇਮਾਰਤ ਹੀ ਖੜ੍ਹੀ ਹੈ। ਗੁਰਦੁਆਰੇ ਦੇ



ਪਿੰਡ ਹੋਂਦ ਚਿੱਲੜ ਵਿਚ ਸਿੱਖਾਂ ਦੇ ਖੰਡਰ ਹੋਏ ਘਰਾਂ ਦੀ ਇਕ ਹੋਰ ਤਸਵੀਰ

ਦਰਵਾਜ਼ੇ 'ਤੇ "ਸਭਨਾ ਜੀਆ ਕਾ ਇਕ ਦਾਤਾ ਸੋ ਮੈ ਵਿਸਰ ਨਾ ਜਾਈ" ਅਤੇ "ਜੀ ਆਇਆਂ ਨੂੰ ਜੀ" ਅਤੇ ਬਾਣੀ ਦੇ ਹੋਰ ਸਲੋਕ ਉਕਰੇ ਹੋਏ ਹਨ।

ਚਿੱਲੜ ਦੇ ਨੌਜਵਾਨ ਪੰਚ ਛੋਟੂ ਲਾਲ ਨੇ ਕਿਹਾ ਕਿ ਕੁਝ ਸਾਲ ਤੱਕ ਤਾਂ ਲੋਕ ਇਸ ਥਾਂ 'ਤੇ ਆਉਣ ਤੋਂ ਵੀ ਤ੍ਰਹਿੰਦੇ ਸਨ। ਉਸ ਨੇ ਕਿਹਾ ਕਿ ਇਹ ਪਰਿਵਾਰ ਲੋੜ ਵੇਲੇ ਆਮ ਲੋਕਾਂ ਨੂੰ ਉਧਾਰ ਆਦਿ ਵੀ ਦਿੰਦੇ ਸਨ। ਚਰਚਾ ਇਹ ਵੀ ਰਹੀ ਹੈ ਕਿ ਉਨ੍ਹਾਂ ਦਾ ਸਾਮਾਨ ਵੀ ਉਧਾਰ ਜਾਂ ਕਰਜ਼ਾ ਲੈਣ ਵਾਲਿਆਂ ਨੇ ਹੀ ਲੁੱਟਿਆ ਹੋ ਸਕਦਾ ਹੈ।

## 25 ਮ੍ਰਿਤਕਾਂ ਦੀ ਸ਼ਨਾਖ਼ਤ

**ਚੰਡੀਗੜ੍ਹ:** ਪਿੰਡ ਹੋਂਦ ਚਿੱਲੜ ਵਿਚ 2 ਨਵੰਬਰ ਦੀ ਰਾਤ ਵਰਤੇ ਖੂਨੀ ਸਾਕੇ ਵਿਚ ਮਾਰੇ ਗਏ ਸਿੱਖਾਂ ਦੀ ਗਿਣਤੀ ਘਟਾ ਕੇ ਕੇਵਲ 20 ਦੱਸਣ ਵਾਲੀ ਅਤੇ ਉਨ੍ਹਾਂ 20 ਸਿੱਖਾਂ ਦੀ ਵੀ 26 ਵਰ੍ਹੇ ਸ਼ਨਾਖਤ ਉਜਾਗਰ ਨਾ ਕਰ ਸਕਣ ਵਾਲੀ ਹਰਿਆਣਾ ਪੁਲਿਸ ਨੂੰ ਸ਼ਰਮਸਾਰ ਕਰ ਦੇਣ ਵਾਲੀ ਘਟਨਾ ਵਿਚ ਸਿੱਖ ਜਥੇਬੰਦੀਆਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਸਿੱਖਸ ਫਾਰ ਜਸਟਿਸ ਨੇ ਇਹ ਮਾਮਲਾ ਸਾਹਮਣੇ ਆਉਣ ਦੇ ਚੰਦ ਦਿਨਾਂ ਅੰਦਰ ਹੀ ਉਕਤ ਖੂਨੀ ਸਾਕੇ ਵਿਚ ਮਾਰੇ ਗਏ 25 ਸਿੱਖਾਂ ਦੇ ਨਾਂ ਨਸ਼ਰ ਕਰ ਦਿੱਤੇ ਗਏ ਹਨ।

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰਮੁਹੰਮਦ ਅਤੇ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਵੱਲੋਂ ਜਾਰੀ ਇਸ ਸੂਚੀ ਵਿਚ 16 ਪੁਰਸ਼ ਅਤੇ 9 ਇਸਤਰੀਆਂ ਤੇ ਲੜਕੀਆਂ ਦੇ ਨਾਂ ਸ਼ਾਮਿਲ ਹਨ। ਇਨ੍ਹਾਂ ਵਿਚ ਇਕ ਪਰਿਵਾਰ ਐਸਾ ਵੀ ਹੈ ਜਿਸ ਦੇ 8 ਜਣੇ ਮਾਰੇ ਗਏ ਹਨ। ਇਸ ਸਾਕੇ ਦੌਰਾਨ ਮਾਰੇ ਗਏ ਸਿੱਖਾਂ ਦੇ ਨਾਂ ਹਨ : ਕ੍ਰਿਸ਼ਨਾ ਪਤਨੀ ਭਗਵਾਨ ਸਿੰਘ, ਭਗਵਾਨ ਸਿੰਘ ਪੁੱਤਰ ਕਰਤਾਰ ਸਿੰਘ, ਕਰਤਾਰ ਸਿੰਘ ਪੁੱਤਰ ਗੁਲਾਬ ਸਿੰਘ, ਗੁਲਾਬ ਸਿੰਘ, ਧੰਨੋ ਬਾਈ ਪਤਨੀ ਕਰਤਾਰ ਸਿੰਘ, ਸਰਦਾਰ ਸਿੰਘ ਪੁੱਤਰ ਗੁਲਾਬ ਸਿੰਘ, ਧੰਨ ਸਿੰਘ ਪੁੱਤਰ ਸਰਦਾਰ ਸਿੰਘ, ਹਰਭਜਨ ਸਿੰਘ ਪੁੱਤਰ ਸਰਦਾਰ ਸਿੰਘ, ਗੁਰਦਿਆਲ ਸਿੰਘ, ਜਮਨਾ ਪਤਨੀ ਗੁਰਦਿਆਲ ਸਿੰਘ, ਜੋਗਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ, ਜੱਗੋ ਪੁੱਤਰੀ ਗੁਰਦਿਆਲ ਸਿੰਘ, ਗੁਲਾਬ ਸਿੰਘ ਪੁੱਤਰ ਤਰਲੋਕ ਸਿੰਘ, ਪ੍ਰੀਤਮ ਕੌਰ ਪਤਨੀ ਅਰਜਨ ਸਿੰਘ, ਅਬਲੂ ਪੁੱਤਰ ਅਰਜਨ ਸਿੰਘ, ਬਬਲੂ ਪੁੱਤਰ ਅਰਜਨ ਸਿੰਘ, ਸੁਰਜੀਤ ਕੌਰ ਪੁੱਤਰੀ ਅਰਜਨ ਸਿੰਘ, ਤਖ਼ਤ ਸਿੰਘ ਪੁੱਤਰ ਥਾਨਾ ਰਾਮ, ਤਾਰਾਵੰਤੀ ਪੁੱਤਰੀ ਕਰਤਾਰ ਸਿੰਘ, ਵੀਰਾਂ ਵਾਲੀ ਪੁੱਤਰੀ ਕਰਤਾਰ ਸਿੰਘ, ਜੀਤਾ ਪੁੱਤਰ ਭਗਵਾਨ ਸਿੰਘ, ਦਇਆ ਕੌਰ ਪਤਨੀ ਹਰਭਜਨ ਸਿੰਘ, ਅੰਮ੍ਰਿਤ ਕੌਰ ਪਤਨੀ ਹਰਨਾਮ ਸਿੰਘ, ਮਹਿੰਦਰ ਸਿੰਘ ਪੁੱਤਰ ਗੁਰਦਿਆਲ ਸਿੰਘ, ਗੁਰਚਰਨ ਸਿੰਘ ਪੁੱਤਰ ਗੁਰਦਿਆਲ ਸਿੰਘ।

### ਪ੍ਰਧਾਨ ਮੰਤਰੀ ਪਿੰਡ ਹੋਂਦ ਦਾ ਹਾਲ ਦੇਖਣ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਨੇ ਆਖਿਆ ਹੈ ਕਿ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਪਿੰਡ ਹੋਂਦ ਚਿੱਲੜ ਦਾ ਖੁਦ ਦੌਰਾ ਕਰਨ ਅਤੇ ਇਸ ਮਾਮਲੇ ਦੀ ਉੱਚ ਪੱਧਰੀ ਪੜਤਾਲ ਕਰਾਉਣ। ਕੇਂਦਰ ਸਰਕਾਰ ਇਸ ਕਤਲੇਆਮ ਦੇ ਦੋਸ਼ੀਆਂ ਦੀ ਸ਼ਨਾਖਤ ਕਰਵਾਏ ਅਤੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦਿਵਾਏ। ਉਨ੍ਹਾਂ ਕੇਂਦਰ ਤੋਂ ਪੀੜਤ ਪਰਿਵਾਰਾਂ ਦੀ ਮਦਦ ਲਈ ਵਿਸ਼ੇਸ਼ ਰਾਹਤ ਪੈਕੇਜ ਵੀ ਮੰਗਿਆ।

ਸ. ਮੱਕੜ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪੀੜਤਾਂ ਦੀ ਮੱਦਦ ਲਈ ਠੋਸ ਨੀਤੀ ਬਣਾਈ ਜਾ ਰਹੀ ਹੈ ਜਿਸ ਤਹਿਤ ਅਗਾਮੀ ਬਜਟ ਵਿਚ ਇਕ ਕਰੋੜ ਰੁਪਏ ਰੱਖੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਵਿਚ ਨੌਕਰੀਆਂ ਦੇਣ ਸਮੇਂ ਇਨ੍ਹਾਂ ਪਰਿਵਾਰਾਂ ਦੇ ਬੱਚਿਆਂ ਨੂੰ ਤਰਜੀਹ ਦਿੱਤੀ ਜਾਵੇਗੀ। ਪਰਿਵਾਰਾਂ ਨੂੰ ਮਾਲੀ ਮਦਦ ਵੀ ਦਿੱਤੀ ਜਾਵੇਗੀ। ਨਾਲ ਦੀ ਨਾਲ ਨਿਆਂਇਕ ਲੜਾਈ ਵੀ ਲੜੀ ਜਾਵੇਗੀ ਜਿਸ ਲਈ ਉੱਚ ਚੋਟੀ ਦੇ ਵਕੀਲਾਂ ਦੀਆਂ ਸੇਵਾਵਾਂ ਲਈ ਜਾਣਗੀਆਂ।

## ਅਕਾਲੀ ਦਲ ਨੇ ਵੀ ਬਣਾਈ ਸੱਤ ਮੈਂਬਰੀ ਜਾਂਚ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਪਿੰਡ ਹੋਂਦ ਚਿੱਲੜ ਵਾਲੀ ਘਟਨਾ ਜਾਂਚ ਲਈ ਸੱਤ ਮੈਂਬਰੀ ਉਚ ਪੱਧਰੀ ਕਮੇਟੀ ਕਾਇਮ ਕੀਤੀ ਗਈ ਹੈ ਜਿਸ ਦੀ ਅਗਵਾਈ ਦਲ ਦੇ ਜਨਰਲ ਸਕੱਤਰ ਅਤੇ ਸੰਸਦ ਮੈਂਬਰ ਬਲਵਿੰਦਰ ਸਿੰਘ ਭੂੰਦੜ ਕਰਨਗੇ। ਇਸ ਕਮੇਟੀ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ, ਪੰਜਾਬ ਦੇ ਮੁੱਖ ਪਾਰਲੀਮਾਨੀ ਸਕੱਤਰ ਹਰੀਸ਼ ਰਾਏ ਢਾਂਡਾ, ਅਮਰਜੀਤ ਸਿੰਘ ਚਾਵਲਾ ਤੇ ਡਾ. ਹਰਜਿੰਦਰ ਸਿੰਘ ਜੱਖੂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਹਰਿਆਣਾ ਤੋਂ ਜੋਗਿੰਦਰ ਸਿੰਘ ਅਹਿਰਵਾਂ ਤੇ ਰਘੂਜੀਤ ਸਿੰਘ ਵਿਰਕ ਸ਼ਾਮਲ ਕੀਤੇ ਗਏ ਹਨ।

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਵਰਕਿੰਗ ਪ੍ਰਧਾਨ ਦੀਦਾਰ ਸਿੰਘ ਨਲਵੀ ਨੇ ਕਿਹਾ ਕਿ ਸੂਬੇ ਦੇ ਸਿੱਖ ਸਮਾਜ ਵਿਚ ਬਹੁਤ ਵੱਡਾ ਸੁਆਲ ਖੜ੍ਹਾ ਹੋ ਗਿਆ ਹੈ ਕਿ ਕਤਲੇਆਮ 'ਤੇ ਇੰਨੇ ਸਾਲ ਪਰਦਾ ਪਿਆ ਰਿਹਾ ਅਤੇ ਰਿਪੋਰਟ ਦਰਜ ਹੋਣ ਦੇ ਬਾਵਜੂਦ ਕਾਰਵਾਈ ਨਹੀਂ ਕੀਤੀ ਗਈ।

ਇੰਨੇ ਸਾਲਾਂ ਦੌਰਾਨ ਸੂਬੇ ਵਿਚ ਕਾਂਗਰਸ ਅਤੇ ਵਿਰੋਧੀ ਧਿਰਾਂ ਦੀਆਂ ਸਰਕਾਰਾਂ ਆਈਆਂ ਪਰ ਕਿਸੇ ਵੀ ਸਰਕਾਰ ਨੇ ਕੋਈ ਕਾਰਵਾਈ ਨਹੀਂ ਕੀਤੀ।

ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਐਡਹਾਕ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਘਟਨਾ ਹੈ ਅਤੇ ਇੰਨੇ ਸਾਲਾਂ ਤੱਕ ਸਰਕਾਰਾਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਕੋਈ ਕਾਰਵਾਈ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਕੋਈ ਨਾ ਕੋਈ ਕਦਮ ਚੁੱਕਦੀ ਪਰ ਇਸ ਪਾਸੇ ਕਿਸੇ ਨੇ ਵੀ ਧਿਆਨ ਨਹੀਂ ਦਿੱਤਾ।

### ਕੇਸ ਦਬਾਉਣ ਲਈ ਭਜਨ ਲਾਲ ਜ਼ਿੰਮੇਵਾਰ: ਬੂਟਾ

**ਜਲੰਧਰ:** ਸਾਬਕਾ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਨੇ ਪਿੰਡ ਹੋਂਦ ਚਿੱਲੜ ਦੇ ਕਤਲੇਆਮ ਨੂੰ ਦਬਾਉਣ ਲਈ ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਭਜਨ ਲਾਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

ਉਨ੍ਹਾਂ ਕਿਹਾ ਕਿ ਉਸ ਸਮੇਂ ਕੇਂਦਰ ਤੇ ਸਿੱਖਾਂ ਦਰਮਿਆਨ ਤਲਖੀ ਪੈਦਾ ਕਰਨ ਲਈ ਭਜਨ ਲਾਲ ਜ਼ਿੰਮੇਵਾਰ ਹਨ ਅਤੇ 1982 ਦੀਆਂ ਏਸ਼ੀਆਈ ਖੇਡਾਂ ਮੌਕੇ ਸਿੱਖਾਂ ਨੂੰ ਬੇਇਜ਼ਤ ਕਰਨਾ ਵੀ ਇਸੇ ਆਗੂ ਦੀ ਨਾਲਾਇਕੀ ਦਾ ਸਿੱਟਾ ਸੀ।

## ਹੁਣ ਕੋਈ ਵੀ ਪਿੰਡ ਨਹੀਂ ਪਰਤਣਾ ਚਾਹੁੰਦਾ

**ਬਠਿੰਡਾ:** ਪਿੰਡ ਹੋਂਦ ਦੇ ਹਰਭਜਨ ਸਿੰਘ ਨੇ ਕਿਹਾ ਕਿ ਹੁਣ ਆਪਣੇ ਜੱਦੀ ਪਿੰਡ ਹੋਂਦ ਚਿੱਲੜ ਪਰਤਣ ਦੀ ਕੋਈ ਇੱਛਾ ਨਹੀਂ ਹੈ ਅਤੇ ਨਾ ਹੀ ਪਰਤਿਆ ਜਾ ਸਕਦਾ ਹੈ। ਅੱਜ ਵੀ ਉਸ ਭਿਆਨਕ ਕਾਂਡ ਨੂੰ ਯਾਦ ਕਰਕੇ ਦਿਲ ਕੰਬ ਉਠਦਾ ਹੈ। ਉਸ ਅਨੁਸਾਰ ਉਸ ਦੇ ਪਿਤਾ ਬਲਵੰਤ ਸਿੰਘ ਧਾੜਵੀਆਂ ਦਾ ਮੁਕਾਬਲਾ ਕਰਦੇ ਹੋਏ ਦੋ ਨਵੰਬਰ ਨੂੰ ਮਰ ਗਏ ਸਨ। ਉਸ ਦੇ ਕਈ ਰਿਸ਼ਤੇਦਾਰਾਂ ਨੂੰ ਵੀ ਧਾੜਵੀਆਂ ਨੇ ਜ਼ਿੰਦਾ ਸਾੜ ਦਿੱਤਾ ਸੀ।

ਦਹਿਸ਼ਤ ਦੇ ਮਾਹੌਲ ਤੋਂ ਬਚਦਾ-ਬਚਾਉਂਦਾ ਇਕ ਫੌਜੀ ਵੀ ਉਸ ਪਿੰਡ ਆ ਗਿਆ ਪਰ ਜਦੋਂ ਹਮਲਾਵਰਾਂ ਨੇ ਹਮਲਾ ਕੀਤਾ ਤਾਂ ਉਹ ਜਾਨ ਬਚਾਉਣ ਲਈ ਖੇਤਾਂ ਵੱਲ ਭੱਜਿਆ ਪਰ ਹਮਲਾਵਰਾਂ ਨੇ ਉਸ ਦਾ ਪਿੱਛਾ ਕਰਕੇ ਖੇਤਾਂ ਵਿਚ ਹੀ ਉਸ ਨੂੰ ਮਾਰ ਮੁਕਾਇਆ। ਉਸ ਨੇ ਦੱਸਿਆ ਕਿ ਪਿੰਡ ਹੋਂਦ ਚਿੱਲੜ ਵਿਚ ਉਨ੍ਹਾਂ ਦੀ ਥੋੜ੍ਹੀ ਜਿਹੀ ਜ਼ਮੀਨ ਸੀ ਪਰ ਉਸ ਦਾ ਮੁੜ ਪਿੰਡ ਜਾਣ ਨੂੰ ਹੌਸਲਾ ਹੀ ਨਹੀਂ ਪਿਆ ਅਤੇ ਨਾ ਹੀ ਉਹ ਪਿੰਡ ਜਾਣਾ ਚਾਹੁੰਦਾ ਹੈ। ਉਦੋਂ ਉਹ ਆਪਣੀ ਮਾਤਾ ਅਤੇ ਭਰਾ ਸਮੇਤ ਰਿਵਾੜੀ ਤੋਂ ਗੋਨਿਆਣਾ ਤੇ ਬਾਅਦ ਵਿਚ ਲੁਧਿਆਣਾ ਆ ਗਿਆ ਸੀ। ਲੁਧਿਆਣਾ ਵਿਚ ਆਟੋ-ਰਿਕਸ਼ਾ ਚਲਾਉਣਾ ਸ਼ੁਰੂ ਕਰ ਦਿੱਤਾ। ਉਸ ਤੋਂ ਬਾਅਦ ਆਟੋ-ਪਾਰਟਸ ਦੀ ਦੁਕਾਨ ਖੋਲ੍ਹ ਲਈ।

ਹਰਭਜਨ ਸਿੰਘ ਨੇ ਸਰਕਾਰ ਤੋਂ ਮੰਗ ਕੀਤੀ ਕਿ ਹੋਂਦ ਪਿੰਡ ਵਿਚ ਮਾਰੇ ਗਏ ਲੋਕਾਂ ਦੀ ਯਾਦ ਵਿਚ ਯਾਦਗਾਰ ਬਣਾਈ ਜਾਵੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਪਤਾ ਲੱਗ ਸਕੇ ਕਿ ਕਿਵੇਂ ਉਨ੍ਹਾਂ ਦੇ ਪਰਿਵਾਰਾਂ ਨੂੰ ਦੂਜੀ ਵਾਰ ਮਾਰਿਆ ਅਤੇ ਉਜਾੜਿਆ ਗਿਆ। ਸਰਕਾਰ ਲੋਕਾਂ ਨੂੰ ਮੁਆਵਜ਼ਾ ਦੇਵੇ ਤਾਂ ਜੋ ਉਹ ਆਪਣਾ ਰੁਜ਼ਗਾਰ ਚਲਾ ਸਕਣ। ਉਸ ਦੀ ਮਾਤਾ ਸੁਮਿੱਤਰਾ ਦੇਵੀ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ 1947 ਵਿਚ ਵੰਡ ਵੇਲੇ ਪਾਕਿਸਤਾਨ ਬਣੇ ਮੀਰਾਵਾਲੀ ਜ਼ਿਲ੍ਹੇ ਦੇ ਕਾਰਲੋਵਾਲਾ ਪਿੰਡ ਤੋਂ ਉਜੜ ਕੇ ਆਇਆ ਸੀ। ਸਰਕਾਰ ਨੇ ਉਨ੍ਹਾਂ ਨੂੰ ਇਸ ਪਿੰਡ ਵਿਚ ਰਹਿਣ ਲਈ ਜ਼ਮੀਨ ਦਿੱਤੀ ਸੀ। ਪ੍ਰੇਮ ਸਿੰਘ ਨੇ ਵੀ ਕਿਹਾ ਕਿ ਦੂਜੀ ਵਾਰ ਉਜਾੜੇ ਤੋਂ ਬਾਅਦ ਹੋਂਦ ਹੁਣ ਚਿੱਲੜ ਪਿੰਡ ਜਾਣ ਦੀ ਕੋਈ ਤਮੰਨਾ ਨਹੀਂ ਹੈ। ਉਹ ਘਟਨਾ ਵਾਲੇ ਦਿਨ ਪਿੰਡ ਤੋਂ ਬਾਹਰ ਸੀ।

# ਉਹ ਦਿਨ ਇਕ ਪਲ ਵੀ ਨਹੀਂ ਭੁੱਲਦਾ:ਉਤਮ ਸਿੰਘ

**ਬਠਿੰਡਾ:** ਉੱਤਮ ਸਿੰਘ ਨੂੰ ਉਹ ਦਿਨ ਭੁਲਾਇਆ ਨਹੀਂ ਭੁੱਲਦਾ। 27 ਵਰ੍ਹਿਆਂ ਮਗਰੋਂ ਵੀ ਮਾਸੂਮਾਂ ਦਾ ਚੀਕ ਚਿਹਾੜਾ ਉਸ ਦਾ ਪਿੱਛਾ ਨਹੀਂ ਛੱਡਦਾ। ਉਸ ਦਿਨ ਬਜ਼ੁਰਗਾਂ ਵੱਲੋਂ ਕੀਤੇ ਤਰਲੇ ਉਸ ਦੇ ਜ਼ਿਹਨ ਵਿਚੋਂ ਨਿਕਲੇ ਨਹੀਂ। ਇਕੱਲਾ ਉੱਤਮ ਸਿੰਘ ਹੀ ਨਹੀਂ, ਉਸ ਦੇ ਤਿੰਨ ਭਰਾ ਵੀ ਇਸ ਤ੍ਰਾਸਦੀ ਵਿਚੋਂ ਅਜੇ ਨਿਕਲ ਨਹੀਂ ਸਕੇ। ਉੱਤਮ ਸਿੰਘ ਮੁਤਾਬਕ 2 ਨਵੰਬਰ, 1984 ਨੂੰ ਸਵੇਰੇ 11 ਵਜੇ ਕਰੀਬ ਧਾੜਵੀਆਂ ਨੇ ਪਿੰਡ ਹੋਂਦ ਚਿੱਲੜ ਨੂੰ ਘੇਰਾ ਪਾਇਆ ਅਤੇ ਸਾਰੇ ਪਿੰਡ ਨੂੰ ਅੱਗ ਲਾ ਦਿੱਤੀ। ਉਸ ਦੇ ਸਾਹਮਣੇ ਸਭ ਤੋਂ ਪਹਿਲਾਂ ਬਜ਼ੁਰਗ ਗੁਲਾਬ ਸਿੰਘ ਦੇ ਘਰ ਨੂੰ ਅੱਗ ਲਾਈ ਗਈ। ਗੁਲਾਬ ਸਿੰਘ ਦੇ ਪਰਿਵਾਰ ਦੇ ਤਿੰਨ ਲੜਕੇ, ਉਨ੍ਹਾਂ ਦੀਆਂ ਪਤਨੀਆਂ ਸਮੇਤ ਕਰੀਬ 10 ਮੈਂਬਰ ਜ਼ਿੰਦਾ ਜਲਾ ਦਿੱਤੇ ਗਏ। ਫਿਰ ਗੁਰਦਿਆਲ ਸਿੰਘ ਦੇ ਘਰ ਨੂੰ ਨਿਸ਼ਾਨਾ ਬਣਾਇਆ। ਉਸ ਦੇ ਪਰਿਵਾਰ ਦੇ ਇਕ ਦਰਜਨ ਮੈਂਬਰਾਂ ਨੂੰ ਤੇਲ ਪਾ ਕੇ ਸਾੜ ਦਿੱਤਾ। ਚਾਰ ਚੁਫੇਰੇ ਹਾਹਾਕਾਰ ਮਚੀ ਹੋਈ ਸੀ। ਹਰ ਕੋਈ ਦਰਵਾਜ਼ੇ ਬੰਦ ਕਰਕੇ ਆਪਣੀ ਜਾਨ ਬਚਾਉਣ ਦੇ ਤਰਲੇ ਕਰ ਰਿਹਾ ਸੀ।

ਉੱਤਮ ਸਿੰਘ ਨੇ ਦੱਸਿਆ ਕਿ ਉਸ ਦੇ ਘਰ ਦੋ ਕਮਰਿਆਂ 'ਚ ਕਰੀਬ 45 ਜੀਅ ਸਨ। ਹਮਲਾਵਾਰਾਂ ਨੇ ਇਕੋ ਹੱਲੇ ਸਭ ਦਰਵਾਜ਼ੇ ਤੋੜ ਸੁੱਟੇ। ਤੇਲ ਦੀਆਂ ਭਰੀਆਂ ਬਾਲਟੀਆਂ ਸੁੱਟ ਕੇ ਅੱਗ ਲਾ ਦਿੱਤੀ ਜਿਸ ਵਿਚ ਉਸ ਦੇ ਤਾਏ ਅਤੇ ਭਰਜਾਈ ਦੀ ਮੌਕੇ 'ਤੇ ਹੀ ਮੌਤ ਹੋ ਗਏ ਅਤੇ ਬਾਕੀ ਜਾਨ ਬਚਾਉਂਦੇ ਭੱਜ ਨਿਕਲੇ। ਕਤਲੇਆਮ ਵਿਚੋਂ ਬਚੇ ਕੇਸਰ ਸਿੰਘ ਤੇ ਰਣਜੀਤ ਸਿੰਘ ਨੇ ਦੱਸਿਆ ਕਿ ਅਚਾਨਕ ਪਿੰਡ ਵਿਚ ਡੀਜ਼ਲ ਦਾ ਭਰਿਆ ਡਰੱਮ ਫਟ ਗਿਆ ਜਿਸ ਤੋਂ ਹਮਲਾਵਾਰ ਡਰ ਗਏ।



ਉਤਮ ਸਿੰਘ ਆਪਣੇ ਦੁੱਖਾਂ ਦੀ ਕਹਾਣੀ ਬਿਆਨ ਕਰਦਾ ਹੋਇਆ

ਉਹ ਗੋਲੀ ਚਲਾਉਂਦੇ ਹੋਏ ਪਿੰਡ ਵਿਚੋਂ ਨਿਕਲ ਗਏ।

ਇਸ ਕਾਂਡ 'ਚੋਂ ਬਚੇ ਪਰਿਵਾਰਾਂ ਨੇ ਦੱਸਿਆ ਕਿ ਉਹ ਬਚਦੇ ਬਚਾਉਂਦੇ ਰਾਤ ਨੂੰ ਗੁਆਂਢੀ ਪਿੰਡ ਧਨੋਰਾ ਦੇ ਗੁਰੂ ਘਰ ਵਿਚ ਪੁੱਜ ਗਏ। ਮਗਰੋਂ ਦੂਸਰੇ ਪਿੰਡ ਨੂਰਪੁਰ ਦੇ ਜਾਟ ਮਹਿੰਗਾ ਰਾਮ ਦੇ ਘਰ ਪੁੱਜ ਗਏ ਜਿੱਥੇ ਉਨ੍ਹਾਂ ਨੇ ਰਾਤੋ-ਰਾਤ ਹੀ ਉਨ੍ਹਾਂ ਨੂੰ ਟਰੈਕਟਰ ਟਰਾਲੀਆਂ 'ਤੇ ਰਿਵਾੜੀ ਤੋਂ ਤਿੰਨ ਕਿਲੋਮੀਟਰ ਦੂਰ ਰਠੌੜ ਢਾਣੀ ਵਿਚ ਪਹੁੰਚਾ ਜਿੱਥੇ ਰਠੌੜ ਬਰਾਦਰੀ ਨੇ ਉਨ੍ਹਾਂ ਦੀ ਮਦਦ ਕੀਤੀ। ਕਤਲੇਆਮ ਵਿਚ ਜ਼ਖ਼ਮੀ ਹੋਏ ਲੋਕਾਂ ਦੇ ਮੱਲ੍ਹਮ ਪੱਟੀ ਕੀਤੀ। ਇਨ੍ਹਾਂ ਪਰਿਵਾਰਾਂ ਨੇ ਦੱਸਿਆ ਕਿ ਉਹ ਅੱਠ ਦਿਨ ਉਸ ਪਿੰਡ ਵਿਚ ਰਹੇ। ਹਫਤੇ ਮਗਰੋਂ ਐਸ.ਡੀ.ਐਮ. ਨੇ ਜਦੋਂ ਪਿੰਡ ਹੋਂਦ ਚਿੱਲੜ ਦਾ ਦੌਰਾ ਕੀਤਾ ਤਾਂ ਚਾਰ ਚੁਫੇਰੇ ਜਲੀਆ ਲਾਸ਼ਾਂ ਸਨ, ਫੂਕੇ ਹੋਏ ਘਰਾਂ ਵਿਚੋਂ ਰਾਖ ਉਡ ਰਹੀ ਸੀ। ਇਨ੍ਹਾਂ ਪਰਿਵਾਰਾਂ ਨੇ ਦੱਸਿਆ ਕਿ ਪਿੰਡ ਵਿਚ 17 ਦੁਕਾਨਾਂ ਨੂੰ ਵੀ ਸਾੜ ਦਿੱਤਾ ਗਿਆ। ਇਸ ਉਜਾੜੇ ਬਦਲੇ ਪ੍ਰਸ਼ਾਸਨ ਨੇ ਉਸ ਵੇਲੇ ਉਨ੍ਹਾਂ ਦੀ ਸਿਰਫ 10 ਹਜ਼ਾਰ ਰੁਪਏ ਮਦਦ ਕੀਤੀ। ਇਨ੍ਹਾਂ ਪਰਿਵਾਰਾਂ ਨੇ ਦੱਸਿਆ ਕਿ ਉਹ 1985 ਵਿਚ ਪੰਜਾਬ ਆ ਗਏ ਸਨ। ਇਕ ਸਾਲ ਮਗਰੋਂ ਉਹ ਬਠਿੰਡਾ ਆ ਕੇ ਵਸ ਗਏ ਅਤੇ ਰੁਜ਼ਗਾਰ ਸ਼ੁਰੂ ਕਰ ਦਿੱਤਾ।

ਉਤਮ ਸਿੰਘ ਨੇ ਦੱਸਿਆ ਕਿ ਅਜੇ ਤੱਕ ਇਕ ਪੀੜਤ ਪਰਿਵਾਰ ਨੂੰ ਦੋ ਲੱਖ ਰੁਪਏ ਮਿਲੇ ਹਨ, ਬਾਕੀ ਕਿਸੇ ਦੀ ਕੋਈ ਮਦਦ ਨਹੀਂ ਕੀਤੀ। ਉਨ੍ਹਾਂ ਦੇ ਨਾਲ ਬਚੇ ਕੁਝ ਪਰਿਵਾਰ ਲੁਧਿਆਣਾ ਵਿਖੇ ਹਨ ਜਿਨ੍ਹਾਂ ਵਿਚ ਇੰਦਰ ਸਿੰਘ, ਬਲਵੰਤ ਸਿੰਘ, ਸਾਵਣ ਸਿੰਘ, ਪ੍ਰਤਾਪ ਸਿੰਘ ਤੇ ਹਰਨਾਮ ਸਿੰਘ ਸ਼ਾਮਲ ਹਨ।

ਪੰਜਾਬ ਟਾਈਮਜ਼

ਸਨਿਚਰਵਾਰ, 26 ਫਰਵਰੀ 2011

# ਸੰਗਤ ਦਰਸ਼ਨ ਅਤੇ ਸਰਕਾਰ

ਪੰਜਾਬ ਦਾ ਸਿਆਸੀ ਪਿੜ ਲਗਾਤਾਰ ਭਖ਼ਣ ਕਾਰਨ ਸੱਤਾਧਾਰੀ ਅਕਾਲੀ ਦਲ ਨੂੰ ਇਕ ਲਿਹਾਜ ਨਾਲ ਲੈਣੇ ਦੇ ਦੇਣੇ ਪਏ ਹੋਏ ਹਨ। ਇਸ ਪਿੜ ਵਿਚ ਫ਼ਿਲਹਾਲ ਇਸ ਦੇ ਪੈਰ ਨਹੀਂ ਲੱਗ ਰਹੇ। ਇਕ ਪਾਸੇ ਬਾਗ਼ੀ ਹੋਏ ਮਨਪ੍ਰੀਤ ਸਿੰਘ ਬਾਦਲ ਦੀ ਸਰਗਰਮੀ ਹੈ, ਤਾਂ ਦੂਜੇ ਪਾਸੇ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਗਾਰੇ 'ਤੇ ਡਗਾ ਲਗਾ ਰਿਹਾ ਹੈ। ਹਲਚਲ ਅਤੇ ਖਲਬਲੀ ਦੇ ਇਸ ਮਾਹੌਲ ਵਿਚ ਸਰਕਾਰ ਨੂੰ ਸੰਗਤ ਦਰਸ਼ਨਾਂ ਦਾ ਚੇਤਾ ਅਇਆ ਹੈ ਪਰ ਇਸ ਪਾਸੇ ਵੀ ਪਾਸਾ ਪੁੱਠਾ ਪੈ ਗਿਆ ਜਾਪਦਾ ਹੈ। ਪਟਿਆਲਾ ਜ਼ਿਲ੍ਹੇ ਦੇ ਪਿੰਡ ਘਨੌਰ ਵਿਚ ਸੰਗਤ ਦਰਸ਼ਨਾਂ ਤੋਂ ਬਾਅਦ ਜਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪੱਤਰਕਾਰਾਂ ਨੂੰ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਗਿਣਾ ਰਹੇ ਸਨ ਤਾਂ ਕਿਸਾਨਾਂ ਨੇ 'ਕਿਸਾਨ ਭੂਮੀ ਬਚਾਓ ਸੰਘਰਸ਼ ਕਮੇਟੀ' ਦੀ ਅਗਵਾਈ ਵਿਚ ਇੰਨਾ ਤਿੱਖਾ ਰੋਸ ਜ਼ਾਹਰ ਕੀਤਾ ਕਿ ਮੁੱਖ ਮੰਤਰੀ ਨੂੰ ਪ੍ਰੈਸ ਕਾਨਫਰੰਸ ਵਿਚਾਲੇ ਹੀ ਛੱਡ ਕੇ ਖਿਸਕਣਾ ਪਿਆ। ਕਿਸਾਨਾਂ ਦਾ ਕਹਿਣਾ ਸੀ ਕਿ ਵਿਕਾਸ ਪ੍ਰਾਜੈਕਟਾਂ ਦੇ ਬਹਾਨੇ ਭੂ-ਮਾਫੀਆ ਉਨ੍ਹਾਂ ਦੀ ਜ਼ਮੀਨ ਸਸਤੇ ਭਾਅ ਖਰੀਦ ਕੇ ਕਰੋੜਾਂ ਰੁਪਏ ਕਮਾ ਰਿਹਾ ਹੈ ਅਤੇ ਇਹ ਸਾਰਾ ਕੌਤਕ ਸਰਕਾਰ ਚਲਾ ਰਹੇ ਆਗੂਆਂ ਦੀਆਂ ਅੱਖਾਂ ਦੇ ਸਾਹਮਣੇ ਹੋ ਰਿਹਾ ਹੈ। ਅਸਲ ਗੱਲ ਤਾਂ ਇਹ ਹੈ ਕਿ ਇਨ੍ਹਾਂ ਆਗੂਆਂ ਦੀ ਅਗਵਾਈ ਵਿਚ ਹੀ ਇਹ ਧੰਦਾ ਚਲਾਇਆ ਜਾ ਰਿਹਾ ਹੈ ਅਤੇ ਪਹਿਲਾਂ ਹੀ ਬਦਹਾਲ ਕਿਸਾਨਾਂ ਨੂੰ ਹੋਰ ਲੁੱਟਿਆ ਜਾ ਰਿਹਾ ਹੈ।

ਸਸਤੇ ਭਾਅ ਜ਼ਮੀਨ ਹਥਿਆਉਣ ਦੀ ਕਿਸਾਨਾਂ ਦੀ ਇਹ ਸ਼ਿਕਾਇਤ ਅੱਜ ਦੀ ਨਹੀਂ। ਜਦੋਂ ਤੋਂ ਪੰਜਾਬ ਵਿਚ ਮੈਗਾ ਪ੍ਰਾਜੈਕਟਾਂ ਦੀ ਗੱਲ ਤੁਰੀ ਹੈ, ਕਿਸਾਨਾਂ ਤੋਂ ਜ਼ਮੀਨਾਂ ਖਰੀਦੀਆਂ ਜਾ ਰਹੀਆਂ ਹਨ ਪਰ ਇਸ ਖੇਤਰ ਵਿਚ ਭੂ-ਮਾਫੀਏ ਦੀ ਵੱਡੀ ਪੱਧਰ 'ਤੇ ਘੁਸਪੈਠ ਕਾਰਨ ਕਿਸਾਨਾਂ ਨੂੰ ਆਪਣੀ ਜ਼ਮੀਨ ਦਾ ਬਾਜ਼ਾਰ ਵਾਲਾ ਭਾਅ ਨਹੀਂ ਮਿਲ ਰਿਹਾ। ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਟ੍ਰਾਈਡੈਂਟ ਮਿੱਲ ਮਾਲਕਾਂ ਨਾਲ ਇਸੇ ਮੁੱਦੇ 'ਤੇ ਰੱਫੜ ਵਧਿਆ ਸੀ। ਸਰਕਾਰ ਨੇ ਕਿਸਾਨਾਂ ਦੀ ਜ਼ਮੀਨ ਆਪ ਸਸਤੇ ਭਾਅ ਐਕੁਆਇਰ ਕਰਕੇ ਮਿੱਲ ਮਾਲਕਾਂ ਨੂੰ ਦੇ ਦਿੱਤੀ ਸੀ। ਬਰਨਾਲਾ ਜ਼ਿਲ੍ਹੇ ਦੇ ਇਨ੍ਹਾਂ ਤਿੰਨਾਂ ਪਿੰਡਾਂ ਦੀ ਇਸ ਜ਼ਮੀਨ ਪਿੱਛੇ ਫਿਰ ਲਹੂ-ਵੀਟਵਾਂ ਸ਼ੰਘਰਸ਼ ਲੜਿਆ ਗਿਆ ਅਤੇ ਕਮਿਉਨਿਸਟਾਂ ਦੀ ਅਗਵਾਈ ਵਿਚ ਕਿਸਾਨ ਜਥੇਬੰਦੀਆਂ ਨੇ ਕਿਸਾਨਾਂ ਨੂੰ ਬਣਦਾ ਭਾਅ ਦਿਵਾਇਆ ਸੀ। ਅੰਮ੍ਰਿਤਸਰ ਜ਼ਿਲ੍ਹੇ ਵਿਚ ਅਜਿਹੇ ਹੀ ਇਕ ਸੰਘਰਸ਼ ਵਿਚ ਪਿਛਲੇ ਸਾਲ ਕਿਸਾਨ ਆਗੂ ਸਾਧੂ ਸਿੰਘ ਤਖ਼ਤੂਪੁਰਾ ਦੀ ਜਾਨ ਵੀ ਲੇਖੇ ਲੱਗ ਗਈ ਸੀ। ਅੰਮ੍ਰਿਤਸਰ ਜ਼ਿਲ੍ਹੇ ਦੇ ਇਸ ਇਲਾਕੇ ਵਿਚ ਇਕ ਅਕਾਲੀ ਆਗੂ ਦੀ ਸਰਪ੍ਰਸਤੀ ਹੇਠ ਭੂ-ਮਾਫੀਆ ਸਰਗਰਮ ਸੀ ਅਤੇ ਕਿਸਾਨ ਸਾਧੂ ਸਿੰਘ ਤਖ਼ਤੂਪੁਰਾ ਦੀ ਅਗਵਾਈ ਹੇਠ ਘੋਲ਼ ਲੜ ਰਹੇ ਸਨ ਕਿ ਅਗਲਿਆਂ ਇਕ ਸਾਲ ਪਹਿਲਾਂ ਦਿਨ-ਦਿਹਾੜੇ ਇਸ ਆਗੂ ਨੂੰ ਘੇਰ ਲਿਆ ਅਤੇ ਕੁੱਟ-ਕੁੱਟ ਕੇ ਮਾਰ ਘੱਤਿਆ। ਸਰਕਾਰ ਨੇ ਦੋਸ਼ੀਆਂ ਨੂੰ ਫੜਨ ਜਾਂ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਕਰਨ ਦੀ ਥਾਂ ਪੋਸਟ-ਮਾਰਟਮ ਦੀ ਰਿਪੋਰਟ ਵਿਚ ਤਬਦੀਲੀ ਕਰਵਾ ਕੇ ਕੇਸ ਹੀ ਕਮਜ਼ੋਰ ਕਰ ਦਿੱਤਾ। ਪੋਸਟ-ਮਾਰਟਮ ਰਿਪੋਰਟ ਰਾਹੀਂ ਇਹ ਸਿੱਧ ਕਰ ਦਿੱਤਾ ਗਿਆ ਕਿ ਇਸ ਆਗੂ 'ਤੇ ਹਮਲਾ ਤਾਂ ਹੋਇਆ ਸੀ ਪਰ ਉਸ ਦੀ ਮੌਤ ਦਿਲ ਦੇ ਦੌਰੇ ਕਾਰਨ ਹੋਈ ਹੈ।

ਹੁਣ ਜੇ ਸਰਕਾਰ ਇਸ ਪੱਧਰ ਉਤੇ ਭੂ-ਮਾਫੀਏ ਦੀ ਮਦਦ ਕਰ ਰਹੀ ਹੈ ਤਾਂ ਕਿਸਾਨਾਂ ਦਾ ਇਉਂ ਰੋਹ ਵਿਚ ਆਉਣਾ ਅਤੇ ਤਿੱਖੇ ਰੂਪ ਵਿਚ ਰੋਸ ਪ੍ਰਗਟਾਉਣਾ ਸਮਝ ਆਉਂਦਾ ਹੈ। ਵਿਚਾਰਨ ਵਾਲਾ ਮਸਲਾ ਇਹ ਵੀ ਹੈ ਕਿ ਕਿਸਾਨਾਂ ਕੋਲੋਂ ਜ਼ਮੀਨ ਲਗਾਤਾਰ ਖੁੱਸ ਰਹੀ ਹੈ ਅਤੇ ਇਸ ਦੇ ਨਾਲ ਹੀ ਵਿਕਾਸ ਦੇ ਨਵੇਂ ਢਾਂਚੇ ਵਿਚ ਉਸ ਕੋਲ ਆਮਦਨ ਦੇ ਸਾਧਨ ਲਗਾਤਾਰ ਸੀਮਤ ਹੋ ਰਹੇ ਹਨ। ਹੋਰ ਤਾਂ ਹੋਰ, ਇਸ ਢਾਂਚੇ ਵਿਚ ਉਸ ਦੇ ਅਤੇ ਉਸ ਦੇ ਬੱਚਿਆਂ ਦੇ ਪੈਰ ਵੀ ਨਹੀਂ ਲੱਗ ਰਹੇ। ਦੇਸ਼ ਦਾ ਢਿੱਡ ਭਰਨ ਵਾਲਾ ਕਿਸਾਨ ਅੱਜ ਹਾਲੋਂ-ਬੇਹਾਲ ਹੋਇਆ ਪਿਆ ਹੈ ਅਤੇ ਚੌਰਾਹੇ ਵਿਚ ਖੜ੍ਹਾ ਹੈ। ਸੰਕਟ-ਦਰ-ਸੰਕਟ ਉਸ ਦੀਆਂ ਦੁਸ਼ਵਾਰੀਆਂ ਨਿੱਤ ਦਿਨ ਵਧਾ ਰਹੇ ਹਨ। ਹਰ ਖੇਤਰ ਵਿਚ ਉਹ ਪਛੜ ਰਿਹਾ ਹੈ। ਸਿੱਖਿਆ ਅਤੇ ਸਿਹਤ ਸਹੂਲਤਾਂ ਦੇ ਖੇਤਰ ਵਿਚ ਤਾਂ ਉਹ ਪਹਿਲਾਂ ਹੀ ਬਹੁਤ ਪਿਛਾਂਹ ਰਹਿ ਗਿਆ ਸੀ। ਇਸ ਦਾ ਵੱਡਾ ਕਾਰਨ ਇਹੀ ਸੀ ਕਿ ਵਿਕਾਸ ਪ੍ਰਾਜੈਕਟਾਂ ਵਿਚ ਪਿੰਡਾਂ ਨੂੰ ਗੌਲਿਆ ਨਹੀਂ ਗਿਆ। ਉਪਰੋਂ ਦਿਸਦੀ ਤਸਵੀਰ ਤੋਂ ਫ਼ਿਲਹਾਲ ਜਾਪਦਾ ਹੈ ਕਿ ਪਿੰਡਾਂ ਵਿਚ ਵਸਦੇ ਇਨ੍ਹਾਂ ਕਿਸਾਨਾਂ ਨੇ ਹਾਲਾਤ ਨਾਲ ਸਮਝੌਤਾ ਵੀ ਕਰ ਲਿਆ ਹੈ ਪਰ ਕਿਸਾਨ ਦਾ ਬਾਗ਼ੀ ਸੁਭਾਅ ਆਖ਼ਰਕਾਰ, ਗਾਹੇ-ਬਗਾਹੇ ਆਪਣਾ ਰੰਗ ਵਿਖਾਉਂਦਾ ਹੈ। ਸੰਗਤ ਦਰਸ਼ਨ ਦੌਰਾਨ ਮੁੱਖ ਮੰਤਰੀ ਖ਼ਿਲਾਫ਼ ਜ਼ਾਹਿਰ ਕੀਤੇ ਗੁੱਸੇ ਨੂੰ ਇਸੇ ਪ੍ਰਸੰਗ ਵਿਚ ਰੱਖ ਕੇ ਦੇਖਣਾ ਚਾਹੀਦਾ ਹੈ।

ਦਰਅਸਲ ਸੰਗਤ ਦਰਸ਼ਨਾਂ ਦਾ ਮੁੱਖ ਮਕਸਦ ਸਿਆਸਤ ਹੈ। ਸ਼੍ਰੋਮਣੀ ਕਮੇਟੀ ਚੋਣਾਂ ਸਿਰ ਉਤੇ ਹਨ। ਵਿਧਾਨ ਸਭਾ ਚੋਣਾਂ ਵੀ ਪਿੱਛੇ-ਪਿੱਛੇ ਅੱਡੀ ਟੂੱਕਦੀਆਂ ਆ ਰਹੀਆਂ ਹਨ। ਉਂਜ ਵੀ ਹੁਕਮਰਾਨ ਧਿਰ ਨੂੰ ਅਜਿਹੇ ਪ੍ਰੋਗਰਾਮਾਂ ਦਾ ਚੇਤਾ ਚੋਣਾਂ ਨੇੜੇ ਆਉਣ 'ਤੇ ਹੀ ਆਉਂਦਾ ਹੁੰਦਾ ਹੈ। ਪਿਛਲੀਆਂ 2002 ਦੀਆਂ ਚੋਣਾਂ ਤੋਂ ਐਨ ਪਹਿਲਾਂ ਵੀ ਪ੍ਰਕਾਸ਼ ਸਿੰਘ ਬਾਦਲ ਨੂੰ ਇਉਂ ਸੰਗਤ ਦਰਸ਼ਨ ਲਾਉਣ ਦੀ ਸੁੱਝੀ ਸੀ ਤਾਂ ਕਿ ਲੋਕਾਂ ਤੋਂ ਵੋਟਾਂ ਬਟੋਰੀਆਂ ਜਾ ਸਕਣ। ਉਦੋਂ ਬਾਦਲ ਨੇ ਸੰਗਤ ਦਰਸ਼ਨਾਂ ਦੀ ਹਨ੍ਹੇਰੀ ਹੀ ਲਿਆ ਦਿੱਤੀ ਸੀ। ਲੋਕਾਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਸੰਸਾਰ ਬੈਂਕ ਤੋਂ 800 ਕਰੋੜ ਰੁਪਏ ਦੇ ਕਰਜ਼ੇ ਦਾ ਚੋਖਾ ਹਿੱਸਾ ਇਨ੍ਹਾਂ ਸੰਗਤ ਦਰਸ਼ਨਾਂ ਦੌਰਾਨ ਪੰਚਾਇਤਾਂ ਨੂੰ ਵੰਡ ਦਿੱਤਾ ਗਿਆ ਸੀ। ਉਦੋਂ ਆਰਥਿਕ ਮਾਹਿਰਾਂ ਨੇ ਵੀ ਬਾਦਲ ਦੀ ਇਸ ਲੁੱਟ ਦੀ ਮੁਖ਼ਾਲਫ਼ਤ ਕੀਤੀ ਸੀ। ਇੰਨੇ ਵੱਡੇ ਪੱਧਰ ਉਤੇ ਤਰੱਦਦ ਦੇ ਬਾਵਜੂਦ ਪ੍ਰਕਾਸ਼ ਸਿੰਘ ਬਾਦਲ ਉਦੋਂ ਚੋਣਾਂ ਹਾਰ ਗਏ ਸਨ। ਹੁਣ ਸਿਆਸੀ ਪਿੜ ਵਿਚ ਹੋ ਰਹੀ ਉਥਲ-ਪੁਥਲ ਨੂੰ ਨੇੜਿਓਂ ਦੇਖ-ਪਰਖ ਰਹੇ ਮਾਹਿਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਸੰਗਤ ਦਰਸ਼ਨਾਂ ਦੇ ਬਾਵਜੂਦ ਉਨ੍ਹਾਂ ਲਈ ਐਤਕੀਂ ਵੀ ਜਿੱਤ ਸਕਣਾ 'ਖਾਲਾ ਜੀ ਦਾ ਵਾੜਾ' ਨਹੀਂ। ਲੋਕਾਂ ਦਾ ਰੋਹ ਅਤੇ ਰੋਸ ਦੱਸ ਰਿਹਾ ਹੈ ਕਿ ਹਵਾ ਦਾ ਰੁਖ਼ ਕੁਝ ਹੋਰ ਹੈ। ਇਹ ਗੱਲ ਗ਼ੈਰ-ਸਿਆਸੀ ਬੰਦਿਆਂ ਨੂੰ ਵੀ ਸਾਹਮਣੇ ਵਾਪਰ ਰਹੀ ਦਿਸ ਰਹੀ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਖੁਸ਼ਾਮਦ ਸਾਲਿਆਂ ਦੀ?

ਝੂਠ ਬੋਲ ਕੇ ਕਹਿ ਦਿਓ ਹੰਸ ਚਿੱਟੇ, ਉਪਮਾ ਕਰੀ ਜਾਵੋ ਕਾਂਵਾਂ ਕਾਲਿਆਂ ਦੀ।
ਜੀ ਹਜ਼ੂਰੀਆਂ ਦਾ ਏਹੀ ਧਰਮ ਹੁੰਦੈ, ਜੈ ਜੈ ਕਾਰ ਕਰਨੀ 'ਉਪਰ' ਵਾਲਿਆਂ ਦੀ।
ਬੋਲੀ ਕਿੱਦਾਂ ਦੀ ਹੁੰਦੀ ਏ ਪਤਾ ਸਾਨੂੰ, ਚੂਰੀ ਖਾਣ ਵਾਲੇ ਤੋਤੇ ਪਾਲਿਆਂ ਦੀ।
ਟਿਕਟਾਂ, ਅਹੁਦੇ, ਤਰੱਕੀਆਂ ਲੈਣੀਆਂ ਜੇ, ਚਾਬੀ ਇਹੋ ਹੈ ਸੈਂਕੜੇ ਤਾਲਿਆਂ ਦੀ।
ਠੇਕੇਦਾਰੀ ਵੀ ਮਿਲਦੀ ਏ ਰੇਤ ਵਾਲੀ, ਸੁੱਕੇ ਪਏ ਦਰਿਆਵਾਂ ਤੇ ਨਾਲਿਆਂ ਦੀ।
ਚੋਗਾ ਲੈਣ ਲਈ ਕਰੋ ਨਿਸੰਗ ਹੋ ਕੇ, ਚਮਚਾਗਿਰੀ 'ਪ੍ਰਧਾਨ' ਦੇ ਸਾਲਿਆਂ ਦੀ!

# ਮਿਸਰ ਦੇ ਕਾਰਵਾਂ ਨੇ ਅਰਬ 'ਚ ਆਸ ਦੇ ਦੀਵੇ ਜਗਾਏ

*ਸਾਹਿਤ ਵਿਚ ਰੁਚੀ ਰੱਖਣ ਵਾਲਿਆਂ ਅਤੇ ਜ਼ਿੰਦਗੀ ਦੇ ਚੌਥੇ ਪਹਿਰ ਦਾ ਆਨੰਦ ਮਾਣਦੇ ਬਜ਼ੁਰਗਾਂ ਨੂੰ ਪਤਾ ਹੈ ਕਿ ਮਿਸਰ ਦੇ ਨਾਸਿਰ, ਯੂਗੋਸਵਾਲੀਆ ਦੇ ਟੀਟੋ, ਭਾਰਤ ਦੇ ਨਹਿਰੂ ਤੇ ਚੌਥੇ ਇੰਡੋਨੇਸ਼ੀਆ ਦੇ ਸੁਕਾਰਨੋ ਦੇ ਪ੍ਰਚਾਰ ਨੇ ਹੀ ਦੁਨੀਆਂ ਭਰ ਦੇ ਪਿੰਡਾਂ ਵਿਚ ਲੋਕਾਂ ਨੂੰ ਸੰਸਾਰ ਅਮਨ ਦੇ ਗੀਤ ਗਾਉਣ ਲਾ ਦਿੱਤਾ ਸੀ। ਪੰਜਾਬ ਵਿਚ ਤੇਰਾ ਸਿੰਘ ਚੰਨ ਦਾ ਉਪੇਰਾ 'ਕਾਗ ਸਮੇਂ ਦਾ ਬੋਲਿਆ' ਇਸ ਵਰਤਾਰੇ ਦਾ ਹੀ ਹਿੱਸਾ ਸੀ। ਤੇ ਸੰਸਾਰ ਅਮਨ ਲਈ ਯੂ.ਐਨ.ਓ. ਕੋਲ ਕੁੱਲ ਦੁਨੀਆਂ ਵਿਚੋਂ ਸਭ ਤੋਂ ਵੱਧ ਹਸਤਾਖਰ ਪੰਜਾਬ ਤੋਂ ਹੀ ਗਏ ਸਨ।*

**ਹਰਜਿੰਦਰ ਦੁਸਾਂਝ**

ਬਹੁਤ ਸਾਲ ਪਹਿਲਾਂ, ਇਕ ਕਾਫ਼ੀ ਪੁਰਾਣੀ ਕਿਤਾਬ ਵਿਚ ਪੜ੍ਹਿਆ ਸੀ ਕਿ ਸਮੇਂ ਦੀ ਤੋਰ ਨਾਲ ਦੁਨੀਆਂ ਵਿਚ ਕੇਵਲ ਪੰਜ ਬਾਦਸ਼ਾਹ ਹੀ ਰਹਿ ਜਾਣਗੇ। ਇਕ ਇੰਗਲੈਂਡ ਦਾ ਤੇ ਦੂਜੇ ਚਾਰ, ਤਾਸ਼ ਦੇ ਪੱਤਿਆਂ 'ਤੇ ਉਕਰੇ ਹੋਏ ਪਰ ਹੌਲੀ-ਹੌਲੀ ਇੰਗਲੈਂਡ ਦੀ ਰਾਣੀ ਦੇ ਟੱਬਰ ਦੇ ਖ਼ਿਲਾਫ਼ ਵੀ ਜਿਸ ਤਰ੍ਹਾਂ ਗੱਲਾਂ ਤੁਰ ਪਈਆਂ ਹਨ, ਦੇਖ ਕੇ ਲੱਗਦਾ ਹੈ ਕਿ ਕਦੇ ਨਾ ਕਦੇ ਉਸ ਦੀ ਬਾਦਸ਼ਾਹੀ ਦੇ ਕਿੰਗਰੇ ਵੀ ਡਿੱਗ ਸਕਦੇ ਹਨ। ਕਈ ਸਾਲ ਪਹਿਲਾਂ ਹੀ ਉਸ ਦੀ ਆਮਦਨ ਉਤੇ ਟੈਕਸ ਲੱਗਣਾ ਸ਼ੁਰੂ ਹੋ ਗਿਆ ਹੈ। ਲੋਕਾਂ ਦੇ ਟੈਕਸ ਤੋਂ ਮਿਲਦੇ ਧਨ ਨਾਲ ਉਸ ਦੇ ਟੱਬਰ ਨੂੰ ਮਿਲਦੀਆਂ ਸਹੂਲਤਾਂ ਦਾ ਬਜਟ ਵੀ ਕਿਰਦਾ ਜਾ ਰਿਹਾ ਹੈ। ਦੁਨੀਆਂ ਉਤੇ ਰਾਜ ਕਰਨ ਵਾਲੀ ਸਲਤਨਤ ਦੇ ਖ਼ਿਲਾਫ਼ ਜਿਵੇਂ ਮੱਧਮ ਸੁਰ ਵਿਚ ਆਵਾਜ਼ਾਂ ਦੀ ਲਾਮਬੰਦੀ ਹੋ ਰਹੀ ਹੈ, ਉਸ ਨੂੰ ਦੇਖ ਕੇ ਲੱਗਦਾ ਹੈ ਕਿ ਬੋਹੜ ਦੇ ਰੁੱਖ ਦਾ ਬੀਜ ਵੀ ਬਹੁਤ ਛੋਟਾ ਹੁੰਦਾ ਹੈ।

ਖ਼ੈਰ, ਗੱਲ ਮੈਂ ਮਿਸਰ ਦੀ ਕਰ ਰਿਹਾ ਸਾਂ ਕਿ ਉਥੇ ਜਿਸ ਤਰ੍ਹਾਂ ਨਿੱਕੀਆਂ-ਨਿੱਕੀਆਂ ਕਣੀਆਂ ਦੇ ਇਕੱਠ ਨੇ ਜੋ ਹੜ੍ਹ ਲਿਆਂਦਾ, ਉਸ ਨੂੰ ਦੇਖ ਕੇ ਸਮੁੱਚੇ ਅਰਬ ਦੇਸ਼ਾਂ ਦੀ ਬਾਦਸ਼ਾਹਤ ਡਗਮਗਾਉਂਦੀ ਦਿਸਦੀ ਹੈ। ਮਿਸਰ ਦਾ ਰਾਸ਼ਟਰਪਤੀ ਕਹਿਣ ਨੂੰ ਤਾਂ ਭਾਵੇਂ ਚੁਣਿਆ ਨੁਮਾਇੰਦਾ ਸੀ ਪਰ ਅਸਲ ਵਿਚ ਉਹ ਰਾਜਿਆਂ ਵਰਗਾ ਹੀ ਸੀ। ਦੂਜੀ ਸੰਸਾਰ ਜੰਗ ਤੋਂ ਬਾਅਦ ਦੁਨੀਆਂ ਵਿਚੋਂ ਰਜਵਾੜਾਸ਼ਾਹੀ ਮਜ਼ਬੂਤ ਕਰਨ ਜਾਂ ਖ਼ਤਮ ਕਰਨ ਤੋਂ ਲੈ ਕੇ ਕਦੇ ਲੋਕ-ਰਾਜ ਦਾ ਅਤੇ ਕਦੇ ਫ਼ੌਜ ਦਾ ਸਹਾਰਾ ਲੈ ਕੇ ਰਾਜਿਆਂ ਵਰਗੇ ਤਾਨਾਸ਼ਾਹ ਪੈਦਾ ਕਰਨ ਵਿਚ ਸਰਦ ਜੰਗ ਦਾ ਬਹੁਤ ਵੱਡਾ ਹੱਥ ਰਿਹਾ ਹੈ। ਅਰਬ ਦੇਸ਼ਾਂ ਵਿਚ ਰੇਤ ਨੂੰ ਤੇਲ ਦੀ ਤਰੇਲੀ ਆਉਣ ਤੋਂ ਪਹਿਲਾਂ ਹੀ ਮਿਸਰ ਦੂਜੇ ਅਰਬਾਂ ਦੇ ਮੁਕਾਬਲੇ ਸਰਦਾ-ਪੁੱਜਦਾ ਦੇਸ਼ ਸੀ। ਦੁਨੀਆਂ ਦੀ ਪੁਰਾਤਨ ਸਭਿਅਤਾ ਵਿਚ ਇਸ ਦਾ ਵਿਲੱਖਣ ਯੋਗਦਾਨ ਰਿਹਾ ਹੈ। ਅਰਬਾਂ ਦੀ ਸਭ ਤੋਂ ਵੱਧ ਆਬਾਦੀ ਵਾਲੇ ਇਸ ਦੇਸ਼ ਦਾ ਮੁਖੀ ਕਦੇ ਸਮੁੱਚੇ ਅਰਬ ਖਿੱਤੇ ਦਾ ਖ਼ਲੀਫ਼ਾ ਹੁੰਦਾ ਸੀ। ਕਿਸੇ ਵਕਤ ਇਸ ਖ਼ਲੀਫ਼ੇ ਦੇ ਫ਼ੈਸਲੇ ਨੇ ਹੀ ਸਮੁੱਚੇ ਅਰਬ ਦੇਸ਼ਾਂ ਨੂੰ ਸੰਸਾਰ ਜੰਗ ਵਿਚ ਝੋਕ ਦਿੱਤਾ ਸੀ।

ਜੇਕਰ ਗੱਲ ਆਧੁਨਿਕ ਮਿਸਰ ਦੀ ਕਰੀਏ ਤਾਂ ਮਿਸਰ ਅਤੇ ਭਾਰਤ ਦੇ ਬਹੁਤ ਡੂੰਘੇ ਸਬੰਧ ਰਹੇ ਹਨ। ਦੂਜੀ ਸੰਸਾਰ ਜੰਗ ਤੋਂ ਬਾਅਦ ਜਦੋਂ ਦੁਨੀਆਂ ਦੋ ਧਿਰਾਂ ਵਿਚ ਵੰਡੀ ਗਈ ਤਾਂ ਦੋਹੇ ਧਿਰਾਂ ਆਪਣੇ ਆਪ ਨੂੰ ਲੋਕਾਂ ਦੀ ਅਤੇ ਦੂਜੀ ਧਿਰ ਨੂੰ ਜੋਕਾਂ ਦੀ ਧਿਰ ਗਰਦਾਨਦੀਆਂ ਸਨ। ਸਮਾਜਵਾਦ ਅਤੇ ਸਰਮਾਏਦਾਰੀ ਪ੍ਰਬੰਧ ਚੰਗਾ ਹੋਣ ਦੀ ਵਕਾਲਤ ਨੇ ਜਦੋਂ ਦੁਨੀਆਂ ਨੂੰ ਮਾਰੂ ਹਥਿਆਰਾਂ ਦੀ ਨਵੀਂ ਹੀ ਦੌੜ ਲੁਆ ਦਿੱਤੀ ਤਾਂ ਨਹਿਰੂ, ਨਾਸਿਰ ਅਤੇ ਟੀਟੋ ਦੀ ਤਿਕੜੀ ਨੇ ਦੋਵਾਂ ਦੇ ਮੁਕਾਬਲੇ ਤੀਜੀ ਧਿਰ (ਗੁੱਟ ਨਿਰਲੇਪ) ਖੜ੍ਹੀ ਕਰ ਕੇ ਸੰਸਾਰ ਅਮਨ ਦਾ ਹੋਕਾ ਦੇਣਾ ਸ਼ੁਰੂ ਕਰ ਦਿੱਤਾ। ਸਾਹਿਤ ਵਿਚ ਰੁਚੀ ਰੱਖਣ ਵਾਲਿਆਂ ਅਤੇ ਜ਼ਿੰਦਗੀ ਦੇ ਚੌਥੇ ਪਹਿਰ ਦਾ ਆਨੰਦ ਮਾਣਦੇ ਬਜ਼ੁਰਗਾਂ ਨੂੰ ਪਤਾ ਹੈ ਕਿ ਮਿਸਰ ਦੇ ਨਾਸਿਰ, ਯੂਗੋਸਵਾਲੀਆ ਦੇ ਟੀਟੋ, ਭਾਰਤ ਦੇ ਨਹਿਰੂ ਤੇ ਚੌਥੇ ਇੰਡੋਨੇਸ਼ੀਆ ਦੇ ਸੁਕਾਰਨੋ ਦੇ ਪ੍ਰਚਾਰ ਨੇ ਹੀ ਦੁਨੀਆਂ ਭਰ ਦੇ ਪਿੰਡਾਂ ਵਿਚ ਲੋਕਾਂ ਨੂੰ ਸੰਸਾਰ ਅਮਨ ਦੇ ਗੀਤ ਗਾਉਣ ਲਾ ਦਿੱਤਾ ਸੀ। ਪੰਜਾਬ ਵਿਚ ਤੇਰਾ ਸਿੰਘ ਚੰਨ ਦਾ ਉਪੇਰਾ 'ਕਾਗ ਸਮੇਂ ਦਾ ਬੋਲਿਆ' ਇਸ ਵਰਤਾਰੇ ਦਾ ਹੀ ਹਿੱਸਾ ਸੀ। ਤੇ ਸੰਸਾਰ ਅਮਨ ਲਈ ਯੂ.ਐਨ.ਓ. ਕੋਲ ਕੁੱਲ ਦੁਨੀਆਂ ਵਿਚੋਂ ਸਭ ਤੋਂ ਵੱਧ ਹਸਤਾਖਰ ਪੰਜਾਬ ਤੋਂ ਹੀ ਗਏ ਸਨ।

ਖ਼ੈਰ, ਅਮਨ ਦਾ ਇਹ ਸੁਨੇਹਾ ਉਸ ਵਕਤ ਨਾ ਮਾਸਕੋ ਨੂੰ ਰਾਸ ਆਉਂਦਾ ਸੀ ਅਤੇ ਨਾ ਹੀ ਵਾਸ਼ਿੰਗਟਨ ਨੂੰ। ਸੱਜਿਆਂ ਅਤੇ ਖੱਬਿਆਂ-ਦੋਵਾਂ ਨੇ ਇਕ-ਦੂਜੇ ਨੂੰ ਥੱਲੇ ਲਾਉਣ ਦੇ ਚੱਕਰ ਵਿਚ ਜਿਹੜੀ ਕੌੜੀ ਫ਼ਸਲ ਉਸ ਵਕਤ ਬੀਜੀ ਸੀ, ਉਸ ਦਾ ਫੁੱਲ ਦੋਵਾਂ ਧਿਰਾਂ ਸਮੇਤ ਲਗਭਗ ਸਭ ਦੇਸ਼ ਥੋੜ੍ਹਾ-ਬਹੁਤ ਖਾ ਰਹੇ ਹਨ।

ਸਰਦ ਜੰਗ ਦੌਰਾਨ ਅਮਰੀਕਾ, ਜਿਹੜਾ ਲੋਕਰਾਜ ਦਾ ਸਭ ਤੋਂ ਵੱਡਾ ਮੁੱਦਈ ਹੈ, ਨੇ ਬਹੁਤ ਸਾਰੇ ਦੇਸ਼ਾਂ ਵਿਚ ਰਜਵਾੜਾਸ਼ਾਹੀ ਨੂੰ ਉਤਸ਼ਾਹਿਤ ਕੀਤਾ ਅਤੇ ਕਈ ਥਾਂਵਾਂ ਉਤੇ ਲੋਕਰਾਜੀ ਤਾਕਤਾਂ ਨੂੰ ਨਿਹੱਥੇ ਕਰ ਕੇ ਕੁੰਜੀ ਤਾਨਾਸ਼ਾਹਾਂ ਦੇ ਹੱਥ ਦੇਣ ਲਈ ਅਹਿਮ ਭੂਮਿਕਾ ਨਿਭਾਈ। ਇਸੇ ਤਰ੍ਹਾਂ ਧਰਮ ਨੂੰ ਨਸ਼ਾ ਦੱਸਦਿਆਂ ਆਪਣੇ ਆਪ ਨੂੰ ਧਰਮ ਨਿਰਲੇਪ ਦੇਸ਼ ਕਹਾਉਣ ਵਾਲੇ ਸੋਵੀਅਤ ਸੰਘ ਨੇ ਕਿੰਨੀਆਂ ਥਾਂਵਾਂ 'ਤੇ ਲੋਕ-ਪੱਖੀ ਤਾਕਤਾਂ ਦੇ ਉਲਟ ਕੱਟੜ ਫ਼ਿਰਕਾਪ੍ਰਸਤਾਂ ਦਾ ਸਾਥ ਦਿੱਤਾ। ਈਰਾਨ ਦੋਵਾਂ ਧਿਰਾਂ ਲਈ ਵੱਡੀ ਮਿਸਾਲ ਹੈ ਜਿਥੇ ਅਮਰੀਕਾ ਸ਼ਾਹ ਦਾ (ਰਾਜੇ) ਸਾਥ ਦੇ ਰਿਹਾ ਸੀ ਅਤੇ ਸੋਵੀਅਤ ਸੰਘ ਕੱਟੜਪ੍ਰਸਤ ਖ਼ੁਮੈਨੀ ਦਾ। ਸੋ, ਦੁਨੀਆਂ ਵਿਚ ਤਾਨਾਸ਼ਾਹੀ ਤੇ ਧਾਰਮਿਕ ਫ਼ਿਰਕਾਪ੍ਰਸਤੀ ਨੂੰ ਉਭਾਰਨ ਵਿਚ ਸਰਦ ਜੰਗ ਦਾ ਹੀ ਰੋਲ ਹੈ।

ਆਧੁਨਿਕ ਮਿਸਰ ਅਸਲੋਂ ਧਰਮ-ਨਿਰਪੱਖ, ਲੋਕਰਾਜੀ ਤੇ ਲੋਕ-ਪੱਖੀ ਦੇਸ਼ ਦੀ ਸਥਾਪਤੀ ਵੱਲ ਵਧ ਰਿਹਾ ਸੀ ਕਿ ਦੂਜੀ ਸੰਸਾਰ ਜੰਗ ਦੌਰਾਨ ਕੌਮਾਂਤਰੀ ਸਿਆਸਤ ਦੀ ਖਿੱਦੋ ਮਿਸਰ ਦੇ ਵਿਹੜੇ ਆ ਡਿੱਗੀ। ਇਜ਼ਰਾਈਲ ਨਾਲ ਹੋਈ ਜੰਗ ਤੋਂ ਬਾਅਦ ਉਸ ਨਾਲ ਮਿਸਰ ਦਾ ਸਮਝੌਤਾ ਕਰਵਾਏ ਜਾਣ ਸਮੇਤ ਅਜਿਹੇ ਹੋਰ ਕੌਮਾਂਤਰੀ ਮਸਲਿਆਂ ਕਰ ਕੇ ਮਿਸਰ ਦੇ ਉਦੋਂ ਦੇ ਰਾਸ਼ਟਰਪਤੀ ਨਾਸਿਰ ਦਾ ਕਤਲ ਕਰਵਾ ਕੇ ਜਨਾਬ ਹੋਸਨੀ ਮੁਬਾਰਕ ਨੂੰ ਅੱਗੇ ਲਿਆਂਦਾ ਗਿਆ। ਹੋਸਨੀ ਮੁਬਾਰਕ ਨੇ ਇਜ਼ਰਾਈਲ ਨਾਲ ਸਭ ਤੋਂ ਪਹਿਲਾਂ ਸਮਝੌਤਾ ਕੀਤਾ ਜਦਕਿ ਉਹ ਖ਼ੁਦ ਇਜ਼ਰਾਈਲ ਨਾਲ ਲੜੀ ਜੰਗ ਦਾ ਹੀਰੋ ਸੀ। ਨਾਸਿਰ ਵੇਲੇ ਸੋਵੀਅਤ ਬਲਾਕ ਦੇ ਨੇੜੇ ਸਮਝੇ ਜਾਂਦੇ ਮਿਸਰ ਦੇਸ਼ ਨੂੰ ਉਨ੍ਹਾਂ ਨੇ ਹੀ ਨਾਟੋ ਦਾ ਮੈਂਬਰ ਬਣਾਇਆ ਸੀ। ਤਿੰਨ ਦਹਾਕਿਆਂ ਵਿਚ ਬੱਚਾ ਜੰਮ ਕੇ ਬਾਪ ਬਣ ਜਾਂਦਾ ਹੈ। ਮੁਬਾਰਕ ਲੋਕਰਾਜ ਦਾ ਮੁਖੌਟਾ ਪਾ ਕੇ ਫ਼ੌਜ ਦੀ ਮਦਦ ਨਾਲ ਇੰਨੇ ਸਾਲ ਰਾਸ਼ਟਰਪਤੀ ਬਣੇ ਰਹੇ। ਹੁਣ ਵੀ ਉਹ ਉਦੋਂ ਤਕ ਗੱਦੀ ਛੱਡਣ ਤੋਂ ਇਨਕਾਰੀ ਰਹੇ ਜਦੋਂ ਤਕ ਉਨ੍ਹਾਂ ਦੇ ਸਾਥੀ ਫ਼ੌਜੀ ਅਫ਼ਸਰ ਹੀ ਉਨ੍ਹਾਂ ਦੇ ਖ਼ਿਲਾਫ਼ ਨਹੀਂ ਹੋ ਗਏ। ਮੁਬਾਰਕ ਨੇ ਆਪਣੇ ਸ਼ਾਸਨ ਕਾਲ ਦੌਰਾਨ ਕੱਟੜਪੰਥੀਆਂ ਨਾਲ ਨਜਿੱਠਣ ਦੇ ਨਾਂ ਉਤੇ ਹੰਗਾਮੀ ਹਾਲਾਤ (ਐਮਰਜੈਂਸੀ) ਵਾਲੇ ਕਾਨੂੰਨ ਲਾਗੂ ਕਰੀ ਰੱਖੇ। ਇਥੋਂ ਤਕ ਕਿ ਪਿਛਲੇ ਤੀਹ ਸਾਲ ਪਬਲਿਕ ਥਾਂਵਾਂ ਉਤੇ ਪੰਜ ਬੰਦਿਆਂ ਤੋਂ ਵੱਧ ਬੈਠਣ-ਖੜ੍ਹਨ ਦੀ ਪਾਬੰਦੀ ਰਹੀ। ਉਸ ਨੇ ਭਾਵੇਂ ਕੁੜੀਆਂ ਨੂੰ ਪੜ੍ਹਨ-ਲਿਖਣ ਸਮੇਤ ਅਰਬਾਂ ਦੇ ਮੁਕਾਬਲੇ ਵੱਧ ਅਧਿਕਾਰ ਦਿੱਤੇ, ਘੱਟ-ਗਿਣਤੀਆਂ ਨੂੰ ਵੀ ਦੂਜੇ ਅਰਬ ਦੇਸ਼ਾਂ ਦੇ ਮੁਕਾਬਲੇ ਵੱਧ ਅਧਿਕਾਰ ਦਿੱਤੇ ਪਰ ਨਾਸਿਰ ਦੇ ਸੁਫ਼ਨਿਆਂ ਦਾ ਆਧੁਨਿਕ ਮਿਸਰ ਕਦੇ ਵੀ ਨਾ ਉਸਰ ਸਕਿਆ। ਉਸ ਦੇ ਕੀਤੇ ਚੰਗੇ ਕੰਮਾਂ ਨੂੰ ਭਾਵੇਂ ਕਦੇ ਮਿਸਰ ਦੇ ਲੋਕ ਵਿਸਾਰ ਨਹੀਂ ਸਕਣਗੇ ਪਰ ਪਿਛਲੇ ਸਮੇਂ ਤੋਂ ਉਸ ਦੀ ਟੀਮ ਦੀਆਂ ਆਪ ਹੁਦਰੀਆਂ ਕੁਝ ਵਧ ਗਈਆਂ ਸਨ। ਪਿਛਲੇ ਦਿਨੀਂ ਜਦੋਂ ਪੁਲੀਸ ਵਧੀਕੀ ਵਿਰੁਧ ਮਿਸਰ ਦੀ ਨਵੀਂ ਪੀੜ੍ਹੀ ਲਾਮਬੰਦ ਹੋਈ, ਉਸ ਨੇ ਮਿਸਰ ਦੇ ਸਮਾਜ ਵਿਚ ਧੁਖਦੇ ਗ਼ੁੱਸੇ ਦੀ ਜਵਾਲਾ ਨੂੰ ਐਸੀ ਚਿਣਗ ਲਾਈ ਕਿ ਲੱਗਦਾ ਹੈ, ਇਸ ਦੇ ਭਾਂਬੜਾਂ ਦੇ ਸੇਕ ਤੋਂ ਪੂਰਾ ਅਰਬ ਜਗਤ ਬਚ ਨਹੀਂ ਸਕੇਗਾ।

ਮਿਸਰ ਦੇ ਲੋਕਾਂ ਨੇ ਜਿਸ ਤਰ੍ਹਾਂ ਸ਼ਾਂਤ ਰਹਿੰਦਿਆਂ ਆਪਣਾ ਸੰਘਰਸ਼ ਜਾਰੀ ਰੱਖਿਆ, ਉਸ ਨੇ ਇਕ ਵਾਰ ਫਿਰ ਦਰਸਾ ਦਿੱਤਾ ਹੈ ਕਿ ਆਧੁਨਿਕ ਯੁੱਗ ਵਿਚ ਆਪਣੇ ਹੱਕਾਂ ਲਈ ਲੜਨ ਦਾ ਸਭ ਤੋਂ ਕਾਰਗਰ ਤਰੀਕਾ ਸ਼ਾਂਤਮਈ ਸੰਘਰਸ਼ ਹੀ ਹੈ। ਆਪਣੇ ਹੱਕਾਂ ਲਈ ਦੂਜਿਆਂ ਦਾ ਖ਼ੂਨ-ਖ਼ਰਾਬਾ ਕਰਨ ਦੇ ਦਿਨ ਬਹੁਤ ਪਿੱਛੇ ਰਹਿ ਗਏ ਹਨ। ਯਾਦ ਰਹੇ, ਦੂਜੀ ਸੰਸਾਰ ਜੰਗ ਤੋਂ ਬਾਅਦ ਕੋਈ ਹਥਿਆਰਬੰਦ ਲਹਿਰ ਕਾਮਯਾਬ ਨਹੀਂ ਹੋਈ। ਜੇਕਰ ਕਿਸੇ ਨੇ ਕੁਝ ਹਾਸਲ ਕੀਤਾ ਤਾਂ ਮਿਸਰ ਦੇ ਲੋਕਾਂ ਵਾਲਾ ਰਾਹ ਅਖ਼ਤਿਆਰ ਕਰ ਕੇ ਹੀ ਕੀਤਾ ਹੈ। ਮਿਸਰ ਦੇ ਲੋਕਾਂ ਨੇ ਸਾਬਤ ਕਰ ਦਿੱਤਾ ਕਿ ਜੇ ਚਿੜੀਆਂ ਇਕੱਠੀਆਂ ਹੋ ਜਾਣ ਤਾਂ ਬਾਜਾਂ ਨੂੰ ਵੀ ਦੌੜਨਾ ਪੈ ਜਾਂਦਾ ਹੈ। ਗੁਟਾਰਾਂ ਦਾ ਇਕੱਠ ਫਾਹੀਆਂ ਉਡਾ ਮਾਰਦਾ ਹੈ ਅਤੇ ਛੋਟੀਆਂ ਕਣੀਆਂ ਤੋਂ ਬਣਿਆ ਹੜ੍ਹ ਪਰਬਤਾਂ ਨੂੰ ਵੀ ਖੋਰ ਸਕਦਾ ਹੈ। ਆਪਣੇ ਹੱਕਾਂ ਲਈ ਲੜ ਰਹੇ ਦੁਨੀਆਂ ਭਰ ਦੇ ਲੋਕਾਂ ਲਈ ਇਹ ਨਵੀਂ ਮਿਸਾਲ ਬਣੀ ਹੈ।

ਸ਼ਾਂਤਮਈ ਸੰਘਰਸ਼ਕਾਰੀਆਂ ਨੂੰ ਬਹਿਕਾਉਣ ਲਈ ਭਾਵੇਂ ਕੋਸ਼ਿਸ਼ਾਂ ਵੀ ਹੋਈਆਂ ਪਰ ਉਨ੍ਹਾਂ ਨਾ ਸ਼ਾਂਤੀ ਦਾ ਪੱਲਾ ਛੱਡਿਆ ਅਤੇ ਨਾ ਹੀ ਆਪਣੇ ਨਿਸ਼ਾਨੇ ਤੋਂ ਥਿੜਕੇ। ਆਖ਼ਰ ਉਨ੍ਹਾਂ ਨੂੰ ਜਿੱਤ ਮਿਲੀ ਅਤੇ ਪੂਰੇ ਅਰਬ ਸੰਸਾਰ ਵਿਚ ਜਾਗ੍ਰਿਤੀ ਵੀ ਪੈਦਾ ਹੋਈ। ਮਿਸਰ ਵਿਚ ਜਿਹੜੀ ਲੋਅ ਮਘੀ ਹੈ, ਲੱਗਦਾ ਹੈ, ਉਸ ਦਾ ਚਾਨਣ ਹੁਣ ਅਰਬ ਦੀ ਰੇਤ ਦੇ ਹਰ ਕਿਣਕੇ ਨੂੰ ਰੋਸ਼ਨ ਕਰੇਗਾ। ਕਿਹਾ ਜਾ ਸਕਦਾ ਹੈ ਕਿ ਇਹ ਰੋਸ਼ਨੀ ਹੀ ਅਰਬ ਦੇਸ਼ਾਂ ਦੀ ਸਾਧਾਰਨ ਅਵਾਮ ਦੀ ਉਹ ਨਫ਼ਰਤ ਦੂਰ ਕਰ ਸਕੇਗੀ ਜਿਹੜੀ ਗ਼ੈਰ ਅਰਬ (ਗ਼ੈਰਮੁਸਲਿਮ) ਲੋਕਾਂ ਦੇ ਖ਼ਿਲਾਫ਼ ਹੈ, ਕਿਉਂਕਿ ਜਿਹੜੇ ਬੁਨਿਆਦੀ ਕਾਰਨਾਂ ਕਰਕੇ ਇਹ ਨਫ਼ਰਤ ਪੈਦਾ ਹੋਈ ਹੈ, ਲੋਕ ਉਨ੍ਹਾਂ ਕਾਰਨਾਂ ਦੀ ਤਹਿ ਫਰੋਲਣ ਲੱਗ ਪਏ ਹਨ।

ਅਰਬਾਂ ਦੇ ਇਹ ਸ਼ੇਖ਼ ਤੇਲ ਦੇ ਪੈਸੇ ਨਾਲ ਆਪ ਤਾਂ ਹਰ ਅੱਯਾਸ਼ੀ ਕਰਦੇ ਹਨ ਜਦਕਿ ਸਾਧਾਰਨ ਜਨਤਾ ਨੂੰ ਕੁਰਾਨ ਦਾ ਪਾਠ ਪੜ੍ਹਾ ਰਹੇ ਹਨ। ਇਹ ਰਾਜੇ-ਰਾਣੀਆਂ ਪੱਛਮੀ ਦੇਸ਼ਾਂ ਵਿਚ ਆ ਕੇ ਜਦ ਖ਼ਰਮਸਤੀਆਂ ਕਰਦੇ ਹਨ ਤਾਂ ਕੀ ਇਹ ਲੋਕ ਸਮਝਦੇ ਹਨ ਕਿ ਮੁਹੰਮਦ ਦਾ ਪੈਗ਼ਾਮ ਸਿਰਫ਼ ਸਾਧਾਰਨ ਜਨਤਾ ਲਈ ਹੈ। ਅੱਲਾ ਕੇਵਲ ਗ਼ਰੀਬਾਂ ਨੂੰ ਹੀ ਦੇਖਦਾ ਹੈ। ਇਹ ਯਹੂਦੀਆਂ ਦੇ ਖ਼ਿਲਾਫ਼ ਨਫ਼ਰਤ ਭਰਿਆ ਪ੍ਰਚਾਰ ਕਰਦੇ ਹਨ ਜਦਕਿ ਖ਼ੁਦ ਉਨ੍ਹਾਂ ਨਾਲ ਵਪਾਰਕ ਭਾਈਵਾਲੀਆਂ ਰੱਖਦੇ ਹਨ। ਆਪਣੇ ਬੱਚਿਆਂ ਨੂੰ ਤਾਂ ਪੱਛਮ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਨ ਭੇਜਦੇ ਹਨ ਅਤੇ ਸਾਧਾਰਨ ਲੋਕਾਂ ਦੇ ਬੱਚਿਆਂ ਲਈ ਸਿਰਫ਼ ਮਦਰਸੇ। ਹੈਰਾਨੀ ਦੀ ਗੱਲ ਹੈ ਕਿ ਕਈ ਅਰਬ ਦੇਸ਼ਾਂ ਵਿਚ ਬਾਹਰੋਂ ਜਾ ਕੇ ਤਾਂ ਲੋਕ ਕੰਮ ਕਰੇ ਰਹੇ ਹਨ ਪਰ ਉਥੋਂ ਦੇ ਜੰਮੇ ਫਾਕੇ ਕੱਟ ਰਹੇ ਹਨ। ਇਕ ਪਾਸੇ ਦੁਨੀਆਂ ਦੇ ਉਚੇ ਮੀਨਾਰ ਬਣ ਰਹੇ ਹਨ ਜਦਕਿ ਸਾਧਾਰਨ ਅਰਬ ਜਨਤਾ ਅਜੇ ਵੀ ਭੇਡਾਂ-ਬੱਕਰੀਆਂ ਚਾਰ ਰਹੀ ਹੈ ਤੇ ਝੁੱਗੀਆਂ ਵਿਚ ਰਹਿ ਰਹੀ ਹੈ।

ਇਕ ਪਾਸੇ ਉਹ ਲੋਕ ਹਨ ਜਿਨ੍ਹਾਂ ਕੋਲ ਦਰਜਨਾਂ ਬੀ.ਐਮ.ਡਬਲਿਊ. ਕਾਰਾਂ ਹਨ ਅਤੇ ਦੂਜੇ ਪਾਸੇ ਉਹ ਲੋਕ ਹਨ ਜਿਨ੍ਹਾਂ ਨੂੰ ਸਾਈਕਲ ਵੀ ਨਹੀਂ ਜੁੜਦਾ। ਉਹ ਅਜੇ ਵੀ ਖੱਚਰਾਂ-ਖੋਤਿਆਂ ਉਤੇ ਤੁਰੇ ਫਿਰਦੇ ਹਨ। ਗ਼ੁਰਬਤ ਦੇ ਮਾਰੇ ਇਨ੍ਹਾਂ ਲੋਕਾਂ ਦੀ ਅਕਲ ਨੂੰ ਅਨਪੜ੍ਹਤਾ ਨੇ ਜਿੰਦਰੇ ਮਾਰੇ ਹੋਏ ਹਨ। ਆਪਣੇ ਹਾਲਾਤ ਲਈ ਇਹ ਪੱਛਮ ਦੇ ਦੇਸ਼ਾਂ ਨੂੰ ਦੋਸ਼ੀ ਜ਼ਿਆਦਾ ਮੰਨਦੇ ਹਨ। ਇਨ੍ਹਾਂ ਭਾਣੇ ਉਹ ਇਨ੍ਹਾਂ ਦੇ ਕੁਦਰਤੀ ਸੋਮੇ ਖੋਰ-ਖੋਰ ਲਿਜਾ ਰਹੇ ਹਨ। ਅਰਬਾਂ ਦੀ ਹਾਕਮ ਜਮਾਤ ਨੇ ਆਪਣੇ ਮੁਫ਼ਾਦ ਖ਼ਾਤਰ ਗਾਹੇ-ਬਗਾਹੇ ਗ਼ੈਰ-ਮੁਸਲਮਾਨਾਂ ਨੂੰ ਦੋਸ਼ੀ ਬਣਾਇਆ ਜਾਂ ਉਨ੍ਹਾਂ ਦੇ ਹਾਲਾਤ ਨੂੰ ਅੱਲਾ ਦੀ ਦੇਣ ਦੱਸਦਿਆਂ ਸਬਰ ਦਾ ਪਾਠ ਪੜ੍ਹਾਇਆ। ਪਰ ਕਿਸੇ ਨੂੰ ਕਿੰਨਾ ਕੁ ਚਿਰ ਮੂਰਖ ਬਣਾਇਆ ਜਾ ਸਕਦਾ ਹੈ! ਹੁਣ ਇਹ ਲੋਕ ਸਮਝਣ ਲੱਗੇ ਹਨ ਕਿ ਕੁਦਰਤੀ ਸੋਮਿਆਂ ਉਤੇ ਸਭ ਦਾ ਹੱਕ ਹੈ। ਤੇਲ ਦਾ ਇੰਨਾ ਸਰਮਾਇਆ ਜੋ ਬਾਹਰਲੇ ਦੇਸ਼ਾਂ ਤੋਂ ਆਉਂਦਾ ਹੈ, ਆਖ਼ਰ ਜਾਂਦਾ ਕਿਧਰ ਹੈ? ਮਿਸਰ ਤੋਂ ਇਲਾਵਾ ਜਿਵੇਂ ਲੋਕਾਂ ਦੇ ਕਾਰਵਾਂ ਜੁੜਨ ਲੱਗੇ ਹਨ, ਉਸ ਤੋਂ ਲਗਦਾ ਹੈ, ਹਰ ਅਨਪੜ੍ਹ ਅਰਬ ਸੋਚਣ ਲੱਗਾ ਹੈ 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ ਇਕੱਲੀ'। ਲੋਕਾਂ ਵਿਚ ਆਈ ਜਾਗ੍ਰਿਤੀ ਚੰਗੀ ਗੱਲ ਹੈ ਪਰ ਇਸ ਵਕਤ ਸਭ ਤੋਂ ਵੱਧ ਤੌਖਲੇ ਵਾਲੀ ਗੱਲ ਇਹ ਹੈ ਕਿ ਕਿਧਰੇ 'ਨੱਕ ਨਾਲੋਂ ਲਾਹ ਕੇ ਗੱਲ੍ਹ ਨਾਲ ਲਾ ਲਿਆ' ਵਾਲੀ ਗੱਲ ਨਾ ਹੋਵੇ।

ਮਿਸਰ ਦੇ ਲੋਕਾਂ ਨੇ ਜਿਹੜੀ ਕ੍ਰਾਂਤੀ ਕੀਤੀ ਹੈ, ਉਹ ਕਿਸੇ ਨੇਤਾ ਤੋਂ ਬਿਨਾਂ ਹੋਈ ਹੈ। ਉਹ ਸਾਧਾਰਨ ਲੋਕਾਂ ਦੇ ਦਰਦ ਦਾ ਫੋੜਾ ਫਿੱਸਿਆ ਸੀ। ਉਨ੍ਹਾਂ ਨੂੰ ਲਾਮਬੰਦ ਕਰਨ ਵਾਲਾ ਕੋਈ ਨਹੀਂ ਸੀ ਸਗੋਂ 'ਕਾਰਵਾਂ ਬਨਤਾ ਗਯਾ' ਵਾਲੀ ਗੱਲ ਸੀ। ਇਹ ਗੱਲ ਵੀ ਸਿੱਧ ਹੋ ਗਈ ਕਿ ਜਦੋਂ ਲੋਕਾਂ ਦੇ ਦਿਮਾਗ਼ ਰੋਸ਼ਨ ਹੋ ਜਾਣ ਅਤੇ ਕੁਝ ਕਰਨ ਦਾ ਜਜ਼ਬਾ ਮਿਸ਼ਨ ਬਣ ਜਾਵੇ ਤਾਂ ਲੋਕਾਈ ਨੂੰ ਕਿਸੇ ਨੇਤਾ ਦੀ ਲੋੜ ਨਹੀਂ ਹੁੰਦੀ ਪਰ ਹਾਲ ਦੀ ਘੜੀ ਸਭ ਤੋਂ ਵੱਡਾ ਸੰਸਾ ਇਹ ਹੈ ਕਿ ਲੋਕਾਂ ਨੇ ਪੁਰਾਣਾ ਤਾਂ ਉਖਾੜ ਦਿੱਤਾ ਪਰ ਨਵਾਂ ਕੁਝ ਬਣਾਇਆ ਨਹੀਂ। ਅਜਿਹੇ ਖਲਾਅ ਵਿਚ ਕਿਧਰੇ ਲੋਕਾਂ ਦੇ ਦਰਦ ਦੇ ਇਲਾਜ ਦੇ ਬਹਾਨੇ ਕੱਟੜਪੰਥੀ ਅਤੇ ਲੋਕ-ਵਿਰੋਧੀ ਤਾਕਤਾਂ ਹਾਵੀ ਨਾ ਹੋ ਜਾਣ। ਬਹਰਹਾਲ ਸੰਘਰਸ਼ ਕਰ ਰਹੇ ਇਨਕਲਾਬੀ ਲੋਕਾਂ ਨੂੰ ਪ੍ਰਣਾਮ ਅਤੇ ਉਜਲੇ ਭਵਿੱਖ ਦੀ ਕਾਮਨਾ!

ਦੇਸ਼ ਦਰਪਣ

# ਭਾਰਤ ਦੇ ਵਿਕਾਸ ਅੰਕੜੇ ਕੀ ਬੋਲਦੇ ਨੇ ਭਲਾ?

**ਗੋਬਿੰਦ ਠੁਕਰਾਲ**

***ਜੇਕਰ ਬਹੁਤੇ ਭਾਰਤੀਆਂ ਦੀ ਹਾਸ਼ੀਆਗ੍ਰਸਤ ਜ਼ਿੰਦਗੀ ਵਿਚ ਥੋੜ੍ਹਾ ਸੁਧਾਰ ਆਇਆ ਹੈ ਤਾਂ ਇਸ ਤੋਂ ਇਹ ਪ੍ਰਭਾਵ ਨਹੀਂ ਲਿਆ ਜਾ ਸਕਦਾ ਕਿ ਭਾਰਤ ਬਹੁਤ ਵਧੀਆ ਕਰ ਰਿਹਾ ਹੈ। ਮੌਜੂਦਾ ਵਿਕਾਸ ਦਰ ਨਾਲ ਹੀ ਭਾਰਤ ਹੈਰਾਨੀਜਨਕ ਤਬਦੀਲੀਆਂ ਲਿਆ ਸਕਦਾ ਹੈ ਜਿਵੇਂ ਚੀਨ ਨੇ ਲਿਆਂਦੀਆਂ ਹਨ। ਜੇਕਰ ਆਰਥਿਕ ਵਿਕਾਸ ਨੂੰ ਢੁਕਵੇਂ ਰੂਪ ਵਿਚ ਵਰਤਿਆ ਜਾਵੇ ਤਾਂ ਇਹ ਨਿਸਚਿਤ ਤੌਰ 'ਤੇ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾ ਸਕਦਾ ਹੈ।***

ਅਖ਼ਬਾਰੀ ਰਿਪੋਰਟਾਂ ਵੱਲ ਧਿਆਨ ਮਾਰੀਏ ਤਾਂ ਇੰਜ ਜਾਪਦਾ ਹੈ ਕਿ ਭਾਰਤ ਅਤੇ ਚੀਨ ਨਾ ਸਿਰਫ਼ ਆਰਥਿਕ ਮੁਹਾਜ਼ 'ਤੇ ਆਪਣੀ ਚੜ੍ਹਤ ਕਾਇਮ ਕਰਨ ਲਈ ਆਪਸ ਵਿਚ ਮੁਕਾਬਲਾ ਕਰ ਰਹੇ ਹਨ ਸਗੋਂ ਹਥਿਆਰਬੰਦ ਆਪਸੀ ਟਕਰਾਅ ਦੇ ਕੰਢੇ 'ਤੇ ਵੀ ਖੜ੍ਹੇ ਹਨ। ਦੁਨੀਆਂ ਦੀ ਇਕ ਤਿਹਾਈ ਆਬਾਦੀ ਨੂੰ ਸਮੋਈ ਬੈਠੇ ਇਨ੍ਹਾਂ ਦੋਵੇਂ ਵੱਡੇ ਮੁਲਕਾਂ ਦੇ ਆਗੂਆਂ ਦੀ ਕਈ ਕੌਮਾਂਤਰੀ ਮੁੱਦਿਆਂ 'ਤੇ ਆਪਸ ਵਿਚ ਖੜਕਦੀ ਰਹਿੰਦੀ ਹੈ। ਇਸ ਪ੍ਰਸੰਗ ਵਿਚ ਇਨ੍ਹਾਂ ਗੱਲਾਂ ਦਾ ਅਧਿਐਨ ਕਰਨਾ ਮਹੱਤਵਪੂਰਨ ਹੈ ਕਿ ਦੋਵਾਂ ਦੇਸ਼ਾਂ ਨੇ ਕਿੰਨੀ-ਕਿੰਨੀ ਆਰਥਿਕ ਤਰੱਕੀ ਕੀਤੀ ਹੈ ਅਤੇ ਇਸ ਦਾ ਦੋਵਾਂ ਦੇਸ਼ਾਂ ਦੇ ਲੋਕਾਂ 'ਤੇ ਕੀ ਅਸਰ ਪਿਆ ਹੈ? ਦੋਵਾਂ ਦੇਸ਼ਾਂ ਨੇ ਤਕਰੀਬਨ ਇਕੋ ਸਮੇਂ ਆਜ਼ਾਦੀ ਹਾਸਲ ਕੀਤੀ ਅਤੇ ਦੋਵੇਂ ਗਰੀਬੀ ਤੇ ਅਨਪੜ੍ਹਤਾ ਨਾਲ ਜੂਝਦੇ ਰਹੇ ਹਨ। ਇਹ ਵੀ ਕਿ ਦੋਵਾਂ ਦੇਸ਼ਾਂ ਦਾ ਲੰਮਾ ਇਤਿਹਾਸ ਹੈ ਅਤੇ ਦੋਵਾਂ ਦੇ ਸੱਭਿਆਚਾਰਕ ਰਿਸ਼ਤੇ ਹਨ। ਦੋਵਾਂ ਦੇਸ਼ਾਂ ਦਾ ਵਿਸ਼ਲੇਸ਼ਣ ਕੁਝ ਨੁਕਤੇ ਸਾਫ਼ ਕਰਨ ਲਈ ਚੰਗਾ ਵਿਚਾਰ ਹੈ।

ਅਸੀਂ ਸਾਰੇ ਇਸ ਗੱਲ 'ਤੇ ਸਹਿਮਤ ਹਾਂ ਕਿ ਕੁੱਲ ਕੌਮੀ ਉਤਪਾਦਨ (ਜੀ.ਐਨ.ਪੀ.) ਵਿਚ ਵਾਧਾ ਜੀਵਨ ਪੱਧਰ ਸੁਧਾਰਨ ਅਤੇ ਗਰੀਬੀ ਨਾਲ ਲੜਨ ਵਿਚ ਸਹਾਈ ਹੁੰਦਾ ਹੈ। ਆਰਥਿਕ ਵਿਕਾਸ ਦਰ 8 ਫੀਸਦੀ ਸਾਲਾਨਾ ਦੇ ਨੇੜੇ-ਤੇੜੇ ਹੀ ਘੁੰਮ ਰਹੀ ਹੈ। ਇਹ ਤੱਥ ਦਰਸਾਉਂਦਾ ਹੈ ਕਿ ਭਾਰਤ ਚੀਨ ਦੀ 10 ਫੀਸਦੀ ਤੋਂ ਵਧੇਰੇ ਦੀ ਵਿਕਾਸ ਦਰ ਤੋਂ ਅੱਗੇ ਵਧ ਸਕਦਾ ਹੈ ਪਰ ਸਿਰਫ਼ ਵਿਕਾਸ ਦਰ 'ਤੇ ਹੀ ਧਿਆਨ ਨਹੀਂ ਕੇਂਦਰਿਤ ਕਰਨਾ ਚਾਹੀਦਾ ਕਿਉਂਕਿ ਵਧੇਰੇ ਲੋਕਾਂ ਦੇ ਹਿੱਤ ਸਿਰਫ਼ ਆਰਥਿਕ ਵਿਕਾਸ ਦੀ ਦਰ ਦੇ ਅੰਕੜੇ ਨਾਲ ਨਹੀਂ ਜੁੜੇ ਹੋਏ।

ਆਉ ਕੁਝ ਤੱਥਾਂ ਵੱਲ ਨਜ਼ਰ ਮਾਰੀਏ ਜੋ ਸੱਚਮੁੱਚ ਚੰਗੀ ਜ਼ਿੰਦਗੀ ਨੂੰ ਯਕੀਨੀ ਬਣਾਉਂਦੇ ਹਨ। ਚੀਨ ਵਿਚ ਔਸਤਨ ਉਮਰ 73.5 ਸਾਲ ਹੈ। ਭਾਰਤ ਵਿਚ ਇਹ ਅਜੇ ਵੀ 64.4 ਸਾਲ ਹੈ। ਨਵ-ਜੰਮੇ ਬੱਚਿਆਂ ਦੀ ਮਰਨ ਦਰ ਭਾਰਤ ਵਿਚ 50 ਪ੍ਰਤੀ ਹਜ਼ਾਰ ਹੈ ਅਤੇ ਚੀਨ ਵਿਚ ਇਹ ਸਿਰਫ਼ 17 ਹੈ। ਭਾਰਤ ਵਿਚ 5 ਸਾਲ ਤੱਕ ਉਮਰ ਹੱਦ ਦੇ ਬੱਚਿਆਂ ਦੀ ਮੌਤ ਦਰ 66 ਪ੍ਰਤੀ ਹਜ਼ਾਰ ਹੈ, ਚੀਨ ਵਿਚ ਇਹ ਸਿਰਫ਼ 19 ਹੈ। ਚੀਨ ਵਿਚ ਬਾਲਗ ਸਾਖਰਤਾ ਦਰ 94 ਫੀਸਦੀ ਹੈ, ਭਾਰਤ ਵਿਚ ਇਹ 65 ਫੀਸਦੀ ਹੈ। ਭਾਰਤ ਵਿਚ ਸਕੂਲੀ ਜ਼ਿੰਦਗੀ ਦੀ ਔਸਤਨ ਉਮਰ 4.4 ਸਾਲ ਹੈ, ਚੀਨ ਵਿਚ ਇਹ 7.5 ਸਾਲ ਹੈ। ਭਾਰਤ ਵਿਚ 15 ਤੋਂ 24 ਸਾਲ ਦੀ ਉਮਰ ਹੱਦ ਵਾਲੀਆਂ ਔਰਤਾਂ ਦੀ ਸਾਖਰਤਾ ਦਰ ਨਿਸਚਿਤ ਤੌਰ 'ਤੇ ਵਧੀ ਹੈ ਪਰ ਇਹ ਅਜੇ ਵੀ 80 ਫੀਸਦੀ ਤੋਂ ਥੱਲੇ ਹੈ, ਚੀਨ ਵਿਚ ਇਹ 99 ਫੀਸਦੀ ਹੈ। ਭਾਰਤ ਦੇ ਤਕਰੀਬਨ ਅੱਧੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਚੀਨ ਵਿਚ ਅਜਿਹੇ ਬੱਚੇ ਕਾਫੀ ਘੱਟ ਹਨ। ਭਾਰਤ ਦੇ ਸਿਰਫ 66 ਫੀਸਦੀ ਬੱਚਿਆਂ ਨੂੰ ਵੈਕਸੀਨ ਮੁਹੱਈਆ ਕਰਾਈ ਜਾਂਦੀ ਹੈ, ਚੀਨ ਵਿਚ 97 ਫੀਸਦੀ ਬੱਚਿਆਂ ਨੂੰ। ਅਜਿਹੀ ਤੁਲਨਾ ਵਿਕਾਸ ਦਰ ਦੇ ਅਰਥਾਂ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ। ਭ੍ਰਿਸ਼ਟਾਚਾਰ ਅਤੇ ਖਰਾਬ ਪ੍ਰਸ਼ਾਸਨ ਹਰ ਚੀਜ਼ ਵਿਚ ਵਿਗਾੜ ਪੈਦਾ ਕਰ ਰਿਹਾ ਹੈ।

ਚੀਨ ਵਿਚ ਉਚੇਰੀ ਵਿਕਾਸ ਦਰ ਨੇ ਹਾਂ-ਪੱਖੀ ਰੂਪ ਵਿਚ ਗਰੀਬੀ ਅਤੇ ਸਮਾਜਿਕ ਵਿਤਕਰੇ ਨੂੰ ਘਟਾਇਆ ਹੈ। ਇਸ ਨੇ ਜੀਵਨ ਦੀ ਗੁਣਵੱਤਾ ਸੁਧਾਰਨ ਵਿਚ ਮਦਦ ਕੀਤੀ ਹੈ। ਮਸਲਨ ਨੋਬਲ ਪੁਰਸਕਾਰ ਜੇਤੂ ਅਮਰਤਿਆ ਸੇਨ ਦਾ ਕਹਿਣਾ ਹੈ ਕਿ ਟਿਕਾਊ ਆਰਥਿਕ ਵਿਕਾਸ ਬਹੁਤ ਵਧੀਆ ਚੀਜ਼ ਹੈ ਪਰ 'ਵਿਕਾਸ ਦੀ ਸਨਕ' ਨਹੀਂ। ਉਨ੍ਹਾਂ ਦੀ ਦਲੀਲ ਹੈ ਕਿ ਸਾਨੂੰ ਇਸ ਸੱਚਾਈ ਵੱਲ ਧਿਆਨ ਦੇਣਾ ਪਵੇਗਾ ਕਿ ਪ੍ਰਤੀ ਵਿਅਕਤੀ ਕੁੱਲ ਕੌਮੀ ਉਤਪਾਦਨ ਸਾਡੀ ਜ਼ਿੰਦਗੀ ਦੇ ਮਹੱਤਵਪੂਰਨ ਲੱਛਣਾਂ ਨੂੰ ਵਧੀਆ ਤਰ੍ਹਾਂ ਦੀ ਦਿਸ਼ਾ ਦੇਵੇ, ਇਹ ਜ਼ਰੂਰੀ ਨਹੀਂ। ਵਿਕਾਸ ਦਰ ਨੂੰ ਚੰਗੇ ਕਦਮ ਉਠਾਉਣ ਦੇ ਸਾਧਨ ਵਜੋਂ ਲੈਣਾ ਚਾਹੀਦਾ ਹੈ, ਇਸ ਨੂੰ ਆਪਣੇ-ਆਪ ਵਿਚ ਨਿਸ਼ਾਨਾ ਨਹੀਂ ਮੰਨਣਾ ਚਾਹੀਦਾ।

ਤੁਲਨਾਵਾਂ ਕਈ ਮੌਕਿਆਂ 'ਤੇ ਦੋਸ਼ਪੂਰਨ ਹੋ ਸਕਦੀਆਂ ਹਨ ਪਰ ਇਹ ਚੰਗੀ ਕਹਾਣੀ ਪੇਸ਼ ਕਰਦੀਆਂ ਹਨ। ਹੁਣ ਭਾਰਤ ਤੇ ਬੰਗਲਾਦੇਸ਼ ਦੀ ਤੁਲਨਾ ਕਰਦੇ ਹਾਂ। ਬੰਗਲਾਦੇਸ਼ ਦੇ 1550 ਰੁਪਏ ਦੇ ਪ੍ਰਤੀ ਵਿਅਕਤੀ ਕੁੱਲ ਕੌਮੀ ਉਤਪਾਦਨ ਦੀ ਤੁਲਨਾ ਵਿਚ ਭਾਰਤ ਦਾ ਪ੍ਰਤੀ ਵਿਅਕਤੀ ਕੁੱਲ ਕੌਮੀ ਉਤਪਾਦਨ ਕਿਤੇ ਜ਼ਿਆਦਾ ਹੈ ਜੋ 3250 ਰੁਪਏ ਹੈ। ਭਾਰਤ ਪਹਿਲਾਂ ਹੀ ਬੰਗਲਾਦੇਸ਼ ਤੋਂ ਅੱਗੇ ਸੀ ਪਰ ਭਾਰਤ ਦੀ ਪ੍ਰਤੀ ਵਿਅਕਤੀ ਆਮਦਨ ਹੁਣ ਵਧੇਰੇ ਵਧੀਆ ਹੈ ਜੋ ਬੰਗਲਾਦੇਸ਼ ਦੀ ਪ੍ਰਤੀ ਵਿਅਕਤੀ ਆਮਦਨ ਨਾਲੋਂ ਦੋ ਗੁਣੀ ਹੈ। ਇਹ ਆਮਦਨ ਵਾਧਾ ਉਨ੍ਹਾਂ ਕਾਰਕਾਂ ਨੂੰ ਘੋਖਦਿਆਂ ਕਿਵੇਂ ਚੰਗਾ ਦਿੱਸਦਾ ਹੈ ਜਿਨ੍ਹਾਂ ਦੀ ਸੱਚਮੁੱਚ ਅਹਿਮੀਅਤ ਹੈ?

ਪ੍ਰੋ. ਸੇਨ ਸਾਡੇ ਸਾਹਮਣੇ ਵਧੀਆ ਅਧਿਐਨ ਪੇਸ਼ ਕਰਦੇ ਹਨ। ਭਾਰਤੀਆਂ ਦੀ 64.4 ਸਾਲ ਦੀ ਔਸਤ ਉਮਰ ਦੇ ਮੁਕਾਬਲੇ ਬੰਗਲਾਦੇਸ਼ੀਆਂ ਦੀ ਔਸਤ ਉਮਰ 66.9 ਸਾਲ ਹੈ। ਘੱਟ ਭਾਰ ਵਾਲੇ ਬੱਚਿਆਂ ਦੀ ਗਿਣਤੀ ਬੰਗਲਾਦੇਸ਼ ਵਿਚ ਕੁੱਲ ਬੱਚਿਆਂ ਵਿਚੋਂ 41.3 ਫੀਸਦੀ ਹੈ ਜੋ ਭਾਰਤ (43.5 ਫੀਸਦੀ) ਤੋਂ ਥੋੜ੍ਹੀ ਹੀ ਘੱਟ ਹੈ। ਬੰਗਲਾਦੇਸ਼ ਦੀ ਜਨਮ ਦਰ (2.3 ਫੀਸਦੀ) ਵੀ ਭਾਰਤ (2.7 ਫੀਸਦੀ) ਨਾਲੋਂ ਘੱਟ ਹੈ। ਬੰਗਲਾਦੇਸ਼ ਵਿਚ ਔਸਤ ਸਕੂਲੀ ਜ਼ਿੰਦਗੀ 4.8 ਸਾਲ ਹੈ ਜੋ ਭਾਰਤ (4.4 ਸਾਲ) ਨਾਲੋਂ ਜ਼ਿਆਦਾ ਹੈ। 15 ਤੋਂ 24 ਸਾਲ ਦੀ ਉਮਰ ਹੱਦ ਵਿਚ ਭਾਰਤ ਦੀ ਪੁਰਖ ਸਾਖਰਤਾ ਦਰ ਬੰਗਲਾਦੇਸ਼ ਨਾਲੋਂ ਜ਼ਿਆਦਾ ਹੈ, ਇਸਤਰੀ ਸਾਖਰਤਾ ਦਰ ਵਿਚ ਬੰਗਲਾਦੇਸ਼ ਭਾਰਤ ਨਾਲੋਂ ਅੱਗੇ ਹੈ। ਦਿਲਚਸਪ ਗੱਲ ਇਹ ਹੈ ਕਿ ਬੰਗਲਾਦੇਸ਼ ਦੀ ਨੌਜਵਾਨ ਪੀੜ੍ਹੀ ਵਿਚ ਇਸਤਰੀ ਸਾਖਰਤਾ ਦਰ ਪੁਰਖ ਸਾਖਰਤਾ ਦਰ ਨਾਲੋਂ ਵਧੇਰੇ ਹੈ, ਭਾਰਤ ਵਿਚ ਇਸਤਰੀ ਸਾਖਰਤਾ ਦਰ ਪੁਰਖ ਸਾਖਰਤਾ ਦਰ ਨਾਲੋਂ ਘੱਟ ਹੈ।

ਹੁਣ ਸਿਹਤ ਸਬੰਧੀ ਅੰਕੜਿਆਂ ਵੱਲ ਆਉਂਦੇ ਹਾਂ। ਭਾਰਤ ਵਿਚ ਪੰਜ ਸਾਲ ਤੱਕ ਦੇ ਬੱਚਿਆਂ ਦੀ ਮਰਨ ਦਰ 66 ਪ੍ਰਤੀ ਹਜ਼ਾਰ ਹੈ, ਬੰਗਲਾਦੇਸ਼ ਵਿਚ ਇਹ 52 ਪ੍ਰਤੀ ਹਜ਼ਾਰ ਹੈ। ਨਵਜੰਮੇ ਬੱਚਿਆਂ ਦੇ ਮਾਮਲੇ ਵਿਚ ਬੰਗਲਾਦੇਸ਼ ਦੀ ਹਾਲਤ ਭਾਰਤ ਨਾਲੋਂ ਬਿਹਤਰ ਹੈ। ਭਾਰਤ ਵਿਚ 50 ਪ੍ਰਤੀ ਹਜ਼ਾਰ ਦੀ ਨਵਜੰਮੇ ਬੱਚਿਆਂ ਦੀ ਮਰਨ ਦਰ ਦੀ ਤੁਲਨਾ ਵਿਚ ਬੰਗਲਾਦੇਸ਼ ਵਿਚ ਇਹ ਮਰਨ ਦਰ ਸਿਰਫ਼ 41 ਪ੍ਰਤੀ ਹਜ਼ਾਰ ਹੈ। ਬੰਗਲਾਦੇਸ਼ ਦੇ 94 ਫੀਸਦੀ ਬੱਚਿਆਂ ਨੂੰ ਡੀ.ਪੀ.ਟੀ. ਵੈਕਸੀਨ ਰਾਹੀਂ ਸਿਹਤ ਸੁਰੱਖਿਆ ਦਿੱਤੀ ਜਾਂਦੀ ਹੈ, ਭਾਰਤ ਵਿਚ ਇਨ੍ਹਾਂ ਬੱਚਿਆਂ ਦੀ ਗਿਣਤੀ 66 ਫੀਸਦੀ ਹੈ। ਇਸ ਚੀਜ਼ ਦਾ ਵੱਡਾ ਸਿਹਰਾ ਬੰਗਲਾਦੇਸ਼ ਨੂੰ ਜਾਂਦਾ ਹੈ ਕਿ ਉਸ ਨੇ ਆਪਣੀ ਘੱਟ ਆਮਦਨ ਦੇ ਬਾਵਜੂਦ ਲੋਕਾਂ ਦੀ ਸਹਾਇਤਾ ਲਈ ਇੰਨਾ ਕੁਝ ਕੀਤਾ ਹੈ।

ਭਾਰਤ ਵਿਚ ਸਿਹਤ, ਸਿੱਖਿਆ, ਪੋਸ਼ਣ ਆਦਿ 'ਤੇ ਖਰਚ ਬਿਨਾ ਸ਼ੱਕ ਵਧਿਆ ਹੈ ਪਰ ਇਸ ਦੇ ਬਾਵਜੂਦ ਭਾਰਤ ਅਜੇ ਵੀ ਅਜਿਹੇ ਕਈ ਖੇਤਰਾਂ ਵਿਚ ਚੀਨ ਨਾਲੋਂ ਪਛੜਿਆ ਹੋਇਆ ਹੈ। ਮਿਸਾਲ ਦੇ ਤੌਰ 'ਤੇ ਚੀਨ ਵਿਚ ਸਿਹਤ ਸਹੂਲਤਾਂ 'ਤੇ ਸਰਕਾਰੀ ਖਰਚ ਭਾਰਤ ਨਾਲੋਂ 5 ਗੁਣਾ ਹੈ, ਚੀਨ ਆਪਣੇ ਕੁੱਲ ਘਰੇਲੂ ਉਤਪਾਦਨ ਦਾ 4.9 ਫੀਸਦੀ ਹਿੱਸਾ ਸਿਹਤ ਸੇਵਾਵਾਂ 'ਤੇ ਖਰਚ ਕਰਦਾ ਹੈ ਤਾਂ ਭਾਰਤ 1.1 ਫੀਸਦੀ ਖਰਚ ਕਰਦਾ ਹੈ।

ਜਨਤਕ ਸਿਹਤ ਸਹੂਲਤਾਂ ਲਈ ਘੱਟ ਖਰਚਾ ਕਰਨ ਦਾ ਸਿੱਟਾ ਇਹ ਨਿਕਲਦਾ ਹੈ ਕਿ ਬਹੁਤੇ ਗਰੀਬ ਲੋਕ ਪ੍ਰਾਈਵੇਟ ਡਾਕਟਰਾਂ 'ਤੇ ਨਿਰਭਰ ਹੋ ਜਾਂਦੇ ਹਨ। ਅਜਿਹੇ ਬਹੁਤੇ ਡਾਕਟਰਾਂ ਨੂੰ ਡਾਕਟਰੀ ਸਿਖਲਾਈ ਬਹੁਤ ਘੱਟ ਹੁੰਦੀ ਹੈ। ਸਾਰੇ ਦੇਸ਼ ਵਿਚ ਗਰੀਬ ਮਰੀਜ਼ਾਂ ਦੇ ਹੋ ਰਹੇ ਸ਼ੋਸ਼ਣ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ।

ਮੁਢਲਾ ਨੁਕਤਾ ਇਹ ਹੈ ਕਿ ਜਦੋਂ ਆਰਥਿਕ ਵਿਕਾਸ ਜੀਵਨ ਹਾਲਤਾਂ ਨੂੰ ਸੁਧਾਰਨ ਲਈ ਸੁਖਾਵਾਂ ਹੁੰਦਾ ਹੈ ਤਾਂ ਇਸ ਦੀ ਪਹੁੰਚ ਜ਼ਰੂਰੀ ਤੌਰ 'ਤੇ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਸਾਡੀ ਹਾਲਤ 'ਤੇ ਇਸ ਵਿਕਾਸ ਨੇ ਕੀ ਪ੍ਰਭਾਵ ਪਾਇਆ ਹੈ। ਜਿਹੜੇ (ਅਮੀਰ) ਲੋਕਾਂ ਨੂੰ ਸਹੂਲਤਾਂ ਮਿਲੀਆਂ ਹਨ ਅਤੇ ਜਿਨ੍ਹਾਂ ਨੂੰ ਸਮਾਜਿਕ ਮਦਦ ਦੀ ਕੋਈ ਜ਼ਰੂਰਤ ਨਹੀਂ ਹੈ, ਉਨ੍ਹਾਂ ਲਈ ਸਾਰਾ ਕੁਝ ਠੀਕ ਹੈ। ਆਰਥਿਕ ਵਿਕਾਸ ਉਨ੍ਹਾਂ ਦੀ ਆਰਥਿਕ ਤੇ ਸਮਾਜਿਕ ਪੱਖੋਂ ਭਲਾਈ ਕਰਦਾ ਹੈ। ਦਬਦਬੇ ਦੇ ਪੱਖ ਤੋਂ ਇਹ ਅਮੀਰ ਲੋਕਾਂ ਦਾ ਵਰਗ ਕਾਫੀ ਵੱਡਾ ਹੈ ਪਰ ਫੀਸਦੀ ਦਰ ਦੇ ਪੱਖ ਤੋਂ ਨਹੀਂ। ਸਾਨੂੰ ਇਸ ਨੂੰ ਵਧਾ-ਚੜ੍ਹਾ ਕੇ ਪੇਸ਼ ਨਹੀਂ ਕਰਨਾ ਚਾਹੀਦਾ ਤੇ ਨਾ ਹੀ ਸਹੂਲਤਾਂ ਤੋਂ ਵਾਂਝੇ ਲੋਕਾਂ ਦੀ ਵੱਡੀ ਗਿਣਤੀ ਸਬੰਧੀ ਭੰਬਲਭੂਸਾ ਪਾਉਣਾ ਚਾਹੀਦਾ ਹੈ। ਵਿਕਾਸ ਆਪਣੇ-ਆਪ ਵਿਚ ਇਕ ਟੀਚਾ ਹੈ। ਬੁਨਿਆਦੀ ਨੁਕਤਾ ਇਹ ਹੈ ਕਿ ਇਸ ਵਿਕਾਸ ਦਾ ਲਾਹਾ ਕੌਣ ਲਈ ਜਾ ਰਿਹਾ ਹੈ। ਸਾਨੂੰ ਉਨ੍ਹਾਂ ਬਹੁਗਿਣਤੀ ਲੋਕਾਂ ਦੀ ਤਰਸਯੋਗ ਹਾਲਤ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ ਜੋ ਇਸ ਦੇਸ਼ ਨੂੰ ਮਹਾਨ ਬਣਾਉਂਦੇ ਹਨ। ਤੱਥ ਇਹ ਹੈ ਕਿ ਜੇਕਰ ਬਹੁਤੇ ਭਾਰਤੀਆਂ ਦੀ ਹਾਸ਼ੀਆਗ੍ਰਸਤ ਜ਼ਿੰਦਗੀ ਵਿਚ ਥੋੜ੍ਹਾ ਸੁਧਾਰ ਆਇਆ ਹੈ ਤਾਂ ਇਸ ਤੋਂ ਇਹ ਪ੍ਰਭਾਵ ਨਹੀਂ ਲਿਆ ਜਾ ਸਕਦਾ ਕਿ ਭਾਰਤ ਬਹੁਤ ਵਧੀਆ ਕਰ ਰਿਹਾ ਹੈ। ਮੌਜੂਦਾ ਵਿਕਾਸ ਦਰ ਨਾਲ ਹੀ ਭਾਰਤ ਹੈਰਾਨੀਜਨਕ ਤਬਦੀਲੀਆਂ ਲਿਆ ਸਕਦਾ ਹੈ ਜਿਵੇਂ ਚੀਨ ਨੇ ਲਿਆਂਦੀਆਂ ਹਨ। ਜੇਕਰ ਆਰਥਿਕ ਵਿਕਾਸ ਨੂੰ ਢੁਕਵੇਂ ਰੂਪ ਵਿਚ ਵਰਤਿਆ ਜਾਵੇ ਤਾਂ ਇਹ ਨਿਸਚਿਤ ਤੌਰ 'ਤੇ ਲੋਕਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾ ਸਕਦਾ ਹੈ।

# ਲੋਕਾਂ ਤੋਂ ਰਿਜ਼ਕ ਖੋਹ ਕੇ ਕੀਤਾ ਵਿਕਾਸ ਕਿਸ ਕੰਮ?

**ਪ੍ਰਫੁੱਲ ਬਿਦਵਈ**

ਭਾਰਤੀ ਹੁਕਮਰਾਨਾਂ ਨੇ ਨਵਾਂ ਕੰਮ ਫੜ ਲਿਆ ਹੈ। ਇਹ ਹੈ ਵਾਤਾਵਰਨ ਦੀ ਰਾਖੀ ਲਈ ਕੰਮ ਕਰ ਰਹੇ ਲੋਕਾਂ ਨੂੰ ਬੁਰਾ-ਭਲਾ ਕਹਿਣਾ ਅਤੇ ਇਸ ਵਿਚਾਰ 'ਤੇ ਸਵਾਲੀਆ ਨਿਸ਼ਾਨ ਲਾਉਣਾ ਕਿ ਪ੍ਰਦੂਸ਼ਣ ਨੂੰ ਰੋਕਣ ਲਈ ਸਨਅਤਾਂ ਨੂੰ ਨਿਯਮਬੱਧ ਕੀਤਾ ਜਾਣਾ ਚਾਹੀਦਾ ਹੈ। ਇਸੇ ਲਈ ਲਵਾਸਾ ਸ਼ਹਿਰ ਦੇ ਪ੍ਰਾਜੈਕਟ ਦੇ ਮਾਮਲੇ ਵਿਚ ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ, ਮੇਧਾ ਪਾਟੇਕਰ ਤੇ ਹੋਰ ਲੋਕ ਚੌਗਿਰਦਾ ਕਾਰਕੁਨਾਂ ਬਾਰੇ ਤਲਖ਼ੀ 'ਚ ਆ ਕੇ ਕਹਿੰਦੇ ਹਨ ਕਿ ਇਹ 'ਨਿੱਜੀ ਸਵਾਰਥਾਂ ਵਾਲੇ' ਲੋਕ ਇਸ 'ਅਗਾਂਹਵਧੂ' ਪ੍ਰਾਜੈਕਟ ਦੇ ਰਾਹ ਵਿਚ ਰੋੜੇ ਅਟਕਾ ਰਹੇ ਹਨ।

ਲਵਾਸਾ ਪ੍ਰਾਜੈਕਟ ਨਾਲ ਖ਼ਤਰਨਾਕ ਗ਼ੈਰ-ਕਾਨੂੰਨੀ ਅਮਲ ਅਤੇ ਵਾਤਾਵਰਨ ਦੀ ਤਬਾਹੀ ਜੁੜੀ ਹੈ। ਇਸ ਨੂੰ ਅੱਗੇ ਵਧਾਉਣ ਵਲਿਆਂ ਨੇ ਉਸਾਰੀ ਕਰਨ ਤੋਂ ਪਹਿਲਾਂ ਇਜਾਜ਼ਤ ਨਹੀਂ ਲਈ ਜੋ ਕੋਈ ਵੀ 1000 ਮੀਟਰ ਤੋਂ ਉਚੀ ਇਮਾਰਤ ਦੀ ਉਸਾਰੀ ਲਈ ਜ਼ਰੂਰੀ ਹੁੰਦੀ ਹੈ। ਇਸ ਲਈ ਕੁਦਰਤੀ ਜੰਗਲਾਂ ਨੂੰ ਪੁੱਟ ਦਿੱਤਾ ਗਿਆ, ਪਹਾੜ ਪੱਧਰੇ ਕਰ ਦਿੱਤੇ ਗਏ, ਨਦੀਆਂ ਤੇ ਨਾਲਿਆਂ ਦਾ ਵਹਿਣ ਮੋੜ ਦਿੱਤਾ ਗਿਆ ਅਤੇ ਗ਼ੈਰ-ਕਾਨੂੰਨੀ ਤੌਰ 'ਤੇ ਆਦੀਵਾਸੀਆਂ ਦੀ ਜ਼ਮੀਨ 'ਤੇ ਕਬਜ਼ਾ ਕਰ ਲਿਆ ਗਿਆ। ਜਿਹੜਾ ਉਸਾਰੀ ਕਾਰਜ, ਜੰਗਲ ਕਾਨੂੰਨ, ਵਾਤਾਵਰਨ ਸੁਰੱਖਿਆ ਕਾਨੂੰਨ ਅਤੇ ਆਦੀਵਾਸੀਆਂ ਦੀ ਜ਼ਮੀਨ ਖੋਹਣ ਵਿਰੁਧ ਬਣੇ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ, ਉਸ ਨੂੰ ਢਾਹ ਦਿੱਤਾ ਜਾਣਾ ਚਾਹੀਦਾ ਹੈ। ਚੌਗਿਰਦਾ ਤੇ ਜੰਗਲਾਤ ਮੰਤਰੀ ਨੇ ਇਸ ਸਿਧਾਂਤ 'ਤੇ ਚਲਦਿਆਂ ਆਦਰਸ਼ ਸੁਸਾਇਟੀ ਇਮਾਰਤ ਦੇ ਮਾਮਲੇ ਵਿਚ ਇਹੋ ਕੁਝ ਕੀਤਾ ਹੈ ਪਰ ਉਸ ਵੱਲੋਂ ਲਵਾਸਾ ਪ੍ਰਾਜੈਕਟ ਨੂੰ ਬਹੁਤ ਥੋੜ੍ਹਾ ਜੁਰਮਾਨਾ ਕਰਕੇ ਹਰੀ ਝੰਡੀ ਦੇ ਦਿੱਤੀ ਗਈ।

ਚੌਗਿਰਦਾ ਤੇ ਜੰਗਲਾਤ ਮੰਤਰਾਲੇ ਦਾ ਰਿਕਾਰਡ ਦੱਸਦਾ ਹੈ ਕਿ ਵਾਤਾਵਰਨ ਸਰੋਕਾਰਾਂ ਨਾਲ ਜੁੜੇ ਪ੍ਰਾਜੈਕਟਾਂ ਸਬੰਧੀ ਇਜਾਜ਼ਤ ਦੇਣ ਦੇ ਮਾਮਲੇ ਵਿਚ ਇਹ ਕੁਝ ਵਧੇਰੇ ਹੀ ਉਦਾਰ ਰਿਹਾ ਹੈ। ਉਸ ਦੇ ਇਸ ਅਮਲ ਵਿਚ ਵਾਤਾਵਰਨ ਪ੍ਰਭਾਵ ਵਿਸ਼ਲੇਸ਼ਣ ਦੀ ਤਿਆਰੀ, ਜਨਤਾ ਦੀ ਰਾਏ ਅਤੇ ਮਾਹਿਰਾਂ ਦੀ ਕਮੇਟੀ ਦੀ ਸਮੀਖਿਆ ਆਦਿ ਸ਼ਾਮਿਲ ਹੈ।

ਭਾਰਤ ਦੇ ਸਭ ਤੋਂ ਮਸ਼ਹੂਰ ਵਾਤਾਵਰਨ ਮਾਹਿਰ ਮਾਧਵ ਗਾਡਗਿਲ ਇਸ ਤੱਥ ਦੀ ਪੁਸ਼ਟੀ ਕਰਦੇ ਹਨ। ਬਹੁਤੇ ਵਾਤਾਵਰਨ ਪ੍ਰਭਾਵ ਵਿਸ਼ਲੇਸ਼ਣ ਪ੍ਰਾਜੈਕਟਾਂ ਦੀ ਸਰਪ੍ਰਸਤੀ ਕਰਨ ਵਾਲਿਆਂ ਦੇ ਦਬਾਅ ਅਧੀਨ ਜਲਦੀ ਨਾਲ ਪ੍ਰਵਾਨ ਕਰ ਲਏ ਜਾਂਦੇ ਹਨ। ਪਿਛਲੇ 18 ਮਹੀਨਿਆਂ ਵਿਚ ਸਿਰਫ਼ 4 ਖੇਤਰਾਂ ਵਿਚ ਹੀ ਪ੍ਰਤੀ ਦਿਹਾੜੀ ਦੇ ਹਿਸਾਬ ਉਜਰਤਾਂ ਦੇਣ ਸਬੰਧੀ 4 ਤਜਵੀਜ਼ਾਂ ਪ੍ਰਵਾਨ ਕੀਤੀਆਂ ਗਈਆਂ ਹਨ। ਇਸ ਤੋਂ ਜਾਪਦਾ ਹੈ ਕਿ ਇਹ ਜਾਂਚ ਦਿਖਾਵਾ ਮਾਤਰ ਹੀ ਹੈ। ਅਗਸਤ 2009 ਅਤੇ ਜੁਲਾਈ 2010 ਦੇ ਵਿਚਾਲੇ 769 ਪ੍ਰਾਜੈਕਟ ਤਜਵੀਜ਼ ਕੀਤੇ ਗਏ ਸਨ ਜਿਨ੍ਹਾਂ ਵਿਚੋਂ ਸਿਰਫ਼ 6 ਰੱਦ ਕੀਤੇ ਗਏ। ਸਰਕਾਰ ਵੱਲੋਂ ਆਪਣਾ ਅਕਸ ਸਾਫ਼ ਰੱਖਣ ਲਈ ਪ੍ਰਵਾਨਗੀ ਲਈ ਕੁਝ 'ਸ਼ਰਤਾਂ' ਲਾ ਦਿੱਤੀਆਂ ਜਾਂਦੀਆਂ ਹਨ ਪਰ ਚੌਗਿਰਦਾ ਤੇ ਜੰਗਲਾਤ ਮੰਤਰਾਲਾ ਇਨ੍ਹਾਂ ਸ਼ਰਤਾਂ ਦੀ ਪਾਲਣਾ 'ਤੇ ਨਜ਼ਰ ਨਹੀਂ ਰੱਖਦਾ। ਇਸ ਕੰਮ ਲਈ ਮੰਤਰਾਲੇ ਕੋਲ ਢੁਕਵੇਂ ਮੁਲਾਜ਼ਮ ਵੀ ਨਹੀਂ ਹਨ।

ਬਹੁਤੀਆਂ ਸ਼ਰਤਾਂ ਅਸਪੱਸ਼ਟ ਹਨ ਅਤੇ ਇਹ ਪ੍ਰਵਾਨਿਤ ਪ੍ਰਾਜੈਕਟ ਵਿਚਲੇ ਦੋਸ਼ਾਂ ਨੂੰ ਮੁਖਾਤਿਬ ਨਹੀਂ ਹੁੰਦੀਆਂ। ਮਿਸਾਲ ਦੇ ਤੌਰ 'ਤੇ ਨਿਊਕਲੀਅਰ ਪਾਵਰ ਕਾਰਪੋਰੇਸ਼ਨ ਨੂੰ ਜੈਤਾਪੁਰ ਪ੍ਰਮਾਣੂ ਪਲਾਂਟ ਦੇ ਆਲੇ-ਦੁਆਲੇ ਦੀ ਜੈਵਿਕ ਵੰਨ-ਸੁਵੰਨਤਾ ਦਾ ਅਧਿਐਨ ਕਰਨ ਦਾ ਆਦੇਸ਼ ਦੇਣ ਨਾਲ ਖ਼ਤਰੇ ਵਿਚ ਪਈਆਂ ਜੀਵ ਨਸਲਾਂ ਤੇ ਜੈਵਿਕ ਵੰਨ-ਸੁਵੰਨਤਾ ਨੂੰ ਵਿਨਾਸ਼ ਤੋਂ ਨਹੀਂ ਬਚਾਇਆ ਜਾ ਸਕਦਾ। ਇਨ੍ਹਾਂ ਸ਼ਰਤਾਂ ਨਾਲ ਪ੍ਰਮਾਣੂ ਪਲਾਂਟ ਨਾਲ ਜੁੜੇ ਮਸਲਿਆਂ ਦਾ ਹੱਲ ਨਹੀਂ ਨਿਕਲਦਾ। ਇਨ੍ਹਾਂ ਵਿਚ ਘਾਤਕ ਵਿਕਿਰਨਾਂ ਦਾ ਰਿਸਾਅ, ਤਬਾਹਕੁਨ ਹਾਦਸਿਆਂ ਦੀ ਸੰਭਾਵਨਾ ਤੇ ਖ਼ਤਰਨਾਕ ਕਚਰੇ ਦੇ ਸੁਰੱਖਿਅਤ ਸੰਭਾਲ ਵਰਗੀਆਂ ਸਮੱਸਿਆਵਾਂ ਆ ਜਾਂਦੀਆਂ ਹਨ।

ਚੌਗਿਰਦਾ ਮੰਤਰੀ ਜੈਰਾਮ ਰਮੇਸ਼ ਇਸ ਪ੍ਰਬੰਧ ਨੂੰ ਸੁਧਾਰਨ ਵਿਚ ਨਾਕਾਮਯਾਬ ਰਹੇ ਹਨ। ਸ਼ੁਰੂ-ਸ਼ੁਰੂ ਵਿਚ ਉਨ੍ਹਾਂ ਨੇ ਮੰਤਰਾਲੇ ਦੇ ਕੰਮਕਾਜ ਵਿਚ ਕੁਝ ਪਾਰਦਰਸ਼ਤਾ ਲਿਆਂਦੀ ਸੀ, ਜਨਤਾ ਨਾਲ ਇਸ ਸਬੰਧੀ ਵਿਚਾਰ-ਵਟਾਂਦਰਾ ਸ਼ੁਰੂ ਕੀਤਾ ਸੀ ਅਤੇ ਬੀ.ਟੀ. ਬੈਂਗਨ ਦੇ ਮਾਮਲੇ ਵਿਚ ਵਧੀਆ ਰੁਖ ਅਪਨਾਇਆ ਸੀ ਪਰ ਪਿਛਲੇ ਇਕ ਸਾਲ ਤੋਂ ਉਹ ਹਰ ਪ੍ਰਾਜੈਕਟ ਨੂੰ ਹਰੀ ਝੰਡੀ ਦੇਣ ਦੇ ਕੰਮ ਵਿਚ ਲੱਗੇ ਹੋਏ ਹਨ। ਜਿਨ੍ਹਾਂ ਪ੍ਰਾਜੈਕਟਾਂ ਨੂੰ ਉਨ੍ਹਾਂ



ਨੇ ਹਰੀ ਝੰਡੀ ਦਿੱਤੀ ਹੈ, ਉਨ੍ਹਾਂ ਵਿਚ ਨਵੀਂ ਮੁੰਬਈ ਏਅਰਪੋਰਟ, ਲਵਾਸਾ ਸ਼ਹਿਰ, ਆਂਧਰਾ ਵਿਚ ਪੋਲਾਵਾਰਮ ਡੈਮ, ਉੜੀਸਾ ਤੇ ਝਾਰਖੰਡ ਦੇ ਜੰਗਲਾਂ ਵਿਚ ਖਾਣਾਂ ਦੀ ਖੁਦਾਈ, ਉਤਰਾਖੰਡ ਵਿਚ ਸੁਬਰਨ ਰੇਖਾ ਡੈਮ ਅਤੇ ਗੁਜਰਾਤ ਦੇ ਗਿਰਨਾਇਰ ਜੰਗਲ (ਇਹ ਇਕੋ-ਇਕ ਥਾਂ ਹੈ ਜਿਥੇ ਏਸ਼ੀਆਈ ਨਸਲ ਦੇ ਸ਼ੇਰ ਹਨ) 'ਚ ਰੋਪ ਵੇਅ ਪ੍ਰਾਜੈਕਟ ਸ਼ਾਮਲ ਹਨ।

ਇਸ ਮਾਮਲੇ ਵਿਚ ਸਭ ਤੋਂ ਪਹਿਲਾਂ ਆਉਂਦੇ ਹਨ ਪਾਸਕੋ ਪ੍ਰਾਜੈਕਟ ਅਤੇ ਉੜੀਸਾ ਵਿਚ ਨਵੀਂ ਬੰਦਰਗਾਹ ਦਾ ਪ੍ਰਾਜੈਕਟ। ਪਾਸਕੋ ਪ੍ਰਾਜੈਕਟ ਤਹਿਤ 62 ਕਰੋੜ ਟਨ ਪ੍ਰਤੀ ਸਾਲ ਸਟੀਲ ਉਤਪਾਦਨ ਕਰਨ ਵਾਲਾ ਵਿਸ਼ਾਲ ਕਾਰਖਾਨਾ ਅਤੇ ਬਿਜਲੀ ਉਤਪਾਦਨ ਦਾ ਪਲਾਂਟ ਲਾਇਆ ਜਾਣਾ ਹੈ। ਇਹ ਪ੍ਰਾਜੈਕਟ ਸਿੱਧੇ ਤੌਰ 'ਤੇ ਸਬੰਧਤ ਖੇਤਰ ਦੇ 22,000 ਲੋਕਾਂ ਨੂੰ ਬੇਘਰ ਕਰ ਦੇਵੇਗਾ, 20 ਤੋਂ 25000 ਲੋਕਾਂ ਨੂੰ ਪ੍ਰਭਾਵਿਤ ਕਰੇਗਾ, 3096 ਏਕੜ ਜੰਗਲੀ ਭੂਮੀ ਖੇਤੀਯੋਗ ਰਹਿਣ ਨਹੀਂ ਦੇਵੇਗਾ, ਖੇਤੀ ਆਰਥਿਕਤਾ ਨੂੰ ਨੁਕਸਾਨ ਪਹੁੰਚਾਏਗਾ, ਮਹਾਂਨਦੀ ਡੈਲਟਾ ਦੇ ਪਾਣੀ ਨੂੰ ਪੀ ਜਾਵੇਗਾ ਤੇ ਖ਼ਤਰੇ ਵਿਚ ਪਈਆਂ ਕਈ ਜਾਨਵਰਾਂ ਦੀਆਂ ਨਸਲਾਂ ਦੀਆਂ ਰਿਹਾਇਸ਼ਗਾਹਾਂ ਤਬਾਹ ਕਰ ਸੁੱਟੇਗਾ।

ਪਾਸਕੋ ਪ੍ਰਾਜੈਕਟ ਤਟਵਰਤੀ ਭੂਗੋਲਿਕ ਢਾਂਚੇ 'ਤੇ ਹਾਨੀਕਾਰਕ ਪ੍ਰਭਾਵ ਪਾਵੇਗਾ ਜਿਸ ਨਾਲ ਇਥੇ ਸਮੁੰਦਰੀ ਤੂਫਾਨਾਂ ਦਾ ਖ਼ਤਰਾ ਵਧ ਜਾਵੇਗਾ। 2.8 ਲੱਖ ਰੁੱਖ ਕੱਟੇ ਜਾਣਗੇ। ਇਸ ਨਾਲ ਪਹਿਲਾਂ ਤੋਂ ਹੀ ਪਾਣੀ ਦੀ ਘਾਟ ਵਾਲੇ ਇਸ ਖੇਤਰ ਵਿਚ ਪਾਣੀ ਦੀ ਕੁਆਲਿਟੀ ਤੇ ਉਪਲਬਧਤਾ ਘੱਟ ਹੋ ਜਾਵੇਗੀ। ਲੋਕਾਂ ਦੀ ਸਿਹਤ 'ਤੇ ਇਸ ਦਾ ਬੁਰਾ ਅਸਰ ਪਵੇਗਾ। ਆਪਣੀ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਛਿੱਕੇ ਟੰਗਦਿਆਂ ਚੌਗਿਰਦਾ ਤੇ ਜੰਗਲਾਤ ਮੰਤਰਾਲੇ ਨੇ ਪਾਸਕੋ ਨੂੰ ਤਿੰਨ ਮਾਮਲਿਆਂ (ਵਾਤਾਵਰਨ, ਜੰਗਲ ਅਤੇ ਤਟਵਰਤੀ ਰੈਗੂਲੇਟਰੀ ਜ਼ੋਨ ਨਾਲ ਸਬੰਧਤ) ਵਿਚ ਪ੍ਰਵਾਨਗੀ ਪੱਤਰ ਦੇ ਦਿੱਤੇ ਹਨ। ਅਜਿਹਾ ਮੰਤਰਾਲੇ ਨੇ ਆਪਣੇ ਹੀ ਪਿਛਲੇ ਆਦੇਸ਼ਾਂ ਦੇ ਵਿਰੋਧ ਵਿਚ ਜਾ ਕੇ ਕੀਤਾ ਹੈ ਜਿਨ੍ਹਾਂ ਨੂੰ ਦਸੰਬਰ 2009 ਵਿਚ ਰੱਦ ਕਰ ਦਿੱਤਾ ਗਿਆ ਸੀ।


ਨਵੀਂ ਬੰਦਰਗਾਹ ਦੀ ਉਸਾਰੀ ਵੀ ਤਟਵਰਤੀ ਵਾਤਾਵਰਨ ਪ੍ਰਬੰਧ ਦਾ ਨੁਕਸਾਨ ਕਰੇਗੀ ਤੇ ਪਾਰਾਦੀਪ ਬੰਦਰਗਾਹ 'ਤੇ ਉਲਟ ਪ੍ਰਭਾਵ ਪਾਏਗੀ। ਇਸ ਟਾਰਨੈਡੋ ਵਾਲੇ ਖੇਤਰ ਵਿਚ ਅਜਿਹੇ ਨੁਕਸਾਨਾਂ ਦੇ ਭਿਆਨਕ ਸਿੱਟੇ ਨਿਕਲਣਗੇ। ਇਸ ਮਾਮਲੇ ਵਿਚ ਵੀ ਮੰਤਰਾਲੇ ਨੇ ਗੁਪਤਾ ਕਮੇਟੀ ਦੀਆਂ ਸਿਫ਼ਾਰਸ਼ਾਂ ਨੂੰ ਰੱਦੀ ਵਾਲੀ ਟੋਕਰੀ ਵਿਚ ਸੁੱਟ ਦਿੱਤਾ। ਇਸ ਸਬੰਧੀ ਜੋ 'ਸ਼ਰਤਾਂ' ਲਾਈਆਂ ਗਈਆਂ ਹਨ, ਉਹ ਗੁੰਮਰਾਹਕੁਨ ਹਨ। ਇਹ ਮੰਤਰਾਲਾ ਆਪਣੇ ਫਰਜ਼ਾਂ ਤੋਂ ਭੱਜਦਾ ਹੈ।

ਪ੍ਰਾਜੈਕਟ ਨੂੰ ਦਿੱਤੀ ਹਰੀ ਝੰਡੀ ਟੈਕਸ ਛੋਟਾਂ ਕਾਰਨ ਵੀ ਸਰਕਾਰੀ ਖਜ਼ਾਨੇ 'ਤੇ ਵੱਡਾ ਬੋਝ ਪਾਏਗੀ। ਪਲਾਂਟ ਤੇ ਬੰਦਰਗਾਹ ਵਿਸ਼ੇਸ਼ ਆਰਥਿਕ ਜ਼ੋਨ ਵਿਚ ਹੋਣਗੇ। ਇਸ ਥਾਂ ਤੋਂ ਭਾਰਤ ਵਿਚ ਮਿਲਣ ਵਾਲੀ ਸਭ ਤੋਂ ਵਧੀਆ ਕੁਆਲਿਟੀ ਵਾਲੀ ਲੋਹੇ ਦੀ ਕੱਚੀ ਧਾਤ ਦੀ 60 ਕਰੋੜ ਟਨ ਦੀ ਖੁਦਾਈ ਨਾਲ ਪਾਸਕੋ ਨੂੰ 30 ਵਰ੍ਹਿਆਂ ਤੱਕ ਪ੍ਰਤੀ ਸਾਲ 6500 ਕਰੋੜ ਰੁਪਏ ਦਾ ਵੱਡਾ ਮੁਨਾਫ਼ਾ ਹੋਵੇਗਾ। ਇਸ ਤਰ੍ਹਾਂ ਇਹ ਕੰਪਨੀ 54000 ਕਰੋੜ ਰੁਪਏ ਦੇ ਆਪਣੇ ਸਾਰੇ ਨਿਵੇਸ਼ ਨੂੰ ਪਹਿਲੇ ਅੱਠ ਸਾਲਾਂ ਵਿਚ ਹੀ ਵਸੂਲ ਲਵੇਗੀ। ਇਹ ਪ੍ਰਾਜੈਕਟ ਵੱਧ-ਫੁਲ ਰਹੀ ਖੇਤੀ ਆਰਥਿਕਤਾ ਵਾਲੇ ਖੇਤਰ ਵਿਚ ਹੈ। ਇਥੇ ਪਾਨ ਦੇ ਪੱਤੇ ਦੀ ਖੇਤੀ ਨਾਲ ਲੋਕ ਇਕ ਏਕੜ ਦੇ 100ਵੇਂ ਹਿੱਸੇ ਤੋਂ 40,000 ਰੁਪਏ ਤੱਕ ਕਮਾ ਸਕਦੇ ਹਨ। ਇਸ ਜ਼ਮੀਨ ਲਈ ਸਰਕਾਰ ਨੇ ਇਕ ਵਾਰ ਦਾ 11,500 ਰੁਪਏ ਦਾ ਮੁਆਵਜ਼ਾ ਦੇਣ ਦੀ ਪੇਸ਼ਕਸ਼ ਕੀਤੀ ਹੈ। ਪ੍ਰਾਜੈਕਟ ਤੋਂ ਸਿੱਧੇ ਤੌਰ 'ਤੇ ਸਿਰਫ਼ 7000 ਨੌਕਰੀਆਂ ਪੈਦਾ ਹੋਣਗੀਆਂ ਜਿਨ੍ਹਾਂ ਵਿਚੋਂ ਬਹੁਤੀਆਂ ਸਥਾਨਕ ਲੋਕਾਂ ਨੂੰ ਨਹੀਂ ਦਿੱਤੀਆਂ ਜਾਣਗੀਆਂ ਕਿਉਂਕਿ ਉਨ੍ਹਾਂ ਵਿਚ ਸਨਅਤੀ ਕੰਮਕਾਜ ਦੀ ਨਿਪੁੰਨਤਾ ਨਹੀਂ ਹੈ। ਪ੍ਰਾਜੈਕਟ ਪ੍ਰਭਾਵਿਤ ਖੇਤਰ ਦੇ ਲੋਕ ਇਸ ਨੂੰ ਸਮਝਦੇ ਹਨ ਤੇ ਉਨ੍ਹਾਂ ਦਾ ਪਿਛਲੇ ਪੰਜ ਸਾਲਾਂ ਤੋਂ ਇਸ ਪ੍ਰਾਜੈਕਟ ਦੇ ਵਿਰੋਧ ਵਿਚ ਸ਼ਾਂਤਮਈ ਸੰਘਰਸ਼ ਚਲ ਰਿਹਾ ਹੈ। ਇਸ ਨੂੰ ਕੁਚਲਣ ਲਈ ਸਰਕਾਰ ਨੇ ਜਿਹੜੇ ਬੇਰਹਿਮ ਢੰਗ-ਤਰੀਕੇ ਅਪਨਾਏ ਹਨ, ਉਨ੍ਹਾਂ ਵਿਚ 'ਪਾਸਕੋ ਟਾਕਰਾ ਸੰਗਰਾਮ ਕਮੇਟੀ' ਦੇ ਕਾਰਕੁਨਾਂ ਖਿਲਾਫ਼ ਝੂਠੇ ਦੋਸ਼ ਲਾਉਣਾ, ਨਵੰਬਰ 2010 ਵਿਚ ਉਨ੍ਹਾਂ 'ਤੇ ਗੁੰਡਿਆਂ ਤੋਂ ਹਮਲਾ ਕਰਵਾਉਣਾ, ਮਈ 2010 ਵਿਚ ਗੋਲੀ ਚਲਾਉਣਾ ਜਿਸ 'ਚ 200 ਤੋਂ ਵੱਧ ਲੋਕ ਜ਼ਖਮੀ ਹੋਏ ਅਤੇ ਕਮੇਟੀ ਦੇ ਨੇਤਾ ਅਭੈ ਸਾਹੂ ਖ਼ਿਲਾਫ਼ 44 ਮਾਮਲੇ ਦਰਜ ਕਰਨਾ ਸ਼ਮਿਲ ਹੈ।

ਪਾਸਕੋ ਨੂੰ ਇਜਾਜ਼ਤ ਇਸ ਲਈ ਦਿੱਤੀ ਗਈ ਹੈ ਕਿ ਇਹ ਭਾਰਤ ਵਿਚ ਸਿੱਧੇ ਵਿਦੇਸ਼ੀ ਨਿਵੇਸ਼ ਦਾ ਸਭ ਤੋਂ ਵੱਡਾ ਪ੍ਰਾਜੈਕਟ ਹੈ ਅਤੇ ਇਸ ਲਈ ਦੱਖਣੀ ਕੋਰੀਆ ਸਰਕਾਰ ਨੇ ਵੱਡਾ ਜੋੜ-ਤੋੜ ਕੀਤਾ ਹੈ। ਅਜਿਹੀਆਂ ਗੱਲਾਂ ਕਾਨੂੰਨ ਦੇ ਰਾਜ ਵਾਲੇ ਜਮਹੂਰੀ ਦੇਸ਼ ਵਿਚ ਨਹੀਂ ਹੁੰਦੀਆਂ, ਇਹ ਲੰਗੜੀ ਜਮਹੂਰੀਅਤ ਵਾਲੇ ਉਨ੍ਹਾਂ ਦੇਸ਼ਾਂ ਵਿਚ ਹੁੰਦੀਆਂ ਹਨ ਜੋ 'ਨਿਵੇਸ਼ਕਾਂ ਦੇ ਭਰੋਸੇ' ਨੂੰ ਲੋਕਾਂ ਦੇ ਰਿਜ਼ਕ ਤੇ ਵਾਤਾਵਰਨ ਦੀ ਸੁਰੱਖਿਆ ਤੋਂ ਉਪਰ ਰੱਖਦੇ ਹਨ। ਕੌਮਾਂਤਰੀ ਭਾਈਚਾਰੇ ਵਿਚ ਆਪਣਾ ਰੁਤਬਾ ਘਟਾਉਣ ਸਣੇ ਜੋ ਭਾਰਤ ਸਰਕਾਰ ਆਪਣੇ ਹੀ ਕਾਨੂੰਨਾਂ ਦੀ ਉਲੰਘਣਾ ਕਰ ਰਹੀ ਹੈ ਤੇ ਲੋਕ ਹਿਤਾਂ ਦੀ ਕੁਰਬਾਨੀ ਦੇ ਰਹੀ ਹੈ, ਉਸ ਦੀ ਉਸ ਨੂੰ ਵੱਡੀ ਕੀਮਤ ਅਦਾ ਕਰਨੀ ਪਵੇਗੀ।

# ਕ੍ਰਿਸ਼ਨ ਕੁਮਾਰ ਸਹਿੰਦਾ ਕੰਸਾਂ ਦੀ ਮਾਰ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਕਦੇ ਇਤਫਾਕ ਵਸ ਹੀ ਐਸਾ ਹੁੰਦਾ ਹੈ ਕਿ ਕਿਸੇ ਵਿਆਕਤੀ ਦਾ ਸੁਭਾਅ ਜਾਂ ਉਸ ਦੇ ਕਰਤਵ, ਉਹਦੇ ਨਾਮ ਨਾਲ ਇੰਨ-ਬਿੰਨ ਮੇਲ ਖਾਂਦੇ ਹੋਣ ਵਰਨਾ ਇਹ ਜਰੂਰੀ ਨਹੀਂ ਕਿ ਸ਼ੇਰ ਖਾਨ ਨਾਂ ਵਾਲੇ ਸਾਰੇ ਸੂਰਮੇ ਮਰਦ ਹੀ ਹੋਣ। ਕੋਈ ਸ਼ਾਂਤੀ ਦੇਵੀ ਕਹੀ ਜਾਣ ਵਾਲ਼ੀ ਪਤਨੀ, ਆਪਣੇ ਪਤੀ-ਪਰਿਵਾਰ ਜਾਂ ਆਂਢ-ਗੁਆਂਢ ਲਈ ਨਿਰੀ ਬਘਿਆੜੀ ਵੀ ਹੋ ਸਕਦੀ ਹੈ। ਕੋਈ ਹੁਕਮ ਸਿੰਘ ਆਪਣੇ ਪਿੰਡ ਦਾ ਚੌਕੀਦਾਰ ਜਾਂ ਹਾਕਮ ਸਿੰਘ ਦਫਤਰਾਂ ਵਿਚ ਚਪੜਾਸਪੁਣਾ ਕਰਦਾ ਹੋਵੇ ਤਾਂ ਇਹ ਦੋਵੇਂ ਜਣੇ, ਆਪਣੇ ਨਾਂਵਾਂ ਨਾਲ ਨਿਆਂ ਨਹੀਂ ਕਰ ਰਹੇ ਹੋਣਗੇ। ਬਜ਼ਾਰ ਵਿਚ ਬੱਕਰੇ, ਮੁਰਗਿਆਂ ਦਾ ਮੀਟ ਵੇਚਣ ਵਾਲਾ ਦੁਕਾਨਦਾਰ, ਮੋਹਰੇ ਫੱਟਾ ਲਿਖਾ ਕੇ ਬੈਠਾ ਹੋਵੇ- 'ਦਇਆ ਰਾਮ ਝਟਕਈ ਦੀ ਦੁਕਾਨ' ਤਾਂ ਲੋਕੀਂ ਉਸ ਨੂੰ ਪੁਛਣਗੇ ਹੀ ਕਿ ਭਰਾ ਜੀ, ਬੁੱਚੜ ਰਾਮ ਫੁੱਲਾਂ ਵਾਲੇ ਦੀ ਦੁਕਾਨ ਕਿੱਧਰ ਹੈ? ਕੋਈ ਲੱਖਪਤ ਰਾਏ 'ਹੋਮਲੈਸਾਂ' (ਬੇਘਰਿਆਂ) ਵਾਂਗ ਹੱਥ 'ਚ ਠੂਠਾ ਫੜ ਕੇ ਮੰਗਦਾ ਫਿਰਦਾ ਹੋਵੇ ਜਾਂ ਕੋਈ 'ਨੇਕ ਚੰਦ' ਆਉਂਦੇ ਜਾਂਦੇ ਰਾਹੀਆਂ ਨੂੰ ਲੁੱਟਦਾ ਹੋਵੇ ਤਾਂ ਜਾਣਕਾਰਾਂ ਨੂੰ ਅਚੰਭਾ ਲਾਜ਼ਮੀ ਹੋਵੇਗਾ ਕਿ ਏਡੀ ਬਰਕਤ ਵਾਲੇ ਨਾਂ ਤੇ ਧੰਦੇ ਆਹ?

ਸਾਡੇ ਸਮਾਜ ਵਿਚ ਰਿਸ਼ੀਆਂ ਮੁਨੀਆਂ ਜਾਂ ਇਤਿਹਾਸ ਦੀਆਂ ਪ੍ਰਸਿੱਧ ਸ਼ਖਸੀਅਤਾਂ ਵਾਲੇ ਨਾਂ ਰੱਖਣ ਦਾ ਵੀ ਕਾਫੀ ਰਿਵਾਜ਼ ਹੈ ਪਰ ਨਾਮ ਦੀ ਲੱਜ ਪਾਲਣ ਵਾਲੇ ਵਿਰਲੇ ਹੀ ਹੁੰਦੇ ਹਨ ਜਿਵੇਂ ਦਸਵੇਂ ਗੁਰੂ ਦਾ ਵੱਡਾ ਸਪੁੱਤਰ, ਬਕੌਲ ਇੱਕ ਕਵੀ, ਚਮਕੌਰ ਦੇ ਰਣਤੱਤੇ ਵਿਚ ਜਾਣ ਲੱਗਿਆਂ ਆਖਦਾ ਹੈ,

ਨਾਮ ਹੈ ਅਜੀਤ ਮੇਰਾ, ਜੀਤਾ ਨਾ ਜਾਊਂਗਾ,
ਜੀਤਾ ਰਹਾ ਤੋ ਲੌਟ ਕਰ,
ਜੀਤਾ ਨਾ ਆਊਂਗਾ।

ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਭਗਵਾਨ ਨਾਲ ਡਾਢਾ ਸਨੇਹ ਤੇ ਸ਼ਰਧਾ ਰੱਖਣ ਵਾਲੇ ਕ੍ਰਿਸ਼ਨ ਲਾਲ, ਕ੍ਰਿਸ਼ਨ ਚੰਦ ਜਾਂ ਕ੍ਰਿਸ਼ਨ ਸਿੰਘ ਬਥੇਰੇ ਹੋਣਗੇ ਲੇਕਿਨ ਕੰਸ ਨਾਲ ਮੱਥਾ ਲਾਉਣ ਦੀ ਹਿੰਮਤ ਸਾਰਿਆਂ ਵਿਚ ਨਹੀਂ ਹੋ ਸਕਦੀ। ਇਨ੍ਹਾਂ ਨਾਂਵਾਂ ਨਾਲ ਜੇ ਕੋਈ ਐਸੀ ਸਮਰੱਥਾ ਰੱਖਦਾ ਹੋਵੇ ਤਾਂ ਉਸ ਨੂੰ ਲੋਕੀ ਭਗਵਾਨ ਕ੍ਰਿਸ਼ਨ ਵਾਂਗ ਹੀ ਪਿਆਰਦੇ ਸਤਿਕਾਰਦੇ ਹਨ, ਜਿਵੇਂ ਆਪਣੇ ਪੰਜਾਬ ਦੇ ਸਰਕਾਰੀ ਅਫ਼ਸਰਾਂ ਵਿਚ ਇੱਕ ਕ੍ਰਿਸ਼ਨ ਕੁਮਾਰ ਨਾਂ ਦੇ ਉਚ ਅਧਿਕਾਰੀ ਦੀਆਂ ਦੇਸ਼-ਵਿਦੇਸ਼ ਵਿਚ ਧੁੰਮਾਂ ਪਈਆਂ ਹੋਈਆਂ ਹਨ। ਦੁਆਪਰ ਯੁੱਗ ਦੇ ਕ੍ਰਿਸ਼ਨ ਜੀ ਦਾ ਇੱਕ ਹੀ ਕੰਸ ਦੁਸ਼ਮਣ ਸੀ ਪਰੰਤੂ ਪੰਜਾਬ ਵਾਲੇ ਸ੍ਰੀ ਕ੍ਰਿਸ਼ਨ ਕੁਮਾਰ ਦਾ ਇਹ ਹਾਲ ਹੈ, ਜਿਵੇਂ ਪੰਜਾਬੀ ਦਾ ਇੱਕ ਗੀਤ ਹੈ,

ਜਿੰਦ ਮਾਹੀ ਜੇ ਚੱਲਿਉਂ ਪਟਿਆਲੇ,
ਤੇਰੇ ਦੁਸ਼ਮਣ ਚੱਲ ਪਏ ਨਾਲੇ,
ਹੱਥ ਵਿਚ ਛਵ੍ਹੀਆਂ ਤੇ ਨੇਜੇ ਭਾਲੇ...।

ਉਹ ਜਿੱਥੇ ਵੀ ਜਾਂਦਾ ਹੈ, ਉਥੇ ਹੀ ਉਹਦਾ ਰਾਹ ਰੋਕਣ ਲਈ ਕੋਈ ਨਾਂ ਕੋਈ ਕੰਸ, ਹਿੱਕ ਤਾਣ ਕੇ 'ਹੂ-ਹੂ...ਹਾ...ਹਾ' ਕਰਦਾ ਦਹਾੜਨ ਲੱਗ ਜਾਂਦਾ ਹੈ ਅੱਗਿਉਂ ਕ੍ਰਿਸ਼ਨ ਕੁਮਾਰ ਇਮਾਨਦਾਰੀ, ਪਾਰਦਰਸ਼ਤਾ, ਸਾਫ਼ਗੋਈ ਅਤੇ ਦ੍ਰਿੜਤਾ ਦੇ ਸੁਮੇਲ ਵਾਲਾ 'ਸੁਦਰਸ਼ਨ ਚੱਕਰ' ਚਲਾ ਦਿੰਦਾ ਹੈ। ਕੰਸਾਂ ਦੀ ਇਖ਼ਲਾਕੀ ਹਾਰ ਤਾਂ ਹੋ ਜਾਂਦੀ ਹੈ ਪਰ ਕਲਯੁੱਗ ਦੇ ਕੰਸ ਦੁਆਪਰ ਦੇ ਕੰਸਾਂ ਨਾਲੋਂ ਤਾਕਤਵਰ ਬੇਸ਼ੱਕ ਨਾ ਹੋਣ ਲੇਕਿਨ ਢੀਠਤਾਈ ਪੱਖੋਂ ਕਈ ਗੁਣਾ ਵਾਧੂ ਹਨ। ਉਹ ਲੋਕ-ਲੱਜਿਆ ਨੂੰ ਛਿੱਕੇ ਟੰਗ ਕੇ ਕਿਸ਼ਨ ਕੁਮਾਰ ਉਤੇ ਤਬਾਦਲਾ ਰੂਪੀ ਅਗਨੀ-ਬਾਣ ਫੌਰਨ ਚਲਾ ਦਿੰਦੇ ਹਨ। ਇੰਜ ਕ੍ਰਿਸ਼ਨ ਕੁਮਾਰ ਆਪਣਾ ਬੋਰੀਆ ਬਿਸਤਰਾ ਬੰਨ੍ਹ ਕੇ 'ਨਵੇਂ ਕੰਸਾਂ' ਨਾਲ ਸਿੱਝਣ ਤੁਰ ਪੈਂਦਾ ਹੈ।

ਬੀਤੇ ਦਿਨੀਂ ਇਸ ਦਾ ਕਿਹੜੇ ਕੰਸ ਨਾਲ ਦਸਤਪੰਜਾ ਪਿਆ? ਇਸ ਦੀ ਚਰਚਾ ਕਰਨ ਤੋਂ ਪਹਿਲਾਂ ਥੋੜ੍ਹੀ ਪਿਛਲ-ਝਾਤ ਮਾਰ ਲਈਏ। ਨਵਾਂ ਸ਼ਹਿਰੀਆਂ ਦੇ ਚੰਗੇ ਭਾਗਾਂ ਨੂੰ ਜਿੰਨਾ ਚਿਰ ਉਹ ਉਥੇ ਡੀ.ਸੀ. ਲੱਗਾ ਰਿਹਾ, ਜਿਲ੍ਹਾ ਪ੍ਰਸ਼ਾਸਨ ਨੂੰ ਉਸ ਨੇ ਕੈਲੀਫੋਰਨੀਆ ਪੈਟਰਨ 'ਤੇ ਕੰਮ ਕਰਨ ਲਾ ਦਿੱਤਾ। ਕਿਤੇ ਤੱਕਲੇ ਵਿਚ ਤਾਂ ਵਿੰਗ-ਵਲ ਰਹਿ ਗਏ ਹੋਣਗੇ ਪਰ ਉਸ ਨੇ ਸਾਰੀ ਅਫਸਰਸ਼ਾਹੀ ਵਿਚ ਕੋਈ ਵਲ ਨਾ ਰਹਿਣ ਦਿੱਤਾ। ਸਕੂਲਾਂ, ਹਸਪਤਾਲਾਂ ਅਤੇ ਹੋਰ ਸਰਕਾਰੀ ਅਦਾਰਿਆਂ ਵਿਚ ਕਰਮਚਾਰੀਆਂ ਦੀ ਹਾਜ਼ਰੀ ਸ਼ੱਤ-ਪ੍ਰਤੀਸ਼ਤ ਹੋ ਗਈ। ਨਵਾਂ ਸ਼ਹਿਰ ਉਤੇ ਜਿਹੜਾ ਉਸ ਨੇ ਸਭ ਤੋਂ ਵੱਡਾ ਪਰਉਪਕਾਰ ਕੀਤਾ, ਉਹ ਸੀ 'ਉਪਕਾਰ ਸੰਸਥਾ' ਬਣਾ ਕੇ ਭਰੂਣ ਹੱਤਿਆ 'ਤੇ ਕਾਬੂ ਪਾਉਣਾ। ਕੁੜੀਆਂ ਦੀ ਜਨਮ ਦਰ ਦੇ ਅੰਕੜੇ ਥੋੜੇ ਅਰਸੇ ਵਿਚ ਹੀ ਸੁਧਰ ਗਏ। ਜਿੱਥੇ ਕਿਤੇ ਕੰਨਿਆ ਭਰੂਣ ਹੱਤਿਆ ਦਾ ਪਤਾ ਚਲਦਾ, ਉਥੇ ਸੁਵਖਤੇ ਹੀ ਸਬੰਧਤ ਘਰ ਮੋਹਰੇ ਜਾ ਪਹੁੰਚਦਾ। ਉਪਕਾਰ ਸੰਸਥਾ ਦੇ ਕਾਰਕੁਨ ਦਰੀਆਂ ਵਿਛਾ ਦਿੰਦੇ ਅਤੇ ਸਾਰਾ ਜਥਾ 'ਅਫਸੋਸ' ਕਰਨ ਬੈਠ ਜਾਂਦਾ। ਉਸ ਨੇ ਇਸ ਅਗੱਧ ਪਾਪ ਵਿਚ ਭਾਗੀਦਾਰ ਬਣਨ ਵਾਲੇ ਡਾਕਟਰਾਂ ਦਾ ਸ਼ਿਕੰਜਾ ਕੱਸ ਦਿੱਤਾ। ਜ਼ਿਲ੍ਹਾ ਨਵਾਂ ਸ਼ਹਿਰ ਨਾਲ ਸਬੰਧਤ ਹੋਣ ਕਰਕੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਕ੍ਰਿਸ਼ਨ ਕੁਮਾਰ ਵਲੋਂ ਕੀਤੇ ਗਏ ਸੁਧਾਰਾਂ ਦੀ ਵੱਡੀ ਪੋਥੀ ਲਿਖੀ ਜਾ ਸਕਦੀ ਹੈ!

ਸਾਡੇ ਜ਼ਿਲ੍ਹੇ ਦੀ ਪਰਜਾ ਉਸ ਦੇ ਗੁਣ ਗਾਇਨ ਕਰ ਹੀ ਰਹੀ ਸੀ ਕਿ ਇੱਕ ਸਥਾਨਕ ਵਿਧਾਇਕ ਕੰਸ ਬਣ ਕੇ ਆ ਟਪਕਿਆ ਕਿਉਂਕਿ ਕ੍ਰਿਸ਼ਨ ਕੁਮਾਰ ਨੇ ਚੋਣ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਵਿਚ ਉਸ ਵਿਧਾਇਕ ਦੀਆਂ ਗੱਡੀਆਂ ਚੁਕਵਾਈਆਂ ਸਨ। ਫਿਰ ਕੀ ਸੀ, ਵਿਧਾਇਕ ਨੇ ਧੌਂਸ ਦਿਖਾਉਂਦਿਆਂ ਉਸ ਦੀ ਬਦਲੀ ਕਰਵਾ ਦਿੱਤੀ ਪਰ ਇਸ ਅਣਖੀਲੇ ਅਫਸਰ ਨੇ ਵਿਧਾਇਕ ਦਾ ਪਾਣੀ ਨਾ ਭਰਿਆ! ਕੁਝ ਸਮਾਂ ਮਾਮੂਲੀ ਜਿਹੇ ਮਹਿਕਮੇ ਵਿਚ ਰਹਿਣ ਉਪਰੰਤ ਉਸ ਨੇ ਪੰਜਾਬ ਦੇ ਵਿੱਦਿਆ ਮਹਿਕਮੇ ਵਿਚ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਤੇ ਸਰਬ ਸਿੱਖਿਆ ਅਭਿਆਨ ਦਾ ਅਹੁਦਾ ਸੰਭਾਲ਼ਿਆ।

ਬੀਬੀ ਉਪਿੰਦਰਜੀਤ ਕੌਰ ਦੇ ਸਿੱਖਿਆ ਮੰਤਰੀ ਹੁੰਦਿਆਂ ਸ੍ਰੀ ਕ੍ਰਿਸ਼ਨ ਕੁਮਾਰ ਨੇ ਸਰਕਾਰੀ ਸਕੂਲਾਂ ਦੇ ਪ੍ਰਬੰਧਕੀ ਢਾਂਚੇ ਦਾ ਵੱਡੇ ਪੱਧਰ 'ਤੇ 'ਅਪਰੇਸ਼ਨ' ਕੀਤਾ। ਅਧਿਆਪਕਾਂ ਵਲੋਂ ਮਾਰੀ ਜਾਂਦੀ 'ਫਰਲੋ' ਦਾ ਬੀਜ ਨਾਸ ਹੀ ਕਰ ਦਿੱਤਾ। ਖੁਦ ਸਕੂਲਾਂ ਵਿਚ ਜਾ ਜਾ ਕੇ ਉਸ ਨੇ ਹਾਜ਼ਰੀ ਰਜਿਸਟਰਾਂ ਦੀ ਪੜਤਾਲ ਕਰਨੀ ਸ਼ੁਰੂ ਕਰ ਦਿੱਤੀ। ਹੁਸ਼ਿਆਰ ਵਿਦਿਆਰਥੀਆਂ ਦੀ ਡਿਊਟੀ ਲਾ ਦਿੱਤੀ ਕਿ ਉਹ ਆਪਣੇ ਅਧਿਆਪਕ ਵਲੋਂ ਜਮਾਤ ਵਿਚ ਬਿਤਾਏ ਸਮੇਂ ਦਾ ਰਿਕਾਰਡ ਰੱਖਣ। ਸਥਾਨਕ ਪੰਚਾਇਤਾਂ ਨੂੰ ਵੀ ਕਈ ਤਰ੍ਹਾਂ ਦੀਆਂ ਜਿੰਮੇਵਾਰੀਆਂ ਸੰਭਾਲੀਆਂ। ਸਿੱਟਾ ਇਹ ਨਿਕਲਿਆ ਕਿ ਤਿੰਨਾਂ ਸਾਲਾਂ ਵਿਚ ਹੀ, ਜਿਹੜਾ ਪੰਜਾਬ ਵਿੱਦਿਅਕ ਪੱਖੋਂ ਸੋਲ੍ਹਵੇਂ ਸਥਾਨ 'ਤੇ ਸੀ, ਉਹ ਪਹਿਲੇ 'ਤੇ ਆ ਗਿਆ। ਇਸੇ ਸਮੇਂ ਦੌਰਾਨ ਭਾਵੇਂ ਉਸ ਉਤੇ 'ਬਾਲੂ ਦੇ ਵਾਲਾਂ' ਵਾਲੀ ਸਿੱਖ ਸਭਿਆਚਾਰ ਵਿਰੋਧੀ ਕਿਤਾਬ ਛਪਵਾਉਣ ਦਾ ਦੋਸ਼ ਵੀ ਲੱਗਿਆ ਪਰ ਕ੍ਰਿਸ਼ਨ ਕੁਮਾਰ ਨੇ 'ਰੀ ਮਈਆ ਮੋਰੀ, ਮੈਂ ਨਹੀਂ ਮਾਖਨ ਖਾਇਓ!' ਵਾਂਗ ਮੈ ਨਾ ਮਾਨੂੰ ਦੀ ਰਟ ਨਹੀਂ ਲਾਈ, ਬਲਕਿ ਅਣਜਾਣੇ ਵਿਚ ਹੋਈ ਇਸ ਭੁੱਲ ਦੀ ਖਿਮਾ ਜਾਚਨਾ ਕਰ ਲਈ।

ਮੁੱਖ ਮੰਤਰੀ, ਪੰਜਾਬ ਦੀਆਂ ਸਿਆਸੀ ਗਿਣਤੀਆਂ-ਮਿਣਤੀਆਂ ਦੀ ਜਮਾਂ-ਘਟਾਉ ਕਾਰਨ ਸਿੱਖਿਆ ਮੰਤਰੀ ਬਣਾਏ ਗਏ ਜਥੇਦਾਰ ਸੇਵਾ ਸਿੰਘ ਸੇਖਵਾਂ, ਜਿਨ੍ਹਾਂ ਇੱਕ ਸਮੇਂ ਕ੍ਰਿਸ਼ਨ ਕੁਮਾਰ ਨੂੰ ਚਿੱਠੀ ਲਿਖ ਕੇ ਸੱਚਾ ਪੱਕਾ, ਇਮਾਨਦਾਰ ਅਤੇ ਦ੍ਰਿੜ ਇਰਾਦੇ ਵਾਲਾ ਅਫਸਰ ਐਲਾਨਿਆ ਸੀ ਤੇ ਉਸ ਦੀ ਭਰਪੂਰ ਸ਼ਲਾਘਾ ਕੀਤੀ ਸੀ ਸ਼ਾਇਦ ਕ੍ਰਿਸ਼ਨ ਕੁਮਾਰ ਜੀ ਨੇ ਮੰਤਰੀ ਸਾਹਿਬ ਵਲੋਂ ਮਿਲੀ 'ਸ਼ਲਾਘਾ' ਨੂੰ ਇਸ ਸ਼ਿਅਰ ਵਾਲੇ ਸੰਦਰਭ ਵਿਚ ਹੀ ਦੇਖਿਆ ਹੋਵੇਗਾ,

ਘਰ ਕੇ ਅੰਦਰ ਝੂਠੋਂ ਕੀ ਇੱਕ ਮੰਡੀ ਹੈ,
ਦਰਵਾਜ਼ੇ ਪਰ ਬੋਰਡ ਲਗਾ ਹੈ, ਸੱਚ ਬੋਲੋ!

ਕਿਉਂਕਿ ਜਦੋਂ ਆਪਣੇ ਲੰਮੇ ਤਜ਼ਰਬੇ ਦੇ ਆਧਾਰ 'ਤੇ ਕ੍ਰਿਸ਼ਨ ਕੁਮਾਰ ਨੇ ਟੀਚਰ ਨਿਯੁਕਤ ਕਰਨੇ ਸ਼ੁਰੂ ਕੀਤੇ ਤਾਂ ਉਹੀ ਸੱਚਾ ਪੱਕਾ ਇਮਾਨਦਾਰ 'ਕ੍ਰਿਸ਼ਨ' ਸੇਖਵਾਂ ਸਾਹਿਬ ਦੀਆਂ ਅੱਖਾਂ 'ਚ ਚੁਭਣ ਲੱਗ ਪਿਆ! ਬਿਨਾ ਸਿਫਾਰਸ਼, ਬਿਨਾ ਰਿਸ਼ਵਤ ਅਧਿਆਪਕ ਚੁਣ ਕੇ ਕ੍ਰਿਸ਼ਨ ਕੁਮਾਰ ਨੇ ਇੱਕ ਹੋਰ ਵਿਰੋਧ ਸਹੇੜ ਲਿਆ। ਵਿਰੋਧ ਦੇ ਕਾਰਨ ਕੁਝ ਹੋਰ ਵੀ ਹੋ ਸਕਦੇ ਹਨ। ਦੋਹਾਂ ਵਿਚਕਾਰ ਸ਼ਖਸੀਅਤਾਂ ਦੇ ਭੇੜ ਦੀ ਜੰਗ ਸ਼ੁਰੂ ਹੋਈ। ਕ੍ਰਿਸ਼ਨ ਕੁਮਾਰ ਰੋਸ ਵਜੋਂ 'ਛੁੱਟੀ' 'ਤੇ ਚਲਾ ਗਿਆ। ਜਦ ਇਹ ਲੜਾਈ ਮੁੱਖ ਮੰਤਰੀ ਤੱਕ ਪਹੁੰਚੀ ਤਾਂ ਉਨ੍ਹਾਂ ਨੇ ਮੰਤਰੀ ਦਾ ਪੱਖ ਪੂਰਿਆ, ਕ੍ਰਿਸ਼ਨ ਕੁਮਾਰ ਦਾ ਨਹੀਂ। ਜਿਸ ਸੱਚਾਈ ਅਤੇ ਨੇਕ-ਨੀਅਤੀ ਦੀ ਜਥੇਦਾਰ ਸੇਖਵਾਂ ਨੇ ਸਿਫਤ ਕੀਤੀ ਸੀ, ਉਸੇ ਦੇ ਇਨਾਮ ਵਜੋਂ ਕ੍ਰਿਸ਼ਨ ਦਾ ਫਿਰ ਤਬਾਦਲਾ ਕਰ ਦਿੱਤਾ ਗਿਆ। ਇਹ ਅਮਲ ਉਸ ਮੁੱਖ ਮੰਤਰੀ ਹੱਥੋਂ ਹੋਇਆ ਜਿਹੜਾ ਦਾਅਵੇ ਕਰਦਾ ਆ ਰਿਹਾ ਹੈ ਕਿ ਅਸੀਂ ਪੰਜਾਬ ਨੂੰ ਰਾਜੇ ਰਣਜੀਤ ਸਿੰਘ ਵਰਗਾ ਰਾਜ ਪ੍ਰਬੰਧ ਦੇ ਰਹੇ ਹਾਂ। ਯਾਦ ਰਹੇ, ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਇੱਕ ਡਿਉੜੀ-ਬਰਦਾਰ ਨੂੰ ਇਸ ਲਈ ਤਰੱਕੀ ਦਿੱਤੀ ਸੀ ਕਿ ਉਸ ਨੇ ਨਿਯਮਾਂ ਦੀ ਪਾਲਣਾ ਕਰਦਿਆਂ ਰਾਤ ਵੇਲੇ ਮਹਾਰਾਜੇ ਨੂੰ ਵੀ ਕਿਲੇ 'ਚ ਨਹੀਂ ਸੀ ਵੜਨ ਦਿੱਤਾ।

ਪਬਲਿਕ ਦੇ ਅੱਖੀਂ ਘੱਟਾ ਪਾਉਣ ਹਿੱਤ ਮੁੱਖ ਮੰਤਰੀ ਜੀ ਨੇ ਫੁਰਮਾਇਆ ਹੈ ਕਿ ਕ੍ਰਿਸ਼ਨ ਕੁਮਾਰ ਦੀ ਮਿਹਨਤ ਸਦਕਾ, ਸਿਖਿਆ ਵਿਭਾਗ ਲੀਹਾਂ 'ਤੇ ਪੈ ਗਿਆ ਏ, ਹੁਣ ਸਿਹਤ ਵਿਭਾਗ ਨੂੰ ਇਨ੍ਹਾਂ ਦੀ ਲੋੜ ਹੈ ਜਦ ਕਿ ਹਕੀਕਤ ਕੁਝ ਹੋਰ ਹੈ। ਇੱਕ ਅਕਾਲੀ ਮੰਤਰੀ, ਜਿਸ ਯੋਗ ਅਫਸਰ ਉਤੇ ਸਰਕਾਰੀ ਨੀਤੀਆਂ ਵਿਰੁਧ ਚੱਲਣ ਦਾ ਦੋਸ਼ ਲਾ ਕੇ ਆਪਣੇ ਮਹਿਕਮੇ 'ਚੋਂ ਬਾਹਰ ਕੱਢ ਰਿਹਾ ਹੈ, ਉਸੇ ਅਫਸਰ ਨੂੰ ਬੀ.ਜੇ.ਪੀ. ਮੰਤਰੀ ਬੀਬੀ ਲਕਸ਼ਮੀ ਕਾਂਤਾ ਚਾਵਲਾ, ਮੁੱਖ ਮੰਤਰੀ ਤੋਂ 'ਮੰਗ ਕੇ' ਲੈ ਰਹੀ ਹੈ! ਅਕਲ ਤੇ ਜੋ ਖਾਲੀ ਸੋ ਅਕਾਲੀ ਭਾਈ ਜਾਣੀਐਂ!

ਕ੍ਰਿਸ਼ਨ ਨੂੰ 'ਲਕਸ਼ਮੀ' ਲੈ ਤਾਂ ਗਈ ਹੈ ਆਪਣੇ ਸਿਹਤ ਵਿਭਾਗ ਦੀ 'ਸਿਹਤ ਸੁਧਾਰਨ' ਵਾਸਤੇ, ਪਰ ਹੱਡ-ਹਰਾਮ ਸਾਰੇ ਮਹਿਕਮਿਆਂ ਵਿਚ ਇਸ ਕਦਰ ਫੈਲਿਆ ਹੋਇਆ ਹੈ ਕਿ ਇੱਕ ਕ੍ਰਿਸ਼ਨ ਦੀ ਕੀ ਵਟੀਂਦੀ ਹੈ? ਕੀ ਜਾਣੀਏਂ? ਸਿਹਤ ਵਿਭਾਗ ਦਾ ਕੋਈ ਸਿਹਤਮੰਦ ਕੰਸ, ਮਧਰੇ ਕਦ ਵਾਲੇ ਕ੍ਰਿਸ਼ਨ ਦੇ ਗਲ ਕਦੋਂ ਪੈ ਜਾਏ!

# ਭੀੜੀ ਗਲੀ ਵਿਚ ਹੋ ਗਏ ਟਾਕਰੇ

ਅਮਰਦੀਪ ਸਿੰਘ ਅਮਰ

ਅੱਜ ਦਾ ਜ਼ਮਾਨਾ ਇੰਟਰਨੈਟ ਦਾ ਹੈ। ਇੰਟਰਨੈਟ, ਮੋਬਾਈਲ ਫ਼ੋਨ ਵਰਗੀਆਂ ਤਕਨੀਕੀ ਕਾਢਾਂ ਨੇ ਹਰ ਕੰਮ ਅਤੇ ਹਰ ਵਰਗ ਉਤੇ ਆਪਣਾ ਅਸਰ ਛੱਡਿਆ ਹੈ। ਹੋਰ ਕੰਮਾਂ ਦੇ ਨਾਲ-ਨਾਲ ਆਸ਼ਕੀ ਦੇ ਪ੍ਰੇਮ ਸੁਨੇਹੇ, ਪ੍ਰੇਮ ਪੱਤਰ ਅਤੇ ਅੱਡੇ ਵੀ ਨਵੇਂ ਤਕਨੀਕੀ ਸਾਧਨਾਂ ਤੋਂ ਪ੍ਰਭਾਵਤ ਹੋਏ ਬਗ਼ੈਰ ਨਹੀਂ ਰਹਿ ਸਕੇ। ਪ੍ਰੇਮ ਪੱਤਰਾਂ ਦੀ ਥਾਂ ਈ-ਮੇਲ ਤੇ ਸ਼ਾਰਟ ਮੈਸੇਜਿਜ਼ ਨੇ ਲੈ ਲਈ ਹੈ ਅਤੇ ਸੁਨੇਹਿਆਂ ਦੀ ਥਾਂ ਮਿਸਡ ਕਾਲਾਂ ਦਾ ਰਿਵਾਜ ਪ੍ਰਚੱਲਤ ਹੋ ਚੁੱਕਾ ਹੈ। ਕਿਸੇ ਸੱਚ ਹੀ ਕਿਹਾ ਹੈ, "ਤੁਸੀਂ ਚਿੱਠੀਆਂ ਪਾਉਣੀਆਂ ਭੁੱਲਗੇ, ਜਦੋਂ ਦਾ ਟੈਲੀਫ਼ੋਨ ਲੱਗਿਆ।" ਕੋਈ ਵਕਤ ਹੁੰਦਾ ਸੀ ਜਦੋਂ ਆਸ਼ਕੀ ਕਰਨ ਵਾਲੇ ਸੱਜਣਾਂ ਦੇ ਸਾਧਨ ਸੀਮਤ ਹੋਇਆ ਕਰਦੇ ਸਨ। ਮੂੰਹੋ-ਮੂੰਹੀਂ ਸੁਨੇਹੇ ਹੀ ਦਿੱਤੇ ਜਾਇਆ ਕਰਦੇ ਸਨ। ਕਈ ਵਾਰ ਸੁਨੇਹਾ ਲੈ ਕੇ ਜਾਣ ਵਾਲਾ ਸੱਜਣ ਹੀ ਮਣਾਂ-ਮੂੰਹੀਂ ਭਾਰਾ ਹੋ ਜਾਇਆ ਕਰਦਾ ਸੀ। ਮਸ਼ਹੂਰ ਲੋਕ-ਗਾਥਾ ਮਿਰਜ਼ਾ-ਸਾਹਿਬਾਂ ਵਿਚ ਸਾਹਿਬਾਂ ਦਾ ਸੁਨੇਹਾ ਮਿਰਜ਼ੇ ਕੋਲ ਪਹੁੰਚਾਣ ਵਾਲਾ ਕਰਮੂ ਬ੍ਰਾਹਮਣ ਹੀ ਸਾਹਿਬਾਂ 'ਤੇ ਲੱਟੂ ਹੋ ਗਿਆ ਸੀ। ਉਹ ਤਾਂ ਸ਼ੁਕਰ ਕਰੋ ਕਿ ਸਾਹਿਬਾਂ ਜੱਟੀ ਹੀ ਤਕੜੇ ਜਥ੍ਹੇ ਵਾਲੀ ਨਿਕਲੀ, ਨਹੀਂ ਤਾਂ ਕਹਾਣੀ ਦਾ ਮੂੰਹ ਮੁਹਾਂਦਰਾ ਹੀ ਹੋਰ ਹੋ ਜਾਣਾ ਸੀ। ਮਿਰਜ਼ੇ ਨੇ ਜੰਡ ਥੱਲੇ ਵੱਢੇ ਜਾਣ ਦੀ ਬਜਾਏ ਘਰੇ ਪਸ਼ੂਆਂ ਨੂੰ ਗੁਤਾਵਾ ਕਰਦੇ ਫਿਰਨਾ ਸੀ ਅਤੇ ਜੱਟੀ ਸਾਹਿਬਾਂ ਨੇ ਕਾਨੀਆਂ ਭੰਨ੍ਹਣ ਦੀ ਬਜਾਏ 'ਹਰੀ ਓਮ ਹਰੀ ਓਮ' ਕਰਦੀ ਨੇ ਜਜ਼ਮਾਨ ਦੀ ਖ਼ੀਰ ਸਾਂਭਦੇ ਫਿਰਨਾ ਸੀ।

ਇਸੇ ਕਿੱਸੇ ਵਿਚ ਸਿਆਲੀਂ ਪਹੁੰਚ ਕੇ ਮਿਰਜ਼ਾ ਮਾਸੀ ਬੀਬੋ ਨੂੰ ਸੁਨੇਹਾ ਦੇ ਕੇ ਸਾਹਿਬਾਂ ਨੂੰ ਮਿਲਣ ਲਈ ਉਹਦੇ ਘਰੇ ਸੱਦਦਾ ਹੈ। ਮਾੜਾ ਭਾਵੇਂ ਚੰਗਾ, ਇਹ ਵੱਖਰਾ ਵਿਸ਼ਾ ਹੈ ਪਰ ਮਾਸੀ ਬੀਬੋ ਦੇ ਰੋਲ ਨੂੰ ਕਿਵੇਂ ਵੀ ਕਿੱਸੇ ਵਿਚੋਂ ਘਟਾ ਕੇ ਨਹੀਂ ਦੇਖਿਆ ਜਾ ਸਕਦਾ। ਚਲੋ ਖ਼ੈਰ, ਇਹ ਤਾਂ ਬਹੁਤ ਪੁਰਾਣੇ ਵਕਤਾਂ ਦੀਆਂ ਗੱਲਾਂ ਰਹੀਆਂ! ਫਿਰ ਸਮਾਂ ਕੁਝ ਬਦਲਿਆ। ਮੂੰਹੋਂ-ਮੂੰਹੀਂ ਦਿੱਤੇ ਜਾਣ ਵਾਲੇ ਪ੍ਰੇਮ ਸੁਨੇਹੜੇ ਬੰਦ ਹੋਏ। ਇਨ੍ਹਾਂ ਦੀ ਥਾਂ ਪ੍ਰੇਮ ਪੱਤਰ, ਬਾਜ਼ਾਰ-ਇ-ਇਸ਼ਕ ਵਿਚ ਆਪਣਾ ਜਲਵਾ ਦਿਖਾਉਣ ਲੱਗੇ। ਉਤਲੇ ਚੁਬਾਰੇ ਵਿਚ ਲਾਲਟੈਣ ਦੇ ਮੱਠੇ-ਮੱਠੇ ਚਾਨਣ ਵਿਚ ਬਹਿ ਕੇ ਪੜ੍ਹਨ ਦੇ ਬਹਾਨੇ ਚਿੱਠੀਆਂ ਲਿਖਣ ਵਾਲੀਆਂ ਅੱਲ੍ਹੜਾਂ ਦੇ ਬੋਲ ਸਾਡੇ ਲੋਕ-ਗੀਤਾਂ ਵਿਚ ਅਕਸਰ ਹੀ ਸੁਣਨ ਨੂੰ ਮਿਲਦੇ ਹਨ:

ਅੱਧੀ ਰਾਤ ਤਕ ਮੈਂ ਪੜ੍ਹਦੀ ਵੇ,
ਤੈਨੂੰ ਚਿੱਠੀਆਂ ਲਿਖਣ ਦੀ ਮਾਰੀ।

ਅੱਗਿਓਂ ਹਰ ਵਰ੍ਹੇ ਇਮਤਿਹਾਨ ਵਿਚੋਂ ਫੇਲ੍ਹ ਹੋਣ ਵਾਲੇ ਸ੍ਰੀਮਾਨ ਜੀ ਵੀ ਆਪਣਾ ਦੁਖੜਾ ਰੋਂਦੇ ਹੋਏ ਫੇਲ੍ਹ ਹੋਣ ਦੇ ਅਸਲੀ ਕਾਰਨ ਦੱਸਦੇ ਹਨ:

ਕਹਿਣ ਵਜ਼ੀਫ਼ਾ ਲੈਜੂਗਾ,
ਪਰ ਮੈਂ ਫੇਲ੍ਹ ਹਰ ਵਾਰੀ।
ਹੌਲੀ ਬੋਲ ਕੋਈ ਸੁਣ ਨਾ ਲਵੇ,
ਨੀ ਹੈਗੀ ਸਾਨੂੰ ਵੀ ਇਹੋ ਬੀਮਾਰੀ।

ਜਾਂ ਫਿਰ ਨਵੀਂ-ਨਵੀਂ ਮੁਟਿਆਰ ਹੋਈ ਕੋਈ ਕਿਸੇ ਅਨਜਾਣ ਨੂੰ ਸੁਣਾ ਕੇ ਕਹਿੰਦੀ ਹੈ:

ਰਤਨਾ, ਰਤਨਗੜ੍ਹ ਕੋਲੋਂ ਕੋਲੀਂ ਡੇਹਲੋਂ ਲਗਦਾ ਥਾਣਾ
ਥਾਣੇ ਵਾਲੇ ਮਾਰਨ ਅੱਖੀਆਂ ਮੈਂ ਨਿਆਣੀ ਕੀ ਜਾਣਾ!
ਜਦ ਮੈਂ ਹੋ ਗਈ ਸਮਝਣ ਜੋਗੀ ਉਦੋਂ ਬਦਲ ਗਿਆ ਥਾਣਾ
ਚਿੱਠੀਆਂ ਮੈਂ ਲਿਖਦੀ ਪੜ੍ਹ ਮੁੰਡਿਆ ਅਨਜਾਣਾ...।

ਪ੍ਰੇਮ ਪੱਤਰ ਦੀ ਇਬਾਰਤ ਵੀ ਆਪਣੇ ਕਿਸਮ ਦੀ ਆਪ ਹੀ ਹੋਇਆ ਕਰਦੀ ਸੀ। ਸਾਰੇ ਦੇ ਸਾਰੇ ਪ੍ਰੇਮ ਪੱਤਰ ਵਿਚ ਹੋਰ ਕੁਝ ਹੋਵੇ ਚਾਹੇ ਨਾ, ਪਰ ਅਤਿਕਥਨੀ ਅਲੰਕਾਰ ਦੀ ਭਰਪੂਰ ਵਰਤੋਂ ਕੀਤੀ ਜਾਂਦੀ ਸੀ। ਮਹਿਬੂਬ ਦੀਆਂ ਜ਼ੁਲਫ਼ਾਂ ਸਾਵਣ ਦੀਆਂ ਕਾਲੀਆਂ ਘਟਾਵਾਂ, ਅੱਖਾਂ ਸ਼ਰਾਬ ਦੇ ਕੌਲ, ਬੁੱਲ੍ਹ ਗੁਲਾਬ ਦੀਆਂ ਪੱਤੀਆਂ, ਧੌਣ ਸੁਰਾਹੀ ਵਰਗੀ ਅਤੇ ਪਤਾ ਨਹੀਂ ਕੀ ਕੁਝ ਹੋਰ...! ਗੱਲ ਕੀ, ਫੂਕ ਛਕਾਉਣ ਦੀ ਕੋਈ ਵੀ ਘਾਟ ਬਾਕੀ ਨਹੀਂ ਸੀ ਛੱਡੀ ਜਾਂਦੀ। ਜੇਕਰ ਪ੍ਰੇਮ ਪੱਤਰ ਵਿਚ ਸ਼ੇਅਰ-ਓ-ਸ਼ਾਇਰੀ ਨਾ ਕੀਤੀ ਗਈ ਹੋਵੇ ਤਾਂ ਉਹ ਕਾਹਦਾ ਪ੍ਰੇਮ ਪੱਤਰ ਹੋਇਆ ਭਲਾ? ਤੇ ਸ਼ੇਅਰ ਵੀ ਐਸੇ ਕਿ ਮਿਰਜ਼ਾ ਗ਼ਾਲਿਬ ਵੀ ਮੂੰਹ ਵਿਚ ਉਂਗਲੀ ਪਾ ਲਵੇ, 'ਚਿੱਟਾ ਸੂਟ ਉਤੇ ਫੁੱਲ ਕਢਾਈ ਦਾ, ਇਕ ਤੇਰੀ ਯਾਦ ਸਤਾਵੇ ਦੂਜਾ ਫ਼ਿਕਰ ਪੜ੍ਹਾਈ ਦਾ।'

ਇਕ ਹੋਰ ਵੰਨਗੀ ਦੇਖੋ:

ਰੌਸ਼ਨੀ ਚਾਂਦ ਸੇ ਹੋਤੀ ਹੈ ਸਿਤਾਰੋਂ ਸੇ ਨਹੀਂ,
ਦੋਸਤੀ ਏਕ ਸੇ ਹੋਤੀ ਹੈ ਹਜ਼ਾਰੋਂ ਸੇ ਨਹੀਂ।

ਪ੍ਰੇਮ ਪੱਤਰਾਂ ਦਾ ਵਟਾਂਦਰਾ ਕਰਨ ਵਾਲੇ ਬਹੁਤੇ ਆਸ਼ਕ ਵੀਰ ਪ੍ਰੇਮ ਪੱਤਰ ਲਿਖਣ ਵਿਚ ਮਾਹਰ ਵੀ ਹੋਣ, ਇਹ ਕੋਈ ਜ਼ਰੂਰੀ ਨਹੀਂ। ਅਕਸਰ ਇਹ ਸੇਵਾ ਸਾਰੇ ਪਿੰਡ ਵਿਚੋਂ ਇਕ-ਅੱਧੇ ਪੜ੍ਹੇ-ਲਿਖੇ ਮੰਨੇ ਜਾਂਦੇ ਗੱਭਰੂ ਦੇ ਹਿੱਸੇ ਹੀ ਆਉਂਦੀ। ਅੰਨ੍ਹਿਆਂ ਵਿਚ ਕਾਣੇ ਰਾਜੇ ਦੀ ਤਰ੍ਹਾਂ ਅਜਿਹੇ ਗੱਭਰੂ ਦੀ ਸਾਰੇ ਪਿੰਡ ਦੇ ਮੁੰਡਿਆਂ ਵਿਚ ਟੌਰ ਤਾਂ ਫੁੱਲ ਹੁੰਦੀ ਅਤੇ ਅਜਿਹੇ ਵੇਦ-ਵਿਆਸਾਂ ਸਦਕਾ ਕਈ ਮਿੱਤਰ ਪਿਆਰਿਆਂ ਦੀਆਂ ਪ੍ਰੇਮ ਗੁੱਡੀਆਂ ਇਸ਼ਕੇ ਦੇ ਅਕਾਸ਼ੀਂ ਉਡਾਰੀਆਂ ਮਾਰਨ ਲੱਗ ਜਾਂਦੀਆਂ ਪਰ ਇਹ ਵੀ ਕੌੜਾ ਸੱਚ ਸੀ ਕਿ ਅਜਿਹੇ ਪ੍ਰੇਮ ਪੱਤਰ ਲੇਖਕ ਆਪ ਲੋਕਾਂ ਦੇ ਪੇਚੇ ਲੜਦੇ ਦੇਖ ਕੇ ਤਾੜੀਆਂ ਮਾਰਨ ਜਾਂ ਫਿਰ ਝੂਰਨ ਜੋਗੇ ਹੀ ਰਹਿ ਜਾਂਦੇ। ਇਕ ਹੋਰ ਮੁੱਖ ਸਮੱਸਿਆ ਪ੍ਰੇਮ ਪੱਤਰ ਨੂੰ ਆਪਣੀ ਮੰਜ਼ਿਲ ਤਕ ਪਹੁੰਚਦਾ ਕਰਨ ਦੀ ਹੁੰਦੀ। ਇਸ ਸਮੱਸਿਆ ਦੇ ਹੱਲ ਦੇ ਕਈ ਢੰਗ-ਤਰੀਕੇ ਸਨ ਜਿਵੇਂ ਮਹਿਬੂਬਾ ਦੀ ਪਾਥੀਆਂ ਪੱਥਣ ਵਾਲੀ ਪਥਕਣ ਦੀ ਫਲਾਣਾ ਨੰਬਰ ਕਤਾਰ ਦੀ ਫਲਾਣਾ ਨੰਬਰ ਪਾਥੀ ਦੇ ਹੇਠਾਂ ਪ੍ਰੇਮ ਪੱਤਰ ਰੱਖਣਾ ਪੈਂਦਾ ਅਤੇ ਨਿਸ਼ਾਨੀ ਵਜੋਂ ਉਸ ਉਪਰ ਕੋਈ ਨਾ ਕੋਈ ਡੱਕਾ ਵਗੈਰਾ ਗੱਡਣਾ ਪੈਂਦਾ। ਪੜ੍ਹੇ-ਲਿਖੇ ਆਸ਼ਕ ਪ੍ਰੇਮ ਪੱਤਰ ਆਪਣੀਆਂ ਕਿਤਾਬਾਂ-ਕਾਪੀਆਂ ਵਿਚ ਲੁਕਾ ਕੇ ਵੀ ਪਹੁੰਚਦੇ ਕਰ ਦਿਆ ਕਰਦੇ ਸਨ। ਕਈ ਵਾਰ ਆਪਣੇ ਤੋਂ ਤਿੰਨ-ਚਾਰ ਵਰ੍ਹੇ ਛੋਟੇ ਨਿਆਣੇ ਤੋਂ ਡਾਕੀਏ ਦਾ ਕੰਮ ਵੀ ਲੈ ਲਿਆ ਜਾਂਦਾ। ਡਾਕੀਆ ਸਾਹਿਬ ਦੀ ਪੂਰੀ ਚਾਂਦੀ ਹੋਇਆ ਕਰਦੀ। ਵੱਡੇ-ਵੱਡੇ ਨਾਢੂ ਖ਼ਾਂ ਵੀ ਡਾਕੀਏ ਦਾ ਪਾਣੀ ਭਰਦੇ। ਉਸ ਦੀ ਹਰ ਲੋੜ ਦਾ ਪੂਰਾ ਪੂਰਾ ਧਿਆਨ ਰੱਖਦੇ। ਡਾਕੀਏ ਦੀਆਂ ਜੇਬਾਂ ਅਕਸਰ ਰਿਓੜੀਆਂ, ਪਕੌੜੀਆਂ ਅਤੇ ਮਿੱਠੀਆਂ ਗੋਲੀਆਂ ਨਾਲ ਭਰੀਆਂ ਰਹਿੰਦੀਆਂ। ਕਈ ਵਾਰ ਲੈਣੇ ਦੇ ਦੇਣੇ ਵੀ ਪੈ ਜਾਇਆ ਕਰਦੇ ਸਨ। ਕੁਝ ਉਮਰੋਂ ਪਹਿਲਾਂ ਜਵਾਨ ਹੋ ਰਹੇ ਸ਼ਾਤਿਰ ਦਿਮਾਗ ਡਾਕੀਏ ਚਿੱਠੀਆਂ ਫੜਾਉਂਦੇ-ਫੜਾਉਂਦੇ ਆਪਣਾ ਹੀ ਟਾਂਕਾ ਫਿੱਟ ਕਰ ਜਾਂਦੇ ਅਤੇ ਆਸ਼ਕ ਭਰਾ ਜੀ ਵਿਚਾਰੇ ਹੱਥ ਮਲਣ ਜਾਂ ਫਿਰ ਦੁੱਧ ਵਾਲੀ ਕਾੜ੍ਹਨੀ ਵਾਂਗ ਆਪਣੇ ਹੀ ਕੰਢੇ ਸਾੜਨ ਜੋਗੇ ਰਹਿ ਜਾਂਦੇ।

ਹੁਣ ਤੁਸੀਂ ਸੋਚਦੇ ਹੋਵੋਗੇ ਕਿ ਇਸ ਲੇਖ ਦਾ ਇਸ ਦੇ ਸਿਰਲੇਖ ਨਾਲ ਕੀ ਸਬੰਧ ਹੋਇਐ? ਸਬੰਧ ਹੈ। ਜਿਸ ਤਰ੍ਹਾਂ ਪੁਰਾਣੇ ਜ਼ਮਾਨੇ ਵਿਚ ਸੁਖ-ਸੁਨੇਹੇ ਤੇ ਪ੍ਰੇਮ ਪੱਤਰਾਂ ਦਾ ਵਟਾਂਦਰਾ ਕਰਨਾ ਸੌਖਾ ਕੰਮ ਨਹੀਂ ਸੀ, ਉਸੇ ਤਰ੍ਹਾਂ ਆਸ਼ਕ-ਮਾਸ਼ੂਕ ਦੇ ਮੇਲ-ਮਿਲਾਪ ਵੀ ਸੌਖਿਆਂ ਨਹੀਂ ਸਨ ਹੁੰਦੇ। ਅੱਜ ਕੱਲ੍ਹ ਵਾਂਗ ਉਸ ਸਮੇਂ ਦੇ ਆਸ਼ਕ ਪਾਰਕਾਂ, ਮੋਟਲਾਂ, ਸਿਨੇਮਾਘਰਾਂ ਆਦਿ ਵਿਚ ਨਹੀਂ ਸਨ ਮਿਲਿਆ ਕਰਦੇ ਸਗੋਂ ਪਿੰਡ ਦਾ ਕੋਈ ਵੀਰਾਨ ਖੂਹ, ਟੋਭਾ, ਟੁੱਟਿਆ-ਭੱਜਿਆ ਜਿਹਾ ਕੋਈ ਖੋਲਾ, ਨਿਆਈਂ ਵਾਲਾ ਖੇਤ, ਜਾਂ ਫਿਰ ਪਿੰਡ ਵਿਚਾਲੇ ਪੈਂਦੀ ਕੋਈ ਭੀੜੀ ਗਲੀ ਅਜਿਹਾ ਟਿਕਾਣਾ ਹੁੰਦਾ। ਟਾਕਰੇ ਅਕਸਰ ਭੀੜੀ ਗਲੀ ਵਿਚ ਹੀ ਹੋਇਆ ਕਰਦੇ ਜਾਂ ਕੀਤੇ ਜਾਂਦੇ।

ਮੇਰੇ ਨਾਨਕੇ ਪਿੰਡ ਵੀ ਅਜਿਹੀ ਹੀ ਭੀੜੀ ਗਲੀ ਨਾਨਕਿਆਂ ਦੇ ਘਰ ਕੋਲ ਹੀ ਹੁੰਦੀ ਸੀ। ਮੇਰਾ ਨਾਨਕਾ ਪਿੰਡ ਜ਼ਿਲ੍ਹਾ ਮੋਗਾ ਵਿਚ ਪੈਂਦਾ ਹੈ। ਗਰਮੀਆਂ ਦੀਆਂ ਛੁੱਟੀਆਂ ਵਿਚ ਅਕਸਰ ਹੀ ਨਾਨਕੇ ਪਿੰਡ ਜਾਂਦੇ। ਚੰਗੀ ਤਰ੍ਹਾਂ ਨਾਲ ਯਾਦ ਹੈ ਕਿ ਮੈਂ ਉਦੋਂ ਦੂਜੀ ਜਾਂ ਤੀਜੀ ਜਮਾਤ ਵਿਚ ਸਾਂ। ਗਰਮੀਆਂ ਦੀਆਂ ਛੁੱਟੀਆਂ 'ਚ ਨਾਨਕੇ ਪਿੰਡ ਗਿਆ ਹੋਇਆ ਸਾਂ। ਇਕ ਦਿਨ ਤੜਕੇ-ਤੜਕੇ ਹੀ ਮੈਂ ਆਪਣੀ ਨਾਨੀ ਕੋਲੋਂ ਰੋ-ਪਿੱਟ ਕੇ ਧੇਲੀ ਜਾਂ ਪੱਚੀ ਪੈਸੇ ਫੜ੍ਹ ਕੇ ਗਿਆਨ ਦੀ ਹੱਟੀ ਤੋਂ ਮਿੱਠੀਆਂ ਗੋਲੀਆਂ ਲੈਣ ਚੱਲ ਪਿਆ। ਗਿਆਨ ਦੀ ਹੱਟੀ ਨੂੰ ਜਾਂਦਿਆਂ ਭੀੜੀ ਗਲੀ ਵਿਚੋਂ ਲੰਘਣਾ ਪੈਂਦਾ ਸੀ। ਗਰਮੀਆਂ ਦੇ ਦਿਨ ਸਨ ਤੇ ਮੈਂ ਮਟਕ-ਮਟਕ ਭੀੜੀ ਗਲੀ ਵਿਚ ਪੈਰ ਰੱਖਿਆ। ਗਲੀ ਸੁੰਨਸਾਨ ਸੀ। ਗਲੀ ਦੇ ਦੂਜੇ ਪਾਸੇ ਪ੍ਰੇਮੀ ਜੋੜਾ ਹੱਥਾਂ ਵਿਚ ਹੱਥ ਪਾਈ ਖੜ੍ਹਾ ਸੀ। ਗੱਭਰੂ ਭੀੜੀ ਗਲੀ ਵਿਚ ਖੜ੍ਹਾ ਸੀ ਅਤੇ ਮੁਟਿਆਰ ਕਿਸੇ ਦੇ ਘਰ ਵਿਚੋਂ ਕੱਚੀ ਕੰਧ ਤੋਂ ਗੱਭਰੂ ਵੱਲ ਉਲਰੀ ਖੜ੍ਹੀ ਸੀ। ਬਾਹਾਂ ਵਿਚ ਪਾਇਆ ਲਾਲ ਚੂੜਾ ਇਸ ਗੱਲ ਦਾ ਪ੍ਰਤੀਕ ਸੀ ਕਿ ਕੁੜੀ ਨਵ-ਵਿਆਹੀ ਸੀ ਜੋ ਸ਼ਾਇਦ ਸਹੁਰਿਆਂ ਤੋਂ ਪਹਿਲਾ ਜਾਂ ਦੂਜਾ ਫੇਰਾ ਪਾ ਕੇ ਪਰਤੀ ਸੀ। ਦੋਵੇਂ ਆਪਸ ਵਿਚ ਫੁਸਫੁਸਾਹਟੀ ਅੰਦਾਜ਼ ਵਿਚ ਗੱਲਾਂ ਕਰ ਰਹੇ ਸਨ ਅਤੇ ਕੁੜੀ ਦੇ ਹੰਝੂ ਤ੍ਰਿਪ-ਤ੍ਰਿਪ ਮੁੰਡੇ ਦੇ ਹੱਥਾਂ 'ਤੇ ਡਿੱਗ ਰਹੇ ਸਨ। "ਕੋਈ ਗੱਲ ਨਹੀਂ...ਇਹ ਤਾਂ ਇਕ ਦਿਨ ਹੋਣਾ ਹੀ ਸੀ", ਮੁੰਡਾ ਕੁੜੀ ਨੂੰ ਹੌਸਲਾ ਦੇ ਰਿਹਾ ਸੀ। ਜਦ ਮੈਂ ਕੋਲੋਂ ਲੰਘਣ ਲੱਗਿਆ ਤਾਂ ਮੁੰਡੇ ਦੀ ਨਿਗ੍ਹਾ ਮੇਰੇ 'ਤੇ ਪਈ। ਉਸ ਨੇ ਮੇਰੇ ਵੱਲ ਵੇਖਦਿਆਂ ਕਿਹਾ, "ਕਿਮੇ ਆ ਆੜੀ?" ਮੈਂ ਬਿਨਾਂ ਜਵਾਬ ਦਿੱਤਿਆਂ ਅੱਗੇ ਲੰਘ ਗਿਆ। ਉਦੋਂ ਮੈਨੂੰ ਇਹ ਗੱਲ ਤੰਗ ਕਰਦੀ ਰਹੀ ਕਿ ਆਖ਼ਰ ਇਹ ਕੁੜੀ ਰੋਂਦੀ ਕਿਉਂ ਸੀ? ਕਾਫ਼ੀ ਸਮੇਂ ਬਾਅਦ ਪਤਾ ਲੱਗਾ ਕਿ "ਲੱਗੀਆਂ ਦੇ ਦੁੱਖ ਚੰਦਰੇ" ਹੁੰਦੇ ਹਨ।

ਅੱਜ ਜ਼ਮਾਨਾ ਬਹੁਤ ਅਗਾਂਹ ਵਧ ਚੁੱਕਾ ਹੈ। ਆਦਮੀ ਚੰਦ 'ਤੇ ਚੜ੍ਹ ਚੁੱਕਾ ਹੈ। ਆਸ਼ਕ ਪਿੱਪਲਾਂ, ਖੂਹਾਂ, ਟੋਭਿਆਂ ਅਤੇ ਭੀੜੀਆਂ ਗਲੀਆਂ ਵਿਚ ਨਹੀਂ ਮਿਲਦੇ। ਮੋਬਾਈਲ ਫ਼ੋਨ, ਇੰਟਰਨੈਟ ਵਰਗੇ ਸਾਧਨਾਂ ਨੇ ਪ੍ਰੇਮ ਪੱਤਰਾਂ ਅਤੇ ਸੁਖ-ਸੁਨੇਹੜਿਆਂ ਨੂੰ ਅਲਵਿਦਾ ਆਖ ਦਿੱਤਾ ਹੈ। ਨਵੀਂ ਤਕਨੀਕ ਦੇ ਸਹਾਰੇ ਪ੍ਰੇਮ ਰਿਸ਼ਤੇ ਪਲਾਂ ਵਿਚ ਪੈਦਾ ਹੁੰਦੇ ਹਨ। ਕੁਝ ਕੁ ਸਮੇਂ ਬਾਅਦ ਪੱਬਾਂ-ਕਲੱਬਾਂ ਤੇ ਮੋਟਲਾਂ-ਹੋਟਲਾਂ ਵਿਚ ਮਿਲਾਪ ਹੁੰਦੇ ਹਨ ਅਤੇ ਕਾਮ ਦੀ ਹਨ੍ਹੇਰੀ ਦੇ ਤੇਜ਼ ਬੁੱਲੇ ਬਾਅਦ ਸਭ ਕੁਝ ਤੀਲਿਆਂ ਦੇ ਆਲ੍ਹਣੇ ਵਾਂਗ ਬਿਖਰ ਜਾਂਦਾ ਹੈ। ਸਭ ਕੁਝ ਤੇਜ਼ ਦੌੜ ਵਿਚ ਬਦਲ ਚੁੱਕਾ ਹੈ ਅਤੇ ਇਸ ਤੇਜ਼ ਰਫ਼ਤਾਰ ਵਿਚ ਭੀੜੀ ਗਲੀ ਵਿਚ ਖੜ੍ਹਨ ਦਾ ਸਮਾਂ ਕੀਹਦੇ ਕੋਲ ਹੈ?

# ਆਰ ਐਸ ਐਸ ਲੀਡਰਸ਼ਿਪ ਦੀ ਮਾਸੂਮੀਅਤ ਦੀ ਦੁਹਾਈ

## ਸਿਆਸਤ ਦਾ ਪਿੜ

**ਜਤਿੰਦਰ ਪਨੂੰ**

ਪਿਛਲੇ ਹਫਤੇ ਇਕ ਦਿਨ ਇਹ ਖ਼ਬਰ ਪੜ੍ਹਨ ਨੂੰ ਮਿਲੀ ਕਿ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੇ ਆਗੂਆਂ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਚਿੱਠੀ ਲਿਖ ਕੇ ਮਿਲਣ ਦਾ ਸਮਾਂ ਮੰਗਿਆ ਹੈ। ਸਾਨੂੰ ਇਸ ਉਤੇ ਕੋਈ ਹੈਰਾਨੀ ਨਹੀਂ ਹੋਈ। ਇਸ ਜਥੇਬੰਦੀ ਦਾ ਪਿਛਲਾ ਇਤਿਹਾਸ ਵੇਖਦੇ ਹੋਏ ਸਗੋਂ ਅਸੀਂ ਇੰਜ ਹੋਣ ਦਾ ਕਿਆਸ ਚੋਖੇ ਚਿਰ ਤੋਂ ਲਾ ਰਹੇ ਸਾਂ ਅਤੇ ਇਸ ਚਿੱਠੀ ਦਾ ਲਿਖਿਆ ਜਾਣਾ ਸਾਡੇ ਲਈ ਆਸ ਤੋਂ ਵਾਹਵਾ ਵੱਧ ਪਛੇਤੀ ਘਟਨਾ ਹੈ। ਜਦੋਂ ਜਦੋਂ ਵੀ ਆਰ.ਐਸ.ਐਸ. ਲੀਡਰਸ਼ਿਪ ਨੇ ਖ਼ੁਦ ਨੂੰ ਘਿਰਿਆ ਹੋਇਆ ਵੇਖਿਆ, ਬੀਤੇ ਸਮੇਂ ਵਿਚ ਵੀ ਉਹ ਇਹੋ ਕੁਝ ਕਰਦੀ ਰਹੀ ਹੈ।

ਸਾਨੂੰ ਉਹ ਵੇਲਾ ਯਾਦ ਕਰਨਾ ਚਾਹੀਦਾ ਹੈ, ਜਦੋਂ ਮਹਾਤਮਾ ਗਾਂਧੀ ਦਾ ਕਤਲ ਹੋਇਆ ਅਤੇ ਉਸ ਕਤਲ ਦੀ ਸਾਜ਼ਿਸ਼ ਦਾ ਇਲਜ਼ਾਮ ਆਰ.ਐਸ.ਐਸ. ਦੀ ਲੀਡਰਸ਼ਿਪ ਤਕ ਪਹੁੰਚ ਰਿਹਾ ਸੀ। ਉਦੋਂ ਵੀ ਮੌਕੇ ਦੇ ਗ੍ਰਹਿ ਮੰਤਰੀ ਸਰਦਾਰ ਪਟੇਲ ਵੱਲ ਏਦਾਂ ਹੀ ਵਿੰਗੀ-ਟੇਢੀ ਪਹੁੰਚ ਕੀਤੀ ਗਈ ਸੀ। ਫਿਰ ਜਦੋਂ ਐਮਰਜੈਂਸੀ ਦੀ ਘੜੀ ਆਈ, ਉਦੋਂ ਜੇਲ੍ਹ ਦੇ ਅੰਦਰੋਂ ਆਰ.ਐਸ.ਐਸ. ਦੇ ਉਸ ਵਕਤ ਦੇ ਮੁਖੀ ਬਾਲਾ ਸਾਹਿਬ ਦੇਵਰਸ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅੱਗੇ ਵਾਸਤੇ ਪਾਉਣੇ ਸ਼ੁਰੂ ਕੀਤੇ ਸਨ। ਇਸ ਵਾਰੀ ਜਦੋਂ ਸਾਧਵੀ ਪ੍ਰਗਿਆ ਸਿੰਘ ਠਾਕਰ ਤੋਂ ਤੁਰੀ ਜਾਂਚ ਦੀ ਆਂਚ ਆਰ.ਐਸ.ਐਸ. ਦੇ ਦਫ਼ਤਰ ਵਿਚ ਬੈਠੇ ਅਹੁਦੇਦਾਰਾਂ ਤਕ ਪੁੱਜਦੀ ਜਾਪੀ ਤਾਂ ਸਾਨੂੰ ਇਹ ਉਡੀਕ ਸੀ ਕਿ ਅੱਜ ਨਹੀਂ ਤਾਂ ਕੱਲ੍ਹ, ਫਿਰ ਓਹੋ ਪੈਂਤੜਾ ਅਪਨਾਇਆ ਜਾਣਾ ਹੈ।

ਕਿਸ ਗੱਲ ਲਈ ਇਹ ਰੁਖ਼ ਧਾਰਨ ਕੀਤਾ ਹੈ ਆਰ.ਐਸ.ਐਸ. ਦੇ ਆਗੂਆਂ ਨੇ? ਪ੍ਰਧਾਨ ਮੰਤਰੀ ਨੂੰ ਇਹ ਦੱਸਣ ਲਈ ਕਿ ਆਰ.ਐਸ.ਐਸ. ਦੀ ਲੀਡਰਸ਼ਿਪ ਦੀ ਬਦਨਾਮੀ ਹੋ ਰਹੀ ਹੈ! ਬਦਨਾਮੀ ਹੋਵੇ ਜਾਂ ਨੇਕ-ਨਾਮੀ ਬੰਦਾ ਜਿਹੋ ਜਿਹੇ ਅਮਲ ਕਰੇਗਾ, ਉਸੇ ਮੁਤਾਬਕ ਹੋਣੀ ਹੁੰਦੀ ਹੈ। ਆਰ.ਐਸ.ਐਸ. ਨਾਲ ਜੁੜੇ ਲੋਕਾਂ ਨੇ ਜਿਸ ਤਰ੍ਹਾਂ ਦੇ ਚਾਲੇ ਪਿਛਲੇ ਸਮੇਂ ਵਿਚ ਫੜੇ ਹੋਏ ਹਨ, ਉਨ੍ਹਾਂ ਨਾਲ ਇਹੋ ਹਾਲਤ ਬਣਨੀ ਹੀ ਸੀ। ਜਦੋਂ ਗੱਲ ਤੁਰੀ ਸੀ, ਪਹਿਲੇ ਪੜਾਅ ਉਤੇ ਆਰ.ਐਸ.ਐਸ. ਦੀ ਲੀਡਰਸ਼ਿਪ ਦਾ ਹੁਣ ਵਾਲਾ ਸਫ਼ਾਈ ਦੇਣ ਦਾ ਪੈਂਤੜਾ ਨਹੀਂ ਸੀ। ਲੋਕਾਂ ਨੇ ਪਿਛਲੇ ਸਾਲ ਆਰ.ਐਸ.ਐਸ. ਦੇ ਵਰਕਰਾਂ ਨੂੰ ਦਿੱਲੀ ਵਿਚ ਇਕ ਟੀ.ਵੀ. ਚੈਨਲ ਦੇ ਦਫ਼ਤਰ ਦੀ ਭੰਨ-ਤੋੜ ਕਰਦੇ ਵੀ ਵੇਖਿਆ ਸੀ ਅਤੇ ਜਦੋਂ ਉਹ ਏਦਾਂ ਕਰ ਰਹੇ ਸਨ, ਆਰ.ਐਸ.ਐਸ. ਦੇ ਮੁੱਖ ਦਫ਼ਤਰ ਵਿਚ ਬੈਠਾ ਬੁਲਾਰਾ ਇਹ ਕਹੀ ਜਾ ਰਿਹਾ ਸੀ ਕਿ ਉਨ੍ਹਾਂ ਦੇ ਆਦਮੀ 'ਸ਼ਾਂਤਮਈ' ਰੋਸ ਪ੍ਰਗਟ ਕਰ ਰਹੇ ਹਨ। ਫਿਰ ਇਕ ਮੌਕਾ ਉਹ ਵੀ ਆ ਗਿਆ ਜਦੋਂ ਉਸ ਨੇ ਸਾਫ਼ ਹੀ ਕਹਿ ਦਿੱਤਾ ਕਿ ਜੇ ਕੋਈ ਆਰ.ਐਸ.ਐਸ. ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਸੰਘ ਨਾਲ ਜੁੜੇ ਲੋਕਾਂ ਦੇ ਗੁੱਸੇ ਦਾ ਉਸ ਨੂੰ ਸਾਹਮਣਾ ਵੀ ਕਰਨਾ ਪਵੇਗਾ।

ਹੁਣ ਜਦੋਂ ਹਮਲਾਵਰੀ ਕਰ ਸਕਣ ਦੀ ਹਾਲਤ ਨਹੀਂ ਰਹੀ ਤਾਂ ਆਰ.ਐਸ.ਐਸ. ਆਗੂ ਆਪਣੇ ਬਚਾਅ ਲਈ ਪ੍ਰਧਾਨ ਮੰਤਰੀ ਦੀ ਓਟ ਭਾਲਣ ਤੁਰ ਪਏ ਹਨ। ਹਾਲਾਤ ਵਿਚ ਇੰਨਾ ਮੋੜਾ ਆਖ਼ਰ ਕਿਵੇਂ ਆ ਗਿਆ?

ਇਕ ਮੌਕਾ ਉਹ ਸੀ ਜਦੋਂ ਮਾਲੇਗਾਓਂ ਦੇ

> ***ਸਵਾਲ ਹੈ ਕਿ ਹੋਰ ਵੀ ਹਿੰਦੂ ਸੰਗਠਨ ਹਨ ਪਰ ਏਦਾਂ ਦੇ ਕਾਰੇ ਕਰਨ ਵਾਲੇ ਸਾਰੇ ਮੁਲਜ਼ਮ ਸਿਰਫ਼ ਆਰ.ਐਸ.ਐਸ. ਨਾਲ ਜੁੜੇ ਹੀ ਕਿਉਂ ਨਿਕਲਦੇ ਹਨ? ਕੀ ਇਸ ਦਾ ਮਤਲਬ ਇਹ ਨਹੀਂ ਕਿ ਇਸ ਦੇ ਅੰਦਰ ਆਪਣੇ ਕੇਡਰ ਨੂੰ ਜਨੂੰਨ ਦੀ ਪੁੱਠ ਚਾੜ੍ਹੀ ਜਾਂਦੀ ਹੈ ਜਿਹੜੀ ਅੱਗੇ ਜਾ ਕੇ ਉਨ੍ਹਾਂ ਨੂੰ ਕੁਝ ਇਹੋ ਜਿਹਾ ਕਰਨ ਨੂੰ ਉਕਸਾਉਂਦੀ ਹੈ ਜਿਸ ਦੇ ਨਤੀਜੇ ਵਜੋਂ ਬੇਗੁਨਾਹ ਲੋਕਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ।... ਆਰ.ਐਸ.ਐਸ. ਦੀ ਲੀਡਰਸ਼ਿਪ ਨੇ ਨਾ ਕਦੇ ਮਾਲੇਗਾਓਂ ਦਾ ਕੌੜਾ ਸੱਚ ਪ੍ਰਵਾਨ ਕੀਤਾ, ਨਾ ਹੈਦਰਾਬਾਦ ਦੀ ਹਕੀਕਤ ਨੂੰ ਆਪਣੇ ਨਾਲ ਜੁੜੇ ਹੋਏ ਜਾਂ ਜੁੜੇ ਰਹਿ ਚੁੱਕੇ ਬੰਦਿਆਂ ਦੀ ਕਰਤੂਤ ਮੰਨਿਆ ਅਤੇ ਨਾ ਹੀ ਅਜਮੇਰ ਦੇ ਧਮਾਕੇ ਦੀ ਜਾਂਚ ਨੂੰ ਠੀਕ ਕਿਹਾ। ਬਦਕਿਸਮਤੀ ਉਨ੍ਹਾਂ ਦੀ ਇਹ ਕਿ ਸੱਚ ਸੌ ਪਰਦੇ ਪਾੜ ਕੇ ਬਾਹਰ ਆ ਗਿਆ।***

ਧਮਾਕਿਆਂ ਦੀ ਜਾਂਚ ਵਿਚ ਸਾਧਵੀ ਪ੍ਰਗਿਆ ਸਿੰਘ ਠਾਕਰ ਨੂੰ ਫਸ ਰਹੀ ਵੇਖ ਕੇ ਆਰ.ਐਸ.ਐਸ. ਦੀ ਲੀਡਰਸ਼ਿਪ ਇਕੋ ਵਕਤ ਦੋ ਗੱਲਾਂ ਕਹਿੰਦੀ ਸੀ। ਪਹਿਲੀ ਇਹ ਕਿ ਇਕ ਹਿੰਦੂ ਸਾਧਵੀ ਨੂੰ ਸਾਜ਼ਿਸ਼ ਤਹਿਤ ਫਸਾਇਆ ਜਾ ਰਿਹਾ ਹੈ, ਅਤੇ ਦੂਜੀ ਇਹ ਕਿ ਜੇ ਸਾਧਵੀ ਨੇ ਕੁਝ ਗ਼ਲਤ ਵੀ ਕੀਤਾ ਹੋਵੇ ਤਾਂ ਉਸ ਦਾ ਆਰ.ਐਸ.ਐਸ. ਨਾਲ ਕੋਈ ਸਬੰਧ ਨਹੀਂ ਜੁੜਦਾ। ਫਿਰ ਜਦੋਂ ਫ਼ੌਜ ਦਾ ਕਰਨਲ ਸ੍ਰੀਕਾਂਤ ਪੁਰੋਹਿਤ ਅਤੇ ਆਪੇ ਬਣਿਆ ਫਿਰਦਾ 'ਜਗਦ ਗੁਰੂ' ਦਇਆ ਨੰਦ ਪਾਂਡੇ ਫੜੇ ਗਏ ਤਾਂ ਆਰ.ਐਸ.ਐਸ. ਲੀਡਰਸ਼ਿਪ ਨੇ ਜਾਂਚ ਕਰਨ ਵਾਲੀ ਟੀਮ ਉਤੇ ਹਰ ਘਟੀਆ ਤੋਂ ਘਟੀਆ ਊਜ ਲਾਈ ਸੀ। ਕੁਝ ਦਿਨ ਬਾਅਦ ਮੁੰਬਈ ਉਤੇ ਹੋਏ ਹਮਲੇ ਵੇਲੇ ਜਦੋਂ ਉਸੇ ਜਾਂਚ ਟੀਮ ਦਾ ਮੁਖੀ ਹੇਮੰਤ ਕਰਕਰੇ ਦਹਿਸ਼ਤਗਰਦਾਂ ਨਾਲ ਲੜਦਾ ਮਾਰਿਆ ਗਿਆ ਤਾਂ ਉਹ ਉਸ ਨੂੰ 'ਵਤਨ ਦਾ ਸ਼ਹੀਦ' ਆਖ ਕੇ ਉਸ ਦੇ ਘਰ ਨੂੰ ਤੁਰ ਪਏ ਪਰ ਉਸ ਦੀ ਪਤਨੀ ਦਾ ਸਾਹਮਣਾ ਨਹੀਂ ਸਨ ਕਰ ਸਕੇ। ਇਸ ਦੇ ਬਾਵਜੂਦ ਉਹ ਸਾਧਵੀ ਪ੍ਰਗਿਆ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਬੇਗੁਨਾਹ ਦੱਸਣ ਲੱਗੇ ਰਹੇ ਸਨ ਜਦਕਿ ਸਾਰੇ ਸਬੂਤ ਮਿਲਣ ਪਿੱਛੋਂ ਕੜੀਆਂ ਅੱਗੇ ਅਜਮੇਰ ਦੇ ਧਮਾਕਿਆਂ ਤਕ ਜਾ ਜੁੜੀਆਂ ਸਨ।

ਆਰ.ਐਸ.ਐਸ. ਦੀ ਲੀਡਰਸ਼ਿਪ ਨੇ ਨਾ ਕਦੇ ਮਾਲੇਗਾਓਂ ਦਾ ਕੌੜਾ ਸੱਚ ਪ੍ਰਵਾਨ ਕੀਤਾ, ਨਾ ਹੈਦਰਾਬਾਦ ਦੀ ਹਕੀਕਤ ਨੂੰ ਆਪਣੇ ਨਾਲ ਜੁੜੇ ਹੋਏ ਜਾਂ ਜੁੜੇ ਰਹਿ ਚੁੱਕੇ ਬੰਦਿਆਂ ਦੀ ਕਰਤੂਤ ਮੰਨਿਆ ਅਤੇ ਨਾ ਹੀ ਅਜਮੇਰ ਦੇ ਧਮਾਕੇ ਦੀ ਜਾਂਚ ਨੂੰ ਠੀਕ ਕਿਹਾ। ਬਦਕਿਸਮਤੀ ਉਨ੍ਹਾਂ ਦੀ ਇਹ ਕਿ ਸੱਚ ਸੌ ਪਰਦੇ ਪਾੜ ਕੇ ਬਾਹਰ ਆ ਗਿਆ। ਉਨ੍ਹਾਂ ਦੇ ਆਪਣੇ ਇਕ ਸੀਨੀਅਰ ਪ੍ਰਚਾਰਕ ਸੁਨੀਲ ਜੋਸ਼ੀ ਦੇ ਕਤਲ ਦੀ ਜਾਂਚ ਦੌਰਾਨ ਉਸ ਦੀ ਇਕ ਡਾਇਰੀ ਜਾਂਚ ਏਜੰਸੀਆਂ ਦੇ ਹੱਥ ਲੱਗ ਗਈ ਜਿਸ ਨੇ ਅਜਮੇਰ ਤਕ ਦੀ ਅਗਲੀ ਫੋਲਾ-ਫਾਲੀ ਦਾ ਰਾਹ ਸੌਖਾ ਕਰ ਦਿੱਤਾ। ਇਹ ਮੌਕਾ ਸੀ ਜਦੋਂ ਸੱਚ ਕਬੂਲ ਲੈਣਾ ਚਾਹੀਦਾ ਸੀ ਪਰ ਆਰ.ਐਸ.ਐਸ. ਲੀਡਰਸ਼ਿਪ ਨੇ ਉਦੋਂ ਵੀ ਇਹ ਜ਼ਿੰਮੇਵਾਰੀ ਨਹੀਂ ਵਿਖਾਈ। ਸੱਚ ਦਾ ਸਾਹਮਣਾ ਕਰਨ ਦੀ ਥਾਂ ਉਸ ਦੇ ਆਗੂ ਉਦੋਂ ਵੀ ਇਹੋ ਕਹਿੰਦੇ ਰਹੇ ਕਿ ਮਹਾਰਾਸ਼ਟਰ ਅਤੇ ਰਾਜਸਥਾਨ ਦੋਵੇਂ ਥਾਂ ਸਰਕਾਰਾਂ ਕਾਂਗਰਸ ਦੀਆਂ ਹਨ ਤੇ ਉਹ ਜਾਂਚ ਦੇ ਬਹਾਨੇ ਸਾਡੇ ਵਿਰੁਧ ਝੂਠਾ ਪ੍ਰਚਾਰ ਕਰਵਾ ਰਹੀਆਂ ਹਨ। ਜਿਹੜੀ ਗੱਲ ਉਨ੍ਹਾਂ ਨੇ ਅੱਖੋਂ-ਪਰੋਖੇ ਕਰੀ ਛੱਡੀ, ਉਹ ਇਹ ਹਕੀਕਤ ਸੀ ਕਿ ਜਿਥੇ ਸੁਨੀਲ ਜੋਸ਼ੀ ਦਾ ਕਤਲ ਹੋਇਆ, ਉਸ ਮੱਧ ਪ੍ਰਦੇਸ਼ ਵਿਚ ਕਾਂਗਰਸ ਦੀ ਨਹੀਂ, ਉਨ੍ਹਾਂ ਦੇ ਆਪਣੇ ਫਰਮਾਬਰਦਾਰ ਸ਼ਿਵਰਾਜ ਸਿੰਘ ਚੌਹਾਨ ਦੀ ਸਰਕਾਰ ਹੈ ਤੇ ਜਿਸ ਡਾਇਰੀ ਨੇ ਪ੍ਰਆੜਾ ਪਾਇਆ ਹੈ, ਉਹ ਕਾਂਗਰਸੀ ਰਾਜ ਦੀ ਨਹੀਂ, ਮੱਧ ਪ੍ਰਦੇਸ਼ ਦੇ ਭਾਜਪਾ ਰਾਜ ਦੀ ਪੁਲਿਸ ਨੇ ਲੱਭੀ ਅਤੇ ਬਾਕੀ ਰਾਜਾਂ ਦੀ ਪੁਲਿਸ ਨੂੰ ਉਸ ਦੀਆਂ ਨਕਲਾਂ ਉਸੇ ਤੋਂ ਮਿਲੀਆਂ ਸਨ। ਉਸ ਡਾਇਰੀ ਦੇ ਆਸਰੇ ਹੀ ਬਾਕੀ ਦੀ ਜਾਂਚ ਅੱਗੇ ਵਧੀ ਅਤੇ ਆਰ.ਐਸ.ਐਸ. ਦੇ ਕੇਂਦਰੀ ਆਗੂ ਇੰਦਰੇਸ਼ ਕੁਮਾਰ ਤਕ ਪਹੁੰਚੀ ਸੀ ਜਿਸ ਦੇ ਬਚਾਅ ਲਈ ਹੁਣ ਸਾਰੀ ਲੀਡਰਸ਼ਿਪ ਸਿਰ ਪਰਨੇ ਹੋ ਗਈ ਹੈ।

ਜਾਂਚ ਦਾ ਸਾਰ-ਤੱਤ ਇਹ ਹੈ ਕਿ ਜਦੋਂ ਆਰ.ਐਸ.ਐਸ. ਦੇ ਆਗੂ ਸੁਨੀਲ ਜੋਸ਼ੀ ਨੂੰ ਕਤਲ ਕੀਤਾ ਗਿਆ, ਉਸ ਤੋਂ ਇਕ ਰਾਤ ਪਹਿਲਾਂ ਸਾਧਵੀ ਪ੍ਰਗਿਆ ਉਸ ਦੇ ਘਰ ਤੋਂ ਇਕ ਬੈਗ ਚੁੱਕ ਕੇ ਲੈ ਗਈ ਸੀ। ਇਹ ਗੱਲ ਕਿਸੇ ਓਪਰੇ ਨੇ ਨਹੀਂ, ਮਾਰੇ ਗਏ ਆਰ.ਐਸ.ਐਸ. ਪ੍ਰਚਾਰਕ ਸੁਨੀਲ ਜੋਸ਼ੀ ਦੀ ਭਤੀਜੀ ਨੇ ਪੁਲਿਸ ਨੂੰ ਦੱਸੀ ਹੈ। ਕਤਲ ਕੇਸ ਵਿਚ ਮੱਧ ਪ੍ਰਦੇਸ਼ ਦੀ ਪੁਲਿਸ ਵੱਲੋਂ ਫੜੇ ਮੁਲਜ਼ਮਾਂ ਨੇ ਇਹ ਬਿਆਨ ਵੀ ਦੇ ਦਿੱਤੇ ਕਿ ਸੁਨੀਲ ਜੋਸ਼ੀ ਦਾ ਕਤਲ ਕਰਨ ਵਾਸਤੇ ਆਰ.ਐਸ.ਐਸ. ਦੇ ਕੇਂਦਰੀ ਆਗੂ ਇੰਦਰੇਸ਼ ਕੁਮਾਰ ਨੇ ਆਖਿਆ ਸੀ ਕਿਉਂਕਿ ਉਸ ਨੂੰ ਸ਼ੱਕ ਸੀ ਕਿ ਡਰਾਕਲ ਜਿਹਾ ਇਹ ਬੰਦਾ ਨਾਲਦਿਆਂ ਸਾਰਿਆਂ ਨੂੰ ਫਸਾ ਦੇਵੇਗਾ। ਆਰ.ਐਸ.ਐਸ. ਦੀ ਬਦਕਿਸਮਤੀ ਹੀ ਹੈ ਕਿ ਇਹ ਭੇਤ ਵੀ ਮੱਧ ਪ੍ਰਦੇਸ਼ ਦੀ ਪੁਲਿਸ ਨੇ ਬਾਹਰ ਲਿਆਂਦਾ ਹੈ ਜਿਹੜੀ ਭਾਜਪਾ ਆਗੂ ਸ਼ਿਵਰਾਜ ਸਿੰਘ ਚੌਹਾਨ ਦੀ ਕਮਾਨ ਹੇਠ ਹੈ ਤੇ ਇਹ ਸਾਰਾ ਕੁਝ ਅਦਾਲਤ ਦੀਆਂ ਫ਼ਾਈਲਾਂ ਤਕ ਜਾ ਚੁਕਾ ਹੋਣ ਕਰਕੇ ਇਸ ਤੋਂ ਮੁੱਕਰ ਸਕਣ ਦੀ ਗੁੰਜਾਇਸ਼ ਵੀ ਨਹੀਂ ਰਹਿ ਗਈ। ਅੱਗੋਂ ਇਸ ਰਿਕਾਰਡ ਨੂੰ ਕਿਸੇ ਵੀ ਰਾਜ ਦੀ ਪੁਲਿਸ ਜੇ ਵਰਤਣਾ ਚਾਹੇ ਤਾਂ ਉਹ ਵਰਤ ਹੀ ਸਕਦੀ ਹੈ, ਇਸ ਵਿਚ ਅਦਲਾ-ਬਦਲੀ ਨਹੀਂ ਕਰ ਸਕਦੀ।

ਐਨ ਉਦੋਂ ਜਦੋਂ ਆਰ.ਐਸ.ਐਸ.



ਲੀਡਰਸ਼ਿਪ ਆਪਣੇ ਦੁਆਲੇ ਕੱਸਦੇ ਜਾ ਰਹੇ ਸ਼ਿਕੰਜੇ ਨੂੰ ਮਹਿਸੂਸ ਕਰ ਰਹੀ ਸੀ, ਸਵਾਮੀ ਅਸੀਮਾਨੰਦ ਫੜਿਆ ਗਿਆ। ਇਸ ਬੰਦੇ ਦੀ ਪੁਲਿਸ ਨੂੰ ਕਾਫੀ ਚਿਰ ਤੋਂ ਤਲਾਸ਼ ਸੀ ਤੇ ਤਲਾਸ਼ ਦੀ ਜਾਣਕਾਰੀ ਹੋਣ ਕਰਕੇ ਉਹ ਭੇਸ ਅਤੇ ਟਿਕਾਣੇ ਬਦਲਦਾ ਰਹਿੰਦਾ ਸੀ। ਅਸੀਮਾਨੰਦ ਦੇ ਫੜੇ ਜਾਣ ਨੇ ਕਈ ਗੁੰਝਲਾਂ ਹੋਰ ਖੋਲ੍ਹ ਦਿੱਤੀਆਂ। ਦਿੱਲੀ ਤੋਂ ਅਟਾਰੀ ਬਾਰਡਰ ਤਕ ਜਾਂਦੀ ਰੇਲ ਗੱਡੀ, ਜਿਸ ਨੂੰ ਆਮ ਬੋਲੀ ਵਿਚ 'ਸਮਝੌਤਾ ਐਕਸਪ੍ਰੈਸ' ਕਹਿ ਦਿੰਦੇ ਹਨ, ਵਿਚ 2007 ਵਿਚ ਜਿਹੜਾ 68 ਲੋਕਾਂ ਦੀ ਜਾਨ ਲੈਣ ਵਾਲਾ ਧਮਾਕਾ ਹੋਇਆ ਸੀ, ਉਸ ਦਾ ਖੁਲਾਸਾ ਵੀ ਅਸੀਮਾਨੰਦ ਦੀ ਗ੍ਰਿਫ਼ਤਾਰੀ ਨਾਲ ਹੋ ਗਿਆ ਕਿ ਇਹ ਵੀ ਉਸੇ ਟੋਲੇ ਦਾ ਕੰਮ ਸੀ ਜਿਸ ਨੇ ਮਾਲੇਗਾਓਂ ਤੋਂ 'ਖੇਡ' ਸ਼ੁਰੂ ਕੀਤੀ ਸੀ। ਕੁਝ ਦਿਨ ਆਰ.ਐਸ.ਐਸ. ਆਗੂਆਂ ਨੇ ਫਿਰ ਉਹੋ ਮੁਹਾਰਨੀ ਪੜ੍ਹੀ ਕਿ ਐਵੇਂ ਵਿਚਾਰੇ ਸਾਧੂ ਨੂੰ ਖੱਜਲ ਕੀਤਾ ਜਾ ਰਿਹਾ ਹੈ ਪਰ ਜਦੋਂ ਅਸੀਮਾਨੰਦ ਇਕਬਾਲੀਆ ਬਿਆਨ ਦੇਣ ਲੱਗ ਪਿਆ ਤੇ ਉਸ ਦੇ ਪਿੱਛੋਂ ਕੁਝ ਹੋਰ ਵੀ ਚਿਰਾਂ ਦੇ ਭਗੌੜੇ ਹੋਏ ਲੋਕ ਫੜੇ ਜਾਣ ਲੱਗੇ, ਆਪਣੇ ਆਪ ਨੂੰ ਦੁੱਧ-ਧੋਤੇ ਕਹਿਣ ਵਾਲਿਆਂ ਦੇ ਪੈਰ ਉਖੜ ਗਏ। ਇਹ ਭੁੱਲ ਕੇ ਕਿ ਹਾਲੇ ਪਿਛਲੇ ਹਫ਼ਤੇ ਉਨ੍ਹਾਂ ਅਸੀਮਾਨੰਦ ਦੀ ਪੈਰਵੀ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਹਿਲਾਂ ਉਹ ਇਹ ਕਹਿਣ ਤੁਰੇ ਕਿ ਉਸ ਤੋਂ ਪੁਲਿਸ ਏਦਾਂ ਦੇ ਬਿਆਨ ਦਿਵਾ ਰਹੀ ਹੈ ਤੇ ਫਿਰ ਉਸ ਨਾਲ ਆਪਣੇ ਸਬੰਧਾਂ ਤੋਂ ਮੁੱਕਰਨ ਲੱਗ ਪਏ।

ਸਬੰਧਾਂ ਤੋਂ ਮੁਕਰਨਾ ਇੰਨਾ ਸੌਖਾ ਨਹੀਂ ਹੁੰਦਾ ਜਿੰਨਾ ਕੁਝ ਲੋਕ ਸਮਝਦੇ ਹਨ। ਜਦੋਂ ਅਸੀਮਾਨੰਦ ਸ਼ੁੱਧੀ ਲਹਿਰ ਚਲਾ ਕੇ ਕਈ ਚਿਰ ਪਹਿਲਾਂ ਹਿੰਦੂ ਧਰਮ ਤਿਆਗ ਚੁੱਕੇ ਲੋਕਾਂ ਨੂੰ ਆਪਣੇ ਧਰਮ ਵਿਚ ਵਾਪਸ ਲਿਆਉਣ ਦੇ ਸਮਾਗਮ ਕਰਦਾ ਸੀ, ਉਦੋਂ ਆਰ.ਐਸ.ਐਸ. ਦੇ ਲੀਡਰ ਉਸ ਦੇ ਸੱਦੇ ਉਤੇ ਜਾਂਦੇ ਹੁੰਦੇ ਸਨ। ਇਹ ਗੱਲ ਸਭ ਨੂੰ ਪਤਾ ਹੈ। ਹੁਣ ਜਦੋਂ ਉਹ ਕਹਿੰਦਾ ਹੈ ਕਿ ਉਹ ਆਤਮਾ ਦੀ ਆਵਾਜ਼ ਉਤੇ ਸਾਰਾ ਕੁਝ ਦੱਸ ਦੇਣਾ ਚਾਹੁੰਦਾ ਹੈ ਤਾਂ ਉਹ ਆਪਣੇ ਸਬੰਧਾਂ ਤੋਂ ਮੁੱਕਰਨ ਲੱਗ ਪਏ ਹਨ।

ਏਦਾਂ ਦੀਆਂ ਪਲਟੀਆਂ ਆਰ.ਐਸ.ਐਸ. ਲੀਡਰਸ਼ਿਪ ਨੇ ਕੋਈ ਪਹਿਲੀ ਵਾਰੀ ਨਹੀਂ ਮਾਰੀਆਂ। ਕਈ ਵਾਰੀ ਪਹਿਲਾਂ ਵੀ ਮਾਰ ਚੁੱਕੀ ਹੈ। ਜਦੋਂ ਕਦੇ ਮਹਾਤਮਾ ਗਾਂਧੀ ਦੇ ਕਤਲ ਦੀ ਗੱਲ ਆਪਣੇ ਮੱਥੇ ਕਲੰਕ ਵਾਂਗ ਲੱਗੀ ਜਾਪੀ, ਉਹ ਇਸ ਨਾਲ ਸਬੰਧ ਨਾ ਹੋਣ ਦੀ ਦੁਹਾਈ ਪਾਉਂਦੇ ਸਨ, ਪਰ ਅੱਗੇ-ਪਿਛੇ ਉਹ ਕਾਤਲਾਂ ਨਾਲ ਸਾਂਝ ਵੀ ਨਿਭਾਉਂਦੇ ਰਹੇ ਹਨ। ਕੇਂਦਰ ਵਿਚ ਨਰਸਿਮਹਾ ਰਾਓ ਸਰਕਾਰ ਵੇਲੇ ਜਦੋਂ ਰਾਜਾਂ ਵਿਚ ਭਾਜਪਾ ਚੜ੍ਹਤ ਵਿਚ ਆਉਣੀ ਸ਼ੁਰੂ ਹੋਈ ਅਤੇ ਬਾਬਰੀ ਮਸਜਿਦ ਢਾਹੇ ਜਾਣ ਦਾ ਜ਼ਿਕਰ ਵੀ ਮੋਰਚਾ ਤੋੜਨ ਵਾਂਗ ਕਰਦੀ ਸੀ, ਉਦੋਂ ਮਹਾਰਾਸ਼ਟਰ ਦੀ ਪਹਿਲੀ ਸ਼ਿਵ ਸੈਨਾ-ਭਾਜਪਾ ਸਰਕਾਰ ਬਣਨ ਉਤੇ ਨਾਗਪੁਰ ਵਿਚ ਇਕ ਸਮਾਗਮ ਕਰ ਕੇ ਗੋਪਾਲ ਗੋਡਸੇ ਨੂੰ ਸਨਮਾਨਿਤ ਕੀਤਾ ਗਿਆ ਸੀ। ਗੋਪਾਲ ਗੋਡਸੇ ਉਸ ਨੱਥੂ ਰਾਮ ਗੋਡਸੇ ਦਾ ਭਰਾ ਸੀ ਜਿਸ ਨੂੰ ਗਾਂਧੀ ਦਾ ਮੁੱਖ ਕਾਤਲ ਹੋਣ ਕਰਕੇ 1949 ਵਿਚ ਫ਼ਾਂਸੀ ਟੰਗਿਆ ਗਿਆ ਸੀ ਤੇ ਗੋਪਾਲ ਗੋਡਸੇ ਦਾ ਇਹ ਸਨਮਾਨ ਇਸ ਦੀ ਆਪਣੇ 'ਧਰਮ ਲਈ ਸੇਵਾ' ਦੇ ਨਾਂ ਹੇਠ ਕੀਤਾ ਗਿਆ ਸੀ। ਆਖ਼ਰ ਉਹ 'ਸੇਵਾ' ਕਿਹੜੀ ਸੀ ਜਿਸ ਲਈ ਉਸ ਨੂੰ ਸਨਮਾਨਿਤ ਕੀਤਾ ਗਿਆ ਸੀ! ਸਿਰਫ਼ ਇਹੋ ਕਿ ਉਸ ਨੇ ਆਪਣੇ ਭਰਾ ਨਾਲ ਮਿਲ ਕੇ ਮਹਾਤਮਾ ਗਾਂਧੀ ਦੇ ਕਤਲ ਦੀ ਸਾਜ਼ਿਸ਼ ਵਿਚ ਹਿੱਸਾ ਲਿਆ ਸੀ ਤੇ ਫਿਰ ਦੋ ਦਹਾਕੇ ਦੇ ਕਰੀਬ ਕੈਦ ਕੱਟਣ ਮਗਰੋਂ ਵੀ ਗ਼ਲਤੀ ਮੰਨਣ ਦੀ ਥਾਂ ਉਸ ਖ਼ੂਨੀ ਕਾਰੇ ਨੂੰ ਜਾਇਜ਼ ਠਹਿਰਾਉਣ ਲੱਗਾ ਰਿਹਾ ਸੀ ਜਿਸ ਨਾਲ ਆਪਣੇ ਸਬੰਧਾਂ ਤੋਂ ਉਨ੍ਹਾਂ ਨੂੰ ਇਸ ਰਾਹ ਤੋਰਨ ਵਾਲੀ ਆਰ.ਐਸ.ਐਸ. ਦੇ ਆਗੂ ਮੁੱਕਰਦੇ ਰਹਿੰਦੇ ਸਨ। ਜਿਹੜੀ ਆਰ.ਐਸ.ਐਸ. ਗੋਪਾਲ ਗੋਡਸੇ ਅਤੇ ਨੱਥੂ ਰਾਮ ਗੋਡਸੇ ਦੇ ਸਬੰਧ ਵਿਚ ਮੌਕੇ ਮੁਤਾਬਕ ਬਦਲਵੇਂ ਪੈਂਤੜੇ ਮੱਲ ਸਕਦੀ ਹੈ, ਉਹ ਅੱਜ ਸਾਧਵੀ ਪ੍ਰਗਿਆ ਸਿੰਘ ਜਾਂ ਸਵਾਮੀ ਅਸੀਮਾਨੰਦ ਦੇ ਸਵਾਲ ਉਤੇ ਪਲਟੀਆਂ ਕਿਉਂ ਨਾ ਮਾਰੇਗੀ?

ਸਵਾਲ ਅੱਜ ਦੇਸ਼ ਦੇ ਸਾਹਮਣੇ ਇਹ ਹੈ ਕਿ ਆਰ.ਐਸ.ਐਸ. ਲੀਡਰ ਆਖ਼ਰ ਕਰਨਾ ਕੀ ਚਾਹੁੰਦੇ ਹਨ? ਜਦੋਂ ਕੋਈ ਦਿਗਵਿਜੈ ਸਿੰਘ ਕਹਿ ਦੇਵੇ ਕਿ ਭਗਵਾ ਅਤਿਵਾਦ ਵੀ ਭਾਰਤੀ ਸਮਾਜ ਅੰਦਰ ਜ਼ਹਿਰ ਫੈਲਾ ਰਿਹਾ ਹੈ ਤਾਂ ਇਨ੍ਹਾਂ ਨੂੰ ਕਚੀਚੀਆਂ ਬਹੁਤ ਆਉਂਦੀਆਂ ਹਨ ਪਰ ਸੱਚ ਤਾਂ ਸੱਚ ਹੀ ਰਹਿਣਾ ਹੈ। ਆਰ.ਐਸ.ਐਸ. ਨਾਲ ਜੁੜੇ ਰਹੇ ਲੋਕ ਜਦੋਂ ਮਾਲੇਗਾਓਂ, ਹੈਦਰਾਬਾਦ ਅਤੇ ਅਜਮੇਰ ਦੇ ਬਾਅਦ ਸਮਝੌਤਾ ਐਕਸਪ੍ਰੈਸ ਦੇ ਧਮਾਕੇ ਵਿਚ ਵੀ ਦੋਸ਼ੀ ਨਿਕਲ ਰਹੇ ਹਨ ਤਾਂ ਇਹ ਕਹਿਣ ਦਾ ਕੋਈ ਅਰਥ ਨਹੀਂ ਰਹਿ ਜਾਂਦਾ ਕਿ ਇਸ ਵਿਚ ਇਸ ਸੰਗਠਨ ਦਾ ਕੋਈ ਹੱਥ ਨਹੀਂ। ਜੇ ਹੱਥ ਨਹੀਂ ਵੀ ਹੈ ਅਤੇ ਇਨ੍ਹਾਂ ਸਾਰੇ ਲੋਕਾਂ ਨੂੰ ਇਹ ਕੰਮ ਕਰਨ ਵੇਲੇ ਸੰਗਠਨ ਤੋਂ ਵੱਖ ਹੋ ਚੁੱਕੇ ਵੀ ਮੰਨ ਲਈਏ ਤਾਂ ਸਵਾਲ ਫਿਰ ਖੜ੍ਹਾ ਹੈ ਕਿ ਹੋਰ ਵੀ ਹਿੰਦੂ ਸੰਗਠਨ ਹਨ ਪਰ ਏਦਾਂ ਦੇ ਕਾਰੇ ਕਰਨ ਵਾਲੇ ਸਾਰੇ ਮੁਲਜ਼ਮ ਸਿਰਫ਼ ਆਰ.ਐਸ.ਐਸ. ਨਾਲ ਕਦੇ ਨਾ ਕਦੇ ਜੁੜੇ ਰਹੇ ਹੀ ਕਿਉਂ ਨਿਕਲਦੇ ਹਨ? ਕੀ ਇਸ ਦਾ ਮਤਲਬ ਇਹ ਨਹੀਂ ਕਿ ਇਸ ਦੇ ਅੰਦਰ ਆਪਣੇ ਕੇਡਰ ਨੂੰ ਜਨੂੰਨ ਦੀ ਪੁੱਠ ਚਾੜ੍ਹੀ ਜਾਂਦੀ ਹੈ ਜਿਹੜੀ ਅੱਗੇ ਜਾ ਕੇ ਉਨ੍ਹਾਂ ਨੂੰ ਕੁਝ ਇਹੋ ਜਿਹਾ ਕਰਨ ਨੂੰ ਉਕਸਾਉਂਦੀ ਹੈ ਜਿਸ ਦੇ ਨਤੀਜੇ ਵਜੋਂ ਬੇਗੁਨਾਹ ਲੋਕਾਂ ਦੀਆਂ ਜਾਨਾਂ ਚਲੀਆਂ ਜਾਂਦੀਆਂ ਹਨ।

ਅਜੇ ਤਾਂ ਇਕ ਸਵਾਲ ਹੋਰ ਵੀ ਹੈ ਜਿਸ ਦਾ ਜਵਾਬ ਕਿਸੇ ਨੇ ਮੰਗਿਆ ਨਹੀਂ; ਉਹ ਇਹ ਕਿ ਜਸਵੰਤ ਸਿੰਘ ਨੇ ਜਦੋਂ ਇਕ ਕਿਤਾਬ ਦੋ ਸਾਲ ਪਹਿਲਾਂ ਮੁਹੰਮਦ ਅਲੀ ਜਿਨਾਹ ਬਾਰੇ ਲਿਖੀ ਅਤੇ ਜਿਸ ਨੂੰ ਪੜ੍ਹੇ ਬਗ਼ੈਰ ਹੀ ਉਸ ਨੂੰ ਭਾਜਪਾ ਵਿਚੋਂ ਕੱਢ ਦਿੱਤਾ ਗਿਆ ਸੀ, ਉਸ ਪਿੱਛੇ ਕਹਾਣੀ ਕੀ ਸੀ? ਜਸਵੰਤ ਸਿੰਘ ਸਾਰੀ ਉਮਰ ਭਾਜਪਾ ਦਾ ਫ਼ਰਮਾਬਰਦਾਰ ਰਿਹਾ ਸੀ ਪਰ ਉਦੋਂ ਉਸ ਨੂੰ ਪਾਰਟੀ ਵਿਚੋਂ ਤਾਂ ਕੱਢਿਆ ਹੀ ਗਿਆ, ਪਾਰਲੀਮੈਂਟ ਵਿਚ ਉਸ ਦੀ ਚੇਅਰਮੈਨੀ ਵਾਲੀ ਕਮੇਟੀ ਵਿਚ ਜਾਣ ਤੋਂ ਵੀ ਭਾਜਪਾ ਆਗੂਆਂ ਨੂੰ ਰੋਕ ਦਿੱਤਾ ਗਿਆ ਸੀ। ਅੱਜ ਉਹ ਫਿਰ ਉਸੇ ਪਾਰਟੀ ਵਿਚ ਨਾ ਸਿਰਫ਼ ਲੀਡਰ ਹੈ ਸਗੋਂ ਦੂਜੀਆਂ ਪਾਰਟੀਆਂ ਨਾਲ ਤਾਲਮੇਲ ਦਾ ਇੰਚਾਰਜ ਬਣਾਇਆ ਗਿਆ ਹੈ। ਆਖ਼ਰ ਉਸ ਨੂੰ ਕੱਢਿਆ ਕਿਉਂ ਗਿਆ ਅਤੇ ਫਿਰ ਉਸ ਨੂੰ ਵਾਪਸ ਕਿਉਂ ਲਿਆ ਗਿਆ? ਸਾਰੀ ਕਿਤਾਬ ਜਦੋਂ ਹਾਲੇ ਆਰ.ਐਸ.ਐਸ. ਲੀਡਰਾਂ ਨੇ ਵੀ ਨਹੀਂ ਸੀ ਪੜ੍ਹੀ, ਉਦੋਂ ਉਸ ਨੂੰ ਪੜ੍ਹ ਕੇ ਸਭ ਤੋਂ ਪਹਿਲਾਂ ਅਸੀਂ ਹੀ ਲਿਖਿਆ ਸੀ ਕਿ ਉਸ ਨੂੰ ਕੱਢੇ ਜਾਣ ਦਾ ਕਾਰਨ ਇਹ ਹੈ ਕਿ ਉਸ ਨੇ ਅੰਗਰੇਜ਼ ਰਾਜ ਦੌਰਾਨ ਹੋਏ ਉਨ੍ਹਾਂ ਹਿੰਦੂ-ਮੁਸਲਿਮ ਫ਼ਸਾਦਾਂ ਦੀ ਪੋਲ ਖੋਲ੍ਹ ਦਿੱਤੀ ਸੀ ਜਿਹੜੇ ਪਿੱਛੋਂ ਪਾਕਿਸਤਾਨ ਦੀ ਕਾਇਮੀ ਦਾ ਆਧਾਰ ਬਣੇ ਸਨ।

ਹਿੰਦੂ ਮਹਾਂ ਸਭਾ ਦੇ ਜਿਸ ਆਗੂ ਨੂੰ ਦਿੱਲੀ ਦੀ ਜਾਮਾ ਮਸਜਿਦ ਵਿਚ ਬੁਲਾ ਕੇ ਬੋਲਣ ਦਾ ਮੌਕਾ ਦਿੱਤਾ ਗਿਆ ਸੀ, ਅਤੇ ਇਹ ਮੌਕਾ ਪ੍ਰਾਪਤ ਕਰਨ ਵਾਲਾ ਉਹ ਇਕੱਲਾ ਗ਼ੈਰ ਮੁਸਲਿਮ ਆਗੂ ਸੀ। ਉਸ ਨੇ ਦੋ ਸਾਲ ਵੀ ਨਾ ਲੰਘਣ ਦਿੱਤੇ ਤੇ ਅਜੋਕੇ ਪਾਕਿਸਤਾਨ ਵਾਲੇ ਇਲਾਕੇ ਵਿਚ ਜਾ ਕੇ ਮੁਸਲਮਾਨਾਂ ਨੂੰ 'ਸ਼ੁੱਧ' ਕਰ ਕੇ ਹਿੰਦੂ ਬਣਾਉਣ ਦੀ ਮੁਹਿੰਮ ਵਿੱਢ ਦਿੱਤੀ ਅਤੇ ਦੰਗੇ ਹੋਣ ਦਾ ਰਾਹ ਪੱਧਰਾ ਕੀਤਾ ਸੀ। ਜਸਵੰਤ ਸਿੰਘ ਤੋਂ ਜਾਣੇ-ਅਨਜਾਣੇ ਇਹ ਭੇਤ ਵੀ ਸਬੂਤਾਂ ਸਮੇਤ ਆਪਣੀ ਕਿਤਾਬ 'ਚ ਜ਼ਾਹਿਰ ਹੋ ਗਿਆ ਕਿ ਇਹ ਲੋਕ ਆਪਣੇ ਮੁਢਲੇ ਦਿਨਾਂ ਤੋਂ ਅੰਗਰੇਜ਼ ਦਾ ਸਾਹ ਸੌਖਾ ਕਰਨ ਲਈ ਆਹ ਕੁਝ ਕਰਦੇ ਰਹੇ ਹਨ। ਇਸ ਦੀ ਉਸ ਨੂੰ ਸਜ਼ਾ ਦਿੱਤੀ ਗਈ ਪਰ ਗੱਲ ਠੰਢੀ ਪਈ ਤੋਂ ਜਦੋਂ ਉਹ ਇਹ ਰਾਗ ਮੁੜ ਕੇ ਨਾ ਛੇੜਨਾ ਮੰਨ ਗਿਆ ਤਾਂ ਸਿਰਫ਼ ਇਕ ਸਾਲ ਦੇ ਅੰਦਰ ਉਸ ਨੂੰ ਫਿਰ ਪਾਰਟੀ ਦਾ ਮੁਹਰੈਲ ਬਣਾ ਦਿੱਤਾ ਗਿਆ।

ਹੁਣ ਜਦੋਂ ਆਰ.ਐਸ.ਐਸ. ਦੀ ਲੀਡਰਸ਼ਿਪ ਆਪਣੇ ਆਪ ਨੂੰ ਬੇਦੋਸ਼ਾ ਸਾਬਤ ਕਰਨ ਲਈ ਮਜਬੂਰ ਹੋਈ ਪਈ ਹੈ, ਉਸ ਲਈ ਇਹ ਕੰਮ ਇੰਨਾ ਸੌਖਾ ਨਹੀਂ ਹੋਣਾ। ਆਪਣੇ ਜਨਮ ਦੇ ਵਕਤ ਤੋਂ ਆਰ.ਐਸ.ਐਸ. ਦਾ ਰਿਕਾਰਡ ਜਦੋਂ 'ਹਰ ਮੰਜ਼ਿਆ ਬਦਨਾਮੀ' ਵਾਲਾ ਰਿਹਾ ਹੈ ਤਾਂ ਸਦੀਆਂ ਤੋਂ ਆਪਣੀਆਂ ਵਿਲੱਖਣ ਕਦਰਾਂ-ਕੀਮਤਾਂ ਲਈ ਜਾਣੇ ਜਾਂਦੇ ਇਸ ਦੇਸ਼ ਦੇ ਲੋਕ ਉਸ ਦੀ ਮਾਸੂਮੀਅਤ ਦੇ ਪ੍ਰਗਟਾਵੇ ਤੋਂ ਪ੍ਰਭਾਵਿਤ ਕਿਵੇਂ ਹੋ ਜਾਣਗੇ?

## ਅੱਜ-ਨਾਮਾ

ਤੋੜ ਬੂਟਿਆਂ ਤੋਂ ਫੁੱਲਾਂ ਸੋਹਣਿਆਂ ਨੂੰ,
ਪੂਜਾ ਪੱਥਰਾਂ ਦੀ ਜਿੱਥੇ ਕਰਨ ਲੋਕੀਂ।
ਵੱਟਾਂ ਗੁੰਡੇ-ਬਦਮਾਸ਼ਾਂ ਨੂੰ ਪਾਉਣ ਨਾਲੇ,
ਰੋਂਦੇ ਹੋਏ ਫਿਰ ਜਬਰ ਨੂੰ ਜਰਨ ਲੋਕੀਂ।

ਗੱਲ ਕੀਤੀ ਤਾਂ ਸੁਣ ਨਾ ਲਵੇ ਕੋਈ,
ਕੋਲ ਕੰਧਾਂ ਦੇ ਖੜੇ ਵੀ ਡਰਨ ਲੋਕੀਂ।
ਥੱਕੇ ਕਿਰਤ ਕਰ ਕੇ ਆ ਕੇ ਡੇਰਿਆਂ 'ਚ,
ਠੱਗ ਸਾਧ ਦੀਆਂ ਮੁੱਠੀਆਂ ਭਰਨ ਲੋਕੀਂ।

ਲੋਕ-ਰਾਜ ਫਿਰ ਓਸੇ ਨੂੰ ਕਹੀ ਜਾਂਦੇ,
ਫਿਰਦੇ ਜਿੱਥੇ ਬਚਾਉਣ ਨੂੰ ਖੱਲ ਲੋਕੀਂ।
ਚਾਰੇ ਪਾਸੇ ਜਦ ਪਈ ਹਨੇਰ-ਗਰਦੀ,
ਮੰਗਣ ਗੁੰਗੇ ਤੋਂ ਜਾਂਦੇ ਹਨ ਹੱਲ ਲੋਕੀਂ।

–ਤੀਸ ਮਾਰ ਖਾਂ


## ਜਾਇਦਾਦ ਦੀ ਖਰੀਦ-ਵੇਚ

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਚੌਟਾਲਾ ਦੀ ਬਾਦਲ ਪਰਿਵਾਰ ਤੋਂ ਦੂਰੀ ਘਟਾਉਣ ਦੀ ਨਾਕਾਮ ਕੋਸ਼ਿਸ਼

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਬਾਦਲ ਪਰਿਵਾਰ ਦੇ ਨਜ਼ਦੀਕੀ ਤੇ ਇੰਡੀਅਨ ਨੈਸ਼ਨਲ ਲੋਕ ਦਲ ਦੇ ਪ੍ਰਧਾਨ ਓਮ ਪ੍ਰਕਾਸ਼ ਚੌਟਾਲਾ ਨੇ ਬਾਦਲ ਪਰਿਵਾਰ 'ਚ ਪੈਦਾ ਹੋਈਆਂ ਤਰੇੜਾਂ ਨੂੰ ਪੂਰਨ ਦੀ ਕੋਸ਼ਿਸ਼ ਕੀਤੀ ਪਰ ਪਾਰਟੀ ਤੋਂ ਵੱਖ ਹੋਏ ਮਨਪ੍ਰੀਤ ਬਾਦਲ ਦੇ ਦ੍ਰਿੜ ਇਰਾਦੇ ਕਾਰਨ ਉਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪਈ। ਚੌਧਰੀ ਚੌਟਾਲਾ ਪਟਿਆਲਾ ਵਿਖੇ ਇਕ ਸਮਾਗਮ ਦੌਰਾਨ ਨੇ ਮੰਨਿਆ ਕਿ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਰਮਿਆਨ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਸ੍ਰੀ ਚੌਟਾਲਾ ਨੇ ਕਿਹਾ ਮਨਪ੍ਰੀਤ ਸਿੰਘ ਦੇ ਅਕਾਲੀ ਦਲ ਵਿਚੋਂ ਜਾਣ ਨਾਲ ਪਾਰਟੀ ਨੂੰ ਵੱਡਾ ਘਾਟਾ ਪਿਆ ਹੈ ਜਿਸ ਲਈ ਉਹ ਇਸ ਕੋਸ਼ਿਸ਼ ਵਿਚ ਹਨ ਕਿ ਮਨਪ੍ਰੀਤ ਸਿੰਘ ਬਾਦਲ ਤੇ ਬਾਦਲ ਪਰਿਵਾਰ ਦਾ ਸਮਝੌਤਾ ਕਰਵਾ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਉਹ ਬਾਕਾਇਦਾ ਦੋਵਾਂ ਧਿਰਾਂ ਨਾਲ ਮੀਟਿੰਗਾਂ ਵੀ ਕਰ ਚੁੱਕੇ ਹਨ।

ਉਧਰ ਚੌਧਰੀ ਚੌਟਾਲਾ ਦੀਆਂ ਕੋਸ਼ਿਸ਼ਾਂ ਉਸ ਵੇਲੇ ਧਰੀਆਂ ਧਰਾਈਆਂ ਰਹਿ ਗਈਆਂ ਜਦੋਂ ਮਨਪ੍ਰੀਤ ਬਾਦਲ ਨੇ ਨਿਧੜਕ ਹੋ ਕੇ ਕਹਿ ਦਿੱਤਾ ਕਿ ਜਿਨ੍ਹਾਂ ਨੇ ਪੰਜਾਬ ਨੂੰ ਬਰਬਾਦ ਕੀਤਾ ਹੈ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਸਮਝੌਤਾ ਸੰਭਵ ਨਹੀਂ। ਇਸ ਮਨਪ੍ਰੀਤ ਨੇ ਚੌਟਾਲਾ ਵੱਲੋਂ ਸਮਝੌਤਾ ਕਰਾਉਣ ਦੇ ਦਾਅਵਿਆਂ 'ਤੇ ਪਾਣੀ

## ਪੰਜਾਬ ਨੂੰ ਉਜਾੜਨ ਵਾਲਿਆਂ ਨਾਲ ਸਮਝੌਤਾ ਨਹੀਂ-ਮਨਪ੍ਰੀਤ





ਫੇਰਦਿਆਂ ਕਹਿ ਦਿੱਤਾ ਕਿ ਪੰਜਾਬ ਦੇ ਲੋਕਾਂ ਨੂੰ ਧੋਖਾ ਨਹੀਂ ਦਿੱਤਾ ਜਾ ਸਕਦਾ। ਮਨਪ੍ਰੀਤ ਨੇ ਕਿਹਾ ਕਿ ਉਹ ਜਾਤੀ ਤੌਰ 'ਤੇ ਭਾਵੇਂ ਚੌਟਾਲਾ ਦਾ ਸਨਮਾਨ ਕਰਦੇ ਹਨ ਪਰ ਇਸ ਮਾਮਲੇ 'ਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਨਾਲ ਕੋਈ ਮੁਲਾਕਾਤ ਨਹੀਂ ਹੋਈ ਤੇ ਨਾ ਹੀ ਭਵਿੱਖ ਵਿਚ ਹੋ ਸਕਦੀ ਹੈ। ਮਨਪ੍ਰੀਤ ਬਾਦਲ ਨੇ ਕਿਹਾ "ਉਸਦਾ ਮਕਸਦ ਰਾਜਸੀ ਸਮਝੌਤੇ ਕਰਕੇ ਕੋਈ ਕੁਰਸੀ ਪ੍ਰਾਪਤ ਕਰਨਾ ਨਹੀਂ। ਜੇ ਅਜਿਹੀ ਸੋਚ ਹੁੰਦੀ ਤਾਂ ਉਹ ਵੀ ਹੋਰਾਂ ਵਾਂਗ ਚਾਪਲੂਸੀ ਕਰਕੇ ਵਜ਼ੀਰੀ ਦਾ ਆਨੰਦ ਮਾਣ ਸਕਦਾ ਸੀ।" ਉਨ੍ਹਾਂ ਕਿਹਾ ਕਿ ਪੰਜਾਬੀ ਹੁਣ ਜਾਗਰੂਕ ਹੋ ਗਏ ਹਨ। ਲੋਕ ਸਮਝ ਚੁੱਕੇ ਹਨ ਕਿ ਪੰਜਾਬ ਨੂੰ ਬਚਾਉਣ ਲਈ ਨਿਜ਼ਾਮ ਬਦਲਣਾ ਪਵੇਗਾ।ਉਨ੍ਹਾਂ ਕਿਹਾ ਕਿ ਜਦ ਕੇਂਦਰ ਸਰਕਾਰ, ਪੰਜਾਬ ਸਿਰ ਚੜ੍ਹੇ ਕਰਜ਼ੇ ਦੇ ਵੱਡੇ ਹਿੱਸੇ ਨੂੰ ਮੁਆਫ਼ ਕਰਨ ਲਈ ਰਾਜ਼ੀ ਹੋਈ ਤਾਂ ਉਨ੍ਹਾਂ ਸੋਚਿਆ ਸੀ ਕਿ ਪਾਰਟੀ ਪੱਧਰ 'ਤੇ ਉਨ੍ਹਾਂ ਦੀ ਸ਼ਲਾਘਾ ਹੋਵੇਗੀ ਪਰ ਸੌੜੇ ਸਿਆਸੀ ਹਿਤਾਂ ਨੂੰ ਪਹਿਲ ਦੇਣ ਵਾਲਿਆਂ ਨੇ ਕੇਂਦਰ ਸਰਕਾਰ ਦੀ ਏਨੀ ਵੱਡੀ ਪੇਸ਼ਕਸ਼ ਇਸ ਕਰ ਕੇ ਰੋਲ ਦਿੱਤੀ ਕਿ ਕਿਤੇ ਇਸ ਦਾ ਸਿਆਸੀ ਫ਼ਾਇਦਾ ਸਿਰਫ਼ ਮਨਪ੍ਰੀਤ ਸਿੰਘ ਨੂੰ ਨਾ ਮਿਲ ਜਾਵੇ। ਅਜਿਹੇ ਮਨਸੂਬੇ ਕੇਵਲ ਪੰਜਾਬ ਦੇ ਦੁਸ਼ਮਣ ਹੀ ਘੜ ਸਕਦੇ ਹਨ ਤੇ ਜੋ ਲੋਕ ਪੰਜਾਬ ਨੂੰ ਬਰਬਾਦ ਕਰਨ ਦੇ ਜ਼ਿੰਮੇਵਾਰ ਹੋਣ, ਉਨ੍ਹਾਂ ਨਾਲ ਉਹ ਤਾਂ ਕੀ ਪੰਜਾਬ ਦਾ ਕੋਈ ਵੀ ਵਾਸੀ ਸਮਝੌਤਾ ਨਹੀਂ ਕਰੇਗਾ।

ਉਨ੍ਹਾਂ ਕਿਹਾ ਕਿ ਉਹ ਉਨ੍ਹਾਂ ਨੇਤਾਵਾਂ ਵਾਂਗ ਨਹੀਂ ਜਿਨ੍ਹਾਂ ਨੂੰ ਆਪਣੇ ਬੈਂਕ 'ਚ ਜਮ੍ਹਾਂ ਪੈਸੇ ਤੋਂ ਅੱਗੇ ਹੋਰ ਕੁਝ ਵਿਖਾਈ ਨਹੀਂ ਦਿੰਦਾ ਤੇ ਜੋ ਸੌੜੇ ਹਿਤਾਂ ਦੀ ਪੂਰਤੀ ਲਈ ਪੰਜਾਬ ਦੀ ਆਰਥਕ ਮੰਦਹਾਲੀ ਵੱਲ ਝਾਤ ਮਾਰਨ ਲਈ ਰਾਜ਼ੀ ਨਹੀਂ। ਉਨ੍ਹਾਂ ਕਿਹਾ ਕਿ 23 ਮਾਰਚ ਨੂੰ ਖਟਕੜ ਕਲਾਂ ਵਿਖੇ ਲੱਖਾਂ ਪੰਜਾਬੀ ਇਕੱਠੇ ਹੋ ਕੇ ਸ਼ਹੀਦ ਭਗਤ ਸਿੰਘ ਦੀ ਧਰਤੀ ਤੋਂ ਨਵੀਂ ਪਾਰਟੀ ਦਾ ਐਲਾਨ ਕਰਨਗੇ ਤੇ ਸਮੂਹ ਪੰਜਾਬੀ ਪੰਜਾਬ ਦੀ ਬਿਹਤਰ ਤਕਦੀਰ ਬਣਾਉਣ ਲਈ ਹਲਫ਼ ਲੈਣਗੇ।

# ਇਉਂ ਵਧਾ ਰਹੀਆਂ ਨੇ ਭੈਣਾਂ ਭਰਾ ਦੀ ਉਮਰ

**ਸਮਰਾਲਾ:** ਸਮਾਜ ਵਿਚ ਭਾਵੇਂ ਲੜਕੀਆਂ ਨੂੰ ਜੰਮਣ ਤੋਂ ਪਹਿਲਾਂ ਜਾਂ ਜਨਮ ਲੈਣ ਤੋਂ ਬਾਅਦ ਖ਼ਤਮ ਕਰਨ ਦਾ ਰੁਝਾਨ ਵਧਦਾ ਜਾ ਰਿਹਾ ਹੈ ਪਰ ਧੀਆਂ ਤੇ ਭੈਣਾਂ ਵੱਲੋਂ ਕੁਰਬਾਨੀ ਦੀ ਭਾਵਨਾ ਨਾਲ ਕਈ ਵਾਰ ਰਿਸ਼ਤਿਆਂ ਦੀਆਂ ਮਿਸਾਲਾਂ ਕਾਇਮ ਕਰ ਦਿੱਤੀਆਂ ਜਾਂਦੀਆਂ ਹਨ। ਅਜਿਹੀ ਹੀ ਮਿਸਾਲ ਇਥੋਂ ਨੇੜਲੇ ਪਿੰਡ ਚੱਕਸਰਾਏ ਦੀ ਹੈ ਜਿਥੇ ਪੰਜ ਭੈਣਾਂ ਦੇ ਵੀਰ ਲਖਵਿੰਦਰ ਸਿੰਘ ਦਾ ਗੁਰਦਾ ਖਰਾਬ ਹੋ ਗਿਆ ਅਤੇ ਪੰਜੇ ਭੈਣਾਂ ਵੱਲੋਂ ਆਪਣੇ ਵੀਰ ਦੀ ਲੰਮੀ ਉਮਰ ਖਾਤਰ ਆਪਣੇ ਗੁਰਦੇ ਦੇਣ ਦੀ ਪੇਸ਼ਕਸ਼ ਕੀਤੀ ਗਈ ਹੈ।

ਲਖਵਿੰਦਰ ਸਿੰਘ ਪੰਜ ਭੈਣਾਂ ਦਾ ਇਕੋ ਇਕ ਭਰਾ ਹੈ। ਉਸ ਦੀਆਂ ਪੰਜੇ ਭੈਣਾਂ ਆਪੋ-ਆਪਣੇ ਘਰੇ ਵਸਦੀਆਂ ਹਨ। ਕਰੀਬ ਪੰਜ ਕੁ ਸਾਲ ਪਹਿਲਾਂ ਲਖਵਿੰਦਰ ਸਿੰਘ ਦੇ ਗੁਰਦੇ ਖਰਾਬ ਹੋ ਗਏ ਤੇ ਡਾਕਟਰਾਂ ਵੱਲੋਂ ਉਸ ਦੀ ਜ਼ਿੰਦਗੀ ਬਚਾਉਣ ਲਈ ਗੁਰਦਾ ਬਦਲਣ ਬਾਰੇ ਦੱਸਿਆ ਗਿਆ। ਜਦੋਂ ਡਾਕਟਰਾਂ ਵੱਲੋਂ ਗੁਰਦੇ ਦੀ ਮੰਗ ਬਾਰੇ ਇਨ੍ਹਾਂ ਭੈਣਾਂ ਨੂੰ ਪਤਾ ਲੱਗਾ ਤਾਂ ਸਾਰੀਆਂ ਵੱਲੋਂ ਆਪਣੇ ਭਰਾ ਦੀ ਜਾਨ ਬਚਾਉਣ ਲਈ ਗੁਰਦਾ ਦੇਣ ਦੀ ਪੇਸਕਸ਼ ਕੀਤੀ ਗਈ। ਵੱਡੀ ਭੈਣ ਦਾ ਤਰਕ ਸੀ ਕਿ ਉਹ ਵੱਡੀ ਹੈ, ਇਸੇ ਲਈ ਭਰਾ ਲਈ ਗੁਰਦਾ ਉਹ ਦੇਵੇਗੀ। ਛੋਟੀ ਭੈਣ ਦਾ ਜੁਆਬ ਸੀ ਕਿ ਉਹ ਛੋਟੀ ਹੋਣ ਕਾਰਨ ਵੀਰ ਉਸ ਨੂੰ ਵੱਧ ਪਿਆਰ ਕਰਦਾ ਸੀ, ਇਸ ਕਰਕੇ ਵੀਰੇ ਲਈ ਗੁਰਦਾ ਉਹ ਦੇਵੇਗੀ।

ਅਖੀਰ ਪਰਿਵਾਰ ਦੇ ਮੈਂਬਰਾਂ ਵੱਲੋਂ ਲੜਕੀਆਂ ਨੂੰ ਸਮਝਾਉਂਦਿਆਂ ਉਨ੍ਹਾਂ ਦੇ ਨਾਵਾਂ ਦੀ ਪਰਚੀ ਪਾ ਦਿੱਤੀ ਕਿ ਜਿਸ ਦਾ ਵੀ ਨਾਮ ਆਵੇਗਾ, ਉਸ ਦਾ ਗੁਰਦਾ ਲਖਵਿੰਦਰ ਸਿੰਘ ਲਈ ਦਿੱਤਾ ਜਾਵੇਗਾ। ਸਭ ਤੋਂ ਪਹਿਲਾਂ ਪਰਚੀ ਛੋਟੀ ਭੈਣ ਪਰਮਜੀਤ ਕੌਰ ਦੇ ਨਾਮ ਦੀ ਨਿਕਲ ਆਈ ਅਤੇ ਉਸ ਨੇ ਆਪਣੇ ਵੀਰ ਲਈ ਗੁਰਦਾ ਦੇ ਦਿੱਤਾ।

ਇਸ ਤੋਂ ਕੁਝ ਅਰਸੇ ਬਾਅਦ ਲਖਵਿੰਦਰ ਸਿੰਘ ਦੀ ਇਕ ਭੈਣ ਦੀ ਹਾਰਟ ਅਟੈਕ ਹੋਣ ਕਾਰਨ ਮੌਤ ਹੋ ਗਈ। ਹੁਣ ਪੰਜ ਸਾਲਾਂ ਬਾਅਦ ਫਿਰ ਉਸ ਦਾ ਗੁਰਦਾ ਖਰਾਬ ਹੋ ਗਿਆ ਤੇ ਰਹਿੰਦੀਆਂ ਤਿੰਨ ਭੈਣਾਂ ਨੇ ਫਿਰ ਆਪਣੇ ਨਾਵਾਂ ਦੀ ਪਰਚੀ ਪਾਈ। ਫਿਰ ਇਹ ਭੈਣ ਹਰਜਿੰਦਰ ਕੌਰ ਦੇ ਨਾਮ ਦੀ ਨਿਕਲੀ ਹੈ।

# ਅੰਮ੍ਰਿਤਸਰ-ਟੋਰਾਂਟੋ ਉਡਾਣ ਨੂੰ ਭਰਵਾਂ ਹੁੰਗਾਰਾ

**ਅੰਮ੍ਰਿਤਸਰ:** ਏਅਰ ਇੰਡੀਆ ਹਵਾਈ ਕੰਪਨੀ ਵੱਲੋਂ ਅੰਮ੍ਰਿਤਸਰ-ਟੋਰਾਂਟੋ ਲਈ 20 ਫਰਵਰੀ ਤੋਂ ਸ਼ੁਰੂ ਕੀਤੀ ਗਈ ਨਵੀਂ ਹਵਾਈ ਉਡਾਣ ਨੂੰ ਯਾਤਰੂਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ ਤੇ 22 ਮਾਰਚ ਤਕ ਇਸ ਹਵਾਈ ਉਡਾਣ ਲਈ ਤਕਰੀਬਨ ਸਾਰੀਆਂ ਸੀਟਾਂ ਬੁੱਕ ਹਨ। ਦੱਸਣਯੋਗ ਹੈ ਕਿ ਏਅਰ ਇੰਡੀਆ ਵੱਲੋਂ ਅੰਮ੍ਰਿਤਸਰ-ਲੰਡਨ-ਟੋਰਾਂਟੋ ਹਵਾਈ ਉਡਾਣ ਨੂੰ 31 ਅਕਤੂਬਰ 2010 ਨੂੰ ਬੰਦ ਕਰ ਦਿੱਤਾ ਗਿਆ ਸੀ। ਇਹ ਉਡਾਣ ਵੀ ਮੁਨਾਫੇ ਵਿਚ ਜਾ ਰਹੀ ਸੀ ਪਰ ਹਵਾਈ ਕੰਪਨੀ ਦੇ ਇਸ ਅਚਨਚੇਤੀ ਫੈਸਲੇ ਨਾਲ ਪੰਜਾਬੀਆਂ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ ਸੀ। ਇਸ ਦਾ ਵਿਰੋਧ ਵੱਡੇ ਪੱਧਰ 'ਤੇ ਹੋਇਆ ਸੀ।



ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਵੱਲੋਂ ਵੀ ਇਸ ਉਡਾਣ ਨੂੰ ਮੁੜ ਬਹਾਲ ਕਰਾਉਣ ਲਈ ਜੱਦੋ-ਜਹਿਦ ਵੀ ਕੀਤੀ ਗਈ। ਹੁਣ ਹਵਾਈ ਕੰਪਨੀ ਵੱਲੋਂ ਅੰਮ੍ਰਿਤਸਰ, ਦਿੱਲੀ, ਟੋਰਾਂਟੋ ਵਿਚਾਲੇ ਉਡਾਣ ਸ਼ੁਰੂ ਕੀਤੀ ਗਈ ਹੈ। ਇਸ ਨਵੀਂ ਉਡਾਣ ਵਿਚ ਭਾਵੇਂ ਲੰਡਨ ਸ਼ਾਮਲ ਨਹੀਂ ਹੈ ਪਰ ਯਾਤਰੂਆਂ ਵੱਲੋਂ ਇਸ ਨਵੀਂ ਉਡਾਣ ਨੂੰ ਵੀ ਭਰਵਾਂ ਹੁੰਗਾਰਾ ਦਿੱਤਾ ਗਿਆ ਹੈ। ਇਕ ਟਰੈਵਲ ਕੰਪਨੀ ਦੇ ਆਗੂ ਰਾਜੀਵ ਸੂਰੀ ਨੇ ਦੱਸਿਆ ਕਿ ਇਸ ਦੀ ਪਲੇਠੀ ਉਡਾਣ ਪੂਰੀ ਤਰ੍ਹਾਂ ਯਾਤਰੂਆਂ ਨਾਲ ਭਰ ਕੇ ਜਾ ਰਹੀ ਹੈ ਤੇ ਉਡਾਣ ਦੀਆਂ ਟਿਕਟਾਂ 22 ਮਾਰਚ ਤਕ ਬੁੱਕ ਹਨ। ਇਸ ਦੌਰਾਨ ਐਨ.ਆਰ.ਆਈ. ਸਭਾ ਪੰਜਾਬ ਦੇ ਸਰਪ੍ਰਸਤ ਜਸਵਿੰਦਰ ਸਿੰਘ ਧਾਲੀਵਾਲ ਨੇ ਇਸ ਨਵੀਂ ਉਡਾਣ ਦਾ ਸਵਾਗਤ ਕਰਦਿਆਂ ਕਿਹਾ ਕਿ ਕੈਨੇਡਾ ਵਿਚ ਰਹਿੰਦੇ ਪੰਜਾਬੀ ਭਾਈਚਾਰੇ ਦੇ ਲੋਕਾਂ ਨੂੰ ਇਸ ਉਡਾਣ ਦਾ ਵੱਡਾ ਫਾਇਦਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਨਵੀਂ ਉਡਾਣ ਦੌਰਾਨ ਭਾਵੇਂ ਯਾਤਰੂਆਂ ਨੂੰ ਦਿੱਲੀ ਵਿਖੇ ਕੁਝ ਸਮੇਂ ਲਈ ਠਹਿਰਾਅ ਕਰਨਾ ਪਵੇਗਾ ਪਰ ਇਸ ਦੇ ਅਰੰਭ ਹੋਣ ਨਾਲ ਰਾਹਤ ਮਹਿਸੂਸ ਹੋਵੇਗੀ। ਉਡਾਣ ਲਈ ਵਰਤੇ ਜਾ ਰਹੇ ਜਹਾਜ਼ ਵਿਚ 238 ਸੀਟਾਂ ਹਨ ਜਦੋਂਕਿ ਅੰਮ੍ਰਿਤਸਰ-ਲੰਡਨ-ਟੋਰਾਂਟੋ ਉਡਾਣ ਲਈ ਵਰਤੇ ਜਾਂਦੇ ਜਹਾਜ਼ ਵਿਚ 342 ਸੀਟਾਂ ਸਨ। ਇਸ ਤੋਂ ਇਲਾਵਾ ਇਸ ਉਡਾਣ ਦੇ ਲੰਡਨ ਨਾ ਜਾਣ ਕਾਰਨ ਇਥੋਂ ਹਰੀਆਂ ਸਬਜ਼ੀਆਂ ਤੇ ਫਲ ਵਿਦੇਸ਼ ਭੇਜਣ ਦੇ ਧੰਦੇ ਨੂੰ ਧੱਕਾ ਲੱਗਾ ਹੈ।

# ਬਾਬਾ ਰਾਮਦੇਵ 'ਤੇ ਕੀਤੀ ਟਿੱਪਣੀ ਤੋਂ ਸੇਖਵਾਂ ਭੜਕੇ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਤੇ ਸਿੱਖਿਆ ਮੰਤਰੀ ਸੇਵਾ ਸਿੰਘ ਸੇਖਵਾਂ ਨੇ ਕਾਂਗਰਸ ਦੇ ਸੰਸਦ ਮੈਂਬਰ ਨੀਨੋਂਗ ਈਰਿੰਗ ਵੱਲੋਂ ਸਵਾਮੀ ਰਾਮਦੇਵ ਦੇ ਭ੍ਰਿਸ਼ਟਾਚਾਰ ਵਿਰੁੱਧ ਵਿਚਾਰ ਪ੍ਰਗਟਾਏ ਜਾਣ 'ਤੇ ਬਦਸਲੂਕੀ ਕਰਨ ਦੀ ਨਿਖੇਧੀ ਕੀਤੀ ਹੈ। ਇੱਥੇ ਜਾਰੀ ਬਿਆਨ ਰਾਹੀਂ ਉਨ੍ਹਾਂ ਕਿਹਾ ਕਿ ਭ੍ਰਿਸ਼ਟਾਚਾਰ ਬਾਰੇ ਪੋਲ ਖੁੱਲ੍ਹਣ ਤੋਂ ਪਿਛੋਂ ਕਾਂਗਰਸ ਘਟੀਆ ਹਰਕਤਾਂ 'ਤੇ ਉੱਤਰ ਆਈ ਹੈ ਇਸ ਕਰਕੇ ਪਾਰਟੀ ਵੱਲੋਂ ਇਸ ਤਰ੍ਹਾਂ ਦੀਆਂ ਬੇਤੁਕੀਆਂ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ।

ਸ੍ਰੀ ਸੇਖਵਾਂ ਨੇ ਕਿਹਾ ਕਿ ਲੋਕਤੰਤਰ ਅੰਦਰ ਹਰੇਕ ਵਿਅਕਤੀ ਨੂੰ ਆਪਣੇ ਵਿਚਾਰ ਰੱਖਣ ਦਾ ਹੱਕ ਹਾਸਲ ਹੈ ਤੇ ਸਵਾਮੀ ਜੀ ਵੱਲੋਂ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਵੱਲੋਂ ਦੇਸ਼ ਦੇ ਕਰਦਾਤਾਵਾਂ ਦੇ ਪੈਸੇ ਦੀ ਬੇਰਹਿਮੀ ਨਾਲ ਕੀਤੀ ਜਾ ਰਹੀ ਲੁੱਟ ਦਾ ਤੱਥਾਂ 'ਤੇ ਅਧਾਰਤ ਵੇਰਵਾ ਦੇਣਾ ਕੋਈ ਗੁਨਾਹ ਨਹੀਂ ਹੈ।

ਸ. ਸੇਖਵਾਂ ਨੇ ਮੰਗ ਕੀਤੀ ਕਿ ਸਵਾਮੀ ਰਾਮਦੇਵ ਵੱਲੋਂ ਕੀਤੇ ਗਏ ਇਸ ਇੰਕਸ਼ਾਫ ਕਿ ਦੁਨੀਆਂ ਭਰ ਵਿਚ ਕਾਲੇ ਧੰਨ ਦੀ ਸੰਭਾਲ ਕਰਨ ਵਾਲੇ ਸਵਿਸ ਤੇ ਇਟਲੀ ਦੇ ਬੈਂਕਾਂ ਦੀਆਂ ਪੰਜ ਬ੍ਰਾਂਚਾਂ ਭਾਰਤ ਵਿਚ ਖੋਲ੍ਹੇ ਜਾਣ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ।

ਅਕਾਲੀ ਆਗੂ ਨੇ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਜੋ ਸਾਫ-ਸੁਥਰੀ ਸ਼ਖਸੀਅਤ ਦੇ ਮਾਲਕ ਹਨ ਨੂੰ ਲੋਟੂਆਂ ਦੇ ਟੋਲੇ 'ਤੇ ਅਧਾਰਤ ਪਾਰਟੀ ਦੀ ਅਗਵਾਈ ਛੱਡ ਦੇਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਵੱਲੋਂ ਡਾ. ਮਨਮੋਹਨ ਸਿੰਘ ਨੂੰ ਸਿਆਸੀ ਤੌਰ 'ਤੇ ਨੁੱਕਰੇ ਲਾਉਣ ਦਾ ਅਮਲ ਕਾਫ਼ੀ ਪਹਿਲਾਂ ਸ਼ੁਰੂ ਹੋ ਗਿਆ ਹੈ ਤੇ ਇਹ ਹਾਲੀਆ ਘੁਟਾਲੇ ਇਸ ਗੱਲ ਦਾ ਪ੍ਰਤੀਕ ਹਨ।

# ਪੰਜਾਬ ਸਰਕਾਰ ਆਪਣੀਆਂ ਪ੍ਰਾਪਤੀਆਂ ਦੱਸਣ ਲਈ ਖਰਚੇਗੀ ਕਰੋੜਾਂ ਰੁਪਏ

**ਲੁਧਿਆਣਾ:** ਪੰਜਾਬ ਸਰਕਾਰ ਆਪਣੀਆਂ ਪ੍ਰਾਪਤੀਆਂ ਦੱਸਣ ਲਈ ਕਰੋੜਾਂ ਰੁਪਏ ਰੁਪਏ ਖਰਚੇਗੀ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਕਾਂਗਰਸ ਦੇ ਉਭਾਰ ਤੇ ਪਾਰਟੀ ਤੋਂ ਵੱਖ ਹੋਏ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਬਾਦਲ ਦੀਆਂ ਸਰਗਰਮੀਆਂ ਨੂੰ ਵੇਖਦਿਆਂ ਚੋਣਾਂ ਤੋਂ ਇਕ ਵਰ੍ਹਾ ਪਹਿਲਾਂ ਹੀ ਇਸ਼ਤਿਹਾਰਬਾਜ਼ੀ 'ਤੇ ਕਰੋੜਾਂ ਰੁਪਏ ਖਰਚ ਕਰਨੇ ਸ਼ੁਰੂ ਕਰ ਦਿੱਤੇ ਹਨ।

ਇਸ ਵਾਰ ਪੰਜਾਬ ਸਰਕਾਰ ਦੀਆਂ ਪ੍ਰਾਪਤੀਆਂ ਮੋਬਾਈਲ 'ਤੇ ਮਿਲਣਗੀਆਂ ਤੇ ਪਹਿਲਾ ਐਸ.ਐਮ.ਐਸ. 18 ਫਰਵਰੀ ਨੂੰ ਫਲੈਸ਼ ਕਰ ਦਿੱਤਾ ਗਿਆ। ਅਕਾਲੀ ਦਲ-ਭਾਜਪਾ ਸਰਕਾਰ ਮੋਬਾਈਲ ਫੋਨ ਮੀਡੀਆ ਨੂੰ ਆਪਣੇ ਪ੍ਰਚਾਰ-ਪ੍ਰਸਾਰ ਵਾਸਤੇ ਵਰਤਣ ਵਾਲੀ ਸੂਬੇ ਦੀ ਪਹਿਲੀ ਸਰਕਾਰ ਵੀ ਬਣ ਗਈ ਹੈ।ਪਲੇਠੇ ਐਸ.ਐਮ.ਐਸ. 'ਚ ਸੂਬੇ ਦੇ ਤਿੰਨ ਅੰਤਰਰਾਸ਼ਟਰੀ ਹਵਾਈ ਅੱਡਿਆਂ ਤੇ ਦੋ ਘਰੇਲੂ ਹਵਾਈ ਅੱਡਿਆਂ ਦੀ ਪ੍ਰਾਪਤੀ ਬਾਰੇ ਦੱਸਿਆ ਗਿਆ।

ਸਰਕਾਰ ਵੱਲੋਂ ਪਿਛਲੇ ਮਹੀਨੇ ਹੀ ਆਪਣੀਆਂ ਪ੍ਰਾਪਤੀਆਂ ਮੋਬਾਈਲ ਫੋਨਾਂ 'ਤੇ ਐਸ.ਐਮ.ਐਸ. ਰਾਹੀਂ ਭੇਜਣ ਲਈ ਲੋਕ ਸੰਪਰਕ ਵਿਭਾਗ ਵੱਲੋਂ ਮੰਗੇ ਗਏ ਟੈਂਡਰਾਂ ਨੂੰ ਅੰਤਿਮ ਰੂਪ ਦਿੱਤਾ ਗਿਆ ਸੀ। ਸਰਕਾਰ ਦੀਆਂ ਪ੍ਰਾਪਤੀਆਂ ਨੂੰ ਲੋਕਾਂ ਤੱਕ ਐਸ.ਐਮ.ਐਸ. ਰਾਹੀਂ ਪਹੁੰਚਾਉਣ ਲਈ ਸਫਲ ਬੋਲੀਕਾਰ ਵਜੋਂ ਪੰਜਾਬ ਦਾ ਇਕ ਹਿੰਦੀ ਅਖ਼ਬਾਰ ਅੱਗੇ ਆਇਆ ਹੈ ਜੋ ਪ੍ਰਤੀ ਐਸ.ਐਮ.ਐਸ. ਦੋ ਪੈਸੇ ਸਰਕਾਰ ਤੋਂ ਲਵੇਗਾ। ਸੀਨੀਅਰ ਅਧਿਕਾਰੀ ਅਨੁਸਾਰ ਸੂਬੇ ਵਿਚ ਦੋ ਕਰੋੜ ਮੋਬਾਈਲ ਫੋਨ ਧਾਰਕ ਹਨ ਜਿਨ੍ਹਾਂ ਤੱਕ ਪਹੁੰਚ ਕਰਨ ਲਈ ਐਸ.ਐਮ.ਐਸ. ਸਭ ਤੋਂ ਸੌਖਾ ਤੇ ਸਸਤਾ ਸਾਧਨ ਹੈ। ਮਿਸਾਲ ਵਜੋਂ ਸਰਕਾਰ ਨੂੰ ਇਕ ਦਿਨ ਦਾ ਇਨ੍ਹਾਂ ਸਾਰੇ ਮੋਬਾਈਲ ਖਪਤਕਾਰਾਂ ਨੂੰ ਐਸ.ਐਮ.ਐਸ. ਭੇਜਣ ਦਾ ਖਰਚਾ 4 ਲੱਖ ਰੁਪਏ ਪਏਗਾ।

ਸਰਕਾਰ ਵੱਲੋਂ ਕੰਪਨੀ ਨਾਲ ਕੀਤੇ ਕਰਾਰ ਮੁਤਾਬਕ ਇਸ ਮੋਬਾਈਲ ਮੀਡੀਆ ਰਾਹੀਂ ਮਹੀਨੇ 'ਚ ਘੱਟ ਤੋਂ ਘੱਟ ਪੰਜ ਵਾਰ ਸਰਕਾਰ ਦੀਆਂ ਪ੍ਰਾਪਤੀਆਂ ਦੇ ਐਸ.ਐਮ.ਐਸ. ਭੇਜੇ ਜਾਣਗੇ। ਦੱਸਣਯੋਗ ਹੈ ਕਿ ਸੂਬੇ ਵਿਚ ਮੋਬਾਈਲ ਐਸ.ਐਮ.ਐਸ. ਨੂੰ ਵੱਡੇ ਪੱਧਰ 'ਤੇ ਪ੍ਰਚਾਰ ਮਾਧਿਅਮ ਬਣਾਉਣ ਦੀ ਪਹਿਲ ਸਰਕਾਰ ਵੱਲੋਂ ਬਰਤਰਫ਼ ਕੀਤੇ ਗਏ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੀਤੀ ਸੀ ਤੇ ਉਸ ਨੂੰ ਮਿਲੇ ਹੁੰਗਾਰੇ ਨੂੰ ਦੇਖਦਿਆਂ ਸਰਕਾਰ ਨੇ ਵੀ ਆਪਣੀਆਂ ਪ੍ਰਾਪਤੀਆਂ ਦੇ ਐਸ.ਐਮ.ਐਸ. ਭੇਜਣ ਦਾ ਮਨ ਬਣਾਇਆ ਸੀ।

# ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਮਾਮਲੇ ਪ੍ਰਧਾਨ ਮੰਤਰੀ ਕੋਲ ਉਠਾਉਣ ਦਾ ਫ਼ੈਸਲਾ

**ਅੰਮ੍ਰਿਤਸਰ :** ਇਟਲੀ ਦੇ ਵੱਖ-ਵੱਖ ਹਵਾਈ ਅੱਡਿਆਂ ਤੇ ਸਿੱਖਾਂ ਨੂੰ ਦਸਤਾਰ ਉਤਾਰਨ ਲਈ ਮਜਬੂਰ ਕਰਨ, ਕੈਨੇਡਾ ਦੇ ਕਿਊਬਕ ਸੂਬੇ ਦੀ ਵਿਧਾਨ ਸਭਾ 'ਚ ਕ੍ਰਿਪਾਨ 'ਤੇ ਪਾਬੰਦੀ ਲਗਾਉਣ ਤੇ ਫਰਾਂਸ 'ਚ ਸਿੱਖ ਬੱਚਿਆਂ ਦੇ ਦਸਤਾਰ ਸਜਾਉਣ 'ਤੇ ਪਾਬੰਦੀ ਲਗਾਉਣ ਕਾਰਨ ਸਿੱਖਾਂ ਨੂੰ ਕੌਮਾਂਤਰੀ ਪੱਧਰ 'ਤੇ ਪੇਸ਼ ਆ ਰਹੀਆਂ ਮੁਸ਼ਕਲਾਂ ਦੇ ਤਰੁੰਤ ਹੱਲ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਪੱਤਰ ਲਿਖ ਕੇ ਮੁਲਾਕਾਤ ਲਈ ਸਮਾਂ ਮੰਗਿਆ ਹੈ।

ਜਥੇਦਾਰ ਮੱਕੜ ਨੇ ਪੱਤਰ 'ਚ ਕਿਹਾ ਹੈ ਕਿ ਸਿੱਖਾਂ ਦੀ ਪਛਾਣ ਨੂੰ ਕੌਮਾਂਤਰੀ ਪੱਧਰ 'ਤੇ ਮਾਨਤਾ ਦਿਵਾਉਣ ਲਈ ਸਰਕਾਰ ਅਸਫ਼ਲ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮੇਂ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਸਿੱਖਾਂ ਦੀ ਪਛਾਣ ਨੂੰ ਕੌਮਾਂਤਰੀ ਪੱਧਰ 'ਤੇ ਮਾਨਤਾ ਦਿਵਾਉਣ ਲਈ





ਤਰੁੰਤ ਕਾਰਵਾਈ ਕਰੇ। ਉਧਰ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਨਿਰਮਲ ਸਿੰਘ ਖਾਲਸਾ ਨੇ ਕਿਹਾ ਹੈ ਕਿ ਇਟਲੀ ਦੇ ਮਿਲਾਨ ਹਵਾਈ ਅੱਡੇ ਵਿਖੇ ਜਾਮਾ ਤਲਾਸ਼ੀ ਦੌਰਾਨ ਦਸਤਾਰ ਉਤਾਰਨ ਲਈ ਮਜਬੂਰ ਕੀਤੇ ਜਾਣ ਦਾ ਮਾਮਲਾ ਰਾਸ਼ਟਰਪਤੀ ਕੋਲ ਉਠਾਉਣਗੇ ਤਾਂ ਜੋ ਵਿਦੇਸ਼ੀ ਹਵਾਈ ਅੱਡਿਆਂ 'ਤੇ ਤਲਾਸ਼ੀ ਦੌਰਾਨ ਦਸਤਾਰ ਦੇ ਹੋ ਰਹੇ ਨਿਰਾਦਰ ਨੂੰ ਰੋਕਿਆ ਜਾ ਸਕੇ। ਭਾਈ ਨਿਰਮਲ ਸਿੰਘ ਖਾਲਸਾ ਨੂੰ ਦਸਤਾਰ ਉਤਾਰਨ ਲਈ ਮਜਬੂਰ ਕੀਤੇ ਜਾਣ ਦੀ ਘਟਨਾ 21 ਜਨਵਰੀ ਨੂੰ ਉਸ ਵੇਲੇ ਵਾਪਰੀ ਸੀ ਜਦੋਂ ਉਹ ਆਪਣੇ ਦੋ ਸਾਥੀਆਂ ਸਮੇਤ ਇਟਲੀ ਦੇ ਸ਼ਹਿਰ ਬਰੇਸ਼ੀਆ ਤੋਂ ਭਾਰਤ ਵਾਪਸ ਆ ਰਹੇ ਸਨ। ਉਨ੍ਹਾਂ ਦੱਸਿਆ ਕਿ ਉਹ ਜਦੋਂ ਮਿਲਾਨ ਹਵਾਈ ਅੱਡੇ 'ਤੇ ਪੁੱਜੇ ਤਾਂ ਸੁਰੱਖਿਆ ਅਧਿਕਾਰੀਆਂ ਵੱਲੋਂ ਉਨ੍ਹਾਂ ਦੀ ਤਲਾਸ਼ੀ ਲਈ ਗਈ। ਇਸ ਤਲਾਸ਼ੀ ਦੌਰਾਨ ਕੋਈ ਵੀ ਚੀਜ਼ ਇਤਰਾਜ਼ਯੋਗ ਸਾਹਮਣੇ ਨਹੀਂ ਆਈ। ਇਮੀਗਰੇਸ਼ਨ ਦੀ ਇਸ ਪ੍ਰਕਿਰਿਆ ਦੌਰਾਨ ਜਦੋਂ ਉਹ ਅਗਲੇ ਪੜਾਅ 'ਤੇ ਪੁੱਜੇ ਤਾਂ ਹਵਾਈ ਅੱਡੇ ਦੇ ਕੁਝ ਅਧਿਕਾਰੀਆਂ ਨੇ ਉਨ੍ਹਾਂ ਨੂੰ ਇਕ ਵੱਖਰੇ ਕਮਰੇ ਵਿਚ ਚੱਲਣ ਲਈ ਕਿਹਾ। ਉਹ ਤਿੰਨੋਂ ਵੱਖਰੇ ਕਮਰੇ ਵਿਚ ਚਲੇ ਗਏ ਜਿਥੇ ਅਧਿਕਾਰੀਆਂ ਨੇ ਉਨ੍ਹਾਂ ਨੂੰ ਦਸਤਾਰ ਉਤਾਰਨ ਲਈ ਮਜਬੂਰ ਕੀਤਾ। ਅੰਮ੍ਰਿਤਸਰ ਪੁੱਜਣ 'ਤੇ ਉਨ੍ਹਾਂ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਜਾਣੂੰ ਕਰਵਾਇਆ।

# ਵੀਹ ਹਜ਼ਾਰ ਭਾਰਤੀਆਂ ਨੂੰ ਮਿਲੇਗੀ ਬਰਤਾਨੀਆ ਜਾਣ ਦੀ ਆਗਿਆ

**ਲੰਦਨ (ਪੰਜਾਬ ਟਾਈਮਜ਼ ਬਿਊਰੋ):** ਹੁਣ ਛੇਤੀ ਹੀ ਹਰ ਵਰ੍ਹੇ ਸੂਚਨਾ ਉਦਯੋਗ ਦੇ ਖੇਤਰ ਨਾਲ ਜੁੜੇ 20,000 ਭਾਰਤੀ ਪੇਸ਼ੇਵਰਾਂ ਨੂੰ ਬਰਤਾਨੀਆ ਜਾਣ ਦੀ ਆਗਿਆ ਮਿਲਣ ਵਾਲੀ ਹੈ। ਬੈਲਜੀਅਮ ਦੀ ਰਾਜਧਾਨੀ 'ਚ ਯੂਰਪੀ ਸੰਘ ਤੇ ਭਾਰਤ 'ਚ ਹੋਈ ਗੱਲਬਾਤ ਦੇ ਪੱਧਰ 'ਤੇ ਪਹੁੰਚੇ ਮੁਕਤ ਵਪਾਰ ਸਮਝੌਤੇ ਦੇ ਤਹਿਤ ਇਹ ਆਗਿਆ ਦਿੱਤੀ ਜਾਵੇਗੀ।

ਇਸ ਤਰ੍ਹਾਂ ਦੇ ਵੀਜ਼ੇ 'ਚ ਵਿਦੇਸ਼ੀ ਕੰਪਨੀਆਂ ਨੂੰ ਬਰਤਾਨੀਆ 'ਚ ਵੱਧ ਤੋਂ ਵੱਧ ਪੰਜ ਸਾਲਾਂ ਦੇ ਲਈ ਸਸਤੇ ਦਰ 'ਤੇ ਪੇਸ਼ੇਵਰ ਕਾਮੇ ਮੁਹੱਈਆ ਕਰਵਾਉਣ ਦੀ ਆਗਿਆ ਮਿਲਦੀ ਹੈ। ਜੂਨ ਦੇ ਅੰਤ ਤੱਕ ਇਸ ਸਮਝੌਤੇ ਨੂੰ ਮਨਜ਼ੂਰੀ ਮਿਲਣ ਦੀ ਉਮੀਦ ਹੈ। 2007 'ਚ ਯੂਰਪੀ ਸੰਘ ਦੇ ਵਪਾਰ ਸਕੱਤਰ ਐਲ. ਮੰਡੇਲਸਨ ਦੀਆਂ ਕੋਸ਼ਿਸ਼ਾਂ ਨੇ ਇਸ ਸਮਝੌਤੇ ਦੀ ਨੀਂਹ ਰੱਖੀ ਸੀ। ਇਸ ਸਮਝੌਤੇ ਦੇ ਬਾਅਦ ਭਾਰਤੀ ਪੇਸ਼ਾਵਰਾਂ ਨੂੰ ਨਾ ਸਿਰਫ਼ ਬਰਤਾਨੀਆ ਦੇ ਨਵੇਂ ਪਰਵਾਸ ਨਿਯਮਾਂ ਤੋਂ ਛੋਟ ਮਿਲੇਗੀ ਬਲਕਿ ਪਹਿਲੇ ਵਰ੍ਹੇ ਉਨ੍ਹਾਂ ਨੂੰ ਰਾਸ਼ਟਰੀ ਬੀਮੇ ਤੋਂ ਵੀ ਰਾਹਤ ਮਿਲੇਗੀ। ਇਹ ਯੂਰਪੀ ਸੰਘ ਦੇ ਦੇਸ਼ਾਂ 'ਚ 27 ਦੇਸ਼ਾਂ ਦੇ ਪੇਸ਼ਾਵਰਾਂ ਲਈ ਨਿਰਧਾਰਿਤ ਕੋਟੇ ਦਾ 40 ਫੀਸਦੀ ਹੈ। ਦੱਸਣਯੋਗ ਹੈ ਕਿ ਪਿਛਲੇ ਵਰ੍ਹੇ ਬਰਤਾਨੀਆ ਦੇ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਗੈਰ ਯੂਰਪੀ ਪੇਸ਼ਾਵਰਾਂ ਦੀ ਗਿਣਤੀ 20,700 ਤੱਕ ਸੀਮਤ ਕਰਨ ਦਾ ਐਲਾਨ ਕੀਤਾ ਸੀ।

ਇੰਟਰਨੈਟ ਉਤੇ
ਪੰਜਾਬ ਟਾਈਮਜ਼
ਪੜ੍ਹਨ ਲਈ ਕਲਿਕ ਕਰੋ:
www.punjabtimesusa.com

All Star Auto Care
Grand Opening
27165 Mission Blvd, HAYWARD CA 94544 (Next to Tandoor Restaurant)

Guljender Dhami
Master Technician
ASE CERTIFIED
MASTER AUTO TECHNICIAN
Oil Change
Special
Look
Up to 5Qts
10-30 or 10-40 Oil
$19.95
Plus disposal fee.
Free Safety Check.
Cash Only
With this coupon only most Cars.
Light Trucks & Vans Extra.
Tune-up Package
Starting at $89 Reg. $145
Spark Plugs, Cap & Rotor, Most Cars,
Light Trucks & Vans extra.
Brake Special
Front or Rear
Starting at $89.99 Reg. $130
Free Tire Rotation
Turn Rotors or Brakes Extra.
With this coupon.
Phone:510-885-0666

Dhillon Truck Stop / Dhillon Road Service

ਪੰਜਾਬੀ ਢਾਬਾ
Gill Manj Gurdaspur Wale
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Interstate 40, exit 356, San Jon, NM
Ph : 575-576-4111, 317-918-6776

Are Worries Keeping You Awake?
Watch Your Business AnyTime Any Place.

ALL-IN-ONE
Attention Business Owners!!
Are You Worried About Your Business When You`re Not There?
Watch your business from anywhere on iPhone with our new technology
QuikStop Shell pm 7 ELEVEN 76 Holiday Inn Denny's Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566 www.dvrunlimited.com

G.M. Lawrence Insurance Brokerage ਅਤੇ Valley Truck Services
ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing


ਸਾਨੂੰ ਅੱਜ ਹੀ ਕਾਲ ਕਰੋ
ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawrenceins.com
ਟਰਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com


ਟਰੱਕਿੰਗ ਬਿਜਨਸ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਇਕੋ ਜਗ੍ਹਾ 'ਤੇ
Ph:(209) 474-2771, (888) 474-2771
7746 Lorraine Aenue #214, Stockton, CA 95210
ਟਰੱਕਿੰਗ ਬਿਜਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇੱਕੋ ਜਗਾ ਤੇ

# ਹੋਣਹਾਰ ਵਿਦਿਆਰਥਣ ਗਗਨਦੀਪ ਮਹਿਰੋਕ

**ਸਟਾਕਟਨ:** ਲੋਡਾਈ ਸ਼ਹਿਰ ਦੀ ਰਹਿਣ ਵਾਲੀ ਗਗਨਦੀਪ ਜੋ ਅਜੇ ਜ਼ਿੰਦਗੀ ਦੇ ਗਿਆਰ੍ਹਵੇਂ ਵਰ੍ਹੇ ਵਿਚ ਛੇਵੀਂ ਜਮਾਤ ਦੀ ਵਿਦਿਆਰਥਣ ਹੈ, ਨਾਲ ਮੇਰਾ ਵਾਹ ਕੋਈ ਤਿੰਨ ਕੁ ਵਰ੍ਹੇ ਪਹਿਲਾਂ ਪਿਆ ਸੀ। ਸਥਾਨਕ ਪੰਜਾਬੀ ਸਕੂਲ ਦੇ ਭਾਸ਼ਣ ਮੁਕਾਬਲੇ ਵਿਚ ਉਸ ਵੇਲੇ ਉਸ ਦੀ ਮਦਦ ਕਰਨਾ ਮੈਨੂੰ ਕਾਫ਼ੀ ਚੰਗਾ ਲੱਗ ਰਿਹਾ ਸੀ। ਉਸ ਦੀ ਯਾਦਦਾਸ਼ਤ, ਸਵੈ-ਵਿਸ਼ਵਾਸ ਅਤੇ ਤਕਰੀਰ ਦਾ ਲਹਿਜਾ ਉਸ ਦੇ ਜੀਵਨ ਦੀ ਭਵਿੱਖਬਾਣੀ ਕਰ ਰਹੇ ਸਨ ਜਿਨ੍ਹਾਂ ਸਦਕਾ ਉਸ ਨੇ ਆਰੰਭਕ ਸਕੂਲੀ ਮੁਕਾਬਲਿਆਂ ਤੋਂ ਇਲਾਵਾ 2009 ਵਿਚ 'ਹੇਮਕੁੰਟ ਫ਼ਾਊਂਡੇਸ਼ਨ ਇੰਟਰਨੈਸ਼ਨਲ' ਵੱਲੋਂ ਕਰਵਾਏ ਪੰਜਾਬੀ ਭਾਸ਼ਣ ਮੁਕਾਬਲੇ ਵਿਚ ਸੋਨੇ ਦਾ ਤਮਗ਼ਾ ਪ੍ਰਾਪਤ ਕੀਤਾ ਅਤੇ ਹੁਣ ਲੋਡਾਈ ਸਕੂਲ ਡਿਸਟ੍ਰਿਕਟ ਵੱਲੋਂ ਕਰਵਾਏ ਬੱਚਿਆਂ ਦੇ ਤਕਰੀਰੀ ਮੁਕਾਬਲਿਆਂ ਵਿਚ ਇਨਾਮ ਵਜੋਂ ਕੁਝ ਰਕਮ ਪ੍ਰਾਪਤ ਕੀਤੀ। ਨਾਲ ਹੀ ਉਸ ਨੂੰ ਸਥਾਨਕ ਅੰਗਰੇਜ਼ੀ ਅਖ਼ਬਾਰ ਦੇ ਇਕ ਪੰਨੇ 'ਤੇ ਵੀ ਵਿਸ਼ੇਸ਼ ਥਾਂ ਮਿਲੀ। ਗਗਨਦੀਪ ਵੱਲੋਂ ਅੰਗਰੇਜ਼ੀ ਵਿਚ ਕੀਤੀ ਤਕਰੀਰ ਦਾ ਹੂਬਹੂ ਤਰਜਮਾ ਮੈਂ ਪੰਜਾਬੀ ਪਾਠਕਾਂ, ਖ਼ਾਸ ਤੌਰ 'ਤੇ ਪੰਜਾਬੀ ਬੱਚਿਆਂ ਲਈ ਪੇਸ਼ ਕਰ ਰਿਹਾ ਹਾਂ:

"ਮੈਨੂੰ ਇਕ ਵਾਰ ਅੰਗਰੇਜ਼ੀ ਮੂਵੀ ਵੇਖਣ ਦਾ ਮੌਕਾ ਮਿਲਿਆ ਜਿਸ ਦਾ ਨਾਂ ਸੀ-'ਮਾਈ ਨੇਮ ਇਜ ਖ਼ਾਨ'। ਇਸ ਵਿਚ ਫ਼ਿਲਮ ਦਾ ਹੀਰੋ ਆਪਣੇ ਮੁਸਲਿਮ ਪਿਛੋਕੜ ਕਰਕੇ ਦੁਰਵਿਹਾਰ ਦਾ ਸ਼ਿਕਾਰ ਹੁੰਦਾ ਹੈ। ਕਸੂਰ ਉਸ ਦਾ ਆਪਣਾ ਕੋਈ ਨਹੀਂ ਸੀ ਪਰ ਕਿਉਂਕਿ ਉਸ ਦੀ ਪਛਾਣ ਵਰਗੇ ਕਈ ਹੋਰ ਜ਼ਿੰਦਗੀ ਦੇ ਸਹੀ ਰਸਤੇ ਤੋਂ ਭਟਕ ਕੇ ਗ਼ਲਤ ਰਾਹੇ ਪੈ ਜਾਂਦੇ ਹਨ, ਇਸ ਲਈ ਉਸ 'ਤੇ ਵੀ ਅਤਿਵਾਦੀ ਹੋਣ ਦਾ ਦੋਸ਼ ਮੜ੍ਹ ਦਿੱਤਾ ਜਾਂਦਾ ਹੈ।

ਬੱਸ, ਇਥੋਂ ਹੀ ਮੈਂ ਅੱਜ ਦੀ ਗੱਲਬਾਤ ਦਾ ਸਿਲਸਿਲਾ ਸ਼ੁਰੂ ਕਰਨ ਜਾ ਰਹੀ ਹਾਂ ਕਿ ਕਿਸੇ ਵਿਅਕਤੀ ਦੇ ਪਿਛੋਕੜ ਦੇ ਆਧਾਰ 'ਤੇ ਉਸ 'ਤੇ ਅਲੱਗਤਾ ਦਾ ਲੇਬਲ ਨਹੀਂ ਲਾ ਦੇਣਾ ਚਾਹੀਦਾ, ਬਲਕਿ ਉਹ ਖ਼ੁਦ ਕਿਹੋ ਜਿਹਾ ਇਨਸਾਨ ਹੈ, ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ। ਕੀ ਮੇਰੇ ਸਤਿਕਾਰਯੋਗ ਸੁਣਨ ਵਾਲਿਆਂ ਵਿਚੋਂ ਵੀ ਕਿਸੇ ਨੂੰ ਅਜਿਹੀ ਮੰਦਭਾਗੀ ਹਾਲਤ ਦਾ ਸਾਹਮਣਾ ਕਰਨਾ ਪਿਆ ਹੈ, ਜਿਸ ਵਿਚ ਕਦੀ ਉਸ ਨੇ ਆਪਣੇ ਆਪ ਨੂੰ ਵੱਖਰੇ ਸਮਾਜਕ ਪਿਛੋਕੜ ਕਾਰਨ ਹੋਰਨਾਂ ਨਾਲੋਂ ਅਲੱਗ-ਥਲੱਗ ਹੋਇਆ ਮਹਿਸੂਸ ਕੀਤਾ ਹੋਵੇ! ਮੇਰੇ ਨਾਲ ਅਜਿਹਾ ਦੁਖਾਂਤ ਜ਼ਰੂਰ ਵਾਪਰਿਆ ਹੈ ਜਿਸ ਤੋਂ ਮੈਨੂੰ ਇਹ ਅਹਿਸਾਸ ਹੋਇਆ ਕਿ ਕਿਸੇ ਵਿਅਕਤੀ ਦੇ ਪਿਛੋਕੜ ਤੋਂ ਉਪਰ ਉਠ ਕੇ ਉਸ ਦੇ ਨਿੱਜਤਵ ਨੂੰ ਜਾਣਨਾ ਵੀ ਬਹੁਤ ਜ਼ਰੂਰੀ ਹੈ।



ਸਮੁੱਚੇ ਸੰਸਾਰ ਵਿਚ ਮਨੁੱਖ ਦੀ ਜਾਤ ਤਾਂ ਇਕੋ ਹੀ ਹੈ। ਇਹ ਤਾਂ ਅਸੀਂ ਤੇ ਤੁਸੀਂ ਹੀ ਹਾਂ ਜੋ ਵੰਡੀਆਂ ਪਾਉਂਦੇ ਹਾਂ। ਜਦੋਂ ਵੀ ਅਸੀਂ ਸੱਚੇ ਦਿਲ ਨਾਲ ਸੋਚਦੇ ਹਾਂ ਤਾਂ ਇਸ ਨਤੀਜੇ 'ਤੇ ਅੱਪੜਦੇ ਹਾਂ ਕਿ ਫ਼ਰਕ ਸਿਰਫ਼ ਚੰਗੇ ਤੇ ਮਾੜੇ ਗੁਣਾਂ ਦਾ ਹੈ, ਨੇਕੀ ਤੇ ਬਦੀ ਦਾ ਹੈ।

ਤੁਸੀਂ ਮੈਨੂੰ ਇਕ ਗੱਲ ਦੱਸੋ ਕਿ ਕੀ ਤੁਸੀਂ ਆਪਣੇ ਪਰਿਵਾਰ ਦੇ ਮੈਂਬਰਾਂ, ਰਿਸ਼ਤੇਦਾਰਾਂ ਜਾਂ ਦੋਸਤਾਂ-ਮਿੱਤਰਾਂ ਦਾ ਇਸੇ ਕਰਕੇ ਸਤਿਕਾਰ ਨਹੀਂ ਕਰਦੇ ਕਿਉਂਕਿ ਉਹ ਤੁਹਾਡਾ ਵੀ ਕਰਦੇ ਹਨ। ਹੁਣ ਭਲਾ ਜੇ ਉਹ ਤੁਹਾਡੇ ਤੋਂ ਪਾਸਾ ਵੱਟਣ ਲੱਗ ਪੈਣ ਅਤੇ ਗਹਿਰੀ ਨਿਗ੍ਹਾ ਨਾਲ ਤੱਕਣਾ ਸ਼ੁਰੂ ਕਰ ਦੇਣ, ਥਾਂ-ਥਾਂ ਤੁਹਾਡਾ ਮਜ਼ਾਕ ਉਡਾਉਣ; ਕੀ ਫਿਰ ਵੀ ਤੁਹਾਡੇ ਮਨ ਵਿਚ ਉਨ੍ਹਾਂ ਪ੍ਰਤੀ ਉਹੀ ਕਦਰ ਰਹੇਗੀ? ਮੈਂ ਤੁਹਾਡੇ ਨਾਲ ਅੱਜ ਅਜਿਹੇ ਹਾਲਾਤ ਬਾਰੇ ਹੀ ਗੱਲ ਕਰ ਰਹੀ ਹਾਂ।

ਮੈਂ ਚਾਹਾਂਗੀ ਕਿ ਇਨ੍ਹਾਂ ਹਾਲਾਤ ਬਾਰੇ ਅਸੀਂ ਗੰਭੀਰ ਹੋ ਕੇ ਸੋਚੀਏ, ਜਿਨ੍ਹਾਂ ਵਿਚੋਂ ਅਸੀਂ ਅੱਜ ਲੰਘ ਰਹੇ ਹਾਂ। ਜਿਹੜੇ ਸਾਨੂੰ ਵੱਖੋ-ਵੱਖਰੀ ਪਛਾਣ ਕਾਰਨ ਇਕ-ਦੂਜੇ ਤੋਂ ਦੂਰ ਕਰ ਰਹੇ ਹਨ। ਅੱਜ ਇਕ ਮੈਕਸੀਕਨ, ਅਫ਼ਰੀਕਨ-ਅਮਰੀਕਨ, ਭਾਰਤੀ ਜਾਂ ਮੁਸਲਿਮ ਆਪਣੇ ਵੱਖੋ-ਵੱਖਰੇ ਪਿਛੋਕੜਾਂ ਕਾਰਨ ਇਕ-ਦੂਜੇ ਤੋਂ ਦੂਰ-ਦੂਰ ਹੋਏ ਬੈਠੇ ਹਨ। ਇਸ ਨੂੰ ਠੀਕ ਕਰਨਾ ਜ਼ਰੂਰੀ ਹੈ। ਇਹ ਤਾਂ ਹੀ ਹੋ ਸਕਦਾ ਹੈ ਜੇ ਅਸੀਂ ਇਸ ਸੁਨਿਹਰੀ ਨੇਮ (ਰੂਲ) ਨੂੰ ਹਮੇਸ਼ਾ ਯਾਦ ਰੱਖੀਏ ਕਿ "ਹੋਰਾਂ ਨਾਲ ਅਜਿਹਾ ਵਰਤਾਓ ਕਰੋ ਜੋ ਅਸੀਂ ਉਨ੍ਹਾਂ ਤੋਂ ਉਮੀਦ ਰੱਖਦੇ ਹਾਂ ਕਿ ਉਹ ਤੁਹਾਡੇ ਨਾਲ ਕਰਨ।"

ਮੈਂ ਤੁਹਾਡੇ ਨਾਲ ਇਹ ਵਿਚਾਰ ਸਾਂਝਾ ਕਰਨਾ ਚਾਹੁੰਦੀ ਹਾਂ ਕਿ ਕਿਸੇ ਵਿਅਕਤੀ ਦੇ ਪਿਛੋਕੜ ਨੂੰ ਦੇਖਦਿਆਂ ਉਸ ਦੀ ਨਿਜੀ ਸ਼ਖ਼ਸੀਅਤ ਨੂੰ ਘੱਟ-ਵੱਧ ਕਰ ਕੇ ਨਹੀਂ ਦੇਖਣਾ ਚਾਹੀਦਾ; ਨਹੀਂ ਤਾਂ ਅਸੀਂ ਉਸ ਨਾਲ ਕਦੇ ਕੋਈ ਸਾਂਝ ਜਾਂ ਦੋਸਤੀ ਨਹੀਂ ਪਾ ਸਕਾਂਗੇ। ਇਸ ਦੀ ਪ੍ਰੌੜ੍ਹਤਾ ਲਈ ਮੈਂ ਛੋਟੀ ਜਿਹੀ ਉਦਾਹਰਣ ਦੇਣਾ ਚਾਹੁੰਦੀ ਹਾਂ। ਮੈਂ ਸਿੱਖ ਪਰਿਵਾਰ ਵਿਚੋਂ ਹਾਂ ਅਤੇ ਮੇਰੀ ਦੋਸਤ ਦਾ ਨਾਂ ਸਾਰਾਹ ਹੈ। ਸਾਰਾਹ ਮੁਸਲਿਮ ਘਰਾਣੇ ਨਾਲ ਸਬੰਧਤ ਹੈ, ਅਸੀਂ ਦੋਵੇਂ ਚੰਗੀਆਂ ਸਹੇਲੀਆਂ ਹਾਂ। ਜੇ ਅਸੀਂ ਤੰਗ ਨਜ਼ਰੀਏ ਵਾਲੀਆਂ ਹੁੰਦੀਆਂ ਤਾਂ ਨਾ ਸਾਡੀ ਕੋਈ ਦੋਸਤੀ ਹੋਣੀ ਸੀ, ਨਾ ਹੀ ਅਸੀਂ ਸ਼ਾਮ ਨੂੰ ਇਕੱਠਿਆਂ ਹੋ ਕੇ ਖੇਡ ਸਕਣਾ ਸੀ।

ਸਾਰਾਹ ਦੇ ਮੁਸਲਿਮ ਪਰਿਵਾਰ ਵਿਚੋਂ ਹੋਣ ਕਰਕੇ ਮੈਨੂੰ ਉਨ੍ਹਾਂ ਦੇ ਧਰਮ ਬਾਰੇ ਜਾਣਨ ਦਾ ਵਧੀਆ ਮੌਕਾ ਮਿਲੇਗਾ। ਚੰਗੀ, ਮਿਲਵਰਤਣ ਵਾਲੀ ਅਤੇ ਦਿਆਲੂ ਸੁਭਾਅ ਦੀ ਹੋਣ ਕਰਕੇ ਮੇਰੀ ਅਤੇ ਉਸ ਦੀ ਦੋਸਤੀ ਸੰਭਵ ਹੋਈ ਹੈ।

ਮੈਨੂੰ ਉਮੀਦ ਹੈ ਕਿ ਤੁਸੀਂ ਵੀ ਇਸ ਉਦਾਹਰਣ ਨਾਲ ਸਹਿਮਤ ਹੋਵੋਗੇ ਕਿ ਕਿਸੇ ਵਿਅਕਤੀ ਦੇ ਪਿਛੋਕੜ ਨੂੰ ਨਹੀਂ ਸਗੋਂ ਉਸ ਦੇ ਨਿਜੀ ਵਿਹਾਰ ਨੂੰ ਵੀ ਅਹਿਮੀਅਤ ਦੇਣੀ ਚਾਹੀਦੀ ਹੈ। ਦੋਵਾਂ ਦਾ ਜੋੜ ਹੀ ਕਿਸੇ ਵਿਅਕਤੀ ਦੀ ਸੰਪੂਰਨਤਾ ਹੈ। ਸਾਨੂੰ ਚਾਹੀਦਾ ਹੈ ਕਿ ਸਾਡੇ ਆਲੇ-ਦੁਆਲੇ ਵਿਚਰਣ ਵਾਲੇ ਲੋਕੀਂ ਭਾਵੇਂ ਸਾਡੇ ਵਿਚਾਰਾਂ ਨਾਲ ਸਹਿਮਤ ਹੋਣ ਜਾਂ ਨਾ, ਉਹ ਮੁਸਲਿਮ, ਕ੍ਰਿਸਚੀਅਨ, ਇਟਾਲੀਅਨ, ਮੈਕਸੀਕਨ ਜਾਂ ਕੋਈ ਵੀ ਹੋਣ; ਸਾਰਿਆਂ ਨਾਲ ਵਧੀਆ ਇਨਸਾਨਾਂ ਵਾਂਗੂੰ ਵਰਤਣਾ ਸ਼ੁਰੂ ਕਰੀਏ!

***-ਹਰਜਿੰਦਰ ਸਿੰਘ ਪੰਧੇਰ***

***ਫੋਨ:209-610-5055***

# ਡਾ. ਸੁਤਿੰਦਰ ਸਿੰਘ ਨੂਰ ਨੂੰ ਨਿੱਘੀ ਸ਼ਰਧਾਂਜਲੀ



**ਫਰੀਮਾਂਟ:** ਹਾਲ ਹੀ ਵਿਚ ਚਲਾਣਾ ਕਰ ਗਏ ਪੰਜਾਬੀ ਸਾਹਿਤਕਾਰ ਤੇ ਵਿਦਵਾਨ ਡਾ. ਸੁਤਿੰਦਰ ਸਿੰਘ ਨੂਰ ਦੀ ਯਾਦ ਵਿਚ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ, ਕੈਲੀਫੋਰਨੀਆ ਅਤੇ ਇੰਡੋ-ਯੂ.ਐਸ. ਡਾਇਲਾਗ ਸੰਸਥਾ ਵਲੋਂ ਕਰਵਾਏ ਗਏ ਇਕ ਸ਼ਰਧਾਂਜਲੀ ਸਮਾਗਮ ਮੌਕੇ ਵੱਖ ਵੱਖ ਸਾਹਿਤਕਾਰਾਂ, ਪੰਜਾਬੀ ਪ੍ਰੇਮੀਆਂ ਅਤੇ ਭਾਈਚਾਰਕ ਆਗੂਆਂ ਨੇ ਵਿਛੜੀ ਰੂਹ ਨੂੰ ਨਿੱਘੀਆਂ ਸ਼ਰਧਾਂਜਲੀਆਂ ਭੇਟ ਕੀਤੀਆਂ। ਪ੍ਰੋਗਰਾਮ ਦੇ ਅਰੰਭ ਵਿਚ ਦੋ ਮਿੰਟ ਦਾ ਮੌਨ ਰੱਖ ਕੇ ਡਾ. ਨੂਰ ਨੂੰ ਸ਼ਰਧਾਂਜਲੀ ਭੇਟ ਕੀਤੀ।

ਡਾ. ਨੂਰ ਨੂੰ ਚੇਤੇ ਕਰਦਿਆਂ ਪੰਜਾਬੀ ਸਾਹਿਤ ਅਕਾਦਮੀ ਦੇ ਚੇਅਰਮੈਨ ਸੁਖਵਿੰਦਰ ਸਿੰਘ ਕੰਬੋਜ ਨੇ ਆਖਿਆ ਕਿ ਡਾ. ਨੂਰ ਸਥਾਪਿਤ ਭਾਸ਼ਾ ਵਿਗਿਆਨੀ, ਮੌਲਿਕ ਸਾਹਿਤਕਾਰ, ਗਤੀਸ਼ੀਲ ਆਲੋਚਕ ਅਤੇ ਵਧੀਆ ਅਨੁਵਾਦਕ ਹੋਣ ਦੇ ਨਾਲ ਨਾਲ ਇਕ ਚੰਗੇ ਇਨਸਾਨ ਵੀ ਸਨ ਅਤੇ ਉਨ੍ਹਾਂ ਦੇ ਸ਼ਾਗਿਰਦਾਂ ਅਤੇ ਪ੍ਰਸ਼ੰਸਕਾਂ ਦਾ ਘੇਰਾ ਪੰਜਾਬ, ਭਾਰਤ ਅਤੇ ਪੂਰੀ ਦੁਨੀਆਂ ਵਿਚ ਫੈਲਿਆ ਹੋਇਆ ਹੈ। ਡਾ. ਨੂਰ ਦੀ ਘਾਟ ਲੰਮੇ ਸਮੇਂ ਤੱਕ ਮਹਿਸੂਸ ਕੀਤੀ ਜਾਏਗੀ। ਇੰਡੋ-ਯੂ.ਐਸ. ਡਾਇਲਾਗ ਸੰਸਥਾ ਦੇ ਪ੍ਰਧਾਨ ਕੁਲਦੀਪ ਸਿੰਘ ਧਾਲੀਵਾਲ ਨੇ ਇਸ ਮੌਕੇ ਬੋਲਦਿਆਂ ਆਖਿਆ ਕਿ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਸੀ ਕਿ 2008 ਵਿਚ ਉਨ੍ਹਾਂ ਦੇ ਸੱਦੇ ਉਤੇ ਅਮਰੀਕਾ ਆਏ ਡਾ. ਨੂਰ ਨੇ ਗਦਰ ਕਾਨਫਰੰਸ ਵਿਚ ਗਦਰ ਲਹਿਰ ਬਾਰੇ ਪਰਚਾ ਪੜ੍ਹਿਆ ਜੋ ਕਿ ਗਦਰੀ ਬਾਬਿਆਂ ਦੀ ਸੋਚ, ਸਮਾਜਿਕ ਪ੍ਰਬੰਧ ਅਤੇ ਉਨ੍ਹਾਂ ਦੇ ਆਰਥਿਕ ਸਰੋਕਾਰਾਂ ਉਪਰ ਆਧਾਰਤ ਸੀ। ਸ੍ਰੀ ਧਾਲੀਵਾਲ ਨੇ ਆਖਿਆ ਕਿ ਡਾ. ਨੂਰ ਉਨ੍ਹਾਂ ਦੀ ਸੰਸਥਾ ਨਾਲ ਮਿਲ ਕੇ 2013 ਵਿਚ ਆ ਰਹੀ ਗਦਰ ਲਹਿਰ ਦੀ ਸ਼ਤਾਬਦੀ ਨੂੰ ਮੁੱਖ ਰੱਖਦਿਆਂ ਦੁਨੀਆਂ ਦੇ 52 ਮਹਾਨ ਲੇਖਕਾਂ ਦੀਆਂ ਰਚਨਾਵਾਂ ਦੇ ਆਧਾਰ ਉਤੇ ਇਕ ਕਿਤਾਬ ਛਪਵਾ ਰਹੇ ਸਨ ਜਿਸ ਲਈ 25 ਲੇਖਕਾਂ ਨੇ ਆਪਣੇ ਲੇਖ ਭੇਜ ਵੀ ਦਿੱਤੇ ਸਨ। ਇਹ ਕਿਤਾਬ ਪੂਰੀ ਕਰਕੇ ਛਾਪੀ ਜਾਏਗੀ ਅਤੇ ਡਾ. ਨੂਰ ਨੂੰ ਇਹ ਇਕ ਸੱਚੀ ਸ਼ਰਧਾਂਜਲੀ ਹੋਵੇਗੀ।

ਇਸ ਸ਼ੋਕ ਸਭਾ ਨੂੰ ਸੰਬੋਧਨ ਕਰਨ ਵਾਲਿਆਂ ਵਿਚ ਗ਼ਜ਼ਲਗੋ ਕੁਲਵਿੰਦਰ, ਸੁਰਿੰਦਰ ਸੀਰਤ, ਪ੍ਰੋ. ਹਰਭਜਨ ਸਿੰਘ, ਗੁਲਿੰਦਰ ਸਿੰਘ ਗਿੱਲ, ਪ੍ਰੋ. ਲਾਲੀ ਧਨੋਆ, ਡਾ. ਇਕਬਾਲ ਸਿੰਘ ਗਿੱਲ, ਬਲਬੀਰ ਸਿੰਘ ਐਮ ਏ, ਜਸਪਾਲ ਸਿੰਘ ਸੈਣੀ ਅਤੇ ਸੁਖਦੇਵ ਸਾਹਿਲ ਦੇ ਨਾਂ ਸ਼ਾਮਲ ਹਨ। ਇਸ ਮੌਕੇ ਹਾਜ਼ਰ ਸ਼ਖਸੀਅਤਾਂ ਵਿਚ ਮਹਿੰਗਾ ਸਿੰਘ ਸਰਪੰਚ, ਅਸ਼ੋਕ ਤਾਂਗੜੀ, ਰੇਸ਼ਮ ਸਿੱਧੂ, ਜਗਜੀਤ ਨੌਸ਼ਹਿਰਵੀ, ਜਸ ਫਿਜ਼ਾ, ਅਮਨ ਬੋਪਾਰਾਏ, ਪੰਕਜ ਆਂਸਲ, ਓਮ ਪ੍ਰਕਾਸ਼ ਕਮਲ, ਸੁਬੇਗ ਸਿੰਘ ਗਿੱਲ, ਸੁਰਿੰਦਰ ਗਰੇਵਾਲ, ਵਿਜੇ ਕੁਮਾਰ, ਐਚ ਐਸ ਲੌਂਗਮੈਨ, ਗੁਰਜਤਿੰਦਰ ਸਿੰਘ ਰੰਧਾਵਾ, ਬਲਵਿੰਦਰ ਸਿੰਘ ਡੁਲਕੂ, ਗੁਰਦੀਪ ਸਿੰਘ ਗਿੱਲ, ਸੁਰਜੀਤ ਸਿੰਘ ਢਿੱਲੋਂ, ਯੂਬਾ ਸਿਟੀ ਸਾਹਿਤ ਸਭਾ ਦੇ ਪ੍ਰਧਾਨ ਹਰਬੰਸ ਸਿੰਘ ਜਗਿਆਸੂ, ਮਹਿੰਦਰ ਸਿੰਘ ਘੱਗ, ਮਨਜੀਤ ਕੌਰ ਸੇਖੋਂ, ਪ੍ਰੋ. ਅਮਰੀਕ ਸਿੰਘ, ਪੱਤਰਕਾਰ ਹੁਸਨ ਲੜੋਆ ਬੰਗਾ, ਮਾਸਟਰ ਧਰਮਪਾਲ ਰਿੰਕੂ, ਕਸ਼ਮੀਰ ਸਿੰਘ ਧੁੱਗਾ, ਮਨਜੀਤ ਸਿੰਘ, ਸਨੀਵੇਲ ਹਿੰਦੂ ਟੈਂਪਲ ਦੇ ਰਾਜ ਭਨੋਟ, ਅਵਤਾਰ ਲਾਖਾ ਅਤੇ ਗਾਇਕ ਜਸਵੀਰ ਥਾਂਦੀ ਸ਼ਾਮਲ ਸਨ।











## ਪੰਜਾਬ ਸਰਕਾਰ ਨੇ 'ਕੌਮਾਂਤਰੀ ਮਾਂ ਬੋਲੀ ਦਿਵਸ' ਨੂੰ ਵਿਸਾਰਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਵੇਂ 'ਪੰਥ ਹਿਤੈਸ਼ੀ' ਅਖਵਾਉਣ ਵਾਲੀ ਅਕਾਲੀ ਸਰਕਾਰ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਨਾਹਰੇ ਲਾਉਣੋਂ ਨਹੀਂ ਥੱਕਦੀ ਪਰ ਇਸ ਦੇ ਇਰਾਦਿਆਂ ਦੀ ਪੋਲ ਉਸ ਵੇਲੇ ਖੁੱਲ੍ਹੀ ਜਦੋਂ 21 ਫਰਵਰੀ ਨੂੰ 'ਕੌਮਾਂਤਰੀ ਮਾਂ ਬੋਲੀ ਦਿਵਸ' ਮੌਕੇ ਕੋਈ ਸਮਾਗਮ ਨਾ ਕਰਾਇਆ ਗਿਆ। ਇਸ ਮੌਕੇ ਸਿਆਸੀ ਆਗੂ ਆਪਣੀਆਂ ਸਿਆਸੀ ਰੈਲੀਆਂ 'ਚ ਮਸਰੂਫ ਰਹੇ ਤੇ ਕਿਸੇ ਨੇ ਵੀ ਪੰਜਾਬੀ ਬਾਰੇ ਦੋ ਸ਼ਬਦ ਬੋਲਣ ਦਾ ਕਸ਼ਟ ਨਾ ਕੀਤਾ। ਇਸ ਦਿਨ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਮਾਲਵੇ 'ਚ ਰੈਲੀਆਂ ਦੌਰਾਨ ਵਿਰੋਧੀਆਂ 'ਤੇ ਚਿੱਕੜ ਹੀ ਉਛਾਲਦੇ ਰਹੇ ਪਰ ਉਨ੍ਹਾਂ ਨੂੰ ਮਾਂ ਬੋਲੀ ਬਾਰੇ ਕੁਝ ਕਹਿਣ ਦਾ ਸਮਾਂ ਹੀ ਨਾ ਮਿਲਿਆ।




ਸਾਹਿਤਕਾਰ ਸੁਰਜੀਤ ਪਾਤਰ ਨੇ ਸ਼ਿਕਵਾ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਇਸ ਕੌਮਾਂਤਰੀ ਦਿਵਸ ਮੌਕੇ ਕੋਈ ਸਮਾਗਮ ਹੀ ਨਹੀਂ ਕੀਤਾ ਗਿਆ ਹੈ ਜੋ ਕਿ ਚੰਗਾ ਸੰਕੇਤ ਨਹੀਂ ਹੈ। ਉਨ੍ਹਾਂ ਆਖਿਆ ਕਿ ਇਸ ਦਿਨ ਹਰ ਮੁਲਕ ਵੱਲੋਂ ਆਪੋ ਆਪਣੀ ਮਾਂ ਬੋਲੀ ਦੇ ਸਨਮਾਨ 'ਚ ਵੱਡੀ ਪੱਧਰ 'ਤੇ ਸਮਾਗਮ ਕੀਤੇ ਗਏ ਹਨ ਪਰ ਅਫਸੋਸ ਦੀ ਗੱਲ ਹੈ ਕਿ ਪੰਜਾਬ ਸਰਕਾਰ ਵੱਲੋਂ ਇਸ ਦਿਵਸ ਦੇ ਮੌਕੇ ਮਾਂ ਬੋਲੀ ਪੰਜਾਬੀ ਦੇ ਸਨਮਾਨ 'ਚ ਕੋਈ ਸਮਾਗਮ ਨਹੀਂ ਰੱਖਿਆ ਗਿਆ। ਉਨ੍ਹਾਂ ਆਖਿਆ ਕਿ ਚੰਗਾ ਹੁੰਦਾ ਕਿ ਪੰਜਾਬ ਸਰਕਾਰ ਵੀ ਪੰਜਾਬ 'ਚ ਕਿਤੇ ਇਕ ਥਾਂ 'ਤੇ ਸਮਾਗਮ ਕਰਦੀ।

# ਡਾ. ਆਲਾ ਸਿੰਘ ਸੁਸਾਇਟੀ ਦੇ ਚੇਅਰਮੈਨ ਤੇ ਦਾਖਾ ਪ੍ਰਧਾਨ ਬਣੇ

**ਐਲ ਸਬਰਾਂਟੇ:** ਸਿੱਖ ਸੱਭਿਆਚਾਰ ਦੀ ਰਾਖੀ ਅਤੇ ਸਮਾਜਿਕ ਕੁਰੀਤੀਆਂ ਦੇ ਖਿਲਾਫ ਹੋਂਦ ਵਿਚ ਆਈ ਇੰਟਰਨੈਸ਼ਨਲ ਸਿੱਖ ਸੱਭਿਆਚਾਰ ਸੁਸਾਇਟੀ ਦੀ ਚੋਣ ਵਿਚ ਡਾ. ਆਲਾ ਸਿੰਘ ਚੇਅਰਮੈਨ ਅਤੇ ਸ. ਪਰਮਜੀਤ ਸਿੰਘ ਸੇਖੋਂ ਦਾਖਾ ਪ੍ਰਧਾਨ ਚੁਣੇ ਗਏ ਹਨ।

ਸਰਬਸੰਮਤੀ ਨਾਲ ਹੋਈ ਚੋਣ ਵਿਚ ਸ. ਰਾਮ ਸਿੰਘ ਸੁਸਾਇਟੀ ਦੇ ਵਾਈਸ ਚੇਅਰਮੈਨ, ਸ. ਗੁਰਚਰਨ ਸਿੰਘ ਮਾਨ-ਸੀਨੀਅਰ ਮੀਤ ਪ੍ਰਧਾਨ, ਸ. ਗੁਰਬਚਨ ਸਿੰਘ ਜੌਹਲ-ਮੀਤ ਪ੍ਰਧਾਨ, ਸ. ਸੁਖਮਿੰਦਰ ਸਿੰਘ ਤਲਵੰਡੀ-ਜਨਰਲ ਸਕੱਤਰ, ਸ. ਝਿਰਮਲ ਸਿੰਘ ਵਾਹਲਾ-ਸਕੱਤਰ, ਸ. ਬੱਚਿਤਰ ਸਿੰਘ ਟਾਇਗਰ-ਮੁੱਖ ਬੁਲਾਰਾ, ਸ. ਗੁਰਪ੍ਰੀਤ ਸਿੰਘ ਢਿਲੋਂ-ਕੈਸ਼ੀਅਰ, ਸ. ਅਮਰਜੀਤ ਸਿੰਘ ਝਾਂਡੇ-ਸਹਾਇਕ ਖਜਾਨਚੀ, ਬੀਬੀ ਕੁਲਵੰਤ ਕੌਰ ਮੱਲ੍ਹੀ-ਤਾਲਮੇਲ ਸਕੱਤਰ ਇਸਤਰੀ ਵਿੰਗ, ਸ. ਬਲਵੰਤ ਸਿੰਘ ਮਲਾ-ਤਾਲਮੇਲ ਸਕੱਤਰ ਪੁਰਸ਼ ਵਿੰਗ, ਸ. ਜਸਵੀਰ ਸਿੰਘ ਤੱਖਰ-ਇੰਟਰਨੈਸ਼ਨਲ ਤਾਲਮੇਲ ਸਕੱਤਰ ਥਾਪੇ ਗਏ।

ਇਹ ਚੋਣ ਸੁਸਾਇਟੀ ਦੀ ਇਥੇ ਐਲਸਬਰਾਂਟੇ ਗੁਰੂ ਘਰ ਦੇ ਅਹਾਤੇ ਵਿਚ ਲੰਘੇ ਐਤਵਾਰ ਹੋਈ ਮੀਟਿੰਗ ਵਿਚ ਕੀਤੀ ਗਈ। ਇਸ ਮੌਕੇ ਡਾ.ਆਲਾ ਸਿੰਘ, ਪ੍ਰੀਤਮ ਸਿੰਘ ਜੋਗਾ ਨੰਗਲ, ਅਮਰੀਕ ਸਿੰਘ ਪੰਨੂ, ਗੁਰਬਚਨ ਸਿੰਘ ਜੌਹਲ, ਝਿਰਮਲ ਸਿੰਘ ਵਾਹਲਾ, ਅਮਰ ਸਿੰਘ ਮੱਲ੍ਹੀ, ਮਲਹਾਰ ਸਿੰਘ, ਬਲਵਿੰਦਰ ਸਿੰਘ, ਗੁਰਚਰਨ ਸਿੰਘ ਬਬਲਾ, ਚਰਨਜੀਤ ਸਿੰਘ ਸਮਰਾ, ਜਸਵੀਰ ਸਿੰਘ ਰੰਧਾਵਾ, ਬੀਬੀ ਕੁਲਵੰਤ ਕੌਰ ਮੱਲ੍ਹੀ, ਪਰਦੀਪ ਸਿੰਘ ਸੈਣੀ, ਬਲਵਿੰਦਰ ਸਿੰਘ ਸੱਗੂ, ਜਗਤਾਰ ਸਿੰਘ, ਗੁਰਪ੍ਰੀਤ ਸਿੰਘ ਢਿਲੋਂ, ਜਗਦੀਸ਼ ਸਿੰਘ, ਪਰਮਜੀਤ ਸਿੰਘ ਦਾਖਾ, ਆਦਿ ਨੇ ਆਪਣੇ ਵਿਚਾਰ ਸਾਂਝੇ ਕੀਤੇ। ਮੀਟਿੰਗ ਵਿਚ ਗੁਰ ਇਤਿਹਾਸ, ਸਿੱਖ ਇਤਿਹਾਸ, ਅਕਾਲ ਤਖਤ ਸਾਹਿਬ, ਸ਼੍ਰੋਮਣੀ ਕਮੇਟੀ, ਪੰਜਾਬ ਸਰਕਾਰ, ਬੀ ਜੇ ਪੀ, ਆਰ ਐਸ ਐਸ, ਗੁਰੂ ਘਰਾਂ ਦੀਆਂ ਕਮੇਟੀਆਂ ਦੇ ਰੋਲ, ਸਿੱਖ ਕੌਮ ਵਿਚ ਵੱਧ ਰਹੇ ਪਤਿਤਪੁਣੇ, ਨਸ਼ੇ ਦੀ ਲਤ, ਨਵੀਂ ਪੀੜ੍ਹੀ ਦੇ ਸਿੱਖੀ ਤੋਂ ਦੂਰ ਜਾਣ ਆਦਿ ਮੁੱਦਿਆਂ ਉਤੇ ਖੁਲ੍ਹ ਕੇ ਵਿਚਾਰ ਹੋਈ।

ਇਸ ਮੀਟਿੰਗ ਵਿਚ ਸੁਸਾਇਟੀ ਦਾ ਇਕ ਇੰਟਰਨੈਸ਼ਨਲ ਸਲਾਹਕਾਰ ਬੋਰਡ ਨਿਯੁਕਤ ਕੀਤਾ ਗਿਆ ਜਿਸ ਵਿਚ ਸ. ਸਰੂਪ ਸਿੰਘ ਨਾਰੰਗ-ਇੰਗਲੈਂਡ, ਸ. ਤਰਲੋਚਨ ਸਿੰਘ ਦੁਪਾਲਪੁਰ-ਅਮਰੀਕਾ,

ਸ. ਜਸਵੰਤ ਸਿੰਘ ਕੰਵਲ-ਪੰਜਾਬ, ਸ. ਸੁਖਦੇਵ ਸਿੰਘ ਜਲਵੇੜਾ-ਬੈਲਜੀਅਮ, ਸ. ਜਤਿੰਦਰ ਸਿੰਘ-ਹੌਲੈਂਡ, ਡਾ.ਅਵਤਾਰ ਸਿੰਘ ਸੇਖੋਂ-ਕੈਨੇਡਾ, ਸ. ਸੁਖਮਿੰਦਰ ਸਿੰਘ ਹੰਸਰਾ-ਕੈਨੇਡਾ, ਸ. ਹਰਬੰਤ ਸਿੰਘ ਔਜਲਾ-ਕੈਨੇਡਾ, ਸ. ਜਸਵੀਰ ਸਿੰਘ ਰੇਡੀਓ ਹਮਸਫਰ-ਕੈਨੇਡਾ, ਸ. ਜਸਕਰਨ ਸਿੰਘ-ਵਰਜੀਨੀਆ, ਸ. ਮਨਮੋਹਨ ਸਿੰਘ ਰੰਧਾਵਾ-ਫਲੋਰਿਡਾ, ਸ. ਪ੍ਰੀਤਮ ਸਿੰਘ ਜੋਗਾ ਨੰਗਲ-ਫਰੀਮਾਂਟ, ਸ. ਰੁਪਿੰਦਰ ਸਿੰਘ ਭੁੱਲਰ-ਫਰੀਮਾਂਟ, ਸ. ਜਗਤਾਰ ਸਿੰਘ-ਬਰਕਲੇ, ਸ. ਚਰਨਜੀਤ ਸਿੰਘ ਸਮਰਾ-ਐਲ ਸਬਰਾਂਟੇ, ਸ. ਹੀਰਾ ਸਿੰਘ-ਰਡੇਹੋ, ਸ. ਬਲਵਿੰਦਰ ਸਿੰਘ-ਸੈਨ ਲਿਐਂਡਰੋ, ਸ. ਬਲਵਿੰਦਰ ਸਿੰਘ-ਐਲ ਸਬਰਾਂਟੇ, ਸ. ਕਸ਼ਮੀਰ ਸਿੰਘ ਧੁੱਗਾ-ਹੇਵਰਡ, ਸ. ਤਰਸੇਮ ਸਿੰਘ-ਟੂਲੈਰੀ, ਸ. ਬਲਜੀਤ ਸਿੰਘ-ਲੈਨੰਜੀ, ਸ. ਜਰਨੈਲ ਸਿੰਘ-ਟੂਲੈਰੀ, ਸ. ਅਵਤਾਰ ਸਿੰਘ ਪੰਨੂ-ਐਮਰੀਵਿਲ, ਸ. ਗੁਰਜੀਤ ਸਿੰਘ ਝਾਮਪੁਰ-ਹੇਵਰਡ, ਸ. ਭੁਪਿੰਦਰ ਸਿੰਘ ਚੀਮਾ-ਸੈਨ ਹੋਜੇ, ਸ. ਸਤਨਾਮ ਸਿੰਘ ਔਜਲਾ-ਐਲ ਸਬਰਾਂਟੇ, ਸ. ਗੁਰਦੀਪ ਸਿੰਘ ਜੌਹਲ-ਵਲੇਹੋ, ਸ. ਕਰਨੈਲ ਸਿੰਘ ਗਿੱਲ-ਫਰੀਮਾਂਟ ਦੇ ਨਾਂ ਸ਼ਾਮਲ ਕੀਤੇ ਗਏ ਹਨ। ਹੋਰ ਜਾਣਕਾਰੀ ਲਈ 510-774-5909 ਨੰਬਰ ਤੇ ਸੰਪਰਕ ਕਰ ਸਕਦੇ ਹੋ।



## ਕਿਸਾਨ ਵੱਲੋਂ ਖੁਦਕੁਸ਼ੀ

**ਰਾਮਪੁਰਾ ਫੂਲ:** ਨੇੜਲੇ ਪਿੰਡ ਗਿੱਲ ਕਲਾਂ ਦੇ ਕਰਜ਼ਈ ਕਿਸਾਨ ਬੂਟਾ ਸਿੰਘ ਨੇ ਖੁਦਕੁਸ਼ੀ ਕਰ ਲਈ ਹੈ। ਬੂਟਾ ਸਿੰਘ ਕਿਸਾਨ ਆਗੂ ਸੁਰਜੀਤ ਸਿੰਘ ਗਿੱਲ ਕਲਾਂ ਦਾ ਪੁੱਤਰ ਸੀ। ਪਤਾ ਲੱਗਾ ਹੈ ਕਿ ਇਹ ਕਿਸਾਨ 20 ਫਰਵਰੀ ਨੂੰ ਆਪਣੇ ਪਰਿਵਾਰ ਸਮੇਤ ਸ਼ਹੀਦ ਸਾਧੂ ਸਿੰਘ ਤਖਤੂਪੂਰਾ ਦੀ ਬਰਸੀ ਤੋਂ ਆਇਆ ਸੀ।

ਬੂਟਾ ਸਿੰਘ ਤਿੰਨ ਲੜਕੀਆਂ ਤੇ ਇਕ ਲੜਕੇ ਦਾ ਬਾਪ ਸੀ। ਮ੍ਰਿਤਕ ਕਿਸਾਨ ਕਰਜ਼ੇ ਤੇ ਭਾਰੂ ਕਬੀਲਦਾਰੀ ਤੋਂ ਚਿੰਤਤ ਸੀ। ਮਾਨਸਿਕ ਪ੍ਰੇਸ਼ਾਨੀ ਦੇ ਚੱਲਦਿਆਂ ਉਸ ਨੇ ਸਲਫਾਸ ਦੀਆਂ ਗੋਲੀਆਂ ਖਾ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ।



*ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਵਲੋਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਰਾਮ ਸਿੰਘ ਨੂੰ ਸਨਮਾਨਤ ਕੀਤਾ ਗਿਆ। ਬਾਬਾ ਰਾਮ ਸਿੰਘ ਨੇ ਪਿਛਲੇ ਇੱਕ ਹਫਤੇ ਤੋਂ ਸ੍ਰੀ ਗੁਰੂ ਗਰੰਥ ਸਾਹਿਬ ਦੇ ਲੜੀਵਾਰ ਪਾਠ ਅਤੇ ਵਿਆਖਿਆ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਹੋਰ ਗੁਰਮਤਿ ਵਿਚਾਰਾਂ ਸਰਵਣ ਕਰਵਾਈਆਂ। ਬਾਬਾ ਰਾਮ ਸਿੰਘ ਦੇ ਸਨਮਾਨ ਸਮੇਂ ਪ੍ਰਧਾਨ ਹਰਦੇਵ ਸਿੰਘ ਤੱਖਰ, ਜਰਨਲ ਸਕੱਤਰ ਭੁਪਿੰਦਰ ਸਿੰਘ ਢਿੱਲੋਂ, ਸਟੇਜ ਸਕੱਤਰ ਪ੍ਰੀਤਮ ਸਿੰਘ ਗਰੇਵਾਲ, ਕਮੇਟੀ ਮੈਂਬਰ ਨੀਤੂ ਸਿੰਘ ਕਾਹਲੋਂ, ਰਾਜਿੰਦਰ ਸਿੰਘ ਮੰਘਰ, ਨਰਿੰਦਰਪਾਲ ਸਿੰਘ, ਸਰਬਜੋਤ ਸਿੰਘ ਸਵੱਦੀ ਅਤੇ ਮੁੱਖ ਗਰੰਥੀ ਸਿੰਘ ਭਾਈ ਮਹਿੰਦਰ ਸਿੰਘ ਹਾਜ਼ਰ ਸਨ।*






# ਪੰਜਾਬ ਟਾਈਮਜ਼ ਦੀ 11ਵੀਂ ਵਰ੍ਹੇਗੰਢ ਮੌਕੇ

# ਪੰਜਾਬ ਟਾਈਮਜ਼ ਨਾਈਟ-2011

## ਗੀਤ ਸੰਗੀਤ ਭਰੀ ਇਕ ਸ਼ਾਮ

**8 ਅਪਰੈਲ, 2011**

(ਸ਼ੁੱਕਰਵਾਰ ਸ਼ਾਮ 6:30 ਵਜੇ)

**ਇੰਡੀਆ ਹਾਊਸ, ਸ਼ਾਮਬਰਗ**

1521 W. Schaumburg Rd., Schaumburg, IL 60194, Ph:847-895-5501

**ਹੋਰ ਜਾਣਕਾਰੀ ਲਈ 847-359-0746**

*www.punjabtimesusa.com*
*e-mail:punjabtimes1@sbcglobal.net*

ਫੋਟੋ ਤੇ ਵੀਡੀਓ: ਰਾਜਿੰਦਰ ਸਿੰਘ ਸਿਆਨ (ਸਿਆਨ ਵੀਡੀਓ)



ਮੁੱਖ ਮਹਿਮਾਨ: ਦਰਸ਼ਨ ਸਿੰਘ ਗਰੇਵਾਲ
(ਸਿੰਘ ਕੰਸਟਰਕਸ਼ਨਜ਼, ਮਿਸ਼ੀਗਨ)

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੁੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ

ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ

ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

## ਸਾਡੇ ਕਾਲਮਨਵੀਸ


ਤਰਲੋਚਨ ਸਿੰਘ ਦੁਪਾਲਪੁਰ


ਐਸ ਅਸ਼ੋਕ ਭੌਰਾ


ਡਾ. ਗੁਰਨਾਮ ਕੌਰ


ਬਲਜੀਤ ਬਾਸੀ


ਮਾਨ ਮਨਦੀਪ


ਕੁਲਵੰਤ ਸਿੰਘ ਰੋਮਾਣਾ


ਮੇਜਰ ਸਿੰਘ ਕੁਲਾਰ


ਇਕਬਾਲ ਜੱਬੋਵਾਲੀਆ


ਸਵਰਨ ਸਿੰਘ ਟਹਿਣਾ


ਜਸਵੰਤ ਸ਼ਾਦ


ਸੁਰਜੀਤ ਕੌਰ ਸੈਕਰਾਮੈਂਟੋ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ-ਸ਼ਿਕਾਗੋ, ਪੰਜਾਬੀ ਕਲਚਰਲ ਸੁਸਾਇਟੀ-ਸ਼ਿਕਾਗੋ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ, ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ, ਲਾਇਨਜ਼ ਆਫ ਪੰਜਾਬ-ਸ਼ਿਕਾਗੋ, ਯੂਨਾਈਟਿਡ ਸੀਨੀਅਰਜ਼ ਸਿਟੀਜ਼ਨ ਐਸੋਸੀਏਸ਼ਨ-ਸ਼ਿਕਾਗੋ,ਅਮੈਰਿਕਨ ਸੀਨੀਅਰ ਸਿੱਖ ਐਸੋਸੀਏਸ਼ਨ (ਆਸਾ), ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ, ਪੰਜਾਬੀ ਅਮੈਰਿਕਨ ਯੂਥ ਕਲੱਬ-ਇੰਡੀਆਨਾ, ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ-ਗਰੈਂਡ ਰੈਪਿਡਜ਼, ਪੰਜਾਬੀ ਕਲਚਰਲ ਸੁਸਾਇਟੀ ਸਾਊਥ ਮਿਸ਼ੀਗਨ-ਕੈਲਮਜ਼ੂ, ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ, ਪੰਜਾਬੀ ਕਲਚਰਲ ਸੁਸਾਇਟੀ ਆਫ ਮਿਡਵੈਸਟ, ਪੰਜਾਬ ਸਪੋਰਟਸ ਕਲੱਬ ਕੈਲਮਜ਼ੂ-ਬੈਟਲ ਕਰੀਕ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ, ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ, ਸ਼ਹੀਦ ਊਧਮ ਸਿੰਘ ਸੁਸਾਇਟੀ-ਨਿਊ ਯਾਰਕ, ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ, ਪੰਜਾਬੀ ਕਲਚਰਲ ਸੁਸਾਇਟੀ-ਲੈਨਸਿੰਗ (ਮਿਸ਼ੀਗਨ), ਪੰਜਾਬੀ ਯੂਥ ਐਸੋਸੀਏਸ਼ਨ-ਸ਼ਿਕਾਗੋ

**ਪੰਜਾਬ ਟਾਈਮਜ਼ ਬੇਲਾਗ, ਬੇਬਾਕ ਅਤੇ ਨਿਧੜਕ ਪੱਤਰਕਾਰੀ ਦਾ ਮੁੱਦਈ**

# 83ਵਾਂ ਆਸਕਰ ਅਵਾਰਡ:ਸੰਗੀਤਕਾਰ ਏ.ਆਰ. ਰਹਿਮਾਨ ਫਿਰ ਮੈਦਾਨ 'ਚ

**ਸੁਰਿੰਦਰ ਸਿੰਘ ਭਾਟੀਆ***

ਆਸਕਰ ਅਵਾਰਡ ਦੀ ਸ਼ੁਰੂਆਤ 16 ਮਈ 1929 ਨੂੰ ਹੋਈ ਸੀ। ਪਹਿਲਾ ਪੁਰਸਕਾਰ ਸਮਾਰੋਹ ਰੂਜ਼ਵੈਲਟ ਹੋਟਲ, ਹਾਲੀਵੂਡ ਵਿਚ ਸੰਨ 1927 ਤੋਂ 1928 ਦੀਆਂ ਫਿਲਮ ਹਸਤੀਆਂ ਨੂੰ ਸਨਮਾਨਿਤ ਕਰਨ ਲਈ ਹੋਇਆ। ਇਸ ਵਿਚ 250 ਦੇ ਕਰੀਬ ਦਰਸ਼ਕਾਂ ਨੇ ਹਿੱਸਾ ਲਿਆ ਤੇ ਸਿਰਫ 15 ਇਨਾਮ ਵੰਡੇ ਗਏ ਸਨ। ਇਸ ਦਾ ਸਿੱਧਾ ਪ੍ਰਸਾਰਨ ਹੋਣ ਦੀ ਵੀ ਕੋਈ ਖਬਰ ਨਹੀ ਹੈਂ। ਪਹਿਲੀ ਵਾਰ 1961 ਵਿਚ ਐਨ.ਬੀ.ਸੀ. ਟੀ.ਵੀ. ਨੇ ਇਸ ਦਾ ਸਿੱਧਾ ਪ੍ਰਸਾਰਨ ਕੀਤਾ ਤੇ 1966 ਵਿਚ ਪ੍ਰਸਾਰਨ ਕਰਨ ਦੇ ਪੂਰੇ ਅਧਿਕਾਰ ਲਏ। ਉਸ ਵੇਲੇ ਫਿਲਮ ਸਨਅਤ ਨੇ ਅਜੇ ਮਸਾਂ ਸਾਇਲੈਂਟ (ਆਵਾਜ਼ ਰਹਿਤ) ਫਿਲਮਾਂ ਦੇ ਦੌਰ ਵਿਚੋਂ ਨਿਕਲ ਕੇ ਆਵਾਜ਼ ਵਾਲੇ ਦੌਰ ਵਿਚ ਕਦਮ ਰਖਿਆ ਸੀ। ਇਸ ਅਵਾਰਡ ਦੇ ਬਾਨੀ ਲੁਇਸ ਬੀ. ਮੇਅਰ ਨੇ ਸੋਚਿਆ ਵੀ ਨਹੀਂ ਹੋਣਾ ਕਿ ਇਕ ਦਿਨ ਇਹ ਆਸਕਰ ਅਵਾਰਡ ਇੰਨਾ ਪਾਪੂਲਰ ਹੋ ਜਾਏਗਾ।

ਅਜ ਇਸ ਅਵਾਰਡ ਨੇ ਏਨੀ ਪ੍ਰਸਿੱਧੀ ਹਾਸਿਲ ਕਰ ਲਈ ਹੈ ਕਿ ਇਸ ਦਾ 200 ਦੇਸ਼ਾਂ ਵਿਚ ਸਿੱਧਾ ਪ੍ਰਸਾਰਣ ਹੁੰਦਾ ਹੈ ਤੇ ਕਰੋੜਾਂ ਲੋਕ ਇਸ ਪ੍ਰੋਗਰਾਮ ਨੂੰ ਦੇਖਣ ਲਈ ਟੀ.ਵੀ. ਨਾਲ ਜੁੜੇ ਹੁੰਦੇ ਹਨ। ਦੁਨੀਆਂ ਦੇ ਨਾਮੀ ਫਿਲਮ ਕਲਾਕਾਰ ਤੇ ਸਟਾਰ, ਜਿਨ੍ਹਾਂ ਦੀ ਇਕ ਝਲਕ ਦੇਖਣ ਲਈ ਪ੍ਰਸ਼ੰਸਕ ਤਰਸਦੇ ਹਨ, ਉਹ ਵੀ ਇਸ ਅਵਾਰਡ ਨੂੰ ਪ੍ਰਾਪਤ ਕਰਨ ਲਈ ਬੇਤਾਬ ਰਹਿੰਦੇ ਹਨ।

83ਵਾਂ ਅਕੈਡਮੀ ਅਵਾਰਡ (ਆਸਕਰ) ਆਉਂਦੇ ਐਤਵਾਰ 27 ਫਰਵਰੀ ਨੂੰ ਕੋਡਕ ਹਾਲ, ਹਾਲੀਵੁਡ ਵਿਚ ਹੋ ਰਿਹਾ ਹੈ। ਆਸਕਰ ਦੇ ਨਵੇਂ ਨਿਯਮਾਂ ਅਨੁਸਾਰ ਬੈਸਟ ਫਿਲਮ ਸ਼੍ਰੇਣੀ ਵਿਚ ਨਾਮਜ਼ਦਗੀਆਂ ਵਧਾ ਕੇ 10 ਕਰ ਦਿੱਤੀਆਂ ਗਈਆਂ ਹਨ। ਇਸ ਦੇ ਬਾਵਜੂਦ ਇਸ ਸਾਲ ਵੀ ਦੁਨੀਆਂ ਦੀ ਸਭ ਤੋਂ ਵੱਡੀ ਫਿਲਮ ਇੰਡਸਟਰੀ ਬਾਲੀਵੁਡ ਤੋਂ ਕਿਸੇ ਵੀ ਫਿਲਮ ਦੀ ਨਾਮਜ਼ਦਗੀ ਨਹੀਂ ਹੋਈ ਪਰ ਭਾਰਤੀ ਮੂਲ ਦੇ ਮਹਾਨ ਸੰਗੀਤਕਾਰ ਏ.ਆਰ. ਰਹਿਮਾਨ ਆਪਣੀ ਫਿਲਮ '127 ਆਵਰਜ਼' ਦੇ ਬੈਸਟ ਮੌਲਿਕ ਸਕੋਰ, ਸੰਗੀਤ ਅਤੇ ਬੈਸਟ ਮੌਲਿਕ ਗੀਤ ਸ਼੍ਰੇਣੀ ਵਿਚ ਨਾਮਜ਼ਦਗੀ ਪ੍ਰਾਪਤ ਕਰਕੇ ਮੈਦਾਨ ਵਿਚ ਹਨ। ਇਸ ਦੇ ਨਾਲ ਹੀ ਏ.ਆਰ. ਰਹਿਮਾਨ ਇਸ ਸਮਾਰੋਹ ਦੌਰਾਨ ਇਕ ਵਾਰ ਫਿਰ ਆਪਣੀਆਂ ਸੁਰੀਲੀਆਂ ਧੁਨਾਂ ਨਾਲ ਦਰਸ਼ਕਾਂ ਦਾ ਮਨੋਰੰਜ਼ਨ ਕਰਨਗੇ। ਰਹਿਮਾਨ ਮਸ਼ਹੂਰ ਪੌਪ ਗਾਇਕਾ ਫਲੋਰੈਂਸ ਵੈਲਸ ਨਾਲ ਪੇਸ਼ਕਾਰੀ ਦੇਣਗੇ। ਇਸ ਤੋਂ ਪਹਿਲਾਂ ਉਹ 2009 ਵਿਚ 'ਜੈ ਹੋ' ਦੇ ਸੰਗੀਤ ਲਈ ਆਸਕਰ ਅਵਾਰਡ ਜਿੱਤ ਚੁਕੇ ਹਨ। ਉਨ੍ਹਾਂ ਦੇ ਨਾਲ ਹੀ ਉਨ੍ਹਾਂ ਦੇ ਪੁਰਾਣੇ ਸਾਥੀ 'ਸਲੱਮਡਾਗ ਮਿਲੀਨੇਅਰ' ਦੇ ਡੈਨੀ ਬੌਲੇ ਵੀ ਅਡਾਪਟਡ ਸਕਰੀਨਪਲੇਅ ਲਈ ਨਾਮਜ਼ਦ ਹੋਏ ਹਨ।

ਆਸਕਰ ਪੁਰਸਕਾਰ 24 ਵੱਖ-ਵੱਖ ਸ਼੍ਰੇਣੀਆਂ ਵਿਚ ਦਿੱਤੇ ਜਾਂਦੇ ਹਨ। ਇਸ ਵਾਰ ਵੀ ਮੁਕਾਬਲਾ ਕਾਂਟੇ ਦਾ ਹੈ। ਫਿਲਮ 'ਦ ਕਿੰਗ'ਜ਼ ਸਪੀਚ' ਨੂੰ ਸਭ ਤੋਂ ਵੱਧ 12 ਨਾਮਜ਼ਦਗੀਆਂ ਪ੍ਰਾਪਤ ਹੋਈਆਂ ਹਨ। ਇਸ ਤੋਂ ਬਾਅਦ 'ਟਰੂ ਗ੍ਰਿਟ' ਨੂੰ 10, 'ਇਨਸੈਪਸ਼ਨ' ਤੇ 'ਦ ਸੋਸ਼ਲ ਨੈਟਵਰਕ' ਨੂੰ 8, 'ਦ ਫਾਈਟਰ' ਨੂੰ 7, '127 ਆਵਰਜ਼' ਨੂੰ 6, 'ਬਲੈਕ ਸਵੈਨ' ਤੇ 'ਟੁਆਏ ਸਟੋਰੀ 3' ਨੂੰ 5, 'ਦ ਕਿਡਜ਼ ਆਰ ਆਲ ਰਾਈਟ' ਤੇ 'ਵਿੰਟਰ'ਜ਼ ਬੋਨ' ਨੂੰ 4, 'ਐਲਿਸ ਇਨ ਵੰਡਰਲੈਂਡ' ਨੂੰ 3, 'ਬਿਊਟੀਫੂਲ' ਤੇ 'ਹੈਰੀ ਪੌਟਰ ਐਂਡ ਡੈਥਲੀ ਹੈਲੋਜ਼ 1' ਤੇ 'ਯੂਅਰਜ਼ ਡ੍ਰੈਗਨ' ਨੂੰ 2 ਵਰਗਾਂ ਵਿਚ ਨਾਮੀਨੇਸ਼ਨਾਂ ਮਿਲੀਆਂ ਹਨ।

ਇਸ ਸਮਾਰੋਹ ਦਾ ਮੰਚ ਸੰਚਾਲਨ ਫਿਲਮ '127 ਆਵਰਜ਼' ਦੇ ਮਸ਼ਹੂਰ ਅਭਿਨੇਤਾ ਜੇਮਜ਼ ਫਰੈਂਕੋ ਤੇ ਐਨੀ ਹੱਥਾਵੇਅ ਕਰਨਗੇ। ਦਿਲਸਚਪ ਗੱਲ ਇਹ ਹੈ ਕਿ ਇਹ ਪਹਿਲੀ ਵਾਰੀ ਹੈ ਕਿ ਕੋਈ ਕਲਾਕਾਰ ਆਸਕਰ ਅਵਾਰਡ ਲਈ ਵੀ ਨਾਮਜ਼ਦ ਹੋਵੇ ਤੇ ਨਾਲ ਮੰਚ ਸੰਚਾਲਨ ਦੀ ਭੂਮਿਕਾ ਵੀ ਨਿਭਾਵੇ। ਜੇਮਜ਼ ਫਰੈਂਕੋ '127 ਆਵਰਜ਼' ਲਈ ਬੈਸਟ ਐਕਟਰ ਦੀ ਕੈਟਾਗਰੀ ਲਈ ਚੁਣੇ ਗਏ ਹਨ।

ਆਪਣੇ ਤਿਖੇ ਵਿਅੰਗ, ਲਤੀਫਿਆਂ ਤੇ ਕਾਮੇਡੀ ਲਈ ਮਸ਼ਹੂਰ ਜੇਮਜ ਫਰੈਂਕੋ ਆਸਕਰ ਅਵਾਰਡ ਮਿਲੇ ਨਾ ਮਿਲੇ, ਮੰਚ ਸੰਚਾਲਕ ਵਜੋਂ ਦਰਸ਼ਕਾਂ ਦਾ ਦਿਲ ਜਰੂਰ ਜਿੱਤ ਲੈਣਗੇ।

ਬਿਹਤਰੀਨ ਫਿਲਮ ਅਵਾਰਡ ਦੀ ਦੌੜ ਵਿਚ 'ਬਲੈਕ ਸਵੈਨ', 'ਦ ਫਾਈਟਰ', 'ਇਨਸੈਪਸ਼ਨ', 'ਦ ਕਿਡ'ਜ਼ ਆਰ ਆਲ ਰਾਈਟ', 'ਦ ਕਿੰਗ'ਜ਼ ਸਪੀਚ', '127 ਆਵਰਜ਼', 'ਦ ਸੋਸ਼ਲ ਨੈਟਵਰਕ', 'ਟੁਆਏ ਸਟੋਰੀ 3', 'ਟਰੂ ਗ੍ਰਿਟ', 'ਵਿੰਟਰ'ਜ਼ ਬੋਨ' 10 ਫਿਲਮਾਂ ਸ਼ਾਮਿਲ ਹਨ।

'ਦ ਕਿੰਗ'ਜ਼ ਸਪੀਚ' ਸਾਰਿਆਂ ਨਾਲੋਂ ਅੱਗੇ ਹੈ। ਇਸ ਨੇ ਹਾਲ ਹੀ ਵਿਚ ਬ੍ਰਿਟਿਸ਼ ਫਿਲਮ ਐਂਡ ਟੈਲੀਵੀਜ਼ਨ ਅਵਾਰਡ (ਬਾਫਟਾ) ਸਮਾਰੋਹ ਵਿਚ ਬੈਸਟ ਪਿਕਚਰ ਦਾ ਪੁਰਸਕਾਰ ਹਾਸਿਲ ਕੀਤਾ ਹੈ।


ਏ.ਆਰ. ਰਹਿਮਾਨ ਪਿਛਲੀ ਵਾਰ ਜਿੱਤੇ ਆਸਕਰ ਅਵਾਰਡਾਂ ਨਾਲ

ਸਰਵੋਤਮ ਅਭਿਨੇਤਾ ਦੀ ਦੌੜ ਵਿਚ ਜੇਵਿਰ ਬਾਰਡਮ (ਬਿਊਟੀਫੁਲ), ਜੈਫ ਬ੍ਰਿਗੇਜ਼ (ਟਰੂ ਗ੍ਰਿਟ), ਜੈਸੀ ਆਈਜ਼ਨਬਰਗ (ਦ ਸੋਸ਼ਲ ਨੈਟਵਰਕ) ਕੋਲਿਨ ਫਰਥ (ਦ ਕਿੰਗ'ਜ਼ ਸਪੀਚ) ਜੇਮਜ਼ ਫਰੈਂਕੋ (127 ਆਵਰਜ਼) ਸ਼ਾਮਿਲ ਹਨ। ਪਰ ਇਸ ਸ਼੍ਰੇਣੀ ਵਿਚ ਐਕਟਰ ਕੋਲਿਨ ਫਰਥ ਦੇ ਨਾਂ ਦੀ ਕਾਫੀ ਚਰਚਾ ਹੈ, ਉਸ ਦਾ ਨਾਂ ਸਾਰਿਆਂ ਨਾਲੋ ਉਪਰ ਹੈ। ਉਹ ਬਾਵਟਾ ਵਿਚ ਵੀ ਬੈਸਟ ਐਕਟਰ ਦਾ ਖਿਤਾਬ ਹਾਸਿਲ ਕਰ ਚੁਕੇ ਹਨ।

ਸਰਵੋਤਮ ਨਿਰਦੇਸ਼ਕਾਂ ਦੇ ਵਰਗ ਵਿਚ ਡੈਰਨ ਆਰੋਨਫਸਕੀ (ਬਲੈਕ ਸਵੈਨ), ਡੇਵਿਡ ਰੱਸਲ (ਦ ਫਾਈਟਰ), ਟਾਮ ਹੂਪਰ (ਦ ਕਿੰਗ'ਜ਼ ਸਪੀਚ), ਡੇਵਿਡ ਫਿੰਚਰ (ਦਾ ਸੋਸ਼ਲ ਨੈਟਵਰਕ), ਜੋਇਲ ਤੇ ਈਥਨ ਕੋਇਨ (ਟਰੂ ਗ੍ਰਿਟ) ਹਨ।

ਇਸ ਵਾਰ ਡੇਵਿਡ (ਦ ਸ਼ੋਸਲ ਨੈਟਵਰਕ) ਨੂੰ ਦਾਅਵੇਦਾਰ ਸਮਝਿਆ ਜਾ ਰਿਹਾ ਹੈ। ਉਹ ਬਾਫਟਾ ਵਿਚ ਵੀ ਬੈਸਟ ਨਿਰਦੇਸ਼ਕ ਦਾ ਇਨਾਮ ਜਿੱਤ ਚੁਕੇ ਹਨ।

ਸਰਵੋਤਮ ਅਦਾਕਾਰਾਂ ਵਿਚ ਐਨਟ ਬੇਇੰਗ (ਦ ਕਿਡਜ਼ ਆਰ ਆਲ ਰਾਈਟ) ਨਿਕੋਲ ਕਿਡਮੈਨ (ਰੈਬਿਟ ਹੋਲ), ਜੈਨੀਫਰ ਲਾਰੈਂਸ (ਵਿੰਟਰ'ਜ਼ ਬੋਨ), ਨੈਟਲੀ ਪੋਰਟਮੈਨ (ਬਲੈਕ ਸਵੈਨ), ਮਿਸ਼ੇਲ ਵਿਲੀਅਮਜ਼ (ਬਲੂ ਵੈਲੇਂਟਾਈਨ) ਹਨ। ਨੈਟਲੀ ਪੋਰਟਮੈਨ ਨੂੰ ਉਸ ਦੇ ਬਲੈਕ ਸਵੈਨ ਅਭਿਨੈ ਲਈ ਇਸ ਅਵਾਰਡ ਦਾ ਹੱਕਦਾਰ ਮੰਨਿਆ ਜਾ ਰਿਹਾ ਹੈ।

ਬੈਸਟ ਸਹਾਇਕ ਅਭਿਨੇਤਾ ਦੀ ਦੌੜ ਵਿਚ ਕ੍ਰਿਸਟੀਅਨ ਬੈਲੇ (ਦ ਫਾਈਟਰ), ਜਾਨ ਹਾਕੀਸ (ਵਿੰਟਰ'ਜ਼ ਬੋਨ), ਮਾਰਕ ਰੋਫਾਲੋ (ਦ ਕਿਡਜ਼ ਆਰ ਆਲ ਰਾਈਟ) ਜੈਰਮੀ ਰੈਨਰ (ਦ ਟਾਊਨ), ਜੈਫਰੀ ਰਸ਼ (ਦ ਕਿੰਗ'ਜ਼ ਸਪੀਚ) ਹਨ ਪਰ ਕ੍ਰਿਸੀਟੀਅਨ ਬੈਲੇ ਨੂੰ ਅਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾਂਦੀ ਹੈ।

ਸਰਵੋਤਮ ਸਹਾਇਕ ਅਭਿਨੇਤਰੀ ਵਰਗ ਵਿਚ ਐਮੀ ਐਡਮ (ਦ ਫਾਈਟਰ), ਜਲੀਨਾ ਕਾਰਟਰ (ਦ ਕਿੰਗ'ਜ਼ ਸਪੀਚ), ਮਲੀਸਾ ਲਿਉ (ਦ ਫਾਈਟਰ), ਹੈਲੀ ਸਟੈਨਫੀਲਡ (ਟਰੂ ਗ੍ਰਿਟ), ਜੈਕੀ ਵੀਵਰ (ਐਨੀਮਲ ਕਿੰਗਡਮ) ਹਨ। ਪਰ ਹੈਲੀ ਸਟੈਨਫੀਲਡ (ਟਰੂ ਗ੍ਰਿਟ) ਦੇ ਇਨਾਮ ਜਿੱਤਣ ਦੀ ਉਮੀਦ ਹੈ।

ਬਿਹਤਰੀਨ ਮੌਲਿਕ ਪਟਕਥਾ ਵਰਗ ਵਿਚ ਫਿਲਮ 'ਐਨਦਰ ਯੀਅਰ', 'ਦ ਫਾਈਟਰ', 'ਇਨਸੈਪਸ਼ਨ', 'ਦ ਕਿਡਜ਼ ਆਰ ਆਲ ਰਾਈਟ', 'ਦ ਕਿੰਗ'ਜ਼ ਸਪੀਚ' ਹਨ। ਸਭ ਤੋਂ ਜਿਆਦਾ ਪਸੰਦ ਕੀਤਾ ਜਾ ਰਿਹਾ ਹੈ 'ਇਨਸੈਪਸ਼ਨ' ਦਾ ਸਕਰੀਨ ਪਲੇਅ। ਪਰ ਇਸ ਨੂੰ ਟੱਕਰ ਦੇ ਰਹੀ ਹੈ ਫਿਲਮ 'ਦ ਕਿੰਗ'ਜ਼ ਸਪੀਚ'।

ਬੈਸਟ ਅਡੈਪਿਟਡ ਸਕਰੀਨ ਪਲੇਅ ਵਿਚ 127 ਆਵਰਜ਼, ਦ ਸ਼ੋਸਲ ਨੈਟਵਰਕ, ਟੁਆਏ ਸਟੋਰੀ 3, ਟਰੂ ਗ੍ਰਿਟ ਅਤੇ ਵਿੰਟਰ'ਜ਼ ਬੋਨ ਹਨ। ਪਰ ਦ ਸ਼ੋਸਲ ਨੈਟਵਰਕ ਇਹ ਇਨਾਮ ਹਾਸਿਲ ਕਰ ਸਕਦੀ ਹੈ।

ਬੈਸਟ ਐਨੀਮੇਸ਼ਨ ਫਿਲਮ ਵਰਗ ਵਿਚ ਯੋਅਰ ਡਰੈਗਨ, ਦ ਲੀਉਨਿਸਟ ਤੇ ਟੁਆਏ ਸਟੋਰੀ 3 ਹਨ। ਪਰ ਟੁਆਏ ਸਟੋਰੀ 3 ਕਾਫੀ ਅੱਗੇ ਹੈ।

ਬੈਸਟ ਵਿਦੇਸ਼ੀ ਫਿਲਮ ਵਰਗ ਵਿਚ ਬਿਊਟੀਫੁਲ, ਡਾਗਟੂਥ, ਇਨ ਏ ਬੈਟਰ ਵਰਲਡ, ਇਨਸੈਂਡਾਈਜ਼, ਆਉਟਸਾਈਡ ਦੀ ਲਾਅ ਆਦਿ ਫਿਲਮਾਂ ਦੌੜ ਵਿਚ ਹਨ ਪਰ ਬਿਉਟੀਫੁਲ ਪ੍ਰਬਲ ਦਾਅਵੇਦਾਰ ਹੈ।

ਬੈਸਟ ਡਾਕੂਮੈਂਟਰੀ ਫੀਚਰ ਵਿਚ ਐਗਜ਼ਿਟ ਥਰੂ ਦੀ ਗਿਫਟ ਸ਼ਾਪ, ਗੈਸਲੈਂਡ, ਇਨਸਾਈਡ ਜਾਬ, ਰੈਸਟਰੈਪੋ, ਵੇਸਟਲੈਂਡ ਦੀ ਟੱਕਰ ਹੈ ਪਰ ਇਨਾਮ ਲਈ ਚੁਣੇ ਜਾਣ ਦੀ ਉਮੀਦ ਇਨਸਾਈਡ ਜਾਬ ਦੀ ਹੈ।

ਬੈਸਟ ਸਿਨੇਮਾਟੋਗ੍ਰਾਫੀ ਵਿਚ ਦ ਸ਼ੋਸਲ ਨੈਟਵਰਕ, ਇਨਸੈਪਸ਼ਨ, ਬਲੈਕ ਸਵੈਨ, ਟਰੂ ਗ੍ਰਿਟ, ਦ ਕਿੰਗ'ਜ਼ ਸਪੀਚ ਫਿਲਮਾਂ ਵਿਚੋਂ ਇਨਸੈਪਸ਼ਨ ਦੇ ਮੋਰਚਾ ਮਾਰ ਲੈਣ ਦੇ ਚਾਂਸ ਜਿਆਦਾ ਹਨ।

ਬੈਸਟ ਆਰਜੀਨਲ ਸਕੋਰ ਵਰਗ ਵਿਚ 127 ਆਵਰਜ਼, ਇਨਸੈਪਸ਼ਨ, ਦ ਕਿੰਗ'ਜ਼ ਸਪੀਚ, ਦ ਸ਼ੋਸਲ ਨੈਟਵਰਕ, ਯੋਅਰ ਡਰੈਗਨ; ਬਿਹਤਰੀਨ ਮੌਲਿਕ ਗੀਤ ਵਰਗ ਵਿਚ ਕਮਿੰਗ ਹੋਮ, ਆਈ ਸੀ ਦੀ ਲਾਈਟ, ਵੂਈ ਬਿਲੌਂਗ ਟੁਗੈਦਰ, ਅਤੇ ਏ.ਆਰ. ਰਹਿਮਾਨ ਦਾ ਇਫ ਆਈ ਰਾਈਜ਼ (ਫਿਲਮ 127 ਆਵਰਜ਼) ਦਾ ਮੁਕਾਬਲਾ ਹੈ ਅਤੇ ਏ.ਆਰ. ਰਹਿਮਾਨ ਦੇ ਇਕ ਵਾਰ ਫਿਰ ਮੈਦਾਨ ਮਾਰ ਲੈਣ ਦੀ ਭਰਵੀਂ ਚਰਚਾ ਹੈ।

*ਫੋਨ:224-633-8117*

## 39 ਪਤਨੀਆਂ ਵਾਲੇ ਦੇ 94 ਬੱਚੇ !

**ਆਈਜੋਲ:** ਇਸ ਮਹਿੰਗਾਈ ਦੇ ਯੁਗ 'ਚ ਭਾਵੇਂ ਇਹ ਗੱਲ ਸੁਣ ਕੇ ਹੈਰਾਨੀ ਹੀ ਹੋਵੇਗੀ ਪਰ ਇਹ ਪੂਰਾ ਸੱਚ ਹੈ ਕਿ ਮਿਜ਼ੋਰਮ ਦੇ ਉੱਤਰ ਵਿਚ ਸਥਿਤ ਬਾਕਤਵਾਂਗ 'ਚ ਇਕ ਵਿਅਕਤੀ ਦੇ ਪਰਿਵਾਰ ਵਿਚ 39 ਪਤਨੀਆਂ, 94 ਬੱਚੇ, 33 ਪੋਤੇ-ਪੜਪੋਤੇ ਸ਼ਾਮਲ ਹਨ। ਪਰਿਵਾਰ ਦੇ ਮੁਖੀ 66 ਸਾਲਾ ਚਾਨਾ ਕਬੀਲੇ ਦੇ ਮੁਖੀ ਜਿਓਨਾ ਚਾਨਾ ਆਪਣੇ ਪਰਿਵਾਰ ਨਾਲ ਜਿਸ ਘਰ ਵਿਚ ਰਹਿੰਦੇ ਹਨ, ਉਸ 'ਚ 100 ਕਮਰੇ ਹਨ। ਚਾਰ ਮੰਜ਼ਲਾ ਇਸ ਮਕਾਨ ਨੂੰ 'ਛੁਆਨ ਥਾਨ ਰਨ' ਦਾ ਨਾਂ ਦਿੱਤਾ ਗਿਆ ਹੈ ਜਿਸ ਦਾ ਅਰਥ ਹੁੰਦਾ ਹੈ ਕਿ ਨਵੀਂ ਪੀੜ੍ਹੀ ਦਾ ਨਿਵਾਸ।

ਜਿਓਨਾ ਦੇ ਪਰਿਵਾਰਕ ਮੈਂਬਰ ਭਾਵੇਂ ਵੱਖ-ਵੱਖ ਕਮਰਿਆਂ ਵਿਚ ਰਹਿੰਦੇ ਹੋਣ ਪਰ ਉਨ੍ਹਾਂ ਦੇ ਲਈ ਇਕ ਹੀ ਰਸੋਈ ਵਿਚ ਭੋਜਨ ਤਿਆਰ ਹੁੰਦਾ ਹੈ। ਆਪਣੇ ਵੱਡੇ ਪਰਿਵਾਰ ਦਾ ਨਿੱਘ ਮਾਣ ਰਹੇ ਜਿਓਨਾ ਆਪਣੀ ਇਸ ਪ੍ਰਾਪਤੀ 'ਤੇ ਬੇਹੱਦ ਮਾਣ ਮਹਿਸੂਸ ਕਰਦੇ ਹਨ ਤੇ ਉਹ ਇਸ ਵਿਸ਼ੇਸ਼ ਪ੍ਰਾਪਤੀ ਸਦਕਾ ਆਪਣੇ-ਆਪ ਨੂੰ ਭਗਵਾਨ ਦਾ ਵਿਸ਼ੇਸ਼ ਬੱਚਾ ਸਮਝਦੇ ਹਨ। 39 ਔਰਤਾਂ ਦਾ ਪਤੀ ਤੇ ਵਿਸ਼ਵ ਦੇ ਸਭ ਤੋਂ ਵੱਡੇ ਪਰਿਵਾਰ ਦਾ ਮੁਖੀ ਹੋਣ ਦੇ ਨਾਤੇ ਉਹ ਆਪਣੇ-ਆਪ ਨੂੰ ਕਿਸਮਤ ਦਾ ਧਨੀ ਸਮਝਦਾ ਹੈ।

**To Advertise with us**
**call: 847-359-0746**
**Fax:847-705-9388**


**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ
ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ

ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ

ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant

**Global Multi Services**

ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.


*Rajinder Singh*
Insurance Lic No. 0G73739

Financing Available For Buying Trucks

**Cell:(510) 557-6988, Ph:209-982-9996**

# ਬਰਤਾਨੀਆ 'ਚ ਵੱਧ ਤਨਖਾਹ ਵਾਲਿਆਂ ਨੂੰ ਵੀਜ਼ਾ ਸੀਮਾ ਤੋਂ ਛੋਟ

**ਲੰਡਨ:** ਭਾਰਤੀਆਂ ਸਮੇਤ ਜ਼ਿਆਦਾ ਆਮਦਨ ਵਾਲੇ ਯੂਰਪੀਅਨ ਪੇਸ਼ੇਵਾਰਾਨਾਂ ਨੂੰ ਹੁਣ ਬਰਤਾਨੀਆ ਲਈ ਵੀਜ਼ਿਆਂ ਦੀ ਸੀਮਾਂ ਤੋਂ ਛੋਟ ਹੋਵੇਗੀ। ਇਹ ਨਿਯਮ ਅਪਰੈਲ ਵਿਚ ਲਾਗੂ ਹੋਣ ਜਾ ਰਿਹਾ ਹੈ। ਸਰਕਾਰ ਨੇ ਐਲਾਨ ਕੀਤਾ ਸੀ ਕਿ ਜੇ ਕੋਈ ਕੰਪਨੀ 150000 ਪੌਂਡ ਜਾਂ ਇਸ ਤੋਂ ਵੱਧ ਤਨਖਾਹ 'ਤੇ ਕਿਸੇ ਮੁਲਾਜ਼ਮ ਨੂੰ ਰੱਖਦੀ ਹੈ ਤਾਂ ਉਹ ਵੀਜ਼ਾ ਸੀਮਾ ਹੇਠ ਨਹੀਂ ਆਉਣਗੇ।

ਗ੍ਰਹਿ ਮੰਤਰੀ ਡੇਮੀਅਨ ਗਰੀਨ ਨੇ ਸਪੱਸ਼ਟ ਕੀਤਾ ਸੀ ਕਿ ਜਿਹੜੇ ਸਾਲਾਨਾ ਸੀਮਾ ਤੋਂ ਇਕ ਸਾਲ ਵਿਚ 150000 ਪੌਂਡ ਤੋਂ ਵੱਧ ਕਮਾਉਂਦੇ ਹਨ, ਉਨ੍ਹਾਂ ਨੂੰ ਵੀਜ਼ਾ ਸੀਮਾਂ ਤੋਂ ਛੋਟ ਦੇਣ ਦਾ ਫੈਸਲਾ ਵਪਾਰ ਨੂੰ ਉਤਸ਼ਾਹਿਤ ਕਰਨ ਲਈ ਲਿਆ ਗਿਆ ਹੈ। ਉਨ੍ਹਾਂ ਇਨ੍ਹਾਂ ਦਾਅਵਿਆਂ ਨੂੰ ਵੀ ਰੱਦ ਕੀਤਾ ਕਿ ਬਰਤਾਨੀਆ ਵਪਾਰ ਲਈ ਖੁੱਲ੍ਹਾ ਨਹੀਂ ਹੈ। ਇਹ ਤਬਦੀਲੀ ਗ਼ੈਰ-ਯੂਰਪੀ ਵਰਕਰਾਂ ਤੇ ਸਰਕਾਰ ਦੀ ਨਵੀਂ ਸਾਲਾਨਾ ਸੀਮਾ ਦਾ ਹਿੱਸਾ ਹੈ। ਜ਼ਿਕਰਯੋਗ ਹੈ ਕਿ ਡੇਵਿਡ ਕੈਮਰੋਨ ਸਰਕਾਰ ਨੇ ਪਿਛਲੇ ਸਾਲ ਦੇਸ਼ ਵਿਚ ਗ਼ੈਰ-ਯੂਰਪੀ ਵਰਕਰਾਂ ਦੀ ਗਿਣਤੀ ਘਟਾਉਣ ਲਈ ਸਥਾਈ ਵੀਜ਼ਾ ਕੋਟਾ ਦੇਣ ਦਾ ਐਲਾਨ ਕੀਤਾ ਸੀ। ਨਵੀਂ ਪ੍ਰਣਾਲੀ ਤਹਿਤ ਹੁਣ ਜੇ ਕੋਈ ਕੰਪਨੀ ਕਿਸੇ ਨੂੰ ਬਰਤਾਨੀਆ ਵਿਚ ਬੁਲਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਉਸ ਵਿਸ਼ੇਸ਼ ਅਸਾਮੀ ਲਈ ਯੂ.ਕੇ. ਬਾਰਡਰ ਏਜੰਸੀ ਕੋਲ ਸਰਟੀਫਿਕੇਟ ਆਫ ਸਪਾਂਸਰਸ਼ਿਪ (ਸੀ.ਓ.ਐਸ.) ਲਈ ਅਰਜ਼ੀ ਦੇਣੀ ਪਏਗੀ। ਗਰੀਨ ਨੇ ਕਿਹਾ ਕਿ ਬਰਤਾਨੀਆ ਨੂੰ ਨੌਕਰੀਆਂ ਦਾ ਖੱਪਾ ਪੂਰਨ ਲਈ ਆਕਰਸ਼ਕ ਤਨਖਾਹਾਂ ਚਾਹੀਦੀਆਂ ਹਨ ਪਰ ਇਸ ਦਾ ਅਸਰ ਇਥੇ ਪਹਿਲਾਂ ਹੀ ਰਹਿ ਰਹੇ ਵਰਕਰਾਂ ਉਪਰ ਨਹੀਂ ਪੈਣਾ ਚਾਹੀਦਾ। ਇਸ ਪ੍ਰਣਾਲੀ 'ਤੇ ਕੰਮ ਕਰਨ ਵੇਲੇ ਉਨ੍ਹਾਂ ਕੰਪਨੀਆਂ ਨੂੰ ਸਪਸ਼ਟ ਕਰ ਦਿੱਤਾ ਸੀ ਕਿ ਉਹ ਪਹਿਲਾਂ ਇਥੇ ਰਹਿ ਰਹੇ ਲੋਕਾਂ ਦਾ ਖਿਆਲ ਰੱਖਣ। ਉਨ੍ਹਾਂ ਕਿਹਾ "ਜਿਹੜੇ ਵੀ ਇਥੇ ਕੰਮ ਕਰਨ ਆਉਣਾ ਚਾਹੁੰਦੇ ਹਨ, ਉਨ੍ਹਾਂ ਨੂੰ ਇਹ ਸਪਸ਼ਟ ਹੋਣਾ ਚਾਹੀਦਾ ਹੈ ਕਿ ਅਸੀਂ ਇਥੇ ਵਸ ਜਾਣ ਦਾ ਰਾਹ ਹੋਰ ਸਖਤ ਕੀਤਾ ਹੈ। ਜਿਹੜੇ ਲੋਕ ਅਸਥਾਈ ਤੌਰ 'ਤੇ ਮਾਹਰਾਂ ਦਾ ਖੱਪਾ ਪੂਰਨ ਲਈ ਆਉਣਗੇ; ਉਹ ਸਥਾਈ ਤੌਰ 'ਤੇ ਇਥੇ ਦੇ ਨਾਗਰਿਕ ਨਹੀਂ ਬਣ ਸਕਦੇ। 20700 ਸੀ.ਓ.ਐਸ. ਦੀ ਸਾਲਾਨਾ ਸੀਮਾ 12 ਮਹੀਨਿਆਂ ਵਿਚ ਵੰਡੀ ਗਈ ਹੈ। ਮੰਗ ਅਨੁਸਾਰ ਪਹਿਲੇ ਮਹੀਨੇ 4200 ਸੀ.ਓ.ਐਸ. ਅਪਰੈਲ ਵਿਚ ਮੁਹੱਈਆ ਕੀਤੇ ਜਾਣਗੇ।

## ਅਮਰੀਕੀ ਵਿੱਤ ਮੰਤਰੀ ਐਚ-1ਬੀ ਵੀਜ਼ੇ ਵਧਾਉਣ ਦੇ ਹੱਕ 'ਚ

**ਵਾਸ਼ਿੰਗਟਨ:** ਅਮਰੀਕੀ ਵਿੱਤ ਮੰਤਰੀ ਟਿਮੋਥੀ ਗਾਇਟਨਰ ਨੇ ਕਿਹਾ ਹੈ ਕਿ ਉਹ ਐਚ-1ਬੀ ਵੀਜ਼ਾ ਪ੍ਰੋਗਰਾਮ ਦੇ ਪਸਾਰ ਦੇ ਹੱਕ ਵਿਚ ਹਨ। ਇਹ ਵੀਜ਼ਾ ਉੱਚ ਵਿਦਿਆ ਤੇ ਹੁਨਰ ਵਾਲੇ ਪੇਸ਼ਾਵਰਾਂ ਤੇ ਵਿਦਿਆਰਥੀਆਂ ਨੂੰ ਇਥੇ ਰਹਿਣ ਤੇ ਕੰਮ ਕਰਨ ਲਈ ਦਿੱਤਾ ਜਾਂਦਾ ਹੈ।

ਵਿੱਤ ਬਾਰੇ ਸੈਨੇਟ ਕਮੇਟੀ ਅੱਗੇ ਪੇਸ਼ ਹੋਣ 'ਤੇ ਜਦੋਂ ਉਟਾਹ ਦੇ ਸੈਨੇਟਰ ਓਰੀਨ ਹੈਚ ਨੇ ਭਾਰਤ ਤੇ ਚੀਨ ਜਿਹੇ ਮੁਲਕਾਂ ਦੇ ਮੁਕਾਬਲੇ ਲਈ ਇਸ ਵੀਜ਼ਾ ਪ੍ਰੋਗਰਾਮ ਦੇ ਵੱਡੇ ਪੱਧਰ 'ਤੇ ਅਮਰੀਕਾ ਲਈ ਸਹਾਈ ਹੋਣ ਦੀ ਗੱਲ ਕਹੀ ਤਾਂ ਸ੍ਰੀ ਗਾਇਟਨਰ ਨੇ ਕਿਹਾ ਕਿ ਉਹ ਐਚ-1ਬੀ ਵੀਜ਼ੇ ਲਈ ਉਨ੍ਹਾਂ ਨਾਲ ਸਹਿਮਤ ਹਨ। ਸ੍ਰੀ ਹੈਚ ਨੇ ਕਿਹਾ ਕਿ ਇਹ ਚੀਜ਼ ਅਮਰੀਕਾ ਲਈ ਬਹੁਤ ਲਾਹੇਵੰਦ ਰਹੇਗੀ ਕਿ ਇਨ੍ਹਾਂ ਇਥੇ ਪੜ੍ਹੇ ਤੇ ਇਥੇ ਰਹਿਣ ਟਿਕਣ ਦੇ ਚਾਹਵਾਨ ਪੀ.ਐਚ.ਡੀ. ਲੋਕਾਂ ਨੂੰ ਐਚ-1ਬੀ ਵੀਜ਼ਾ ਦਿੱਤਾ ਜਾਵੇ। ਇਹ ਲੋਕ ਹੁਸ਼ਿਆਰ ਹਨ ਤੇ ਹਾਈਟੈਕ ਜਗਤ ਤੇ ਹੋਰ ਖੇਤਰਾਂ ਵਿਚ ਅਮਰੀਕਾ ਦੀ ਵੱਡੀ ਮਦਦ ਕਰ ਸਕਦੇ ਹਨ ਤੇ ਇਨ੍ਹਾਂ ਨੂੰ ਇਥੇ ਟਿਕਣ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਹੁਣ ਅਮਰੀਕਾ ਨੂੰ ਚੀਨ ਤੇ ਭਾਰਤ ਤੋਂ ਇਲਾਵਾ ਹੋਰ ਥਾਵਾਂ ਤੋਂ ਵੀ ਸਖਤ ਮੁਕਾਬਲਾ ਮਿਲ ਰਿਹਾ ਹੈ। ਸਿਹਤ ਦੇ ਖੇਤਰ ਵਿਚ ਥਾਈਲੈਂਡ ਤੇ ਹੋਰ ਥਾਵਾਂ ਤੋਂ ਅਮਰੀਕਾ ਨੂੰ ਚੁਣੌਤੀਆਂ ਹਨ।ਸੈਨੇਟਰ ਨੇ ਕਿਹਾ ਕਿ ਐਚ-1ਬੀ ਵੀਜ਼ਾ ਦੇਸ਼ ਲਈ ਬਹੁਤ ਸਹਾਈ ਹੋਵੇਗਾ। ਇਸ 'ਤੇ ਵਿੱਤ ਮੰਤਰੀ ਸ੍ਰੀ ਗਾਇਟਨਰ ਨੇ ਕਿਹਾ ਕਿ ਉਹ ਉਨ੍ਹਾਂ ਨਾਲ ਸਹਿਮਤ ਹਨ।

## ਮਿਸਰ 'ਚ ਹੀ ਪ੍ਰਾਣ ਤਿਆਗਣੇ ਚਾਹੁੰਦਾ ਹੈ ਮੁਬਾਰਕ

**ਕਾਹਿਰਾ:** ਤੀਹ ਸਾਲ ਮਿਸਰ ਦੀ ਗੱਦੀ 'ਤੇ ਕਾਬਜ਼ ਰਹੇ ਹੋਸਨੀ ਮੁਬਾਰਕ ਨੇ ਸਖ਼ਤ ਬਿਮਾਰ ਹੋਣ ਪਿਛੋਂ ਜਿਊਣ ਦੀ ਆਸ ਛੱਡ ਦਿੱਤੀ ਹੈ ਤੇ ਉਹ ਆਪਣੇ ਦੇਸ਼ ਵਿਚ ਹੀ ਪ੍ਰਾਣ ਤਿਆਗਣੇ ਚਾਹੁੰਦਾ ਹੈ। ਇਕ ਸਾਊਦੀ ਅਧਿਕਾਰੀ ਅਨੁਸਾਰ ਉਸ ਨੇ ਦੂਜੇ ਦੇਸ਼ਾਂ ਵੱਲੋਂ ਪਨਾਹ ਦੇਣ ਦੀਆਂ ਕੀਤੀਆਂ ਪੇਸ਼ਕਸ਼ਾਂ ਰੱਦ ਕਰ ਦਿੱਤੀਆਂ ਹਨ। ਅਫਸਰ ਨੇ ਦੱਸਿਆ ਕਿ ਮੁਬਾਰਕ ਦੀ ਹਾਲਤ ਠੀਕ ਨਹੀਂ ਚੱਲ ਰਹੀ ਪਰ ਉਸ ਨੇ ਮਾਤ-ਭੂਮੀ ਛੱਡ ਕੇ ਜਾਣ ਤੋਂ ਮਨ੍ਹਾਂ ਕਰ ਦਿੱਤਾ ਹੈ। 82 ਸਾਲਾ ਮੁਬਾਰਕ ਜੋ ਸਿਹਤ ਸਮੱਸਿਆਵਾਂ ਵਿਚ ਘਿਰੇ ਹੋਏ ਹਨ, ਨੇ ਸਾਊਦੀ ਅਰਬ ਆਉਣ ਦੀ ਪੇਸ਼ਕਸ਼ ਇਹ ਕਹਿ ਕੇ ਰੱਦ ਕਰ ਦਿੱਤੀ ਹੈ ਕਿ ਉਹ ਆਪਣੀਆਂ ਆਖਰੀ ਘੜੀਆਂ ਮਿਸਰ ਵਿਚ ਹੀ ਬਿਤਾਉਣਾ ਚਾਹੁੰਦਾ ਹੈ।

## ਪਰਵਾਸੀ ਪੰਜਾਬਣ ਦੇ ਕਾਤਲ ਨੂੰ ਉਮਰ ਕੈਦ

**ਆਕਲੈਂਡ:** ਨਿਊਜ਼ੀਲੈਂਡ ਦੀ ਅਦਾਲਤ ਵੱਲੋਂ ਟੌਰੰਗਾ ਸ਼ਹਿਰ ਵਿਖੇ ਪਿਛਲੇ ਵਰ੍ਹੇ ਚਾਰ ਜੂਨ ਨੂੰ 32 ਸਾਲਾ ਪੰਜਾਬੀ ਔਰਤ ਰਵਨੀਤ ਸੰਘਾ ਤੇ ਉਸ ਦੀ ਦੋ ਸਾਲ ਦੀ ਧੀ ਐਨਾ ਸੰਘਾ ਦੇ ਕਤਲ ਦੇ ਦੋਸ਼ 'ਚ ਦੀਪਕ ਨਾਗਪਾਲ (24 ਸਾਲ) ਸਪੁੱਤਰ ਜਗਦੀਸ਼ ਨਾਗਪਾਲ ਵਾਸੀ ਕਰਨਾਲ (ਹਰਿਆਣਾ) ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਇਹ ਨੌਜਵਾਨ ਪੈਕ ਹਾਊਸ 'ਚ ਕੰਮ ਕਰਦਾ ਸੀ ਤੇ ਸੰਘਾ ਪਰਿਵਾਰ ਦੇ ਘਰ ਵਿਚ ਹੀ ਰਹਿੰਦਾ ਸੀ। ਵਪਾਰ 'ਚ ਸਾਂਝੀਵਾਲ ਬਣਨ ਲਈ ਇਸ ਨੇ ਆਪਣੇ ਰਿਸ਼ਤੇਦਾਰਾਂ ਤੋਂ ਕੁਝ ਰਕਮ ਲਿਆ ਕੇ 1 ਜੂਨ ਨੂੰ ਰਵਨੀਤ ਸੰਘਾ ਨੂੰ ਦਿੱਤੀ ਸੀ ਤੇ ਦੋ ਕੁ ਦਿਨਾਂ ਵਿਚ ਹੀ ਇਨ੍ਹਾਂ ਦਾ ਆਪਸ 'ਚ ਝਗੜਾ ਹੋ ਗਿਆ ਜਿਸ ਸਮੇਂ ਇਹ ਕਤਲ ਹੋਏ। ਰਵਨੀਤ ਸੰਘਾ ਦਾ ਪਤੀ ਦੇਵ ਸੰਘਾ (37) ਆਪਣੇ ਪਿੰਡ ਜਲੋਵਾਲ, ਜ਼ਿਲ੍ਹਾ ਕਪੂਰਥਲਾ, ਪੰਜਾਬ ਗਿਆ ਹੋਇਆ ਸੀ। ਪਿਛਲੀ 24 ਨਵੰਬਰ ਨੂੰ ਟੌਰੰਗਾ ਦੀ ਜ਼ਿਲ੍ਹਾ ਅਦਾਲਤ ਵਿਚ ਇਸ ਨੌਜਵਾਨ ਨੇ ਆਪਣਾ ਦੋਸ਼ ਕਬੂਲ ਕਰ ਲਿਆ ਸੀ ਤੇ ਦੱਸਿਆ ਸੀ ਕਿ ਉਸ ਨੇ ਰਵਨੀਤ ਸੰਘਾ ਤੇ ਉਸ ਦੀ ਬੱਚੀ ਦਾ ਚਾਕੂ ਨਾਲ ਕਤਲ ਕੀਤਾ ਸੀ।

# ਨਿਊ ਯਾਰਕ ਹਵਾਈ ਅੱਡੇ 'ਤੇ ਹਮਲੇ ਦੀ ਸਾਜ਼ਿਸ਼ ਰਚਣ ਵਾਲੇ ਨੂੰ ਉਮਰ ਕੈਦ

**ਬਾਰਸੀਲੋਨਾ:** ਇਕ ਏਅਰਲਾਈਨ ਦੇ ਸਾਮਾਨ ਢੋਣ ਵਾਲੇ ਸਾਬਕਾ ਕਾਮੇ ਨੂੰ ਅਮਰੀਕਾ ਦੀ ਸੰਘੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ 'ਤੇ ਨਿਊਯਾਰਕ ਦੇ ਹਵਾਈ ਅੱਡੇ 'ਤੇ 9/11 ਦੇ ਬਰਾਬਰ ਦੇ ਵੱਡੇ ਅਤਿਵਾਦੀ ਹਮਲੇ ਦੀ ਸਾਜ਼ਿਸ਼ ਰਚਣ ਦੇ ਦੋਸ਼ ਹਨ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਅਮਰੀਕੀ ਨਾਗਰਿਕ ਪਰ ਗੁਇਆਨਾ ਮੂਲ ਦੇ 67 ਸਾਲਾ ਰਸਲ ਡੇਫਰਾਇਟਸ ਨੇ ਤਿੰਨ ਹੋਰਾਂ ਨਾਲ ਰਲ ਕੇ ਜੋਹਨ ਐਫ. ਕੈਨੇਡੀ ਕੌਮਾਂਤਰੀ ਹਵਾਈ ਅੱਡੇ ਹੇਠਲੀ ਪਾਈਪ ਲਾਈਨ ਤੇ ਈਂਧਨ ਵਾਲੇ ਟੈਂਕ ਉਡਾਉਣ ਦੀ ਸਾਜ਼ਿਸ਼ ਰਚੀ ਸੀ। ਅਮਰੀਕੀ ਅਟਾਰਨੀ ਲੋਰੈਟਾ ਲਿੰਚ ਨੇ ਨਿਆਂ ਵਿਭਾਗ ਦੇ ਬਿਆਨ 'ਚ ਕਿਹਾ ਹੈ ਕਿ ਰਸਲ ਨੇ ਅਜਿਹਾ ਅਤਿਵਾਦੀ ਹਮਲਾ ਕਰਨ ਦੀ ਸਾਜ਼ਿਸ਼ ਰਚੀ ਸੀ ਜਿਸ ਬਾਰੇ ਉਸ ਨੂੰ ਆਸ ਸੀ ਕਿ ਇਹ 9/11 ਦੇ ਹਮਲਿਆਂ ਦੇ ਬਰਾਬਰ ਦਾ ਹਮਲਾ ਹੋਵੇਗਾ ਪਰ ਅਮਨ-ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸਮਾਂ ਰਹਿੰਦੇ ਇਸ ਦਾ ਪਤਾ ਲਗ ਗਿਆ ਤੇ ਇਹ ਸਾਜ਼ਿਸ਼ ਨਕਾਰਾ ਕਰ ਦਿੱਤੀ ਗਈ। ਰਸਲ ਨੂੰ ਪਿਛਲੇ ਸਾਲ ਨੌਂ ਹਫਤਿਆਂ ਦੀ ਅਦਾਲਤੀ ਕਾਰਵਾਈ ਮਗਰੋਂ ਸਰਕਾਰੀ ਆਵਾਜਾਈ ਨੈਟਵਰਕ ਤੇ ਲੋਕਾਂ ਦੀ ਆਵਾਜਾਈ ਦੀ ਸਹੂਲਤ ਹਵਾਈ ਜਹਾਜ਼ਾਂ ਤੇ ਹੋਰ ਸਮੱਗਰੀ 'ਤੇ ਹਮਲਾ ਕਰਨ ਤੇ ਕੌਮਾਂਤਰੀ ਹਵਾਈ ਅੱਡੇ ਨੂੰ ਨੁਕਸਾਨ ਪਹੁੰਚਾਉਣ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ। ਉਸ ਤੋਂ ਪਹਿਲਾਂ ਇਕ ਹੋਰ ਵਿਅਕਤੀ ਨੂੰ ਇਸੇ ਦੋਸ਼ 'ਚ ਸਜ਼ਾ ਸੁਣਾਈ ਜਾ ਚੁੱਕੀ ਹੈ। ਪਤਾ ਲੱਗਿਆ ਹੈ ਕਿ ਰਸਲ ਨੇ ਹਵਾਈ ਅੱਡੇ 'ਚ ਈਂਧਨ ਦੇ ਡਿਪੂਆਂ 'ਚ ਕੰਮ ਕਰਦ ਦੇ ਆਪਣੇ ਤਜਰਬੇ ਤਹਿਤ ਸਾਜ਼ਿਸ਼ ਦਾ ਮੁੱਢ ਬੰਨ੍ਹਿਆ ਸੀ। ਉਸ ਨੇ ਗੁਇਆਨਾ ਦੇ ਕਈ ਫੇਰੇ ਲਾ ਕੇ ਹੋਰਾਂ ਦੀ ਵੀ ਇਸ ਕੰਮ ਲਈ ਭਰਤੀ ਕੀਤੀ ਸੀ ਤੇ ਇਸ ਹਵਾਈ ਅੱਡੇ ਦੀ ਵੀਡੀਓ ਉਨ੍ਹਾਂ ਨੂੰ ਦਿੱਤੀ ਸੀ।

# ਹੈਕਰਾਂ ਵੱਲੋਂ ਕੈਨੇਡਾ ਦੇ ਸਰਕਾਰੀ ਦਸਤਾਵੇਜ਼ਾਂ ਨਾਲ ਛੇੜ-ਛਾੜ

**ਟੋਰਾਂਟੋ:** ਕੰਪਿਊਟਰ ਹੈਕਰਾਂ ਵੱਲੋਂ ਕੈਨੇਡਾ ਸਰਕਾਰ ਦੇ ਕੁਝ ਕੰਪਿਊਟਰ ਸਿਸਟਮਾਂ ਨਾਲ ਛੇੜ-ਛਾੜ ਕਰਨ ਦਾ ਯਤਨ ਕੀਤਾ ਗਿਆ ਹੈ ਪਰ ਉਹ ਗੁਪਤ ਦਸਤਾਵੇਜ਼ਾਂ ਤੱਕ ਪਹੁੰਚ ਨਹੀਂ ਸਕੇ। ਇਹ ਜਾਣਕਾਰੀ ਸਰਕਾਰੀ ਅਧਿਕਾਰੀਆਂ ਨੇ ਦਿੱਤੀ ਹੈ।

ਸੰਘੀ ਪ੍ਰਸ਼ਾਸਕੀ ਏਜੰਸੀ 'ਖਜ਼ਾਨਾ ਬੋਰਡ' ਦੇ ਪ੍ਰੈਜ਼ੀਡੈਂਟ ਸਟਾਕਵੈਲ ਡੇ ਨੇ ਕਿਹਾ ਕਿ ਹੈ ਇਹ ਹਮਲੇ ਬਿਲਕੁਲ ਗੰਭੀਰ ਕਿਸਮ ਦੇ ਸਨ ਪਰ ਕੈਨੇਡਾ ਦੇ ਸਾਈਬਰ ਸੁਰੱਖਿਆਤੰਤਰ ਨੇ ਇਸ ਦਾ ਛੇਤੀ ਹੀ ਪਤਾ ਲਾ ਕੇ ਉਨ੍ਹਾਂ ਨੂੰ ਠੱਲ੍ਹ ਲਿਆ। ਡੇ ਨੇ ਕਿਹਾ ਕਿ ਭਾਵੇਂ ਇਨ੍ਹਾਂ ਨੂੰ ਬਹੁਤ ਘਾਤਕ ਹਮਲੇ ਨਹੀਂ ਕਿਹਾ ਜਾ ਸਕਦਾ ਪਰ ਇਹ ਕਾਫੀ ਗੰਭੀਰ ਸਨ।

ਇਹ ਇਸ ਪੱਖੋਂ ਵੀ ਗੰਭੀਰ ਗੱਲ ਸੀ ਕਿ ਵਿੱਤੀ ਰਿਕਾਰਡ ਦਾ ਪਿੱਛਾ ਕਰਨ ਦਾ ਯਤਨ ਕੀਤਾ ਗਿਆ।ਕੈਨੇਡੀਅਨ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਨੇ ਰਿਪੋਰਟ ਦਿੱਤੀ ਹੈ ਕਿ ਖਜ਼ਾਨਾ ਬੋਰਡ ਤੇ ਵਿੱਤ ਵਿਭਾਗ ਦੇ ਕੰਪਿਊਟਰ ਸਿਸਟਮਾਂ 'ਚ ਜਨਵਰੀ ਦੇ ਸ਼ੁਰੂ 'ਚ ਸੰਨ੍ਹ ਲਾਈ ਗਈ। ਇਹਦੇ ਨਾਲ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਕੈਨੇਡਾ ਜੋ ਇਕ ਰਿਸਰਚ ਏਜੰਸੀ ਹੈ, 'ਚ ਵੀ ਸੰਨ੍ਹ ਲਾਈ ਗਈ।

ਡੇ ਦੇ ਤਰਜਮਾਨ ਜੇ ਡੈਨੀ ਨੇ ਪੁਸ਼ਟੀ ਕੀਤੀ ਹੈ ਕਿ ਖਜ਼ਾਨਾ ਬੋਰਡ 'ਚ ਇੰਟਰਨੈੱਟ ਤੱਕ ਮੁਲਾਜ਼ਮਾਂ ਦੀ ਪਹੁੰਚ ਕੁਝ ਸਮੇਂ ਲਈ ਘਟਾਈ ਗਈ ਹੈ। ਉਨ੍ਹਾਂ ਦੱਸਿਆ ਕਿ ਅਜਿਹੇ ਸਾਈਬਰ ਖਤਰੇ ਰੋਕਣ, ਘੱਟ ਕਰਨ ਜਾਂ ਇਸ ਦੇ ਅਸਰਾਂ ਨੂੰ ਰੋਕਣ ਲਈ ਸਰਕਾਰ ਦੀਆਂ ਯੋਜਨਾਵਾਂ ਹਨ।



ਪਬਲਿਕ ਸੇਫਟੀ ਬਾਰੇ ਮੰਤਰੀ ਦੇ ਤਰਜਮਾਨ ਕਰਿਸ ਮੈਕਕਲਸਕੀ ਨੇ ਕਿਹਾ ਕਿ ਸਰਕਾਰ ਨੇ ਇਨ੍ਹਾਂ ਖਤਰਿਆਂ ਨੂੰ ਗੰਭੀਰਤਾ ਨਾਲ ਲਿਆ ਹੈ। ਡੈਨੀ ਨੇ ਕਿਹਾ ਕਿ ਕੈਨੇਡੀਆਈਆਂ ਨਾਲ ਸਬੰਧਤ ਕੋਈ ਵੀ ਜਾਣਕਾਰੀ ਜਾਂ ਅੰਕੜੇ ਚੋਰੀ ਜਾਂ ਹੈਕ ਹੋਣ ਦੇ ਕੋਈ ਸੰਕੇਤ ਨਹੀਂ ਹਨ।

ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਕਿਹਾ ਕਿ ਕੇਂਦਰੀ ਸੁਰੱਖਿਆ ਏਜੰਸੀਆਂ ਅਜਿਹੇ ਅਪਰਾਧਾਂ ਨਾਲ ਨਜਿੱਠਣ ਲਈ ਕੰਮ ਕਰ ਰਹੀਆਂ ਹਨ।

## ਚੀਨੀ ਤੇ ਭਾਰਤੀ ਵਿਦਿਆਰਥੀਆਂ ਨੇ ਆਸਟਰੇਲੀਆ ਤੋਂ ਪਾਸਾ ਵੱਟਿਆ

**ਮੈਲਬਰਨ:** ਵਿਦਿਆਰਥੀ ਵੀਜ਼ਾ ਕਾਨੂੰਨ 'ਚ ਕੀਤੇ ਬਦਲਾਅ ਕਾਰਨ ਆਸਟਰੇਲੀਆ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ 'ਚ ਭਾਰਤ ਤੇ ਚੀਨ ਤੋਂ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਬਹੁਤ ਘਟ ਗਈ ਹੈ। ਚੀਨ ਦੇ ਉੱਘੇ ਸਿੱਖਿਆ ਵੀਜ਼ਾ ਦਿਵਾਉਣ ਵਾਲੇ ਏਜੰਟ ਨੇ ਦੱਸਿਆ ਕਿ ਜ਼ਿਆਦਾਤਰ ਚੀਨੀ ਵਿਦਿਆਰਥੀ ਹੁਣ ਅਮਰੀਕਾ, ਇੰਗਲੈਂਡ ਤੇ ਕੈਨੇਡੀਅਨ ਯੂਨੀਵਰਸਿਟੀਆਂ ਨੂੰ ਤਰਜੀਹ ਦੇਣ ਲੱਗੇ ਹਨ। ਬੀਜਿੰਗ ਦੀ ਵਿਦਿਆਰਥੀ ਏਜੰਸੀ ਆਓਜੀ ਦੇ ਚੀਫ ਕਾਰਜਕਾਰੀ ਅਧਿਕਾਰੀ ਲੀ ਪਿੰਗ ਨੇ 'ਦਾ ਆਸਟਰੇਲੀਅਨ' ਨੂੰ ਦੱਸਿਆ ਕਿ ਗਿਲਾਰਡ ਸਰਕਾਰ ਦੀਆਂ ਨੀਤੀਆਂ ਦੀ ਗਲਤੀ ਕਾਰਨ ਵਿਦਿਆਰਥੀਆਂ ਦੀ ਗਿਣਤੀ 'ਚ ਕਮੀ ਆਈ ਹੈ ਤੇ ਇਸ ਖੇਤਰ ਦੀ 18 ਬਿਲੀਅਨ ਅਮਰੀਕੀ ਡਾਲਰ ਦੀ ਇਸ ਵੱਡੀ ਮਾਰਕਿਟ ਨੂੰ ਨੁਕਸਾਨ ਪੁੱਜਿਆ ਹੈ।

ਪਿੰਗ ਨੇ ਕਿਹਾ ਕਿ ਆਸਟਰੇਲੀਅਨ ਸਰਕਾਰ ਨੇ ਕੁਝ ਵੱਡੀਆਂ ਗਲਤੀਆਂ ਕੀਤੀਆਂ ਹਨ। ਉਨ੍ਹਾਂ ਕੋਲ ਦੂਰਦ੍ਰਿਸ਼ਟੀ ਨਹੀਂ ਹੈ। ਜ਼ਿਕਰਯੋਗ ਹੈ ਕਿ ਇਮੀਗਰੇਸ਼ਨ ਨੇਮਾਂ 'ਚ ਕੀਤੇ ਬਦਲਾਅ ਕਾਰਨ ਚੀਨੀ ਵਿਦਿਆਰਥੀਆਂ ਦੀ ਗਿਣਤੀ 'ਚ ਤੇਜ਼ੀ ਨਾਲ ਕਮੀ ਆਈ ਹੈ। ਸਾਲ 2009 'ਚ ਦਾਖਲੇ ਲੈਣ ਵਾਲੇ ਵਿਦਿਆਰਥੀਆਂ ਜਿਸ ਕਾਰਨ 40 ਫੀਸਦੀ ਵਾਧਾ ਦਰਜ ਕੀਤਾ ਗਿਆ ਸੀ, ਵਿਚ ਵੀ ਪਿਛਲੇ ਵਰ੍ਹੇ ਤੋਂ ਨਿਘਾਰ ਆਇਆ ਹੈ।

# ਕਮਲ ਨਾਥ ਨੂੰ ਸਫ਼ਾਰਤੀ ਛੋਟ ਵਿਰੁਧ ਮੁਹਿੰਮ

**ਵਾਸ਼ਿੰਗਟਨ:** ਅਮਰੀਕੀ ਸਿੱਖਾਂ ਵੱਲੋਂ ਭਾਰਤ ਦੇ ਸ਼ਹਿਰੀ ਵਿਕਾਸ ਮੰਤਰੀ ਕਮਲ ਨਾਥ ਨੂੰ ਸਫ਼ਾਰਤੀ ਛੋਟ ਨਾ ਦਿੱਤੇ ਜਾਣ ਲਈ ਅਮਰੀਕਾ ਸਰਕਾਰ 'ਤੇ ਦਬਾਅ ਪਾਉਣ ਦੀ ਮੁਹਿੰਮ ਚਲਾਈ ਜਾ ਰਹੀ ਹੈ। ਕਮਲ ਨਾਥ 'ਤੇ 1984 ਦੇ ਸਿੱਖ ਕਤਲੇਆਮ 'ਚ ਸ਼ਾਮਲ ਹੋਣ ਦੇ ਦੋਸ਼ ਲੱਗੇ ਸਨ।



ਅਮਰੀਕੀ ਸਿੱਖਾਂ ਦੇ ਗਰੁੱਪ ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਦਾ ਕਹਿਣਾ ਹੈ ਕਿ ਕਮਲ ਨਾਥ ਨੂੰ ਸਫਾਰਤੀ ਛੋਟ ਦੇਣ ਦੀ ਥਾਂ ਸਰਕਾਰ ਨੂੰ ਉਸ ਵਿਰੁੱਧ ਮਾਨਵੀ ਹੱਕਾਂ ਦੀ ਉਲੰਘਣਾ ਬਾਰੇ ਐਕਟ 2009 ਤਹਿਤ ਉਸ ਵਿਰੁੱਧ ਕਾਰਵਾਈ ਸ਼ੁਰੂ ਕਰਨੀ ਚਾਹੀਦੀ ਹੈ। ਇਸ ਜਥੇਬੰਦੀ ਨੇ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਤੇ ਹੋਮ ਲੈਂਡ ਸਕਿਉਰਿਟੀ ਦੀ ਸਕੱਤਰ ਜੈਨੇਟ ਨੈਪੋਲਿਟੈਨੋ ਨੂੰ ਇਸ ਬਾਰੇ ਪੱਤਰ ਲਿਖਿਆ ਹੈ। ਇਸੇ ਦੌਰਾਨ ਨਿਊਯਾਰਕ ਦੀ ਇਕ ਅਦਾਲਤ ਨੇ ਐਸ.ਐਫ.ਜੇ. ਨੂੰ ਤਿੰਨ ਹਫਤਿਆਂ ਦਾ ਹੋਰ ਸਮਾਂ ਦੇ ਕੇ ਇਸ ਮਾਮਲੇ 'ਚ ਹੋਰ ਉਤਰਦਾਈਆਂ ਦੇ ਨਾਂ ਸ਼ਾਮਲ ਕਰਨ ਲਈ ਕਿਹਾ ਹੈ।

ਸ਼ਿਕਾਇਤਕਰਤਾਵਾਂ ਦਾ ਮੰਨਣਾ ਹੈ ਕਿ ਨਵੰਬਰ 1984 'ਚ ਸਿੱਖਾਂ ਨਸਲਕੁਸ਼ੀ 'ਚ ਕਮਲ ਨਾਥ ਵੀ ਸਾਜ਼ਿਸ਼ੀਆਂ 'ਚ ਸ਼ਾਮਲ ਸੀ। ਇਹ ਜਾਣਕਾਰੀ ਜਥੇਬੰਦੀ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂ ਨੇ ਦਿੱਤੀ। ਅਪਰੈਲ 2010 'ਚ ਐਸ.ਐਫ.ਜੇ. ਨੇ ਦੋ ਹੋਰਾਂ ਨਾਲ ਅਮਰੀਕਾ ਦੀ ਜ਼ਿਲ੍ਹਾ ਅਦਾਲਤ 'ਚ ਦੋ ਵੱਖ-ਵੱਖ ਐਕਟਾਂ ਅਧੀਨ ਕਮਲ ਨਾਥ ਵਿਰੁੱਧ ਮੁਕੱਦਮੇ ਦਾਇਰ ਕੀਤੇ ਸਨ।

## ਪਾਕਿ ਅਦਾਲਤ ਵੱਲੋਂ ਮੁਸ਼ੱਰਫ ਦੇ ਮੁੜ ਵਾਰੰਟ ਜਾਰੀ

**ਇਸਲਾਮਾਬਾਦ:** ਪਾਕਿਸਤਾਨ ਦੀ ਇਕ ਦਹਿਸ਼ਤ-ਵਿਰੋਧੀ ਅਦਾਲਤ ਨੇ 19 ਫਰਵਰੀ ਨੂੰ ਦੇਸ਼ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਦੀ ਗ੍ਰਿਫਤਾਰੀ ਲਈ ਮੁੜ ਵਾਰੰਟ ਜਾਰੀ ਕਰ ਦਿੱਤੇ ਹਨ। ਜੱਜ ਰਾਣਾ ਨਿਸਾਰ ਅਹਿਮਦ ਖਾਨ ਨੇ ਮੁੜ ਵਾਰੰਟ ਇਸ ਕਰਕੇ ਜਾਰੀ ਕੀਤੇ ਕਿਉਂਕਿ ਐਫ.ਆਈ.ਏ. ਦੇ ਇਕ ਅਧਿਕਾਰੀ ਨੇ ਸੁਣਵਾਈ ਦੌਰਾਨ ਉਨ੍ਹਾਂ ਨੂੰ ਦੱਸਿਆ ਕਿ ਉਹ 12 ਫਰਵਰੀ ਨੂੰ ਜਾਰੀ ਹੋਏ ਵਾਰੰਟ ਦੀ ਤਾਮੀਲ ਨਹੀਂ ਕਰਾ ਸਕੇ।

ਜੱਜ ਨੇ ਪ੍ਰਸ਼ਾਸਨ ਨੂੰ ਇਹ ਵੀ ਹਦਾਇਤ ਕੀਤੀ ਕਿ ਉਹ ਵਾਰੰਟ ਦੀਆਂ ਕਾਪੀਆਂ ਮੁਸ਼ੱਰਫ ਦੇ ਇਸਲਾਮਾਬਾਦ ਤੇ ਲੰਡਨ ਵਿਚਲੇ ਘਰਾਂ ਨੂੰ ਭੇਜਣ।

# ਸਥਾਈ ਸੀਟ ਲਈ ਭਾਰਤ ਦੀ ਹਮਾਇਤ 'ਚ ਅਮਰੀਕੀ ਕਾਂਗਰਸ 'ਚ ਮਤਾ ਪੇਸ਼

**ਵਾਸ਼ਿੰਗਟਨ:** ਭਾਰਤ ਉਭਰ ਰਹੀ ਵਿਸ਼ਵ ਸ਼ਕਤੀ ਦੱਸਦਿਆਂ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਸਥਾਈ ਸੀਟ ਲਈ ਭਾਰਤ ਦੇ ਯਤਨਾਂ ਦੀ ਹਮਾਇਤ ਕਰਨ ਲਈ ਅਮਰੀਕਾ ਦੇ ਪ੍ਰਤੀਨਿਧ ਸਦਨ ਵਿਚ ਮਤਾ ਪੇਸ਼ ਕੀਤਾ ਕੀਤਾ ਗਿਆ ਹੈ। ਮਤਾ ਡੈਮੋਕ੍ਰੈਟਿਕ ਕਾਂਗਰਸ ਮੈਂਬਰ ਐਲਸੀ ਹੇਸਟਿੰਗਜ਼ ਨੇ ਪੇਸ਼ ਕੀਤਾ ਤੇ ਉਸ ਦੀ ਅੱਧੀ ਦਰਜਨ ਦੂਸਰੇ ਮੈਂਬਰਾਂ ਨੇ ਹਮਾਇਤ ਕੀਤੀ। ਹੁਣ ਇਹ ਮਤਾ ਸਦਨ ਦੀ ਵਿਦੇਸ਼ ਮਾਮਲਿਆਂ ਬਾਰੇ ਕਮੇਟੀ ਨੂੰ ਸੌਂਪਿਆ ਗਿਆ ਹੈ।

ਮਜ਼ਬੂਤ ਲੋਕਤੰਤਰੀ ਭਾਈਵਾਲ, ਮੁੱਖ ਆਰਥਿਕ ਭਾਈਵਾਲ ਤੇ ਉਭਰ ਰਹੀ ਵਿਸ਼ਵ ਸ਼ਕਤੀ ਵਜੋਂ ਭਾਰਤ ਦੀ ਸ਼ਲਾਘਾ ਕਰਦਿਆਂ ਮਤੇ ਵਿਚ ਭਾਰਤ ਨੂੰ ਸੰਯੁਕਤ ਰਾਸ਼ਟਰ ਸੁਰੱਖਿਆ



ਕੌਂਸਲ ਦਾ ਸਥਾਈ ਮੈਂਬਰ ਵਜੋਂ ਸ਼ਾਮਲ ਕਰਨ ਦੀ ਵਕਾਲਤ ਕੀਤੀ ਗਈ ਹੈ। ਇਸ ਨੇ ਸੁਰੱਖਿਆ ਕੌਂਸਲ ਵਿਚ ਭਾਰਤ ਦੀ ਸ਼ਮੂਲੀਅਤ ਲਈ ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੇ ਦੋਸਤਾਂ ਤੇ ਭਾਈਵਾਲਾਂ ਨਾਲ ਮਿਲ ਕੇ ਕੰਮ ਕਰਨ ਲਈ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਉਤਸ਼ਾਹਿਤ ਕੀਤਾ ਹੈ।

ਇਸ ਦੇ ਨਾਲ ਹੀ ਭਾਰਤ ਤੇ ਪਾਕਿ ਵਿਚਕਾਰ ਦੁਵੱਲੀ ਗੱਲਬਾਤ ਮੁੜ ਸ਼ੁਰੂ ਹੋਣ ਦਾ ਸਵਾਗਤ ਕਰਦਿਆਂ ਅਮਰੀਕਾ ਨੇ ਦੋਵਾਂ ਦੇਸ਼ਾਂ ਨੂੰ ਅਪੀਲ ਕੀਤੀ ਕਿ ਜੰਗ ਦੀ ਮਾਰ ਝੱਲ ਰਹੇ ਅਫਗਾਨਿਸਤਾਨ ਵਿਚ ਸਥਿਰਤਾ ਲਿਆਉਣ 'ਚ ਮਦਦ ਲਈ ਉਹ ਇਸੇ ਭਾਵਨਾ ਨਾਲ ਕੰਮ ਕਰਨ। ਇਥੇ ਏਸ਼ੀਆ ਸੁਸਾਇਟੀ ਨੂੰ ਸੰਬੋਧਨ ਕਰਦਿਆਂ ਅਮਰੀਕਾ ਦੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਨੇ ਕਿਹਾ ਕਿ ਅਸੀਂ ਸੱਚਮੁਚ ਇਸ ਗੱਲ ਤੋਂ ਉਤਸ਼ਾਹਿਤ ਹੋਏ ਹਾਂ ਕਿ ਭਾਰਤ ਤੇ ਪਾਕਿਸਤਾਨ ਭਰੋਸਾ ਕਾਇਮ ਕਰਨ ਦੇ ਉਦੇਸ਼ ਨਾਲ ਗੱਲਬਾਤ ਦੁਬਾਰਾ ਸ਼ੁਰੂ ਕਰਨ ਜਾ ਰਹੇ ਹਨ ਤੇ ਅਸੀਂ ਉਨ੍ਹਾਂ ਨੂੰ ਉਤਸ਼ਾਹਿਤ ਕਰਾਂਗੇ ਕਿ ਉਹ ਅਫਗਾਨਿਸਤਾਨ ਵਿਚ ਸਿਆਸੀ ਪ੍ਰਕਿਰਿਆ ਦੀ ਹਮਾਇਤ ਲਈ ਇਸੇ ਭਾਵਨਾ ਨਾਲ ਕੰਮ ਕਰਨ।

ਇਸੇ ਮਹੀਨੇ ਦੇ ਸ਼ੁਰੂ ਵਿਚ ਭਾਰਤ ਤੇ ਪਾਕਿਸਤਾਨ ਸਾਰੇ ਬਕਾਇਆ ਮੁੱਦਿਆਂ 'ਤੇ ਗੱਲਬਾਤ ਮੁੜ ਸ਼ੁਰੂ ਕਰਨ ਲਈ ਸਹਿਮਤ ਹੋ ਗਏ ਸਨ। ਨਵੰਬਰ 2008 ਦੇ ਮੁੰਬਈ ਹਮਲੇ ਜਿਸ ਵਿਚ 166 ਵਿਅਕਤੀ ਮਾਰੇ ਗਏ ਸਨ ਪਿੱਛੋਂ ਦੋਵਾਂ ਧਿਰਾਂ ਨੇ ਸੰਯੁਕਤ ਗੱਲਬਾਤ ਦੀ ਪ੍ਰਕਿਰਿਆ ਰੋਕ ਦਿੱਤੀ ਸੀ।

# ਪੰਜਾਬੀ ਟੈਲੀਵਿਜ਼ਨ ਉਤੇ 'ਡੇਅ ਐਂਡ ਨਾਈਟ ਨਿਊਜ਼' ਦਾ ਤਾਜ਼ਾ ਬੁੱਲਾ

**ਹਰਜਾਪ ਸਿੰਘ ਔਜਲਾ**

ਪਿਛਲੇ ਸਾਲ ਅਗਸਤ ਵਿਚ ਪੀ.ਟੀ.ਸੀ. ਪੰਜਾਬੀ (ਭਾਰਤੀ) ਨੇ ਅਮਰੀਕਾ ਵਿਚ ਡਿਸ਼ ਨੈਟਵਰਕ 'ਤੇ ਆਪਣੀਆਂ ਸੇਵਾਵਾਂ ਸ਼ੁਰੂ ਕੀਤੀਆਂ। ਫਿਰ ਛੇਤੀ ਹੀ ਇਸ ਨੇ 'ਜ਼ੀ ਪੰਜਾਬੀ ਨਿਊਜ਼' ਨੂੰ ਦੋ ਨੰਬਰ 'ਤੇ ਧੱਕ ਦਿੱਤਾ। ਪੀ.ਟੀ.ਸੀ. ਨਿਊਜ਼ ਉਤੇ ਖ਼ਬਰਾਂ ਭਾਵੇਂ ਖਿੱਚਵੀਆਂ ਹੁੰਦੀਆਂ ਹਨ ਪਰ ਸਮੇਂ ਨਾਲ ਇਹ ਵੀ ਉਕਤਾਹਟ ਜਿਹੀ ਪੈਦਾ ਕਰਨ ਲੱਗ ਪਿਆ ਸੀ। ਦੂਜੇ ਬੰਨੇ, 'ਐਨ.ਡੀ.ਟੀ.ਵੀ. ਨਿਊਜ਼', 'ਆਜ ਤਕ', 'ਹੈਡਲਾਈਨਜ਼ ਟੂਡੇ



ਕੰਵਰ ਸੰਧੂ

ਨਿਊਜ਼' ਅਤੇ 'ਸਟਾਰ ਨਿਊਜ਼' ਦਿੱਲੀ ਤੇ ਮੁੰਬਈ ਤੋਂ ਆਪਣੀਆਂ ਖ਼ਬਰਾਂ ਨਾਲ ਹਿੰਦੀ ਦੇ ਦਰਸ਼ਕਾਂ ਲਈ ਰੌਣਕਾਂ ਲਾ ਰਹੇ ਹਨ। ਇਸ ਤਰ੍ਹਾਂ ਦਾ ਰੰਗ ਅਤੇ ਰੌਣਕਾਂ, ਪੰਜਾਬੀ ਟੀ.ਵੀ. ਚੈਨਲਾਂ 'ਤੇ ਨਹੀਂ ਹਨ। ਹਾਲ ਹੀ ਵਿਚ 'ਟਾਈਮਜ਼ ਨਾਓ' ਨੇ ਅਮਰੀਕਾ ਵਿਚ ਡਿਸ਼ ਨੈਟਵਰਕ ਉਤੇ ਦੁਬਾਰਾ ਸੇਵਾਵਾਂ ਸ਼ੁਰੂ ਕੀਤੀਆਂ।

ਹੁਣ ਫਰਵਰੀ ਦੇ ਤੀਜੇ ਹਫ਼ਤੇ ਚੰਡੀਗੜ੍ਹ ਤੋਂ ਚੱਲ ਰਹੇ ਚੈਨਲ 'ਡੇਅ ਐਂਡ ਨਾਈਟ ਨਿਊਜ਼' ਨੇ ਜੀ ਪੰਜਾਬ ਚੈਨਲ ਨਾਲ ਭਾਈਵਾਲੀ ਤਹਿਤ ਅਮਰੀਕਾ ਵਿਚ ਆਪਣੇ ਪ੍ਰੋਗਰਾਮ ਨਸ਼ਰ ਕਰਨੇ ਸ਼ੁਰੂ ਕੀਤੇ ਹਨ। ਇਹ ਸੱਤ ਚੈਨਲਾਂ ਦੇ ਪੰਜਾਬੀ ਪੈਕੇਜ ਵਿਚ ਡਿਸ਼ ਨੈਟਵਰਕ ਦੇ ਚੈਨਲ ਨੰਬਰ 621 ਤੋਂ ਦੇਖਿਆ ਜਾ ਸਕਦਾ ਹੈ। ਅਮਰੀਕਾ ਵਿਚ ਚੱਲਦੇ ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਚੈਨਲਾਂ ਦੇ ਹੈਡਕੁਆਰਟਰ ਦਿੱਲੀ ਵਿਚ ਹਨ। ਮੁੰਬਈ ਦੇ ਕੁਝ ਕੁ ਚੈਨਲਾਂ ਨੂੰ ਛੱਡ ਕੇ ਬਾਕੀ ਸਾਰੇ ਚੈਨਲ ਨਵੀਂ ਦਿੱਲੀ ਤੋਂ ਹੀ ਖ਼ਬਰਾਂ ਦੇ ਬੁਲੇਟਿਨ ਨਸ਼ਰ ਕਰਦੇ ਹਨ। ਅਮਰੀਕਾ ਦੇ ਇਕੋ-ਇਕ ਪੰਜਾਬੀ ਚੈਨਲ 'ਜਸ ਪੰਜਾਬੀ' ਦਾ ਖ਼ਬਰਾਂ ਦਾ ਕੇਂਦਰ ਜਲੰਧਰ ਹੈ।

'ਡੇਅ ਐਂਡ ਨਾਈਟ ਨਿਊਜ਼' ਇਕੱਲਾ ਅਜਿਹਾ ਚੈਨਲ ਹੈ ਜਿਹੜਾ ਚੰਡੀਗੜ੍ਹ ਤੋਂ ਚੱਲ ਰਿਹਾ ਹੈ। ਇਹ ਤ੍ਰੈ-ਭਾਸ਼ੀ ਚੈਨਲ ਹੈ ਜਿਸ ਵਿਚ ਪੰਜਾਬੀ ਦੀ ਸਰਦਾਰੀ ਹੈ। ਭਾਰਤ ਵਿਚ ਮੁੱਖ ਤੌਰ 'ਤੇ ਇਸ ਦਾ ਘੇਰਾ ਉੱਤਰ-ਪੱਛਮੀ ਭਾਰਤ ਹੈ ਜਿਸ ਵਿਚ ਪੰਜਾਬ ਦੇ ਨਾਲ-ਨਾਲ ਹਰਿਆਣਾ, ਹਿਮਾਚਲ ਪ੍ਰਦੇਸ਼, ਨਵੀਂ ਦਿੱਲੀ, ਚੰਡੀਗੜ੍ਹ ਅਤੇ ਜੰਮੂ-ਕਸ਼ਮੀਰ ਆਉਂਦੇ ਹਨ। ਵੱਖ-ਵੱਖ ਪ੍ਰੋਗਰਾਮਾਂ ਵਿਚ ਸ਼ਾਮਲ ਹੁੰਦੇ ਮਾਹਿਰਾਂ ਨੂੰ ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਗੱਲ ਕਰਨ ਦੀ ਖੁੱਲ੍ਹ ਹੁੰਦੀ ਹੈ। ਦਰਅਸਲ, ਚੰਡੀਗੜ੍ਹ ਅਤੇ ਸ਼ਹਿਰੀ ਪੰਜਾਬ ਵਿਚ ਇਨ੍ਹਾਂ ਤਿੰਨਾਂ ਭਾਸ਼ਾਵਾਂ ਦਾ ਹੀ ਅੱਜ ਕੱਲ੍ਹ ਪ੍ਰਤਾਪ ਹੈ।

ਚੰਡੀਗੜ੍ਹ ਤੋਂ ਸੀਨੀਅਰ ਪੱਤਰਕਾਰ ਕੰਵਰ ਸੰਧੂ ਇਸ ਚੈਨਲ ਦੇ ਮੁੱਖ ਕਾਰਜਕਾਰੀ ਅਫ਼ਸਰ (ਸੀ.ਈ.ਓ.) ਹਨ। ਮੈਂ ਉਨ੍ਹਾਂ ਦੇ ਕਸਬ ਦੇ ਪਿਛੋਕੜ ਬਾਰੇ ਸੂਹ ਲਾਉਣ ਦਾ ਯਤਨ ਕੀਤਾ ਹੈ। ਉਨ੍ਹਾਂ ਬਤੌਰ ਰਿਪੋਰਟਰ ਆਪਣਾ ਕੈਰੀਅਰ ਤਿੰਨ ਦਹਾਕੇ ਪਹਿਲਾਂ ਅਖਬਾਰ 'ਦਾ ਟ੍ਰਿਬਿਊਨ' ਤੋਂ ਸ਼ੁਰੂ ਕੀਤਾ ਸੀ, ਫਿਰ ਉਹ ਕੁਝ ਸਮਾਂ ਇੰਡੀਅਨ ਐਕਸਪ੍ਰੈਸ ਦੇ ਰਿਪੋਰਟਰ ਰਹੇ। ਉਨ੍ਹਾਂ ਦੀ ਖੋਜੀ ਪੱਤਰਕਾਰੀ ਨੇ 'ਇੰਡੀਆ ਟੂਡੇ' ਦੀ ਮੈਨੇਜਮੈਂਟ ਦਾ ਧਿਆਨ ਖਿੱਚਿਆ ਅਤੇ ਫਿਰ ਛੇਤੀ ਹੀ ਉਹ 'ਇੰਡੀਆ ਟੂਡੇ' ਦੇ ਪੰਜਾਬ ਬਿਊਰੋ ਦੇ ਮੁਖੀ ਬਣ ਗਏ। ਬਾਅਦ ਵਿਚ ਉਨ੍ਹਾਂ ਨੂੰ 'ਇੰਡੀਅਨ ਐਕਸਪ੍ਰੈਸ' ਨੇ ਆਪਣੇ ਚੰਡੀਗੜ੍ਹ ਐਡੀਸ਼ਨ ਦਾ ਰੈਜ਼ੀਡੈਂਟ ਐਡੀਟਰ ਬਣਾਇਆ। ਜਦੋਂ 'ਹਿੰਦੁਸਤਾਨ ਟਾਈਮਜ਼' ਨੇ ਪੰਜਾਬ ਦੇ ਖੇਤਰ ਵਿਚ ਝੰਡਾ ਗੱਡਿਆ ਤਾਂ ਉਹ ਚੰਡੀਗੜ੍ਹ ਤੋਂ 'ਹਿੰਦੁਸਤਾਨ ਟਾਈਮਜ਼' ਦੇ ਰੈਜ਼ੀਡੈਂਟ ਐਡੀਟਰ ਬਣੇ। ਬਤੌਰ ਰੈਜ਼ੀਡੈਂਟ ਐਡੀਟਰ ਉਨ੍ਹਾਂ ਮਹੱਤਵਪੂਰਨ ਮੁੱਦਿਆਂ ਦਾ ਪਿੱਛਾ ਕੀਤਾ ਅਤੇ ਛੇਤੀ ਹੀ ਅਖ਼ਬਾਰ ਨੂੰ ਖਿੱਤੇ ਵਿਚ ਲੋਕਪ੍ਰਿਯ ਬਣਾ ਦਿੱਤਾ। ਕੁਝ ਸਾਲ ਪਹਿਲਾਂ ਉਨ੍ਹਾਂ ਟੈਲੀਵਿਜ਼ਨ ਚਲਾਉਣ ਬਾਰੇ ਸੋਚਿਆ। ਨਤੀਜਨ, 'ਡੇਅ ਐਂਡ ਨਾਈਟ ਨਿਊਜ਼' ਚੈਨਲ ਸਾਹਮਣੇ ਆਇਆ।

'ਡੇਅ ਐਂਡ ਨਾਈਟ ਨਿਊਜ਼' ਅਸਗਤ 2010 ਵਿਚ ਚੰਡੀਗੜ੍ਹ ਤੋਂ ਸ਼ੁਰੂ ਹੋਇਆ।



ਮਿਸ਼ਾ ਬਾਜਵਾ

ਇਲੈਕਟ੍ਰਾਨਿਕ ਮੀਡੀਆ ਵਿਚ ਪ੍ਰਚੰਡ ਆਜ਼ਾਦ ਸੀ.ਈ.ਓ. ਵਜੋਂ ਕੰਵਰ ਸੰਧੂ ਨੇ ਸਰਕਾਰ ਅਤੇ ਸੱਤਾਧਾਰੀ ਪਾਰਟੀ ਬਾਰੇ ਗੱਲ ਕਰਨ ਲੱਗਿਆਂ ਰੱਤੀ ਭਰ ਵੀ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਵਧੀਆ ਖ਼ਬਰਾਂ ਅਤੇ ਨਿੱਗਰ ਮੁੱਦੇ ਸਾਹਮਣੇ ਲਿਆਂਦੇ। ਇਸ ਦੇ ਨਾਲ ਨਾਲ ਉਨ੍ਹਾਂ ਨੇ ਵਿਰੋਧੀ ਧਿਰ ਨਾਲ ਸਬੰਧਤ ਪਾਰਟੀਆਂ ਅਤੇ ਅਹਿਮ ਸ਼ਖ਼ਸੀਅਤਾਂ ਨੂੰ ਚੋਖੀ ਕਵਰੇਜ ਦਿੱਤੀ। ਇਸ ਚੈਨਲ ਨੇ ਬੁੱਧੀਜੀਵੀਆਂ ਅਤੇ ਆਮ ਲੋਕਾਂ ਨੂੰ ਗੱਲ ਕਰਨ ਦਾ ਮੌਕਾ ਦਿੱਤਾ।

ਕੰਵਰ ਸੰਧੂ ਦੇ ਇਸ ਚੈਨਲ ਨੂੰ ਖ਼ਬਰਾਂ ਅਤੇ ਠਾਠ-ਬਾਠ ਦੀ ਕੋਈ ਘਾਟ ਨਹੀਂ। ਚੰਡੀਗੜ੍ਹ ਆਧੁਨਿਕ ਸ਼ਹਿਰ ਹੈ ਅਤੇ ਉਥੇ ਪ੍ਰਤਿਭਾ ਦਾ ਕੋਈ ਤੋੜਾ ਨਹੀਂ। ਉਨ੍ਹਾਂ ਆਪਣੇ ਚੈਨਲ ਲਈ ਚੋਟੀ ਦੀਆਂ ਸ਼ਖ਼ਸੀਅਤਾਂ ਨਾਲ ਤਾਲਮੇਲ ਬਿਠਾਇਆ। ਸਾਬਕਾ ਐਨ.ਆਰ.ਆਈ. ਮੀਸ਼ਾ ਬਾਜਵਾ ਉਨ੍ਹਾਂ ਦੇ ਚੈਨਲ ਦੀ ਚੋਟੀ ਦੀ ਐਂਕਰ ਹੈ। ਕੰਵਰ ਸੰਧੂ ਕਈ ਸ਼ੋਅ ਤਾਂ ਆਪ ਹੀ ਕਰਦੇ ਹਨ। ਉਨ੍ਹਾਂ ਨੂੰ ਪ੍ਰਵਾਹ ਨਹੀਂ ਕਿ ਬਤੌਰ ਸੀ.ਈ.ਓ. ਉਨ੍ਹਾਂ ਸਿਰਫ਼ ਹੋਰਾਂ ਦੀ ਨਿਗਰਾਨੀ ਹੀ ਕਰਨੀ ਹੈ। ਉਹ ਪੱਛਮੀ ਸਟਾਈਲ ਵਾਲੇ ਸੀ.ਈ.ਓ. ਹਨ ਜੋ ਹੋਰਨਾਂ ਲਈ ਮਿਸਾਲਾਂ ਪੈਦਾ ਕਰਨ ਲਈ ਬਹੁਤੇ ਨਿੱਕ-ਸੁੱਕ ਵਾਲੇ ਕੰਮ ਆਪ ਹੀ ਕਰਦੇ ਹਨ।

ਮੈਂ 'ਡੇਅ ਐਂਡ ਨਾਈਟ ਨਿਊਜ਼' ਦਾ ਸਟੂਡੀਓ ਅਤੇ ਦਫ਼ਤਰ ਕੰਪਲੈਕਸ ਦੇਖੇ ਹਨ। ਇਹ ਹਰ ਪੱਖੋਂ ਬਿਹਤਰ ਹੈ। ਕੰਵਰ ਸੰਧੂ ਦਾ ਆਪਣੇ ਕੰਮ-ਸਾਥੀਆਂ ਨਾਲ ਵਿਹਾਰ ਮਾਂ ਵਰਗਾ ਹੈ। ਹਰ ਮੁਲਾਜ਼ਮ ਨੂੰ ਚੰਗੀ ਤਨਖ਼ਾਹ ਮਿਲਦੀ ਹੈ। ਇਹੀ ਕਾਰਨ ਹੈ ਕਿ ਹਰ ਕੋਈ ਟਿੱਲ ਲਾ ਕੇ ਕੰਮ ਕਰਦਾ ਹੈ। ਐਨ.ਡੀ.ਟੀ.ਵੀ. ਨਿਊਜ਼, ਆਜ ਤਕ, ਟਾਈਮਜ਼ ਨਾਓ, ਹੈਡਲਾਈਨ ਨਿਊਜ਼ ਟੂਡੇ ਅਤੇ ਸਟਾਰ ਨਿਊਜ਼ ਵਾਂਗ ਇਹ ਨਵਾਂ 'ਡੇਅ ਐਂਡ ਨਾਈਟ' ਨਿਊਜ਼ ਚੈਨਲ ਆਪਣੇ ਸਟੂਡੀਓ ਤੋਂ ਸਿਗਨਲ ਅਮਰੀਕਾ ਭੇਜਦਾ ਹੈ। ਹੋਰ ਪੰਜਾਬੀ ਚੈਨਲਾਂ ਨਾਲੋਂ ਇਹੀ ਇਸ ਵਿਚ ਵਾਧਾ ਹੈ। ਜਾਪਦਾ ਹੈ ਕਿ ਹੁਣ ਪੰਜਾਬੀ ਨਿਊਜ਼ ਚੈਨਲ ਵੀ ਅਮਰੀਕਾ ਦੇ ਹਾਣ ਦੇ ਹੋ ਰਹੇ ਹਨ।

ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਲੈ ਕੇ ਸੁਖਬੀਰ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਤੋਂ ਮਨਪ੍ਰੀਤ ਸਿੰਘ ਬਾਦਲ ਤਕ ਨੂੰ ਇਸ ਚੈਨਲ ਵਿਚ ਕਵਰੇਜ ਮਿਲਦੀ ਹੈ। ਆਸ ਹੈ ਕਿ ਹੋਰ ਚੈਨਲ ਵੀ ਇਸ ਨੁਕਤੇ ਤੋਂ ਇਸ 'ਡੇਅ ਐਂਡ ਨਾਈਟ ਨਿਊਜ਼' ਚੈਨਲ ਦੀ ਰੀਸ ਕਰਨਗੇ ਅਤੇ ਉਸੇ ਤਰ੍ਹਾਂ ਖ਼ਬਰਾਂ ਪੇਸ਼ ਕਰਨਗੇ ਜਿਸ ਤਰ੍ਹਾਂ ਭਾਰਤ ਵਿਚ ਕੀਤਾ ਜਾਂਦਾ ਹੈ। ਅਮਰੀਕਾ ਵਿਚ ਹੁਣ ਵਧੇਰੇ ਚੈਨਲ ਆ ਰਹੇ ਹਨ ਅਤੇ ਦਰਸ਼ਕਾਂ ਨੂੰ ਚੋਣ ਕਰਨ ਦਾ ਮੌਕਾ ਵੀ ਮਿਲ ਰਿਹਾ ਹੈ। ਇਹ ਚੰਗੇ ਸਮਿਆਂ ਦੀਆਂ ਗੱਲਾਂ ਹਨ।

## ਗਾਇਕ ਰਾਹਤ ਖ਼ਿਲਾਫ਼ ਫ਼ੇਮਾ ਤਹਿਤ ਮਾਮਲਾ ਦਰਜ

**ਨਵੀਂ ਦਿੱਲੀ:** ਡਾਇਰੈਕਟੋਰੇਟ ਆਫ ਰੈਵੇਨਿਊ ਇੰਟੈਲੀਜੈਂਸ (ਡੀ.ਆਰ.ਆਈ.) ਨੇ ਪਾਕਿਸਤਾਨੀ ਸੂਫੀ ਗਾਇਕ ਰਾਹਤ ਫ਼ਤਿਹ ਅਲੀ ਖਾਨ ਤੇ ਉਸ ਦੇ ਮੈਨੇਜਰ ਮਾਰੂਫ ਉਪਰ ਫੇਮਾ ਤੇ ਕਸਟਮ ਐਕਟ ਦੀ ਉਲੰਘਣਾ ਕਰਨ ਦੇ ਦੋਸ਼ ਲਗਾ ਕੇ ਇਨ੍ਹਾਂ ਦੋਵਾਂ ਦੀਆਂ ਮੁਸ਼ਕਲਾਂ ਵਧਾ ਦਿੱਤੀਆਂ ਹਨ। ਇਨ੍ਹਾਂ ਦੋਵਾਂ ਨੂੰ 13 ਫਰਵਰੀ ਵਾਲੇ ਦਿਨ ਇਥੋਂ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਤੋਂ 1.24 ਲੱਖ ਡਾਲਰਾਂ (ਕਰੀਬ 60 ਲੱਖ ਰੁਪਏ) ਨਾਲ ਹਿਰਾਸਤ 'ਚ ਲਿਆ ਗਿਆ ਸੀ। ਕਮਿਸ਼ਨਰ ਕਸਟਮ (ਹਵਾਈ ਅੱਡੇ) ਮੁਤਾਬਕ ਕਾਨੂੰਨ ਦੀ ਉਲੰਘਣਾ ਕਰਨ ਕਰਕੇ ਦੋਵਾਂ ਤੋਂ ਭਾਰੀ ਜੁਰਮਾਨੇ ਵਸੂਲੇ ਜਾ ਸਕਦੇ ਹਨ। ਸੂਤਰਾਂ ਮੁਤਾਬਕ ਪ੍ਰੋਗਰਾਮ ਮੈਨੇਜਰ ਚਿਤਰੇਸ਼ ਸ੍ਰੀਵਾਸਤਵ, ਜੋ ਇਸ ਸਮੇਂ ਹਿਰਾਸਤ ਵਿਚ ਹੈ ਤੇ ਮੁੰਬਈ ਦੇ ਦੋ ਐਕਸਚੇਂਜ ਡੀਲਰਾਂ ਖ਼ਿਲਾਫ਼ ਜਾਂਚ ਜਾਰੀ ਹੈ।

ਜਾਂਚ ਏਜੰਸੀਆਂ ਵੱਲੋਂ ਰਾਹਤ (37 ਸਾਲ) ਤੇ ਮਾਰੂਫ ਤੋਂ ਕਾਫੀ ਡੂੰਘੀ ਪੁੱਛ-ਪੜਤਾਲ ਕੀਤੀ ਗਈ ਸੀ। ਰਾਹਤ ਤੇ ਉਸ ਦੇ 16 ਮੈਂਬਰੀ ਗਰੁੱਪ ਨੂੰ ਉਦੋਂ ਫੜਿਆ ਗਿਆ ਸੀ, ਜਦੋਂ ਉਸ ਨੇ ਇਥੋਂ ਦੁਬਈ ਹੁੰਦੇ ਹੋਏ ਲਾਹੌਰ ਜਾਣਾ ਸੀ। ਕਾਨੂੰਨ ਮੁਤਾਬਕ ਕੋਈ ਵੀ ਵਿਅਕਤੀ 5 ਹਜ਼ਾਰ ਡਾਲਰ ਤੋਂ ਵੱਧ ਨਕਦ ਨਹੀਂ ਲਿਜਾ ਸਕਦਾ। ਸੂਤਰਾਂ ਮੁਤਾਬਕ ਪ੍ਰੋਗਰਾਮ ਮੈਨੇਜਰ ਨੇ ਰਾਹਤ ਨੂੰ ਭਾਰਤੀ ਕਰੰਸੀ ਤੇ ਡਾਲਰਾਂ ਵਿਚ ਭੁਗਤਾਨ ਕੀਤਾ ਸੀ, ਪਰ ਉਸ ਨੇ ਰੁਪਏ ਨੂੰ ਗੈਰ-ਕਾਨੂੰਨੀ ਢੰਗ ਨਾਲ ਡਾਲਰਾਂ ਵਿਚ ਬਦਲਵਾ ਲਿਆ। ਰਾਹਤ ਦਾ ਭਾਰਤੀ ਫ਼ਿਲਮ ਸਨਅਤ ਵਿਚ ਕਾਫੀ ਨਾਮ ਹੈ ਤੇ ਉਸ ਨੇ ਕਈ ਹਿੱਟ ਗਾਣੇ ਦਿੱਤੇ ਹਨ। ਉਸ ਨੂੰ 'ਦਿਲ ਤੋ ਬੱਚਾ ਹੈ ਜੀ' (ਫਿਲਮ ਇਸ਼ਕੀਆ) ਲਈ ਸਰਵੋਤਮ ਪੁਰਸ਼ ਪਲੇਅ ਬੈਕ ਸਿੰਗਰ ਦਾ ਫਿਲਮ ਫੇਅਰ ਐਵਾਰਡ ਵੀ ਮਿਲ ਚੁੱਕਿਆ ਹੈ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



Quik Signs
Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।


ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# ਔਰ ਭੀ ਕਿਆ ਹੈ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ:ਦੁਖ ਯਾ ਗ਼ਮ?

ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958


ਫ਼ੈਜ਼ ਅਹਿਮਦ ਫ਼ੈਜ਼ ਦੀ ਇਕ ਪ੍ਰਸਿਧ ਪੰਕਤੀ ਹੈ: ਔਰ ਭੀ ਦੁਖ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ। ਅਨੇਕਾਂ ਥਾਂਵਾਂ 'ਤੇ 'ਔਰ ਭੀ ਗ਼ਮ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ' ਲਿਖਿਆ ਮਿਲਦਾ ਹੈ। 12 ਫਰਵਰੀ ਦੇ 'ਪੰਜਾਬ ਟਾਈਮਜ਼' ਵਿਚ ਵੀ 'ਗ਼ਮ' ਵਾਲਾ ਰੂਪ ਹੀ ਛਪਿਆ ਹੈ ਜਿਸ ਨੂੰ 19 ਫਰਵਰੀ ਵਾਲੇ ਅੰਕ ਵਿਚ ਦੁਹਰਾਇਆ ਗਿਆ ਹੈ। ਫ਼ੈਜ਼ ਦੇ ਪਾਠਕ ਭਰਮ ਵਿਚ ਹਨ ਕਿ ਅਸਲੀ ਸ਼ਬਦ ਕਿਹੜਾ ਹੈ ਜੋ ਫ਼ੈਜ਼ ਨੇ ਵਰਤਿਆ ਹੋਵੇਗਾ। ਮੈਂ ਇਹ ਜਾਨਣ ਲਈ ਕੁਝ ਵਾਦਵਿਵਾਦ ਨਾਲ ਦੋ ਚਾਰ ਹੋਇਆ ਹਾਂ ਜੋ ਤੁਹਾਡੇ ਸਾਹਮਣੇ ਰੱਖਦਾ ਹਾਂ। ਮੇਰਾ ਇਰਾਦਾ ਹੈ ਇਸ ਤੁਛ ਜਤਨ ਨਾਲ ਘੱਟੋ ਘਟ ਇਸ ਅਖ਼ਬਾਰ ਦੇ ਪਾਠਕਾਂ 'ਚੋਂ ਤਾਂ ਇਹ ਦੁਬਿਧਾ ਦੂਰ ਹੋ ਜਾਵੇ।

ਬਹੁਤ ਸਾਰੇ ਲੋਕ ਸੋਚਦੇ ਹਨ ਕਿ ਅਸਲੀ ਸ਼ਬਦ ਤਾਂ ਦੁਖ ਹੀ ਹੈ ਪਰ ਧਰਮ/ਭਾਸ਼ਾ ਦੀ ਸੌੜੀ ਰਾਜਨੀਤੀ ਜੋ ਭਾਰਤੀ ਉਪਦੀਪ ਵਿਚ ਬਹੁਤ ਚਲਦੀ ਹੈ, ਦੀ ਵਜ੍ਹਾ ਕਰਕੇ ਇਸ ਪੰਕਤੀ ਵਿਚ ਅਚੇਤ-ਸਚੇਤ ਦੁਖ ਦੀ ਜਗ੍ਹਾ ਗ਼ਮ ਪਾ ਦਿੱਤਾ ਗਿਆ ਹੈ ਕਿਉਂਕਿ ਗ਼ਮ ਅਰਬੀ ਫਾਰਸੀ ਵਲੋਂ ਹੋਣ ਕਰਕੇ ਮੁਸਲਮਾਨੀ ਸ਼ਬਦ ਸਮਝਿਆ ਗਿਆ ਹੈ ਜਦ ਕਿ ਦੁਖ ਸੰਸਕ੍ਰਿਤ ਵਲੋਂ ਹੋਣ ਕਰਕੇ ਹਿੰਦੂ। ਪਰ ਕਿਸ ਨੂੰ ਨਹੀਂ ਪਤਾ ਇਸ ਗੱਲ ਦਾ ਕਿ ਫ਼ੈਜ਼ ਅਜਿਹੀ ਸੌੜੀ ਸੰਪਰਦਾਇਕਤਾ ਤੋਂ ਬੇਲਾਗ ਸੀ, ਬਲਕਿ ਉਹ ਫ਼ੈਜ਼ ਸੀ ਹੀ ਤਾਂ ਕਿਉਂਕਿ ਉਹ ਅਜਿਹੀ ਤੰਗਨਜ਼ਰੀ ਤੋਂ ਉਪਰ ਸੀ। ਫ਼ੈਜ਼ ਸਾਰੀ ਉਮਰ ਸਮਾਜਵਾਦ ਦੀ ਪ੍ਰਾਪਤੀ ਲਈ ਆਪਣੀ ਕਲਮ ਤੇ ਕਰਮ ਰਾਹੀਂ ਜੂਝਦਾ ਰਿਹਾ। ਫ਼ੈਜ਼ ਖੁਦ ਆਪਣੀਆਂ ਰਚਨਾਵਾਂ ਵਿਚ ਸ਼ਬਦ ਚੋਣ ਲਈ ਅਜਿਹੇ ਤੁਅਸਬੀ ਨਜ਼ਰੀਏ ਤੋਂ ਪ੍ਰੇਰਿਤ ਨਹੀਂ ਹੋ ਸਕਦਾ। ਕਈ ਵਿਦਵਾਨ ਇਹ ਦਲੀਲ ਵੀ ਦਿੰਦੇ ਹਨ ਕਿ ਉਰਦੂ ਦੇ ਕਈ ਮੁਸਲਮਾਨ ਸ਼ਾਇਰਾਂ ਜਿਵੇਂ ਮੀਰ ਤਕੀ ਮੀਰ, ਇਬਨੇ ਇੰਸ਼ਾ ਆਦਿ ਨੇ ਸੰਸਕ੍ਰਿਤ ਦੇ ਤਤਸਮ ਸ਼ਬਦਾਂ ਦਾ ਬਹੁਤ ਵਧੀਆ ਪ੍ਰਯੋਗ ਕੀਤਾ ਹੈ। ਇਸ ਲਈ ਅਜਿਹੇ ਸ਼ਾਇਰ ਕਿਸੇ ਵਿਚਾਰਕ ਨਜ਼ਰੀਏ ਦੀ ਬਜਾਏ ਨਜ਼ਮ ਦੀਆਂ ਛੰਦ ਵਿਧਾਨ ਸਬੰਧੀ ਲੋੜਾਂ ਅਨੁਸਾਰ ਸ਼ਬਦ ਦੀ ਚੋਣ ਕਰਦੇ ਸਨ। ਇਥੋਂ ਤੱਕ ਕਿ ਖੁਦ ਫ਼ੈਜ਼ ਨੇ ਅਜਿਹੇ ਬੰਦ ਵੀ ਲਿਖੇ ਹਨ ਜਿਨ੍ਹਾਂ ਵਿਚ ਇਕ ਵੀ ਅਰਬੀ ਫਾਰਸੀ ਸ਼ਬਦ ਨਹੀਂ, ਜੋ ਨਿਰੀ ਹਿੰਦੀ ਸ਼ੈਲੀ ਦੀ ਝਲਕ ਪੇਸ਼ ਕਰ ਜਾਂਦੇ ਹਨ:

ਜਬ ਦੁਖ ਕੀ ਨਦੀਆ ਮੇਂ ਹਮਨੇ,
ਜੀਵਨ ਕੀ ਨਈਆ ਡਾਲੀ ਥੀ,
ਥਾ ਕਿਤਨਾ ਕਸਬਲ ਬਾਹੋਂ ਮੇਂ,
ਲੋਹੂ ਮੇਂ ਕਿਤਨੀ ਲਾਲੀ ਥੀ।

ਕੁਝ ਸ਼ੁਭ ਨੀਯਤ ਵਾਲੇ ਲੋਕ ਵੀ ਭੋਲੇ ਭਾਅ ਹੀ ਸੋਚਦੇ ਹਨ ਕਿ ਉਰਦੂ-ਭਾਸ਼ੀ ਸ਼ਿਅਰ ਹੈ ਤਾਂ ਗ਼ਮ ਹੀ ਹੋਵੇਗਾ। ਸਿਰਫ਼ ਭਾਸ਼ਾਈ ਸਿਖਿਆ ਕਾਰਨ ਹੀ ਫ਼ੈਜ਼ ਲਈ ਅਰਬੀ ਫਾਰਸੀ ਰੂੜੀਆਂ ਵਿਚ ਪ੍ਰਵਾਹਿਤ ਹੋਣਾ ਸਹਿਜ ਗੱਲ ਹੈ। ਬਹੁਤ ਸਾਰੀਆਂ ਫਿਲਮਾਂ ਵਿਚ 'ਔਰ ਭੀ ਗ਼ਮ ਹੈਂ' ਹੀ ਸੁਣਨ ਨੂੰ ਮਿਲਿਆ ਹੈ। ਸਿੱਟੇ ਵਜੋਂ ਗ਼ਮ ਵਾਲੇ ਸ਼ਿਅਰ ਦਾ ਕਾਫ਼ੀ ਬੋਲਬਾਲਾ ਹੈ। ਬਾਰੀਕੀਆਂ ਵਿਚ ਜਾਣ ਵਾਲੇ ਵਿਦਵਾਨਾਂ ਨੇ ਨੋਟ ਕੀਤਾ ਹੈ ਕਿ ਉਰਦੂ ਸ਼ਿਅਰਾਂ ਵਿਚੋਂ ਹਿੰਦੀ ਦੀ ਬੂ ਆਉਣ ਵਾਲੇ ਸ਼ਬਦ ਜਿਵੇਂ ਹੀ, ਕਿ, ਕਾ ਆਦਿ ਗਾਇਬ ਕਰਕੇ ਹਿੰਦੀ ਮੁਹਾਵਰਾ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਥੇ ਅਹਿਮਦ ਫ਼ਰਾਜ਼ ਦੇ ਪ੍ਰਸਿਧ ਸ਼ਿਅਰ 'ਰੰਜਿਸ਼ ਹੀ ਸਹੀ ਦਿਲ ਹੀ ਦੁਖਾਨੇ ਕੇ ਲਿਏ ਆ' ਵਿਚੋਂ ਦੂਸਰਾ 'ਹੀ' ਸ਼ਬਦ ਕਢ ਕੇ ਸ਼ਿਅਰ ਬਣਾ ਦਿੱਤਾ ਗਿਆ ਹੈ, 'ਰੰਜਿਸ਼ ਹੀ ਸਹੀ ਦਿਲ ਦੁਖਾਨੇ ਕੇ ਲਿਏ ਆ।'

ਕੁਝ ਲੋਕਾਂ ਦਾ ਸੋਚਿਆ ਵਿਚਾਰਿਆ ਮਤ ਹੈ ਕਿ ਫ਼ੈਜ਼ ਦੀ ਇਸ ਚਰਚਿਤ ਨਜ਼ਮ ਵਿਚ ਗ਼ਮ ਸ਼ਬਦ ਹੀ ਹੋਣਾ ਚਾਹੀਦਾ ਹੈ, ਮੁਹੱਬਤ ਨਾਲ ਕਿਸੇ ਨੂੰ ਦੁਖ ਪਹੁੰਚਦਾ ਸੁਣਿਆ ਨਹੀਂ, ਗ਼ਮ ਹੀ ਹੁੰਦਾ ਹੈ। ਨਾਲੇ ਗ਼ਮ ਭਾਵਨਾਤਮਕ ਦੁਖ ਦੀ ਵਧੇਰੇ ਅਪੀਲ ਰੱਖਦਾ ਹੈ। ਭਾਵੇਂ ਇਸ ਗੱਲ ਵਿਚ ਸੱਚਾਈ ਹੈ ਕਿ ਕਾਵਿ ਕਾਫ਼ੀ ਹੱਦ ਤੱਕ ਜਮਾਂਦਰੂ ਗੁਣ ਹੈ ਪਰ ਆਪਣੀ ਕਲਾ ਨੂੰ ਮਾਂਜਣ ਸੁਆਰਨ ਲਈ ਕਵੀ ਲੋਕ ਬਹੁਤ ਮਿਹਨਤ ਕਰਦੇ ਹਨ। ਕਵੀ ਖੁਦ ਵਜ਼ਨ ਠੀਕ ਕਰਨ ਲਈ ਜਾਂ ਭਾਵ ਦੀ ਸਹੀ ਤਰਜਮਾਨੀ ਪੇਸ਼ ਕਰਨ ਲਈ ਸ਼ਬਦਾਂ ਦੀ ਅਦਲਾ ਬਦਲੀ ਕਰਦੇ ਰਹਿੰਦੇ ਹਨ। ਸ਼ਾਇਦ ਫ਼ੈਜ਼ ਨੇ ਖੁਦ ਦੁਖ ਅਤੇ ਗ਼ਮ ਵਿਚਕਾਰ ਕਈ ਵਾਰ ਗੋਤੇ ਖਾਧੇ ਹੋਣਗੇ। ਪਰ ਬਥੇਰੇ ਪਾਠਕ/ਸਰੋਤੇ ਹੁੰਦੇ ਹਨ ਜਿਨ੍ਹਾਂ ਨੂੰ ਅੰਤਮ ਰੂਪ ਵਿਚ ਕਵੀ ਦੀ ਚੋਣ ਸੂਤ ਨਹੀਂ ਬੈਠਦੀ, ਇਸ ਲਈ ਛੇੜਛਾੜ ਦੀ ਸੰਭਾਵਨਾ ਬਣੀ ਰਹਿੰਦੀ ਹੈ। ਮੇਰੇ ਦਿਮਾਗ ਵਿਚ ਆਤਿਸ਼ ਦਾ ਇਕ ਸ਼ਿਅਰ ਆਉਂਦਾ ਹੈ ਜਿਸ ਨੂੰ ਮੈਂ ਹਮੇਸ਼ਾ ਇਸ ਤਰ੍ਹਾਂ ਹੀ ਯਾਦ ਕਰਦਾ ਸਾਂ, 'ਬਹੁਤ ਸ਼ੋਰ ਸੁਨਾ ਥਾ ਪਹਿਲੂ-ਏ-ਦਿਲ ਮੇਂ, ਚੀਰ ਕਰ ਦੇਖਾ ਤੋ ਕਤਰਾ-ਏ-ਖੂੰ ਨਿਕਲਾ।' ਪਰ ਕਿਸੇ ਨੇ ਮੈਨੂੰ ਟੋਕਿਆ, ਇਹ ਸ਼ਿਅਰ ਇਸ ਤਰ੍ਹਾਂ ਹੈ, 'ਬਹੁਤ ਸ਼ੋਰ ਸੁਨਾ ਥਾ ਪਹਿਲੂ-ਏ-ਦਿਲ ਮੇਂ, ਚੀਰ ਕਰ ਦੇਖਾ ਤੋ ਕਤਰਾ-ਏ-ਖੂੰ ਨਾ ਨਿਕਲਾ।' ਵਜ਼ਨ ਤੇ ਰਵਾਨਗੀ ਦੇ ਪੱਖ ਤੋਂ ਇਕ ਗੱਲ ਤਾਂ ਕਹੀ ਜਾ ਸਕਦੀ ਹੈ ਕਿ ਦੁਖ ਤੇ ਗ਼ਮ ਸਾਵੇਂ ਹੀ ਹਨ, ਉਂਜ ਵੀ ਨਜ਼ਮ ਥੋੜਾ ਬਹੁਤਾ ਪਾਸਕ ਝੱਲ ਲੈਂਦੀ ਹੈ।




ਹਾਂ, ਅੰਤਰਮੁਖੀ ਹੋ ਕੇ ਜੇ ਇਸ ਨੂੰ ਵਾਚਿਆ ਜਾਵੇ ਤਾਂ ਜ਼ਰੂਰ ਪਾਠਕ ਦੇ ਪੂਰਵ-ਆਗ੍ਰਹਿ ਸਾਹਮਣੇ ਆ ਜਾਣਗੇ। ਮੈਂ ਖੁਦ ਆਪਣੇ ਕਾਲਜ ਦੇ ਦਿਨਾਂ ਵਿਚ ਜੋ ਕਵਿਤਾ ਪੜ੍ਹੀ ਸੀ, ਉਸ ਵਿਚ ਦੁਖ ਸ਼ਬਦ ਸੀ। ਜਿਸ ਨੇ ਜਿਹੜਾ ਰੂਪ ਪਹਿਲਾਂ ਸੁਣਿਆ ਹੋਵੇਗਾ, ਉਸ ਨੂੰ ਓਹੀ ਠੀਕ ਲੱਗੇਗਾ।

ਕਈਆਂ ਦਾ ਇਹ ਵੀ ਖਿਆਲ ਹੈ ਕਿ ਗ਼ਮ ਅਤੇ ਦੁਖ ਦੀ ਅਰਥਾਂ ਦੇ ਪੱਖ ਤੋਂ ਸਾਂਝ ਬਹੁਤੀ ਨਹੀਂ ਹੈ। ਦੁਖ ਦਾ ਦਾਇਰਾ ਬਹੁਤ ਵੱਡਾ ਹੈ ਇਸ ਲਈ ਇਹ ਸੋਚਣਾ ਵੀ ਅਸੰਗਤ ਨਹੀਂ ਲਗਦਾ ਕਿ ਮੁਹੱਬਤ ਦੇ ਸਿਵਾ ਦੁਨੀਆਂ ਵਿਚ ਦੁਖਾਂ ਦੇ ਜੋ ਪਹਾੜ ਹਨ, ਫ਼ੈਜ਼ ਸਾਹਿਬ ਨੂੰ ਉਨ੍ਹਾਂ ਦੀ ਚਿੰਤਾ ਵਧੇਰੇ ਹੈ। ਕੁਝ ਵੀ ਹੋਵੇ ਇਹ ਗੱਲ ਤਾਂ ਨਿਰਪੱਖ ਪਾਠਕ ਵੀ ਕਹਿ ਸਕਦਾ ਹੈ ਕਿ ਘਟੋ ਘਟ ਭਾਰਤੀਆਂ ਲਈ ਦੁਖ ਸ਼ਬਦ ਵਿਆਪਕ ਅਰਥ ਰਖਦਾ ਹੈ ਜਦ ਕਿ ਗ਼ਮ ਇਕ ਤਰ੍ਹਾਂ ਇਸ਼ਕੀਆ ਪ੍ਰਸੰਗ ਵਿਚ ਜੁੜਿਆ ਹੋਣ ਕਰਕੇ ਸਮਾਜਕ ਸਰੋਕਾਰਾਂ ਦੀਆਂ ਪ੍ਰਤਿਧੁਨੀਆਂ ਜਾਗ੍ਰਿਤ ਨਹੀਂ ਕਰਦਾ। ਦਰਅਸਲ ਭਾਰਤੀਆਂ ਲਈ ਦੁਖ ਸ਼ਬਦ ਬਹੁਤ ਕਰੀਬ ਦਾ ਹੈ, ਅਸੀਂ ਇਹ ਹੰਢਾਇਆ ਹੈ। ਬੁਧ ਧਰਮ ਦਾ ਫ਼ਲਸਫ਼ਾ ਦੁਖ ਦੇ ਦੁਆਲੇ ਹੀ ਘੁੰਮਦਾ ਹੈ। ਇਸ ਲਈ ਅਸੀਂ ਇਸ ਸ਼ਬਦ ਦਾ ਦਾਇਰਾ ਵੱਡਾ ਕਰਕੇ ਦੇਖ ਰਹੇ ਹਾਂ ਵਰਨਾ ਮਦਾਹ ਦਾ ਉਰਦੂ ਕੋਸ਼ ਗ਼ਮ ਦੇ ਲਗਭਗ ਉਹੀ ਅਰਥ ਗਿਣਾਉਂਦਾ ਹੈ ਜੋ ਦੁਖ ਦੇ ਹਨ: ਖੇਦ, ਸ਼ੋਕ, ਖੋਭ, ਰੰਜ, ਕਸ਼ਟ, ਕਲੇਸ਼ ਦੁਖ, ਡਾਹ, ਈਰਖਾ, ਹਸਦ, ਸੰਤਾਪ ਅੰਦਰੂਨੀ ਖਲਿਸ਼, ਚਿੰਤਾ ਫਿਕਰ। ਇਕ ਸੰਸਕ੍ਰਿਤ ਕੋਸ਼ ਦੁਖ ਦੇ ਅਰਥ ਕਰਦਾ ਹੈ, 'ਦੁਸ਼ਟਾਂ ਦੀ ਜੋ ਖਾਣ ਹੈ'। ਗ਼ਮ ਅਰਬੀ ਤੋਂ ਆਇਆ ਹੈ ਪਰ ਅਰਥ ਲਗਭਗ ਉਹੀ ਹਨ। ਕੁਝ ਲੋਕ ਫ਼ੈਜ਼ ਜਾਂ ਹੋਰਾਂ ਦੀ ਸ਼ਾਇਰੀ ਵਿਚ ਦੁਖ ਜਾਂ ਗ਼ਮ ਦੀ ਮੀਨਮੇਖ ਕਰਨਾ ਇਕ ਫਜ਼ੂਲ ਦੀ ਵਕਤਕਟੀ ਸਮਝਦੇ ਹਨ, ਜੋ ਆਪਣੇ ਆਪ ਵਿਚ ਤੁਅਸਬੀ ਸੋਚ ਹੈ। ਉਰਦੂ ਸ਼ਾਇਰੀ ਵਿਚ ਦੁਖ ਦਾ ਕਾਫ਼ੀ ਇਸਤੇਮਾਲ ਹੋਇਆ ਹੈ। ਗ਼ਾਲਿਬ ਦਾ ਪ੍ਰਸਿਧ ਸ਼ਿਅਰ ਹੈ:

ਇਬਨ-ਏ-ਮਰੀਅਮ ਹੂਆ ਕਰੇ ਕੋਈ,
ਮੇਰੇ ਦੁਖ ਕੀ ਦਵਾ ਕਰੇ ਕੋਈ।

ਇਹ ਤਾਂ ਸਪਸ਼ਟ ਹੀ ਹੈ ਕਿ ਫ਼ੈਜ਼ ਨੇ ਇਸ਼ਕੀਆ ਗ਼ਮ ਤੋਂ ਪਰੇ ਹਟ ਕੇ ਦੁਨਿਆਵੀ ਗ਼ਮ 'ਤੇ ਜ਼ੋਰ ਦੇਣ ਲਈ ਕਲਮ ਦੀ ਜ਼ੋਰ-ਅਜ਼ਮਾਈ ਕੀਤੀ। ਇਸੇ ਨਜ਼ਮ ਦੀਆਂ ਅਗਲੀਆਂ ਪੰਕਤੀਆਂ ਇਸ ਗੱਲ ਦੀ ਹੋਰ ਵੀ ਪੁਸ਼ਟੀ ਕਰਦੀਆਂ ਹਨ:

ਚਲੀ ਜਾਤੀ ਹੈ ਉਧਰ ਕੋ ਭੀ
ਨਜ਼ਰ ਕਿਆ ਕੀਜੇ।
ਅਬ ਭੀ ਦਿਲਕਸ਼ ਹੈ ਤੇਰਾ ਹੁਸਨ
ਮਗਰ ਕਿਆ ਕੀਜੇ।

ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ਉਰਦੂ ਗ਼ਜ਼ਲ ਵਿਚ ਗਾਣੇ ਗ਼ਮ ਲਈ ਦੁਖ ਦਾ ਪ੍ਰਯੋਗ ਵਿਆਪਕ ਹੈ। ਇਸ ਲਈ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਗ਼ਮ ਸ਼ਬਦ ਦੀ ਵਰਤੋਂ ਵਿਅਕਤੀਗਤ ਅਰਥਾਂ ਵਿਚ ਵੱਧ ਹੁੰਦੀ ਹੈ ਜਦ ਕਿ ਦੁਖ ਦੀ ਸਮਾਜਿਕ ਅਰਥਾਂ ਵਿਚ। ਇਸ ਤਰ੍ਹਾਂ ਜਿਨ੍ਹਾਂ ਵੀ ਕਾਰਨਾਂ ਕਰਕੇ ਦੁਖ ਦੀ ਜਗ੍ਹਾ ਗ਼ਮ ਲਫ਼ਜ਼ ਆਇਆ ਹੈ, ਇਸ ਪ੍ਰਕਿਰਿਆ ਨੇ ਅਰਥਾਂ ਨੂੰ ਸੀਮਿਤ ਕਰ ਦਿੱਤਾ ਹੈ। ਇਹ ਗੱਲ ਆਪਣੇ ਆਪ ਵਿਚ ਕਵੀ ਨਾਲ ਅਨਿਆਂ ਹੈ ਪਰ ਤਦ ਵੀ ਕਈ ਉਰਦੂਦਾਨ ਇਹ ਮੰਨਣ ਲਈ ਤਿਆਰ ਨਹੀਂ ਹਨ ਕਿ ਗ਼ਮ ਵਿਚ ਦੁਨੀਆਂ ਨਾਲ ਬਾਵਾਸਤਾ ਹੋਣ ਦੀ ਘਟ ਸਮਰਥਾ ਹੈ। ਅਜਿਹਾ ਹੋਵੇ ਤਾਂ 'ਗ਼ਮੇ ਦੁਨੀਆ ਭੀ ਗ਼ਮੇ ਯਾਰ ਮੇਂ ਸ਼ਾਮਿਲ ਕਰ ਲੋ' ਜਿਹਾ ਜੁਮਲਾ ਬੇਮਾਅਨੇ ਹੋ ਕੇ ਰਹਿ ਜਾਵੇਗਾ। ਦੂਜੇ ਪਾਸੇ 'ਦੁਖੀ ਮਨ ਮੇਰੇ' ਅਤੇ 'ਰਾਹੀ ਮਨਵਾ ਦੁਖ ਕੀ ਚਿੰਤਾ ਕਿਉਂ ਸਤਾਤੀ ਹੈ' ਵਿਚ ਦਰਸਾਏ ਦੁਖ ਨਿੱਜੀ ਹੀ ਹਨ, ਸਮਾਜਿਕ ਤਾਂ ਨਹੀਂ। ਫਿਰ ਗ਼ਾਲਿਬ ਸਾਹਿਬ ਨੂੰ ਦੁਨੀਆਂ ਦੇ ਦੁਖ ਕਿਥੇ ਸਨ, ਉਹ ਤਾਂ ਸਾਰੀ ਜ਼ਿੰਦਗੀ ਆਪਣੇ ਰੋਣੇ ਹੀ ਰੋਂਦੇ ਰਹੇ। ਦਿਲਚਸਪ ਗੱਲ ਹੈ ਕਿ ਭਗਤ ਰਵਿਦਾਸ ਨੇ ਜਿਸ 'ਬੇਗਮਪੁਰਾ' (ਬੇ+ਗਮ+ਪੁਰਾ, ਜਿਥੇ ਕੋਈ ਗਮ ਨਹੀਂ) ਦੀ ਕਲਪਨਾ ਕੀਤੀ ਹੈ, ਉਸ ਦੀ ਵਿਆਖਿਆ ਵਿਚ ਦੁਖ ਸ਼ਬਦ ਦੀ ਵਰਤੋਂ ਹੈ ਅਰਥਾਤ ਅਜਿਹਾ ਠਾਉ ਜਿਥੇ ਕੋਈ ਦੁਖ ਨਹੀਂ:

ਬੇਗਮਪੁਰਾ ਸਹਰ ਕਾ ਨਾਉ।
ਦੂਖੁ ਅੰਦੋਹੁ ਨਹੀ ਤਿਹਿ ਠਾਉ।

ਦਰਅਸਲ ਉਰਦੂ ਦਾ ਪਹਿਲਾ ਰੂਪ ਰੇਖ ਜਾਂ ਹਿੰਦਵੀ ਸੀ ਜਿਸ ਵਿਚ ਖੜੀ ਬੋਲੀ ਦੇ ਵੱਧ ਸ਼ਬਦ ਸਨ। ਬਾਅਦ ਵਿਚ ਉਰਦੂ ਫਾਰਸੀ ਦੀ ਭਰਤੀ ਹੋਣ ਨਾਲ ਇਹ ਅਹਿਲਕਾਰਾਂ ਦੀ ਭਾਸ਼ਾ ਬਣ ਗਈ ਤੇ ਉਰਦੂ ਕਹਾਉਣ ਲੱਗ ਪਈ। ਅਸਲੀ ਗੱਲ ਇਹ ਹੈ ਕਿ ਉਰਦੂ ਵਿਚ ਹਿੰਦੀ ਸੰਸਕ੍ਰਿਤ ਦੇ ਸ਼ਬਦ ਅਉਣ ਵਾਲੀ ਗੱਲ ਸਹਿਜ ਸੁਭਾਵਕ ਹੈ, ਇਸ ਦਾ ਜਮਾਂਦਰੂ ਗੁਣ ਹੈ। ਗਹੁ ਨਾਲ ਪੜ੍ਹਿਆਂ ਪਤਾ ਲਗਦਾ ਹੈ ਕਿ ਇਸੇ ਕਵਿਤਾ ਵਿਚ ਗ਼ਮ ਦੇ ਦੋ ਦੋ ਅਰਥ ਹਨ:

ਮੈਨੇ ਸਮਝਾ ਥਾ ਕਿ ਤੂ ਹੈ ਤੋ
ਦਰਖਸ਼ਾਂ ਹੈ ਹਯਾਤ,
ਤੇਰਾ ਗ਼ਮ ਹੈ ਤੋ ਗ਼ਮ-ਏ-ਦਹਰ ਕਾ
ਝਗੜਾ ਕਿਆ ਹੈ।

ਜਦ ਕਵਿਤਾ ਵਿਚੋਂ ਹੀ ਇਹ ਗੱਲ ਸਾਬਿਤ ਹੁੰਦੀ ਹੈ ਕਿ ਫ਼ੈਜ਼ ਲਈ ਜ਼ਮਾਨੇ ਕੇ ਦੁਖ=ਗਮ-ਏ-ਦਹਿਰ ਤਾਂ ਝਗੜਾ ਕੀ ਹੈ? ਸ਼ਾਇਦ ਅਸੀਂ ਮਸਲੇ ਨੂੰ ਹੋਰ ਪਾਸੇ ਲੈ ਗਏ। ਅਸੀਂ ਤਾਂ ਨਿਰਣਾ ਕਰਨਾ ਸੀ ਕਿ ਫ਼ੈਜ਼ ਨੇ ਦੁਖ ਸ਼ਬਦ ਵਰਤਿਆ ਹੈ ਜਾਂ ਗ਼ਮ? ਪੰਜਾਬ ਟਾਈਮਜ਼ ਵਿਚ ਹੀ ਛਾਪੀ ਗਈ ਬੀ.ਬੀ.ਸੀ. ਦੇ ਪ੍ਰੋਡਿਊਸਰ ਕ੍ਰਿਸ਼ਨ ਗੋਲਡ ਦੇ ਨਾਲ ਫ਼ੈਜ਼ ਦੀ ਤਥਾਕਥਿਤ ਅੰਤਮ ਇੰਟਰਵਿਊ ਤੋਂ ਫ਼ੈਜ਼ ਵਲੋਂ ਅਸਲ ਵਿਚ ਵਰਤੇ ਸ਼ਬਦ ਦੇ ਸੰਕੇਤ ਮਿਲ ਜਾਂਦੇ ਹਨ। ਤਰੱਕੀਪਸੰਦ ਲੇਖਕਾਂ ਦੀ ਐਸੋਸੀਏਸ਼ਨ ਬਣਾਉਣ ਵਾਸਤੇ ਫ਼ੈਜ਼ ਨੂੰ ਪ੍ਰੇਰਿਤ ਕਰਨ ਲਈ ਕਹੇ ਬੇਗਮ ਰਸ਼ੀਦ ਦੇ ਸ਼ਬਦ ਸੂਚਨਾ ਭਰਪੂਰ ਹਨ, "ਇਹ ਆਸ਼ਕੀ ਦੇ ਚੱਕਰ ਸਭ ਫਜ਼ੂਲ ਗੱਲਾਂ ਨੇ। ਦੁਨੀਆਂ ਦੇ ਦੁਖਾਂ ਦੀ ਗੰਭੀਰਤਾ ਜ਼ਿਆਦਾ ਸੰਗੀਨ ਹੈ।... ਆਸ਼ਕੀ ਦਾ ਮਸਲਾ ਤਾਂ ਛੋਟਾ ਜਿਹਾ....ਆਪਣਾ ਗ਼ਮ ਹੈ ਦੁਨੀਆਂ ਭਰ ਦੇ ਦੁਖ ਦੇਖੋ।" ਇੰਟਰਵਿਊ ਦੇ ਇਹ ਸ਼ਬਦ ਦੁਖ ਤੇ ਗ਼ਮ ਦੇ ਅਲੱਗ ਅਲੱਗ ਪ੍ਰਸੰਗਾਂ ਵੱਲ ਇਸ਼ਾਰਾ ਕਰਦੇ ਪ੍ਰਤੀਤ ਹੁੰਦੇ ਹਨ ਜਿਸ ਤੋਂ ਜ਼ਰੂਰ ਹੀ ਫ਼ੈਜ਼ ਮੁਤੱਸਰ ਹੋਇਆ ਹੋਵੇਗਾ। ਇਸ ਇੰਟਰਵਿਊ ਤੋਂ ਚਰਚਿਤ ਨਜ਼ਮ ਦੇ ਰਚੇ ਜਾਣ ਦੇ ਪਿਛੋਕੜ ਦਾ ਵੀ ਪਤਾ ਲੱਗ ਜਾਂਦਾ ਹੈ।

ਇਕ ਹਿੰਦੀ ਦੇ ਲੇਖਕ ਹਨ ਸਵਦੇਸ਼ ਦੀਪਕ। ਉਨ੍ਹਾਂ ਦੀ ਪ੍ਰਸਿਧ ਰਚਨਾ, 'ਮੈਨੇ ਮਾਂਡੂ ਨਹੀਂ ਦੇਖਾ' ਵਿਚ ਇਕ ਪ੍ਰਸੰਗ ਆਉਂਦਾ ਹੈ ਜਿਸ ਦਾ ਮੈਂ ਕਿਧਰੇ ਹਵਾਲਾ ਪੜ੍ਹਿਆ ਹੈ। ਇਕ ਵਾਰੀ ਫ਼ੈਜ਼ ਸਾਹਿਬ ਅੰਬਾਲਾ ਆਏ ਤਾਂ ਸਵਦੇਸ਼ ਦੀਪਕ ਨਾਲ ਉਨ੍ਹਾਂ ਦੀ ਜੋ ਗੱਲਬਾਤ ਹੋਈ ਉਸ ਵਿਚੋਂ ਕੰਮ ਦੀ ਟੂਕ ਪੇਸ਼ ਕਰਦਾ ਹਾਂ:

**ਸਵਦੇਸ਼:** ਸਰ, ਇਸ ਸਦੀ ਦੀ ਸਭ ਤੋਂ ਮਸ਼ਹੂਰ ਨਜ਼ਮ ਹੈ, ਔਰ ਭੀ ਦੁਖ ਹੈਂ ਜ਼ਮਾਨੇ ਮੇਂ ਮੁਹੱਬਤ ਕੇ ਸਿਵਾ...। ਕਈ ਜਗਹ ਗ਼ਮ ਲਫ਼ਜ਼ ਹੈ ਤੇ ਕਈ ਜਗਹ ਦੁਖ। ਸਹੀ ਕੀ ਹੈ?

**ਫ਼ੈਜ਼:** ਸ਼ਾਇਦ 1936 ਵਿਚ ਲਿਖੀ ਸੀ। ਸਹੀ ਯਾਦ ਨਹੀਂ। ਲੇਕਿਨ ਦੁਖ ਹੀ ਲਿਖਿਆ ਹੋਵੇਗਾ। ਗ਼ਮ ਵਿਚ ਏਨੀ ਗਹਿਰਾਈ ਤੇ ਕਸਕ ਕਿਥੇ!!

ਗੱਲ ਸਾਫ਼ ਹੋ ਗਈ। ਇਸ ਦੀ ਹੋਰ ਪੁਸ਼ਟੀ ਲਈ ਮੈਂ ਇੰਟਰਨੈਟ ਹੰਘਾਲ ਮਾਰਿਆ। ਇਕ ਜਗ੍ਹਾ ਮੈਂ ਠਠੰਬਰ ਗਿਆ। ਫ਼ੈਜ਼ ਆਪਣੀ ਆਵਾਜ਼ ਵਿਚ ਦੁਖ ਸ਼ਬਦ ਉਚਾਰ ਰਿਹਾ ਹੈ। ਜ਼ਰਾ ਕੰਪਿਊਟਰ ਦੇ ਸਪੀਕਰ ਰਵਾਂ ਕਰਕੇ ਹੇਠ ਲਿਖੇ ਪਤੇ 'ਤੇ ਮਾਊਸ ਕਲਿਕ ਕਰਕੇ ਸੁਣੋ:

http://lcweb2.loc.gov/mbrs/master/salrp/08203.mp3

## 'ਸੌ ਵਿਚਾਰ ਭਿੜਨ ਦਿਓ, ਸੌ ਫੁੱਲ ਖਿੜਨ ਦਿਓ'

### ਸੰਪਾਦਕ ਦੀ ਡਾਕ

ਸੰਪਾਦਕ ਜੀਓ,

ਅਜਮੇਰ ਸਿੰਘ ਉਰਫ਼ ਗੋਬਿੰਦਰ ਸਿੰਘ ਮੰਡੀ ਕਲਾਂ ਦੀਆਂ ਸਿੱਖ ਰਾਜਨੀਤੀ, ਇਤਿਹਾਸ ਤੇ ਧਰਮ ਸਬੰਧੀ ਲਿਖੀਆਂ ਕਿਤਾਬਾਂ ਬਾਰੇ ਜੋ ਬਹਿਸ ਪੰਜਾਬ ਟਾਈਮਜ਼ ਵਿਚ ਚੱਲ ਰਹੀ ਹੈ, ਉਹ ਦਿਲਚਸਪ ਵੀ ਹੈ ਤੇ ਜਾਣਕਾਰੀ ਭਰਪੂਰ ਵੀ। ਇਸ ਸਬੰਧੀ ਦੂਜੀ ਗੱਲ ਇਹ ਕਿ ਆਪ ਜੀ ਨੇ ਜੋ 'ਸੌ ਵਿਚਾਰ ਭਿੜਨ ਦਿਓ, ਸੌ ਫੁੱਲ ਖਿੜਨ ਦਿਓ' ਵਾਲੀ ਪਾਲਿਸੀ ਅਪਨਾਈ ਹੈ, ਬਹੁਤ ਸਲਾਹੁਣਯੋਗ ਹੈ।

ਇਸ ਕਾਰਨ ਇਸ ਬਹਿਸ ਰਾਹੀਂ ਸਾਨੂੰ ਸਾਧਾਰਨ ਪਾਠਕਾਂ ਨੂੰ ਵੀ ਵਿਚਲੀ ਗੱਲ ਸਮਝ ਆ ਰਹੀ ਹੈ। ਸਿੱਖਾਂ ਦੀ ਸਿਆਸਤ ਅਤੇ ਇਤਿਹਾਸ ਬਾਰੇ ਬਹੁਤ ਸਾਰੇ ਭੁਲੇਖੇ ਦੂਰ ਹੋ ਰਹੇ ਹਨ। ਧਰਮ ਅਤੇ ਕੌਮ ਵਰਗੇ ਗੁੰਝਲਦਾਰ ਸੰਕਲਪਾਂ ਨੂੰ ਸਮਝਣ ਵਿਚ ਮਦਦ ਮਿਲ ਰਹੀ ਹੈ। ਮੇਰੇ ਵਰਗੇ ਜਿਨ੍ਹਾਂ ਪਾਠਕਾਂ ਨੇ ਅਜੇ ਇਹ ਕਿਤਾਬਾਂ ਪੂਰੀ ਤਰ੍ਹਾਂ ਨਹੀਂ ਵੀ ਪੜ੍ਹੀਆਂ, ਉਨ੍ਹਾਂ ਨੂੰ ਵੀ ਇਨ੍ਹਾਂ ਕਿਤਾਬਾਂ ਦੇ ਮਹੱਤਵ ਅਤੇ ਇਨ੍ਹਾਂ ਵਿਚਲੀਆਂ ਊਣਤਾਈਆਂ ਦੀ ਸਮਝ ਲੱਗ ਰਹੀ ਹੈ। ਇਸ ਬਹਿਸ ਰਾਹੀਂ ਸਾਨੂੰ ਅਜਮੇਰ ਸਿੰਘ ਨਾਲ ਕੁਝ ਮਹੱਤਵਪੂਰਨ ਮੁੱਦਿਆਂ 'ਤੇ ਅਸਹਿਮਤ ਦਾਨਿਸ਼ਵਰਾਂ ਜਿਵੇਂ ਡਾ. ਪਰੇਮ ਸਿੰਘ, ਡਾ. ਬਲਕਾਰ ਸਿੰਘ, ਡਾ. ਹਰਪਾਲ ਸਿੰਘ ਪੰਨੂ, ਕਰਮ ਬਰਸਟ ਤੇ ਅਭੈ ਸਿੰਘ ਦੇ ਵਿਚਾਰ ਵੀ ਪੜ੍ਹਨ ਨੂੰ ਮਿਲ ਰਹੇ ਹਨ ਅਤੇ ਦੂਜੇ ਪਾਸੇ ਸਾਨੂੰ ਅਜਮੇਰ ਸਿੰਘ ਦੇ ਹਾਮੀ ਲੇਖਕਾਂ-ਕਰਮਜੀਤ ਸਿੰਘ, ਰਣਜੀਤ ਸਿੰਘ, ਹਰਕੀਰਤ ਸਿੰਘ ਤੇ ਬੀਰ ਸਿੰਘ ਚੌਹਾਨ ਦੇ ਵਿਚਾਰ ਜਾਨਣ ਦਾ ਵੀ ਮੌਕਾ ਮਿਲਿਆ ਹੈ।

ਅਜਿਹੀਆਂ ਬਹਿਸਾਂ ਨੂੰ ਸਾਰਥਿਕ ਰੱਖਣ ਲਈ ਜ਼ਰੂਰੀ ਹੁੰਦਾ ਹੈ ਕਿ ਦਲੀਲਾਂ ਦਾ ਜਵਾਬ ਦਲੀਲਾਂ ਨਾਲ ਹੀ ਦਿੱਤਾ ਜਾਵੇ। ਜਦੋਂ ਬਹਿਸ ਵਿਚ ਹਿੱਸਾ ਲੈਣ ਵਾਲੇ ਲੋਕ ਦਲੀਲ ਅਤੇ ਤਰਕ ਦਾ ਪੱਲਾ ਛੱਡ ਕੇ ਸਿੱਧਾ ਇਕ-ਦੂਜੇ ਨੂੰ ਹੀ ਮੁਖ਼ਾਤਬ ਹੋਣ ਲੱਗ ਪੈਣ ਤਾਂ ਉਸਾਰੂ ਬਹਿਸ ਵੀ ਅਸਲੀ ਮੁੱਦੇ ਤੋਂ ਭਟਕ ਜਾਂਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਤੁਸੀਂ ਲੇਖਾਂ ਨਾਲ ਜੋੜੇ ਆਪਣੇ ਨੋਟਾਂ ਰਾਹੀਂ ਲੇਖਕਾਂ ਨੂੰ ਇਸ ਮਹੱਤਵਪੂਰਨ ਨੁਕਤੇ ਦੀ ਯਾਦ ਦਿਵਾਉਂਦੇ ਰਹਿੰਦੇ ਹੋ, ਫਿਰ ਵੀ ਜੋਸ਼ ਵਿਚ ਆਏ ਕੁਝ ਲੇਖਕ ਇੰਜ ਕਰ ਹੀ ਜਾਂਦੇ ਹਨ। ਜਿਵੇਂ ਕਰਮਜੀਤ ਸਿੰਘ ਨੇ ਆਪਣੇ ਪਹਿਲੇ ਲੇਖ ਵਿਚ ਡਾ. ਪਰੇਮ ਸਿੰਘ ਦੇ ਵਿਚਾਰਾਂ ਦਾ ਜਵਾਬ ਦੇਣ ਦੀ ਬਜਾਏ ਇਹ ਟਿੱਪਣੀ ਕਰ ਦਿੱਤੀ, "ਦਿਲਚਸਪ ਗੱਲ ਇਹ ਹੈ ਕਿ ਇਹ ਬਹਿਸ ਉਸ ਵਿਅਕਤੀ ਨੇ ਨਾਂਹ-ਪੱਖੀ ਉਤਸ਼ਾਹ ਅਤੇ ਜੋਸ਼ ਦੇ ਜਜ਼ਬੇ ਤੋਂ ਪ੍ਰੇਰਨਾ ਲੈ ਕੇ ਸ਼ੁਰੂ ਕਰਵਾਈ ਹੈ ਜੋ ਸੁਕਰਾਤ ਵਾਂਗ ਇਕ ਦਰਵੇਸ਼ ਚਿੰਤਕ ਤਾਂ ਹੈ ਪਰ ਜਿਸ ਨੇ ਲਿਖਿਆ ਕੁਝ ਵੀ ਨਹੀਂ। ਇਹ ਗੱਲ ਵੀ ਦਿਲਚਸਪੀ ਨਾਲ ਪੜ੍ਹੀ ਜਾਵੇਗੀ ਕਿ ਇਸ ਬਹਿਸ ਨੂੰ ਵਿਆਪਕ ਪੱਧਰ 'ਤੇ ਲਿਜਾਣ ਦਾ ਗੁਪਤ ਹੱਥ ਵੀ ਉਸੇ ਦਾ ਹੈ।" (ਪੰਜਾਬ ਟਾਈਮਜ਼, 8 ਜਨਵਰੀ 2011) ਇਉਂ ਉਹ ਇੱਛਾ ਤਾਂ ਉਚ ਪਧਰੀ ਬਹਿਸ ਦੀ ਕਰਦੇ ਹਨ ਪਰ ਆਪ ਇਸ 'ਤੇ ਖ਼ਰੇ ਨਹੀਂ ਉਤਰਦੇ। ਦੀਵੇ ਥੱਲੇ ਹਨ੍ਹੇਰੇ ਵਾਲੀ ਹੀ ਗੱਲ ਹੋ ਗਈ!

ਇਸ ਬਹਿਸ ਤੋਂ ਬਿਨਾਂ ਪੰਜਾਬ ਟਾਈਮਜ਼ ਵਿਚ ਪੰਜਾਬ ਦੀ ਕਿਸਾਨੀ ਦੀ ਆਰਥਿਕਤਾ ਬਾਰੇ ਪ੍ਰੋ. ਪ੍ਰੀਤਮ ਸਿੰਘ ਇੰਗਲੈਂਡ, ਗੋਬਿੰਦ ਠੁਕਰਾਲ ਅਤੇ ਡਾ. ਗਿਆਨ ਸਿੰਘ ਦੇ ਲੇਖ ਵੀ ਬੜੇ ਪਤੇ ਦੀ ਗੱਲ ਕਰਦੇ ਹਨ। ਵੱਖਰੇ ਦ੍ਰਿਸ਼ਟੀਕੋਣ ਤੋਂ ਕਸ਼ਮੀਰ ਬਾਰੇ ਪ੍ਰੋ. ਹਰਭਜਨ ਸੋਹੀ ਦਾ ਲੇਖ ਵੀ ਅਹਿਮ ਸਵਾਲ ਖੜ੍ਹੇ ਕਰਨ ਵਾਲਾ ਸੀ। ਇਨ੍ਹਾਂ ਲਿਖਤਾਂ ਨੇ ਅਖ਼ਬਾਰ ਲਈ ਗੰਭੀਰ ਪਾਠਕ ਪੈਦਾ ਕੀਤੇ ਹਨ।

*-ਲਖਬੀਰ ਸਿੰਘ ਸਿੱਧੂ*
*ਮਾਡੈਸਟੋ, ਕੈਲੀਫੋਰਨੀਆ।*

## ਤੁਰ ਗਿਆ ਡਾ. ਅਜੀਤ ਸਿੰਘ ਸਿੱਕਾ...

ਜਦੋਂ ਮੈਂ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਪੜ੍ਹਦਾ ਸਾਂ ਤਾਂ ਡਾ. ਅਜੀਤ ਸਿੰਘ ਸਿੱਕਾ ਪੰਜਾਬੀ ਵਿਭਾਗ ਦੇ ਮੁਖੀ ਹੁੰਦੇ ਸਨ। ਬੜੀ ਖੁਸ਼ ਤਬੀਅਤ ਦੇ ਮਾਲਕ ਸਨ ਉਹ। ਉਸ ਵੇਲੇ ਕਾਲਜ ਵਿਚ ਡਾ. ਗੁਰਚਰਨ ਸਿੰਘ ਸਾਕੀ ਅਤੇ ਨਾਮੀ ਗੀਤਕਾਰ ਸ਼ਮਸ਼ੇਰ ਸਿੰਘ ਸੰਧੂ ਵੀ ਪੰਜਾਬੀ ਦੇ ਲੈਕਚਰਰ ਹੁੰਦੇ ਸਨ। ਸ. ਸ਼ਮਸ਼ੇਰ ਸਿੰਘ ਸੰਧੂ ਸਾਨੂੰ ਪੰਜਾਬੀ ਪੜ੍ਹਾਉਂਦੇ।

ਪਿਛਲੇ ਦਿਨੀਂ ਡਾ. ਸਿੱਕਾ ਦੇ ਦੇਹਾਂਤ ਦੀ ਖਬਰ ਆਈ ਤਾਂ ਮੈਨੂੰ ਉਨ੍ਹਾਂ ਵੇਲਿਆਂ ਦੀ ਯਾਦ ਤਾਜ਼ਾ ਹੋ ਗਈ। ਉਹ ਬੜੇ ਵਧੀਆ ਅਧਿਆਪਕ ਸਨ ਅਤੇ ਚੰਗੇ ਕਵੀ। ਅਸੀਂ ਜਦੋਂ ਵੀ ਡਾ. ਸਿੱਕਾ ਦੇ ਦਫਤਰ ਮੂਹਰਿਓਂ ਲੰਘਣਾ ਤਾਂ ਉਨ੍ਹਾਂ ਕੁਝ ਨਾ ਕੁਝ ਲਿਖਦੇ ਹੋਣਾ ਜਾਂ ਗੁਣਗੁਣਾਉਂਦੇ ਹੋਣਾ। ਉਨ੍ਹਾਂ ਵੇਲਿਆਂ 'ਚ ਹੀ ਡਾ. ਸਿੱਕਾ ਨੇ ਆਪਣੀਆਂ ਨਾਜ਼ੁਕ ਖਿਆਲੀ ਰੁਬਾਈਆਂ ਦੀ ਇਕ ਪੁਸਤਕ ਛਪਵਾਈ। ਇਸ ਕਿਤਾਬ ਵਿਚੋਂ ਅਸੀਂ ਵਿਦਿਆਰਥੀਆਂ ਨੇ ਵੀ ਕਈ ਰੁਬਾਈਆਂ ਕੰਠ ਕੀਤੀਆਂ।

ਇਕ ਵਾਰ ਅਸੀਂ ਕਾਲਜ ਦੇ ਕੁਝ ਸਾਥੀਆਂ ਨਾਲ ਰਲ ਕੇ ਭਾਖੜਾ ਡੈਮ ਅਤੇ ਪਹਾੜਾਂ ਦੇ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਦੀਦਾਰੇ ਸਾਈਕਲਾਂ ਉਤੇ ਜਾ ਕੇ ਕਰਨ ਦਾ ਪ੍ਰੋਗਰਾਮ ਬਣਾਇਆ। ਅਸੀਂ ਬੰਗਾ ਕਾਲਜ ਤੋਂ ਚੱਲ ਕੇ ਗੜ੍ਹਸ਼ੰਕਰ ਹੁੰਦੇ ਹੋਏ ਪਹਾੜਾਂ ਵਿਚ ਗੁਰਦੁਆਰਾ ਭਗੌੜ ਸਾਹਿਬ ਜਾ ਕੇ ਰਾਤ ਠਹਿਰੇ। ਉਥੋਂ ਭਾਖੜਾ ਡੈਮ ਅਤੇ ਫਿਰ ਕੀਰਤਪੁਰ ਸਾਹਿਬ (ਪਤਾਲਪੁਰੀ), ਗੁਰੂ ਕਾ ਲਾਹੌਰ, ਪੌੜ ਸਾਹਿਬ, ਗੁਰਦੁਆਰਾ ਪਰਿਵਾਰ ਵਿਛੋੜਾ ਅਤੇ ਅਖੀਰ ਗੁਰਦੁਆਰਾ ਭੱਠਾ ਸਾਹਿਬ, ਰੋਪੜ ਦੇ ਦਰਸ਼ਨ ਕਰਕੇ ਵਾਪਸ ਪਰਤੇ। ਪਹਾੜਾਂ ਵਿਚ ਕੁਦਰਤ ਦੇ ਅਜਬ ਨਜ਼ਾਰੇ, ਦਰਿਆ ਅਤੇ ਝੀਲਾਂ, ਬਨਸਪਤੀ ਬਾਰੇ ਡਾ. ਸਿੱਕਾ ਨੂੰ ਆ ਕੇ ਦੱਸਿਆ ਤਾਂ ਉਨ੍ਹਾਂ ਸੁਝਾਅ ਦਿੱਤਾ ਕਿ ਸਾਰਾ ਹਾਲ ਲਿਖ ਕੇ ਕਾਲਜ ਦੇ ਮੈਗਜ਼ੀਨ ਲਈ ਦਿਓ। 'ਸਾਡੀ ਸਾਈਕਲ ਯਾਤਰਾ' ਦੇ ਨਾਂ ਹੇਠ ਇਹ ਲੇਖ ਛਪਿਆ ਵੀ। ਡਾ. ਸਿੱਕਾ ਨੇ ਕਾਫੀ ਹੱਲਾਸ਼ੇਰੀ ਦਿੱਤੀ। ਇੰਜ ਲਿਖਣ ਦੇ ਅਭਿਆਸ ਦਾ ਮੁੱਢ ਬੱਝਾ। ਉਨ੍ਹਾਂ ਹਮੇਸ਼ਾ ਸਾਨੂੰ ਕੋਈ ਨਾ ਕੋਈ ਪੰਜਾਬੀ ਜਾਂ ਅੰਗਰੇਜ਼ੀ ਦੀ ਪੁਸਤਕ ਪੜ੍ਹਨ ਲਈ ਪ੍ਰੇਰਨਾ ਕਰਦੇ ਰਹਿਣਾ। ਪੰਜਾਬੀ ਅਤੇ ਅੰਗਰੇਜ਼ੀ ਦੇ ਵਿਦਵਾਨ ਡਾ. ਸਿੱਕਾ ਹੁਣ ਸਾਡੇ ਦਰਮਿਆਨ ਨਹੀਂ ਰਹੇ। ਡਾ. ਸਿੱਕਾ ਬੰਗਾ ਕਾਲਜ ਦੇ ਮਾਣ ਹੁੰਦੇ ਸਨ। ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿਚ ਵਸਦੇ ਉਨ੍ਹਾਂ ਦੇ ਵਿਦਿਆਰਥੀ ਉਨ੍ਹਾਂ ਨੂੰ ਹਮੇਸ਼ਾ ਯਾਦ ਕਰਦੇ ਰਹਿਣਗੇ।

*-ਇਕਬਾਲ ਜੱਬੋਵਾਲੀਆ*
*ਨਿਊ ਯਾਰਕ।*

## ਗੁਰਮਤਿ ਚਿੰਤਨ

# ਭਾਈ ਗੁਰਦਾਸ ਅਤੇ ਭਾਰਤੀ ਦਰਸ਼ਨ

**ਡਾ. ਗੁਰਨਾਮ ਕੌਰ**

ਭਾਈ ਗੁਰਦਾਸ ਦੀਆਂ ਰਚਨਾਵਾਂ ਨੂੰ ਸਿੱਖ ਧਰਮ ਚਿੰਤਨ ਦੇ ਗੌਣ ਸਰੋਤਾਂ (ਸੈਕੰਡਰੀ ਸੋਰਸਜ) ਵਿਚ ਸ਼੍ਰੋਮਣੀ ਸਥਾਨ ਪ੍ਰਾਪਤ ਹੈ। ਭਾਈ ਗੁਰਦਾਸ ਦੀਆਂ ਰਚਨਾਵਾਂ 'ਕਬਿੱਤ ਸਵਈਏ' ਅਤੇ 'ਵਾਰਾਂ' ਦੇ ਰੂਪ ਵਿਚ ਪ੍ਰਾਪਤ ਹਨ। ਭਾਈ ਸਾਹਿਬ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ 'ਕੂੰਜੀ' ਹੋਣ ਦਾ ਮਾਣ ਪ੍ਰਾਪਤ ਹੈ, ਜਿਸ ਦਾ ਅਰਥ ਬਣਦਾ ਹੈ ਕਿ ਇਹ ਵਾਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਸਿਧਾਂਤਾਂ ਦੀ ਇੱਕ ਤਰ੍ਹਾਂ ਨਾਲ ਵਿਆਖਿਆ ਹਨ। ਪਹਿਲੀ ਵਾਰ ਵਿਚ ਗੁਰੂ ਨਾਨਕ ਦੇਵ ਦੇ ਇਸ ਸੰਸਾਰ ਤੇ ਆਗਮਨ ਤੋਂ ਪਹਿਲਾਂ ਦੇ ਸਮੇਂ ਵਿਚ ਭਾਰਤ ਵਿਚ ਕਿਸ ਕਿਸਮ ਦੇ ਧਾਰਮਿਕ, ਸਮਾਜਿਕ ਹਾਲਾਤ ਸਨ, ਦਾ ਜ਼ਿਕਰ ਕੀਤਾ ਹੋਇਆ ਹੈ। ਪਹਿਲਾਂ ਪ੍ਰਚਲਿਤ ਚਿੰਤਨ ਪ੍ਰਣਾਲੀਆਂ ਵਿਚ ਪ੍ਰਾਪਤ ਫ਼ਲਸਫ਼ੇ ਅਤੇ ਉਨ੍ਹਾਂ ਦੇ ਸਮਾਜ ਉਤੇ ਪਏ ਧਾਰਮਿਕ, ਸਭਿਆਚਾਰਕ ਅਸਰਾਂ ਦਾ ਜ਼ਿਕਰ ਕਰਦਿਆਂ ਭਾਈ ਗੁਰਦਾਸ ਨਾਨਕ ਪ੍ਰਕਾਸ਼ ਤੱਕ ਪਹੁੰਚਦੇ ਹਨ। ਇਨ੍ਹਾਂ ਚਿੰਤਨ ਪ੍ਰਣਾਲੀਆਂ ਦੇ ਸਾਰ ਦਾ ਜ਼ਿਕਰ ਕਰਦਿਆਂ ਹਰ ਪ੍ਰਣਾਲੀ ਦੇ ਅੰਤ ਵਿਚ ਗੁਰਮਤਿ ਅਨੁਸਾਰ ਉਸ ਦਾ ਨਤੀਜਾ ਕਢਿਆ ਗਿਆ ਹੈ। ਅਸਲ ਵਿਚ ਮੇਰੇ ਸਾਹਮਣੇ ਕਾਫੀ ਅਰਸਾ ਪਹਿਲਾਂ ਚੰਡੀਗੜ੍ਹ ਤੋਂ ਨਿਕਲਦੇ 'ਪੰਜਾਬੀ ਟ੍ਰਿਬਿਊਨ' ਵਿਚ ਛਪੇ ਸਿੱਖ ਧਰਮ ਚਿੰਤਨ ਦੇ ਇੱਕ ਸਥਾਪਤ ਅਤੇ ਮੰਨੇ-ਪਰਮੰਨੇ ਵਿਦਵਾਨ ਵੱਲੋਂ ਲੜੀਵਾਰ ਲਿਖੇ ਚਾਰ ਲੇਖ ਪਏ ਹਨ, ਜਿਨ੍ਹਾਂ ਨੂੰ ਪੜ੍ਹ ਕੇ ਮੇਰੇ ਮਨ ਵਿਚ ਇਨ੍ਹਾਂ ਲੇਖਾਂ ਦੀ ਸਮੀਖਿਆ ਕਰਨ ਦੀ ਅਕਾਂਖਿਆ ਜਾਗੀ। ਇਨ੍ਹਾਂ ਲੇਖਾਂ ਦਾ ਸਿਰਲੇਖ- 'ਪੰਜਾਬ (ਰਿਗਵੇਦ ਤੋਂ ਦਸਮ ਗ੍ਰੰਥ ਤੱਕ) ਨੰਬਰ 1, 2, 3, 4 ਦੇਖ ਕੇ ਮਨ ਵਿਚ ਇਹ ਵਿਚਾਰ ਆਉਣਾ ਕੁਦਰਤੀ ਹੈ ਕਿ ਕੀ ਲੇਖਕ ਇਸ ਸਾਰੇ ਸਮੇਂ ਦੌਰਾਨ (ਰਿਗ ਵੇਦ ਤੋਂ ਦਸਮ ਗ੍ਰੰਥ ਤੱਕ) ਪੰਜਾਬ ਦੇ ਧਾਰਮਿਕ, ਸਮਾਜਿਕ ਹਾਲਾਤ ਦੱਸਣਾ ਚਾਹੁੰਦਾ ਹੈ ਜਾਂ ਰਿਗ ਵੇਦ ਅਤੇ ਸਬੰਧਤ ਵਿਚਾਰ ਪ੍ਰਣਾਲੀਆਂ ਨਾਲੋਂ ਗੁਰਮਤਿ ਦੀ ਵਿਲੱਖਣਤਾ ਦੱਸਣਾ ਚਾਹੁੰਦਾ ਹੈ ਜਾਂ ਰਿਗਵੇਦ ਤੋਂ ਦਸਮ ਗ੍ਰੰਥ ਤੱਕ ਵਿਚਾਰਧਾਰਾ ਦੀ ਨਿਰੰਤਰਤਾ ਦਰਸਾਉਣੀ ਚਾਹੁੰਦਾ ਹੈ? ਇਨ੍ਹਾਂ ਪ੍ਰਸ਼ਨਾਂ ਨੇ ਹੀ ਇਨ੍ਹਾਂ ਲੇਖਾਂ ਦੀ ਸਮੀਖਿਆ ਕਰਨ ਦੀ ਉਤਸੁਕਤਾ ਜਗਾਈ ਹੈ। ਲੇਖਾਂ ਦਾ ਆਧਾਰ ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਭਾਰਤੀ ਛੇ ਦਰਸ਼ਨਾਂ ਉਤੇ ਕੀਤੀਆਂ ਗਈਆਂ ਟਿਪਣੀਆਂ ਨੂੰ ਹੀ ਬਣਾਇਆ ਗਿਆ ਹੈ ਪਰ ਤਰਤੀਬ ਉਹ ਨਹੀਂ ਲਈ ਗਈ ਜੋ ਭਾਈ ਗੁਰਦਾਸ ਨੇ ਲਈ ਹੈ।

ਭਾਈ ਗੁਰਦਾਸ ਨੇ ਪਹਿਲੀ ਵਾਰ ਦੀ ਪਹਿਲੀ ਪਉੜੀ ਵਿਚ ਵਾਰਾਂ ਅਰੰਭ ਕਰਨ ਤੋਂ ਪਹਿਲਾਂ ਮੰਗਲਾਚਰਣ ਕੀਤਾ ਹੈ। ਮੰਗਲਾਚਰਣ ਦਾ ਅਰਥ ਹੈ ਕਿਸੇ ਗ੍ਰੰਥ ਦੀ ਰਚਨਾ ਤੋਂ ਪਹਿਲਾਂ ਗ੍ਰੰਥ ਦੇ ਅਰੰਭ ਵਿਚ ਇਸ਼ਟ ਦੇਵ ਦੀ ਅਰਾਧਨਾ ਕਰਨਾ। ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿਚ ਮੰਗਲਾਚਰਣ ਦੇ ਤਿੰਨ ਭੇਦ ਦਸਦਿਆਂ ਭਾਈ ਗੁਰਦਾਸ ਦੇ ਮੰਗਲਾਚਰਣ ਦੀ ਹੀ ਉਦਾਹਰਣ ਦਿੱਤੀ ਹੈ। ਪੁਰਾਣੀ ਰਵਾਇਤ ਅਨੁਸਾਰ ਕਿਸੇ ਵੀ ਗ੍ਰੰਥ ਦੀ ਰਚਨਾ ਤੋਂ ਪਹਿਲਾਂ ਅਰੰਭੇ ਹੋਏ ਗ੍ਰੰਥ ਦੀ ਸਫਲਤਾਪੂਰਬਕ ਸਮਾਪਤੀ ਲਈ ਅਰਾਧਨਾ ਕੀਤੀ ਜਾਂਦੀ ਸੀ। ਇਸ ਲਈ ਮੰਗਲਾਚਰਣ ਦੀ ਰੀਤ ਕਾਵਿ ਗ੍ਰੰਥਾਂ ਵਿਚ ਆਮ ਪਾਈ ਜਾਂਦੀ ਹੈ। ਮਹਾਨ ਕੋਸ਼ ਅਨੁਸਾਰ ਭਾਈ ਗੁਰਦਾਸ ਦੇ ਮੰਗਲਾਚਰਣ ਵਿਚੋਂ ਦੋ ਤਿੰਨ ਗੱਲਾਂ ਸਪੱਸ਼ਟ ਹੁੰਦੀਆਂ ਹਨ ਜਿਵੇਂ ਗੁਰਦੇਵ, ਸਤਿਨਾਮ ਦਾ ਮੰਤ੍ਰ, ਵਿਯੋਗ, ਜੀਵਨ ਮਰਣ, ਮੁਕਤਿ ਪਦਾਰਥ, ਸੰਸਾਰ ਸੰਸਾ ਅਤੇ ਭਾਉ ਭਗਤੀ। ਮਹਾਨ ਕੋਸ਼ ਵਿਚ ਗੁਰਦੇਵ ਦੇ ਅਰਥ ਦੇਵ-ਰੂਪ ਸਤਿਗੁਰੂ, ਇਸ਼ਟ ਦੇਵਤਾ, ਗੁਰੂ ਨਾਨਕ ਸੁਆਮੀ ਲਏ ਗਏ ਹਨ। ਗੁਰ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਮੰਨਿਆ ਹੈ, ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ। ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤਵ ਗਿਆਨ ਸਮਝਾਉਂਦਾ ਹੈ।

ਨਮਸਕਾਰ ਗੁਰਦੇਵ ਕੋ ਸਤਿ ਨਾਮੁ ਜਿਸੁ ਮੰਤ੍ਰ ਸੁਣਾਇਆ। ਭਵਜਲ ਵਿਚੋਂ ਕਢਿ ਕੈ ਮੁਕਤਿ ਪਦਾਰਥਿ ਮਾਹਿ ਸਮਾਇਆ। ਜਨਮ ਮਰਣ ਭਉ ਕਟਿਆ ਸੰਸਾ ਰੋਗੁ ਵਿਯੋਗੁ ਮਿਟਾਇਆ। ਜਮ ਦੰਡੁ ਸਿਰੋਂ ਨ ਉਤਰੈ ਸਾਕਤਿ ਦੁਰਜਨ ਜਨਮੁ ਗਵਾਇਆ। ਚਰਨ ਗਹੇ ਗੁਰਦੇਵ ਦੇ ਸਤਿ ਸਬਦੁ ਦੇ ਮੁਕਤਿ ਕਰਾਇਆ। ਭਾਉ ਭਗਤਿ ਗੁਰਪੁਰਬਿ ਕਰਿ ਨਾਮੁ ਦਾਨੁ ਇਸਨਾਨੁ ਦ੍ਰਿੜ੍ਹਾਇਆ। ਜੇਹਾ ਬੀਉ ਤੇਹਾ ਫਲੁ ਪਾਇਆ॥1॥

ਭਾਈ ਗੁਰਦਾਸ ਗੁਰਦੇਵ ਗੁਰੂ ਨਾਨਕ ਦੇਵ ਨੂੰ ਪ੍ਰਣਾਮ ਕਰਦੇ ਹਨ ਜਿਨ੍ਹਾਂ ਨੇ ਸੰਸਾਰ ਨੂੰ ਸਤਿਨਾਮ ਰੂਪੀ ਮੰਤਰ ਸੁਣਾਇਆ ਹੈ। ਇਸ ਮੰਤਰ ਦੇ ਫਲਸਰੂਪ ਜੀਵ ਨੂੰ ਸੰਸਾਰ ਰੂਪੀ ਸਮੁੰਦਰ ਵਿਚ ਵਹਿ ਜਾਣ ਤੋਂ ਬਚਾ ਕੇ ਮੁਕਤਿ-ਪਦਾਰਥ ਵਿਚ ਸਮਾ ਦਿੱਤਾ ਹੈ। ਇਸ ਨਾਲ ਜਨਮ ਅਤੇ ਮਰਨ ਦਾ ਡਰ ਦੂਰ ਹੋ ਗਿਆ ਹੈ ਅਤੇ ਪਰਮਾਤਮਾ ਤੋਂ ਵਿਛੋੜੇ ਦਾ ਰੋਗ ਵੀ ਕੱਟਿਆ ਗਿਆ ਹੈ ਕਿਉਂਕਿ ਸਤਿਨਾਮ ਦੇ ਮੰਤਰ ਰਾਹੀਂ ਜੀਵ ਅਤੇ ਬ੍ਰਹਮ ਵਿਚਲੀ ਦੂਰੀ ਮਿਟ ਗਈ ਹੈ। ਇਹ ਸੰਸਾਰ ਸੰਸੇ ਦਾ ਰੂਪ ਹੈ ਕਿਉਂਕਿ ਜਨਮ ਅਤੇ ਮਰਨ ਆਦਿ ਸਾਰੇ ਦੁੱਖ ਇਸੇ ਵਿਚ ਹਨ। ਮੌਤ ਦਾ ਭੈ ਹਮੇਸ਼ਾ ਮਨੁੱਖ ਦੇ ਸਿਰ 'ਤੇ ਲਟਕਦਾ ਰਹਿੰਦਾ ਹੈ। ਸਾਕਤਾਂ (ਮਾਇਆ ਵਿਚ ਗਰੱਸੇ ਹੋਏ, ਮਾਇਆ ਦੇ ਪੁਜਾਰੀ) ਅਤੇ ਦੁਰਜਨਾਂ ਨੇ ਆਪਣਾ ਜਨਮ ਵਿਅਰਥ ਹੀ ਗੁਆ ਲਿਆ ਹੈ। ਜਿਨ੍ਹਾਂ ਨੇ ਗੁਰਦੇਵ ਦੀ ਸ਼ਰਨ ਲਈ ਹੈ, ਭਾਵ ਜਿਹੜੇ ਗੁਰੂ ਦੇ ਦੱਸੇ ਰਸਤੇ ਤੇ ਚੱਲੇ ਹਨ, ਉਨ੍ਹਾਂ ਗੁਰਮੁਖਾਂ ਨੂੰ ਸੱਚੇ ਸ਼ਬਦ ਦਾ ਉਪਦੇਸ਼ ਦੇ ਕੇ ਗੁਰੂ ਨੇ ਮੁਕਤ ਕਰਾ ਦਿੱਤਾ ਹੈ। ਅਜਿਹੇ ਗੁਰਮੁਖ ਪ੍ਰੇਮਾ-ਭਗਤੀ, ਗੁਰਪੁਰਬ, ਨਾਮ, ਦਾਨ ਅਤੇ ਇਸ਼ਨਾਨ ਆਪ ਦ੍ਰਿੜ ਕਰਕੇ ਦੂਸਰਿਆਂ ਨੂੰ ਇਸ ਦਾ ਉਪਦੇਸ਼ ਦਿੰਦੇ ਹਨ। ਇਸ ਸੰਸਾਰ 'ਤੇ ਆ ਕੇ ਜਿਸ ਤਰ੍ਹਾਂ ਦੇ ਕੋਈ ਕਰਮ ਕਰਦਾ ਹੈ, ਉਸੇ ਤਰ੍ਹਾਂ ਦਾ ਹੀ ਉਸ ਨੂੰ ਜੀਵਨ ਮਿਲਦਾ ਹੈ, ਜਿਸ ਤਰ੍ਹਾਂ ਦਾ ਕੋਈ ਬੀਜਦਾ ਹੈ ਉਹੋ ਜਿਹਾ ਹੀ ਉਸ ਨੂੰ ਫਲ ਪ੍ਰਾਪਤ ਹੁੰਦਾ ਹੈ। ਇਸ ਪਉੜੀ ਦਾ ਭਾਵ ਅਰਥ ਇਹੀ ਨਿਕਲਦਾ ਹੈ ਕਿ ਜਿਹੜੇ ਉਪਰ ਦੱਸੇ ਸ਼ੁਭ ਕਰਮ ਭਾਵ ਨਾਮ, ਦਾਨ, ਇਸ਼ਨਾਨ, ਪਰਮਾਤਮਾ ਦੀ ਭਗਤੀ ਕਰਦੇ ਅਤੇ ਗੁਰੂਆਂ ਦੇ ਉਪਕਾਰ ਯਾਦ ਕਰਕੇ ਗੁਰਪੁਰਬ ਕਰਦੇ ਹਨ, ਉਹ ਫਲ ਵੀ ਸ਼ੁਭ ਹੀ ਲੈਣਗੇ; ਨਹੀਂ ਤਾਂ ਮਨਮੁਖਾਂ ਦੀ ਉਮਰ ਸੁੱਤਿਆਂ ਭਾਵ ਅਵੇਸਲੇਪਣ ਵਿਚ ਹੀ ਗੁਜ਼ਰ ਜਾਵੇਗੀ। ਗਿਆਨੀ ਹਜ਼ਾਰਾ ਸਿੰਘ ਪੰਡਿਤ ਭਾਈ ਗੁਰਦਾਸ ਦੀਆਂ ਵਾਰਾਂ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਮੰਗਲਾਚਰਣ ਦੇ ਚਾਰ ਅਨੁਬੰਧ ਪ੍ਰਤੱਖ ਹੁੰਦੇ ਹਨ: ਪਹਿਲਾ, ਸਤਿਨਾਮ ਮੰਤਰ ਦੁਆਰਾ ਇੱਕ ਅਦੁਤੀ ਆਤਮਾ ਦਾ ਗਿਆਨ ਇਸ ਗ੍ਰੰਥ ਦਾ ਵਿਸ਼ਾ ਹੈ। ਦੂਸਰਾ, ਭਾਉ ਭਗਤੀ ਦੁਆਰਾ ਗੁਰਸਿੱਖੀ ਦੀ ਪ੍ਰਾਪਤੀ ਰੂਪ ਗ੍ਰੰਥ ਦਾ ਪ੍ਰਯੋਜਨ ਹੈ। ਤੀਸਰਾ, ਗੁਰਸਿੱਖ ਦੀ ਇੱਛਾ ਵਾਲਾ, ਨਾਮ ਦਾਨ ਸੰਪੰਨ, ਸੋ ਸ਼ਰਧਾਲੂ ਹੈ ਅਤੇ ਗ੍ਰੰਥ ਦਾ ਅਧਿਕਾਰੀ ਹੈ। ਚੌਥਾ, ਵਿਖਯ ਅਰ ਬਾਣੀ ਦਾ ਜੋ ਪਰਸਪਰ ਪ੍ਰਤਿਪਾਦਿਯ ਅਰ ਪ੍ਰਤਿਪਾਦਕ ਭਾਵ ਹੈ, ਉਹ ਗ੍ਰੰਥ ਦਾ ਸੂਚਨ ਹੁੰਦਾ ਹੈ। ਇਸ ਤਰ੍ਹਾ ਉਕਤ ਮੰਗਲਾਚਰਣ ਅਰ ਚਾਰ ਅਨੁਬੰਧ ਸੂਚਨ ਕਰਕੇ ਗ੍ਰੰਥ ਦਾ ਅਰੰਭ ਕਰਦੇ ਹੋਏ, 'ਕਰਤਾਰ ਪੁਰਖ' ਦਾ ਅਰਥ ਦਸਣ ਲਈ ਜਗਤ ਦੀ ਉਤਪਤੀ ਦਾ ਵਰਨਣ ਕਰਦੇ ਹਨ:ਪ੍ਰਿਥਮੈ ਸਾਸਿ ਨ ਮਾਸ ਸਨਿ ਅੰਧ ਧੁੰਧ ਕਛੁ ਖਬਰ ਨ ਪਾਈ। ਰਕਤਿ ਬਿੰਦ ਕੀ ਦੇਹਿ ਰਚਿ ਪੰਚਿ ਤਤ ਕੀ ਜੜਿਤ ਜੜਾਈ। ਇਸ ਦੂਸਰੀ ਪਉੜੀ ਵਿਚ ਸ੍ਰਿਸ਼ਟੀ ਰਚਨਾ ਬਾਰੇ ਪ੍ਰਚਲਿਤ ਖਿਆਲ ਦਿੱਤੇ ਗਏ ਹਨ। ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਦਾ ਜ਼ਿਕਰ ਕਰਦਿਆਂ ਦਸਦੇ ਹਨ ਕਿ ਸ੍ਰਿਸ਼ਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਜਦੋਂ ਸਰੀਰ ਅਤੇ ਸਾਹ ਦੀ ਕੋਈ ਹੋਂਦ ਨਹੀਂ ਸੀ, ਉਦੋਂ ਸੁੰਨ ਦੀ ਅਵਸਥਾ ਸੀ। ਉਦੋਂ ਸਾਰੇ ਹਨੇਰ ਘੁੰਮ-ਘੇਰ ਸੀ ਅਤੇ ਕਿਸੇ ਕਿਸਮ ਦੀ ਸੋਝੀ ਭਾਵ ਚੇਤਨਾ ਨਹੀਂ ਸੀ ਪੈਂਦੀ। ਫਿਰ ਸ੍ਰਿਸ਼ਟੀ ਰਚਨਾ ਤੋਂ ਬਾਅਦ ਕਰਤਾ ਨੇ ਰਕਤ ਅਤੇ ਬਿੰਦ ਦਾ ਸਰੀਰ ਬਣਾ ਕੇ, ਪੰਜ ਤੱਤਾਂ ਨੂੰ ਮਿਲਾ ਕੇ ਮਨੁੱਖੀ ਸਰੀਰ ਦੀ ਰਚਨਾ ਕਰ ਦਿੱਤੀ। ਇਹ ਪੰਜ ਤੱਤ ਹਨ ਪਉਣ, ਪਾਣੀ, ਬੈਸੰਤਰ ਭਾਵ ਅਗਨੀ, ਧਰਤੀ ਅਤੇ ਅਕਾਸ਼। ਇਨ੍ਹਾਂ ਪੰਜਾਂ ਤੱਤਾਂ ਨੂੰ ਮਿਲਾ ਕੇ ਛੇਵਾਂ ਕਰਤਾ ਪੁਰਖ਼ ਆਪ ਗੁਪਤ ਰੂਪ ਵਿਚ ਪ੍ਰਵੇਸ਼ ਕਰ ਗਿਆ ਤਾਂ ਕਿ ਮਨੁੱਖੀ ਸਰੀਰ ਨੂੰ ਸੱਤਾ ਦੇ ਕੇ ਚਲਾਵੇ: ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ। ਪੰਚਮਿ ਵਿਚਿ ਆਕਾਸੁ ਕਰਿ ਕਰਤਾ ਛਟਮੁ ਅਦਿਸਟੁ ਸਮਾਈ। ਅੱਗੇ ਚੱਲ ਕੇ ਦੱਸਿਆ ਗਿਆ ਹੈ ਕਿ ਇਸ ਤਰ੍ਹਾਂ ਪੰਜ ਤੱਤਾਂ ਦੇ ਨਾਲ ਪੱਚੀ ਪ੍ਰਕਿਰਤਾਂ ਭਾਵ ਗੁਣ ਜੋ ਆਪਸ ਵਿਚ ਵਿਰੋਧੀ ਸੁਭਾ ਦੇ ਹਨ, ਮਿਲਾ ਕੇ ਸਰੀਰ ਬਣਾ ਦਿੱਤਾ। ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭਜ) ਅਤੇ ਬਾਣੀਆਂ (ਪਰਾ, ਪਸੰਤੀ, ਮੱਧਮਾ, ਬੈਖਰੀ) ਦੀ ਰਚਨਾ ਕਰਕੇ ਜਨਮ ਅਤੇ ਮਰਨ ਦਾ ਖੇਲ ਰਚਾ ਦਿੱਤਾ। ਇਸ ਤਰ੍ਹਾਂ ਕਰਤੇ ਨੇ ਚਉਰਾਸੀ ਲੱਖ ਜੂਨਾਂ ਪੈਦਾ ਕਰ ਦਿੱਤੀਆਂ। ਗੁਰੂ ਨਾਨਕ ਸਾਹਿਬ ਵੀ ਆਪਣੀ ਬਾਣੀ ਵਿਚ ਅਜਿਹੇ ਸਮੇਂ ਦਾ ਜ਼ਿਕਰ ਕਰਦੇ ਹਨ ਜਦੋਂ ਸ੍ਰਿਸ਼ਟੀ ਹੋਂਦ ਵਿਚ ਨਹੀਂ ਸੀ ਆਈ, ਨਾ ਧਰਤੀ, ਨਾ ਸੂਰਜ, ਨਾ ਦਿਨ, ਨਾ ਰਾਤ ਕਿਸੇ ਦੀ ਵੀ ਹੋਂਦ ਨਹੀਂ ਸੀ, ਸਿਰਫ ਘੋਰ ਅੰਧਕਾਰ ਸੀ। ਉਹ ਨਿਰੰਕਾਰ ਦੀ ਸੁੰਨ ਸਮਾਧੀ ਦੀ ਅਵਸੱਥਾ ਸੀ, "ਅਰਬਦ ਨਰਬਦ ਧੁੰਧੂਕਾਰਾ॥ ਧਰਨਿ ਨ ਗਗਨਾ ਹੁਕਮੁ ਅਪਾਰਾ॥" ਮਾਰੂ ਸੋਲਹੇ ਬਾਣੀ ਵਿਚ ਗੁਰੂ ਨਾਨਕ ਦੇਵ ਪੂਰੇ ਵਿਸਥਾਰ ਵਿਚ ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਦੀ ਅਵਸਥਾ ਦੱਸਦੇ ਹਨ ਕਿ ਉਦੋਂ ਕੋਈ ਖੰਡ, ਮੰਡ, ਪਾਤਾਲ, ਧਰਤੀ ਗਗਨ, ਦਿਨ ਰੈਣ, ਚੰਦ ਸੂਰਜ, ਸਵਰਗ ਜਾਂ ਮਾਤ ਲੋਕ, ਦੇਵੀ-ਦੇਵਤੇ, ਧਰਮ ਗ੍ਰੰਥ, ਤੰਤ੍ਰ ਮੰਤ੍ਰ, ਭਾਵ ਕੁੱਝ ਵੀ ਨਹੀਂ ਸੀ। ਫਿਰ ਅਕਾਲ ਪੁਰਖ ਆਪਣੇ ਭਾਣੇ ਵਿਚ ਹੀ ਅਫੁਰ ਅਵਸਥਾ ਤੋਂ ਫੁਰ ਅਵਸਥਾ ਵਿਚ ਆਇਆ ਭਾਵ ਗੁਪਤ ਰੂਪ ਤੋਂ ਪਰਗਟ ਰੂਪ ਵਿਚ ਆਇਆ ਅਤੇ ਉਸ ਨੇ ਸੰਸਾਰ ਦੀ ਰਚਨਾ ਕੀਤੀ,

ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥
ਬਾਝੁ ਕਲਾ ਆਡਾਣੁ ਰਹਾਇਆ॥
ਬ੍ਰਹਮਾ ਬਿਸਨੁ ਮਹੇਸੁ ਉਪਾਏ
ਮਾਇਆ ਮੋਹੁ ਵਧਾਇਦਾ॥ (14)
ਵਿਰਲੇ ਕਉ ਗੁਰਿ ਸਬਦੁ ਸੁਣਾਇਆ॥
ਕਰਿ ਕਰਿ ਦੇਖੈ ਹੁਕਮੁ ਸਬਾਇਆ॥
ਖੰਡ ਬ੍ਰਹਮੰਡ ਪਾਤਾਲ ਅਰੰਭੇ
ਗੁਪਤਹੁ ਪਰਗਟੀ ਆਇਦਾ॥

ਇਹ ਸਾਰੀ ਰਚਨਾ ਕਰਤਾ ਪੁਰਖ ਦਾ ਅਫੁਰ (ਸੁੰਨ) ਅਵਸਥਾ ਤੋਂ ਫੁਰ (ਪਰਗਟ) ਰੂਪ ਵਿਚ ਆਉਣਾ ਹੈ। ਇਹ ਸਾਰਾ ਦਿਸਦਾ ਅਤੇ ਅਣਦਿਸਦਾ ਸੰਸਾਰ ਉਸ ਨੇ ਆਪਣੇ ਆਪ ਤੋਂ ਰਚਿਆ ਹੈ। ਦੇਵੀ-ਦੇਵਤੇ, ਅਵਤਾਰ, ਚੰਦ, ਸੂਰਜ ਭਾਵ ਹਰ ਇੱਕ ਚੀਜ਼ ਉਸੇ ਦੀ ਪੈਦਾ ਕੀਤੀ ਹੋਈ ਹੈ। ਉਸ ਦੀ 'ਨਿਰਗੁਣ', 'ਅਫੁਰ' ਅਵਸਥਾ ਨੂੰ 'ਸੁੰਨ' ਕਿਹਾ ਹੈ ਜਿਸ ਤੋਂ ਸਾਰੇ ਬ੍ਰਹਮੰਡ ਦੀ ਉਤਪਤੀ ਹੋਈ ਹੈ ਅਤੇ ਅੰਤ ਨੂੰ ਸਾਰੀ ਰਚਨਾ ਨੇ ਉਸੇ ਸੁੰਨ ਵਿਚ ਸਮਾ ਜਾਣਾ ਹੈ। ਇਹ ਸਾਰੀ ਰਚਨਾ ਕਿਉਂ ਹੋਈ, ਇਹ ਉਹ ਆਪ ਹੀ ਜਾਣਦਾ ਹੈ ਕਿਉਂਕਿ ਇਹ ਉਸ ਦੇ ਭਾਣੇ ਵਿਚ ਹੋਈ ਹੈ। ਦੇਵੀ-ਦੇਵਤੇ, ਅਵਤਾਰ ਆਦਿ ਸਭ ਉਸੇ ਦੀ ਰਚਨਾ ਹਨ ਇਸ ਲਈ ਉਨ੍ਹਾਂ ਦੀ ਕੋਈ ਸੁਤੰਤਰ ਹੋਂਦ ਜਾਂ ਸ਼ਕਤੀ ਨਹੀਂ ਹੈ।

ਰਿਗ ਵੇਦ ਦੇ ਦਸਵੇਂ ਮੰਡਲ ਵਿਚ ਸ੍ਰਿਸ਼ਟੀ ਰਚਨਾ ਬਾਰੇ ਵਿਚਾਰ ਦਿੱਤੇ ਗਏ ਹਨ। ਰਿਗ ਵੇਦ ਦਾ ਨਾਸਦੀਆ-ਸੂਕਤ ਰਿਸ਼ੀਆਂ ਦੇ ਪਰਾਲੌਕਿਕ, ਅਧਿਆਤਮਕ ਵਿਚਾਰ ਦਾ ਰਹੱਸਮਈ ਬਿਆਨ ਮੰਨਿਆ ਜਾਂਦਾ ਹੈ ਜਿਸ ਵਿਚ ਸੰਕੇਤਕ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ ਜਿਨ੍ਹਾਂ ਨੂੰ ਪਿਛੋਂ ਭਾਰਤੀ ਦਰਸ਼ਨ ਪ੍ਰਣਾਲੀਆਂ ਵਿਚ ਪਰਿਭਾਸ਼ਾ ਮੰਨਿਆ ਗਿਆ ਹੈ। ਇਸ ਦਾ ਰਿਸ਼ੀ ਪਰਮੇਸ਼ਥੀ ਪਰਜਾਪਤੀ ਹੈ। ਪਰਜਾਪਤੀ ਅਨੁਭਵ-ਅਤੀਤ-ਤੱਤ ਦੇ ਰੂਪ ਵਿਚ ਸਵੈ-ਅੰਭੂ ਅਤੇ ਪਰਮੇਸ਼ਥੀ ਸਮਝਿਆ ਜਾਂਦਾ ਹੈ। ਪਹਿਲੇ ਦੋ ਮੰਤਰਾਂ ਵਿਚ ਇਸ ਨੂੰ ਸਵੈ-ਅੰਭੂ ਜਾਂ ਆਪੇ-ਆਪ ਨਿਰੂਪਣ ਕੀਤਾ ਗਿਆ ਹੈ ਜੋ ਦੋ-ਸਤਈ ਵਰਗਾਂ ਤੋਂ ਉਪਰ ਹੈ ਅਤੇ ਪਿਤਾਮਾ ਦੇ ਤੌਰ 'ਤੇ ਬ੍ਰਹਮੰਡ ਦਾ ਗੁਪਤ ਸ੍ਰੋਤ ਹੈ। ਉਸ ਦੇ ਜੋੜੇ ਦੇ ਤੌਰ 'ਤੇ ਪਰਜਾਪਤੀ ਪਰਮੇਸ਼ਥੀ ਹੈ, ਜੋ ਕਿ ਪਰਗਟ ਸੰਸਾਰ ਦੇ ਮੈਤ੍ਰੀ ਤੱਤ ਦੀ ਪ੍ਰਤੀਨਿਧਤਾ ਕਰਦਾ ਹੈ, ਬੁਨਿਆਦੀ ਦੂਈ ਦਾ ਆਧਾਰ ਹੈ ਜੋ ਕਿ ਸ੍ਰਿਸ਼ਟੀ ਦੇ ਜਨਮ ਲਈ ਜ਼ਰੂਰੀ ਹੈ। ਇਸੇ ਲਈ ਪਰਮੇਸ਼ਥੀ ਜਾਂ ਸਰਵਲੌਕਿਕ ਉਹ ਰਿਸ਼ੀ ਕਿਹਾ ਗਿਆ ਹੈ ਜੋ ਸ਼ਬਦ (ਹਾਈਮ) ਵਿਚ ਵਿਸ਼ਵ ਦੀ ਉਤਪਤੀ ਦੇ ਸਿਧਾਂਤ ਦੇ ਸੂਤ੍ਰੀਕਰਨ ਲਈ ਜ਼ਿੰਮੇਵਾਰ ਹੈ।

ਪਹਿਲੇ ਸੂਕਤ ਵਿਚ ਦੱਸਿਆ ਹੈ ਕਿ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਕੁੱਝ ਵੀ ਨਹੀਂ ਸੀ। ਨਾ ਉਸ ਵੇਲੇ ਸਤਿ, ਨਾ ਅਸਤਿ, ਨਾ ਲੋਕ, ਨਾ ਅਕਾਸ਼ ਸੀ। ਇਸ ਅਵਸਥਾ ਵਿਚ ਉਸ ਨੂੰ ਢਕਣ ਵਾਲੀ ਕੋਈ ਚੀਜ਼ ਕਿਵੇਂ ਹੋ ਸਕਦੀ ਸੀ? ਅਤੇ ਨਾ ਹੀ ਉਸ ਵੇਲੇ ਕੋਈ ਗਹਿਰਾ ਪਾਣੀ ਹੋ ਸਕਦਾ ਸੀ? ਉਸ ਵੇਲੇ ਅੰਧਕਾਰ ਹੀ ਅੰਧਕਾਰ ਸੀ। ਅਗਲੀ ਅਵਸਥਾ ਦਾ ਬਿਆਨ ਕਰਦਿਆਂ ਦੱਸਿਆ ਹੈ ਕਿ ਉਸ ਵੇਲੇ ਆਪਣੀ ਤਪ ਸ਼ਕਤੀ ਨਾਲ ਉਹ ਅਵਿਅਕਤ ਤੋਂ ਵਿਅਕਤ ਹੋ ਗਿਆ ਤਾਂ ਉਸ ਵੇਲੇ ਉਸ ਤੱਤ ਦੀਆਂ ਕਿਰਨਾਂ ਹੇਠਾਂ ਉਪਰ ਫੈਲ ਗਈਆਂ ਅਤੇ ਸਭ ਤਰਫ ਅਨੇਕ ਤਰ੍ਹਾਂ ਦੀਆਂ ਬੀਜ ਸ਼ਕਤੀਆਂ ਉਸ ਦੀ ਮਹਿਮਾ ਨਾਲ ਪਰਗਟ ਹੋ ਗਈਆਂ। ਪਰ ਰਿਗ ਵੇਦ ਵਿਚ ਇਸ ਦੇ ਨਾਲ ਹੀ ਸ੍ਰਿਸ਼ਟੀ ਰਚਨਾ ਬਾਰੇ ਹੋਰ ਅਨੁਮਾਨ ਵੀ ਮਿਲਦੇ ਹਨ ਜਿਵੇਂ ਇੱਕ ਵਿਰਾਟ ਪੁਰਸ਼ ਤੋਂ ਸ੍ਰਿਸ਼ਟੀ ਦੀ ਉਤਪਤੀ ਅਤੇ ਵੱਖ ਵੱਖ ਵਰਣਾਂ ਦੀ ਉਤਪਤੀ ਹੋਈ ਦੱਸੀ ਹੈ। ਇੱਕ ਥਾਂ ਪ੍ਰਜਾਪਤੀ ਨੂੰ ਆਪਣੇ ਤਪ ਰਾਹੀਂ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ ਕਿਹਾ ਹੈ। ਰਿਗ ਵੇਦ ਵਿਚ ਕਿਸੇ ਇੱਕ ਦੇਵ ਨੂੰ ਸਰਬਸ਼ਕਤੀਆਂ ਦਾ ਮਾਲਕ ਮੰਨਣ ਦੀ ਥਾਂ ਤੇ ਹਰ ਇੱਕ ਦੇਵਤੇ ਨੂੰ ਆਪਣੇ ਆਪਣੇ ਖੇਤਰ ਵਿਚ ਸੁਤੰਤਰ ਸ਼ਕਤੀਆਂ ਦਾ ਮਾਲਕ ਮੰਨਿਆ ਹੈ। ਅਗਲੀ ਪਉੜੀ ਵਿਚ ਮਨੁੱਖ ਜਨਮ ਦੀ ਉਤਮੱਤਾ ਦਾ ਜ਼ਿਕਰ ਹੈ। ਭਾਈ ਸਾਹਿਬ ਨੇ ਵਿਚਾਰ ਪਰਗਟ ਕੀਤਾ ਹੈ ਕਿ ਚੁਰਾਸੀ ਲੱਖ ਜੂਨਾਂ ਵਿਚ ਸਭ ਤੋਂ ਉਤਮ ਜੂਨ ਮਾਨਵ ਦੀ ਹੈ। ਕਾਰਨ ਇਹ ਕਿ ਅਕਾਲ ਪੁਰਖ ਨੇ ਮਾਨਵ ਨੂੰ ਗਿਆਨ ਇੰਦਰੀਆਂ ਦਿੱਤੀਆਂ ਹਨ, ਜਿਵੇਂ ਵੇਖਣ ਲਈ ਅੱਖਾਂ, ਸੁਣਨ ਵਾਸਤੇ ਕੰਨ ਅਤੇ ਸ਼ੁਭ ਅਤੇ ਪ੍ਰੇਮ ਦੇ ਬਚਨ ਬੋਲਣ ਲਈ ਮੁੱਖ। ਸ਼ੁਭ ਕੰਮ ਕਰਨ ਲਈ ਹੱਥ ਅਤੇ ਸਤਿਸੰਗਤ ਵਿਚ ਚੱਲ ਕੇ ਜਾਣ ਲਈ ਪੈਰ ਦਿੱਤੇ ਹਨ। ਗੁਰਬਾਣੀ ਵਿਚ ਵੀ ਪੰਜਵੇਂ ਗੁਰੂ ਨੇ ਫੁਰਮਾਇਆ ਹੈ,

ਭਈ ਪਰਾਪਤਿ ਮਾਨੁਖ ਦੇਹੁਰੀਆ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥

ਭਾਈ ਗੁਰਦਾਸ ਅਨੁਸਾਰ ਮਨੁੱਖ ਇਸ ਸੰਸਾਰ 'ਤੇ ਧਰਮ ਦੀ ਕਮਾਈ ਕਰਨ, ਭਾਵ ਸੁੱਚੀ ਕਿਰਤ ਕਰਨ ਲਈ ਆਉਂਦਾ ਹੈ ਤਾਂ ਕਿ ਉਹ ਆਪਣਾ ਵੀ ਜੀਵਨ ਨਿਰਬਾਹ ਕਰੇ ਅਤੇ ਆਪਣੀ ਕਮਾਈ ਵਿਚੋਂ ਲੋੜਵੰਦਾਂ ਨੂੰ ਵੀ ਦੇਵੇ ਜਿਵੇਂ ਗੁਰੂ ਨਾਨਕ ਦੇਵ ਨੇ ਫੁਰਮਾਇਆ ਹੈ, "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" ਗੁਰਮੁਖ ਦਾ ਜੀਵਨ ਸਫਲ ਹੋ ਜਾਂਦਾ ਹੈ ਕਿਉਂਕਿ ਉਹ ਗੁਰਬਾਣੀ ਨੂੰ ਪੜ੍ਹਦਾ, ਸੁਣਦਾ ਅਤੇ ਸਮਝਦਾ ਹੈ ਅਤੇ ਗੁਰੂ ਦੇ ਦੱਸੇ ਰਸਤੇ 'ਤੇ ਚਲਦਾ ਹੈ। ਗੁਰਮਤਿ ਅਨੁਸਾਰ ਮਨੁੱਖ ਦੀਆਂ ਦੋ ਹੀ ਕੋਟੀਆਂ ਪਰਵਾਨ ਹਨ। ਇੱਕ ਗੁਰਮੁਖ ਜੋ ਗੁਰੂ ਦੀ ਸਿੱਖਿਆ ਅਨੁਸਾਰ ਚਲਦੇ ਹਨ, ਦੂਸਰੇ ਮਨਮੁਖ ਜੋ ਆਪਣੇ ਮਨ ਦੀ ਮੱਤ ਅਨੁਸਾਰ ਚਲਦੇ ਹਨ। ਮਨ ਬਹੁਤੀ ਵਾਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਵੱਸ ਵਿਚ ਹੁੰਦਾ ਹੈ ਜਿਨ੍ਹਾਂ ਨੂੰ ਗੁਰਮਤਿ ਚਿੰਤਨ ਵਿਚ 'ਪੰਚ ਚੋਰ' ਵੀ ਕਿਹਾ ਗਿਆ ਹੈ। ਸਿੱਖ ਧਰਮ ਸੰਗਤੀ ਧਰਮ ਹੈ ਜਿਸ ਵਿਚ ਵਿਅਕਤੀਗਤ ਮੁਕਤੀ ਨੂੰ ਕੋਈ ਮਹੱਤਵ ਨਹੀਂ ਦਿੱਤਾ ਗਿਆ। ਗੁਰਮੁਖ ਨੇ ਆਪ ਗੁਰੂ ਦਾ ਅਨੁਸਾਰੀ ਹੋ ਕੇ ਜਿਉਣਾ ਹੈ ਅਤੇ ਗੁਰਭਾਈਆਂ ਨੂੰ ਵੀ ਖੁਸ਼ੀ ਦੇਣੀ ਹੈ। ਨਿਮਰਤਾ ਦਾ ਪੱਲਾ ਕਦੇ ਵੀ ਨਹੀਂ ਛੱਡਣਾ ਅਤੇ ਕਲਿਯੁਗ ਵਿਚ ਅਕਾਲ ਪੁਰਖ ਅੱਗੇ ਹੀ ਅਰਦਾਸ ਕਰਨੀ ਹੈ, ਉਸ ਦਾ ਹੀ ਓਟ ਆਸਰਾ ਤੱਕਣਾ ਹੈ। ਇਸ ਪਉੜੀ ਦੇ ਅਖੀਰ ਵਿਚ ਭਾਈ ਸਾਹਿਬ ਨਤੀਜਾ ਇਹ ਕੱਢਦੇ ਹਨ, "ਆਪਿ ਤਰੇ ਗੁਰ ਸਿਖ ਤਰੇਹੀ।"

***(ਚਲਦਾ...)***

## ਸਿਆਣਿਆਂ ਦਾ ਕਿਹਾ

(1) ਜਦੋਂ ਸ਼ਾਮ ਸਿੰਘ ਅਟਾਰੀ ਜਿਹੇ ਯੋਧੇ ਪੈਦਾ ਹੋਏ ਤਾਂ ਡੋਗਰੇ ਵੀ ਸਾਡੇ ਹੀ ਵਿਚ ਸਨ।

(2) ਧਰਮ ਵਿਚ ਸਦਾ ਕੁਰਬਾਨੀ ਕੀਤੀ ਜਾਂਦੀ ਹੈ ਜਦ ਕਿ ਸਿਆਸਤ ਵਿਚ ਇੱਕ ਦੂਸਰੇ ਦੀ ਬਲੀ ਦਿੱਤੀ ਜਾਂਦੀ ਹੈ।

(3) ਜਿਸ ਫਤਿਹਗੜ੍ਹ ਦੀ ਧਰਤੀ ਤੋਂ ਅਸੀਂ ਸਿੱਖੀ ਨੂੰ ਬੁਲੰਦ ਹੁੰਦੇ ਵੇਖਿਆ, ਗੰਗੂ ਬਿਰਤੀ ਦਾ ਖੰਜਰ ਵੀ ਉਸੇ ਧਰਤੀ ਉਪਰ ਅਸੀਂ ਆਪਣੇ ਤਨ 'ਤੇ ਹੰਡਾਇਆ।

(4) ਭਾਵੁਕਤਾ ਨਾਲ ਭਰਿਆ ਇਨਸਾਨ ਨੇਤਾ ਨਹੀਂ ਬਣ ਸਕਦਾ।

(5) ਪਰਖੀ ਜਾਂਦੀ ਯਾਰਾਂ ਦੀ ਯਾਰੀ ਜਦੋਂ ਵਾਰ ਹੋਣ ਤਲਵਾਰਾਂ ਦੇ।

(6) ਪੁੱਤਰਾਂ ਦੇ ਕਤਲ ਬਾਪ ਨੂੰ ਸੌਣ ਨਹੀਂ ਦਿੰਦੇ, ਭਰਾਵਾਂ ਨੂੰ ਜੀਣ ਨਹੀਂ ਦਿੰਦੇ, ਮਾਂਵਾਂ ਨੂੰ ਜੀਉਣ ਜੋਗਾ ਨਹੀਂ ਛਡਦੇ। ਇੱਕ ਪੁੱਤਰ ਦੇ ਤੁਰ ਜਾਣ ਪਿਛੋਂ ਉਸ ਦਾ ਭਰਾ ਉਠਦਾ ਹੈ। ਬਾਪ ਦੇ ਮਾਰੇ ਜਾਣ ਪਿਛੋਂ ਉਸ ਦੇ ਪੁੱਤਰ ਉਠਦੇ ਹਨ। ਟੱਬਰ ਦੇ ਮਾਰੇ ਜਾਣ 'ਤੇ ਰਿਸ਼ਤੇਦਾਰ ਉਠਦੇ ਹਨ, ਇਹ ਸਿਲਸਲਾ ਕਿਤੇ ਨਹੀਂ ਰੁਕਦਾ, ਕਿਤੇ ਨਹੀਂ ਮੁਕਦਾ।

(7) ਜਦੋਂ ਰਾਜ ਹੀ ਜੋਰ, ਜ਼ਬਰ, ਜ਼ੁਲਮ ਦਾ ਹੋਵੇ, ਘੱਟਗਿਣਤੀਆਂ ਨੂੰ ਦਬਾਉਣ ਦਾ ਹੋਵੇ, ਉਦੋਂ ਪੰਚਾਇਤ ਹੋਵੇ ਜਾਂ ਪਾਰਲੀਮੈਂਟ, ਉਸ ਦੇ ਵਜੂਦ ਦਾ ਕੋਈ ਅਰਥ ਨਹੀਂ ਹੁੰਦਾ।

(8) ਜਦੋਂ ਜਮਹੂਰੀਅਤ ਹੀ ਕਤਲ ਹੋ ਜਾਵੇ ਤਾਂ ਜ਼ੁਲਮ ਦੇ ਮੇਲੇ 'ਚ ਪੰਚਾਇਤਾਂ ਦੇ ਚੱਕੀਰਾਹੇ ਨੂੰ ਕੌਣ ਪੁੱਛਦਾ ਹੈ।

(9) ਖਾਲਸੇ ਅੰਦਰ ਗੁਰੂ ਜੀ ਦੀ ਜੁਰਅਤ ਹੈ ਜਿਹੜਾ ਮੌਤ ਦੇ ਮਾਤਮ 'ਚ ਜ਼ਿੰਦਗੀ ਦਾ ਜਸ਼ਨ ਮਨਾਉਣਾ ਜਾਣਦਾ ਹੈ।

(10) ਪੰਜਾਬ ਨੇ ਕਦੇ ਵੀ ਖੜੋਣਾ ਪ੍ਰਵਾਨ ਨਹੀਂ ਕੀਤਾ, ਪੰਜਾਬ ਨੇ ਹਮੇਸ਼ਾ ਤੁਰਨ 'ਚ ਵਿਸ਼ਵਾਸ ਰੱਖਿਆ ਹੈ, ਖੜੋਣਾ ਤਾਂ ਮੌਤ ਹੁੰਦਾ ਹੈ, ਮੌਤ ਪੰਜਾਬ ਨੂੰ ਪਰਵਾਨ ਨਹੀਂ।

(11) ਯੁੱਧ ਕੇਵਲ ਜਜ਼ਬਾਤ ਦੇ ਸਹਾਰੇ ਨਹੀਂ ਲੜੇ ਜਾ ਸਕਦੇ।

(12) ਸਿੱਖਾਂ ਦੀ ਨੁਮਾਇੰਦਗੀ ਕਰਨ ਦੀਆਂ ਦਾਅਵੇਦਾਰ ਰਾਜਸੀ ਪਾਰਟੀਆਂ, ਸ਼ਹੀਦ ਸਿੰਘਾਂ ਦੇ ਸਿਵਿਆਂ 'ਤੇ ਹੱਥ ਸੇਕਦੀਆਂ ਨੇ।

(13) ਰਣਨੀਤੀ, ਹਥਿਆਰਾਂ ਤੋਂ ਵੱਡੀ ਹੁੰਦੀ ਹੈ, ਜੋ ਬਾਦਲ ਅਕਾਲੀ ਦਲ ਅਤੇ ਡਾ. ਸੋਹਣ ਸਿੰਘ ਪੰਥਕ ਕਮੇਟੀ ਨੇ ਬਣਨ ਨਹੀਂ ਦਿੱਤੀ।

(14) ਖਾਲਿਸਤਾਨੀ ਸੋਚ ਦੇ ਮੋਹਰੀਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਰਣਨੀਤੀ ਅਤੇ ਜਥੇਬੰਦਕ ਤਬਦੀਲੀਆਂ ਤੋਂ ਬਿਨਾ ਹੋਂਦ ਨਹੀਂ ਬਚ ਸਕੇਗੀ।

(15) ਹਿੰਦੂ ਮਾਫੀਆ ਅਤੇ ਭਾਰਤੀ ਨਾਗਰਿਕ ਉਪਰੰਤ ਪੰਜਾਬ ਸਰਕਾਰ ਇਹ ਗਲਤਫਹਿਮੀ ਮਨ 'ਚੋਂ ਕੱਢ ਦੇਵੇ ਕਿ ਨਾਮਵਰ ਖਾੜਕੂਆਂ ਦੇ ਸ਼ਹੀਦ ਹੋ ਜਾਣ ਨਾਲ ਖਾਲਿਸਤਾਨ ਦੀ ਲਹਿਰ ਦਫਨ ਹੋ ਜਾਵੇਗੀ।

***ਪੇਸ਼ਕਾਰ-ਪਰਮਜੀਤ ਸਿੰਘ ਦਾਖਾ***

## ਗੁਰਬਾਣੀ ਗਿਆਨ

# ਆਪਨਾ ਪ੍ਰਭ ਆਇਆ ਚੀਤਿ

ੴ ਸਤਿਗੁਰ ਪ੍ਰਸਾਦਿ॥
ਬਿਲਾਵਲ ਮਹਲਾ 5
ਆਪਨਾ ਪ੍ਰਭ ਆਇਆ ਚੀਤਿ
ਦੁਸਮਨ ਦੁਸਟ ਰਹੇ ਲਖ ਮਾਰਤ ਕੁਸਲ ਭਇਆ ਮੇਰੇ ਭਾਈ ਮੀਤ॥ ਰਹਾਉ॥
ਗਈ ਬਿਆਧਿ ਉਪਾਧਿ ਸਭ ਨਾਮੀ ਅੰਗੀਕਾਰ ਕੀਉ ਕਰਤਾਰਿ॥
ਸਾਤਿ ਸੂਖ ਅਰ ਅਨਦ ਘਨੇਰੇ ਪ੍ਰੀਤਮ ਨਾਮੁ ਰਿਦੈ ਉਰਿਹਾਰਿ॥
ਜੀਉ ਪਿੰਡੁ ਧਨ ਰਾਸਿ ਪ੍ਰਭ ਤੇਰੀ ਤੂੰ ਸਮਰਥੁ ਸੁਆਮੀ ਮੇਰਾ॥
ਦਾਸ ਅਪੁਨੇ ਕਉ ਰਾਖਨ ਹਾਰਾ ਨਾਨਕ ਦਾਸ ਸਦਾ ਹੈ ਚੇਰਾ॥

ਇਸ ਸ਼ਬਦ ਰਾਹੀਂ ਗੁਰਦੇਵ ਪਿਤਾ ਦਰਸਾ ਰਹੇ ਹਨ ਕਿ ਜਦੋਂ ਇਹ ਜੀਵ, ਪ੍ਰਭੂ ਕ੍ਰਿਪਾ ਸਦਕਾ ਸੇਵਾ ਸਿਮਰਨ ਵਿਚ ਲੱਗ ਜਾਂਦਾ ਹੈ ਤਾਂ ਉਹ ਮਾਲਿਕ ਹਰ ਥਾਂ 'ਤੇ ਆਪ ਉਸ ਦੀ ਰਖਸ਼ਾ ਕਰਦੇ ਹਨ। ਹੇ ਮੇਰੇ ਮਿੱਤਰ ਪਿਆਰਿਓ! ਜਦੋਂ ਇਸ ਜੀਵ ਦੇ ਅੰਦਰ ਉਹ ਪਿਆਰਾ ਪ੍ਰੀਤਮ ਆ ਕੇ ਵੱਸ ਜਾਂਦਾ ਹੈ ਤਾਂ ਉਸ ਜੀਵ ਦੇ ਅੰਦਰ ਸਦਾ ਹੀ ਸਹਿਜ ਅਵਸਥਾ ਬਣੀ ਰਹਿੰਦੀ ਹੈ। ਭਾਵੇਂ ਦੁਨਿਆਵੀ ਦੁਸ਼ਮਣ ਅਤੇ ਭੈੜੇ ਲੋਕ ਉਸ ਦੇ ਵੈਰੀ ਬਣ ਕੇ ਦੁੱਖ ਦੇਣਾ ਹੀ ਚਾਹੁਣ ਪਰ ਉਸ ਦਾ ਕੁਝ ਵੀ ਨਹੀਂ ਵਿਗਾੜ ਸਕਦੇ ਅਤੇ ਝੱਖ ਮਾਰ ਕੇ ਆਪ ਹੀ ਥੱਕ ਜਾਂਦੇ ਹਨ, ਇਸੇ ਲਈ ਪ੍ਰਭੂ ਸਿਮਰਨ ਸਭ ਤੋਂ ਉਤਮ ਹੈ। ਗੁਰੂ ਜੀ ਫੁਰਮਾਉਂਦੇ ਹਨ, ਹੇ ਭਾਈ! ਜਦੋਂ ਇਹ ਜੀਵ ਪ੍ਰਭੂ ਭਗਤੀ ਨਾਲ ਜੁੜ ਜਾਂਦਾ ਹੈ ਤਾਂ ਉਹ ਸੋਹਣਾ ਮਾਲਿਕ ਪ੍ਰਭ ਆਪ ਉਸ ਜੀਵ 'ਤੇ ਮਿਹਰਾਂ ਕਰ ਕੇ ਉਸ ਦੇ ਸਰੀਰਕ ਰੋਗ ਅਤੇ ਦੁਨਿਆਵੀ ਦੁੱਖ ਵੀ ਦੂਰ ਕਰ ਦਿੰਦਾ ਹੈ ਅਤੇ ਉਹ ਪ੍ਰਭੂ ਜੋ ਜੀਵ ਦੇ ਅੰਦਰ ਆ ਬੈਠਾ ਹੈ, ਉਸ ਦੀ ਬਖ਼ਸ਼ਿਸ਼ ਨਾਲ ਜੀਵ ਦੇ ਅੰਦਰ ਸਹਿਜ ਅਵਸਥਾ, ਆਨੰਦ ਅਤੇ ਉਮਾਹ ਨਾਲ ਭਰਿਆ ਹੋਇਆ ਜੀਵਨ ਵੀ ਬਣ ਜਾਂਦਾ ਹੈ।

ਹੇ ਮੇਰੇ ਪ੍ਰਭੂ ਪ੍ਰੀਤਮ ਜੀਉ! ਇਹ ਮੇਰਾ ਜੀਵਨ! ਇਹ ਮੇਰਾ ਸਰੀਰ ਅਤੇ ਇਹ ਧਨ-ਦੌਲਤ ਵੀ ਸਭ ਤੂੰ ਹੀ ਮੈਨੂੰ ਦਿੱਤਾ ਹੈ ਅਤੇ ਸਭ ਸ਼ਕਤੀਆਂ ਦਾ ਮਾਲਕ ਵੀ ਤੂੰ ਆਪੇ ਹੀ ਹੈ। ਹੇ ਪ੍ਰਭੂ ਜੀਉ, ਤੇਰੇ ਘਰ ਦਾ ਗ਼ੁਲਾਮ ਤੇਰਾ ਇਹ ਦਾਸ ਨਾਨਕ ਜੋ ਹੈ, ਇਸ ਦੀ ਆਪ ਜੀ ਸਦਾ ਹੀ ਪੈਜ ਰੱਖਦੇ ਹੋ ਅਤੇ ਗਲ ਨਾਲ ਲਾਉਂਦੇ ਹੋ। ਹੇ ਮੇਰੇ ਪਿਤਾ, ਪ੍ਰਭੂ ਮੈਂ ਤੇਰੀ ਸ਼ਰਣ ਵਿਚ ਹਾਂ।

***ਬੀਬੀ ਸੁਰਜੀਤ ਕੌਰ, ਸੈਕਰਾਮੈਂਟੋ***

# ‘ਭਗਤ’ ਜਾਂ ‘ਗੁਰੂ’ ਮੁੱਦੇ ਦੀ ਥਾਂ ਸਿਖਿਆ ‘ਤੇ ਅਮਲ ਦੀ ਲੋੜ



## ਕੀ ਮੈਂ ਝੂਠ ਬੋਲਿਐ...

ਸਵਰਨ ਸਿੰਘ ਟਹਿਣਾ*

*ਫੋਨ:91-98141-78883

ਮਹਾਰਾਜ ਰਵੀਦਾਸ ਦਾ ਪ੍ਰਕਾਸ਼ ਦਿਹਾੜਾ ਏਸ ਵਾਰ ਵੀ ਧੂਮ-ਧਾਮ ਨਾਲ ਮਨਾਇਆ ਗਿਐ। ਮਨਾਉਣਾ ਵੀ ਚਾਹੀਦਾ ਸੀ, ਏਸ ਤੋਂ ਵੀ ਦੁੱਗਣੇ ਉਤਸ਼ਾਹ ਨਾਲ ਕਿਉਂਕਿ ਉਨ੍ਹਾਂ ਦੀਆਂ ਸਿਖਿਆਵਾਂ ਬੰਦੇ ਨੂੰ ਬੰਦਿਆਂ ਵਾਂਗ ਚੱਲਣ ਦੀ ਨੇਕ ਰਾਇ ਦਿੰਦੀਆਂ ਨੇ। ਜ਼ਾਹਰ ਹੈ ਜਦੋਂ ਖੁਸ਼ੀ ਦਾ ਵੇਲ਼ਾ ਹੋਵੇ ਤਾਂ ਸਧਾਰਨ ਲੋਕਾਈ ਅਸੂਲਾਂ, ਨਿਯਮਾਂ ਦੀ ਪ੍ਰਵਾਹ ਕਰੇ ਬਗ਼ੈਰ ਲੋਰ ‘ਚ ਥੋੜ੍ਹਾ-ਬਹੁਤ ਉਹ ਕੁਝ ਵੀ ਕਰ ਜਾਂਦੀ ਏ, ਜੀਹਦਾ ਸਬੰਧਤ ਗੁਰੂ, ਭਗਤ, ਫ਼ਕੀਰ ਦੀਆਂ ਸਿਖਿਆਵਾਂ ਨਾਲ ਕੋਈ ਤਾਅਲੁਕ ਨਹੀਂ ਹੁੰਦਾ।

ਧਰਮ ਏਨਾ ਨਾਜ਼ੁਕ ਮੁੱਦਾ ਬਣ ਚੁੱਕੈ, ਜੀਹਦੇ ਬਾਰੇ ਗੱਲ ਕਰਨ ਲੱਗਿਆਂ ਲੱਖ ਵਾਰ ਸੋਚਣਾ ਪੈਂਦੈ ਕਿ ਫ਼ਲਾਣਿਆਂ ਦਾ ਪ੍ਰਤੀਕਰਮ ਏਦਾਂ ਜਾਂ ਓਦਾਂ ਦਾ ਨਾ ਹੋਵੇ। ਗੁਰੂ ਸਾਹਿਬਾਨ ਨੇ ਸਹਿਣਸ਼ੀਲਤਾ ਦਾ ਪਾਠ ਪੜ੍ਹਨ ਲਈ ਆਖਿਆ ਸੀ ਪਰ ਇਸ ਸਭ ਤੋਂ ਅਸੀਂ ਕੋਰੇ ਹੀ ਰਹੇ ਹਾਂ। ਹਾਲਾਤ ਇਹ ਨੇ ਕਿ ਜੇ ਕੋਈ ਸ਼ਰਾਰਤੀ ਅਨਸਰ ਮਹਾਰਾਜ ਰਵੀਦਾਸ ਦੀ ਤਸਵੀਰ ‘ਤੇ ਕਾਲਖ਼ ਮਲ ਦੇਵੇ ਤਾਂ ਵੀ ਦੰਗੇ ਹੋਣੇ ਨੇ ਤੇ ਜੇ ਗੁਰੂ ਨਾਨਕ ਦੇਵ ਦੀ ਤਸਵੀਰ ਨਾਲ ਛੇੜਛਾੜ ਕਰ ਦੇਵੇ ਤਾਂ ਵੀ। ਇਨ੍ਹਾਂ ਦੰਗਿਆਂ ਨੇ ਸਿਵਾਏ ਸਰਕਾਰੀ, ਗ਼ੈਰ-ਸਰਕਾਰੀ ਜਾਇਦਾਦ ਤਬਾਹ ਕਰਨ ਅਤੇ ਜਨੂੰਨੀਆਂ ਦੇ ਗੋਡੇ-ਗਿੱਟੇ ਛਾਂਗਣ ਦੇ ਅੱਜ ਤੱਕ ਹੋਰ ਕੁੱਝ ਨਹੀਂ ਕੀਤਾ ਪਰ ਮੁੱਦਾ ਤਾਂ ਮੁੱਦਾ ਹੈ, ਜਿਹੜਾ ਲੜਾਈ ਲਈ ਹਮੇਸ਼ਾ ਉਕਸਾਉਂਦਾ ਹੀ ਰਹਿੰਦੈ।

ਵੀਆਨਾ ਕਾਂਡ ਤੋਂ ਬਾਅਦ ਮਹਾਰਾਜ ਰਵੀਦਾਸ ਦੇ ਭਗਤਾਂ ਤੇ ਸਿੱਖਾਂ ਦਰਮਿਆਨ ਵਧਿਆ ਪਾੜਾ ਵੀ ਕਿਸੇ ਤੋਂ ਲੁਕਿਆ-ਛੁਪਿਆ ਨਹੀਂ। ਪਹਿਲੀ ਗੱਲ ਤਾਂ ਇਹ ਹੈ ਕਿ ਸਾਨੂੰ ਏਕੇ ਦਾ ਪਾਠ ਪੜ੍ਹਨਾ ਚਾਹੀਦਾ ਸੀ ਤੇ ਤੇਰ-ਮੇਰ ਨੂੰ ਢੇਰ ਕਰਨ ਲਈ ਸਿਰ ਜੋੜ ਬਹਿਣਾ ਚਾਹੀਦਾ ਸੀ ਪਰ ਏਦਾਂ ਹੋ ਨਹੀਂ ਸਕਿਆ। ਸ਼ਾਇਦ ਹੋਵੇ ਵੀ ਨਾ ਕਿਉਂਕਿ ਜੇ ਸਾਰਿਆਂ ਦੇ ਸਿਰ ਜੁੜ ਗਏ ਤਾਂ ਲੀਡਰਾਂ ਦੀਆਂ ਲੂੰਬੜ ਚਾਲਾਂ ਵੀ ਜੱਗ ਜ਼ਾਹਰ ਹੋ ਜਾਣਗੀਆਂ ਤੇ ਜੇ ਉਹ ਜ਼ਾਹਰ ਹੋ ਗਈਆਂ ਤਾਂ ਚੌਧਰ ਕੀਹਦੇ ‘ਤੇ ਝਾੜੀ ਜਾਵੇਗੀ, ਧਰਮ ‘ਤੇ ਹੋ ਰਹੇ ਹਮਲਿਆਂ ਨੂੰ ਰੋਕਣ ਲਈ ਨਾਟਕੀ ‘ਢਾਲ’ ਕੌਣ ਬਣੇਗਾ?

ਔਖੇ-ਸੌਖੇ ਦੋ-ਚਾਰ ਉਦਾਹਰਣਾਂ ਬਰਦਾਸ਼ਤ ਕਰਿਓ। ਜਿਵੇਂ ਵਾਰਿਸ ਸ਼ਾਹ ਦੀ ਅਸਲ ‘ਹੀਰ’ ਦੇ ਸਫ਼ੇ ਬਹੁਤ ਘੱਟ ਸਨ ਪਰ ਬਾਅਦ ਵਿਚ ਅਖੌਤੀ ‘ਵਾਰਿਸਾਂ’ ਨੇ ਕੋਲੋਂ ਲਿਖ ਲਿਖ ਉਸ ਦੇ ਪੰਨੇ ਵਧਾ ਦਿੱਤੇ, ਓਸੇ ਤਰ੍ਹਾਂ ਗੁਰੂਆਂ, ਭਗਤਾਂ ਦੀਆਂ ਸਿਖਿਆਵਾਂ ਕੁੱਝ ਹੋਰ ਸਨ ਪਰ ਅਸੀਂ ਉਜੱਡਪੁਣੇ ‘ਚ ਕੋਲੋਂ ਹੀ ਬੜਾ ਕੁੱਝ ਵਧਾ-ਘਟਾ ਲਿਆ। ਇਸ ਵਾਧੇ-ਘਾਟੇ ਵਿਚ ਅਸਲੀ ਗੱਲਾਂ ਲੁਕ ਗਈਆਂ ਤੇ ਆਪੂੰ ਘੜੀਆਂ ਚੇਤੇ ‘ਤੇ ਚੰਗੀ ਤਰ੍ਹਾਂ ਉਕਰ ਗਈਆਂ। ਧਰਮ ਅਜਿਹਾ ਮੁੱਦਾ ਬਣ ਗਿਆ, ਜਿਸ ਦੇ ਨਾਂ ‘ਤੇ ਸਰੀਰ ਵਿਚ ਬਿਜਲੀ ਦੌੜਨ ਲੱਗੀ, ਚਿਰਾਂ ਤੋਂ ਜੰਗਾਲ ਖਾਧੀਆਂ ਗੰਡਾਸੀਆਂ ਤਿੱਖੀਆਂ ਹੋਣ ਲੱਗੀਆਂ, ਡਾਂਗਾਂ ਲਿਸ਼ਕਾਈਆਂ ਜਾਣ ਲੱਗੀਆਂ ਤੇ ਤਲਵਾਰਾਂ ਮਿਆਨਾਂ ‘ਚੋਂ ਬਾਹਰ ਆ ਗਈਆਂ।

ਆਖ਼ਰ ਇਨ੍ਹਾਂ ਹਥਿਆਰਾਂ ਨਾਲ ਵੱਢਣਾ ਕਿਸ ਨੂੰ ਏ? ਉਨ੍ਹਾਂ ਨੂੰ, ਜਿਹੜੇ ਮਹਾਰਾਜ ਬਾਰੇ ਅਵਾ-ਤਵਾ ਬੋਲਦੇ ਨੇ, ਜਾਂ ਜਿਹੜੇ ਆਪਣੇ ਗੁਰੂ ਨੂੰ ਸਰਵਸ੍ਰੇਸ਼ਟ ਮੰਨ ਦੂਜਿਆਂ ਦੀ ਕਦਰ ਨਹੀਂ ਕਰਦੇ, ਜਾਂ ਜਿਹੜੇ ‘ਮਾਅਰਾਜ’ ਦੇ ਨਾਂ ‘ਤੇ ਖਰੂਦ ਮਚਾਉਣ ਦਾ ਮੌਕਾ ਨਹੀਂ ਜਾਣ ਦਿੰਦੇ। ਇਹ ਹਥਿਆਰ ਜਦੋਂ ਵੀ ਚੱਲੇ, ਆਪਣਿਆਂ ਵੱਲੋਂ ਆਪਣਿਆਂ ‘ਤੇ ਸ਼ਿੱਦਤ ਨਾਲ ਵਰ੍ਹਾਏ ਗਏ, ਨੁਕਸਾਨ ਦੋਹਾਂ ਧਿਰਾਂ ਦਾ ਹੋਇਆ, ਉਚੇ ਥਾਂ ਖੜ੍ਹੇ ਲੀਡਰ ਜਨਰਲ ਡਾਇਰ ਵਾਂਗ ਤਮਾਸ਼ਾ ਦੇਖਦੇ ਰਹੇ ਪਰ ਮਸਲੇ ਦਾ ਹੱਲ ਕੋਈ ਨਾ ਹੋਇਆ।

ਗੁਰੂ ਰਵੀਦਾਸ ਦੇ ਪ੍ਰਕਾਸ਼ ਦਿਹਾੜੇ ਤੋਂ ਕੁੱਝ ਦਿਨ ਪਹਿਲਾਂ ਪਿਛਲੇ ਸਾਲ ਵਾਂਗ ਏਸ ਵਾਰ ਵੀ ਅਜਿਹੀਆਂ ਕੈਸਿਟਾਂ ਆਉਣੀਆਂ ਸ਼ੁਰੂ ਹੋਈਆਂ, ਜਿਨ੍ਹਾਂ ਵਿਚੋਂ ਬਹੁਤ ਘੱਟ ‘ਚ ਕਿਹਾ ਗਿਆ ਕਿ ਸਾਂਝੀਵਾਲਤਾ ਦਾ ਪਾਠ ਪੜ੍ਹਿਆ ਜਾਵੇ। ਬਹੁਗਿਣਤੀ ਅਜਿਹੀਆਂ ਆਈਆਂ, ਜਿਨ੍ਹਾਂ ਵਿਚ ਉਨ੍ਹਾਂ ਨੂੰ ‘ਅਕਲ ਦਾ ਪਾਠ ਪੜ੍ਹਾਉਣ’ ਦੀ ਗੱਲ ਕੀਤੀ ਗਈ, ਜਿਹੜੇ ਮਹਾਰਾਜ ਰਵੀਦਾਸ ਨੂੰ ‘ਗੁਰੂ’ ਦੀ ਥਾਂ ‘ਭਗਤ’ ਆਖਦੇ ਨੇ। ਭਗਤ ਨਾਲ ਘਟਦਾ ਕੀ ਏ ਤੇ ਗੁਰੂ ਆਖੇ ਨਾਲ ਵਧਦਾ ਕੀ ਏ, ਇਹ ਤਾਂ ਪਤਾ ਨਹੀਂ ਪਰ ਮੁੱਦਾ ਤਾਂ ਆਖ਼ਰ ਮੁੱਦਾ ਹੀ ਏ ਨਾ। ਜੇ ਏਨੀ ਕੁ ਗੱਲ ਨਾਲ ਭਾਵਨਾਵਾਂ ਭੜਕਾਈਆਂ ਜਾ ਸਕਦੀਆਂ ਨੇ ਤਾਂ ਕਿਸੇ ਵੱਡੇ ਮੁੱਦੇ ਬਾਰੇ ਸੋਚਣ ਦੀ ਜ਼ਰੂਰਤ ਵੀ ਕੀ ਏ?

ਇੱਕ ਬੀਬੀ ਨੇ ਕੈਸਿਟ ਕੱਢ ਦਿੱਤੀ, ‘ਅਕਲ ਦਾ ਪਾਠ ਪੜ੍ਹਾਵਾਂਗੇ।’ ਇਸ ਵਿਚ ਉਹਨੇ ਉਨ੍ਹਾਂ ਨੂੰ ਪਾਠ ਪੜ੍ਹਾਉਣ ਦੀ ਗੱਲ ਕੀਤੀ, ਜਿਹੜੇ ‘ਗੁਰੂ’ ਦੀ ਥਾਂ ‘ਭਗਤ’ ਸ਼ਬਦ ਦੀ ਵਰਤੋਂ ਕਰਦੇ ਨੇ। ਹੋ ਸਕਦੈ ਇਸ ਗੀਤ ‘ਤੇ ਵੀ ਦੰਗੇ ਭੜਕ ਉਠਦੇ ਪਰ ਸੈਂਸਰ ਨੇ ਗਾਣੇ ਨੂੰ ਪਾਸ ਨਹੀਂ ਕੀਤਾ ਤੇ ਕੰਪਨੀ ਨੇ ਵਕਤ ਦੀ ਨਜ਼ਾਕਤ ਸਮਝਦਿਆਂ ਚੈਨਲ ਇਸ਼ਤਿਹਾਰਬਾਜ਼ੀ ਬੰਦ ਕਰ ਦਿੱਤੀ। ਦਰਜਨ ਭਰ ਕੈਸਿਟਾਂ ਅਜਿਹੀਆਂ ਆਈਆਂ, ਜਿਨ੍ਹਾਂ ‘ਚ ‘ਚਮਾਰ’ ਸ਼ਬਦ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਅਸੀਂ ਇਸ ਸ਼ਬਦ ਦੇ ਵਿਰੋਧੀ ਨਹੀਂ ਪਰ ਹੈਰਾਨੀ ਦੀ ਗੱਲ ਹੈ ਕਿ ਕੱਲ੍ਹ ਤੱਕ ਜਿਹੜਾ ਸ਼ਬਦ ਜਾਤੀ ਸੂਚਕ ਮੰਨਿਆ ਜਾਣ ਕਰਕੇ ਕਾਨੂੰਨੀ ਕਾਰਵਾਈ ਦਾ ਪੁਲੰਦਾ ਬਣਦਾ ਸੀ, ਉਹਨੂੰ ਇਸ ਤਰ੍ਹਾਂ ਖੁੱਲ੍ਹ ਕੇ ਵਰਤਿਆ ਜਾਣ ਲੱਗੈ। ‘ਦ ਫਾਈਟਰ ਚਮਾਰ’ ਸਮੇਤ ਕਈ ਹੋਰ ਕੈਸਿਟਾਂ ਰਿਲੀਜ਼ ਹੋਈਆਂ, ਜਿਨ੍ਹਾਂ ਵਿਚ ਜਾਤੀ ਸੂਚਕ ਗੱਲਾਂ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਇਨ੍ਹਾਂ ਗੀਤਾਂ ਵਿਚ ਚਿਰਾਂ ਤੋਂ ਦੱਬੀ ਸੁਰ ਜਵਾਲਾਮੁਖੀ ਵਾਂਗ ਫਟ ਕੇ ਸਾਹਮਣੇ ਆਈ। ਮੰਨਣਯੋਗ ਹੈ ਕਿ ਹਰ ਇੱਕ ਨੂੰ ਆਪਣੀ ਜ਼ਾਤ, ਬਰਾਦਰੀ ‘ਤੇ ਮਾਣ ਹੈ ਤੇ ਹੋਣਾ ਵੀ ਚਾਹੀਦੈ ਪਰ ਜੇ ਇਹ ਮਾਣ ਜ਼ਾਤ-ਬਰਾਦਰੀ ਤੋਂ ਉਪਰ ਉਠ ਪੰਜਾਬੀ ਹੋਣ ‘ਤੇ ਕੀਤਾ ਜਾਵੇ ਤਾਂ ਵਧੇਰੇ ਚੰਗੀ ਗੱਲ ਰਹੇਗੀ ਕਿਉਂਕਿ ਬੰਦ ਮੁੱਠੀ ਵਿਚ ਕੀ ਹੈ, ਕੋਈ ਨਹੀਂ ਜਾਣਦਾ ਤੇ ਹੁਣ ਜਦੋਂ ਮੁੱਠੀ ਖੁੱਲ੍ਹ ਚੁੱਕੀ ਹੈ ਤਾਂ ਬਹੁਤਿਆਂ ਨੂੰ ‘ਮਨਆਈਆਂ’ ਕਰਨ ਦੀ ਖੁੱਲ੍ਹ ਮਿਲਦੀ ਜਾ ਰਹੀ ਏ।




ਪਿਛਲੇ ਸਾਲ ਮਿਸ ਪੂਜਾ ਦੀ ਕੈਸਿਟ ਆਈ ਸੀ ‘ਬੇਗਮਪੁਰਾ ਵਸਾਉਣਾ’। ਬਹੁਤ ਵੱਜਿਆ ਸੀ ‘ਸਾਰੇ ਕਰ ਲਓ ਏਕਾ ਬੇਗਮਪੁਰਾ ਵਸਾਉਣਾ ਏ’ ਗੀਤ। ਇਸ ਵਾਰ ਉਸ ਗੀਤ ਦੀ ਐਡ ਫਿਰ ਚਲਾਈ ਗਈ ਤਾਂ ਪੂਜਾ ਨੂੰ ਗੁੱਸਾ ਚੜ੍ਹਿਆ ਕਿ ਹੁਣ ਇਹ ਗੀਤ ਮੇਰੀ ਇਮੇਜ਼ ਖਰਾਬ ਕਰਦੈ। ਗੀਤ ਫਿਰ ਵੀ ਵੱਜਦਾ ਰਿਹਾ ਕਿਉਂਕਿ ਗਾਉਣ ਤੋਂ ਪਹਿਲਾਂ ਸੋਚਣਾ ਚਾਹੀਦਾ ਸੀ। ਪਰ ਇਸ ਗੱਲ ਦੀ ਸਮਝ ਨਾ ਲੱਗੀ ਕਿ ਜਿਹੜੇ ਭਗਤਾਂ ਨੇ ਇਸ ਗੀਤ ‘ਤੇ ਨਸ਼ੇ ‘ਚ ਟੁੰਨ ਹੋ ਭੰਗੜੇ ਪਾਏ ਨੇ, ਉਹ ਬੇਗਮਪੁਰਾ ਕਿੱਥੇ ਜਾ ਕੇ ਵਸਾ ਰਹੇ ਨੇ। ਅਜਿਹੀ ਨਗਰੀ ਕਿਹੜੇ ਪਾਸੇ ਵਸ ਰਹੀ ਏ, ਜਿੱਥੇ ਕੋਈ ਗ਼ਮ ਨਾ ਹੋਵੇ।

ਪਿਛਲੇ ਸਾਲ ਇੱਕ ਗੀਤ ਆਇਆ ਸੀ, ‘ਦੇਖ ਮੇਲੇ ਨੂੰ ਚੱਲੇ ਅਣਖੀ ਪੁੱਤ ਚਮਾਰਾਂ ਦੇ’ ਤੇ ਇਸ ਵਾਰ ਵੱਜਿਆ, ‘ਸਦਾ ਹਮਰ ਵਿਚ ਰਹਿੰਦੇ ਨੇ ਹੁਣ ਪੁੱਤ ਚਮਾਰਾਂ ਦੇ।’ ਸਭ ਦੀ ਆਰਥਿਕਤਾ ਸੁਧਰੇ, ਸਭਨਾਂ ਦੇ ਸ਼ੌਕ ਪੂਰੇ ਹੋਣ, ਸਭ ਦਾ ਖਹਿੜਾ ਗ਼ਰੀਬੀ ਦੇ ਦੈਂਤ ਤੋਂ ਛੁੱਟੇ ਪਰ ‘ਹਮਰ’ ਵਿਚ ਰਹਿਣ ਤੇ ‘ਮੇਲੇ ਨੂੰ ਜਾਣ’ ਦਾ ਸ਼ੌਕ ‘ਚਮਾਰ’ ਸ਼ਬਦ ਨਾਲ ਜੋੜ ਕੇ ਪੇਸ਼ ਕਰਨਾ ਕਿੱਧਰ ਦੀ ਸਿਆਣਪ ਹੈ?




ਇਹ ਗਾਉਣ ਵਾਲਿਆਂ ਦਾ ਤਰਕ ਹੈ ਕਿ ਅੱਜ ਤੱਕ ‘ਜੱਟਵਾਦ’ ਵਾਲੇ ਸੈਂਕੜੇ ਗੀਤ ਆਏ ਨੇ, ਦਰਜਨਾਂ ਫ਼ਿਲਮਾਂ ‘ਜੱਟਾਂ’ ‘ਤੇ ਬਣੀਆਂ, ਉਨ੍ਹਾਂ ਦੀ ਕਿਸੇ ਨੇ ਵਿਰੋਧਤਾ ਨਹੀਂ ਕੀਤੀ ਤਾਂ ਸਾਡੇ ਵੱਲੋਂ ਆਪਣੀ ਕੌਮ ਦਾ ਨਾਂ ਲੈਣ ‘ਤੇ ਕਿਸੇ ਦੀ ਵੱਖੀ ‘ਚ ਪੀੜ ਕਿਉਂ ਹੁੰਦੀ ਏ। ਪਰ ਇਸ ਦੀ ਥਾਂ ਜੇ ਇਹ ਸੋਚਿਆ ਜਾਵੇ ਕਿ ‘ਜੱਟਾਂ’ ਨੂੰ ਨਾਜਾਇਜ਼ ਫੂਕ ਛਕਾ-ਛਕਾ ਕੇ ਆਪਣਾ ਜੁਗਾੜ ਲਾਉਣ ਲਈ ਫਿਰਦੇ ਗਾਇਕਾਂ ਦਾ ਹਾਲ ਵੀ ਅੱਜ ‘ਜੱਟਾਂ’ ਵਰਗਾ ਹੀ ਹੋ ਗਿਐ, ਉਨ੍ਹਾਂ ਨੇ ਇਨ੍ਹਾਂ ਬਾਰੇ ਗੀਤ ਗਾ-ਗਾ ਕੋਈ ਸਿਆਣੀ ਗੱਲ ਨਹੀਂ ਕੀਤੀ ਤੇ ਜੇ ਉਹ ਝੱਲ ਖਿਲਾਰਦੇ ਰਹੇ ਨੇ ਤਾਂ ਕੀ ਹੁਣ ਬਾਕੀਆਂ ਨੂੰ ਵੀ ਖਿਲਾਰਨਾ ਸ਼ੁਰੂ ਕਰ ਦੇਣਾ ਚਾਹੀਦੈ?

ਪਿੱਛੇ ਜਿਹੇ ਇੱਕ ਕਲਾਕਾਰ ਨੇ ‘ਲੁਬਾਣਿਆਂ’ ਬਾਰੇ ਗੀਤ ਗਾਇਆ ਸੀ ਤੇ ਹੋ ਸਕਦੈ ਕੱਲ੍ਹ ਨੂੰ ਮਿਸਤਰੀਆਂ ਦਾ ਵੀ ਆ ਜਾਵੇ, ਪਰਸੋਂ ਬਾਹਮਣਾਂ ਦਾ ਤੇ ਚੌਥ ਨੂੰ ਕਿਸੇ ਹੋਰ ਦਾ। ਜਾਤੀ ਜਨੂੰਨ ਦੇ ਵਹਿਣ ‘ਚ ਵਹਿੰਦੇ ਦੂਰਅੰਦੇਸ਼ੀ ਤੋਂ ਸੱਖਣੇ ਲੋਕ ਭਾਵਨਾਵਾਂ ਦੇ ਹੜ੍ਹ ‘ਚ ਅਜਿਹੇ ਗੀਤ ਗਾ ਛੱਡਦੇ ਨੇ ਪਰ ਇਹ ਧਰਮਾਂ ਵਿਚ ਵੰਡੀ ਜਨਤਾ ਨੂੰ ਕਿੰਜ ਭੜਕਾਉਂਦੇ ਨੇ, ਇਹਦੇ ਬਾਰੇ ਤਾਂ ਇਨ੍ਹਾਂ ਨੂੰ ਖੁਦ ਵੀ ਗਿਆਨ ਨਹੀਂ?

ਅਸੀਂ ਵੀ ਸਭ ਧਰਮਾਂ ਦਾ ਸਤਿਕਾਰ ਕਰਦੇ ਹਾਂ, ਬਲਕਿ ਇਹ ਮੰਨਦੇ ਹਾਂ ਕਿ ਮਨੁੱਖ ਦਾ ਧਰਮ ਇਨਸਾਨੀਅਤ ਹੋਣਾ ਚਾਹੀਦੈ। ਬੰਦੇ ਨੂੰ ਖਾਲੀ ਭਾਂਡੇ ਵਾਂਗ ਨਹੀਂ ਖੜਕਣਾ ਚਾਹੀਦਾ, ਸੁੱਚੇ ਵਿਚਾਰਾਂ ਨਾਲ ਭਰਿਆ ਦਿਮਾਗ਼ ਇਨ੍ਹਾਂ ਗੱਲਾਂ ਤੋਂ ਉਪਰ ਉਠ ਜਾਂਦਾ ਏ।

ਕੱਲ੍ਹ ਤੱਕ ਜਿਹੜੀ ਮੁੰਡੀਰ ਨੂੰ ਹਥਿਆਰ ਚੁੱਕਣ ਤੇ ਅਵਾਰਾਗਰਦੀ ਤੋਂ ਵਰਜਿਆ ਜਾਂਦਾ ਸੀ, ਅੱਜ ਉਸ ਨੂੰ ਬੜਾ ਸੋਹਣਾ ਬਹਾਨਾ ਮਿਲਿਐ ਕਿ ਸਾਡੇ ਧਰਮ ‘ਤੇ ਹਮਲਾ ਹੋ ਰਿਹੈ ਤੇ ਅਸੀਂ ਚੁੱਪ ਨਹੀਂ ਬੈਠ ਸਕਦੇ। ਉਨ੍ਹਾਂ ਦੀ ਗ਼ੈਰਤ ਉਦੋਂ ਹੀ ਕਿਉਂ ਜਾਗਦੀ ਏ, ਜਦੋਂ ਧਰਮ ਦੀ ਚੰਗਿਆੜੀ ਉਠਦੀ ਏ। ਇਸ ਵਾਰ ਵੀ ਗੁਰੂ ਰਵੀਦਾਸ ਦੇ ਜਨਮ ਦਿਹਾੜੇ ‘ਤੇ ਇਹੀ ਕੁੱਝ ਹੋਇਆ। ਥਾਂ-ਥਾਂ ਮੁੰਡੀਰ ਦੀਆਂ ਟੋਲੀਆਂ ਇੰਜ ਬਣੀਆਂ, ਜਿਵੇਂ ਜ਼ਮੀਨ ਦਾ ਕਬਜ਼ਾ ਲੈਣ ਜਾਣਾ ਹੋਵੇ। ਕਈਆਂ ਦੇ ਨੇਫ਼ਿਆਂ ਵਿਚ ਹਥਿਆਰ ਸਨ ਤੇ ਕਈ ਸੜਕਾਂ ਵਿਚਾਲੇ ਚੱਲਦੇ ਡੀ.ਜੇ. ‘ਤੇ ਉਚੀ ਆਵਾਜ਼ ‘ਚ ਵੱਜਦੇ ਗੀਤਾਂ ‘ਲੱਕ ਟਵੰਟੀ ਏਟ ਕੁੜੀ ਦਾ ਫੋਰਟੀ ਸੈਵਨ ਵੇਟ ਕੁੜੀ ਦਾ’ ‘ਤੇ ਖਰੂਦ ਮਚਾ ਰਹੇ ਸਨ। ਜਿਹੜੇ ਗੁਰੂ ਦਾ ਜਨਮ ਦਿਹਾੜਾ ਮਨਾਇਆ ਜਾ ਰਿਹੈ, ਉਹਨੇ ਇਹ ਸਿੱਖਿਆ ਕਦੋਂ ਦਿੱਤੀ? ਇਹਦੇ ਬਾਰੇ ਹਾਲੇ ਤੱਕ ਪਤਾ ਨਹੀਂ ਲੱਗ ਸਕਿਆ।

ਇੱਕ ਹੋਰ ਛੋਟੀ ਜਿਹੀ ਉਦਾਹਰਣ। ਗੱਲ ਨੂੰ ਬਰਦਾਸ਼ਤ ਕਰਨਾ ਤੇ ਸਹੀ ਨੂੰ ਸਹੀ ਕਹਿਣਾ ਸਾਡੇ ਸੁਭਾਅ ‘ਚੋਂ ਕਿਸ ਤਰ੍ਹਾਂ ਮਨਫ਼ੀ ਹੋ ਰਿਹਾ ਏ, ਇਹਦਾ ਇੱਕ ਨਮੂਨਾ ਪੇਸ਼ ਏ। ਵੀਆਨਾ ਕਾਂਡ ਵੇਲ਼ੇ ਕਰਫ਼ਿਊ ਲੱਗੇ ਨੂੰ ਦੋ ਦਿਨ ਹੋ ਗਏ ਸਨ। ਗਲੀ ‘ਚ ਖੜ੍ਹੇ ਪੰਜ-ਸੱਤ ਮੁੰਡੇ ਗੱਲਾਂ ਕਰ ਰਹੇ ਸਨ ਕਿ ਸਾਡੇ ਸੰਤਾਂ ‘ਤੇ ਹਮਲਾ ਕੀਤਾ, ਅਸੀਂ ਅੱਗਾਂ ਏਦਾਂ ਹੀ ਲਾਵਾਂਗੇ, ਸ਼ੀਸ਼ੇ ਏਦਾਂ ਹੀ ਭੰਨਾਂਗੇ। ਕੋਲੋਂ ਲੰਘਦਾ ਇੱਕ ਸੱਜਣ ਇਹ ਕਹਿਣ ਦੀ ਗਲਤੀ ਕਰ ਬੈਠਾ ਕਿ ਕਾਂਡ ਵੀਆਨਾ ‘ਚ ਵਾਪਰਿਐ ਤੇ ਅੱਗਾਂ ਏਥੇ ਲੱਗ ਰਹੀਆਂ ਨੇ, ਇਹ ਕਿੱਧਰੋਂ ਦੀ ਸਿਆਣਪ ਹੋਈ? ਕਿਹੜੇ ‘ਮਾਅਰਾਜ’ ਨੇ ਆਖਿਐ ਕਿ ਧਰਮ ਦੇ ਨਾਂ ‘ਤੇ ਗੁੰਡਾਗਰਦੀ ਦਾ ਨੰਗਾ ਨਾਚ ਕਰੋ, ਸ਼ਰਾਬ ਦੇ ਠੇਕੇ ਲੁੱਟ ਕੇ ਨਸ਼ੇ ‘ਚ ਟੁੰਨ ਹੋ ਕੁੜੀਆਂ ਨਾਲ ਬਦਤਮੀਜ਼ੀਆਂ ਕਰੋ, ਕਿਸੇ ਗ਼ਰੀਬ ਦਾ ਕਿਸ਼ਤਾਂ ‘ਤੇ ਲਿਆ ਟਰੱਕ ਸਾੜ ਦਿਓ, ਕਰਜ਼ਾ ਲੈ ਕੇ ਬਣਾਈ ਬਿਲਡਿੰਗ ਭੰਨ ਦਿਓ, ਰੇਲ ਗੱਡੀ ਨੂੰ ਅੱਗ ਲਾ ਛੱਡੋ...? ਉਨ੍ਹਾਂ ਪੰਜਾਂ-ਸੱਤਾਂ ਨੇ ਗੱਲ ਦੀ ਰਮਜ਼ ਸਮਝਣ ਦੀ ਥਾਂ ਉਸ ਨੂੰ ਵੀ ਸੋਧਣ ਦੀ ਧਮਕੀ ਦੇ ਛੱਡੀ।

ਕਹਿਣ ਦਾ ਭਾਵ ਧਰਮ ਦਾ ਜ਼ਿਕਰ ਪੈਟਰੋਲ ਵਰਗਾ ਹੋ ਚੁੱਕੈ, ਜੀਹਨੂੰ ਇੱਕ ਨਿੱਕੀ ਜਿਹੀ ਚਿੰਗਾੜੀ ਦੀ ਜ਼ਰੂਰਤ ਏ। ਇਹ ਵੱਖਰੀ ਗੱਲ ਏ ਕਿ ਇਹ ਚਿੰਗਾੜੀ ਆਮ ਲੋਕਾਂ ਦਾ ਨੁਕਸਾਨ ਕਰਦੀ ਏ ਤੇ ‘ਤੇਜ਼’ ਲੋਕਾਂ ਦਾ ਫ਼ਾਇਦਾ। ਸਾਨੂੰ ਧਰਮ ਦੇ ਨਾਂ ‘ਤੇ ਬੰਬ ਦੇ ਅਜਿਹੇ ਗੋਲੇ ਬਣਾ ਛੱਡਿਆ ਗਿਐ, ਜਿਹੜੇ ਕਦੇ ਵੀ, ਕਿਤੇ ਵੀ ਫ਼ਟ ਸਕਦੇ ਨੇ।

ਬਾਰੂਦ ਦੇ ਢੇਰ ‘ਤੇ ਬੈਠੇ ਪੰਜਾਬ ਨੂੰ ਬਾਹਰਲਿਆਂ ਨਾਲੋਂ ਆਪਣਿਆਂ ਤੋਂ ਜਿੰਨਾ ਖ਼ਤਰਾ ਏ? ਇਸ ਦਾ ਅਨੁਮਾਨ ਲਾਉਣਾ ਔਖਾ ਨਹੀਂ। ਸ਼ੋਭਾ ਯਾਤਰਾਵਾਂ ਪ੍ਰਭਾਤ ਫ਼ੇਰੀਆਂ ਦੇ ਨਾਂ ‘ਤੇ ਸੜਕਾਂ ਰੋਕ ਖਲੋਣਾ, ਸ਼ੋਰ ਪ੍ਰਦੂਸ਼ਣ ਪੈਦਾ ਕਰਨਾ ਸਾਡੀ ਸੁੱਤੀ ਸੋਚ ਨੂੰ ਜਗਾਉਣ ਦੀ ਥਾਂ ਉਸ ਨੂੰ ਕੋਮਾ ‘ਚ ਲਿਜਾ ਰਿਹੈ। ਰੱਬ ਸਭ ਦਾ ਇੱਕ ਏ, ਸਭ ਧਰਮ ਸਾਂਝੇ ਨੇ, ਮਨੁੱਖਤਾ ਏਕੇ ਦੀ ਤੰਦ ‘ਚ ਬੱਝੀ ਏ, ਤੋੜਨ ਨਾਲੋਂ ਧਰਮ ਜੋੜਨ ਦਾ ਕੰਮ ਵੱਧ ਕਰਦੈ, ਇਹ ਗੱਲਾਂ ਤਾਂ ਸਿਰਫ਼ ਕਹਿਣ-ਸੁਣਨ ਨੂੰ ਬਚੀਆਂ ਨੇ। ਗੁਰੂ, ਭਗਤ, ਪੀਰ, ਪੈਗੰਬਰ ਵੀ ਜੇ ਹੁਣ ਇਸ ਧਰਤੀ ‘ਤੇ ਮੁੜ ਆਉਣ ਤਾਂ ਸ਼ਾਇਦ ਸ਼ਰਧਾਲੂਆਂ ਦਾ ਵਿਗੜਿਆ ਜੋਸ਼ ਦੇਖ ਦੰਗ ਰਹਿ ਜਾਣ। ਅਸਲ ਮੁੱਦਾ ਫੋਟੋਆਂ ਪੂਜਣਾ ਜਾਂ ਕਿਸੇ ਧਰਮ ਨੂੰ ਛੋਟਾ-ਵੱਡਾ ਸਾਬਤ ਕਰਨਾ, ‘ਭਗਤ’ ਜਾਂ ‘ਗੁਰੂ’ ਕਹਿਣ ਪਿੱਛੇ ਲੜਨਾ ਹੋਣ ਦੀ ਥਾਂ ਲਿਖੇ ਨੂੰ ਪੜ੍ਹਨ ਤੇ ਪੜ੍ਹੇ ‘ਤੇ ਅਮਲ ਕਰਨਾ ਹੋਣਾ ਚਾਹੀਦੈ, ਜਿਹੜਾ ਕਿ ਹਾਲ ਦੀ ਘੜੀ ਨਹੀਂ ਹੋ ਰਿਹਾ।




## ਜੀ ਕਰਦਾ...

ਦਰਦ ਪੰਜਾਬ ਲਈ ਦੇਖ ਇਹਦੇ ਵਿਚ,
ਮੇਰਾ ਇਕਰਾਰ ਕਰਨ ਲਈ ਜੀ ਕਰਦਾ।
ਰੱਬ ਜਾਣੇ ਕਿਉਂ ਇਸ ਬਾਦਲ ‘ਤੇ
ਇਤਬਾਰ ਕਰਨ ਨੂੰ ਜੀ ਕਰਦਾ।

ਲੱਗਦਾ ਕਿਸੇ ਨੂੰ ਸੱਚਮੁੱਚ ਹੀ,
ਅੱਜ ਤਰਸ ਪੰਜਾਬ ‘ਤੇ ਆਇਆ ਏ।
ਜਾਗੋ ਪੰਜਾਬ ਦਾ ਨਾਹਰਾ ਲਾ,
ਸਾਨੂੰ ਸੁੱਤਿਆ ਆਣ ਜਗਾਇਆ ਏ।
ਇਹਦੀ ਸੋਚ ਸੁਚੱਜੀ ਦਾ,
ਸਤਿਕਾਰ ਕਰਨ ਨੂੰ ਜੀ ਕਰਦਾ।
ਰੱਬ ਜਾਣੇ ਕਿਉਂ ਇਸ ਬਾਦਲ ‘ਤੇ,
ਇਤਬਾਰ ਕਰਨ ਨੂੰ ਜੀ ਕਰਦਾ।
ਸੱਚ ਮੁੱਚ ਹੀ ਪਿਆਰ ਝਲਕਦਾ ਏ,



ਮੇਰੇ ਵਤਨ ਲਈ ਇਹਦੇ ਸਾਹਵਾਂ ‘ਚ।
ਲੱਗਦਾ ਇਸੇ ਹੀ ਚੁਗਣੇ ਨੇ,
ਕੰਡੇ ਪੰਜਾਬ ਦਿਆ ਰਾਹਵਾਂ ‘ਚ।
ਖੌਰੇ ਕਿਉਂ ਦਿਲ ਦੀਆਂ ਗੱਲਾਂ ਦਾ,
ਇਜਹਾਰ ਕਰਨ ਨੂੰ ਜੀ ਕਰਦਾ।
ਰੱਬ ਜਾਣੇ ਕਿਉਂ ਇਸ ਬਾਦਲ ‘ਤੇ,
ਇਤਬਾਰ ਕਰਨ ਨੂੰ ਜੀ ਕਰਦਾ।

ਚਿਰਾਂ ਤੋਂ ਜੋ ਪੰਜਾਬ ਨੂੰ ਮਿੱਤਰੋ,
ਲੁੱਟਦੇ ਆਏ ਨੇ।
ਤਾਕਤ ਦੇ ਨਾਲ ਸੱਚ ਦਾ ਗਲਾ,
ਜੋ ਘੁੱਟਦੇ ਆਏ ਨੇ।
ਸਿਆਸਤ ‘ਚ ਐਸੀਆਂ ਜੋਕਾਂ ਨੂੰ,
ਅੱਜ ਬਾਹਰ ਕਰਨ ਨੂੰ ਜੀ ਕਰਦਾ।
ਰੱਬ ਜਾਣੇ ਕਿਉਂ ਇਸ ਬਾਦਲ ‘ਤੇ,
ਇਤਬਾਰ ਕਰਨ ਨੂੰ ਜੀ ਕਰਦਾ।

*-ਦੀਪ ਮੰਗਲੀ, ਨਿਊ ਯਾਰਕ*

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਰੱਖ ਕੱਸ ਕੇ ਲਗਾਮਾਂ ਨੂੰ, ਰੁਕਣ ਨਾ ਰੋਕੇ ਨਬਜ਼ ਦੇ ਘੋੜੇ

***ਕਈਆਂ ਨੂੰ ਤਰ੍ਹਾਂ-ਤਰ੍ਹਾਂ ਦੇ ਪਕਵਾਨ ਖਾ ਕੇ, ਮਹਿਲਾਂ ਵਿਚ ਮਖ਼ਮਲੀ ਗਦੈਲਿਆਂ 'ਤੇ ਵੀ ਨੀਂਦ ਦਾ ਸੁਆਦ ਨ੍ਹੀਂ ਆਉਂਦਾ ਤੇ ਜਿਨ੍ਹਾਂ ਨੂੰ ਚਿੰਤਾ ਦਾ ਝੋਰਾ ਨ੍ਹੀਂ, ਉਨ੍ਹਾਂ ਨੂੰ ਸੜਕ 'ਤੇ ਬੈਠਿਆਂ ਪਿੱਠ 'ਤੇ ਖਾਜ ਕਰ ਕੇ ਵੀ ਸੁਆਦ ਆ ਜਾਂਦਾ ਹੈ। ਜੇ ਕੋਈ ਆਖੇ ਕੋਇਲ ਗਾਉਣਾ ਛੱਡ ਕੇ ਮਾਸ ਖਾਣ ਲੱਗ ਪਈ, ਕਾਂ ਮੋਤੀ ਚੁਗਣ ਲੱਗ ਪਿਐ, ਮੋਰ ਪੈਗ ਲਾਉਣ ਲੱਗ ਪਏ ਨੇ, ਖੋਤੇ ਗਾਉਣ ਲੱਗ ਪਏ ਨੇ; ਤਾਂ ਸਾਧਾਰਨ ਬੰਦਾ ਵੀ ਇਨ੍ਹਾਂ ਮੂਰਖਤਾ ਭਰੇ ਖ਼ਿਆਲਾਂ 'ਤੇ ਹੱਸਣ ਲੱਗ ਪਵੇਗਾ ਪਰ ਯਕੀਨ ਕਰੋ, ਏਦਾਂ ਹੋ ਸਕਦੈ। ਜੇ ਕਿਸੇ ਨਾਬਾਲਗ ਕੁੜੀ ਨਾਲ ਬਾਲਗ ਕੁੜੀ ਵੱਲੋਂ ਬਲਾਤਕਾਰ ਕਰਨ ਦਾ ਪਰਚਾ ਦਰਜ ਹੋ ਸਕਦੈ, ਫਿਰ ਇਉਂ ਹੋਣ ਦੀ ਸੰਭਾਵਨਾ ਤੋਂ ਸਿਰ ਨਾ ਫੇਰੋ। ਮੁੰਬਈ ਪੁਲਿਸ ਨੂੰ ਪੁੱਛੋ ਜਿਸ ਨੇ ਇਕ ਕੁੜੀ ਨੂੰ ਮੋਬਾਈਲ ਫ਼ੋਨ ਦੀ ਲੋਕੇਸ਼ਨ 'ਤੇ ਨਾਸਿਕ ਵਿਚੋਂ ਇਸ ਦੋਸ਼ ਤਹਿਤ ਹੋਟਲ ਵਿਚੋਂ ਮੌਕੇ 'ਤੇ ਗ੍ਰਿਫ਼ਤਾਰ ਕੀਤੈ। ਅਸਲ ਵਿਚ ਦੁਨੀਆਂ ਵਿਚ ਬਹੁਤ ਕੁਝ ਅਜਿਹਾ ਹੋ ਚੁੱਕੈ ਜੋ ਹੋਣਾ ਨਹੀਂ ਚਾਹੀਦਾ ਸੀ। ਹੋ ਵੀ ਨਹੀਂ ਸਕਦਾ ਸੀ ਪਰ ਹੋ ਗਿਐ ਤੇ ਅਸੀਂ ਇਨ੍ਹਾਂ ਗੱਲਾਂ ਤੋਂ 'ਇਹ ਇਤਫ਼ਾਕ ਹੀ ਹੋਵੇਗਾ' ਕਹਿ ਕੇ ਛੁਟਕਾਰਾ ਪਾ ਲੈਂਦੇ ਹਾਂ। ਸਾਡੇ ਮੁਲਕ ਵਿਚ ਰਾਜਸੀ ਲੋਕਾਂ ਅਤੇ ਭ੍ਰਿਸ਼ਟਾਚਾਰ ਨੂੰ ਅਲੱਗ-ਅਲੱਗ ਕਰ ਕੇ ਵੇਖਣ ਦਾ ਤਰਕ ਬਚਿਆ ਹੀ ਨਹੀਂ। ਜਨਤਾ ਰੋਈ ਜਾਂਦੀ ਹੈ, ਲੋਕ ਧਾਹਾਂ ਮਾਰੀ ਜਾਂਦੇ ਨੇ ਪਰ ਇਨ੍ਹਾਂ ਨੂੰ ਫਿਰ ਵੀ ਹਾਸਾ ਆਈ ਜਾਂਦੈ। ਸਿਆਣੇ ਬੰਦੇ ਆਖਦੇ ਨੇ, ਦਰਦ ਦਾ ਦੂਜਾ ਨਾਂ ਜ਼ਿੰਦਗੀ ਹੈ; ਇਸੇ ਲਈ ਦਰਦ ਤੇ ਪੀੜਾ ਹਰ ਇਕ ਦੀ ਜੀਵਨ ਚਾਲ ਵਿਚ ਆਢਾ ਲਾਈ ਬੈਠੇ ਹਨ। ਜਿਨ੍ਹਾਂ ਨੇ ਦੁੱਖ ਹੌਸਲੇ ਨਾਲ ਜਰੇ ਨੇ, ਸੰਸਾਰ ਉਨ੍ਹਾਂ ਦੀ ਪ੍ਰਸ਼ੰਸਾ ਕਰਦਾ ਆਇਆ ਹੈ ਪਰ ਕਈ ਦੁੱਖ ਅਜਿਹੇ ਹੁੰਦੇ ਨੇ ਕਿ ਤੁਹਾਡਾ ਰੋਣਾ ਨਹੀਂ, ਭੁੱਬਾਂ ਨਿਕਲ ਜਾਂਦੀਆਂ ਹਨ। ਚਲੋ ਉਮਰ ਵਧ ਰਹੀ ਹੈ, ਇਸੇ ਲਈ ਬਾਕੀ ਬਚਦੀ ਨੂੰ ਘੁੱਟ-ਘੁੱਟ ਫੜ ਰਹੇ ਹਾਂ ਪਰ ਜਿਨ੍ਹਾਂ ਦੀ ਸਾਰੀ ਦੀ ਸਾਰੀ ਇਉਂ ਗੁਜ਼ਰੀ... ਜ਼ਰਾ ਇਧਰ ਵੀ ਧਿਆਨ ਕਰਿਓ...।***

ਜਿਸ ਘਰ ਵਿਚ ਉਪਰੋਥਲੀ ਕਈ ਮੌਤਾਂ ਹੋ ਜਾਣ, ਉਸ ਘਰ ਦੇ ਸਾਰੇ ਜੀਅ ਇਸ ਕਰਕੇ ਵੀ ਵੱਧ ਓਦਰ ਜਾਂਦੇ ਹਨ ਕਿ ਹੁਣ ਪਤਾ ਨ੍ਹੀਂ ਕੀਹਦੀ ਵਾਰੀ ਆ ਜਾਵੇ। ਹੁੰਦਾ ਤਾਂ ਇਹ ਹੈ, ਜਿਵੇਂ ਕਰਨੈਲ ਸਿੰਘ ਪਾਰਸ ਆਖਦਾ ਹੈ ਕਿ ਜਦੋਂ ਘਰ ਨੂੰਹ ਆਉਂਦੀ ਹੈ, ਧੀ ਚਲੇ ਜਾਂਦੀ ਹੈ, ਪੋਤਾ ਆਉਂਦਾ ਹੈ ਤਾਂ ਬਾਬਾ ਤੁਰ ਪੈਂਦਾ ਹੈ ਪਰ ਜਿਸ ਘਰ ਵਿਚੋਂ ਕੁਦਰਤੀ ਤੰਤਰ ਦੇ ਵਿਰੁਧ ਸਿਰਫ਼ ਬੱਚੇ ਹੀ ਚਲੇ ਜਾਣ, ਇਹ ਗ਼ੈਰਕੁਦਰਤੀ ਕਿਵੇਂ ਹੋ ਸਕਦਾ ਹੈ ਕਿ ਦੁੱਖ ਪਹਾੜਾਂ ਜਿੱਡੇ ਨਾ ਬਣਨ।

ਜੋਤਸ਼ੀਆਂ ਦੀ ਬੱਲੇ ਬੱਲੇ ਪਹਿਲਾਂ ਤਾਂ ਇਸ ਕਰਕੇ ਹੈ ਕਿ ਦੁਨੀਆਂ ਦਾ ਹਰ ਪ੍ਰਾਣੀ ਹੀ ਦੁਖੀ ਹੈ ਤੇ ਆਏ ਦਿਨ ਇਨ੍ਹਾਂ ਦੁੱਖਾਂ ਵਿਚ ਵਾਧਾ ਹੀ ਹੋਈ ਜਾਂਦਾ ਹੈ। ਦੂਜਾ, ਇਸ ਕਰਕੇ ਕਿ ਉਨ੍ਹਾਂ ਕੋਲ ਪੱਤਰੀਆਂ ਹਨ ਜੋ ਕਿਸਮਤ ਦੀਆਂ ਬਾਤਾਂ ਸੁਣਾਉਂਦੀਆਂ ਹਨ। ਕੀਹਦੇ ਦੋ ਵਿਆਹ ਹੋਣੇ ਹਨ, ਦੁਰਘਟਨਾ ਦਾ ਖ਼ਤਰਾ ਬਣਿਆ ਰਹੇਗਾ, ਔਲਾਦ ਵਿਗੜ ਸਕਦੀ ਹੈ, ਧਨ ਦੀ ਕਮੀ ਆਵੇਗੀ, ਪੰਜਾਂ ਧੀਆਂ ਤੋਂ ਪਿੱਛੋਂ ਪੁੱਤਰ ਘਰ ਵਿਚ ਆਵੇਗਾ; ਜੋਤਸ਼ੀਆਂ ਦੇ ਪੈਰਾਂ ਵੱਲ ਮੱਥੇ ਤੇ ਦਾਨ ਵੱਲ ਹੱਥ ਇਸ ਕਰਕੇ ਵਧੀ ਜਾਂਦੇ ਹਨ ਕਿ ਪੱਤਰੀਆਂ ਨੇ ਸਿਰਫ਼ ਦੁੱਖ ਹੀ ਦੱਸਣਾ ਹੁੰਦਾ ਹੈ; ਉਪਾਅ ਜੋਤਸ਼ੀਆਂ ਕੋਲ ਹੀ ਹੁੰਦਾ ਹੈ। ਹਾਲੇ ਇਹ ਸਮਝ ਨਹੀਂ ਪਈ, ਕਾਲੇ ਮਾਂਹ ਹੀ ਟੂਣਿਆਂ ਲਈ ਵੱਧ ਕਿਉਂ ਵਰਤੇ ਜਾਂਦੇ ਹਨ?

ਹੁਣੇ ਜਿਹੜੇ ਅੰਕੜੇ ਆਪਣੇ ਰੰਗਲੇ ਪੰਜਾਬ ਦੇ ਸਾਹਮਣੇ ਆਏ ਨੇ ਕਿ ਗ਼ੈਰ ਕੁਦਰਤੀ ਮੌਤਾਂ, ਜਿਨ੍ਹਾਂ ਵਿਚ ਵਧੇਰੇ ਕਰਕੇ ਦੁਰਘਟਨਾਵਾਂ ਹੁੰਦੀਆਂ ਹਨ, ਨਾਲ ਔਸਤਨ ਰੋਜ਼ਾਨਾ ਮਰਨ ਵਾਲਿਆਂ ਦੀ ਗਿਣਤੀ ਤਿੰਨ ਸੌ ਤੋਂ ਉਪਰ ਚਲੇ ਗਈ ਹੈ ਅਤੇ ਮੋਟੇ ਹਿਸਾਬ ਨਾਲ ਆਏ ਮਹੀਨੇ ਚੰਗੀ ਆਬਾਦੀ ਜਿੰਨਾ ਪਿੰਡ ਹੀ ਖ਼ਤਮ ਹੋਈ ਜਾਂਦਾ ਹੈ। ਸੜਕਾਂ 'ਤੇ ਪਤਾ ਨਹੀਂ ਕਿੰਨੇ ਕੁ ਦੁੱਲ੍ਹੇ ਘੁੰਮ ਰਹੇ ਹਨ ਜਿਨ੍ਹਾਂ ਨੂੰ ਹੋਣੀ ਮੌਤ ਦਾ ਟੋਕਰਾ ਚੁਕਾਉਣ ਲਈ 'ਵਾਜ਼ਾਂ ਮਾਰ ਰਹੀ ਹੈ। ਸਵੇਰੇ ਉਠ ਕੇ ਮੂੰਹ ਧੋਣ ਅਤੇ ਮੂੰਹ ਨੂੰ ਕੁਝ ਲਾਉਣ ਤੋਂ ਪਹਿਲਾਂ ਜਿਹੜੇ ਲੋਕ ਅਖ਼ਬਾਰਾਂ ਵਿਚ ਸਿਰਫ਼ ਰਾਸ਼ੀ ਫਲ ਪੜ੍ਹਨ ਲਈ ਵਿਆਕੁਲ ਹੁੰਦੇ ਹਨ ਤੇ ਰਾਸ਼ੀ ਦੀਆਂ ਦੋ ਸਤਰਾਂ ਵਿਚੋਂ ਇਕ ਦਿਨ ਦੀ ਚੰਗੀ ਜ਼ਿੰਦਗੀ ਦਾ ਸੁਫ਼ਨਾ ਵੇਖਣਾ ਹੁੰਦਾ ਹੈ, ਤਾਂ ਲੱਗਦਾ ਨਹੀਂ, ਰੱਬ ਤੇ ਵਿਗਿਆਨ ਮਿਹਣੋ-ਮਿਹਣੀ ਹੋਣ ਲਈ ਮੂੰਹੋਂ-ਮੂੰਹੀਂ ਹੋ ਰਹੇ ਹਨ। ਦਰਅਸਲ ਅੰਦਰਲਾ ਵਹਿਮ ਜੋਤਿਸ਼ ਨਾਲ ਸਕੀਰੀ ਪਾਉਣ ਤੋਂ ਵਰਜ ਨਹੀਂ ਰਿਹਾ!

ਸਸਕਾਰ ਤੋਂ ਅਗਲੇ ਦਿਨਾਂ ਵਿਚ ਵਿਹੜਿਆਂ ਵਿਚ ਸੱਥਰ ਵਿਛੇ ਰਹਿੰਦੇ ਹਨ। ਇਸ ਕਰਕੇ ਕਿ ਲੋਕ ਦੁੱਖ ਵੰਡਾਉਣ ਆਉਂਦੇ ਨੇ, ਦਿਲਬਰੀਆਂ ਦਿੰਦੇ ਹਨ। ਬੰਦੇ ਗੱਲਾਂ ਕਰਦੇ ਹਨ, ਔਰਤਾਂ ਪਿੱਟ-ਸਿਆਪਾ ਕਰਦੀਆਂ ਹਨ। ਭਾਣਾ ਕਿਵੇਂ ਮੰਨੀਦਾ ਹੈ, ਬੜੀਆਂ ਜੁਗਤਾਂ ਦੱਸੀਆਂ ਜਾਂਦੀਆਂ ਹਨ। ਮਿਸਾਲਾਂ ਦੇ ਕੇ, ਰਾਜਿਆਂ-ਮਹਾਰਾਜਿਆਂ ਦੀਆਂ ਬਾਤਾਂ ਸੁਣਾ ਕੇ। ਅਸਲ ਵਿਚ ਇਨ੍ਹਾਂ ਸੋਗਮਈ ਬੈਠਕਾਂ ਵਿਚ ਕਈ ਵਾਰ ਬੰਦਾ ਉਹ ਕੁਝ ਸਿੱਖ ਲੈਂਦਾ ਹੈ ਕਿ ਅੰਦਰ ਪਲਦੀ ਹਉਮੈ ਹਟਕੋਰੇ ਲੈਣ ਲੱਗ ਪੈਂਦੀ ਹੈ।

ਮੈਂ ਹਜ਼ਾਰਾਂ ਪੁਸਤਕਾਂ ਪੜ੍ਹੀਆਂ ਹਨ ਪਰ ਜੋ ਤੁਹਾਡੇ ਨਾਲ ਸਾਂਝਾ ਕਰਨ ਲੱਗਾ ਹਾਂ, ਉਹ ਮੈਂ ਕਿਸੇ ਕਿਤਾਬ ਵਿਚ ਨਹੀਂ ਪੜ੍ਹਿਆ/ਸੁਣਿਆ। ਉਨ੍ਹਾਂ ਤੋਂ ਜਿਹੜੇ ਅੱਖਰਾਂ ਤੋਂ ਭਾਵੇਂ ਕੋਰੇ ਹੋਣ ਪਰ ਗਿਆਨ ਤੇ ਜ਼ਿੰਦਗੀ ਸਮਝਾਉਣ ਵਿਚ ਮਹਾਂ ਗਿਆਨੀ। ਇਕ ਸੋਗਮਈ 'ਕੱਠ ਵਿਚ ਰਾਤ ਵੇਲੇ ਇਕ ਬਜ਼ੁਰਗ ਉਸ ਪੁਰਸ਼ ਨੂੰ ਹੌਸਲਾ ਦੇ ਰਿਹਾ ਸੀ ਜਿਸ ਦਾ ਇਕਲੌਤਾ ਪੁੱਤਰ ਕੈਂਸਰ ਨਾਲ ਸੋਲ੍ਹਵੇਂ ਸਾਲ ਵਿਚ ਚੱਲ ਵੱਸਿਆ ਸੀ। ਉਸ ਬਜ਼ੁਰਗ ਦੀ ਕਥਾ ਦੇ ਬੋਲਾਂ ਨਾਲ ਐਸੀ ਲਿਵ ਲੱਗੀ ਕਿ ਸ਼ਾਇਦ ਕਦੇ ਕਿਸੇ ਦੀ ਪਰਮਾਤਮਾ ਨਾਲ ਵੀ ਨਾ ਲੱਗੀ ਹੋਵੇ। ਉਹ ਦੁਖੀ ਬਾਪ ਦੇ ਮੋਢੇ 'ਤੇ ਹੱਥ ਰੱਖ ਕੇ ਸੁਣਾਉਣ ਲੱਗਾ:

ਇਕ ਬਾਦਸ਼ਾਹ ਆਪਣੇ ਘੋੜਿਆਂ ਦੇ ਕਾਫ਼ਲੇ ਵਿਚ ਆਪ ਵੀ ਘੋੜੇ 'ਤੇ ਬੈਠਾ ਇਕ ਪਿੰਡ ਵਿਚੋਂ ਗੁਜ਼ਰ ਰਿਹਾ ਸੀ ਕਿ ਇਕ ਕੱਚੀ ਫਿਰਨੀ 'ਤੇ ਕੁਝ ਗੁੱਜਰੀਆਂ ਜਿਨ੍ਹਾਂ ਵਿਚ ਇਕ ਬਜ਼ੁਰਗ ਔਰਤ ਅਤੇ ਬਾਕੀ ਜਵਾਨ ਮੁਟਿਆਰਾਂ ਸਨ, ਸਿਰ 'ਤੇ ਦੁੱਧ-ਦਹੀਂ ਦੇ ਮਟਕੇ ਚੁੱਕੀ ਜਾ ਰਹੀਆਂ ਸਨ। ਘੋੜਿਆਂ ਦੀ ਦਗੜ-ਦਗੜ, ਪੌੜਾਂ ਦਾ ਸ਼ੋਰ ਤੇ ਤੇਜ਼ ਹਵਾ ਨਾਲ ਉਨ੍ਹਾਂ ਸਾਰੀਆਂ ਦੇ ਸਿਰਾਂ ਤੋਂ ਦੁੱਧ-ਦਹੀਂ ਨਾਲ ਭਰੇ ਕੱਚੀ ਮਿੱਟੀ ਦੇ ਮਟਕੇ ਥੱਲੇ ਜਾ ਪਏ। ਮਟਕਿਆਂ ਦੀਆਂ ਠੀਕਰੀਆਂ ਬਣ ਗਈਆਂ ਤੇ ਦੁੱਧ-ਦਹੀਂ ਮਿੱਟੀ ਵਿਚ ਰਲ ਗਏ। ਮੁਟਿਆਰਾਂ ਥਾਂਵੇਂ ਬੈਠ ਕੇ ਰੋਣ ਲੱਗ ਪਈਆਂ। ਰਾਜਾ ਘੋੜੇ ਤੋਂ ਉਤਰਿਆ, ਮੁਟਿਆਰਾਂ ਦੇ ਸਿਰ 'ਤੇ ਹੱਥ ਰੱਖਿਆ, ਖ਼ਿਮਾ ਮੰਗੀ ਤੇ ਉਨ੍ਹਾਂ ਨੂੰ ਚਾਂਦੀ ਦੀਆਂ ਮੋਹਰਾਂ ਵੀ ਦਿੱਤੀਆਂ। ਜਦੋਂ ਰਾਜੇ ਦਾ ਧਿਆਨ ਬਜ਼ੁਰਗ ਗੁੱਜਰੀ ਵੱਲ ਗਿਆ ਤਾਂ ਉਸ ਨੇ ਵੇਖਿਆ, ਇਹ ਇਕੱਲੀ ਹੱਸ ਕਿਉਂ ਰਹੀ ਹੈ? ਰਾਜੇ ਨੇ ਉਹਦੇ ਵੱਲ ਮੋਹਰਾਂ ਨਾਲ ਭਰੀ ਮੁੱਠ ਕੀਤੀ ਤਾਂ ਉਹ ਹੋਰ ਉਚੀ ਦੇਣੀ ਹੱਸ ਕੇ ਬੋਲੀ, ਕੀ ਹੋਇਆ ਜੇ ਚਾਰ ਸੇਰ ਦੁੱਧ ਡੁੱਲ੍ਹ ਗਿਐ? ਮੈਂ ਤੇਰੇ ਪੈਸੇ ਨਹੀਂ ਲਵਾਂਗੀ, ਇਹ ਕੋਈ ਵੱਡਾ ਨੁਕਸਾਨ ਏ?

"ਬੀਬੀ, ਤੂੰ 'ਕੱਲੀ ਹੀ ਕਿਉਂ ਹੱਸ ਰਹੀ ਏਂ?" ਰਾਜੇ ਨੇ ਸਵਾਲ ਕੀਤਾ।

"ਖ਼ਾਸ ਗੱਲਾਂ ਆਮ ਲੋਕਾਂ ਨੂੰ ਨਹੀਂ ਦੱਸੀਦੀਆਂ," ਉਹਨੇ ਬਹੁਤ ਠਰ੍ਹੰਮੇ ਨਾਲ ਜਵਾਬ ਦਿੱਤਾ।

"ਬੀਬੀ, ਮੈਂ ਆਮ ਲੋਕ ਨਹੀਂ, ਬਾਦਸ਼ਾਹ ਹਾਂ।"

"ਮੇਰੀਆਂ ਨਜ਼ਰਾਂ ਵਿਚ ਤੂੰ ਖ਼ਾਸ ਨਹੀਂ।"

"ਪਰ ਤੂੰ ਹੱਸ ਕਿਉਂ ਰਹੀ ਏਂ!"

"ਜ਼ਰੂਰੀ ਪੁੱਛਣੈ?"

"ਹਾਂ।"

"ਤਾਂ ਫਿਰ ਆਮ ਬੰਦਿਆ ਸੁਣ...ਜਿਸ ਰਿਆਸਤ ਵਿਚ ਮੈਂ ਜਵਾਨ ਹੋਈ, ਉਥੇ ਦਾ ਬਾਦਸ਼ਾਹ ਬੜਾ ਕਮੀਨਾ ਸੀ। ਹਰ ਨਵੀਂ ਵਿਆਹੀ ਨੂੰ ਮੁਕਲਾਵੇ ਵਾਲੀ ਰਾਤ ਉਹਦੇ ਕੋਲ ਕੱਟਣੀ ਪੈਂਦੀ ਸੀ ਪਰ ਮੇਰੇ ਪਤੀ ਨੇ ਸਾਡੇ ਵਿਆਹ ਦੀ ਭਿਣਕ ਹੀ ਬਾਦਸ਼ਾਹ ਨੂੰ ਨਹੀਂ ਪੈਣ ਦਿੱਤੀ। ਸਾਡੇ ਇਕ ਪੁੱਤਰ ਪੈਦਾ ਹੋਇਆ ਤੇ ਫਿਰ ਮੇਰਾ ਪਤੀ ਲਾਮ ਨੂੰ ਕਮਾਈਆਂ ਕਰਨ ਚਲੇ ਗਿਆ।

ਪਿੱਛੋਂ ਬਾਦਸ਼ਾਹ ਤਕ ਮੇਰੇ ਹੁਸਨ ਦੀ ਖ਼ਬਰ ਪੁੱਜ ਗਈ। ਤੇ ਉਹਦੇ ਨੌਕਰ ਮੈਨੂੰ ਜਬਰੀ ਚੁੱਕ ਕੇ ਲੈ ਗਏ ਅਤੇ ਮੈਂ ਇਕ ਸਾਧਾਰਨ ਔਰਤ ਬਾਦਸ਼ਾਹ ਦੀ ਰਖੇਲ ਬਣ ਗਈ।...ਤੇ ਫਿਰ ਕਈ ਵਰ੍ਹੇ ਬੀਤ ਗਏ। ਮੇਰਾ ਪਤੀ ਕਈ ਵਰ੍ਹਿਆਂ ਪਿੱਛੋਂ ਜਦੋਂ ਕਮਾਈਆਂ ਕਰ ਕੇ ਮੁੜਿਆ ਤਾਂ ਉਹਨੂੰ ਪਤਾ ਲੱਗਾ ਕਿ ਘਰ ਉਜੜ ਗਿਆ ਹੈ। ਕਿਸੇ ਤਰ੍ਹਾਂ ਉਸ ਨੇ ਮੇਰੇ ਨਾਲ ਰਾਬਤਾ ਕਾਇਮ ਕੀਤਾ ਤੇ ਮੈਨੂੰ ਪੁੱਛਿਆ ਕਿ ਜੇ ਤਾਂ ਤੂੰ ਆਪਣੀ ਮਰਜ਼ੀ ਨਾਲ ਆਈ ਏਂ ਤਾਂ ਠੀਕ, ਤੇ ਜੇ ਬਾਦਸ਼ਾਹ ਜਬਰੀ ਚੁੱਕ ਕੇ ਲਿਆਇਆ ਤਾਂ ਦੱਸ, ਮੈਂ ਕੋਈ ਹੀਲਾ ਕਰਾਂਗਾ। ਮੈਂ ਕਿਹਾ, 'ਰੱਬ ਦਿਆ ਬੰਦਿਆ, ਰੱਬ ਦੇ ਵਾਸਤੇ ਮੈਨੂੰ ਲੈ ਚੱਲ। ਮੈਂ ਇਥੇ ਇਕ ਦਿਨ ਵੀ ਹੋਰ ਨ੍ਹੀਂ ਰਹਿਣਾ ਚਾਹੁੰਦੀ।' ਤੇ ਫਿਰ ਮੈਂ ਉਹਨੂੰ ਦੱਸਿਆ ਕਿ ਬਾਦਸ਼ਾਹ ਹਰ ਮੰਗਲਵਾਰ ਦੀ ਰਾਤ, ਇਕ ਪਹਾੜੀ ਜੰਗਲ ਵਿਚ ਇਕਾਂਤ ਥਾਂ 'ਤੇ ਗੁਜ਼ਾਰਦਾ ਹੈ ਤੇ ਮੈਂ ਉਹਦੇ ਨਾਲ ਹੁੰਦੀ ਹਾਂ। ਤੇ ਸਾਰਾ ਪਤਾ-ਟਿਕਾਣਾ ਦੱਸ ਦਿੱਤਾ। ਮੇਰਾ ਪਤੀ ਇਕ ਰਾਤ ਪਹਿਲਾਂ ਹੀ ਆ ਕੇ ਉਸ ਥਾਂ 'ਤੇ ਲੁਕ ਗਿਆ। ਅੱਧੀ ਰਾਤ ਜਦੋਂ ਬਾਦਸ਼ਾਹ ਘੂਕ ਸੁੱਤਾ ਪਿਆ ਸੀ, ਪਹਿਰੇਦਾਰ ਸੌਂ ਰਹੇ ਸਨ ਤਾਂ ਮੇਰਾ ਪਤੀ ਆਇਆ ਤੇ ਉਸ ਨੇ ਤੇਜ਼ਧਾਰ ਹਥਿਆਰ ਨਾਲ ਬਾਦਸ਼ਾਹ ਦੀ ਧੌਣ ਧੜ ਤੋਂ ਅਲੱਗ ਕਰ ਦਿੱਤੀ। ਸਾਨੂੰ ਪਤਾ ਸੀ ਕਿ ਬਾਦਸ਼ਾਹ ਨੂੰ ਮਾਰਨ ਦਾ ਹਰਜਾਨਾ ਕੀ ਹੋਵੇਗਾ? ਫਿਰ ਅਸੀਂ ਰਾਤ ਦੇ ਘੁੱਪ ਹਨ੍ਹੇਰੇ ਵਿਚ ਜੰਗਲ ਦੀ ਘੁੰਮਣ-ਘੇਰੀ ਵਿਚ ਫਸ ਗਏ।

ਅਗਲੀ ਆਫ਼ਤ ਇਹ ਪਈ ਕਿ ਇਕ ਨਾਗ ਜੋ ਫਨ ਫੈਲਾ ਕੇ ਫੁੰਕਾਰੇ ਮਾਰ ਰਿਹਾ ਸੀ, ਨੇ ਸਾਡਾ ਰਾਹ ਘੇਰ ਲਿਆ। ਮੇਰੇ ਪਤੀ ਨੇ ਕਿਹਾ, ਤੂੰ ਅੱਗੇ ਨਿਕਲ, ਇਹਨੂੰ ਮੈਂ ਵੇਖਦਾ ਹਾਂ। ਮੇਰੀਆਂ ਅੱਖਾਂ ਸਾਹਮਣੇ ਨਾਗ ਨੇ ਉਸ ਨੂੰ ਇਕ ਵਾਰ ਨਹੀਂ ਸਗੋਂ ਕਈ ਵਾਰ ਡਸਿਆ ਅਤੇ ਉਹ ਅੱਖਾਂ ਹੀ ਮੀਚ ਗਿਆ। 'ਕੱਲੀ ਜਿੰਦੜੀ, ਜੰਗਲ ਦਾ ਰਾਹ ਤੇ ਮਾਮਲੇ ਭਾਰੇ ਪੈਣੇ ਹੀ ਸਨ। ਦਿਨ ਚੜ੍ਹਿਆ ਤਾਂ ਡਾਕੂਆਂ ਨੇ ਘੇਰ ਲਈ। ਮੇਰਾ ਹੁਸਨ ਵੇਖ ਕੇ ਉਹ ਹੋਸ਼ ਗਵਾ ਬੈਠੇ। ਇਕ ਆਖੇ, 'ਮੈਂ ਲੈ ਕੇ ਜਾਵਾਂਗਾ' ਤੇ ਦੂਜਾ ਕਹੇ, 'ਏਡੀ ਸੋਹਣੀ ਤੂੰ...! ਇਹ ਮੇਰੀ ਬਣੇਗੀ।'

ਫਿਰ ਤੀਜਾ, ਚੌਥਾ; ਸਾਰੇ ਦਾਅਵੇਦਾਰ ਬਣ ਗਏ। ਝਗੜਾ ਸੁਣ ਕੇ ਉਨ੍ਹਾਂ ਦਾ ਸਰਦਾਰ ਆਣ ਟਪਕਿਆ। ਉਹ ਕਿੱਲ੍ਹ ਕੇ ਬੋਲਿਆ: ਨਹੀਂ, ਇਸ ਪਰੀ ਨੂੰ ਕੋਈ ਨਹੀਂ ਲੈ ਜਾਵੇਗਾ। ਡਾਕੂਆਂ ਵਾਲਾ ਕੰਮ ਕਰਦੇ ਆਂ, ਇਹਦਾ ਮੁੱਲ ਵੱਟਾਂਗੇ। ਤੇ ਉਨ੍ਹਾਂ ਨੇ ਫੇਰ ਬੜੇ ਮਹਿੰਗੇ ਭਾਅ ਮੈਨੂੰ ਕੋਠੇ 'ਤੇ ਵੇਚ ਦਿੱਤਾ। ਮੈਂ ਵੇਸਵਾ ਬਣ ਗਈ ਤੇ ਫੁੱਲਾਂ ਤੋਂ ਮਲੂਕ ਜਿੰਦੜੀ ਹਵਸੀ ਮਰਦ ਨੇ ਨੋਚ-ਨੋਚ ਕੇ ਖਾ ਲਈ।

ਸਿਤਮਜ਼ਰੀਫ਼ੀ ਦੀ ਹੱਦ ਇਥੇ ਵੀ ਨਹੀਂ ਮੁੱਕੀ। ਇਕ ਰਾਤ ਜੋ ਗਾਹਕ ਬਣ ਕੇ ਆਪਣੀ ਹਵਸ ਮਿਟਾ ਕੇ ਗਿਆ, ਉਹਨੇ ਧਰਤੀ ਤੇ ਆਸਮਾਨ ਕੰਬਣ ਲਾ ਦਿੱਤੈ। ਉਹ ਮੇਰਾ ਉਹੀ ਪੁੱਤਰ ਸੀ ਜਿਸ ਨੂੰ ਮੈਂ ਚਾਰ ਵਰ੍ਹਿਆਂ ਦੇ ਨੂੰ 'ਕੱਲਾ ਛੱਡ ਆਈ ਸਾਂ। ਮੈਂ ਤਾਂ ਉਸ ਨੂੰ ਨੈਣ-ਨਕਸ਼ ਅਤੇ ਹੱਥਾਂ-ਪੈਰਾਂ ਤੋਂ ਪਛਾਣ ਲਿਆ ਸੀ ਕਿ ਇਹ ਇੰਨਾ ਸੋਹਣਾ, ਬੁਰਾ ਕਰਮ ਕਰਨ ਵਾਲਾ, ਹੈ ਤਾਂ ਮੇਰਾ ਪੁੱਤ ਈ ਪਰ ਉਹਨੂੰ ਦੱਸਦੀ ਕਿਵੇਂ ਕਿ ਮਾਂ ਤੇਰੀ ਵੇਸਵਾ ਕੀਹਨੇ ਬਣਾਈ ਹੈ? ਇਹ ਦੁੱਖ ਤਾਂ ਅੰਦਰ ਜਰ ਲਿਆ ਪਰ ਦੂਜਾ, ਪੁੱਤ ਦਾ ਭਾਰ ਜਰਿਆ ਨਾ ਗਿਆ। ਨਾਸੂਰ ਬਣ ਕੇ ਕੋਹ-ਕੋਹ ਮਾਰਨ ਲੱਗਾ। ਧਰਤੀ 'ਤੇ ਪਾਪ ਨਹੀਂ...ਮਹਾਂ ਪਾਪ ਦਾ ਸਿਖਰ ਸੀ।

ਇਕ ਦਿਨ ਫ਼ੈਸਲਾ ਕੀਤਾ ਕਿ ਆਪਣੇ ਆਪ ਨੂੰ ਹੱਥੀਂ ਚਿਖ਼ਾ ਵਿਚ ਚਿਣ ਕੇ ਲਾਬੂੰ ਲਾ ਲੈਣ ਨਾਲ ਹੀ ਮਨ ਸ਼ਾਂਤ ਹੋ ਸਕਦੈ। ਕੋਠੇ ਤੋਂ ਭੱਜ ਕੇ ਇਕ ਸਮੁੰਦਰ ਕਿਨਾਰੇ ਚਲੀ ਗਈ। ਲੱਕੜਾਂ 'ਕੱਠੀਆਂ ਕੀਤੀਆਂ ਤੇ ਉਨ੍ਹਾਂ ਵਿਚ ਆਪਣੇ ਆਪ ਨੂੰ ਵੀ ਚਿਣ ਲਿਆ। ਉਪਰ ਆਲੇ ਅੱਗੇ ਫ਼ਰਿਆਦ ਕੀਤੀ, ਹੱਥ ਜੋੜੇ, ਜੇ ਤੂੰ ਸੱਚੀਂ ਹੈਂ ਤਾਂ ਮੁੜ ਕੇ ਏਸ ਜਾਮੇ 'ਚ ਫੇਰ ਕਦੇ ਨਾ ਭੇਜੀਂ।

ਹਾਲੇ ਮੈਂ ਤੀਲੀ ਲਾਉਣ ਹੀ ਲੱਗੀ ਸਾਂ ਕਿ ਏਡੀ ਜ਼ੋਰ ਦੀ ਤੂਫ਼ਾਨ ਆਇਆ ਕਿ ਸਣੇ ਲੱਕੜਾਂ ਦੇ ਮੈਂ ਸਮੁੰਦਰ ਵਿਚ ਜਾ ਡਿੱਗੀ। ਲੱਗਿਆ ਕਿ ਹੁਣ ਛੁਟਕਾਰਾ ਮਿਲ ਜਾਵੇਗਾ। ਜਿਹਦੇ ਮੂਹਰੇ ਮੈਂ ਤਰਲੇ ਕਰਦੀ ਸੀ, ਉਹ ਮੌਤ ਫਿਰ ਕੰਨੀ ਖਿਸਕਾ ਗਈ।

ਘਾਟ 'ਤੇ ਕੱਪੜੇ ਧੋਂਦੇ ਧੋਬੀਆਂ ਨੇ ਵੇਖਿਆ ਕਿ ਸੱਸੀ ਵਾਂਗ ਕੋਈ ਰੁੜ੍ਹਿਆ ਆਉਂਦੈ। ਉਨ੍ਹਾਂ ਨੇ ਛਾਲਾਂ ਮਾਰੀਆਂ ਤੇ ਮੈਨੂੰ ਅਧਮੋਈ ਨੂੰ ਬਾਹਰ ਕੱਢ ਲਿਆ। ਘੜੇ 'ਤੇ ਪੁੱਠਾ ਪਾ ਕੇ ਪੇਟ ਵਿਚਲਾ ਪਾਣੀ ਨਿਕਲਿਆ ਤਾਂ ਮੈਨੂੰ ਸੁਰਤ ਆ ਗਈ। ਧੋਬੀ ਆਪਸ ਵਿਚ ਪਹਿਲਾਂ ਹੀ ਫ਼ੈਸਲਾ ਕਰ ਚੁੱਕੇ ਸਨ। ਉਨ੍ਹਾਂ ਦਾ ਵਾਰਤਾਲਾਪ ਕੀ ਸੀ:

ਕੋਈ ਆਖੇ, 'ਬੜੀ ਸੋਹਣੀ ਏ, ਗੁੱਜਰੀ ਲਗਦੀ ਏ!'

'ਇੰਦਰ ਦਰਬਾਰ ਵਿਚੋਂ ਕੋਈ ਭੱਜੀ ਲਗਦੀ ਏ!!'

'ਪਤਾ ਨਹੀਂ ਕਿਹੜੇ ਦੁੱਖਾਂ ਕਰਕੇ ਸਮੁੰਦਰ ਵਿਚ ਛਾਲ ਮਾਰ'ਤੀ।

ਤੇ ਆਖ਼ਰੀ ਦੀ ਤਜਵੀਜ਼ ਕਿਆ ਕਮਾਲ ਸੀ! ਕਹਿਣ ਲੱਗਾ, 'ਗੁੱਜਰ ਦੀ ਤੀਵੀਂ ਮਰ ਗਈ ਏ, ਵਿਚਾਰਾ 'ਕੱਲੈ...ਉਹਨੂੰ ਦੇ ਦਿੰਨੇ ਆਂ ਲਿਜਾ ਕੇ। ਸਾਲ ਭਰ ਦੁੱਧ ਹੀ ਮੁਫ਼ਤ ਲਵਾਂਗੇ।'

ਤੇ ਮੈਂ ਇਹ ਤਾਂ ਨਹੀਂ ਦੱਸਣਾ ਕਿ ਮੈਂ ਕੌਣ ਸੀ ਪਰ ਫਿਰ ਮੈਂ ਗੁੱਜਰੀ ਜ਼ਰੂਰ ਬਣ ਗਈ।...ਪਿਛਲੇ ਸਾਲ ਗੁੱਜਰ ਵੀ ਚਾਲੇ ਪਾ ਗਿਆ।"

ਤੇ ਕੰਨ ਲਾ ਕੇ ਦਰਦ ਦਾ ਮਹਾਂਭਾਰਤ ਸੁਣਨ ਵਾਲੇ ਰਾਜੇ ਹੱਥੋਂ ਘੋੜੇ ਦੀ ਲਗਾਮ ਖਿੱਚ ਕੇ ਗੁੱਜਰੀ ਬੋਲੀ, 'ਤੂੰ ਦੱਸ, ਮਟਕਾ ਤੇ ਦੁੱਧ ਗਿਆ ਤਾਂ ਕੀ ਹੋਇਆ, ਮੇਰਾ ਬਚਿਆ ਹੀ ਪਹਿਲਾਂ ਕੀ ਹੈ? ਤੇ ਤੈਨੂੰ ਲੱਗਦਾ ਨ੍ਹੀਂ ਤੂੰ ਆਮ ਬੰਦਾ ਈ ਏਂ, ਖ਼ਾਸ ਤਾਂ ਮੈਂ ਹਾਂ।'

ਤੇ ਉਹ ਰਾਜਾ ਵੈਰਾਗੀ ਕਿਵੇਂ ਹੋਇਆ, ਇਹ ਗੱਲ ਫੇਰ ਕਦੇ ਸਹੀ।

...ਲੱਗਦਾ ਨ੍ਹੀਂ ਕਈ ਕਹਾਣੀਆਂ ਦਾ ਅੰਤ ਕਰਨ ਨੂੰ ਜੀਅ ਨਹੀਂ ਕਰਦਾ!!

**ਅੰਤਿਕਾ:**

ਬੀਕਾਨੇਰ ਬੋਤੇ, ਮੱਝਾਂ ਚੰਗੀਆਂ ਬਹੌਲਪੁਰ।
ਸਿੰਧ ਦੀ ਮਦੀਨ ਲੈਣੇ ਬੱਲਦ ਹਿਸਾਰ 'ਚੋਂ।
ਨਾਸਿਕ ਦੇ ਪਾਨ,
ਬਾਂਸ ਥਿਆਉਣੇ ਨਾ ਬਰੇਲੀ ਜੈਸੇ,
ਮਥਰਾ ਦੇ ਪੇੜੇ,
ਰਿਉੜੀ ਰੋਹਤਕ ਬਾਜ਼ਾਰ 'ਚੋਂ।
ਕੋਇਟੇ ਖ਼ੁਰਮਾਨੀ ਹੈ ਨਾ
ਸਰਦੇ ਪਿਸ਼ੌਰ ਜੈਸੇ,
ਹਿੰਗ ਚੰਗੀ ਲੱਭੇ ਜਾ ਕੇ
ਕਾਬਲ ਕੰਧਾਰ 'ਚੋਂ।
ਪੈਰਿਸ ਮਹੱਲ ਤੇ ਲਾਹੌਰ ਵਿਚ ਮੱਲ ਚੰਗੇ,
ਰਜਬ ਅਲੀ ਫਲ ਕਸ਼ਮੀਰ ਭਾਂਤ-ਭਾਂਤ ਦੇ।

***(ਬਾਬੂ ਰਜਬ ਅਲੀ)***

## ਗੱਲ ਬਣੀ ਕਿ ਨਹੀਂ

***ਐਸ. ਅਸ਼ੋਕ ਭੌਰਾ***

### *ਪੰਜਾਬ?*

ਭੰਗਾਂ-ਭੁੱਕੀਆਂ ਨੇ ਸਾਡੀ ਮੱਤ ਮਾਰੀ, ਗ਼ੁੱਸਾ ਕਰਿਓ ਨਾ ਕਿਤੇ ਜਨਾਬ ਮੇਰਾ।
ਸਤਲੁਜ ਬਿਆਸ ਦੇ ਲੱਗ ਕੇ ਗਲ਼ ਰੋਵੇ, ਕਿਤੇ ਮੇਲ ਦੇ ਸੱਚੀਂ ਚਨਾਬ ਮੇਰਾ।
ਪੁੱਤ ਗੋਡੇ ਨਾਲ ਲੱਗ ਕੇ ਪਿੱਟਦਾ ਏ, ਪਿੱਛਾ ਛੱਡਦੀ ਨ੍ਹੀਂ ਬਾਪੂ ਸ਼ਰਾਬ ਮੇਰਾ।
ਛੱਡੋ ਨਾਗਣੀ ਹੁਣ ਸਮੈਕ ਆਖੇ, ਬੱਚੂ ਖਿੱਚ ਕੇ ਰੱਖੀਂ ਰਕਾਬ ਮੇਰਾ।
ਮੈਨੂੰ ਥਾਪੜਾ ਮੁਲਕ ਦੇ ਹਾਕਮਾਂ ਦਾ, ਚੱਕ ਹੋਣ ਨ੍ਹੀਂ ਦਿੰਦੇ ਨਕਾਬ ਮੇਰਾ।
ਪਹਿਲਾਂ ਨਸ਼ੇ ਪੰਜਾਬੀ ਖਾਂਵਦੇ ਸੀ, ਹੁਣ ਨਸ਼ਿਆਂ ਨੇ ਖਾਧਾ ਪੰਜਾਬ ਮੇਰਾ।

## ਕਿੱਥੇ ਕੋਈ ਕਰਦਾ ਚੇਤੇ ਤੁਰ ਗਏ ਸੱਜਣਾਂ ਨੂੰ?

### ਧੁੱਪੇ ਬੈਠੀਆਂ ਯਾਦਾਂ

ਜਿਹੜੇ ਲੋਕ ਚੜ੍ਹਦੇ ਦਿਨਾਂ ਵੇਲੇ ਸਲਾਮਾਂ ਕਰਦੇ ਨੇ, ਮਾੜੇ ਵਕਤ ਵੇਲੇ ਤਮਾਸ਼ਬੀਨ ਬਣ ਜਾਂਦੇ ਹਨ, ਅਸਲ ਵਿਚ ਉਨ੍ਹਾਂ ਨੂੰ ਹੀ ਸਮਝਣਾ ਸਭ ਤੋਂ ਵੱਧ ਔਖਾ ਹੁੰਦਾ ਹੈ। ਕਈਆਂ ਨੂੰ ਗਾਉਣਾ ਭਾਵੇਂ ਨਾ ਵੀ ਆਉਂਦਾ ਹੋਵੇ, ਨੱਚਣਾ ਜ਼ਰੂਰ ਆਉਂਦਾ ਹੁੰਦਾ ਹੈ ਪਰ ਜਿਨ੍ਹਾਂ ਨੂੰ ਸੁਣਨਾ ਨਹੀਂ ਆਉਂਦਾ, ਉਨ੍ਹਾਂ ਨੂੰ ਬੋਲਣਾ ਨਹੀਂ ਆ ਸਕਦਾ। 'ਲੈ ਜਾ ਛੱਲੀਆਂ ਭੁੰਨਾ ਲਈਂ ਦਾਣੇ, ਵੇ ਮਿੱਤਰਾ ਦੂਰ ਦਿਆ', 'ਟਿਕਟਾਂ ਦੋ ਲੈ ਲਈਂ...' ਵਰਗੇ ਸਦਾਬਹਾਰ ਗੀਤ ਤਾਂ ਚਾਂਦੀ ਰਾਮ ਚਾਂਦੀ ਨੇ ਦਿੱਤੇ ਪਰ ਉਹਦਾ ਸਦਾ ਤਾਂ ਕੀ, ਇਨ੍ਹਾਂ ਗੀਤਾਂ ਤੋਂ ਬਾਅਦ ਬਚਦੀ ਜ਼ਿੰਦਗੀ ਨੂੰ ਵੀ ਚੱਜ ਨਾਲ ਜਿਉਣ ਦਾ ਚਾਅ ਪੂਰਾ ਨਾ ਸਕਿਆ। ਸ਼ਾਂਤੀ ਦੇਵੀ ਉਹਦੀ ਜ਼ਿੰਦਗੀ ਵਿਚੋਂ ਗਈ, ਉਹ ਗੁਆਚ ਗਿਆ। ਕਤਲ ਦਾ ਮੁਕੱਦਮਾ ਪਿਆ ਤਾਂ ਉਹ ਉਖੜ ਗਿਆ। ਗਾਇਕਾਂ ਦੇ ਅੰਕੜੇ ਮੂੰਹੋਂ ਬੋਲਦੇ



ਨੇ ਕਿ ਜਿਨ੍ਹਾਂ ਦਿਨਾਂ ਵਿਚ ਦਸ ਰੁਪਏ ਦਾ ਮੁੱਲ ਪੰਜ ਹਜ਼ਾਰ ਰੁਪਏ ਦੇ ਬਰਾਬਰ ਹੁੰਦਾ ਸੀ, ਉਨ੍ਹਾਂ ਦਿਨਾਂ ਵਿਚ ਉਹ ਦਸ ਦੇ ਨੋਟ ਨਾਲ ਬੀੜੀ ਸੁਲਗਾਉਂਦਾ ਸੀ। ਵਕਤ ਆਇਆ ਤਾਂ ਰੁਪੱਈਏ-ਰੁਪੱਈਏ ਨੂੰ ਮੁਥਾਜ ਹੋ ਗਿਆ। ਬੜਾ ਚਿਰ ਉਹਦਾ ਮੰਜਾ, ਮਾਣਕ ਦੇ ਲੁਧਿਆਣਾ ਵਾਲੇ ਦਫ਼ਤਰ ਦੇ ਉਪਰਲੇ ਚੁਬਾਰੇ ਵਿਚ ਰਿਹਾ। ਮੈਂ ਜਦੋਂ ਵੀ ਜਾਂਦਾ, ਉਹਨੂੰ ਘੁੱਟ ਪੀਣ ਲਈ ਵੀ ਅਤੇ ਖਾਣ ਲਈ ਵੀ ਪੰਜ-ਸੱਤ ਸੌ ਰੁਪਏ ਦੇ ਆਉਂਦਾ ਸਾਂ। ਤੇ ਫਿਰ ਉਹ ਲਿਫਦਾ-ਲਿਫਦਾ ਡਿੱਗ ਪਿਆ। ਸ਼ੌਕੀਂ ਮੇਲੇ 'ਤੇ ਸਨਮਾਨ ਵੇਲੇ ਉਹਨੂੰ ਮੈਂ ਸਨਮਾਨ ਦੀ ਰਾਸ਼ੀ ਨਾਲੋਂ ਵੱਖਰੇ ਪੈਸੇ ਜੇਬ ਵਿਚੋਂ ਦਿੱਤੇ। ਮੈਂ ਘਰ ਤੋਂ ਹੱਜ ਵੱਲ ਨਹੀਂ, ਹੱਜ ਤੋਂ ਘਰ ਵੱਲ ਆਇਆ ਹਾਂ। ਮੈਂ ਨਿੱਕੜਾ ਜਿਹਾ ਤਾਂ ਸੀ ਪਰ ਮੇਰੀ ਬੈਠਣੀ-ਉਠਣੀ ਉਸਤਾਦ ਯਮਲਾ ਜੱਟ, ਸੁਰਿੰਦਰ ਕੌਰ, ਨਰਿੰਦਰ ਬੀਬਾ, ਚਾਂਦੀ ਰਾਮ ਤੇ ਮਾਣਕ ਨਾਲ ਸੀ। ਪਿੱਛੇ ਵੇਖਣ ਨਾਲ ਅੱਗੇ ਤਾਂ ਨਹੀਂ ਜਾਇਆ ਜਾਂਦਾ ਪਰ ਗਾਇਕਾਂ ਦੇ ਇਤਿਹਾਸ ਦੀ ਪਿੱਠ ਵੱਲ ਵੇਖਿਓ; ਮਾਣਕ, ਚਾਂਦੀ ਰਾਮ ਤੇ ਹਰਚਰਨ ਗਰੇਵਾਲ ਨਾਲ ਢੋਲਕੀ ਵੀ ਵਜਾਉਂਦਾ ਰਿਹਾ ਹੈ ਪ੍ਰੋਗਰਾਮਾਂ ਵੇਲੇ। ਜਿਹੜੀ ਤਸਵੀਰ ਤੁਹਾਡੀਆਂ ਅੱਖਾਂ ਵੇਖ ਰਹੀਆਂ ਹਨ, ਜਿਹੜਾ ਬੁਢਾਪੇ ਤੋਂ ਪਹਿਲਾਂ ਹੀ ਖੱਪ ਗਿਆ, ਜਿਹੜਾ ਗੋਰਖੇ ਤੇ ਸੰਤਰੀ ਰੱਖਦਾ ਸੀ; ਉਹਦੇ ਮੂੰਹ ਵਿਚ ਪਾਣੀ ਦਾ ਘੁੱਟ ਪਾਉਣ ਲਈ ਵਿਰਲਾ-ਵਾਂਝਾ ਹੀ ਆਇਆ। ਇਹ ਅਰਥੀ ਉਸ ਮਹਾਨ ਮਨੁੱਖ ਦੀ ਹੈ ਜੀਹਨੂੰ ਚਾਂਦੀ ਰਾਮ ਚਾਂਦੀ ਕਹਿੰਦੇ ਸੀ। ਪੰਜਾਬੀ ਗਾਇਕੀ ਦਾ ਉਹ ਦੇਰ ਤੀਕਰ ਬਾਦਸ਼ਾਹ ਰਿਹਾ ਪਰ ਜਿਸ ਤਰ੍ਹਾਂ ਰੁਲ-ਖੁਲ ਕੇ ਮਰਿਆ, ਰੱਬ ਏਦਾਂ ਮੌਤ ਨਾ ਦੇਵੇ। ਸੁਰਿੰਦਰ ਕੌਰ ਤੇ ਯਮਲੇ ਜੱਟ ਦੀਆਂ ਜੀਵਨੀਆਂ ਬੱਚਿਆਂ ਦੇ ਸਿਲੇਬਸ ਵਾਲੀਆਂ ਕਿਤਾਬਾਂ ਵਿਚ ਸ਼ਾਮਲ ਕਰ ਲਈਆਂ ਗਈਆਂ ਹਨ ਪਰ ਚਾਂਦੀ ਰਾਮ ਦੀ ਬਰਸੀ-ਮੇਲੇ ਤਾਂ ਕੀ, ਉਹਨੂੰ ਯਾਦਾਂ ਦੀ ਪੌੜੀ ਤੋਂ ਵੀ ਪਰ੍ਹਾਂ ਕਰ ਦਿੱਤਾ ਗਿਆ ਹੈ। ਅਰਥੀ ਸਾਰਿਆਂ ਦੀ ਉਠਣੀ ਹੈ ਪਰ ਚਾਂਦੀ ਰਾਮ ਦੀ ਅਰਥੀ ਦੇਖ ਕੇ ਹੌਲ ਨਹੀਂ ਪੈਂਦਾ? ਅਸਲ ਵਿਚ ਕਈ ਬੰਦੇ ਪ੍ਰਸ਼ੰਸਾ ਨਾਲ ਤਾਂ ਭਰ ਗਏ ਪਰ ਢਿੱਡ ਭੁੱਖਾ ਹੀ ਰਿਹਾ।

***-ਐਸ. ਅਸ਼ੋਕ ਭੌਰਾ***

ਵਿਚਾਰ-ਚਰਚਾ

# ਇਕੀਵੀਂ ਸਦੀ ਵਿਚ 'ਸਿੱਖ ਸਟੇਟ ਦਾ ਸੁਪਨਾ'-3

## ਕਲਪਿਤ ਮਨਸ਼ੇ ਲਈ ਮਨੋਕਲਪਿਤ ਦੁਸ਼ਮਣਾਂ ਦੀ ਤਲਾਸ਼

*ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਬਹਿਸ ਜਾਰੀ ਹੈ। ਦੋਹਾਂ ਧਿਰਾਂ ਵਲੋਂ ਆਪੋ ਆਪਣੇ ਪੱਖ ਵਿਚ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ। ਇਸ ਬਹਿਸ ਦੇ ਸਿਲਸਿਲੇ ਵਿਚ ਖੱਬੇ ਪੱਖੀ ਚਿੰਤਕ ਸ੍ਰੀ ਕਰਮ ਬਰਸਟ ਦਾ ਇਹ ਤੀਜਾ ਲੇਖ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਕਰਮ ਬਰਸਟ ਨੇ ਇਸ ਲੇਖ ਵਿਚ ਅਜਮੇਰ ਸਿੰਘ ਦੀਆਂ ਪੁਸਤਕਾਂ ਵਿਚਲੇ ਵਿਰੋਧਾਭਾਸਾਂ ਉਪਰ ਉਂਗਲ ਧਰਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਸ ਸਿਲਸਿਲੇ ਵਿਚ ਹੋਰ ਚਿੰਤਕਾਂ ਦੇ ਵਿਚਾਰਾਂ ਦੀ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਅਦਾਰਾ ਪੰਜਾਬ ਟਾਈਮਜ਼ ਦਾ ਇਸ ਬਹਿਸ ਵਿਚ ਪੇਸ਼ ਕੀਤੇ ਜਾ ਰਹੇ ਵੱਖੋ ਵੱਖਰੇ ਨੁਕਤਾ ਨਿਗਾਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ*


**ਕਰਮ ਬਰਸਟ**

ਸ. ਅਜਮੇਰ ਸਿੰਘ ਸਿੱਖ ਇਤਿਹਾਸ ਦਾ ਕੌਤਕੀ ਅਤੇ ਕਰਤਾਰੀ ਵਿਆਖਿਆਕਾਰ ਹੈ। ਉਹ ਭਲੀਭਾਂਤ ਜਾਣਦਾ ਹੈ ਕਿ ਕਿਸੇ ਕਲਪਿਤ ਆਦਰਸ਼ ਦੀ ਪੂਰਤੀ ਲਈ ਮਨੋਕਲਪਿਤ ਦੁਸ਼ਮਣਾਂ ਦੀ ਬੇਹੱਦ ਲੋੜ ਹੁੰਦੀ ਹੈ। ਮੇਰਾ ਅਜਮੇਰ ਸਿੰਘ ਦੀ ਤੁਲਨਾ ਭਿਆਨਕ ਤਾਨਾਸ਼ਾਹਾਂ ਦੇ ਸਰਦਾਰ ਅਡੋਲਫ ਹਿਟਲਰ ਨਾਲ ਕਰਨ ਦਾ ਕੋਈ ਇਰਾਦਾ ਨਹੀਂ ਹੈ ਪਰ ਉਸ ਨੇ ਦੂਸਰੇ ਵਿਸ਼ਵ ਯੁਧ ਤੋਂ ਪਹਿਲਾਂ ਜਰਮਨ ਕੌਮ ਨੂੰ ਗੁੰਮਰਾਹ ਕਰ ਕੇ ਬਲਦੀ ਦੇ ਬੁਥੇ ਧੱਕਣ ਲਈ ਤਿਆਰ ਕਰਨ ਵਾਸਤੇ ਯਹੂਦੀਆਂ ਦੇ ਰੂਪ ਵਿਚ ਉਨ੍ਹਾਂ ਦਾ ਮਨੋਕਲਪਿਤ ਦੁਸ਼ਮਣ ਸਿਰਜਣ ਲਈ ਇਸੇ ਤਰ੍ਹਾਂ ਦੀ ਵਿਧੀ ਅਪਨਾਈ ਸੀ। ਅਜਮੇਰ ਸਿੰਘ ਜਾਣਦਾ ਹੈ ਕਿ ਜਦੋਂ ਤੱਕ ਆਪਣੇ ਪਾਠਕ ਜਾਂ ਸਰੋਤਾ ਵਰਗ ਸਾਹਮਣੇ ਦੁਸ਼ਮਣਾਂ ਦਾ ਖਾਕਾ ਨਾ ਖਿੱਚਿਆ ਜਾਵੇ ਤਾਂ ਉਹ ਲੜਨ ਲਈ ਤਿਆਰ ਨਹੀਂ ਕੀਤੇ ਜਾ ਸਕਦੇ। ਸਿੱਖ ਸਟੇਟ ਦੀ ਕਾਇਮੀ ਸ. ਅਜਮੇਰ ਸਿੰਘ ਦਾ ਐਲਾਨਿਆ ਹੋਇਆ ਕਲਪਿਤ ਆਦਰਸ਼ ਹੈ। ਆਪਣੀ ਪੁਸਤਕ ਲੜੀ ਦੀ ਪਹਿਲੀ ਕਿਤਾਬ "ਵੀਹਵੀਂ ਸਦੀ ਦੀ ਸਿੱਖ ਰਾਜਨੀਤੀ" ਵਿਚ ਉਸ ਨੇ ਨਵੀਂ ਉਭਰੀ ਸਿੱਖ ਲੀਡਰਸ਼ਿਪ ਨੂੰ ਦੁਸ਼ਮਣ ਮੰਨ ਕੇ ਹਮਲੇ ਕੀਤੇ ਸਨ। ਦੂਜੀ ਕਿਤਾਬ "ਕਿਸ ਬਿਧ ਰੁਲੀ ਪਾਤਸ਼ਾਹੀ" ਵਿਚ ਉਸ ਨੇ ਸਿੱਖ ਮਿਸਲਾਂ ਖਾਸ ਕਰਕੇ ਫੂਲਕੀਆਂ ਮਿਸਲ, ਰਾਸ਼ਟਰਵਾਦੀ ਧਾਰਾ ਵਿਚ ਰੰਗੇ ਹਿੰਦੂ ਅਤੇ ਸਿੱਖ ਰਾਜਨੀਤੀਵਾਨਾਂ, ਕੌਮੀ ਦੇਸ ਭਗਤਾਂ ਅਤੇ ਇਤਿਹਾਸਕਾਰਾਂ ਨੂੰ ਆਪਣੀ ਬੌਧਿਕ ਕਰੋਪੀ ਦਾ ਸ਼ਿਕਾਰ ਬਣਾਇਆ ਹੈ। ਉਸ ਨੂੰ ਵਹਿਮ ਹੈ ਕਿ ਜਦੋਂ ਤੱਕ ਇਨ੍ਹਾਂ ਵੱਖ ਵੱਖ ਖੇਤਰਾਂ ਦੀਆਂ ਉਘੀਆਂ ਹਸਤੀਆਂ ਦੇ ਅਕਸ ਨੂੰ ਵਿਗਾੜਿਆ ਨਹੀਂ ਜਾਂਦਾ, ਉਦੋਂ ਤੱਕ "ਸਿੱਖ ਸਟੇਟ" ਦੇ ਸੰਕਲਪ ਨੂੰ ਸਾਕਾਰ ਨਹੀਂ ਕੀਤਾ ਜਾ ਸਕਦਾ। ਅਜਿਹਾ ਕਰਦਿਆਂ ਜੇਕਰ ਤੱਥਾਂ ਦੀ ਭੰਨਤੋੜ ਵੀ ਕਰਨੀ ਪਵੇ ਤਾਂ ਉਨ੍ਹਾਂ ਨੂੰ ਇਸ ਵਿਚ ਕੋਈ ਖੋਟ ਨਹੀਂ ਦਿਸਦਾ।

ਸਭ ਤੋਂ ਪਹਿਲਾਂ ਆਪਾਂ ਸ. ਅਜਮੇਰ ਸਿੰਘ ਦੇ ਰਾਹ ਦੇ ਰੋੜੇ ਹਟਾਉਣ ਦੇ ਮਿੱਥੇ ਪ੍ਰਾਜੈਕਟ ਦੀ ਗੱਲ ਕਰਦੇ ਹਾਂ। ਉਨ੍ਹਾਂ ਲਈ ਅਤੇ ਸਾਰੇ ਸਿੱਖ ਕੌਮਵਾਦੀਆਂ ਲਈ ਪੰਜਾਬ ਅੰਦਰ ਸਭ ਤੋਂ ਵੱਡਾ ਰੋੜਾ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀ ਹਨ। ਲੱਖ ਕੋਸ਼ਿਸ਼ਾਂ ਦੇ ਬਾਵਜੂਦ ਉਹ ਪੰਜਾਬ ਦੀ ਜਵਾਨੀ ਦਾ ਭਗਤ ਸਿੰਘ ਨਾਲੋਂ ਮੋਹ ਭੰਗ ਨਹੀਂ ਕਰਵਾ ਸਕੇ।

ਸ. ਅਜਮੇਰ ਸਿੰਘ ਦਾ ਤਾਜ਼ਾ ਦੌਰ ਦਾ ਸਭ ਤੋਂ ਵੱਡਾ ਸਿਧਾਂਤਕ ਗੁਰੂ ਸਵਰਗੀ ਪ੍ਰੋ. ਹਰਿੰਦਰ ਸਿੰਘ ਮਹਿਬੂਬ ਤਾਂ ਭਗਤ ਸਿੰਘ ਨੂੰ ਤੱਤ ਰੂਪ ਵਿਚ ਸ਼ਹੀਦ ਹੀ ਨਹੀਂ ਮੰਨਦਾ ਸੀ। ਅਜਮੇਰ ਸਿੰਘ ਹਾਲੇ ਇਸ ਸਪਸ਼ਟ ਪੈਂਤੜੇ 'ਤੇ ਤਾਂ ਨਹੀਂ ਆਇਆ ਲੇਕਿਨ ਉਹ ਭਗਤ ਸਿੰਘ ਦੀਆਂ ਲਿਖਤਾਂ ਵਿਚੋਂ ਕੁਝ ਪ੍ਰਸੰਗਹੀਣ ਅਤੇ ਬੇਤੁਕੇ ਹਵਾਲੇ ਲੈ ਕੇ ਬਦਨਾਮ ਕਰਨ ਦੀ ਮੁਹਿੰਮ 'ਤੇ ਜ਼ਰੂਰ ਚੜ੍ਹ ਚੁੱਕਿਆ ਹੈ। ਆਪਾਂ ਕੁਝ ਨਮੂਨੇ ਦੇਣ ਦੀ ਗੁਸਤਾਖੀ ਕਰਨਾ ਚਾਹਾਂਗੇ। ਸੰਤ ਜਰਨੈਲ ਸਿੰਘ ਦੀ ਉਪਮਾ ਕਰਦਾ ਹੋਇਆ ਅਤੇ ਭਗਤ ਸਿੰਘ ਉਤੇ ਅਸਿੱਧਾ ਹੱਲਾ ਬੋਲਦਿਆਂ ਉਹ ਕਹਿੰਦਾ ਹੈ, "ਉਸ ਨੂੰ ਕਿਸੇ ਬਿਗਾਨੇ ਫਲਸਫ਼ੇ ਦੀਆਂ ਬਿਸਾਖੀਆਂ ਦੀ ਲੋੜ ਨਹੀਂ ਪਈ। ਮਨ ਦੇ ਅੰਦਰ ਕਿਸੇ ਦੀ ਨਕਲ ਜਾਂ ਰੀਸ ਕਰਨ ਦੀ ਉਤੇਜਨਾ ਪੈਦਾ ਨਹੀਂ ਹੋਈ। ਨਕਲਚੂ ਮਨੋਬਿਰਤੀ ਦਾ ਹੱਲਾ ਉਨ੍ਹਾਂ ਲੋਕਾਂ ਉਤੇ ਹੀ ਵੱਧ ਹੁੰਦਾ ਹੈ ਜੋ ਆਪਣੇ ਮੂਲ ਨਾਲੋਂ ਟੁੱਟ ਚੁੱਕੇ ਹੁੰਦੇ ਹਨ। ਬਾਬਾ ਦੀਪ ਸਿੰਘ ਤੇ ਭਾਈ ਤਾਰੂ ਸਿੰਘ ਵਰਗੇ ਪਰਤਾਪੀ ਸ਼ਹੀਦਾਂ ਨੂੰ ਛੱਡ ਕੇ, ਉਸ ਨੇ ਕਿਸੇ 'ਮੈਜ਼ਿਨੀ' ਜਾਂ 'ਗੈਰੀ ਬਾਲਡੀ' ਕੋਲੋਂ ਕੀ ਲੈਣਾ ਸੀ? ਉਸ ਦਾ ਆਪਣਾ ਘਰ ਹਰ ਦਾਤ ਨਾਲ ਭਰਿਆ ਪਿਆ ਸੀ।" (ਪੰਨਾ-248) ਇਸੇ ਟੂਕ ਨੂੰ ਲੈ ਕੇ ਅਜਮੇਰ ਸਿੰਘ ਦੇ ਹੀ ਸਿਆਸੀ ਜੀਵਨ ਉਪਰ ਹਮਲਾ ਕੀਤਾ ਜਾ ਸਕਦਾ ਹੈ, ਲੇਕਿਨ ਅਸੀਂ ਅਜਿਹੇ ਰਾਹ ਨਹੀਂ ਪੈਣਾ ਕਿਉਂਕਿ ਅਜਿਹੇ ਰਾਹ ਉਤੇ ਉਹ ਲੋਕ ਹੀ ਪੈਂਦੇ ਹਨ ਜਿਨ੍ਹਾਂ ਕੋਲ ਕਹਿਣ ਲਈ ਆਪਣਾ ਕੁੱਝ ਨਹੀਂ ਹੁੰਦਾ।

ਪਾਠਕਾਂ ਦੀ ਜਾਣਕਾਰੀ ਲਈ ਉਪਰੋਕਤ ਟੂਕ ਵਿਚ ਆਏ 'ਮੈਜ਼ਿਨੀ' ਸ਼ਬਦ ਦੇ ਪ੍ਰਸੰਗ ਦੀ ਵਿਆਖਿਆ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ ਕਿਉਂਕਿ ਆਮ ਪਾਠਕ ਨੂੰ ਨਾ ਤਾਂ ਪ੍ਰਸੰਗ ਦਾ ਪਤਾ ਹੁੰਦਾ ਹੈ, ਨਾ ਉਸ ਕੋਲ ਸਮਾਂ ਅਤੇ ਵਿੱਤੀ ਵਸੀਲੇ ਹੁੰਦੇ ਹਨ ਕਿ ਉਹ ਲੇਖਕ ਜਿੰਨਾ ਅਧਿਐਨ ਕਰ ਸਕੇ। ਤਕਰੀਬਨ ਇਨਕਲਾਬੀ ਇਤਿਹਾਸ ਦੇ ਸਾਰੇ ਪਾਠਕ ਜਾਣਦੇ ਹਨ ਕਿ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਸੁਖਦੇਵ ਗੂੜ੍ਹੇ ਲੰਗੋਟੀਏ ਯਾਰ ਹੋਣ ਦੇ ਨਾਲ ਨਾਲ ਕਈ ਮਾਮਲਿਆਂ ਵਿਚ ਇਕ ਦੂਜੇ ਦੇ ਵਿਚਾਰਾਂ ਦੇ ਪ੍ਰਸੰਗ ਵਿਚ ਇਕ ਦੂਜੇ ਦੇ ਖਿਲਾਫ਼ ਡੱਟ ਕੇ ਖਲੋ ਜਾਂਦੇ ਹਨ। ਜਦੋਂ ਅਸੰਬਲੀ ਵਿਚ ਬੰਬ ਸੁੱਟਣ ਦਾ ਮੌਕਾ ਆਇਆ ਤਾਂ ਸ਼ਹੀਦ ਭਗਤ ਸਿੰਘ ਦੀ ਇੱਛਾ ਦੇ ਬਾਵਜੂਦ ਵੀ ਉਸ ਦੀ ਬਜਾਏ ਸ਼ਿਵ ਵਰਮਾ ਤੇ ਜੈਦੇਵ ਕਪੂਰ ਦੀ ਡਿਊਟੀ ਲਗਾ ਦਿੱਤੀ ਗਈ। ਉਸ ਮੀਟਿੰਗ ਵਿਚ ਸ਼ਹੀਦ ਸੁਖਦੇਵ ਹਾਜ਼ਰ ਨਹੀਂ ਸੀ। ਜਦੋਂ ਸੁਖਦੇਵ ਨੂੰ ਇਸ ਫੈਸਲੇ ਦਾ ਪਤਾ ਲੱਗਿਆ ਤਾਂ ਉਹ ਲੋਹਾ ਲਾਖਾ ਹੋ ਉਠਿਆ ਕਿਉਂਕਿ ਉਸ ਨੂੰ ਇਸ ਵਿਚ ਭਗਤ ਸਿੰਘ ਦੀ ਬੁਜ਼ਦਿਲੀ ਦਾ ਝਾਉਲਾ ਪੈਂਦਾ ਸੀ। ਉਸ ਦੀ ਮੰਗ 'ਤੇ ਇਨਕਲਾਬੀ ਦਲ ਦੀ ਦੁਬਾਰਾ ਮੀਟਿੰਗ ਬੁਲਾਈ ਗਈ ਅਤੇ ਨਵੇਂ ਸਿਰਿਉਂ ਭਗਤ ਸਿੰਘ ਅਤੇ ਬੀ. ਕੇ. ਦੱਤ ਦੀ ਡਿਊਟੀ ਲਾਈ ਗਈ। ਬਾਕੀ ਘਟਨਾਕ੍ਰਮ ਦੁਹਰਾਉਣ ਦੀ ਲੋੜ ਨਹੀਂ ਹੈ। ਗੱਲ ਇੰਨੀ ਹੀ ਹੈ ਕਿ ਭਗਤ ਸਿੰਘ ਨੇ ਜੇਲ੍ਹ ਵਿਚੋਂ ਸੁਖਦੇਵ ਨੂੰ ਇਕ ਚਿੱਠੀ ਲਿਖੀ ਜਿਸ ਵਿਚ ਉਸ ਨੇ ਸੁਖਦੇਵ ਵੱਲੋਂ ਉਸ ਨੂੰ ਬੁਜ਼ਦਿਲ ਕਹਿਣ ਦੇ ਸ਼ੰਕਿਆਂ ਨੂੰ ਦੂਰ ਕਰਨ ਦੇ ਨਾਲ ਹੀ ਲਿਖਿਆ ਸੀ, "ਮੈਂ ਆਸ ਭਰਪੂਰ ਅਤੇ ਜ਼ਿੰਦਗੀ ਦੀ ਪੂਰੀ ਰੰਗੀਨੀ ਨਾਲ ਭਰਿਆ ਪਿਆ ਹਾਂ, ਲੋੜ ਪੈਣ ਵੇਲੇ ਮੈਂ ਸਭ ਕੁੱਝ ਕੁਰਬਾਨ ਕਰ ਦੇਵਾਂਗਾ। ਤੂੰ ਮੈਜ਼ਿਨੀ ਬਾਰੇ ਜ਼ਰੂਰ ਪੜ੍ਹਿਆ ਹੋਵੇਗਾ ਕਿ ਉਹ ਆਪਣੀ ਪਹਿਲੀ ਬਗ਼ਾਵਤ ਦੀ ਬੁਰੀ ਤਰ੍ਹਾਂ ਹਾਰ ਅਤੇ ਮੋਏ ਮਿੱਤਰਾਂ ਦੀ ਯਾਦ ਨੂੰ ਸਹਾਰ ਨਹੀਂ ਸਕਿਆ ਸੀ।



*ਅਜਮੇਰ ਸਿੰਘ*


ਉਸ ਨੇ ਪਾਗ਼ਲ ਹੋ ਜਾਣਾ ਸੀ ਜਾਂ ਖੁਦਕੁਸ਼ੀ ਕਰ ਲੈਣੀ ਸੀ ਪਰ ਜਿਸ ਕੁੜੀ ਨਾਲ ਉਹ ਪਿਆਰ ਕਰਦਾ ਸੀ ਉਸਦੀ ਚਿੱਠੀ ਨਾਲ ਉਹ ਕਿਸੇ ਵੀ ਹੋਰ ਵਾਂਗ ਮਜ਼ਬੂਤ ਹੋ ਗਿਆ। ਨਹੀਂ, ਸਗੋਂ ਸਭਨਾਂ ਨਾਲੋਂ ਮਜ਼ਬੂਤ ਹੋ ਗਿਆ।"

ਹੁਣ ਜੇਕਰ ਭਗਤ ਸਿੰਘ ਨੇ ਇਟਲੀ ਦੇ ਇਨਕਲਾਬੀ ਮੈਜ਼ਿਨੀ ਦੀ ਮਿਸਾਲ ਦੇ ਦਿੱਤੀ ਤਾਂ ਕਿੰਨਾ ਕੁ ਵੱਡਾ ਗੁਨਾਹ ਕਰ ਦਿੱਤਾ ਸੀ? ਉਸ ਨੇ ਤਾਂ ਗੁਰੂ ਗੋਬਿੰਦ ਸਿੰਘ, ਰਾਣਾ ਪ੍ਰਤਾਪ, ਸ਼ਿਵਾਜੀ, ਕ੍ਰਿਸ਼ਨ, ਰਾਮ ਚੰਦਰ, ਰਣਜੀਤ ਸਿੰਘ ਅਤੇ ਹਰੀ ਸਿੰਘ ਨਲੂਏ ਦਾ ਵੀ ਅਨੇਕਾਂ ਥਾਵਾਂ 'ਤੇ ਸ਼ਰਧਾ ਨਾਲ ਜ਼ਿਕਰ ਕੀਤਾ ਹੈ। ਕੂਕਾ ਅਤੇ ਬੱਬਰ ਅਕਾਲੀ ਲਹਿਰ ਦੀ ਸਿਫ਼ਤ ਵਿਚ ਵੀ ਕਸੀਦੇ ਪੜ੍ਹੇ ਸਨ। ਫੇਰ ਅਜਮੇਰ ਸਿੰਘ ਉਸ ਨੂੰ ਮੈਜ਼ਿਨੀ, ਗੈਰੀਬਾਲਡੀ ਅਤੇ ਲੈਨਿਨ ਦਾ ਮਿਹਣਾ ਕਾਹਦੀ ਖਾਤਰ ਮਾਰ ਰਿਹਾ ਹੈ? ਇਹ ਸਾਰਾ ਕੁੱਝ ਧਾਰਮਿਕ ਮੂਲਵਾਦੀ ਤੁਅੱਸਬ ਦਾ ਅਸਰ ਹੀ ਜਾਪਦਾ ਹੈ। ਕੀ ਗੁਰੂ ਗੋਬਿੰਦ ਸਿੰਘ ਅਤੇ ਸਮੁੱਚੇ ਦੇਸ਼ ਦੀ ਅਤੇ ਕੌਮਾਂਤਰੀ ਦੇਸ਼ ਭਗਤਾਂ ਦੀਆਂ ਕਹਾਣੀਆਂ ਸੁਣਾ ਕੇ ਭਾਰਤ ਦੇ ਨੌਜਵਾਨਾਂ ਨੂੰ ਦੇਸ਼ ਦੀ ਅਜ਼ਾਦੀ ਲਈ ਵੰਗਾਰਨਾ ਬਿਗਾਨੀਆਂ ਬੈਸਾਖੀਆਂ ਦੇ ਸਹਾਰੇ ਚੱਲਣਾ ਹੈ? ਤੱਥਾਂ ਦੀ ਭੰਨਤੋੜ ਅਜਮੇਰ ਸਿੰਘ ਵਰਗੇ ਵਿਦਵਾਨ ਬੰਦਿਆਂ ਨੂੰ ਸ਼ੋਭਾ ਨਹੀਂ ਦਿੰਦੀ। ਇਕ ਵੇਲਾ ਸੀ, ਜਦੋਂ ਉਹ ਆਪ ਅਮਰੀਕਾ ਦੀ ਕਮਿਊਨਿਸਟ ਪਾਰਟੀ ਦੇ ਆਗੂ ਬਾਬ ਅਵੇਕੀਅਨ ਦੇ ਪ੍ਰਭਾਵ ਅਧੀਨ ਭਾਰਤ ਨੂੰ ਗਲੋਬ ਦਾ ਇਕ ਟੁਕੜਾ ਮਾਤਰ ਕਿਹਾ ਕਰਦੇ ਸਨ ਅਤੇ ਦੁਨੀਆਂ ਦੇ ਨਕਸ਼ੇ ਵਿਚੋਂ ਪੰਜਾਬ ਨੂੰ ਖ਼ੁਰਦਬੀਨ ਨਾਲ ਲੱਭਿਆ ਕਰਦੇ ਸਨ। ਕਹਿਣਾ ਤਾਂ ਨਹੀਂ ਚਾਹੀਦਾ ਲੇਕਿਨ 'ਆਪਣੇ ਤੂੰ ਦਿਨ ਭੁੱਲ ਗਈ, ਸੱਸੇ ਮੇਰੀਆਂ ਕਰੇ ਬੁਰਿਆਈਆਂ' ਦਾ ਟੋਟਕਾ ਇਸ ਨਵੇਂ ਸਜੇ ਸਿੱਖ ਲੇਖਕ ਲਈ ਹੀ ਬਣਿਆ ਜਾਪਦਾ ਹੈ। ਇਕ ਹੋਰ ਜਗ੍ਹਾ ਉਹ ਭਗਤ ਸਿੰਘ 'ਤੇ ਹਮਲਾ ਕਰਦਿਆਂ ਉਸ ਨੂੰ ਗੁਰਮੁਖੀ ਲਿਪੀ ਦਾ ਵਿਰੋਧੀ ਸਿੱਧ ਕਰਨ ਤੱਕ ਜਾਂਦਾ ਹੈ। ਇਹ ਲਿਪੀ ਦਾ ਨਿਬੇੜਾ ਤਾਂ ਅਜੇ ਤੱਕ ਵੀ ਨਹੀਂ ਹੋਇਆ ਫੇਰ ਸੌ ਸਾਲ ਪਹਿਲਾਂ ਕਿਵੇਂ ਹੋ ਜਾਂਦਾ? ਪਾਕਿਸਤਾਨੀ ਪੰਜਾਬੀ ਸ਼ਾਹਮੁਖੀ ਲਿਪੀ ਵਰਤਦੇ ਹਨ, ਪੰਜਾਬ ਤੋਂ ਬਾਹਰ ਵਸਦੇ ਪੰਜਾਬੀ ਦੇਵਨਾਗਰੀ ਵਰਤਣ ਲੱਗ ਪਏ ਹਨ ਅਤੇ ਸਾਡੇ ਪਰਦੇਸੀਂ ਵਸੇ ਵੀਰਾਂ ਦੀਆਂ ਅਗਲੀਆਂ ਪੀੜ੍ਹੀਆਂ ਰੋਮਨ ਵਰਤਣ ਲੱਗ ਪੈਣਗੀਆਂ (ਈ-ਮੇਲਾਂ ਕਰਦਿਆਂ ਲੱਗ ਵੀ ਪਏ ਹਨ)। ਭਗਤ ਸਿੰਘ ਤਾਂ ਉਲਟਾ ਉਦੋਂ ਦੀ ਚਲੰਤ ਫਿਰਕਾਪ੍ਰਸਤੀ ਦੇ ਦੌਰ ਵਿਚ ਵੀ ਪੰਜਾਬੀ ਭਾਸ਼ਾ ਦੀ ਬੁਲੰਦਗੀ ਦੀ ਗੱਲ ਕਰਦਾ ਹੈ, "ਪੰਜਾਬ ਵਿਚ ਪੰਜਾਬੀ ਭਾਸ਼ਾ ਹੀ ਆਪ ਨੂੰ ਸਫ਼ਲ ਬਣਾ ਸਕਦੀ ਹੈ।" ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀਆਂ ਲਿਖਤਾਂ (ਪੰਨਾ-10)। ਉਹ ਵਿਚਾਰ ਪ੍ਰਗਟ ਕਰਦਾ ਹੈ ਕਿ ਇਹੋ ਜਿਹੀ ਮਿੱਠੀ ਤੇ ਇਹੋ ਜਿਹੀ ਅਨੰਦਦਾਇਕ ਭਾਸ਼ਾ ਨੂੰ ਪੰਜਾਬੀਆਂ ਨੇ ਹੀ ਨਾ ਅਪਨਾਇਆ, ਇਹੀ ਤਾਂ ਦੁੱਖ ਹੈ। ਹੁਣ ਵੀ ਨਹੀਂ ਅਪਨਾਉਂਦੇ। ਹਰ ਇਕ ਆਪਣੀ ਗੱਲ ਦੇ ਪਿੱਛੇ ਮਜ਼ਹਬੀ ਡੰਡਾ ਲਈ ਖੜਾ ਹੈ। (ਪੰਨਾ-12)

ਇਸ ਦੇ ਬਾਵਜੂਦ ਅਜਮੇਰ ਸਿੰਘ ਲਿਪੀ ਦੇ ਸਵਾਲ ਨੂੰ ਵਿਗਾੜ ਕੇ ਭਗਤ ਸਿੰਘ ਵਿਰੁਧ ਝੰਡਾ ਚੁੱਕਣ ਦਾ ਹੋਛਾ ਜਤਨ ਕਰਦਾ ਹੈ। ਕੀ ਉਸ ਨੂੰ ਇਹ ਪਤਾ ਨਹੀਂ ਲਗਦਾ ਕਿ ਇਹ ਲੇਖ ਉਸ ਨੇ 16 ਸਾਲ ਦੀ ਅਲੜ੍ਹ ਉਮਰ ਵਿਚ ਸਕੂਲੀ ਫੰਕਸ਼ਨ ਲਈ ਲਿਖਿਆ ਸੀ। ਕੀ ਉਹ ਭੁੱਲ ਗਿਆ ਹੈ ਕਿ ਇਸੇ ਲੇਖ ਵਿਚ ਉਸ ਨੇ ਸ਼ਹੀਦ ਗੁਰੂ ਤੇਗ ਬਹਾਦਰ ਅਤੇ ਭਗਤ ਕਬੀਰ ਦੇ ਇਨਕਲਾਬੀ ਦੋਹਿਆਂ ਦੀ ਵਰਤੋਂ ਕਰਕੇ ਲੋਕਾਂ ਨੂੰ ਜਾਗਰਤ ਕਰਨ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ। ਹੁਣ ਤਾਂ ਸ਼ਾਇਦ ਅਜਮੇਰ ਸਿੰਘ ਇਹ ਵੀ ਭੁੱਲ ਗਿਆ ਹੋਵੇ ਕਿ ਉਸ ਨੇ ਜੈਤੋ ਦੇ ਮੋਰਚਿਆਂ ਦੇ ਸਿੰਘਾਂ ਦੇ ਜਥਿਆਂ ਲਈ ਪ੍ਰਸ਼ਾਦੇ ਪਾਣੀ ਦਾ ਇੰਤਜ਼ਾਮ ਕੀਤਾ ਸੀ ਅਤੇ ਉਨ੍ਹਾਂ ਵਾਂਗ ਹੀ ਰੋਸ ਵਜੋਂ ਕਾਲੀ ਪੱਗੜੀ ਬੰਨ੍ਹਣੀ ਸ਼ੁਰੂ ਕਰ ਦਿੱਤੀ ਸੀ।

ਲੇਖਕ 16 ਸਾਲਾਂ ਦੇ ਇਕ ਸਕੂਲੀ ਵਿਦਿਆਰਥੀ ਭਗਤ ਸਿੰਘ ਕੋਲੋਂ ਸਿੱਖ ਕੌਮ ਦਾ ਧਾਰਨੀ ਬਣਨ, ਹਿੰਦੂ ਰਾਸ਼ਟਰਵਾਦ ਦਾ ਵਿਰੋਧ ਕਰਨ ਦੀਆਂ ਉਮੀਦਾਂ ਕਰਦਾ ਹੈ। ਉਹ ਭੁੱਲ ਜਾਂਦਾ ਹੈ ਕਿ ਇਹੀ ਭਗਤ ਸਿੰਘ ਸੀ ਜਿਸ ਨੇ ਆਪਣੇ ਇਕ ਨੇੜਲੇ ਤਾਏ-ਚਾਚੇ ਦੀ ਹਕੂਮਤੀ ਸ਼ਹਿ ਨਾਲ ਕੀਤੀ ਵਿਰੋਧਤਾ ਦੇ ਸਨਮੁਖ ਗੁਰੂ ਕੇ ਬਾਗ ਅਤੇ ਜੈਤੋ ਦੇ ਮੋਰਚੇ ਵਿਚ ਸ਼ਹੀਦੀਆਂ ਅਤੇ ਗ੍ਰਿਫਤਾਰੀਆਂ ਦੇਣ ਜਾ ਰਹੇ ਜਥਿਆਂ ਦੀ ਹਮਾਇਤ ਅਤੇ ਢੁਕਵੀ ਮਦਦ ਕਰਨ ਦੀ ਕੋਸ਼ਿਸ ਕੀਤੀ ਸੀ। ਲੇਖਕ ਨੂੰ ਪਤਾ ਹੈ ਕਿ ਉਸ ਵਕਤ 'ਸਿੱਖ ਕੌਮ' ਨਾਂ ਦੀ ਕੋਈ ਸ਼ੈਅ ਨਹੀਂ ਸੀ, ਨਾ ਹੀ ਵੇਲੇ ਦੀ ਲੀਡਰਸ਼ਿਪ ਦਾ ਗੁਰਦੁਆਰਿਆਂ ਦੀ ਆਜ਼ਾਦੀ ਤੋਂ ਵੱਧ ਕੋਈ ਰਾਜਨੀਤਕ ਅਜੰਡਾ ਸੀ। ਇਨ੍ਹਾਂ ਸਾਰੇ ਤੱਥਾਂ ਦੇ ਬਾਵਜੂਦ ਲੇਖਕ ਵਲੋਂ ਸ਼ਹੀਦ ਭਗਤ ਸਿੰਘ ਉਪਰ ਕਾਲਖ ਪੋਤਣ ਦਾ ਜਤਨ ਕੀਤਾ ਗਿਆ ਹੈ। ਸ਼ੁਕਰ ਇਹ ਹੈ ਕਿ ਇਹ ਬਹੁਤ ਨੇੜੇ ਦਾ ਇਤਿਹਾਸ ਹੈ ਅਤੇ ਚੰਗੇ ਭਾਗਾਂ ਨੂੰ ਸ਼ਹੀਦ ਭਗਤ ਸਿੰਘ ਦੀਆਂ ਚੋਣਵੀਆਂ ਲਿਖਤਾਂ ਮੌਜੂਦ ਹਨ, ਨਹੀਂ ਤਾਂ ਸਿੱਖ ਮੂਲਵਾਦੀਆਂ ਨੇ ਉਸ ਨੂੰ "ਸਿੱਖ ਸ਼ਹੀਦ" ਸਾਬਤ ਕਰਨ ਵਿਚ ਕੋਈ ਕਸਰ ਨਹੀਂ ਸੀ ਛੱਡੀ। ਫੇਰ ਬੁਰੀ ਤਰ੍ਹਾਂ ਹਾਰ ਖਾਣ ਤੋਂ ਬਾਦ ਉਸ ਉਪਰ ਹਿੰਦੂ ਰਾਸ਼ਟਰਵਾਦੀ ਹੋਣ ਦਾ ਠੱਪਾ ਲਗਾ ਕੇ ਸਿੱਖ ਪੰਥ ਦੇ ਵਿਰੋਧ ਵਿਚ ਖੜਾ ਕਰਨ ਦੀਆਂ ਕੋਸ਼ਿਸ਼ਾਂ ਵੀ ਹੋਈਆਂ।

ਅਜਮੇਰ ਸਿੰਘ ਨੇ ਈ.ਐਚ. ਕਾਰ ਦੇ ਹਵਾਲੇ ਨਾਲ ਬੜੀ ਸੁਹਣੀ ਗੱਲ ਕੀਤੀ ਹੈ, "ਕਿਸੇ ਇਤਿਹਾਸਕਾਰ ਦੀ ਲਿਖਤ ਨੂੰ ਤੁਸੀਂ ਤਦ ਤੱਕ ਠੀਕ ਤਰ੍ਹਾਂ ਨਹੀਂ ਸਮਝ ਸਕਦੇ ਜਦ ਤੱਕ ਤੁਹਾਨੂੰ ਉਸ ਲਿਖਾਰੀ ਦੇ ਨੁਕਤਾ ਨਿਗਾਹ, ਜਿਸ ਤੋਂ ਉਸ ਨੇ ਉਹ ਰਚਨਾ ਲਿਖੀ ਹੈ, ਦੀ ਸਮਝ ਨਹੀਂ। ਅਜਿਹੇ ਨੁਕਤਾ ਨਿਗਾਹ ਦੀਆਂ ਜੜ੍ਹਾਂ ਵੀ ਅਗਾਂਹ ਕਿਸੇ ਸਮਾਜਿਕ ਤੇ ਇਤਿਹਾਸਕ ਪਿਛੋਕੜ ਦੇ ਵਿਚ ਲੱਗੀਆਂ ਹੁੰਦੀਆਂ ਹਨ...ਹਰ ਲੇਖਕ ਉਤੇ ਹੀ ਆਪਣੇ ਜ਼ਮਾਨੇ ਦੀ ਭਾਰੂ ਵਿਚਾਰਧਾਰਾ ਦਾ ਰੰਗ ਚੜ੍ਹਿਆ ਹੁੰਦਾ ਹੈ...ਉਹ ਕਿਸੇ ਖਾਸ ਵਰਗ ਜਾਂ ਦੌਰ ਦਾ ਇਤਿਹਾਸ ਲਿਖਣ ਲੱਗਿਆਂ, ਆਪਣੇ ਜ਼ਿਹਨ ਅੰਦਰ ਕੁਝ ਪੂਰਵ ਮਨੌਤਾਂ ਬਣਾ ਕੇ ਚੱਲਦਾ ਹੈ।... ਇਸ ਨੁਕਤਾ ਨਿਗਾਹ ਤੋਂ ਹੀ ਉਹ ਲੋੜੀਂਦੇ ਤੱਥ ਤੇ ਵੇਰਵੇ ਇਕੱਤਰ ਕਰਦਾ ਹੈ ਅਤੇ ਫੇਰ ਉਨ੍ਹਾਂ ਨੂੰ ਇਕ ਖਾਸ ਅੰਦਾਜ਼ ਵਿਚ ਪਾਠਕਾਂ ਅੱਗੇ ਪਰੋਸਦਾ ਹੈ। ਇਸ ਲਿਹਾਜ਼ ਨਾਲ ਦੇਖਿਆਂ 'ਨਿਰਪੱਖ ਤੇ ਬੇਲਾਗ' ਇਤਿਹਾਸਕਾਰੀ ਦੀ ਭਾਵਨਾ ਪੂਰੀ ਤਰ੍ਹਾਂ ਸਹੀ ਨਹੀਂ ਮੰਨੀ ਜਾ ਸਕਦੀ।' (ਜ਼ੋਰ ਮੇਰਾ, ਪੰਨਾ-119) ਅਸੀਂ ਇਕ ਇਕ ਕਰਕੇ ਦੇਖਾਂਗੇ ਕਿ ਈ.ਐਚ. ਕਾਰ ਦੀ ਇਹ ਧਾਰਨਾ ਕਿਵੇਂ ਸ. ਅਜਮੇਰ ਸਿੰਘ ਉਪਰ ਹੀ ਬਾਖੂਬੀ ਢੁਕਦੀ ਹੈ ਅਤੇ ਉਹ ਕਿਵੇਂ ਮਨਮਰਜ਼ੀ ਨਾਲ ਇਸ ਦੀ ਦੁਰਵਰਤੋਂ ਕਰਦਾ ਹੈ। ਬਹੁਤੀ ਵਾਰੀ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਲੇਖਕ ਦੀ ਸ਼ਖਸੀਅਤ ਚੱਕੀ ਦੇ ਦੋ ਪੁੜਾਂ ਵਿਚਾਲੇ ਪਿਸ ਰਹੀ ਹੈ। ਜ਼ਿੰਦਗੀ ਦੇ ਕੀਮਤੀ ਵਰ੍ਹੇ ਕਮਿਊਨਿਸਟ ਲਹਿਰ




ਦੇ ਲੇਖੇ ਲਾਉਣ ਸਦਕਾ ਉਸ ਉਪਰ ਵਿਰੋਧ-ਵਿਕਾਸੀ ਇਤਿਹਾਸਕ ਪਦਾਰਥਵਾਦ ਦਾ ਮਜੀਠੀ ਰੰਗ ਇੰਨਾ ਗੂੜ੍ਹਾ ਚੜ੍ਹਿਆ ਹੋਇਆ ਹੈ ਕਿ ਜਦੋਂ ਉਹ ਘਟਨਾਵਾਂ ਦੀ ਨਿਰੋਲ ਬਾਹਰਮੁਖੀ ਪੇਸ਼ਕਾਰੀ ਕਰਦਾ ਹੈ ਤਾਂ ਵਿਸ਼ਲੇਸ਼ਣ ਦੀਆਂ ਉਚੀਆਂ ਬੁਰਜੀਆਂ ਨੂੰ ਛੂਹਣ ਲੱਗਦਾ ਹੈ, ਫੇਰ ਅਚਾਨਕ ਹੀ ਉਸ ਅੰਦਰੋਂ ਨਵਾਂ-ਨਵਾਂ ਜੰਮਿਆ "ਸਿੱਖ ਕੌਮਵਾਦੀ" ਜਾਗ ਉਠਦਾ ਹੈ। ਉਹ ਆਪਾ ਵਿਰੋਧਾਂ ਦੀ ਅਜਿਹੀ ਖੱਟ ਸਜਾਉਂਦਾ ਹੈ ਕਿ ਲੇਖਕ ਉਪਰ ਹਾਸਾ ਵੀ ਆਉਂਦਾ ਹੈ ਤੇ ਰੋਣਾ ਵੀ।

ਅਜਮੇਰ ਸਿੰਘ ਨੂੰ ਵਹਿਮ ਹੈ ਕਿ ਉਹ ਜੋ ਕੁੱਝ ਲਿਖ ਰਿਹਾ ਹੈ, ਉਸ ਅੰਦਰਲੇ ਅੰਤਰ-ਵਿਰੋਧਾਂ ਦਾ ਕਿਸੇ ਨੂੰ ਪਤਾ ਹੀ ਨਹੀਂ ਲੱਗਣਾ ਕਿਉਂਕਿ 1970 ਤੋਂ ਲੈ ਕੇ 1992 ਤੱਕ ਲੱਗਭਗ 32 ਸਾਲ ਉਹ ਕਮਿਊਨਿਸਟ ਵਿਚਾਰਧਾਰਾ ਦੀਆਂ ਅਨੇਕਾਂ ਫਾਕਾਂ ਵਿਚੋਂ ਦੀ ਲੰਘਦਾ ਹੋਇਆ ਇਥੋਂ ਤੱਕ ਪਹੁੰਚਿਆ ਹੈ। ਕਿਹਾ ਜਾਂਦਾ ਹੈ ਕਿ ਸ਼ਬਦਾਂ ਦੀ ਭੰਨ-ਤੋੜ ਕਰਨ ਵਿਚ ਉਸ ਨੂੰ ਵਿਸ਼ੇਸ਼ ਮੁਹਾਰਤ ਹਾਸਲ ਹੈ ਲੇਕਿਨ ਅਸੀਂ ਕੁਰਸੀਨਾਮਾ ਫਰੋਲਣ ਦੇ ਹੱਕ ਵਿਚ ਨਹੀਂ ਹਾਂ। ਸਿਰਫ਼ ਇਕ ਗੱਲ ਜ਼ਰੂਰ ਕਹਿਣਾ ਚਾਹਾਂਗੇ ਕਿ ਜਿਨ੍ਹਾਂ ਸ਼੍ਰੋਮਣੀ ਸ਼ਹੀਦਾਂ ਉਪਰ ਉਹ ਵਿਦੇਸ਼ੀ ਵਿਚਾਰਧਾਰਾ ਦੇ ਢਹੇ ਚੜ੍ਹ ਜਾਣ ਦੇ ਇਲਜ਼ਾਮਾਂ ਦੀ ਵਾਛੜ ਕਰ ਰਿਹਾ ਹੈ, ਉਨ੍ਹਾਂ ਸ਼ਹੀਦਾਂ ਦੀ ਸਮੁੱਚੀ ਜ਼ਿੰਦਗੀ ਅਜਮੇਰ ਸਿੰਘ ਦੇ ਜੀਵਨ ਦੇ ਇਕੱਲੇ ਕਮਿਊਨਿਸਟ ਦੌਰ ਤੋਂ ਵੀ ਛੋਟੀ ਸੀ। ਲੇਕਿਨ ਬਾਈ ਅਜਮੇਰ ਬਾਰੇ ਕੀ ਕਹੀਏ ਕਿ ਉਨ੍ਹਾਂ ਵਿਚ ਤਾਂ ਇੰਨੀ ਵੀ ਨੈਤਿਕ ਈਮਾਨਦਾਰੀ ਨਹੀਂ ਕਿ ਉਹ ਕਮਿਊਨਿਸਟ ਪਾਰਟੀ ਵੱਲੋਂ ਉਸ ਨੂੰ ਗੁਪਤਵਾਸ ਦੇ ਸਮੇਂ ਵਿਚ ਦਿੱਤਾ "ਅਜਮੇਰ ਸਿੰਘ" ਦਾ ਨਾਮ ਹੀ ਵਾਪਸ ਕਰ ਦਿੰਦੇ। ਫੇਰ ਉਨ੍ਹਾਂ ਨੂੰ ਘੱਟੋ-ਘੱਟ ਕਮਿਊਨਿਸਟਾਂ ਨੂੰ ਗਾਲਾਂ ਕੱਢਣ ਦੀ ਦੁਬਿਧਾ ਤੋਂ ਛੁਟਕਾਰਾ ਤਾਂ ਮਿਲ ਹੀ ਜਾਣਾ ਸੀ।

ਈ. ਐਚ. ਕਾਰ ਦੇ ਹਵਾਲੇ ਤੋਂ ਮਹਾਤਮਾ ਗਾਂਧੀ ਦੀ ਗੱਲ ਯਾਦ ਆ ਗਈ ਹੈ। ਅਜਮੇਰ ਸਿੰਘ ਨੇ ਪੰਨਾ 89 ਉਤੇ ਲਿਖਿਆ ਹੈ, "ਗਾਂਧੀ ਨੂੰ ਸਿੱਖੀ ਦੇ ਧਾਰਮਿਕ ਚਿੰਨ੍ਹਾਂ ਅਤੇ ਸਿੱਖ ਰਵਾਇਤਾਂ ਨਾਲ ਭਾਰੀ ਚਿੜ੍ਹ ਸੀ। ਆਪਣੇ ਯੰਗ ਇੰਡੀਆ 9 ਅਪ੍ਰੈਲ 1925 ਨਾਂ ਦੇ ਪਰਚੇ ਅੰਦਰ ਇਕ ਲੇਖ ਵਿਚ ਗਾਂਧੀ ਦੁਆਰਾ ਕੀਤੀ ਗਈ ਹੱਤਕ ਭਰੀ ਟਿੱਪਣੀ, ਜਿਸ ਵਿਚ ਉਸ ਨੇ ਗੁਰੂ ਸਾਹਿਬ ਨੂੰ ਗੁੰਮਰਾਹ ਦੇਸ਼ ਭਗਤ ਕਹਿਣ ਦੀ ਗੁਸਤਾਖੀ ਕੀਤੀ ਸੀ...ਇਹ ਸਿੱਖ ਧਰਮ ਬਾਰੇ ਉਸ ਦੀ ਤੁਅੱਸਬ ਗ੍ਰਸੀ ਸੋਚ ਦਾ ਅਸ਼ਿਸ਼ਟ ਪ੍ਰਗਟਾਓ ਸੀ।" ਪਾਠਕੋ ਇਨ੍ਹਾਂ ਸਤਰਾਂ ਨੂੰ ਇਕ ਵਾਰ ਫਿਰ ਪੜ੍ਹੋ। ਇਨ੍ਹਾਂ ਨੂੰ ਪੜ੍ਹ ਕੇ ਕਿਸੇ ਵੀ ਸਿੱਖੀ ਰੰਗ ਵਿਚ ਰੰਗੇ ਅਲੱੜ੍ਹ ਮੁੰਡੇ ਦੇ ਤਨ-ਬਦਨ ਨੂੰ ਅੱਗ ਲੱਗ ਸਕਦੀ ਹੈ। ਅਜਮੇਰ ਬਾਈ ਦੀ ਮਨਸ਼ਾ ਵੀ ਇਹੀ ਹੈ। ਉਹ ਸਿੱਖ ਗੱਭਰੂਆਂ ਦੀ ਨਿਆਣੀ ਮੱਤ ਨੂੰ ਅੱਗ ਵਿਚ ਝੋਕ ਦੇਣਾ ਚਾਹੁੰਦਾ ਹੈ।

ਆਓ, ਦੇਖੀਏ ਕਿ ਤੱਥ ਕੀ ਹਨ। ਮਹਾਤਮਾ ਗਾਂਧੀ ਨੂੰ ਗੁਰੂ ਸਾਹਿਬ ਦਾ ਜ਼ਿਕਰ ਕਰਨ ਦੀ ਲੋੜ ਨਹੀਂ ਸੀ ਅਤੇ ਉਸ ਨੇ ਅਜਿਹੀ ਸ਼ੁਰੂਆਤ ਵੀ ਨਹੀਂ ਕੀਤੀ। ਪ੍ਰਸੰਗ ਦੱਸਣ ਤੋਂ ਪਹਿਲਾਂ ਅਜਮੇਰ ਸਿੰਘ ਦੀ ਮਹਾਤਮਾ ਗਾਂਧੀ ਦੀ ਸਿਫ਼ਤ ਵਿਚ 20ਵੀਂ ਸਦੀ ਦੀ ਸਿੱਖ ਰਾਜਨੀਤੀ ਦੇ ਪੰਨਾ 187 'ਤੇ ਦਰਜ ਟਿੱਪਣੀ ਨਾਲ ਗੱਲ ਜੋੜ ਕੇ ਘਟਨਾਕ੍ਰਮ ਦੀ ਪੜਤਾਲ ਕੀਤੀ ਜਾਵੇ ਤਾਂ ਗੱਲ ਹੋਰ ਸਾਫ਼ ਹੋ ਜਾਵੇਗੀ। "ਉਹ ਅਹਿੰਸਾ ਦੇ ਸਿਧਾਂਤ ਨੂੰ ਪ੍ਰਣਾਇਆ ਹੋਇਆ ਸੀ।" ਇਸ ਦਾ ਮਤਲਬ ਹੈ ਕਿ ਅਹਿੰਸਾ ਹੀ ਮਹਾਤਮਾ ਗਾਂਧੀ ਲਈ ਪਰਮੋਧਰਮ ਸੀ, ਜਿਸ ਖਾਤਰ ਉਹ ਕਰਨੀ ਵਿਚ ਭਾਵੇਂ ਨਾ ਸਹੀ ਕਥਨੀ ਵਿਚ ਕੁੱਝ ਵੀ ਕੁਰਬਾਨ ਕਰ ਸਕਦਾ ਸੀ ਅਤੇ ਭਾਰਤੀ ਜਨਤਾ ਨੂੰ ਉਸ ਦੇ ਕਿਸੇ ਵੀ ਕਦਮ ਨਾਲ ਕਦੇ ਔਖ ਨਹੀਂ ਹੋਈ, ਕਿਉਂਕਿ ਹਿੰਦੂ ਪਰੰਪਰਾ ਨਾਲ ਉਸ ਦਾ ਕੋਈ ਦਵੰਦ ਨਹੀਂ ਸੀ। ਹੁਣ ਦੇਖਦੇ ਹਾਂ ਕਿ 9 ਅਪਰੈਲ 1925 ਦੇ ਯੰਗ ਇੰਡੀਆ ਵਿਚ ਮਹਾਤਮਾ ਗਾਂਧੀ ਦੇ 'ਦਿ ਰੈਵੋਲਿਊਸ਼ਨਰੀ, ਮਾਈ ਫਰੈਂਡਜ਼' ਵਾਲੇ ਲੇਖ ਵਿਚ ਵਿਚਾਰ ਅਧੀਨ ਮਸਲਾ ਕੀ ਸੀ? ਉਸ ਵੇਲੇ ਭਾਰਤ ਦੇ ਹਥਿਆਰਬੰਦ ਇਨਕਲਾਬੀਆਂ ਅਤੇ ਮਹਾਤਮਾ ਗਾਂਧੀ ਵਿਚਕਾਰ ਆਜ਼ਾਦੀ ਲਈ ਵਰਤੇ ਜਾਂਦੇ ਢੰਗ ਤਰੀਕਿਆਂ ਨੂੰ ਲੈ ਕੇ ਤਿੱਖੀ ਬਹਿਸ ਚੱਲ ਰਹੀ ਸੀ। ਮਹਾਤਮਾ ਗਾਂਧੀ ਨੂੰ ਘੇਰਨ ਲਈ ਇਨਕਲਾਬੀਆਂ ਨੇ ਸਵਾਲਾਂ ਦੀ ਬੁਛਾੜ ਕਰ ਰੱਖੀ ਸੀ, "ਕੀ ਗੁਰੂ ਗੋਬਿੰਦ ਸਿੰਘ ਇਕ ਗੁੰਮਰਾਹ ਦੇਸ਼ਭਗਤ ਸਨ ਕਿਉਂਕਿ ਉਹ ਪਵਿੱਤਰ ਉਦੇਸ਼ ਲਈ ਜੰਗ ਵਿਚ ਵਿਸ਼ਵਾਸ ਰੱਖਦੇ ਸਨ? ਤੁਸੀਂ ਵਾਸ਼ਿੰਗਟਨ, ਗੈਰੀ ਬਾਲਡੀ ਅਤੇ ਲੈਨਿਨ ਬਾਰੇ ਕੀ ਕਹਿਣਾ ਚਾਹੋਗੇ? ਕਮਾਲ ਪਾਸ਼ਾ ਅਤੇ ਡੀ ਵਲੇਰਾ ਬਾਬਤ ਤੁਹਾਡੀ ਕੀ ਰਾਏ ਹੈ? ਤੁਸੀਂ ਸ਼ਿਵਾ ਜੀ ਅਤੇ ਪ੍ਰਤਾਪ ਵਰਗੇ ਚੰਗੇ ਭਲੇ ਤੇ ਕੁਰਬਾਨੀ ਵਾਲੇ ਬੰਦਿਆਂ ਨੂੰ ਕੀ ਕਹੋਗੇ? ਤੁਸੀਂ ਉਸ ਵੈਦ ਨੂੰ ਕੀ ਕਹੋਗੇ ਜਿਸ ਨੇ ਸ਼ਿਵਾ ਜੀ ਨੂੰ ਅੰਗੂਰਾਂ ਦਾ ਰਸ ਦੇਣ ਦੀ ਥਾਂਵੇਂ ਸੰਖੀਆ ਦੇਣ ਦੀ ਸਲਾਹ ਦੇ ਦਿੱਤੀ ਸੀ? ਕੀ ਤੁਸੀਂ ਸ੍ਰੀ ਕ੍ਰਿਸ਼ਨ ਨੂੰ ਵੀ ਪੱਛਮਵਾਦੀ ਕਹੋਗੇ, ਕਿਉਂਕਿ ਉਹ ਵੀ ਦੁਸ਼ਟਾਂ ਦੇ ਸੰਘਾਰ ਵਿਚ ਵਿਸ਼ਵਾਸ ਰੱਖਦੇ ਸਨ? ਹੁਣ ਕੋਈ ਬੇਸ਼ੱਕ ਮਹਾਤਮਾ ਗਾਂਧੀ ਨਾਲ ਸਹਿਮਤ ਹੋਵੇ ਜਾਂ ਨਾ ਹੋਵੇ, ਤਦ ਵੀ ਉਸ ਦਾ ਜਵਾਬ ਧਿਆਨ ਦੀ ਮੰਗ ਕਰਦਾ ਹੈ, ਗਾਂਧੀ ਕਹਿੰਦਾ ਹੈ ਕਿ "ਇਹ ਬੜੇ ਕਸੂਤੇ ਅਤੇ ਬੇਢੱਬੇ ਸਵਾਲ ਹਨ, ਲੇਕਿਨ ਮੈਂ ਇਨ੍ਹਾਂ ਦੇ ਜਵਾਬ ਦੇਣ ਤੋਂ ਕਿਨਾਰਾ ਨਹੀਂ ਕਰਾਂਗਾ। ਪਹਿਲੀ ਗੱਲ, ਇਨਕਲਾਬੀਆਂ ਵਲੋਂ ਗੁਰੂ ਗੋਬਿੰਦ ਸਿੰਘ ਅਤੇ ਬਾਕੀ ਦੇ ਗਿਣਾਏ ਮਹਾਂਪੁਰਖ ਲੁਕ ਛਿਪ ਕੇ ਕੀਤੇ ਕਤਲਾਂ ਵਿਚ ਯਕੀਨ ਨਹੀਂ ਰੱਖਦੇ ਸਨ...ਉਹ ਦੇਸ਼ ਭਗਤ ਆਪਣੇ ਕਾਰਜਾਂ ਅਤੇ ਪੈਰੋਕਾਰਾਂ ਬਾਰੇ ਚੰਗੀ ਤਰ੍ਹਾਂ ਜਾਣਦੇ ਸਨ, ਜਦੋਂ ਕਿ ਅਜੋਕੇ ਭਾਰਤੀ ਇਨਕਲਾਬੀ ਨੂੰ ਪਤਾ ਹੀ ਨਹੀਂ ਕਿ ਉਸ ਨੇ ਕੀ ਕਰਨਾ ਹੈ। ਉਨ੍ਹਾਂ ਕੋਲ ਕੰਮ ਕਰਨ ਵਾਲੇ ਬੰਦੇ ਹੀ ਨਹੀਂ, ਕਰਨ ਲਈ ਉਹ ਮਹੌਲ ਹੀ ਨਹੀਂ ਜਿਹੜਾ ਕਿ ਉਪਰ ਵਰਣਨ ਕੀਤੇ ਦੇਸ਼ ਭਗਤਾਂ ਕੋਲ ਮੌਜੂਦ ਸੀ...ਇਸ ਲਈ ਉਨ੍ਹਾਂ ਇਨਕਲਾਬੀਆਂ ਵਲੋਂ ਆਪਣੀਆਂ ਸਰਗਰਮੀਆਂ ਦੀ ਗੁਰੂ ਗੋਬਿੰਦ ਸਿੰਘ, ਵਾਸ਼ਿੰਗਟਨ, ਗੈਰੀ ਬਾਲਡੀ ਜਾਂ ਲੈਨਿਨ ਨਾਲ ਤੁਲਨਾ ਕਰਨੀ ਬਹੁਤ ਜ਼ਿਆਦਾ ਭੁਲੇਖਾ ਪਾਊ ਅਤੇ ਖਤਰਨਾਕ ਹੈ, ਲੇਕਿਨ ਅਹਿੰਸਾ ਦੇ ਸਿਧਾਂਤ ਉਪਰ ਪਰਖਣ

ਮਗਰੋਂ, ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਜੇਕਰ ਮੈਂ ਉਨ੍ਹਾਂ ਮਹਾਂਪੁਰਖਾਂ ਦਾ ਸਮਕਾਲੀ ਹੁੰਦਾ ਅਤੇ ਉਨ੍ਹਾਂ ਦੇ ਸਬੰਧਤ ਦੇਸ਼ ਦਾ ਵਸਨੀਕ ਹੁੰਦਾ ਤਾਂ ਮੈਂ ਉਨ੍ਹਾਂ ਸਾਰਿਆਂ ਨੂੰ ਹੀ ਗੁੰਮਰਾਹ ਦੇਸ਼ਭਗਤ ਕਹਿਣਾ ਸੀ, ਭਾਵੇਂ ਉਹ ਬੜੇ ਕਾਮਯਾਬ ਅਤੇ ਬਹਾਦਰ ਯੋਧੇ ਸਨ।"

ਅਸੀਂ ਦੇਖ ਸਕਦੇ ਹਾਂ ਕਿ ਮਹਾਤਮਾ ਗਾਂਧੀ ਅਤੇ ਤਤਕਾਲੀ ਇਨਕਲਾਬੀਆਂ ਵਿਚਕਾਰ ਅਨੇਕਾਂ ਮਹਾਪੁਰਖਾਂ ਦੇ ਪ੍ਰਸੰਗ ਵਿਚ ਬਹਿਸ ਹੋ ਰਹੀ ਹੈ, ਲੇਕਿਨ ਅਜਮੇਰ ਸਿੰਘ ਨੇ ਇਕੱਲੇ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਨਾਮ ਚੁੱਕ ਕੇ ਮਹਾਤਮਾ ਗਾਂਧੀ ਨੂੰ ਤਾਂ ਭੰਡ ਹੀ ਦਿੱਤਾ, ਸਗੋਂ ਸਾਰੇ ਮਸਲੇ ਨੂੰ ਫਿਰਕੂ ਜ਼ਹਿਰ ਦੀ ਪੁੱਠ ਦੇ ਦਿੱਤੀ। ਰੱਬ ਜਾਣੇ ਅਜਿਹਾ ਕਰਨ ਵਿਚ ਉਸ ਦਾ ਕੀ ਮਨਸ਼ਾ ਹੈ? ਸ਼ਾਇਦ ਗੁਰੂ ਸਾਹਿਬਾਨ ਨੇ ਹੇਠ ਲਿਖਿਆ ਸ਼ਬਦ ਅਜਿਹੇ ਲੋਕਾਂ ਵਾਸਤੇ ਹੀ ਉਚਾਰਿਆ ਹੈ:

ਪੜਿਆ ਹੋਵੈ ਗੁਨਹਗਾਰ
ਤਾਂ ਓਮੀ ਸਾਧੁ ਨ ਮਾਰੀਐ।
ਐਸੀ ਕਲਾ ਨ ਖੇਡੀਐ
ਜਿਤੁ ਦਰਗਹਿ ਗਇਆ ਹਾਰੀਐ।
ਪੜਿਆ ਅਤੇ ਓਮੀਆ
ਵੀਚਾਰੁ ਅਗੈ ਵੀਚਾਰੀਐ।
ਮੁਹਿ ਚਲੈ ਸੁ ਅਗੈ ਮਾਰੀਐ। (ਪੰਨਾ-469)

(ਪਾਠਕਾਂ ਦੀ ਸੂਚਨਾ ਹਿਤ ਮੈਂ ਸਪਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮਹਾਤਮਾ ਗਾਂਧੀ ਦੀ ਸਿਆਸੀ ਦਾਅਪੇਚਕ ਲੀਹ ਦਾ ਮੈਂ ਅਜਮੇਰ ਸਿੰਘ ਨਾਲੋਂ ਵੀ ਸਵਾਇਆ ਵਿਰੋਧੀ ਹਾਂ। ਪਰ ਮੇਰਾ ਵਿਰੋਧ ਜਾਤੀਗਤ ਜਾਂ ਉਸ ਦੇ ਹਿੰਦੂ ਹੋਣ ਕਰਕੇ ਨਹੀਂ ਹੈ, ਉਸ ਦੇ ਭਾਰਤੀ ਸਰਮਾਏਦਾਰ ਜਮਾਤ ਦਾ ਨੁਮਾਇੰਦਾ ਹੋਣ ਦੀ ਵਜ੍ਹਾ ਕਰਕੇ ਹੈ। ਇਸ ਲਈ ਮੈਨੂੰ ਗਾਂਧੀ ਦਾ ਚੇਲਾ ਸਮਝਣ ਦੀ ਭੁੱਲ ਨਾ ਕਰ ਲਈ ਜਾਵੇ)

ਅਜਮੇਰ ਸਿੰਘ ਨੇ ਇਕ ਹੋਰ ਦਿਲਚਸਪ ਤੱਥ ਸਾਹਮਣੇ ਲਿਆਂਦਾ ਹੈ ਕਿ ਮਹਾਤਮਾ ਗਾਂਧੀ ਨੇ 4 ਮਾਰਚ 1924 ਨੂੰ ਅਕਾਲੀ ਆਗੂਆਂ ਨੂੰ ਲਿਖੇ ਪੱਤਰ ਰਾਹੀਂ ਉਨ੍ਹਾਂ ਕੋਲੋਂ ਇਹ ਪੱਕੀ ਯਕੀਨਦਹਾਨੀ ਦੀ ਮੰਗ ਕੀਤੀ ਸੀ ਕਿ "ਸ਼੍ਰੋਮਣੀ ਗੁਰਦੁਆਰਾ ਕਮੇਟੀ ਸਿੱਖ ਰਾਜ ਦੀ ਕੋਈ ਇੱਛਾ ਨਹੀਂ ਰੱਖਦੀ।" (ਪੰਨਾ-90) ਮੇਰੇ ਖਿਆਲ ਵਿਚ ਇਹ ਬਿਆਨ ਉਸ ਨੂੰ ਇਸ ਲਈ ਜਾਰੀ ਕਰਨਾ ਪਿਆ ਕਿ ਬਾਰਦੋਲੀ ਸਤਿਆਗ੍ਰਹਿ ਦੇ ਮੱਦੇਨਜ਼ਰ ਚੌਰਾ ਚੌਰੀ ਦੀ ਭਿਆਨਕ ਘਟਨਾ ਅਜੇ ਲੋਕ ਮਨਾਂ ਵਿਚ ਤਾਜ਼ਾ ਤਾਜ਼ਾ ਰਮੀ ਹੋਈ ਸੀ। ਗਾਂਧੀ ਅਜਿਹੀ ਕਿਸੇ ਵੀ ਘਟਨਾ ਨੂੰ ਆਪਣੀ ਅਗਵਾਈ ਹੇਠਲੇ ਅੰਦੋਲਨ ਵਿਚ ਦੁਬਾਰਾ ਦੇਖਣਾ ਨਹੀਂ ਸੀ ਚਾਹੁੰਦਾ। ਦੂਜਾ, ਅਕਾਲੀ ਲੀਡਰਸ਼ਿਪ ਆਪਣੇ ਅੰਦੋਲਨ ਲਈ ਵਿਸ਼ਾਲ ਹਮਾਇਤ ਜੁਟਾਉਣ ਲਈ ਖੁਦ ਮਹਾਤਮਾ ਗਾਂਧੀ ਕੋਲ ਗਈ ਸੀ। ਮਹਾਤਮਾ ਗਾਂਧੀ ਨੇ ਸਪਸ਼ਟੀਕਰਨ ਲੈਣ ਦੀ ਖਾਤਰ ਪੰਜ ਨੁਕਤੇ ਉਠਾਏ ਸਨ। ਬਿਆਨ ਲੰਬਾ ਹੋਣ ਕਰਕੇ ਮੈਂ ਉਨ੍ਹਾਂ ਦੀ ਸੰਖੇਪ ਵਿਚ ਹੀ ਗੱਲ ਕਰਾਂਗਾ:

1. ਅਕਾਲੀਆਂ ਦੀ ਆਪਣੀ ਤਾਕਤ, ਸਮਰੱਥਾ ਕਿੰਨੀ ਹੈ?

2. (ੳ) ਗੰਗਸਰ ਜੈਤੋ ਵਿਖੇ ਸ੍ਰੀ ਅਖੰਡ ਪਾਠ ਦੇ ਸਮਾਗਮ ਵਿਚ ਅਕਾਲੀ ਸਪਸ਼ਟ ਤੇ ਸੰਜੀਦਗੀ ਨਾਲ ਐਲਾਨ ਕਰਨਗੇ ਕਿ ਉਨ੍ਹਾਂ ਦਾ ਕੋਈ ਸਿਆਸੀ ਮਨੋਰਥ ਨਹੀਂ ਅਤੇ ਉਹ ਮਹਾਰਾਜਾ ਨਾਭਾ ਦੀ ਬਹਾਲੀ ਦੀ ਮੰਗ ਨਹੀਂ ਕਰਨਗੇ। ਫੇਰ ਵੀ ਜੇਕਰ ਉਹ ਅਜਿਹਾ ਕਰਦੇ ਹਨ ਤਾਂ ਇਹ ਉਨ੍ਹਾਂ ਦੀ ਆਪਣੀ ਅਜ਼ਾਦ ਤੇ ਵੱਖਰੀ ਲਹਿਰ ਹੋਵੇਗੀ।

(ਅ) ਕੋਈ ਗੁਰਦਵਾਰਾ ਇਤਿਹਾਸਕ ਹੈ ਜਾਂ ਨਹੀਂ ਇਸ ਦਾ ਨਿਬੇੜਾ ਸਾਲਸੀ ਦੁਆਰਾ ਕਰਾਇਆ ਜਾਵੇਗਾ ਅਤੇ ਇਸਦੀ ਇਤਿਹਾਸਕਤਾ ਸਿੱਧ ਕਰਨ ਦੀ ਜਿੰਮੇਵਾਰੀ ਐਸ.ਜੀ.ਪੀ.ਸੀ. ਦੀ ਹੋਵੇਗੀ।

3. ਅਕਾਲੀ ਇਹ ਜਾਮਨੀ ਦੇਣਗੇ ਕਿ ਉਨ੍ਹਾਂ ਦਾ ਅੰਦੋਲਨ ਪੂਰੀ ਤਰ੍ਹਾਂ ਸ਼ਾਂਤਮਈ ਹੋਵੇਗਾ।

4. ਇਹ ਲਹਿਰ ਹਿੰਦੂਆਂ ਜਾਂ ਹੋਰ ਕਿਸੇ ਵੀ ਨਸਲ ਜਾਂ ਜਾਤ ਦੇ ਵਿਰੁਧ ਨਹੀਂ ਹੋਵੇਗੀ।

5. ਐਸ.ਜੀ.ਪੀ.ਸੀ. ਦੀ ਸਿੱਖ ਰਾਜ ਦੀ ਕਾਇਮੀ ਦੀ ਕੋਈ ਮਨਸ਼ਾ ਨਹੀਂ ਹੈ, ਕਿ ਕਮੇਟੀ ਪੂਰੀ ਤਰ੍ਹਾਂ ਧਾਰਮਕ ਸੰਸਥਾ ਹੈ, ਕਿ ਇਸ ਦੇ ਕੋਈ ਦੁਨਿਆਵੀ ਉਦੇਸ਼ ਨਹੀਂ ਹੋਣਗੇ।

ਜੇਕਰ ਨਾਭੇ ਦੇ ਮਹਾਰਾਜੇ ਵਲੋਂ ਲਗਾਏ ਗਏ ਦੋਸ਼ ਸਿੱਧ ਹੋ ਜਾਂਦੇ ਹਨ ਤਾਂ ਇਕ ਪ੍ਰਭਾਵਸ਼ਾਲੀ ਅਤੇ ਜੇਤੂ ਅੰਦੋਲਨ ਚਲਾਉਣਾ ਮੁਮਕਿਨ ਹੈ। ਮਹਾਰਾਜੇ ਵਲੋਂ ਸਪਸ਼ਟ ਬਿਆਨਬਾਜ਼ੀ ਕਰਨ ਤੋਂ ਬਾਅਦ ਇਸ ਅੰਦੋਲਨ ਨੂੰ ਸਰਬ ਭਾਰਤੀ ਅੰਦੋਲਨ ਬਣਾਇਆ ਜਾ ਸਕਦਾ ਹੈ (ਸਰੋਤ ਸੀ ਡਬਲਿਊ ਜੀ 27, ਇੰਟਰਨੈਟ ਐਡੀਸ਼ਨ, ਸਫ਼ਾ 30-31)

ਇਹ ਸੀ ਉਹ ਬਿਆਨ ਨਾ ਕਿ ਪੱਤਰ। ਮਹਾਤਮਾ ਗਾਂਧੀ ਵਲੋਂ ਅਕਾਲੀਆਂ ਉਪਰ ਇਸ ਸੂਰਤ ਵਿਚ ਹੀ ਕੁਝ ਸਪਸ਼ਟੀਕਰਨ ਮੰਗੇ ਗਏ ਸਨ ਕਿ ਜੇਕਰ ਉਨ੍ਹਾਂ ਨੇ ਕਾਂਗਰਸ ਪਾਰਟੀ ਦੀ ਹਮਾਇਤ ਲੈਣੀ ਹੈ ਅਤੇ ਇਸ ਅੰਦੋਲਨ ਨੂੰ ਭਾਰਤ ਪੱਧਰ 'ਤੇ ਲੈ ਕੇ ਜਾਣਾ ਹੈ ਤਾਂ ਉਨ੍ਹਾਂ ਨੂੰ ਵੀ ਕੁਝ ਸ਼ਰਤਾਂ ਮੰਨਣੀਆਂ ਪੈਣਗੀਆਂ, ਨਹੀਂ ਤਾਂ ਉਹ ਆਪਣੇ ਤੌਰ 'ਤੇ ਜਿਹੋ ਜਿਹਾ ਵੀ ਅੰਦੋਲਨ ਚਲਾਉਣਾ ਚਾਹੁੰਦੇ ਹਨ, ਚਲਾ ਸਕਦੇ ਹਨ, ਉਹ ਅਜ਼ਾਦ ਹਨ। ਲੇਕਿਨ ਅਜਮੇਰ ਸਿੰਘ ਨੇ ਸਾਰੇ ਮਸਲੇ ਨੂੰ ਪ੍ਰਸੰਗ ਨਾਲੋਂ ਤੋੜ ਕੇ ਕੁੱਝ ਹੋਰ ਹੀ ਰੰਗਤ ਦੇ ਦਿੱਤੀ।

ਹੁਣ ਅਸੀਂ ਲੇਖਕ ਵਲੋਂ 'ਕਿਸ ਬਿਧ ਰੁਲੀ ਪਾਤਸ਼ਾਹੀ' ਦੀਆਂ ਵਿਹਾਰਕ ਅਤੇ ਸਿਧਾਂਤਕ ਗੁਰਬੰਦੀਆਂ ਬਾਰੇ ਚਰਚਾ ਕਰਨ ਦੀ ਕੋਸ਼ਿਸ਼ ਕਰਾਂਗੇ। ਪ੍ਰਿੰ. ਅਮਰਜੀਤ ਸਿੰਘ ਪਰਾਗ ਨੇ ਆਪਣੀ ਟਿੱਪਣੀ ਵਿਚ ਸਵਾਲ ਉਠਾਇਆ ਸੀ ਕਿ ਸਿੱਖ ਗੁਰੂ ਸਾਹਿਬਾਨ ਦਾ ਦੁਨਿਆਵੀ ਪਾਤਸ਼ਾਹੀ ਖੜੀ ਕਰਨ ਦਾ ਕੋਈ ਮਨਸ਼ਾ ਨਹੀਂ ਸੀ। ਇਸ ਕਰਕੇ ਉਨ੍ਹਾਂ ਨੇ ਇਕ ਇੰਚ ਜ਼ਮੀਨ ਉਪਰ ਵੀ ਕਬਜ਼ਾ ਨਹੀਂ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਰਵਿਦਾਸ ਦੇ ਬੇਗਮਪੁਰਾ ਸ਼ਹਿਰ ਕੋ ਨਾਓ ਤੋਂ ਬਿਨਾਂ...ਜੇਕਰ ਇਸ ਦੀ ਵਿਆਖਿਆ ਦੀ ਖਿਚ-ਧੂਹ ਕਰਕੇ ਪਾਤਸ਼ਾਹੀ ਖੜੀ ਕਰਨ ਦੇ ਅਰਥ ਕੱਢੇ ਜਾਣ.. ਤਾਂ ਕਿਧਰੇ ਵੀ ਦੁਨਿਆਵੀ ਪਾਤਸ਼ਾਹੀ ਖੜ੍ਹੀ ਕਰਨ ਦੀ ਭੋਰਾ ਭਰ ਵੀ ਭਿਣਕ ਨਹੀਂ ਪੈਂਦੀ। ਖੁਦ ਅਜਮੇਰ ਸਿੰਘ ਨੇ ਆਪਣੀ ਦੂਜੀ ਕਿਤਾਬ ਵਿਚ ਦਰਜਨਾਂ ਥਾਂਵਾਂ 'ਤੇ ਅਜਿਹਾ ਜ਼ਿਕਰ ਕੀਤਾ ਹੋਇਆ ਹੈ, ਜਿਵੇਂ ਕਿ "ਸਿੱਖ ਲਹਿਰ ਮਰਾਠਾ ਲਹਿਰ ਵਾਂਗੂੰ ਖੇਤਰੀ ਕੌਮਪ੍ਰਸਤੀ ਦੇ ਜਜ਼ਬੇ ਤੋਂ ਪ੍ਰੇਰਿਤ ਨਹੀਂ ਸੀ। ਭਾਵ ਇਹ ਕਿ ਕਿਸੇ ਵਿਸ਼ੇਸ਼ ਭੂਗੋਲਿਕ ਖੇਤਰ ਅੰਦਰ ਰਾਜ ਸਥਾਪਤ ਕਰਨਾ ਇਸ ਦਾ ਮੂਲ ਮਨੋਰਥ ਨਹੀਂ ਸੀ। ਇਸ ਦਾ ਨਿਸ਼ਾਨਾ ਸਮਾਜ ਅੰਦਰੋਂ ਹਰ ਕਿਸਮ ਦੀ ਨਾ ਬਰਾਬਰੀ ..(ਉਚ ਨੀਚ).. ਤੇ ਦੂਈ ਦਵੈਤ ਦਾ ਅੰਤ ਕਰਨਾ ਸੀ।" (ਪੰਨਾ-5)

"ਰਾਜ ਦੀ ਪ੍ਰਾਪਤੀ ਉਨ੍ਹਾਂ ਦਾ ਨਿਸ਼ਾਨਾ ਜ਼ਰੂਰ ਸੀ ਪਰ ਇਸ ਨਿਸ਼ਾਨੇ ਪਿੱਛੇ ਧਰਤੀ 'ਤੇ ਕਬਜ਼ੇ ਦੀ ਕੋਈ ਦੁਨਿਆਵੀ ਲਾਲਸਾ ਕੰਮ ਨਹੀਂ ਸੀ ਕਰਦੀ। ਰਾਜ ਦੀ ਪਰਾਪਤੀ ਰੂਹਾਨੀਅਤ ਦੀ ਇਕ ਮੰਜ਼ਿਲ ਸੀ।" (ਪੰਨਾ-10)

"ਬਾਬਾ ਬੰਦਾ ਸਿੰਘ ਨੇ ਇਸ ਬਾਰੇ ਉਕਾ ਹੀ ਕੋਈ ਭੁਲੇਖਾ ਨਹੀਂ ਸੀ ਰਹਿਣ ਦਿੱਤਾ ਕਿ ਖਾਲਸੇ ਦੁਆਰਾ ਰਾਜਸੀ ਸੱਤਾ ਕਾਇਮ ਕਰਨ ਦਾ ਮਨੋਰਥ ਧਰਤੀ ਉਪਰ ਕਬਜ਼ੇ ਦੀ ਲਾਲਸਾ ਪੂਰੀ ਕਰਨਾ ਨਹੀਂ। ਸੱਤਾ ਖਾਲਸੇ ਲਈ ਧਰਤੀ

**ਅਜਮੇਰ ਸਿੰਘ ਨੂੰ ਵਹਿਮ ਹੈ ਕਿ ਉਹ ਜੋ ਕੁੱਝ ਲਿਖ ਰਿਹਾ ਹੈ, ਉਸ ਅੰਦਰਲੇ ਅੰਤਰ-ਵਿਰੋਧਾਂ ਦਾ ਕਿਸੇ ਨੂੰ ਪਤਾ ਹੀ ਨਹੀਂ ਲੱਗਣਾ ਕਿਉਂਕਿ 1970 ਤੋਂ ਲੈ ਕੇ 1992 ਤੱਕ ਲੱਗਭਗ 32 ਸਾਲ ਉਹ ਕਮਿਊਨਿਸਟ ਵਿਚਾਰਧਾਰਾ ਦੀਆਂ ਅਨੇਕਾਂ ਫਾਕਾਂ ਵਿਚੋਂ ਦੀ ਲੰਘਦਾ ਹੋਇਆ ਇਥੋਂ ਤੱਕ ਪਹੁੰਚਿਆ ਹੈ। ਕਿਹਾ ਜਾਂਦਾ ਹੈ ਕਿ ਸ਼ਬਦਾਂ ਦੀ ਭੰਨ-ਤੋੜ ਕਰਨ ਵਿਚ ਉਸ ਨੂੰ ਵਿਸ਼ੇਸ਼ ਮੁਹਾਰਤ ਹਾਸਲ ਹੈ ਲੇਕਿਨ ਅਸੀਂ ਕੁਰਸੀਨਾਮਾ ਫਰੋਲਣ ਦੇ ਹੱਕ ਵਿਚ ਨਹੀਂ ਹਾਂ**

ਉਪਰ ਆਪਣੇ ਆਦਰਸ਼ਾਂ ਨੂੰ ਸਾਕਾਰ ਕਰਨ ਦਾ ਇਕ ਜ਼ਰੀਆ ਹੈ।" (ਸਫ਼ਾ- 15)

ਇਸ ਦਾ ਮਤਲਬ ਇਹ ਨਿਕਲਿਆ ਕਿ ਜਾਂ ਤਾਂ ਖਾਲਸੇ ਦਾ ਧਰਤੀ ਉਪਰ ਪਾਤਸ਼ਾਹੀ ਕਾਇਮ ਕਰਨ ਦਾ ਕੋਈ ਅਜੰਡਾ ਨਹੀਂ ਸੀ ਜਾਂ ਇਹ ਅਜੰਡਾ ਉਦੋਂ ਤੱਕ ਹੀ ਸੀ, ਜਦੋਂ ਤੱਕ ਉਨ੍ਹਾਂ ਦੇ ਆਦਰਸ਼ ਸਾਕਾਰ ਨਹੀਂ ਹੋ ਜਾਂਦੇ। ਉਪਰੋਕਤ ਟੂਕਾਂ ਵਿਰੋਧਾਭਾਸੀ ਜਾਪਦੀਆਂ ਹਨ। ਲੇਖਕ ਨੇ ਬੰਦਾ ਸਿੰਘ ਬਹਾਦਰ ਦੀਆਂ ਘਾਲਣਾਵਾਂ ਦੀ ਬਹੁਤ ਸੋਹਣੀ ਵਿਆਖਿਆ ਕੀਤੀ ਹੈ ਲੇਕਿਨ ਉਸੇ ਸਮੇਂ ਦੇ ਇਤਿਹਾਸ ਦੇ ਕੁਝ ਅਜਿਹੇ ਕਸੂਤੇ ਸਵਾਲ ਵੀ ਹਨ ਜਿਹੜੇ ਸਿੱਖ ਵਿਦਵਾਨਾਂ ਕੋਲੋਂ ਜਵਾਬ ਮੰਗਦੇ ਹਨ। ਮਾਤਾ ਸੁੰਦਰੀ ਵਲੋਂ ਸਿੱਖਾਂ ਨੂੰ ਵਾਰ ਵਾਰ ਹੁਕਮਨਾਮੇ ਜਾਰੀ ਕਰਕੇ ਬੰਦੇ ਦਾ ਸਾਥ ਛੱਡਣ ਦੇ ਆਦੇਸ਼ ਕਿਉਂ ਦਿੱਤੇ ਜਾਂਦੇ ਰਹੇ ਸਨ? ਬਾਬਾ ਬਿਨੋਦ ਸਿੰਘ ਉਨ੍ਹਾਂ ਔਖੀਆਂ ਘੜੀਆਂ ਵਿਚ ਬੰਦੇ ਬਹਾਦਰ ਦਾ ਸਾਥ ਕਿਉਂ ਛੱਡ ਗਏ ਸਨ, ਜਦੋਂ ਬੰਦੇ ਦੇ ਸਿੰਘ ਗੁਰਦਾਸ ਨੰਗਲ ਦੀ ਗੜ੍ਹੀ ਵਿਚ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਸਨ ਅਤੇ ਖਾਲਸਾ ਰਾਜ ਆਪਣੇ ਭਰੂਣ ਰੂਪ ਵਿਚ ਹੀ ਪਨਪ ਰਿਹਾ ਸੀ? ਕਿਸੇ ਵੀ ਸਿੱਖ ਟੈਕਸਟ ਵਿਚ ਇਨ੍ਹਾਂ ਸਵਾਲਾਂ ਦੇ ਨਿੱਗਰ ਜਵਾਬ ਨਹੀਂ ਮਿਲਦੇ। ਕਿਤੇ ਪਾਤਸ਼ਾਹੀ ਰੁਲਣ ਦਾ ਸਬੱਬ ਵੀ ਇਨ੍ਹਾਂ ਸਵਾਲਾਂ ਵਿਚ ਹੀ ਤਾਂ ਨਹੀਂ ਪਿਆ? ਲੇਖਕ ਨੇ ਇਨ੍ਹਾਂ ਸਵਾਲਾਂ ਦੇ ਰੂ-ਬ-ਰੂ ਹੋਣ ਦੀ ਬਜਾਏ ਸਿੱਧਾ ਹੀ ਬਾਬਾ

***ਲੇਖਕ ਨੇ ਸਿੱਖ ਕੌਮ ਦੀ ਨਿਆਰੀ ਹਸਤੀ ਤੇ ਨਿਆਰਾ ਰਾਜ ਸਥਾਪਤ ਕਰਨ ਦੀ ਧੁੱਸ ਵਿਚ ਭਗਤ ਬਾਣੀ ਨੂੰ ਵੀ ਨਹੀਂ ਬਖ਼ਸ਼ਿਆ। ਉਸ ਨੇ ਗੁਰੂ ਸਾਹਿਬਾਨ ਅਤੇ ਭਗਤਾਂ ਵਿਚਕਾਰ ਮਸਨੂਈ ਦੁਫੇੜ ਪੈਦਾ ਕਰਨ ਦਾ ਕਾਰਨਾਮਾ ਵੀ ਕਰ ਦਿਖਾਇਆ ਹੈ। ਉਹ ਭਗਤਾਂ ਨੂੰ ਮਿਹਣਾ ਮਾਰਦਾ ਹੈ ਕਿ ਉਨ੍ਹਾਂ ਨੇ ਬਾਬੇ ਨਾਨਕ ਵਾਂਗ ਤਤਕਾਲੀ ਹਕੂਮਤ ਨੂੰ 'ਰਾਜੇ ਸੀਂਹ ਮੁਕਦਮ ਕੁੱਤੇ' ਆਖ ਕੇ ਨਹੀਂ ਵੰਗਾਰਿਆ। ਕੀ ਸਾਰਿਆਂ ਲਈ ਹੀ ਅਜਿਹਾ ਕਰਨਾ ਜ਼ਰੂਰੀ ਸ਼ਰਤ ਬਣਦੀ ਸੀ? ਜੇਕਰ ਭਗਤਾਂ ਤੇ ਭੱਟਾਂ ਦੀ ਰਚਨਾ ਗੁਰੂ ਆਸ਼ੇ ਦੇ ਅਨੁਕੂਲ ਨਹੀਂ ਸੀ ਤਾਂ ਫੇਰ ਇਹ ਸ੍ਰੀ ਗੁਰੂ ਗਰੰਥ ਸਾਹਿਬ ਦਾ ਅੰਗ ਕਿਵੇਂ ਬਣ ਗਈ?***

ਆਲਾ ਸਿੰਘ ਨੂੰ ਫੜ ਲਿਆ, ਜਿਵੇਂ ਉਹ ਹੀ ਸਾਰੇ ਪੁਆੜੇ ਦੀ ਜੜ੍ਹ ਹੋਵੇ। ਅਜਮੇਰ ਸਿੰਘ ਨੇ ਇਹ ਤਾਂ ਠੀਕ ਹੀ ਨੋਟ ਕੀਤਾ ਹੈ ਕਿ "ਸਹਿਜੇ ਸਹਿਜੇ ਸਿੱਖ ਸਰਦਾਰਾਂ ਤੇ ਰਈਸਾਂ ਦੀ ਅਜਿਹੀ ਪਰਤ ਪੈਦਾ ਹੋ ਗਈ, ਜਿਸ ਦੀ ਸਿੱਖ ਆਦਰਸ਼ਾਂ ਨਾਲ ਕੋਈ ਸਾਂਝ ਪ੍ਰੀਤ ਨਹੀਂ ਸੀ.. (ਸਫ਼ਾ-16) ਜਦੋਂ ਸਿੱਖਾਂ ਅੰਦਰ ਹੀ ਆਦਰਸ਼ਾਂ ਨਾਲ ਕੋਈ ਸਾਂਝ ਪ੍ਰੀਤ ਨਾ ਰਹੀ ਹੋਵੇ ਤਾਂ ਫੇਰ 'ਹਿੰਦੂ ਦੁਸ਼ਟਾਂ' ਨੂੰ ਕੋਸਣ ਦਾ ਕੀ ਫਾਇਦਾ, ਜਿਨ੍ਹਾਂ ਨੇ ਸਿੱਖਾਂ ਦੇ ਖਿਲਾਫ਼ ਮੁਗਲਾਂ ਦਾ ਸਾਥ ਦਿੱਤਾ। (ਪੰਨਾ-8) ਭਾਵੇਂ ਇਹ ਦਲੀਲ ਉਕਾ ਹੀ ਗੁੰਮਰਾਹਕੁੰਨ ਹੈ। ਡਾ. ਹਰਪਾਲ ਸਿੰਘ ਪੰਨੂੰ ਨੇ ਆਪਣੀ ਟਿੱਪਣੀ ਵਿਚ ਠੀਕ ਹੀ ਲਿਖਿਆ ਹੈ ਕਿ ਉਸ ਦੌਰ ਵਿਚ ਜੇਕਰ ਸਿੱਖਾਂ ਦੀ ਗਿਣਤੀ ਵੱਧ ਰਹੀ ਸੀ ਤਾਂ ਉਹ ਹਿੰਦੂਆਂ ਦੇ ਕਾਰਨ ਹੀ ਸੀ, ਨਾ ਕਿ ਸਿੱਖਾਂ ਅੰਦਰ ਹੀ ਵਸੋਂ ਦਾ ਬੇਸ਼ੁਮਾਰ ਵਾਧਾ ਹੋ ਰਿਹਾ ਸੀ। ਆਮ 'ਦੁਸ਼ਟ ਹਿੰਦੂਆਂ' ਨੇ ਸਿੱਖ ਗੁਰੂ ਸਾਹਿਬਾਨਾਂ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਕਾਇਮ ਹੋਣ ਤੱਕ ਪੰਥ ਦਾ ਏਨਾ ਨੁਕਸਾਨ ਨਹੀਂ ਸੀ ਕੀਤਾ ਜਿੰਨਾ ਗੁਰੂਆਂ ਦੀ ਵੰਸ ਵਿਚ ਪੈਦਾ ਹੋਏ ਪ੍ਰਿਥੀਆਂ, ਮੀਣਿਆਂ, ਧੀਰਮੱਲੀਆਂ ਅਤੇ ਰਾਮਰਾਈਆਂ ਨੇ ਕੀਤਾ ਹੈ। ਸੰਨ 1839 ਤੋਂ ਲੈ ਕੇ ਅੱਜ ਤੱਕ ਵੀ ਇਹ ਇਕੱਲੇ "ਦੁਸ਼ਟ ਹਿੰਦੂ" ਨੇਤਾ ਤੇ ਨੌਕਰਸ਼ਾਹ ਹੀ ਨਹੀਂ, ਸਗੋਂ ਸਿੱਖ ਰਈਸ ਤੇ ਰਜਵਾੜਿਆਂ ਦੀਆਂ ਨਾਜਾਇਜ਼ ਔਲਾਦਾਂ, ਨਵੀਂ ਉਭਰੀ ਧਨੀ ਸਿੱਖ ਕਿਸਾਨੀ, ਕੁਲਕਾਂ ਵਿਚੋਂ ਆਏ ਸਰਕਾਰੀ ਕਰਿੰਦੇ ਹੀ ਹਨ, ਜਿਹੜੇ ਭਾਰਤੀ ਰਾਜ ਦੇ ਦੰਦੇ ਤਿੱਖੇ ਕਰਨ ਲਈ ਸਾਣ ਦਾ ਕੰਮ ਕਰਦੇ ਆ ਰਹੇ ਹਨ।

ਲੇਖਕ ਸਿੱਖ ਆਗੂਆਂ ਅੰਦਰ "ਸਿੱਖ ਕੌਮ" ਪ੍ਰਤੀ ਬੇਵਫ਼ਾਈ ਦਾ ਕਾਰਨ ਸਿੱਖ ਕੌਮ ਦੀ ਨਿਆਣੀ ਉਮਰ ਨੂੰ ਮੰਨਦਾ ਹੈ (ਪੰਨਾ-55) ਅਤੇ ਇਸ ਕਰਕੇ ਉਹ ਸਾਰੀ ਭੜਾਸ ਮਹਾਤਮਾ ਗਾਂਧੀ ਦੇ ਕਥਿਤ ਹਿੰਦੂ ਰਾਸ਼ਟਰ ਵਿਰੁਧ ਕੱਢ ਕੇ ਹੌਲਾ ਫ਼ੁੱਲ ਹੋ ਕੇ ਬੈਠ ਜਾਂਦਾ ਹੈ। ਇਸ ਹਿੰਦੂ ਰਾਸ਼ਟਰਵਾਦ ਦੀਆਂ ਜੜ੍ਹਾਂ ਪੱਕੀਆਂ ਕਰਨ ਲਈ ਉਸ ਨੇ ਹਿੰਦੂ ਇਤਿਹਾਸਕਾਰਾਂ ਨੂੰ ਤਾਂ ਭੰਡਣਾ ਹੀ ਸੀ ਸਗੋਂ ਸਿੱਖ ਇਤਿਹਾਸਕਾਰਾਂ ਉਪਰ ਵੀ ਦਾਤਰ ਫੇਰ ਦਿਤਾ ਹੈ। ਅੰਤ ਵਿਚ ਉਹ ਇਹ ਸਿੱਟਾ ਕੱਢਦਾ ਹੈ ਕਿ ਦੋ ਵਿਅਕਤੀ ਭਾਵ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਭਾਈ ਅਮਰੀਕ ਸਿੰਘ ਹੀ ਸਮਝ ਸਕੇ (ਪੰਨਾ-249 ਅਤੇ ਇਸ ਦੀ ਚਰਨਟੂਕ)। ਆਪਣਾ ਨਾਮ ਲੈਣ ਦੀ ਜਿੰਮੇਵਾਰੀ ਸ਼ਾਇਦ ਉਨ੍ਹਾਂ ਨੇ ਕਰਮਜੀਤ ਭਾਅ ਜੀ 'ਤੇ ਸੁੱਟ ਦਿੱਤੀ ਹੈ। ਇਤਿਹਾਸ ਦੀ ਇਹ ਬਹੁਤ ਹੀ ਪੇਤਲੀ ਅਤੇ ਕਚਘਰੜ ਪੇਸ਼ਕਾਰੀ ਹੈ। ਹਿੰਦੂ ਰਾਸ਼ਟਰਵਾਦ, ਜੇ ਕੋਈ ਹੈ ਵੀ ਸੀ, ਤਾਂ ਇਹ ਗਾਂਧੀ ਦੀ ਦੇਣ ਨਹੀਂ ਸੀ। ਰਾਸ਼ਟਰਵਾਦ ਇਕ ਸਰਮਾਏਦਾਰਾਨਾ ਸੰਕਲਪ ਹੈ। ਨਾ ਇਹ ਮੁਗ਼ਲ ਕਾਲ ਵਿਚ ਪੈਦਾ ਹੋ ਸਕਦਾ ਸੀ, ਨਾ ਗੁਰੂ ਸਾਹਿਬਾਨ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ। ਇਸ ਨੂੰ ਪੈਦਾ ਕਰਨ ਵਾਲੇ ਸਰਮਾਏਦਾਰਾਨਾ ਤਾਮਝਾਮ ਵਾਲੇ ਬਰਤਾਨਵੀ ਬਸਤੀਵਾਦੀ ਹਾਕਮ ਸਨ, ਜਿਨ੍ਹਾਂ ਨੇ ਖਿੰਡੇ ਪੁੰਡੇ ਇਕ ਵੱਡੇ ਉਪਮਹਾਂਦੀਪ ਨੂੰ ਇਕ ਲੜੀ ਵਿਚ ਪਰੋ ਦਿੱਤਾ। ਖੈਰ, ਇਹ ਇਕ ਵੱਡਾ ਵਿਸ਼ਾ ਹੈ। ਸਭ ਨੂੰ ਪਤਾ ਹੈ ਕਿ 1849 ਤੱਕ ਅਸਲ ਸਿੱਖ ਰਾਜ (ਜੇ ਕੋਈ ਹੈ ਸੀ) ਤਾਂ ਉਹ ਜੇਹਲਮ ਅਤੇ ਸਤਲੁਜ ਦੇ ਵਿਚਕਾਰ ਫੈਲਿਆ ਹੋਇਆ ਸੀ। ਸਤਲੁਜ ਦੇ ਉਰਾਰਲੇ ਸਿੱਖ ਖਿੱਤੇ ਤਾਂ ਬਕੌਲ ਅਜਮੇਰ ਸਿੰਘ ਕਦੇ ਅਬਦਾਲੀ ਅਤੇ ਕਦੇ ਅੰਗਰੇਜ਼ਾਂ ਦੀਆਂ 'ਸੂਬੇਦਾਰੀਆਂ' ਹੀ ਕਹੀਆਂ ਜਾ ਸਕਦੀਆਂ ਹਨ। ਲੇਕਿਨ ਲੇਖਕ ਕਿਸੇ ਸਿਖਾਂਦਰੂ ਦਰਜ਼ੀ ਵਾਂਗ ਇਸ ਸਾਰੇ ਕਾਸੇ ਦੀ ਵੱਢ ਟੁੱਕ ਕਰਕੇ ਇਸ ਖਿੱਤੇ ਨੂੰ ਅਜੋਕੀਆਂ ਸਿਆਸੀ ਭੂਗੋਲਿਕ ਹਾਲਤਾਂ ਦੇ ਮੇਚ ਕਰਨ ਹਿਤ ਘੱਗਰ ਦਰਿਆ ਤੱਕ ਖਿੱਚਣ ਵਿਚ ਲੱਗਿਆ ਹੋਇਆ ਹੈ। (ਪੰਨਾ-98)

ਲੇਖਕ ਨੇ ਸਿੱਖ ਕੌਮ ਦੀ ਨਿਆਰੀ ਹਸਤੀ ਤੇ ਨਿਆਰਾ ਰਾਜ ਸਥਾਪਤ ਕਰਨ ਦੀ ਧੁੱਸ ਵਿਚ ਭਗਤ ਬਾਣੀ ਨੂੰ ਵੀ ਨਹੀਂ ਬਖਸ਼ਿਆ। ਉਸ ਨੇ ਗੁਰੂ ਸਾਹਿਬਾਨ ਅਤੇ ਭਗਤਾਂ ਵਿਚਕਾਰ ਮਸਨੂਈ ਦੁਫੇੜ ਪੈਦਾ ਕਰਨ ਦਾ ਕਾਰਨਾਮਾ ਵੀ ਕਰ ਦਿਖਾਇਆ ਹੈ। ਉਹ ਭਗਤਾਂ ਨੂੰ ਮਿਹਣਾ ਮਾਰਦਾ ਹੈ ਕਿ ਉਨ੍ਹਾਂ ਨੇ ਬਾਬੇ ਨਾਨਕ ਵਾਂਗ ਤਤਕਾਲੀ ਹਕੂਮਤ ਨੂੰ 'ਰਾਜੇ ਸੀਂਹ ਮੁਕੱਦਮ ਕੁੱਤੇ' ਆਖ ਕੇ ਨਹੀਂ ਵੰਗਾਰਿਆ। ਕੀ ਸਾਰਿਆਂ ਲਈ ਹੀ ਅਜਿਹਾ ਕਰਨਾ ਜ਼ਰੂਰੀ ਸ਼ਰਤ ਬਣਦੀ ਸੀ? ਜੇਕਰ ਭਗਤਾਂ ਤੇ ਭੱਟਾਂ ਦੀ ਰਚਨਾ ਗੁਰੂ ਆਸ਼ੇ ਦੇ ਅਨੁਕੂਲ ਨਹੀਂ ਸੀ ਤਾਂ ਫੇਰ ਇਹ ਸ੍ਰੀ ਗੁਰੂ ਗਰੰਥ ਸਾਹਿਬ ਦਾ ਅੰਗ ਕਿਵੇਂ ਬਣ ਗਈ? ਕੀ ਇਹ ਗੁਰੂ ਅਰਜਨ ਦੇਵ ਦੀ ਦੈਵੀ ਸੂਝ ਉਪਰ ਅਚੇਤਾ ਹਮਲਾ ਨਹੀਂ ਹੈ? ਕੀ ਉਹ ਦੂਜੇ, ਤੀਜੇ, ਚੌਥੇ, ਪੰਜਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਦੀ ਬਾਣੀ ਵਿਚੋਂ ਕੋਈ ਇਕ ਅੱਧੀ ਤੁਕ ਵੀ ਦਿਖਾ ਸਕਦਾ ਹੈ, ਜਿਸ ਵਿਚ ਹਕੂਮਤ ਨੂੰ ਲਲਕਾਰਿਆ ਗਿਆ ਹੋਵੇ? ਗੁਰੂ ਨਾਨਕ ਸਾਹਿਬ ਤੋਂ ਬਿਨਾ ਭਗਤ ਕਬੀਰ, ਭਗਤ ਰਵਿਦਾਸ ਅਤੇ ਭਗਤ ਨਾਮਦੇਵ ਨੇ ਹੀ ਬ੍ਰਾਹਮਣਵਾਦੀ ਵਰਣ ਵਿਵਸਥਾ 'ਤੇ ਬੱਜਰ ਸੱਟਾਂ ਮਾਰੀਆਂ ਹਨ ਕਿਉਂਕਿ ਸਥਾਪਤ ਵਿਚਾਰਧਾਰਾ 'ਤੇ ਹਮਲਾ ਸਟੇਟ ਦੇ ਇਕ ਵੱਡੇ ਥੰਮ ਉਪਰ ਹੀ ਹਮਲਾ ਹੁੰਦਾ ਹੈ। ਇਸ ਦੀਆਂ ਅਨੇਕਾਂ ਮਿਸਾਲਾਂ ਹਨ:

ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ।
ਤਉ ਆਨ ਬਾਟ ਕਾਹੇ ਨਹੀ ਆਇਆ। -
ਭਗਤ ਕਬੀਰ (ਪੰਨਾ 324)

ਤੁਮ ਕਤ ਬ੍ਰਾਹਮਣ ਹਮ ਕਤ ਸੂਦ।
ਹਮ ਕਤ ਲੋਹੂ ਤੁਮ ਕਤ ਦੂਧ।
-ਭਗਤ ਕਬੀਰ (ਪੰਨਾ 324)

ਹਿੰਦੂ ਅੰਨ੍ਹਾ ਤੁਰਕੂ ਕਾਣਾ।
ਦੁਹਾਂ ਤੇ ਗਿਆਨੀ ਸਿਆਣਾ।
-ਭਗਤ ਨਾਮਦੇਵ (ਪੰਨਾ- 875)

ਇਸ ਦੇ ਉਲਟ ਗੁਰਬਾਣੀ ਅੰਦਰ ਹੀ ਵਰਨ ਵਿਵਸਥਾ ਦੇ ਪੱਖ ਵਿਚ ਕਈ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਲੇਕਿਨ ਮੇਰੀ ਮਨਸ਼ਾ ਦੁਫੇੜ ਪੈਦਾ ਕਰਨਾ ਨਹੀਂ ਹੈ। ਹਿੰਦੂ ਰਾਸ਼ਟਰਵਾਦ ਦੇ ਵਿਰੋਧ ਵਿਚ ਲੇਖਕ ਗੁਰੂ ਸਾਹਿਬਾਨ ਨੂੰ ਵੀ ਹੱਥ ਪਾਉਣ ਦਾ ਅਚੇਤ ਹੀ ਗੁਨਾਹ ਕਰ ਜਾਂਦਾ ਹੈ। ਉਹ ਲਿਖਦਾ ਹੈ ਕਿ ਸਾਰੀ ਗੁਰਬਾਣੀ ਵਿਚੋਂ ਹਿੰਦੂ ਅਤੇ ਉਨ੍ਹਾਂ ਦੀ ਝੇਪ ਮੰਨਣ ਵਾਲੇ ਸਿੱਖ ਇਤਿਹਾਸਕਾਰਾਂ ਨੂੰ "ਪੂਰੀਆਂ ਕੋਸ਼ਿਸ਼ਾਂ ਤੋਂ ਬਾਅਦ ਉਨ੍ਹਾਂ ਨੂੰ ਸਮੁੱਚੀ ਗੁਰਬਾਣੀ ਵਿਚੋਂ ਆਪਣੇ ਮਤਲਬ ਦਾ ਸਿਰਫ਼ ਇਕੋ ਹੀ ਸ਼ਲੋਕ (ਹਿੰਦੁਸਤਾਨ) ਮਿਲਿਆ।" (ਪੰਨਾ-111) ਸਵਾਲ ਕਦੇ ਵੀ ਇਕ ਜਾਂ ਅਨੇਕਾਂ ਸ਼ਬਦਾਂ, ਸੰਕਲਪਾਂ ਦਾ ਨਹੀਂ ਹੁੰਦਾ, ਸਗੋਂ ਤਤਕਾਲੀ ਸਮੇਂ ਦੇ ਸੱਚ ਦਾ ਹੁੰਦਾ ਹੈ। ਇਸ ਗੱਲ ਵਿਚ ਅੱਜ ਕੋਈ ਰੱਟਾ ਹੀ ਨਹੀਂ ਰਿਹਾ ਕਿ ਧਰਤੀ ਦੇ ਇਸ ਭੂ-ਖੰਡ ਨੂੰ ਹਿੰਦੁਸਤਾਨ ਦਾ ਅਤੇ ਇਥੋਂ ਦੇ ਵਸਨੀਕਾਂ ਨੂੰ ਹਿੰਦੂਆਂ ਦਾ ਨਾਮ ਇਸਲਾਮ ਨੂੰ ਮੰਨਣ ਵਾਲਿਆਂ ਨੇ ਹੀ ਦਿੱਤਾ ਸੀ। ਇਹ ਦੋਵੇਂ ਸ਼ਬਦ ਉਸ ਵੇਲੇ ਦੀ ਲੋਕ ਭਾਸ਼ਾ ਤੇ ਮਾਨਸਿਕਤਾ ਦਾ ਅਟੁੱਟ ਅੰਗ ਬਣ ਚੁੱਕੇ ਸਨ। ਗੁਰਬਾਣੀ ਅੰਦਰ 'ਹਿੰਦੂ' ਸ਼ਬਦ ਸੈਂਕੜੇ ਵਾਰੀ ਆਇਆ ਹੈ ਜਿਸ ਦਾ ਆਪਣੇ ਆਪ ਵਿਚ ਹੀ ਮਤਲਬ ਉਸ ਭੂ-ਖੰਡ ਦਾ ਵਾਸੀ ਹੋਣਾ ਹੈ ਜਿਸ ਦਾ ਨਾਮ 'ਹਿੰਦੁਸਤਾਨ' ਹੈ। ਫੇਰ ਵੀ ਲੇਖਕ ਦੀ ਜਾਣਕਾਰੀ ਲਈ ਦੱਸ ਦੇਣਾ ਚਾਹੀਦਾ ਹੈ ਕਿ ਗੁਰਬਾਣੀ ਵਿਚ 'ਹਿੰਦੁਸਤਾਨ' ਸ਼ਬਦ ਕਈ ਵਾਰ ਆਇਆ ਹੈ:

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ। (ਪੰਨਾ-60)
ਕਾਇਆ ਕਪੜੁ ਟੁਕੁ ਟੁਕੁ ਹੋਸੀ
ਹਿਦੁਸਤਾਨੁ ਸਮਾਲਸੀ ਬੋਲਾ। (ਪੰਨਾ-723)

ਲੇਖਕ ਨੇ ਗੁਰੂਆਂ ਅਤੇ ਭਗਤਾਂ, ਹਿੰਦੂਆਂ ਅਤੇ 'ਮਲੇਛਾਂ' (ਮੁਸਲਮਾਨਾਂ), ਰਾਸ਼ਟਰਵਾਦੀਆਂ ਅਤੇ ਸਿੱਖ ਆਗੂਆਂ ਅਤੇ ਸਿੱਖਾਂ ਅੰਦਰ ਵੀ ਮਿਸਲਾਂ ਵਿਚਕਾਰ ਅਤੇ ਫੇਰ ਸਿਖ ਇਤਿਹਾਸਕਾਰਾਂ ਅਤੇ ਹਿੰਦੂ ਇਤਿਹਾਸਕਾਰਾਂ ਅਤੇ ਭਗਤ ਸਿੰਘ ਵਰਗੇ ਕੌਮ ਦੇ ਸਰਬ ਪ੍ਰਵਾਨਤ ਸ਼ਹੀਦਾਂ ਉਪਰ ਜਦੋਂ ਵੀ ਦਿਲ ਕੀਤਾ ਸੂਖਮ ਅਤੇ ਸਥੂਲ ਹਮਲੇ ਕੀਤੇ ਹਨ।

ਲੇਖਕ ਦਾ ਸਿੱਖ ਕੌਮ ਦਾ ਪ੍ਰਾਜੈਕਟ ਬੋਲੀ ਅਤੇ ਲਿਪੀ ਬਿਨਾ ਅਧੂਰਾ ਰਹਿ ਗਿਆ ਸੀ। ਅਚਾਨਕ ਹੀ ਉਸ ਨੂੰ ਯਾਦ ਆਇਆ ਕਿ ਜੇਕਰ ਲਿਪੀ ਦੀ ਗੱਲ ਨਾ ਕੀਤੀ ਗਈ ਤਾਂ ਕੌਮ ਦੀ ਘਾੜਤ ਅਧੂਰੀ ਰਹਿ ਜਾਵੇਗੀ। ਉਸ ਨੇ ਸਿੱਖ ਪੰਥ ਦੇ ਸ਼੍ਰੋਮਣੀ ਵਿਦਵਾਨ ਭਾਈ ਕਾਹਨ ਸਿੰਘ ਨਾਭਾ ਦੇ ਮਹਾਨ ਕੋਸ਼ ਨੂੰ ਵੀ ਵਾਚਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਚਾਲੂ ਦੰਦ ਕਥਾਵਾਂ ਤੇ ਸਾਖੀਆਂ ਮੁਤਾਬਕ ਗੁਰਮੁਖੀ ਲਿਪੀ ਦੀ ਘਾੜਤ ਨੂੰ ਗੁਰੂ ਅੰਗਦ ਦੇਵ ਦੀ ਝੋਲੀ ਪਾ ਦਿੱਤਾ। ਗੁਰੂ ਗ੍ਰੰਥ ਸਾਹਿਬ ਅੰਦਰ ਹੀ ਗੁਰੂ ਨਾਨਕ ਸਾਹਿਬ ਨੇ 'ਪੱਟੀ' ਤਹਿਤ ਉਹੀ ਅੱਖਰ ਵਰਤੇ ਹਨ, ਜੋ ਅੱਜ ਤੱਕ ਵੀ ਵਰਤੇ ਜਾ ਰਹੇ ਹਨ। ਸਿਰਫ਼ ਪਹਿਲੀ ਅਤੇ ਆਖਰੀ ਲਾਈਨ ਦੇ ਕੁਝ ਅੱਖਰਾਂ ਦੀ ਤਰਤੀਬ ਦਾ ਅੰਤਰ ਹੈ। ਪੱਟੀ ਦਾ ਅੱਖਰ-ਕ੍ਰਮ ਇਉਂ ਹੈ:

ਸ ੳ ਙ ਕ ਖ ਗ ਘ ਚ ਛ ਜ ਝ ਞ ਟ ਠ ਡ ਢ
ਣ ਤ ਥ ਦ ਧ ਨ ਪ ਫ ਬ ਭ ਮ ਯ ਰ ਲ ਵ ੜ ਹ ਅ

ਜਦੋਂ ਵੀ ਅਸੀਂ ਕਿਸੇ ਵੀ ਨਵੀਂ ਧਾਰਾ ਜਾਂ ਵਿਚਾਰਧਾਰਾ (ਬਸ਼ਰਤੇ ਕਿ ਉਹ ਸੱਚੀਓਂ ਹੀ ਨਵੀਂ ਹੋਵੇ) ਦੀ ਗੱਲ ਕਰਦੇ ਹਾਂ ਤਾਂ ਉਹ ਪੁਰਾਣੀ ਧਾਰਾ ਜਾਂ ਵਿਚਾਰਧਾਰਾ ਦੇ ਮੂਲ ਪਹਿਲੂਆਂ ਨੂੰ ਖ਼ਤਮ ਕੀਤੇ ਬਗੈਰ ਜੜ੍ਹਾਂ ਨਹੀਂ ਫੜ ਸਕਦੀ। ਦੂਜਾ ਕੋਈ ਨਵੀਂ ਵਿਚਾਰਧਾਰਾ ਉਕਾ ਹੀ ਨਵੀਂ ਨਹੀਂ ਹੁੰਦੀ, ਸਗੋਂ ਪਿਛਲੀ ਦੀ ਮੁੜ ਵਿਆਖਿਆ ਕਰਦੀ ਹੋਈ ਪੌੜੀ ਦਾ ਅਗਲਾ ਪੌਡਾ ਹੀ ਹੁੰਦੀ ਹੈ। ਪਿਛਲੇ ਕੁੱਝ ਦਹਾਕਿਆਂ ਅੰਦਰ ਉਭਰੇ ਵਰਤਾਰੇ ਨੂੰ ਲੇਖਕ ਕੁਆਰੀ ਸੋਚ ਦਾ ਨਾਮ ਦਿੰਦਾ ਹੈ ਅਤੇ ਨਵੇਂ ਸਿਆੜ ਕੱਢਣ ਦੀ ਉਪਮਾ ਪ੍ਰਦਾਨ ਕਰਦਾ ਹੈ। ਕਿਰਸਾਣੀ ਕਿੱਤੇ ਤੋਂ ਵਾਕਫ਼ ਲੋਕ ਜਾਣਦੇ ਹਨ ਕਿ ਸਿਆੜ ਕਦੇ ਵੀ ਨਵੀਂ ਅਤੇ ਬੰਜਰ ਧਰਤੀ ਵਿਚ ਨਹੀਂ ਕੱਢੇ ਜਾ ਸਕਦੇ ਹੁੰਦੇ। ਉਹ ਜੰਗਲੀ ਜੜੀਆਂ-ਬੂਟੀਆਂ ਸਾਫ਼ ਕਰਦੇ ਹੋਏ, ਬਾਰਸ਼ ਦੀ ਉਡੀਕ ਕਰਦੇ ਹਨ। ਕੇਵਲ ਅਨਜਾਣ ਲੋਕ ਹੀ ਅਜਿਹੀ ਗੁਸਤਾਖ਼ੀ ਕਰ ਬੈਠਦੇ ਹਨ, ਜਿਸ ਦਾ ਖਮਿਆਜ਼ਾ ਬਲਦਾਂ ਦੇ ਝੰਭੇ ਜਾਣ ਜਾਂ ਹਲ-ਪੰਜਾਲੀ ਦੇ ਟੁੱਟਣ ਵਿਚ ਨਿਕਲਦਾ ਹੈ। 'ਕੁਆਰਪਤ' ਵਰਗੇ ਸੰਕਲਪ ਜਗੀਰੂ ਸਮਾਜ ਦੀ ਦੇਣ ਹਨ। ਸਿਆਣੇ ਲੋਕ ਅਜਿਹੇ ਸੰਕਲਪ ਵਰਤਣ ਤੋਂ ਗੁਰੇਜ਼ ਕਰਦੇ ਹੁੰਦੇ ਹਨ। ਜਦੋਂ ਲੇਖਕ ਕਿਸੇ ਵਿਸ਼ੇਸ਼ ਵਿਅਕਤੀ ਦੀ ਸੋਚ ਨੂੰ 'ਕੁਆਰੀ' ਹੋਣ ਦਾ ਵਿਸ਼ੇਸ਼ਣ ਦਿੰਦਾ ਹੈ ਤਾਂ ਉਹ ਇਤਿਹਾਸ ਤੋਂ ਆਕੀ ਹੋਣ ਦੀ ਕੋਸ਼ਿਸ਼ ਕਰਦਾ ਪ੍ਰਤੀਤ ਹੁੰਦਾ ਹੈ। ਗੁਰਬਾਣੀ ਅਨੁਸਾਰ ਤਾਂ 'ਬਾਬਾਣੀਆਂ ਕਹਾਣੀਆਂ ਪੁੱਤ ਸਪੁੱਤ ਕਰੇਨਿ' (ਪੰਨਾ-951) ਦੇ ਵਰਤਾਰੇ ਉਦੋਂ ਹੀ ਵਾਪਰਦੇ ਹਨ, ਜਦੋਂ ਲੋਕ ਭਾਈ ਗੁਰਦਾਸ ਦੇ ਕਥਨ ਮੁਤਾਬਕ 'ਬਾਪ-ਦਾਦੇ ਦਾ ਖਜ਼ਾਨਾ ਖੋਲ੍ਹ ਕੇ ਦੇਖਦੇ ਹਨ।' ਇਸ ਦੇ ਬਾਵਜੂਦ ਵੀ ਬਾਪ-ਦਾਦੇ ਦੇ ਖਜ਼ਾਨਿਆਂ ਵਿਚ ਵੀ ਸਾਰਾ ਕੁੱਝ ਸਾਂਭਣਯੋਗ ਨਹੀਂ ਹੁੰਦਾ। ਜਿਹੜੇ ਲੋਕ ਇਤਿਹਾਸ ਨੂੰ ਮੱਲੋਮੱਲੀ ਪਿੱਛੇ ਵੱਲ ਨੂੰ ਹੂ-ਬ-ਹੂ ਮੋੜਨ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਦਾ ਹਸ਼ਰ ਕਦੇ ਵੀ ਸ਼ਲਾਘਾਯੋਗ ਨਹੀਂ ਮੰਨਿਆ ਗਿਆ। ਭਾਵੇਂ ਕਈ ਵਾਰ ਕੋਈ ਸੋਚ ਉਪਰੀ ਨਜ਼ਰੇ ਨਵੀਂ ਦਿਸਦੀ ਹੈ, ਲੇਕਿਨ ਤੱਤ ਵਿਚ ਉਹ ਪੁਰਾਣੀ ਦਾ ਸੁਧਰਿਆ ਜਾਂ ਵਿਗੜਿਆ ਹੋਇਆ ਰੂਪ ਹੀ ਹੁੰਦਾ ਹੈ। ਉਹ ਪੁਰਾਣੀ ਨਾਲੋਂ ਟੁੱਟੀ ਹੋਈ ਨਹੀਂ ਹੁੰਦੀ।

ਇਤਿਹਾਸ ਵਿਚ ਅਜਿਹੀ ਕੋਈ ਮਿਸਾਲ ਨਹੀਂ ਮਿਲਦੀ ਜਦੋਂ ਕਿਸੇ ਦਾਰਸ਼ਨਿਕ ਜਾਂ ਰਹਿਬਰ ਨੇ ਕੁਆਰੀ ਸੋਚ ਪੈਦਾ ਕੀਤੀ ਹੋਵੇ ਅਤੇ ਵੱਤਰ ਹੋਣ ਤੋਂ ਪਹਿਲਾਂ ਹੀ ਜ਼ਮੀਨ ਵਿਚ ਸਿਆੜ ਕੱਢ ਮਾਰੇ ਹੋਣ। ਗੁਰੂ ਨਾਨਕ ਦੇਵ ਨੇ ਵੀ ਨਵਾਂ ਪੰਥ ਸਾਜਣ ਤੋਂ ਪਹਿਲਾਂ ਪੁਰਾਣੀਆਂ ਸਾਰੀਆਂ ਧਾਰਾਵਾਂ ਤੇ ਧਾਰਨਾਵਾਂ ਨਾਲੋਂ ਆੜੀ ਟੁੱਕ ਨਹੀਂ ਸੀ ਕਰ ਲਈ। ਉਨ੍ਹਾਂ ਦੀਆਂ ਚਾਰੇ ਉਦਾਸੀਆਂ ਪੁਰਾਣੇ ਦਾ ਗੂੜ੍ਹਾ ਮੰਥਨ ਕਰਨ ਦੀ ਅਤੇ ਉਸ ਦੇ ਚੰਗੇਰੇ ਪੱਖਾਂ ਦੇ ਨਾਲ ਨਾਲ ਨਵੇਂ ਨੂੰ ਬੁਲੰਦ ਕਰਨ ਦੀ ਗਵਾਹੀ ਦਿੰਦੀਆਂ ਹਨ। ਗੁਰਬਾਣੀ ਵਿਚ ਜਿੱਥੇ ਬੇਦਾਂ ਕਤੇਬਾਂ, ਹਿੰਦੂ ਮਿਥਿਹਾਸ ਦੇ ਪੀਰਾਂ-ਫਕੀਰਾਂ ਦੇ ਕੁੱਝ ਔਗੁਣਾਂ ਦੀ ਪੜਚੋਲ ਮਿਲਦੀ ਹੈ, ਉਥੇ ਨਾਲ ਹੀ ਸਹਿਆਂ ਦੇ ਸਫ਼ੇ ਉਨ੍ਹਾਂ ਦੀ ਵਡਿਆਈ ਵਿਚ ਵੀ ਮਿਲ ਜਾਂਦੇ ਹਨ। 'ਬੇਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨਾ ਬਿਚਾਰੈ।' (ਪੰਨਾ-1350)

ਸੰਤ ਜਰਨੈਲ ਸਿੰਘ ਦੀ ਸਿਫ਼ਤ ਕਰਦਾ ਹੋਇਆ, ਉਹ ਅਸਿੱਧੇ ਤੌਰ 'ਤੇ ਗੁਰੂ ਨਾਨਕ ਦੇਵ ਮਹਾਰਾਜ ਉਤੇ ਲੁਕਵਾਂ ਵਾਰ ਕਰ ਜਾਂਦਾ ਹੈ, "ਮਸੀਹੇ ਦਾ ਕੰਮ ਸਿਰਫ ਰੋਸ ਪ੍ਰਗਟ ਕਰਨ ਤੱਕ ਸੀਮਤ ਨਹੀਂ, ਉਹ ਨਾਲ ਬਦਲ ਵੀ ਪੇਸ਼ ਕਰਦਾ ਹੈ।" (ਪੰਨਾ-249) ਪੁਛਿਆ ਜਾਵੇ, ਸਿੱਖ ਪੰਥ ਦਾ ਮਸੀਹਾ ਕੌਣ ਹੈ, ਤਾਂ ਉਹ ਬਾਬਾ ਨਾਨਕ ਹੈ। ਪਹਿਲਾ ਰੋਸ "ਏਤੀ ਮਾਰ ਪਈ ਕੁਰਲਾਣੈ, ਤੈਂ ਕੀ ਦਰਦ ਨਾ ਆਇਆ।" ਕੀਹਨੇ ਕੀਤਾ ਸੀ, ਬਾਬੇ ਨਾਨਕ ਨੇ। ਇਸ ਦਾ ਮਤਲਬ ਇਹੀ ਨਿਕਲਦਾ ਹੈ ਕਿ ਬਾਬਾ ਨਾਨਕ ਸਿਰਫ਼ ਰੋਸ ਜ਼ਾਹਰ ਕਰਨ ਜੋਗਾ ਹੀ ਸੀ, ਉਸ ਕੋਲ ਕੋਈ ਬਦਲ ਨਹੀਂ ਸੀ।

ਡਾ. ਬਲਕਾਰ ਸਿੰਘ ਨਾਲ ਮੇਰਾ ਕੋਈ ਮੇਲਜੋਲ ਨਹੀਂ ਹੈ। ਬਹਿਸ ਸ਼ੁਰੂ ਹੋਣ ਪਿਛੋਂ ਬਸ ਫੋਨ 'ਤੇ ਹੀ ਇਕ-ਦੋ ਵਾਰ ਉਨ੍ਹਾਂ ਨਾਲ ਗੱਲ ਸਾਂਝੀ ਕਰਨ ਦਾ ਸਬੱਬ ਜੁੜਿਆ ਹੈ। ਉਨ੍ਹਾਂ ਦਸਿਆ ਸੀ ਕਿ ਉਹ ਡਾ. ਅਜਮੇਰ ਸਿੰਘ ਨੂੰ ਕੇਵਲ ਇਨੀ ਕੁ ਬੇਨਤੀ ਹੀ ਕਰ ਰਹੇ ਸਨ ਕਿ ਏਤਰਾਂ ਨਾ ਕਰੋ ਯਾਰੋ ਬਹੁਤ ਹੋ ਚੁੱਕਾ ਹੈ, ਏਤਰਾਂ ਨਾ ਕਰੋ। ਮੈਨੂੰ ਡਾਕਟਰ ਸਾਹਿਬ ਦੀ ਇਹ ਸਲਾਹ ਨੇਕ ਲੱਗੀ ਹੈ। ਅਜਮੇਰ ਸਿੰਘ ਜੀ ਏਤਰਾਂ ਨਾ ਕਰੋ, ਨਾ ਕਰੋ ਏਤਰਾਂ।

#

# ਦਿਨੇ ਉਹ ਢੂੰਡਦੇ ਫਿਰਦੇ ਛੁਪੇ-ਲੁਕੇ ਸਿੱਖਾਂ ਨੂੰ

**ਸਿੱਖ ਸੰਘਰਸ਼-3**

ਜਸਵੰਤ ਸਿੰਘ 'ਅਜੀਤ'
ਫੋਨ:91-98689-17739

ਅਠਾਰ੍ਹਵੀਂ ਸਦੀ ਦਾ ਪਹਿਲਾ ਅੱਧ ਸਿੱਖ ਇਤਿਹਾਸ ਵਿਚ ਵਿਸ਼ੇਸ਼ ਅਤੇ ਬਹੁਤ ਹੀ ਮਹੱਤਵਪੂਰਣ ਰਿਹਾ ਹੈ, ਕਿਉਂਕਿ ਇਸ ਸਮੇਂ ਦੌਰਾਨ ਬੜੀ ਤੇਜ਼ੀ ਨਾਲ ਅਜਿਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਸਿੱਖ ਜੀਵਨ, ਸਿੱਖ ਧਰਮ ਅਤੇ ਸਿੱਖ ਇਤਿਹਾਸ ਨੂੰ ਪ੍ਰਭਾਵਤ ਕੀਤਾ ਹੈ। ਸਤਾਰ੍ਹਵੀਂ ਸਦੀ ਦੇ ਅੰਤ ਅਰਥਾਤ 1699 ਈ. ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਿਰਜਣ ਕੀਤੀ। ਇਸ ਉਪਰੰਤ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਦੀ ਪਹਿਲੀ ਲੜਾਈ ਸੰਨ 1700 ਵਿਚ, ਦੂਜੀ ਤੇ ਤੀਜੀ ਲੜਾਈ ਸੰਨ 1702 ਵਿਚ ਅਤੇ ਚੌਥੀ ਲੜਾਈ 1704 ਵਿਚ ਲੜੀ। 1704 ਵਿਚ ਹੀ ਚਮਕੌਰ ਸਾਹਿਬ ਦੀ ਜੰਗ ਹੋਈ ਜਿਸ ਵਿਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਵੱਡੇ ਸਾਹਿਬਜ਼ਾਦਿਆਂ ਨੇ ਸ਼ਹੀਦੀ ਜਾਮ ਪੀਤੇ। ਇਸੇ ਵਰ੍ਹੇ ਛੋਟੇ ਸਾਹਿਬਜ਼ਾਦੇ ਸਰਹਿੰਦ ਦੀਆਂ ਨੀਹਾਂ ਵਿਚ ਚਿਣੇ ਗਏ। 1705 ਈ. ਵਿਚ ਮੁਕਤਸਰ ਦੀ ਜੰਗ ਹੋਈ ਅਤੇ 1708 ਵਿਚ ਨਾਂਦੇੜ ਵਿਖੇ ਦਸਮੇਸ਼ ਪਿਤਾ ਜੋਤੀ ਜੋਤਿ ਸਮਾ ਗਏ।

1716 ਈ. ਵਿਚ ਬਾਬਾ ਬੰਦਾ ਸਿੰਘ ਬਹਾਦਰ ਨੂੰ ਵੀ ਉਨ੍ਹਾਂ ਦੇ ਸਾਥੀਆਂ ਸਹਿਤ ਦਿੱਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਇਸ ਪਿਛੋਂ ਸਿੱਖ ਪੰਥ ਨੇਤਾ-ਹੀਣ ਹੋ ਗਿਆ ਅਤੇ ਉਸ ਉਪਰ ਕਹਿਰ ਟੁੱਟ ਪਿਆ। 1716 ਵਿਚ ਅਬਦੁਸ-ਸਮਦ ਖਾਨ ਪੰਜਾਬ ਦਾ ਗਵਰਨਰ ਬਣ ਕੇ ਲਾਹੌਰ ਪੁੱਜਾ। ਉਸ ਨੇ ਸਿੱਖਾਂ ਦਾ ਸ਼ਿਕਾਰ ਕਰਨ ਅਤੇ ਉਨ੍ਹਾਂ ਉਪਰ ਜ਼ੁਲਮ ਢਾਹੁਣ ਦੀ ਅਜਿਹੀ ਮੁਹਿੰਮ ਛੇੜੀ ਕਿ ਸਿੱਖ ਕੌਮ ਨੂੰ ਜੰਗਲਾਂ ਵਿਚ ਛਿਪ ਕੇ ਜੀਵਨ ਬਤੀਤ ਕਰਨ ਲਈ ਮਜਬੂਰ ਹੋਣਾ ਪਿਆ। ਕੋਈ ਸਿੱਖਾਂ ਨੂੰ ਪਨਾਹ ਦੇਣ ਲਈ ਵੀ ਤਿਆਰ ਨਹੀਂ ਸੀ ਹੁੰਦਾ। 'ਪੰਥ ਪ੍ਰਕਾਸ਼' ਦੇ ਕਰਤਾ ਦੇ ਸ਼ਬਦਾਂ ਵਿਚ ਉਸ ਸਮੇਂ ਸਿੱਖਾਂ ਦੀ ਸਥਿਤੀ ਅਜਿਹੀ ਬਣ ਗਈ ਹੋਈ ਸੀ:

'ਜੋ ਸਿੰਘਨ ਕੋ ਕੋਊ ਲੁਕਾਵੈ।
ਸੋ ਵਹਿ ਅਪਨੀ ਜਾਨ ਗਵਾਵੈ।
ਆਇ ਸਿੰਘ ਬਤਾਵੈ ਨਾਹੀਂ।
ਵੈ ਭੀ ਅਪਨੀ ਜਿੰਦ ਗਵਾਹੀਂ'।

ਪੰਥ ਪ੍ਰਕਾਸ਼ ਦੇ ਕਰਤਾ ਦੇ ਹੀ ਸ਼ਬਦਾਂ ਵਿਚ ਅਬਦੁਸ ਸਮਦ ਖਾਂ ਨੇ ਐਲਾਨ ਕੀਤਾ ਹੋਇਆ ਸੀ, 'ਸਿੰਘਨ ਖੂਨ ਮਾਫ਼ ਹਮ ਕੀਨੇ। ਜਿਤ ਲਭੈ ਤਿਤ ਮਾਰਹੁ ਚੀਨੇ।' ਸਿੱਖਾਂ ਉਤੇ ਅਸਿਹ ਅਤੇ ਅਕਹਿ ਜ਼ੁਲਮ ਢਾਹੇ ਜਾਣ ਦਾ ਇਕ ਕਾਰਨ ਇਹ ਵੀ ਸੀ ਕਿ ਦਿੱਲੀ ਵਿਚ ਅਸਥਿਰਤਾ ਪੈਦਾ ਹੋ ਗਈ ਸੀ ਅਤੇ ਸ਼ਕਤੀ-ਕੇਂਦਰ ਅੰਦਰੋਂ ਕਮਜ਼ੋਰ ਹੋ ਜਾਣ ਕਾਰਨ ਸੱਤਾਧਾਰੀ ਹਾਕਮ ਬੇ-ਬਹਾ ਜ਼ੁਲਮਾਂ ਰਾਹੀਂ ਆਪਣੀ ਤਾਕਤ ਦਾ ਦਬਦਬਾ ਬਿਠਾਉਣਾ ਚਾਹੁੰਦੇ ਸਨ।

ਦਿੱਲੀ ਦੀ ਸੱਤਾ ਜਿਵੇਂ ਆਏ ਦਿਨ ਬਦਲ ਰਹੀ ਸੀ, ਉਸ ਦਾ ਅਨੁਮਾਨ ਇਸ ਘਟਨਾ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਜਦੋਂ ਸਤੰਬਰ 1719 ਵਿਚ ਬਹਾਦਰਸ਼ਾਹ ਦੇ ਪੋਤਰੇ ਰੋਸ਼ਨ ਅਖਤਰ ਨੂੰ ਮੁਹੰਮਦ ਸ਼ਾਹ ਦਾ ਨਾਂ ਦੇ ਕੇ ਸੱਯਦ ਭਰਾਵਾਂ ਨੇ ਦਿੱਲੀ ਦੇ ਤਖਤ 'ਤੇ ਬਿਠਾਇਆ, ਉਸ ਸਮੇਂ ਉਸ ਦੀ ਮਾਂ ਰੋਂਦੀ ਕੁਰਲਾਉਂਦੀ ਸੱਯਦ ਭਰਾਵਾਂ ਕੋਲ ਆਈ ਤੇ ਆਖਣ ਲੱਗੀ ਕਿ ਮੈਂ, ਵਿਧਵਾ ਪੁਰ ਤਰਸ ਕਰੋ ਅਤੇ ਮੇਰੇ ਯਤੀਮ ਬੱਚੇ ਨੂੰ ਬਾਦਸ਼ਾਹ ਨਾ ਬਣਾਉ, ਉਸ ਦੀ ਜਵਾਨੀ 'ਤੇ ਰਹਿਮ ਕਰੋ।

ਦਿੱਲੀ ਤਖਤ ਦੀ ਮੁਖ ਸ਼ਕਤੀ ਬਾਦਸ਼ਾਹ ਦੇ ਹੱਥਾਂ ਵਿਚੋਂ ਨਿਕਲ ਕੇ ਅਮੀਰਾਂ ਦੇ ਹੱਥ ਵਿਚ ਚਲੀ ਗਈ ਹੋਈ ਸੀ ਅਤੇ ਵੱਧ ਤੋਂ ਵੱਧ ਸ਼ਕਤੀ ਆਪਣੇ ਹੱਥਾਂ ਵਿਚ ਕੇਂਦ੍ਰਿਤ ਕਰਨ ਦੀ ਲਾਲਸਾ ਨੇ ਉਨ੍ਹਾਂ ਵਿਚ ਧੜੇਬੰਦੀ ਨੂੰ ਬਹੁਤ ਹੀ ਵਧਾ ਦਿੱਤਾ ਸੀ। ਅਠਾਰ੍ਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਬਾਦਸ਼ਾਹ ਫਰਖਸ਼ੀਅਰ ਨੂੰ ਆਪਣੇ ਹੱਥਾਂ ਉਤੇ ਪਾਉਣ ਲਈ ਅਮੀਰਾਂ ਵਿਚ ਹੋੜ ਲੱਗ ਗਈ ਅਤੇ ਇਸ ਹੋੜ ਵਿਚ ਸੱਯਦ ਭਰਾਵਾਂ ਦੀ ਜਿੱਤ ਹੋਈ। ਉਹ ਜਿਸ ਨੂੰ ਚਾਹੁੰਦੇ ਤਖਤ 'ਤੇ ਬਿਠਾਉਂਦੇ ਅਤੇ ਜਿਸ ਨੂੰ ਚਾਹੁੰਦੇ ਮੌਤ ਦੇ ਘਾਟ ਉਤਾਰ ਕੇ ਤਖਤ ਤੋਂ ਵੱਖ ਕਰ ਦਿੰਦੇ। ਬਾਦਸ਼ਾਹ ਫਰਖਸ਼ੀਅਰ ਨੂੰ ਇਨ੍ਹਾਂ ਨੇ ਪਹਿਲਾਂ ਜੇਲ੍ਹ ਵਿਚ ਸੁੱਟਿਆ, ਫਿਰ ਅੰਨ੍ਹਿਆਂ ਕੀਤਾ ਅਤੇ ਅਖੀਰ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਉਸ ਪਿਛੋਂ ਉਨ੍ਹਾਂ ਰਫ਼ੀ-ਉ-ਦਰਜਾਤ ਅਤੇ ਰਫ਼ੀ-ਉ-ਦਉਲਾ ਨੂੰ ਵਾਰੋ-ਵਾਰੀ ਗੱਦੀ 'ਤੇ ਬਿਠਾਇਆ ਅਤੇ ਥੋੜੇ ਸਮੇਂ ਬਾਅਦ ਹੀ ਉਨ੍ਹਾਂ ਨੂੰ ਕਤਲ ਕਰ ਦਿੱਤਾ। ਇਨ੍ਹਾਂ ਨੂੰ ਕਤਲ ਕਰਨ ਤੋਂ ਬਾਅਦ ਬਹਾਦਰ ਸ਼ਾਹ ਦੇ ਪੋਤਰੇ ਰੋਸ਼ਨ ਅਖਤਰ ਨੂੰ ਮੁਹੰਮਦ ਸ਼ਾਹ ਦੇ ਨਾਂ ਤੇ ਸੱਯਦ ਭਰਾਵਾਂ ਨੇ ਦਿੱਲੀ ਦੇ ਤਖਤ 'ਤੇ ਬਿਠਾ ਦਿੱਤਾ। ਰੋਸ਼ਨ ਅਖਤਰ ਜਾਂ ਇਉਂ ਆਖ ਲਉ ਮੁਹੰਮਦ ਸ਼ਾਹ ਦੀ ਕਿਸਮਤ ਚੰਗੀ ਸੀ ਕਿ ਉਸ ਦੇ ਹਮਦਰਦ ਅਮੀਰ ਮੁਹੰਮਦ ਅਮੀਨ ਖਾਨ ਦੀ ਤਾਕਤ ਵੱਧ ਗਈ ਅਤੇ ਉਸ ਨੇ ਮੁਹੰਮਦ ਸ਼ਾਹ ਨੂੰ ਸੱਯਦ ਭਰਾਵਾਂ ਦੇ ਹੱਥੋਂ ਮੁਕਤ ਕਰਵਾ ਆਪਣੇ ਪ੍ਰਭਾਵ ਹੇਠ ਲੈ ਆਂਦਾ।

ਕੇਂਦਰ ਵਿਚ ਚਲ ਰਹੀ ਆਪਸੀ ਲੜਾਈ ਨੇ ਸੂਬਿਆਂ ਨੂੰ ਆਪਹੁਦਰੇ ਬਣਾ ਦਿੱਤਾ ਅਤੇ ਉਹ ਆਪੋ-ਆਪਣੀ ਸ਼ਕਤੀ ਵਧਾਉਣ ਲਈ ਸਰਗਰਮ ਹੋ ਗਏ। 1739 ਵਿਚ ਜਦੋਂ ਨਾਦਰਸ਼ਾਹ ਨੇ ਭਾਰਤ 'ਤੇ ਹਮਲਾ ਕੀਤਾ ਤਾਂ ਦਿੱਲੀ ਤਖਤ ਦੀ ਕਮਜ਼ੋਰੀ ਉਘੜ ਕੇ ਸਾਹਮਣੇ ਆ ਗਈ।

ਇਸ ਸਮੇਂ ਪੰਜਾਬ ਦਾ ਗਵਰਨਰ ਅਬਦੁਸ ਸਮਦ ਖਾਨ ਸੀ। ਉਸ ਨੇ ਵੀ ਦਿੱਲੀ ਤਖ਼ਤ ਦੀ ਕਮਜ਼ੋਰੀ ਨੂੰ ਭਾਂਪਦਿਆਂ ਆਪਣੀ ਤਾਕਤ ਵਧਾਉਣ ਵੱਲ ਧਿਆਨ ਦੇਣਾ ਸ਼ੁਰੂ ਕਰ ਦਿੱਤਾ। ਇਸ ਆਪਾ-ਧਾਪੀ ਦੇ ਸਮੇਂ ਸਿੱਖਾਂ ਨੇ ਵੀ ਆਪਣੀ ਤਾਕਤ ਵਧਾਉਣ ਵੱਲ ਧਿਆਨ ਦਿੱਤਾ ਅਤੇ ਮੌਕਾ ਪਾ ਕੇ, ਉਨ੍ਹਾਂ ਆਪਣੀ ਤਾਕਤ ਵਧਾਈ ਵੀ। ਪ੍ਰੰਤੂ ਬਦਕਿਸਮਤੀ ਨਾਲ ਇਸੇ ਸਮੇਂ ਬੰਦਈ ਅਤੇ ਤੱਤ ਖਾਲਸਾ ਵਿਚਾਲੇ ਝਗੜਾ ਹੋ ਗਿਆ ਅਤੇ ਦੋਵੇਂ ਆਪੋ-ਆਪਣੀ ਸਰਵਉਚਤਾ ਦਾ ਦਾਅਵਾ ਕਰਨ ਲੱਗ ਪਏ।

ਇਤਿਹਾਸਕ ਖੋਜ ਅਨੁਸਾਰ ਭਾਵੇਂ ਬੰਦਾ ਸਿੰਘ ਬਹਾਦਰ ਨੇ ਆਪਣੇ-ਆਪ ਨੂੰ ਗੁਰੂ ਜਾਂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜਾਂ-ਨਸ਼ੀਨ ਹੋਣ ਦਾ ਦਾਵਾ ਨਹੀਂ ਸੀ ਕੀਤਾ ਪਰ ਉਸ ਦੀਆਂ ਜਿੱਤਾਂ ਤੋਂ ਬਾਅਦ ਸ਼ਾਇਦ ਹਕੂਮਤੀ ਅਫਵਾਹਾਂ ਜਾਂ ਆਪਸੀ ਸ਼ਰੀਕੇਬਾਜ਼ੀ ਕਰਕੇ ਉਨ੍ਹਾਂ ਉਤੇ ਆਪਣੇ ਆਪ ਨੂੰ ਗੁਰੂ ਕਹਾਉਣ ਦਾ ਦੋਸ਼ ਲੱਗਾ ਅਤੇ ਇਹੀ ਗੱਲ ਬੰਦਈ ਖਾਲਸਾ ਤੇ ਤੱਤ ਖਾਲਸਾ ਵਿਚਕਾਰ ਵਿਰੋਧ ਦਾ ਕਾਰਨ ਬਣ ਗਈ।

ਭਾਈ ਕਾਹਨ ਸਿੰਘ ਨੇ ਦੋਹਾਂ ਧਿਰਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ: 'ਤੁਮ ਹਮ ਲਰ ਜੋ ਹੋਵਹਿ ਖਵਾਰ। ਤੁਰਕ ਲੇਹਿ ਸਭ ਸੰਗਤਿ ਮਾਰ।' ਅਖੀਰ ਮਾਤਾ ਸੁੰਦਰੀ ਵਲੋਂ ਦੋਹਾਂ ਧਿਰਾਂ ਵਿਚ ਸਮਝੌਤਾ ਕਰਵਾਉਣ ਲਈ ਭੇਜੇ ਗਏ ਭਾਈ ਮਨੀ ਸਿੰਘ ਨੇ ਬੜੀ ਸਿਆਣਪ ਨਾਲ ਦੋਹਾਂ ਦੇ ਝਗੜੇ ਨਜਿੱਠ ਕੇ ਉਨ੍ਹਾਂ ਦਾ ਸਮਝੌਤਾ ਕਰਵਾ ਦਿੱਤਾ।

ਸਿੱਖਾਂ ਦੇ ਦੋਹਾਂ ਧੜਿਆਂ, ਬੰਦਈ ਅਤੇ ਤੱਤ ਖਾਲਸਾ ਵਿਚਕਾਰ ਸਮਝੌਤਾ ਹੋ ਜਾਣ ਕਾਰਨ ਉਨ੍ਹਾਂ ਦੀ ਸ਼ਕਤੀ ਵੱਧ ਗਈ। ਇਸ ਤਰ੍ਹਾਂ ਸਿੱਖਾਂ ਦੀ ਵਧਦੀ ਸ਼ਕਤੀ ਨੂੰ ਵੇਖ ਕੇ ਦਿੱਲੀ ਦੇ ਤਖਤ ਤੇ ਲਾਹੌਰ ਦੇ ਸੂਬੇਦਾਰ ਅਬਦੁਸ-ਸਮਦ ਖਾਨ ਨੂੰ ਖਤਰਾ ਭਾਸਣ ਲੱਗ ਪਿਆ। ਉਸ ਨੇ ਅਤੇ ਉਸ ਦੇ ਸਾਥੀਆਂ ਨੇ ਸ੍ਰੀ ਦਰਬਾਰ ਸਾਹਿਬ ਉਪਰ ਹਮਲਾ ਕਰਨ ਅਤੇ ਉਥੇ ਦੀਵਾਲੀ ਅਤੇ ਵਿਸਾਖੀ 'ਤੇ ਹੋਣ ਵਾਲੇ ਸਿੱਖਾਂ ਦੇ ਇੱਕਠਾਂ ਨੂੰ ਕਿਸੇ ਵੀ ਤਰ੍ਹਾਂ ਰੋਕਣ ਲਈ ਸਾਜਸ਼ਾਂ ਘੜਨੀਆਂ ਸ਼ੁਰੂ ਕਰ ਦਿੱਤੀਆਂ।

ਅਬਦੁਸ-ਸਮਦ ਖਾਨ ਦੇ ਹੁਕਮ ਅਨੁਸਾਰ ਅਸਲਮ ਖਾਨ ਨੇ ਇਕ ਤਕੜੀ ਫੌਜ ਲੈ ਕੇ ਸ੍ਰੀ ਅੰਮ੍ਰਿਤਸਰ ਨੂੰ ਘੇਰਾ ਪਾ ਲਿਆ ਪਰ ਉਹ ਸਿੱਖਾਂ ਦੀ ਛਾਪਾ-ਮਾਰ ਲੜਾਈ ਸਾਹਮਣੇ ਸਫਲ ਨਾ ਹੋ ਸਕਿਆ।

ਸ਼ਾਹੀ ਫੌਜ ਦੀ ਅਸਫਲਤਾ ਦਾ ਨਤੀਜਾ ਇਹ ਹੋਇਆ ਕਿ ਅਮੀਨ-ਉਦ-ਦੌਲਾ ਦੇ ਜਵਾਈ ਅਤੇ ਅਬਦੁਸ-ਸਮਦ ਖਾਨ ਦੇ ਪੁੱਤਰ ਜ਼ਕਰੀਆ ਖਾਨ ਨੂੰ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਹਦਾਇਤ ਦੇ ਕੇ ਪੰਜਾਬ ਦਾ ਗਵਰਨਰ ਬਣਾ ਕੇ ਭੇਜਿਆ ਗਿਆ।

1726 ਤੋਂ ਲੈ ਕੇ 1745 ਤਕ ਦਾ, ਵੀਹ ਸਾਲ ਦਾ ਸਮਾਂ ਜ਼ਕਰੀਆ ਖਾਨ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਵਿਚ ਲਾ ਦਿਤਾ। ਇਸ ਸਮੇਂ ਸਿੱਖਾਂ ਦੀ ਸਥਿਤੀ: 'ਸੀਸ ਧਰੇ ਹਥ ਪੁਰ ਫਿਰੈ। ਮਰਨੋ ਨਾ ਸੰਕਾਇ...।' ਵਰਗੀ ਹੋ ਗਈ ਸੀ।

ਜਦੋਂ ਜ਼ਕਰੀਆ ਖਾਨ ਆਪਣੀ ਸਾਰੀ ਸ਼ਕਤੀ ਲਾ ਕੇ ਵੀ ਸਿੱਖਾਂ ਦਾ ਨਾਮੋ-ਨਿਸ਼ਾਨ ਮਿਟਾਉਣ ਵਿਚ ਸਫਲ ਨਾ ਹੋ ਸਕਿਆ ਤਾਂ ਉਸ ਨੇ ਮਹਿਸੂਸ ਕੀਤਾ ਕਿ ਸਿੱਖਾਂ ਨੂੰ ਕੇਵਲ ਸਖ਼ਤੀ ਨਾਲ ਹੀ ਦਬਾਇਆ ਜਾਣਾ ਬਹੁਤ ਮੁਸ਼ਕਲ ਹੈ। ਸੋ ਉਸ ਨੇ ਦੋਹਰੀ ਨੀਤੀ ਅਪਨਾਉਣ ਦਾ ਫੈਸਲਾ ਕੀਤਾ। ਇਕ ਪਾਸੇ ਉਸ ਨੇ ਸਖ਼ਤੀ ਅਤੇ ਜ਼ੁਲਮ ਦਾ ਸਿਲਸਿਲਾ ਜਾਰੀ ਰੱਖਿਆ ਅਤੇ ਦੂਜੇ ਪਾਸੇ ਉਸ ਨੇ ਕੁਝ ਕਮਜ਼ੋਰ ਇਮਾਨ ਵਾਲੇ ਸਿੱਖਾਂ ਨੂੰ ਲੱਭਣ ਵੱਲ ਧਿਆਨ ਦਿੱਤਾ ਤਾਂ ਜੋ ਉਨ੍ਹਾਂ ਨੂੰ ਲਾਲਚ ਦੇ ਕੇ ਖਰੀਦਿਆ ਜਾ ਸਕੇ ਅਤੇ ਨਰਮੀ ਦਾ ਵਰਤਾਉ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਜੋੜ ਸਿੱਖਾਂ ਵਿਚ ਫੁੱਟ ਪਾਉਣ ਲਈ ਵਰਤਿਆ ਜਾ ਸਕੇ।

ਹੁਣ ਜ਼ਕਰੀਆ ਖਾਨ ਦੀ ਨੀਤੀ ਇਹ ਬਣ ਗਈ ਸੀ ਕਿ ਇਕ ਪਾਸੇ ਸਿੱਖਾਂ ਨੂੰ ਕਤਲ ਕੀਤਾ ਜਾਂਦਾ ਅਤੇ ਦੂਜੇ ਪਾਸੇ ਸ਼ਹੀਦ ਕੀਤੇ ਸਿੰਘਾਂ ਦੇ ਪਰਿਵਾਰਾਂ ਨੂੰ ਮੁਆਵਜ਼ੇ ਦੇ ਕੇ ਉਨ੍ਹਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕਰ ਆਪਣੇ ਨਾਲ ਜੋੜਨ ਦਾ ਜਤਨ ਕੀਤਾ ਜਾਂਦਾ। ਇਕ ਪਾਸੇ ਸਿੱਖਾਂ ਨੂੰ ਅਜ਼ਾਦੀ ਨਾਲ ਰਹਿਣ ਦੀ ਖੁਲ੍ਹ ਦਿੱਤੀ ਜਾਂਦੀ, ਦੂਜੇ ਪਾਸੇ ਕੋਈ ਨਾ ਕੋਈ ਬਹਾਨਾ ਲੱਭ, ਉਨ੍ਹਾਂ ਨੂੰ ਗੋਲੀ ਨਾਲ ਉਡਾ ਵੀ ਦਿੱਤਾ ਜਾਂਦਾ। ਕਈ ਵੱਡੇ-ਵੱਡੇ ਅਹੁਦਿਆਂ 'ਤੇ ਲਾ ਕੇ ਵੱਖ-ਵੱਖ ਮਹਿਕਮਿਆਂ ਦੇ ਮੁਖੀ ਵਜੋਂ ਸਿੱਖਾਂ ਨੂੰ ਜ਼ਿੰਮੇਦਾਰੀਆਂ ਸੌਂਪੀਆਂ ਜਾਂਦੀਆਂ ਅਤੇ ਹਾਲਾਤ 'ਤੇ ਮੌਕਾ ਵੇਖ ਕੇ ਉਨ੍ਹਾਂ ਨੂੰ ਕਤਲ ਵੀ ਕਰਵਾ ਦਿਤਾ ਜਾਂਦਾ।

ਇਹ ਸਾਰੀ ਸਥਿਤੀ ਵੇਖਦਿਆਂ ਜਾਪਦਾ ਸੀ ਜਿਵੇਂ ਜ਼ਕਰੀਆ ਖਾਨ ਚਾਹੁੰਦਾ ਸੀ ਕਿ ਜੇ ਕੋਈ ਸਿੱਖ ਉਸ ਦੇ ਇਲਾਕੇ ਵਿਚ ਵਸਣਾ ਚਾਹੇ ਤਾਂ ਗੁਲਾਮ ਬਣ ਕੇ ਰਹੇ ਅਤੇ ਜੋ ਈਨ ਮੰਨਣ ਤੋਂ ਇਨਕਾਰ ਕਰੇ, ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਏ। ਇਸ ਤਰ੍ਹਾਂ ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਸਿੱਖਾਂ ਦੀ ਸਥਿਤੀ, 'ਦਿਨੇ ਉਹ ਢੂੰਡਦੇ ਫਿਰਦੇ ਛੁਪੇ ਲੁਕੇ ਸਿੱਖਾਂ ਨੂੰ' ਵਰਗੀ ਸੀ। ਇਸ ਸਥਿਤੀ ਵਿਚ ਵਿਚਰਦਿਆਂ ਵੀ ਸਿੱਖਾਂ ਦੇ ਹੌਂਸਲੇ ਬੁਲੰਦ ਸਨ ਅਤੇ ਉਹ 'ਸੀਸ ਧਰੇ ਹਥ ਪੁਰ ਫਿਰੇ ਮਰਨੋ ਨਾ ਸੰਕਾਇ...' ਸ਼ਬਦਾਂ ਉਪਰ ਪੂਰੇ ਉਤਰ ਰਹੇ ਸਨ।

# ਸੂਰਜ ਕਦੀ ਵੀ ਧੂੰਦਾਂ ਕੋਲੋਂ ਡਰਦੇ ਨਹੀਂ

ਅਜੈ ਤਨਵੀਰ

ਸੰਘਣੀਆਂ ਧੁੰਦਾਂ ਕੋਲੋਂ ਸੂਰਜ ਡਰਦੇ ਨਾ।
ਦੇਸ਼ ਭਗਤ ਤੇ ਸ਼ਾਇਰ ਮਰ ਕੇ ਮਰਦੇ ਨਾ।

ਹਰ ਸਰਕਾਰ ਦੀ ਨਜ਼ਰ ਵਿਚ ਸੱਚ ਬੋਲਣ ਵਾਲਾ, ਹੱਕਾਂ ਲਈ ਲੜਨ ਵਾਲਾ ਜਾਂ ਫਿਰ ਗਰੀਬ ਦੀ ਬਾਤ ਦਾ ਹੁੰਗਾਰਾ ਬਣਨ ਵਾਲਾ ਜਾਂ ਤਾਂ ਅਤਿਵਾਦੀ ਹੁੰਦਾ ਏ ਜਾਂ ਫਿਰ ਦੇਸ਼-ਧਰੋਹੀ ਪਰ ਸਮਾਜ ਵਿਚ ਰਹਿਣ ਵਾਲੇ ਕੁਝ ਇਨਸਾਨ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਦੀਆਂ ਨਜ਼ਰਾਂ ਵਿਚ ਹੱਕਾਂ ਲਈ ਲੜਨ ਵਾਲੇ ਸੂਰਜ ਬਣ ਜਾਂਦੇ ਹਨ; ਸਰਕਾਰਾਂ ਉਨ੍ਹਾਂ ਦੀਆਂ ਨਜ਼ਰਾਂ ਵਿਚ ਧੁੰਦ ਦਾ ਰੂਪ ਧਾਰਨ ਕਰ ਲੈਂਦੀਆਂ ਹਨ।

ਮੈਂ ਅੱਜ ਇਥੇ ਉਨ੍ਹਾਂ ਸੂਰਜਾਂ ਦੀਆਂ ਗੱਲਾਂ ਕਰ ਰਿਹਾ ਹਾਂ ਜਿਨ੍ਹਾਂ ਦੀਆਂ ਸਦਾ ਹੀ ਕਹਾਣੀਆਂ/ਬਾਤਾਂ ਅੱਜ ਵੀ ਬੋਹੜਾਂ ਥੱਲੇ ਸੱਥਾਂ ਵਿਚ ਬੈਠ ਕੇ ਸੁਣਾਈਆਂ/ਪਾਈਆਂ ਜਾਂਦੀਆਂ ਹਨ। ਉਹ ਸੂਰਜ ਜਿਨ੍ਹਾਂ ਦੇ ਘਰ ਬੇਸ਼ੱਕ ਧੁੰਦ ਆ ਵੜੀ ਪਰ ਕਦੇ ਵੀ ਕਿਰਨਾਂ ਨੂੰ ਨਹੀਂ ਭੁੱਲੇ। ਸਾਰੀ ਰਾਤ ਹਨ੍ਹੇਰੇ ਨਾਲ ਲੜਨ ਵਾਲਾ ਦੀਵਾ ਭਾਵੇਂ ਸਵੇਰ ਹੋਣ ਤਕ ਸ਼ਹੀਦ ਹੋ ਜਾਂਦਾ ਏ ਪਰ ਸੂਰਜ ਦਾ ਵਾਰਸ ਉਹੋ ਹੀ ਬਣਦਾ ਏ ਕਿਉਂਕਿ ਹਿੰਮਤ, ਹੌਂਸਲਾ ਸਵੇਰ ਹੋਣ ਦੀ ਤਾਂਘ ਸੋਚਾਂ ਵਿਚ ਅੰਗੜਾਈ ਲੈ ਰਹੀ ਹੁੰਦੀ ਹੈ। ਬੇਸ਼ੱਕ ਰੁੱਖਾਂ ਨੂੰ ਨ੍ਹੇਰੀ ਦੀ ਮਾਰ ਝੱਲਣੀ ਪੈਂਦੀ ਏ, ਉਹ ਝੁਕਦੇ ਨਹੀਂ, ਟੁੱਟ ਜਾਂਦੇ ਹਨ ਪਰ ਉਨ੍ਹਾਂ ਦੇ ਟੁੱਟਣ ਦੀਆਂ ਗਥਾਵਾਂ ਬਣ ਜਾਂਦੀਆਂ ਹਨ। ਇਕ ਰੁੱਖ ਤੋਂ ਪਤਾ ਨਹੀਂ ਕਿੰਨੇ ਹੋਰ ਰੁੱਖ ਬਣ ਜਾਂਦੇ ਹਨ। ਇਥੇ ਮੈਂ ਹੋਰ ਵੀ ਕਹਿਣਾ ਚਾਹਾਂਗਾ ਕਿ ਅਸੀਂ ਇਨ੍ਹਾਂ ਸੂਰਜਾਂ ਦੀਆਂ ਪਾਈਆਂ ਲੀਹਾਂ 'ਤੇ ਕਿੰਨਾ ਕੁ ਤੁਰ ਰਹੇ ਹਾਂ। ਡਿੱਗ-ਡਿੱਗ ਕੇ ਖੜ੍ਹੇ ਹੋਣਾ ਹੀ ਅਸਲ ਸੂਰਮਤਾਈ ਹੁੰਦੀ ਏ। ਕੀ ਕਦੇ ਸਮੇਂ ਦੀਆਂ ਸਰਕਾਰਾਂ ਨੇ ਵੀ ਇਨ੍ਹਾਂ ਦੀਆਂ ਕੁਰਬਾਨੀਆਂ ਦਾ ਮੁੱਲ ਪਾਇਆ ਏ? ਜੇ ਮੁੱਲ ਪਾਇਆ ਏ ਤਾਂ ਮੁੱਲ ਵੱਟਿਆ ਏ, ਉਹ ਵੀ ਮੁਨਾਫ਼ੇ ਵਿਚ। ਅਸੀਂ ਅੱਜ ਕਿੱਥੇ ਖੜ੍ਹੇ ਹਾਂ, ਕਿੰਨੀ ਤਰੱਕੀ ਕਰ ਗਏ ਹਾਂ। ਤਰੱਕੀ ਤਾਂ ਅਸੀਂ ਬਹੁਤ ਕਰ ਲਈ, ਸਿਰਫ਼ ਦੂਜਿਆਂ ਨੂੰ ਪਛਾੜਨ ਵਿਚ ਆਦਮੀ ਉਸ ਸਮੇਂ ਜ਼ਿਆਦਾ ਖ਼ੁਸ਼ ਹੁੰਦਾ ਏ ਜਦੋਂ ਉਹ ਇਕ ਨੂੰ ਪਿੱਛੇ ਛੱਡ ਜਾਂਦਾ ਏ ਤੇ ਆਪ ਅੱਗੇ ਨਿਕਲ ਜਾਂਦਾ ਏ।

ਜ਼ਿੰਦਗੀ ਮਹਾਨ ਏ, ਸਾਰੇ ਹੀ ਆਖਦੇ ਹਨ ਪਰ ਜੇ ਕੋਈ ਜ਼ਿੰਦਗੀ ਜੀਊਣ ਦੇਵੇ ਤਾਂ ਆਖੇ ਉਹ ਅੰਬ ਬਹੁਤ ਮਿੱਠਾ ਏ, ਕਿਤੇ ਚੁਪ ਕੇ ਵੇਖੀਂ! ਚੁਪਣ ਕੌਣ ਦੇਵੇ? ਕੀ ਅਸੀਂ ਇਤਿਹਾਸ ਦੀ ਝੋਲੀ ਵਿਚ ਬੈਠੇ ਦੇਸ਼ ਪ੍ਰੇਮੀਆਂ ਨੂੰ ਕਦੇ ਪੜ੍ਹਿਆ ਵੀ ਏ ਜਾਂ ਕਿੰਨਾ ਕੁ ਅਮਲ ਕੀਤਾ ਏ? ਕਲਪਨਾ ਹਕੀਕਤ ਦੀ ਰਥਵਾਨ ਏ। ਹੰਢਾਇਆ ਸੱਚ ਜ਼ਿੰਦਗੀ ਦਾ ਰਾਹਨੁਮਾ ਬਣਦਾ ਏ। ਬੁਨਿਆਦੀ ਸੱਚ ਅਤੇ ਦ੍ਰਿੜ੍ਹ ਇਰਾਦੇ ਤੋਂ ਬਿਨਾਂ ਮਨੁੱਖ ਸਦਾ ਅਧੂਰਾ ਹੀ ਰਿਹਾ ਏ। ਜਿਨ੍ਹਾਂ ਰੁੱਖਾਂ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਹਨ, ਉਹ ਕਿਸੇ ਦੀ ਪ੍ਰਵਾਹ ਨਹੀਂ ਕਰਦੇ ਸਗੋਂ ਅੜੇ ਰਹਿੰਦੇ ਹਨ। ਜਿਸ ਕੋਲ ਆਪਣੇ ਬੀਤ ਚੁੱਕੇ ਦਾ ਹਾਣੀ ਹੋਵੇ, ਉਸ ਵਰਗਾ ਸ਼ਹਿਨਸ਼ਾਹ ਕੋਈ ਨਹੀਂ। ਕੀ ਅਸੀਂ ਇਤਿਹਾਸ ਦੇ ਸੂਰਜਾਂ ਨੂੰ ਕਦੇ ਪ੍ਰਣਾਮ ਕੀਤਾ? ਕੀ ਅਸੀਂ ਆਪਣੇ ਬੱਚਿਆਂ ਨੂੰ ਦੱਸਿਆ ਕਿ ਅਸੀਂ ਧੁੰਦ ਦੀਆਂ ਸਰਕਾਰਾਂ ਦੇ ਗੁਲਾਮ ਨਹੀਂ? ਕੀ ਤੁਹਾਡੀ ਸੋਚ ਗੁਲਾਮ ਨਹੀਂ! ਜਿਸ ਆਦਮੀ ਦੀ ਸੋਚ ਵਿਚ ਗੰਧਲਾਪਣ ਆ ਜਾਵੇ, ਉਹ ਬੁੱਤ ਦੀ ਤਰ੍ਹਾਂ ਹੁੰਦਾ ਏ, ਜਿਸ ਨੂੰ ਜਦੋਂ ਦਿਲ ਕੀਤਾ, ਜਿਥੇ ਦਿਲ ਕੀਤਾ; ਰੱਖ ਦਿੱਤਾ।

ਸੱਚ ਕਹਿਣਾ ਅਤੇ ਸੁਣਨਾ ਬੜਾ ਔਖਾ ਹੁੰਦਾ ਏ। ਸੱਚ ਤਲਵਾਰ ਦੀ ਨੋਕ ਵਾਂਗੂ ਤਿੱਖਾ ਹੁੰਦਾ ਏ। ਇਹਦੀ ਨੋਕ ਝੱਲਣੀ ਬਹੁਤ ਔਖੀ ਹੁੰਦੀ ਹੈ ਪਰ ਜਿਹੜੇ ਸੱਚ ਦੇ ਮਾਰਗ 'ਤੇ ਚੱਲੇ ਹਨ, ਉਹ ਆਉਣ ਵਾਲੀ ਸਵੇਰ ਦੇ ਸੂਰਜ ਬਣੇ ਹਨ। ਸੂਰਜ ਆਪਣੀ ਅੱਗ ਵਿਚ ਸੜ ਰਿਹਾ ਏ ਪਰ ਸਾਨੂੰ ਰੋਸ਼ਨੀ ਅਤੇ ਨਿੱਘ ਵੀ ਦੇ ਰਿਹਾ ਏ। ਇਨ੍ਹਾਂ ਸੂਰਜਾਂ ਨੂੰ ਮੈਂ ਸਦਾ ਹੀ ਸਜਦਾ ਕਰਦਾ ਰਹਾਂਗਾ! ਕੀ ਅਸੀਂ ਵੀ ਆਉਣ ਵਾਲੀ ਕੱਲ੍ਹ ਦੇ ਸੂਰਜ ਬਣ ਸਕਦੇ ਹਾਂ! ਕਿਉਂ ਨਹੀਂ, ਪਰ ਅਸੀਂ ਇਹ ਜ਼ਰੂਰ ਚਾਹੁੰਦੇ ਹਾਂ ਕਿ ਜੇ ਅਸੀਂ ਕਿਸੇ ਅਜਿਹੇ ਬੰਦੇ ਨੂੰ ਸੜਕ ਵੀ ਪਾਰ ਕਰਵਾ ਦੇਈਏ ਤਾਂ ਸਾਡਾ ਨਾਂ ਚਹੁੰ ਬੰਦਿਆਂ ਵਿਚ ਹੋਣਾ ਚਾਹੀਦਾ ਏ। ਅਸੀਂ ਕੀ ਚਾਹੁੰਦੇ ਹਾਂ, ਅਸੀਂ ਬੱਲੇ ਬੱਲੇ ਚਾਹੁੰਦੇ ਹਾਂ। ਜਿਨ੍ਹਾਂ ਨੇ ਧੁਖਦੀ ਧਰਤੀ ਤਪਦੇ ਪੈਂਡੇ ਤੈਅ ਕੀਤੇ ਹਨ, ਉਨ੍ਹਾਂ ਨੇ ਹੀ ਮੰਜ਼ਿਲਾਂ ਪਾਈਆਂ ਹਨ। ਸਿਦਕੀ ਲੋਕਾਂ ਕੋਲ ਤਾਂ ਮੰਜ਼ਿਲਾਂ ਆਪ ਵੀ ਤੁਰ ਕੇ ਆ ਜਾਂਦੀਆਂ ਹਨ ਪਰ ਦ੍ਰਿੜ੍ਹ ਇਰਾਦਾ ਅਤੇ ਪੂਰਾ ਸਿਦਕ ਹੋਵੇ।

ਜੇ ਤੁਹਾਡੇ ਵਿਚਾਰ ਮਨ ਨਾਲੋਂ ਅਲੱਗ ਹੋ ਗਏ, ਸਮਝੋ ਰਾਹ ਦੋ ਬਣ ਗਏ ਹਨ। ਸਿਦਕੀ ਸੋਚ ਨੂੰ ਆਦਮੀ ਵੱਲੋਂ ਹੁੰਗਾਰਾ ਨਾ ਮਿਲੇ ਤਾਂ ਉਹਦੇ ਪਰਾਂ ਵਿਚ ਉਡਣ ਦੀ ਸਮਰੱਥਾ ਖਤਮ ਹੋ ਜਾਂਦੀ ਏ ਪਰ ਤੋਲੇ ਬਗ਼ੈਰ ਉਡਣਾ ਵੀ ਮੂਰਖ ਮਨੁੱਖ ਦੀ ਨਿਸ਼ਾਨੀ ਹੁੰਦੀ ਹੈ। ਜਿਨ੍ਹਾਂ ਪਰਾਂ ਵਿਚ ਜਾਨ ਹੁੰਦੀ ਏ, ਉਹ ਹੀ ਉਚਾ ਉਡਦੇ ਹਨ। ਝੂਠੀ ਤਾਰੀਫ਼ ਇੰਨੀ ਘਾਤਕ ਹੁੰਦੀ ਏ, ਆਉਣ ਵਾਲਾ

**ਜੀਵਨ-ਜਾਚ**

ਸਮਾਂ ਚਾਨਣ ਨੂੰ ਲੱਭਦਾ ਲੱਭਦਾ ਹਨ੍ਹੇਰਿਆਂ ਵਿਚ ਗੁਆਚ ਜਾਂਦਾ ਏ। ਗੁਆਚੀਆਂ ਚੀਜ਼ਾਂ ਦੇ ਸਿਰਨਾਵੇਂ ਬਹੁਤ ਘੱਟ ਹੁੰਦੇ ਹਨ। ਇਕ ਵਾਰੀ ਗੁਆਚਾ ਮਾਣ, ਕਦਰ, ਸਤਿਕਾਰ ਵਾਪਸ ਨਹੀਂ ਆਉਂਦਾ। ਜੇ ਆ ਵੀ ਜਾਵੇ ਤਾਂ ਦਾਗ਼ ਦਾ ਨਿਸ਼ਾਨ ਸਾਰੀ ਉਮਰ ਆਪਣੇ ਨਾਲ ਲੈ ਕੇ ਤੁਰਿਆ ਫਿਰਦਾ ਏ। ਜਿਨ੍ਹਾਂ ਨੇ ਜ਼ਿੰਦਗੀ ਨੂੰ ਘੋਖਿਆ ਏ, ਉਨ੍ਹਾਂ ਨੇ ਹੀ ਜ਼ਿੰਦਗੀ 'ਤੇ ਰਾਜ ਕੀਤਾ।

ਜਦੋਂ ਜਾਪਾਨੀਆਂ ਨੇ ਚੀਨ 'ਤੇ ਹਮਲਾ ਕੀਤਾ ਤਾਂ ਚੀਨੀਆਂ ਨੇ ਆਪਣੀ ਪੰਜੀ-ਪੰਜੀ ਵੀ ਦੇਸ਼ ਦੀ ਖ਼ਾਤਰ ਇਕੱਠੀ ਕੀਤੀ। ਆਪਣੀ ਕੌਮ ਨੂੰ ਦੁਨੀਆਂ ਉਤੇ ਜੀਊਂਦਾ ਰੱਖਣ ਲਈ ਇਹ ਦੱਸ ਦਿੱਤਾ ਕਿ ਅਸੀਂ ਮਰੇ ਨਹੀਂ, ਜੀਊਂਦੇ ਹਾਂ। ਕਈ ਮਨੁੱਖ ਅਜਿਹੇ ਵੀ ਹੁੰਦੇ ਹਨ ਜੋ ਜੀਊਂਦਿਆਂ ਵੀ ਮਰਿਆਂ ਬਰਾਬਰ ਹੁੰਦੇ ਹਨ। ਲਾਸ਼ ਲੈ ਕੇ ਹੀ ਘੁੰਮਦੇ ਹਨ। ਅਤਿ ਦਾ ਮੀਂਹ ਅਤੇ ਅਤਿ ਦੀ ਗਰਮੀ ਸਦਾ ਹੀ ਨ੍ਹੇਰੀ ਨੂੰ ਸੱਦਾ ਦਿੰਦੀ ਹੈ। ਜ਼ੁਲਮ ਵੀ ਇਕ ਦਿਨ ਯੋਧੇ ਸੂਰਮੇ ਨੂੰ ਸੱਦਾ ਦਿੰਦਾ ਹੈ। ਸੂਰਮੇ ਦੇ ਅੰਦਰ ਵੰਗਾਰ ਦਾ ਪੈਦਾ ਹੋਣਾ ਹੀ ਸਭ ਤੋਂ ਵੱਡੀ ਸ਼ਕਤੀ ਹੈ। ਅੱਤ ਅਤੇ ਖੁਦਾ ਦਾ ਵੈਰ ਸਦਾ ਹੀ ਏ। ਉਹ ਹੀ ਸੂਰਮਾ ਲੋਕਾਂ ਦੀ ਕਮਜ਼ੋਰ ਹੋਈ ਸ਼ਕਤੀ ਨੂੰ ਜੁਝਾਰੂ ਬਣਾਉਂਦਾ ਹੈ ਜਿਸ ਦੀ ਸੋਚ ਚੀਹਣੀ ਹੋਵੇ। ਇਰਾਦੇ ਦ੍ਰਿੜ੍ਹ ਹੋਣ। ਅਖ਼ੀਰ ਵਿਚ ਉਹ ਹੀ ਫ਼ੌਲਾਦੀ ਸੂਰਮਾ ਫਾਂਸੀ ਦੇ ਰੱਸੇ ਚੁੰਮ ਕੇ ਗਲ ਵਿਚ ਪਾਉਂਦਾ ਏ, ਉਹ ਹੀ ਯੋਧਾ ਤਾਰੂ ਸਿੰਘ ਵਾਂਗ ਪੁੱਠੀ ਖਲ ਲੁਹਾਉਂਦਾ ਏ, ਮਨੀ ਸਿੰਘ ਵਾਂਗ ਬੰਦ-ਬੰਦ ਕਟਵਾਉਂਦਾ ਏ। ਹਕੂਮਤ ਨੂੰ ਵੰਗਾਰਨ ਲਈ ਬੇਸ਼ੱਕ ਮਨੁੱਖ ਦੀ ਸੋਚ ਦੇ ਪੈਰਾਂ ਵਿਚ ਛਾਲੇ ਵੀ ਪੈ ਜਾਣ, ਵੰਗਾਰ ਕਦੇ ਵੀ ਰਾਹ ਵਿਚ ਖੜ੍ਹਨ ਨਹੀਂ ਦਿੰਦੀ। ਆਜ਼ਾਦੀ ਨੂੰ ਉਨ੍ਹਾਂ ਲੋਕਾਂ ਨੇ ਹੀ ਮਾਣਿਆ ਏ ਜਿਨ੍ਹਾਂ ਨੇ ਸਿਰਾਂ 'ਤੇ ਕਫ਼ਨ ਰੱਖ ਕੇ ਸਫ਼ਰ ਕੀਤਾ। ਉਹ ਆਜ਼ਾਦੀ ਵੱਲ ਨਹੀਂ ਗਏ, ਆਜ਼ਾਦੀ ਉਨ੍ਹਾਂ ਵੱਲ ਆਪ ਚਲ ਕੇ ਆਈ। ਅਸੀਂ ਲੋਕਾਂ ਦੀਆਂ ਉਣਤਾਈਆਂ ਨੂੰ ਘੋਖਿਆ ਏ। ਆਪਣੇ ਅੰਦਰ ਕਦੇ ਵੀ ਝਾਤੀ ਨਹੀਂ ਮਾਰੀ। ਜਿਨ੍ਹਾਂ ਨੂੰ ਇਤਿਹਾਸ ਵਿਚ ਸੂਰਮਿਆਂ ਦਾ ਰੁਤਬਾ ਮਿਲਿਆ ਏ, ਉਨ੍ਹਾਂ ਦੀਆਂ ਸੋਚਾਂ ਵਿਚ ਦਲੇਰੀ ਨੇ ਦਿਨ-ਰਾਤ ਭੰਗੜੇ ਪਾਏ ਹਨ। ਉਨ੍ਹਾਂ ਦੀਆਂ ਪੈੜਾਂ ਰੇਤ 'ਤੇ ਨਹੀਂ, ਪੱਥਰ 'ਤੇ ਲਕੀਰਾਂ ਸਨ।

ਸਾਡਾ ਨਾਂ ਲਿਖ ਹੋਊ
ਪੱਥਰਾਂ ਅਤੇ ਚਟਾਨਾਂ 'ਤੇ,
ਇਕ ਦਿਨ ਵੇਖੀਂ ਹੋਣਾ ਇਹੋ
ਸਾਰਿਆਂ ਦੀਆਂ ਜ਼ਬਾਨਾਂ 'ਤੇ।

ਉਹ ਹੀ ਲੋਕਾਂ ਦੀਆਂ ਜ਼ਬਾਨਾਂ 'ਤੇ ਰਹੇ ਜਿਨ੍ਹਾਂ ਦੀਆਂ ਉਮਰਾਂ ਸੰਘਰਸ਼ ਦੇ ਸੇਕ ਵਿਚ ਤਪ ਗਈਆਂ, ਜਿਨ੍ਹਾਂ ਦੇ ਸਿਰਾਂ 'ਤੇ ਤੱਤੇ-ਠੰਢੇ ਦਿਨਾਂ ਦੀਆਂ ਤਰਕਾਲਾਂ ਪਈਆਂ। ਇਥੇ ਮੈਂ ਇਕ ਸੂਫ਼ੀ ਫ਼ਕੀਰ ਦਾ ਜ਼ਿਕਰ ਕਰ ਰਿਹਾ ਹਾਂ ਜਿਸ ਦਾ ਨਾਂ ਸਰਮਦ ਸੀ। ਉਸ ਨੂੰ ਔਰੰਗਜ਼ੇਬ ਨੇ ਜਾਮਾ ਮਸਜਿਦ ਅੱਗੇ ਕਤਲ ਕੀਤਾ ਸੀ। ਉਸ ਉਤੇ ਮੌਲਵੀਆਂ ਨੇ ਤਿੰਨ ਇਲਜ਼ਾਮ ਲਾਏ ਸਨ। ਹਕੂਮਤਾਂ ਨੇ ਸਦਾ ਇਲਜ਼ਾਮ ਹੀ ਲਾਏ ਹਨ! ਅਹੁਦੇ-ਰੁਤਬੇ ਤਾਂ ਸਿਰਫ਼ ਗ਼ੱਦਾਰੀ ਕਰਨ ਵਾਲਿਆਂ ਨੂੰ ਦਿੱਤੇ ਜਾਂਦੇ ਸਨ!!

1. ਸਰਮਦ ਨੰਗਾ ਰਹਿੰਦਾ ਏ
2. ਉਹ ਪਾਕ ਕਲਮਾ ਅੱਧਾ ਪੜ੍ਹਦਾ ਏ। ਸਿਰਫ਼ ਲਾ ਇਲਾ ਜਿਸ ਦਾ ਮਤਲਬ ਅੱਲਾ ਹੈ ਹੀ ਨਹੀਂ। ਇਸ ਲਈ ਉਹ ਅੱਲਾ ਦੀ ਜ਼ਾਤ ਤੋਂ ਮੁਨਕਰ ਹੈ।
3. ਉਹ ਸੂਬੇ ਮਿਅਰਾਜ ਤੋਂ ਹੀ ਮੁਨੱਕਰ ਹੈ ਜਿਸ ਨੂੰ ਹਜ਼ਰਤ ਮੁਹੰਮਦ ਸੱਤਵੇਂ ਆਸਮਾਨ 'ਤੇ ਲੈ ਗਏ ਸਨ।

ਫਿਰ ਸਰਮਦ ਨੇ ਸ਼ਾਹੀ ਦਰਬਾਰ ਵਿਚ ਆਖਿਆ:

1. ਖੁਦਾ ਉਸ ਨੂੰ ਪੁਸ਼ਾਕ ਦਿੰਦਾ ਹੈ ਜਿਸ ਵਿਚ ਐਬ ਵੇਖਦਾ ਹੈ। ਬੇਗੁਨਾਹਾਂ ਲਈ ਨੰਗੇਜ਼ ਹੀ ਪੁਸ਼ਾਕ ਹੁੰਦਾ ਹੈ। ਇਸਲਾਮ ਵਿਚ ਨੰਗੇ ਰਹਿਣ ਦੀ ਮਨਾਹੀ ਨਹੀਂ।
2. ਅੱਧਾ ਕਲਮਾ ਮੈਂ ਇਸ ਲਈ ਪੜ੍ਹਦਾ ਹਾਂ ਕਿ ਮੈਂ ਹਾਲੇ ਅੱਲਾ ਦਾ ਦੀਦਾਰ ਨਹੀਂ ਕੀਤਾ। ਜਿਸ ਦਿਨ ਕਰ ਲਵਾਂਗਾ, ਪੂਰਾ ਪੜ੍ਹਾਂਗਾ। ਉਸ ਨੂੰ ਦੇਖੇ ਬਿਨਾਂ ਉਹਦੀ ਗਵਾਹੀ ਦੇਣਾ ਝੂਠੀ ਗਵਾਹੀ ਹੈ।
3. ਜਿਸ ਨੇ ਸੱਚ ਦਾ ਤੰਦ ਪਾ ਲਿਆ, ਉਹ ਆਸਮਾਨ ਤੋਂ ਵੀ ਵੱਡਾ ਏ।

ਅਖ਼ੀਰ ਸਰਮਦ ਨੂੰ ਕਤਲ ਕਰਨ ਦਾ ਹੁਕਮ ਜੁਮੇ ਰਾਤ ਨੂੰ ਦਿੱਤਾ ਗਿਆ। ਇਹ ਸਾਲ 1660 ਈਸਵੀ ਸੀ। ਕੁਝ ਇਤਿਹਾਸਕਾਰ 1661 ਮੰਨਦੇ ਹਨ ਅਤੇ ਕੁਝ 1662 ਦੱਸਦੇ ਹਨ। ਸਰਮਦ ਰੁਬਾਈਆਂ ਗਾਉਂਦਾ ਆਪਣੀ ਕਤਲਗਾਹ ਵੱਲ ਆਇਆ। ਜੱਲਾਦ ਨੇ ਉਹਦਾ ਮੂੰਹ ਕੱਪੜੇ ਨਾਲ ਢਕਣਾ ਚਾਹਿਆ ਪਰ ਉਸ ਨੇ ਇਨਕਾਰ ਕਰ ਦਿੱਤਾ। ਫਿਰ ਸਰਮਦ ਨੇ ਕਿਹਾ, ਮੇਰੀ ਇਹ ਖ਼ੁਸ਼ਨਸੀਬੀ ਏ! ਤੂੰ ਜਿਸ ਸੂਰਤ ਵਿਚ ਵੀ ਆਵੇਂ, ਮੈਂ ਤੈਨੂੰ ਦੇਖਣਾ ਚਾਹੁੰਦਾ ਹਾਂ। ਸ਼ਾਹੀ ਮਸਜਿਦ ਦੇ ਸਾਹਮਣੇ ਜਿਸ ਚਬੂਤਰੇ 'ਤੇ ਸਰਮਦ ਨੂੰ ਕਤਲ ਕੀਤਾ ਗਿਆ, ਹੁਣ ਉਥੇ ਉਹਦਾ ਮਜ਼ਾਰ ਹੈ।

ਇਤਿਹਾਸ ਪੜ੍ਹ ਕੇ ਅਮਲ ਨਾ ਕਰਨਾ, ਇਤਿਹਾਸ ਵੱਲ ਪਿੱਠ ਕਰਨਾ, ਕੀ ਮਨੁੱਖ ਦੇ ਇਖ਼ਲਾਕੀ ਤੌਰ 'ਤੇ ਦੀਵਾਲੀਆ ਹੋਣ ਦੀ ਨਿਸ਼ਾਨੀ ਨਹੀਂ? ਮੁਰਝਾਏ ਫੁੱਲਾਂ ਨਾਲ ਗੁਲਦਾਨ ਵੀ ਰੋਣ ਲੱਗ ਪੈਂਦਾ ਹੈ।

ਕਹਾਣੀ

# ਤੂੰ ਨਿਹਾਲਾ ਨਾ ਬਣੀਂ

***ਸਾਂਵਲ ਧਾਮੀ ਪੰਜਾਬੀ ਕਹਾਣੀ ਜਗਤ ਵਿਚ ਇਕ ਸਥਾਪਿਤ ਹਸਤਾਖਰ ਹੈ। ਉਸ ਦੀਆਂ ਕਹਾਣੀਆਂ ਮਨ ਨੂੰ ਟੁੰਬ ਲੈਣ ਵਾਲੀਆਂ ਹੁੰਦੀਆਂ ਹਨ ਅਤੇ ਕੁਝ ਕਹਾਣੀਆਂ ਅਸੀਂ ਇਨ੍ਹਾਂ ਪੰਨਿਆਂ ਉਤੇ ਛਾਪ ਵੀ ਚੁਕੇ ਹਾਂ। ਉਸ ਦੀ ਇਹ ਤਾਜ਼ਾ ਕਹਾਣੀ ਪੰਜਾਬ ਦੇ ਪੇਂਡੂ ਜੀਵਨ ਦੇ ਉਨ੍ਹਾਂ ਦਿਨਾਂ ਦੀ ਯਾਦ ਤਾਜ਼ਾ ਕਰਵਾਉਂਦੀ ਹੈ ਜਦੋਂ ਸਾਂਝੇ ਪਰਿਵਾਰਾਂ ਵਿਚ ਇਕ ਜਾਂ ਦੋ ਪੁੱਤਰ ਪੜ੍ਹਦੇ ਸਨ ਅਤੇ ਬਾਕੀ ਪਰਿਵਾਰ ਚੰਗੇ ਦਿਨਾਂ ਦੀ ਆਸ ਵਿਚ ਉਨ੍ਹਾਂ ਦੀ ਪੜ੍ਹਾਈ ਲਈ ਆਪਣੀ ਸਾਰੀ ਵਾਹ ਲਾ ਦਿੰਦਾ ਸੀ, ਇਸ ਆਸ ਨਾਲ ਕਿ ਪੜ੍ਹ ਲਿਖ ਕੇ ਘਰ ਦਾ ਇਹ ਜੀਅ ਉਨ੍ਹਾਂ ਦੇ ਦਿਨ ਹੀ ਸੁਖਾਲੇ ਨਹੀਂ ਕਰੇਗਾ ਸਗੋਂ ਘਰ ਦਾ ਨਾਂ ਵੀ ਰੌਸ਼ਨ ਕਰੇਗਾ। ਪਰ ਹੁੰਦਾ ਕਈ ਵਾਰ ਇਹ ਕਿ ਪੜ੍ਹ ਲਿਖ ਕੇ ਮੁੰਡਾ ਆਪਣਾ ਵੱਖਰਾ ਟੱਬਰ ਵਸਾ ਲੈਂਦਾ ਅਤੇ ਬਾਕੀ ਭਰਾ ਜਾਂ ਮਾਪੇ ਵਿਹੰਦੇ ਹੀ ਰਹਿ ਜਾਂਦੇ। ਫਿਰ ਵੰਡ-ਵੰਡਾਈਆਂ ਹੁੰਦੀਆਂ ਅਤੇ ਉਹ ਇਕ ਵੱਖਰੀ ਕਹਾਣੀ ਬਣਦੀ। ਅਜਿਹਾ ਹੀ ਕੁਝ ਚਿੱਤਰ ਇਹ ਕਹਾਣੀ ਪੇਸ਼ ਕਰਦੀ ਹੈ। -ਸੰਪਾਦਕ***

**ਸਾਂਵਲ ਧਾਮੀ***

"ਆਪਾਂ ਵੀ ਹੁਣ ਸ਼ਹਿਰ ਰਹੀਏ। ਨਿਕਲੀਏ ਪਰ੍ਹਾਂ ਏਸ ਦੁਨੀਆਂਦਾਰੀ ਦੇ ਖਲਜਗਣ ਵਿਚੋਂ।"

ਪਤਨੀ ਪਿੰਡ ਛੱਡਣ ਦੀ ਗੱਲ ਕਰਦੀ ਤਾਂ ਮੇਰੇ ਜ਼ਿਹਨ 'ਚ ਅਣਵੇਖਿਆ ਨਿਹਾਲਾ ਲਿਸ਼ਕ ਉਠਦਾ। ਬਾਪੂ ਵਲੋਂ ਸੁਣਾਈ ਕਹਾਣੀ ਯਾਦ ਆ ਜਾਂਦੀ। ਸਿਵਿਆਂ ਦੇ ਗੇਟ ਕੋ਼ਲ ਖੜ੍ਹ ਕੇ, ਚਾਚੇ ਵਲੋਂ ਕਹੀ ਗੱਲ ਕੰਨਾਂ 'ਚ ਗੂੰਜ ਉਠਦੀ।

"ਮੈਂ ਨਿਹਾਲਾ ਨਹੀਂ ਬਣਨਾ!" ਇਕ ਦਿਨ ਮੇਰੇ ਮੂੰਹੋਂ ਮੱਲੋ-ਜ਼ੋਰੀ ਇਹ ਲਫ਼ਜ਼ ਨਿਕਲ ਗਏ ਸਨ।

ਫਿਰ ਉਹ ਵਾਰ-ਵਾਰ ਨਿਹਾਲੇ ਬਾਰੇ ਪੁੱਛਣ ਲੱਗ ਪਈ ਸੀ। ਨਿਹਾਲੇ ਦੀ ਕਹਾਣੀ ਸੁਣਾ ਕੇ ਖਹਿੜਾ ਛੁਡਾਉਣਾ ਪਿਆ ਸੀ ਆਖ਼ਰ। ਕਹਾਣੀ ਮੁੱਕੀ ਤਾਂ ਉਹਦੀਆਂ ਅੱਖਾਂ 'ਚ ਅੱਥਰੂ ਸਨ। ਉਹ ਦਿਨ ਤੇ ਅੱਜ ਦਾ ਦਿਨ, ਵੀਰੇ ਨਾਲੋਂ ਅੱਡ ਹੋਣ ਦੀ ਗੱਲ ਮੁੜ ਕਦੇ ਨਹੀਂ ਕੀਤੀ ਉਹਨੇ।

ਵੀਰਾ ਤਿੰਨ ਧੀਆਂ ਤੇ ਦੋ ਪੁੱਤਰਾਂ ਦਾ ਬਾਪ...! ਜੇ ਮੈਂ ਆਪਣੇ ਹਿੱਸੇ ਆਉਂਦੀ ਜ਼ਮੀਨ ਵੱਖ ਕਰ ਲਵਾਂ ਤਾਂ ਉਹਦੇ ਪੱਲੇ ਚਾਰ ਕੁ ਕਿੱਲੇ ਰਹਿ ਜਾਣਗੇ ਬਸ। ਚਾਰ ਕਿੱਲੇ ਤੇ ਅੱਠ ਜੀਅ! ਦੋ ਉਹ ਆਪ, ਪੰਜ ਬੱਚੇ ਤੇ ਮਾਂ, ਮੈਨੂੰ ਪਤਾ ਕਿ ਉਹਨੂੰ ਛੱਡ ਕੇ ਮਾਂ ਕਦੇ ਵੀ ਸਾਡੇ ਨਾ਼ਲ ਨਹੀਂ ਰਹੇਗੀ।

ਵੀਰੇ ਦੀ ਮਿਹਨਤ ਨਾ਼ਲ ਖਾਣ ਲਈ ਘਰ ਦੀ ਕਣਕ, ਮੱਕੀ, ਛੋ਼ਲੇ, ਚੌ਼ਲ ਤੇ ਸਾਗ-ਸਬਜ਼ੀਆਂ ਹੋ ਜਾਂਦੀਆਂ ਨੇ। ਘਰ ਦਾ ਦੁੱਧ, ਦਹੀਂ ਤੇ ਮੱਖਣ ਮਿਲ ਜਾਂਦਾ। ਮਿਲਾਵਟ ਦੇ ਇਸ ਦੌਰ 'ਚ ਬਹੁਤ ਵੱਡੀਆਂ ਨਿਆਮਤਾਂ ਨੇ ਇਹ! ਬੱਚਿਆਂ ਦੀ ਫੀਸ, ਘਰ ਦਾ ਰਾਸ਼ਣ-ਪਾਣੀ ਤੇ ਹੋਰ ਬਿੱਲ-ਬੱਤੀਆਂ ਦੀ 'ਪੰਡ' ਮੈਂ ਆਪਣੇ ਸਿਰ ਚੁੱਕੀ ਹੋਈ ਹੈ। ਬੱਚਿਆਂ ਨੂੰ ਸਕੂਲੇ ਛੱਡਣ ਤੇ ਓਥੋਂ ਲਿਆਉਣ ਦੀ ਜ਼ਿੰਮੇਵਾਰੀ ਵੀਰਾ ਨਿਭਾਉਂਦਾ ਹੈ ਨੇਮ ਨਾ਼ਲ।

ਇਹ ਸੱਚ ਹੈ ਕਿ ਸਾਂਝੇ ਟੱਬਰ 'ਚ ਰਹਿੰਦਿਆਂ ਮੈਂ ਸ਼ਹਿਰ 'ਚ ਕੋਈ ਪਲਾਟ ਨਹੀਂ ਖਰੀਦ ਸਕਿਆ। ਵੱਖਰਾ ਤੇ ਵਧੀਆ ਘਰ ਨਹੀਂ ਬਣਾ ਸਕਿਆ। ਗ਼ਰੀਬੀ ਦੇ ਦਿਨ ਕੱਟਦਿਆਂ ਜੋ ਸੋਚੀ ਸੀ ਕਦੇ, ਉਹ 'ਐਸ਼' ਵੀ ਨਹੀਂ ਕਰ ਸਕਿਆ। ਕਿਸੇ ਹਿੱਲ ਸਟੇਸ਼ਨ 'ਤੇ ਜਾਣ ਬਾਰੇ ਸੋਚਦਿਆਂ, ਆਪ-ਮੁਹਾਰੇ ਆਪਣਾ ਬਚਪਨ ਯਾਦ ਆ ਜਾਂਦੈ। ਚਾਚਾ-ਚਾਚੀ ਤੇ ਉਨ੍ਹਾਂ ਦੇ ਧੀ-ਪੁੱਤਰ ਕਿਧਰੇ ਸੈਰ-ਸਪਾਟੇ 'ਤੇ ਜਾ ਰਹੇ ਹੁੰਦੇ। ਅਸੀਂ ਦੋਵੇਂ ਭਰਾ ਬਾਰੀ ਨਾ਼ਲ ਲੱਗੇ, ਉਨ੍ਹਾਂ ਨੂੰ ਭਰੇ ਮਨ ਤੇ ਭਰੀਆਂ ਅੱਖਾਂ ਨਾ਼ਲ ਦੇਖਦੇ ਰਹਿ ਜਾਂਦੇ। ਵੀਰੇ ਦੇ ਬੱਚਿਆਂ ਨੂੰ ਘਰ ਛੱਡ, ਆਪਣੇ ਬੱਚਿਆਂ ਨੂੰ ਸੈਰ ਸਪਾਟੇ 'ਤੇ ਲਿਜਾਣਾ, ਮੈਨੂੰ ਉਨ੍ਹਾਂ ਦੇ ਮਸੂਮ ਦਿਲਾਂ ਨਾ਼ਲ ਧੋਖ਼ਾ ਲੱਗਦਾ ਹੈ।

ਨੌਕਰੀ-ਪੇਸ਼ੇ ਵਾਲਿਆਂ ਦੇ ਬੱਚੇ ਪ਼ਲ ਜਾਣ, ਇਹ ਕੋਈ ਛੋਟੀ ਗੱਲ ਨਹੀਂ ਹੁੰਦੀ। ਹੁਣ ਸਾਡੇ ਬੱਚਿਆਂ ਨੂੰ ਭਾਬੀ ਪਾ਼ਲ ਰਹੀ ਏ। ਚਾਚੇ-ਚਾਚੀ ਦੇ ਬੱਚੇ ਮਾਂ ਨੇ ਹੀ ਪਾ਼ਲੇ ਸਨ, ਪਰ ਜਦੋਂ ਉਹ ਵੱਡੇ ਹੋ ਗਏ ਤਾਂ ਉਨ੍ਹਾਂ ਦੀਆਂ ਨਜ਼ਰਾਂ ਬਦਲ ਗਈਆਂ। ਉਹ ਉਨ੍ਹਾਂ ਲਈ ਚੋਰੀ-ਚੋਰੀ ਫ਼ਲ ਲੈ ਕੇ ਆਉਂਦੇ। ਸਾਨੂੰ ਚਾਹ ਵੀ ਮੁਸ਼ਕਲ ਨਾਲ ਮਿਲਦੀ, ਪਰ ਉਹ ਨੇਮ ਨਾਲ ਦੁੱਧ ਪੀਂਦੇ।

ਚਾਚੀ ਨਿੱਤ ਨਵਾਂ ਸੂਟ ਪਹਿਨ ਕੇ ਦਫ਼ਤਰ ਜਾਂਦੀ। ਮਾਂ ਦੇ ਉਹੀ ਪੁਰਾਣੇ ਲੀੜੇ ਹੁੰਦੇ। ਮਾਂ ਚੱਤੋ-ਪਹਿਰ ਕੁੜਦੀ ਰਹਿੰਦੀ, ਪਰ ਖੁੱਲ੍ਹ ਕੇ ਗੁੱਭ-ਗੁਭਾਟ ਕੱਢਣ ਦੀ ਸਥਿਤੀ ਨਹੀਂ ਸੀ ਉਹਦੀ। ਬਿਜਲੀ ਦਾ ਬਿਲ ਆਉਂਦਾ ਤਾਂ ਬਾਪੂ ਚਾਚੇ ਦੇ ਹੱਥਾਂ ਵੱਲ ਵੇਖਦਾ ਰਹਿੰਦਾ, ਪਰ ਚਾਚਾ ਘੇਸ ਮਾਰੀ ਰੱਖਦਾ। ਆਖਰ ਬਾਪੂ ਦਾਦੀ ਨੂੰ ਗੱਲ ਕਰਨ ਲਈ ਆਖਦਾ। ਦਾਦੀ ਗੱਲ ਤੋਰਦੀ ਤਾਂ ਚਾਚਾ ਹਾੜ੍ਹੀ-ਸਉਣੀ ਦੀਆਂ ਕਮਾਈਆਂ ਦੇ ਕਿੱਸੇ ਛੇੜ ਲੈਂਦਾ।

ਚਾਚੀ ਦੇ ਪੇਕਿਆਂ ਤੋਂ ਕੋਈ ਆਉਂਦਾ ਤਾਂ ਉਹਦੇ ਲਈ ਖੀਰ ਜਾਂ ਕੜਾਹ ਬਣਾਇਆ ਜਾਂਦਾ, ਪਰ ਜਦੋਂ ਸਾਡੇ ਨਾਨਕਿਆਂ ਵਲੋਂ ਕੋਈ ਆਉਂਦਾ ਤਾਂ ਚਾਚੀ ਉਨ੍ਹਾਂ ਨੂੰ 'ਦੁਆ-ਸਲਾਮ' ਕੀਤੇ ਬਿਨਾਂ ਆਪਣੇ ਕਮਰੇ 'ਚ ਸਿਰ ਬੰਨ੍ਹ ਕੇ ਲੰਮੀ ਪੈ ਜਾਂਦੀ।

ਅਸੀਂ ਦੋਵੇਂ ਭਰਾ ਪਿੰਡ ਦੇ ਸਰਕਾਰੀ ਸਕੂਲੇ ਪੜ੍ਹਦੇ ਸਾਂ ਪਰ ਚਾਚੇ ਨੇ ਬੱਚੇ ਸ਼ਹਿਰ ਦੇ ਕਾਨਵੈਂਟ ਸਕੂਲ 'ਚ ਦਾਖ਼ਲ ਕਰਵਾਏ ਸਨ। ਉਹ ਸੋਹਣੀਆਂ ਵਰਦੀਆਂ ਪਾਉਂਦੇ, ਟਾਈਆਂ ਲਾਉਂਦੇ ਤੇ ਸੋਹਣੇ-ਸੋਹਣੇ ਬੈਗ ਚੁੱਕੀ ਘਰੋਂ ਨਿਕਲਦੇ। ਮੇਨ-ਰੋਡ 'ਤੇ ਖੜ ਉਹ ਵੈਨ ਦੀ ਉਡੀਕ ਕਰਦੇ। ਉਨ੍ਹਾਂ ਦੇ ਕੋ਼ਲੋਂ ਲੰਘ ਕੇ ਸਾਨੂੰ ਸਕੂਲ ਜਾਣਾ ਪੈਂਦਾ। ਅਸੀਂ ਸਾਰਾ ਦਿਨ ਉਦਾਸ-ਉਦਾਸ ਰਹਿੰਦੇ; ਗੱਲ-ਗੱਲ 'ਤੇ ਮਾਂ ਤੇ ਦਾਦੀ ਨਾਲ ਰੁੱਸਦੇ; ਬਾਪੂ ਵੀ ਬੁਰਾ-ਬੁਰਾ ਲੱਗਦਾ ਰਹਿੰਦਾ।

"ਪੁੱਤਰੋ ਸਾਂਝੇ ਟੱਬਰ 'ਚ ਰਹਿਣਾ ਕਿਸੇ ਹਾਰੀ-ਸਾਰੀ ਦਾ ਕੰਮ ਨਈਂ ਹੁੰਦਾ! ਬੜਾ ਵੱਡਾ ਜਿਗਰਾ ਚਾਹੀਦਾ ਆ ਏਸ ਲਈ। ਪੈਰ-ਪੈਰ 'ਤੇ ਆਪਣੇ-ਆਪ ਨੂੰ ਮਾਰਨਾ ਪੈਂਦੈ। ਦੁਸ਼ਮਣ ਨੂੰ ਮਾਰਨ ਨਾਲੋਂ ਵੱਧ ਮੁਸ਼ਕਲ ਹੁੰਦੈ, ਆਪਣੇ-ਆਪ ਨੂੰ ਮਾਰਨਾ। ਮਾਪਿਆਂ ਤੇ ਭੈਣ-ਭਾਈਆਂ ਨਾ਼ਲ ਧੋਖਾ ਕਰਨ ਵਾ਼ਲੇ, ਕਦੇ ਦੇਸ਼-ਕੌਮ ਨਾ਼ਲ ਵਫ਼ਾ ਨਈਂ ਕਰ ਸਕਦੇ।" ਬਾਪੂ ਦੇ ਇਹ ਬੋਲ ਯਾਦ ਕਰਦਿਆਂ, ਅੱਜ ਵੀ ਮੇਰੇ ਜ਼ਿਹਨ 'ਚ ਉਕਰੇ ਨਿਹਾਲੇ ਤੇ ਚਾਚੇ ਦੇ ਅਕਸ ਰ਼ਲਗੱਡ ਜਿਹੇ ਹੋ ਜਾਂਦੇ ਹਨ।

ਇਸੇ ਰੰਗ-ਢੰਗ ਦੀ ਇਕ ਗੱਲ ਨਾਨਾ ਵੀ ਸੁਣਾਉਂਦਾ ਹੁੰਦਾ ਸੀ।

ਦੋ ਭਰਾ ਸਨ। ਲੋਕ ਉਨ੍ਹਾਂ ਦੇ ਪਿਆਰ ਦੀਆਂ ਮਿਸਾਲਾਂ ਦਿੰਦੇ। ਇਕ ਸਵੇਰ ਵੱਡੇ ਭਾਈ ਕੋ਼ਲ ਉਹਦਾ ਪੁੱਤਰ ਤੇ ਭਤੀਜਾ ਖੜ੍ਹੇ ਸਨ। ਉਹਨੇ ਹੱਥਲੇ ਗੰਨ੍ਹੇ ਦੇ ਦੋ ਟੋਟੇ ਕੀਤੇ ਤੇ ਮੁੰਡਿਆਂ ਵੱਲ ਵਧਾ ਦਿੱਤੇ। ਪਰ ਉਹਨੂੰ ਚਾਣਚੱਕ ਖ਼ਿਆਲ ਆਇਆ ਕਿ ਮੁੱਢ ਵੱਲ ਦਾ ਮਿੱਠਾ ਟੋਟਾ ਤਾਂ ਭਤੀਜੇ ਨੂੰ ਮਿਲ ਚੱਲਾ। ਉਹਨੇ ਹੱਥ ਘੁੰਮਾ ਦਿੱਤੇ। ਓਹਲੇ 'ਚ ਖੜ੍ਹਾ ਦੂਸਰਾ ਭਰਾ ਸਭ ਕੁਝ ਵੇਖ ਰਿਹਾ ਸੀ। ਉਹਨੇ ਉਸੇ ਦੁਪਹਿਰ ਪਿੰਡ ਦੇ ਮੁਹਤਬਰ ਬੰਦੇ 'ਕੱਠੇ ਕੀਤੇ ਤੇ ਭਾਈ ਨਾ਼ਲੋਂ ਅੱਡ ਹੋ ਗਿਆ।

"ਪਹਿਲਾਂ ਤਾਂ ਮਨ ਦੁਫਾੜ ਹੁੰਦੇ ਨੇ, ਵਿਹੜੇ ਤੇ ਜ਼ਮੀਨਾਂ ਤਾਂ ਕਿਤੇ ਬਾਅਦ 'ਚ ਵੰਡੇ ਜਾਂਦੇ ਆ ਪੁੱਤਰੋ!" ਗੱਲ ਮੁਕਾ ਉਹ ਨਿਚੋੜ ਵੀ ਕੱਢ ਦਿੰਦਾ ਹੁੰਦਾ ਸੀ।

***

ਉਹ ਹਾੜ੍ਹ ਦੀ ਤਿੱਖੜ ਦੁਪਹਿਰ ਸੀ। ਨਿੰਮ ਦੀ ਸੰਘਣੀ ਛਾਂ ਹੇਠ ਅੱਠ-ਦਸ ਮੰਜੇ ਡੱਠੇ ਹੋਏ ਸਨ। ਸਾਡਾ ਘਰ-ਬਾਰ ਵੰਡਣ ਲਈ ਪਿੰਡ ਦੇ ਮੁਹਤਬਰ ਬੰਦੇ ਇਕੱਠੇ ਹੋ ਰਹੇ ਸਨ। ਵਿਹੜੇ ਦੇ ਚੜਦੇ ਸਿਰੇ ਇੱਟਾਂ ਨੂੰ ਜੋੜ ਕੇ ਬਣਾਏ ਚੁੱਲੇ 'ਤੇ ਚਾਹ ਦਾ ਪਤੀਲਾ ਧਰਿਆ ਹੋਇਆ ਸੀ। ਮੱਖੂ ਚੁੱਲੇ 'ਚ ਅੱਗ ਬਾ਼ਲ ਰਿਹਾ ਸੀ। ਚੁੱਲ੍ਹੇ 'ਚੋਂ ਉਠਦੇ ਧੂੰਏਂ ਨੂੰ ਵੇਖ ਮੈਨੂੰ ਮੁੜ-ਮੁੜ ਦਾਦੇ ਦੀ ਚਿਤਾ ਯਾਦ ਆ ਰਹੀ ਸੀ।

"ਇਦ੍ਹੇ ਪਿਓ ਦੀ ਢੇਰੀ ਥੱਲੇ ਹਾਲੇ ਵੀ ਕੁਝ ਸੇਕ ਬਚਦਾ ਹੋਣੈ ਤੇ ਦੇਖ ਲਓ ਏਹ ਕਿੜ੍ਹੇ ਤਮਾਸ਼ੇ ਕਰਨ ਡਹਿ ਪਿਆ।" ਦਾਦੀ ਨੇ ਲੰਮਾ ਹਉਕਾ ਭਰਦਿਆਂ ਇਹ ਆਖਿਆ ਤਾਂ ਮੇਰੇ ਕੰਨਾਂ 'ਚ ਦਾਦੇ ਵਲੋਂ ਕਹੇ ਆਖ਼ਰੀ ਬੋਲ ਗੂੰਜ ਉਠੇ ਸਨ।

"ਪੁੱਤਰੋ, ਆਪੋ-ਆਪਣੀ ਥਾਂ ਮੌਲ਼ਿਓ! ਕਿਤੇ ਵੀ, ਕਦੇ ਵੀ, ਕਿਸੇ ਨੂੰ ਵੀ ਆਪਣੀ ਛੌਰੇ ਨਾ ਮਾਰਿਓ। ਅਗਾਂਹ ਤਾਡ੍ਹੇ ਪੁੱਤਰ-ਪੋਤਰੇ ਏਸ ਪਿੰਡ 'ਚ ਨਈਂ ਸਮਾ ਸਕਣਗੇ। ਕਿਤੇ ਉਨ੍ਹਾਂ ਨੂੰ ਛਾਂਗਣ ਨਾ ਲੱਗ ਪੈਣਾ। ਉਨ੍ਹਾਂ ਨੂੰ ਆਪਣੀਆਂ ਜੜ੍ਹਾਂ ਜੋਗੀ ਮਿੱਟੀ ਆਪ ਲੱਭਣੀ ਪਵੇਗੀ। ਸਾਰੀ ਦੁਨੀਆਂ ਉਨ੍ਹਾਂ ਦੀ ਹੋਵੇਗੀ। ਪਤਾ ਨਈਂ ਉਨ੍ਹਾਂ ਨੇ ਕਿੱਥੇ-ਕਿੱਥੇ ਮੌ਼ਲਣਾ। ਆਪਣਾ ਲਹੂ ਕਿਤੇ ਵੀ ਮੌ਼ਲੇ, ਉਦ੍ਹੀ ਛਾਂ ਤਾਂ ਮਾਪਿਆਂ ਦੀ ਮਿੱਟੀ ਤੱਕ ਵੀ ਪਹੁੰਚ ਜਾਂਦੀ ਆ।"

ਸਭ ਤਰ੍ਹਾਂ ਦੇ ਹ਼ਲ, ਪੰਜਾਲੀਆਂ, ਮੰਜੇ, ਬਿਸਤਰੇ, ਛੋਟੇ-ਵੱਡੇ ਭਾਂਡੇ, ਭੜ੍ਹੋਲੇ-ਭੜ੍ਹੋਲੀਆਂ ਤੇ ਹੋਰ ਨਿੱਕ-ਸੁੱਕ ਵਿਹੜੇ 'ਚ ਇਕੱਠਾ ਕੀਤਾ ਜਾ ਰਿਹਾ ਸੀ। ਅਸੀਂ ਬੱਚੇ ਵਿਹੜੇ 'ਚ ਲੱਗੀ ਰੌਣਕ ਤੋਂ ਖੁਸ਼ ਸਾਂ। ਇਹ ਤਾਂ ਸਾਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਅਸੀਂ ਆਖਰੀ ਵਾਰ ਇਕੱਠੇ ਖੇਡ ਰਹੇ ਹਾਂ।

"ਤੁਸੀਂ ਘਰਾਂ ਦੀ ਗੱਲ ਕਰਦੇ ਓ, ਅਸੀਂ ਤਾਂ ਦੇਸ਼ ਵੰਡ ਹੁੰਦੇ ਵੇਖੇ ਨੇ ਪੁੱਤਰੋ।" ਨਾਨਾ ਕਦੇ-ਕਦੇ ਹੱਡ-ਬੀਤੀ ਛੋਹ ਲੈਂਦਾ ਹੁੰਦਾ ਸੀ।

"ਰੌ਼ਲਾ ਜਿਹਾ ਤਾਂ ਸੀ ਕਿ ਕੁਝ ਹੋਣ-ਵਾਪਰਨ ਜਾ ਰਿਹੈ, ਪਰ ਬੈਠੇ-ਸੁੱਤਿਆਂ ਮੁਲਖ਼ ਬਦਲ ਜਾਣਗੇ, ਏਹ ਭਲਾ ਕਿਨ੍ਹੇ ਸੋਚਿਆ ਸੀ। ਮੈਂ ਸਾਰਾ ਦਿਨ ਰਹੀਮੇ, ਨੂਰੇ ਤੇ ਗਾਮੇ ਹੁਰਾਂ ਨਾਲ ਪਿੰਡ ਦੀ ਨਿਆਈਂ 'ਚ ਖੇਡਦਾ ਰਿਹਾ ਸਾਂ। ਦੂਰੋਂ ਬਾਪੂ ਦਾ ਗੱਡਾ ਆਉਂਦਾ ਵੇਖਿਆ ਤਾਂ ਘਰ ਵੱਲ ਭੱਜ ਪਿਆਂ ਸਾਂ। ਉਹ 'ਵਾਜਾਂ ਮਾਰਦੇ ਰਹਿ ਗਏ। ਮੈਂ ਦੌੜਦੇ-ਦੌੜਦੇ, ਮੂੰਹ ਘੁੰਮਾ ਕੇ ਕਿਹਾ ਸੀ-ਗੁਰੂ ਦੀ ਸੌਂਹ, ਮੈਂ ਆਪਣੀ ਵਾਰੀ ਕੱਲ੍ਹ ਨੂੰ ਦੇਵਾਂਗਾ। ਲਓ ਜੀ ਰੋਟੀ-ਟੁੱਕ ਦੇ ਵੇਲੇ ਰੌ਼ਲਾ ਪੈ ਗਿਆ ਤੇ ਪਲਾਂ-ਛਿਣਾ 'ਚ ਪਿੰਡ ਛੱਡਣਾ ਪੈ ਗਿਆ। ਉਹ ਕੱਲ੍ਹ ਅੱਜ ਆਉਂਦਾ ਪੁੱਤਰੋ! ਮੈਨੂੰ ਅੱਜ ਵੀ ਰਹੀਮੇ ਹੁਰਾਂ ਦੀਆਂ 'ਵਾਜ਼ਾਂ ਸੁਣਾਈ ਦਿੰਦੀਆਂ ਨੇ। ਰੱਬ ਜਾਣੇ ਉਹ ਜਿਉਂਦੇ ਵੀ ਹੋਣਗੇ ਕਿ ਕਬਰਾਂ ਦੇ ਢਿੱਡੀਂ...। ਅਖੇ ਵਾਰੀ ਆਪੋ ਆਪਣੀ...!" ਗੱਲ ਮੁਕਾ ਉਹ ਅਕਸਰ ਸਿਰ ਝੁਕਾ ਲੈਂਦਾ ਹੁੰਦਾ ਸੀ।

"ਆਪਣੀ ਵਾਰੀ ਵੇਲੇ ਤਾਂ ਸਭ ਭੱਜ ਜਾਂਦੇ ਨੇ ਮਹਾਂਪੁਰਖੋ! ਹੁਣ ਦੂਰ ਕੀ ਜਾਣਾ, ਸਾਡੇ ਘਰ ਵੱਲ ਈ ਦੇਖ ਲਓ! ਮੈਂ ਸਾਰੀ ਉਮਰ ਡੰਗਰਾਂ ਨਾਲ ਡੰਗਰ ਤੇ ਮਿੱਟੀ ਨਾਲ ਮਿੱਟੀ ਹੁੰਦਾ ਰਿਹਾਂ, ਪਰ ਛੋਟੇ ਨੂੰ ਕਦੇ ਨੱਕਾ ਤੱਕ ਨਈਂ ਮੋੜਨ ਦਿੱਤਾ। ਆਹ ਤੇਰੀ ਧੀ ਨੇ ਤਾਂ ਨਈਂ ਦੱਸਿਆ ਹੋਣਾ ਕਦੇ, ਉਦ੍ਹੀਆਂ ਫੀਸਾਂ ਤਾਰਨ ਲਈ ਮੈਂ ਏ੍ਹਦਾ ਟੂਮ-ਛੱਲਾ ਵੀ ਵੇਚ ਸੁੱਟਿਆ। ਪਰ ਜਦੋਂ ਮੇਰੇ ਮੁੰਡਿਆਂ ਨੂੰ ਪੜ੍ਹਾਉਣ ਦੀ ਵਾਰੀ ਆਈ ਤਾਂ ਉਹ ਨਿਹਾਲਾ ਬਣ ਬੈਠਾ। ਹੁਣ ਉਹਨੂੰ ਪੁੱਛੇ ਕੌਣ...!" ਚਾਚੇ ਦੇ ਟੁੱਟ ਬਹਿਣ ਮਗਰੋਂ, ਬਾਪੂ ਹਰ ਗੱਲ ਨੂੰ ਆਪਣੇ ਦੁੱਖ ਨਾਲ ਜੋੜ੍ਹ ਲੈਂਦਾ ਹੁੰਦਾ ਸੀ।

"ਕਿਉਂ ਝੱਲ-ਵਲੱਲੀਆਂ ਮਾਰਦਾ ਰਹਿੰਨਾ ਵੇ ਸ਼ਿੰਗਾਰਿਆ? ਦੱਸ ਕਦੇ ਏਹ ਨਿਹਾਲੇ ਵੀ ਆਪਣੀ ਵਾਰੀ ਦਿੰਦੇ ਹੁੰਦੇ ਆ?" ਦਾਦੀ ਦੇ ਬਹੁਤੇ ਸਵਾਲ ਬਾਪੂ ਨੂੰ ਨਿਰ-ਉਤਰ ਕਰ ਦਿੰਦੇ ਸਨ।

ਮੈਂ ਨਿਹਾਲੇ ਬਾਰੇ ਬਾਪੂ ਕੋਲੋਂ ਬੜੀ ਵਾਰ ਪੁੱਛਿਆ ਸੀ।

"ਮੌਕਾ ਔਣ 'ਤੇ ਸੁਣਾਵਾਂਗਾ ਤੈਨੂੰ ਨਿਹਾਲੇ ਦੀ ਕਹਾਣੀ।" ਉਹ ਹਰ ਵਾਰ ਲੱਗਪਗ ਇੱਕੋ ਜਿਹਾ ਜਵਾਬ ਦਿੰਦਾ।

ਦਾਦੀ ਕੋਲੋਂ ਪੁੱਛਿਆ ਤਾਂ ਉਹ ਫਿੱਕਾ ਜਿਹਾ ਹੱਸਦਿਆਂ ਬੋਲੀ ਸੀ, "ਨਿਹਾਲਿਆਂ ਦਾ ਤਾਂ ਉਹ ਕਿੱਸਾ ਆ ਕਿ ਜੱਟ ਬੀਜਦਾ ਤਾਂ ਕਣਕ ਆ, ਪਰ ਵਿਚੋਂ ਕਾਂਗਿਆਰੀ ਆਪਣੇ-ਆਪ ਜੰਮ ਔਂਦੀ ਆ। ਏਨ੍ਹਾਂ 'ਮਹਾਂਪੁਰਖਾਂ' ਦਾ ਕੁਝ ਨਈਂ ਪਤਾ ਹੁੰਦਾ ਕਿ ਇਨ੍ਹਾਂ ਕ੍ਹੇੜੀ ਕੁੱਖ ਨੂੰ 'ਭਾਗ' ਲਾ ਦੇਣਾ! ਏਹ ਤਾਂ ਹਰ ਜੁੱਗ 'ਚ ਜੰਮਦੇ ਰਹੇ ਆ ਪੁੱਤਰਾ। ਪ੍ਹੈਲਾਂ ਵਿਰਲੇ-ਟਾਵੇਂ ਜੰਮਦੇ ਸੀ, ਪਰ ਹੁਣ ਥੋਕ 'ਚ ਜੰਮਦੇ ਆ। ਅੱਜਕਲ੍ਹ ਤਾਂ ਘਰ-ਘਰ ਵਿਤਕਰੇ, ਘਰ-ਘਰ ਕਲੇਸ਼, ਘਰ-ਘਰ ਵੰਡੀਆਂ!" ਗੱਲ ਮੁਕਾਉਂਦਿਆਂ ਦਾਦੀ ਹੱਸ ਪਈ ਸੀ, ਪਰ ਉਸਦੀਆਂ ਅੱਖਾਂ 'ਚ ਅੱਥਰੂ ਪਤਾ ਨਹੀਂ ਕਿਉਂ ਭਰ ਆਏ ਸਨ!


***

"ਜਿੱਥੇ ਭਰਾ, ਓਥੇ ਵੰਡੀਆਂ!" ਕਦੇ-ਕਦਾਈ ਨਾਨਾ ਗੱਲ ਸ਼ੁਰੂ ਕਰਦਾ।

"ਮੈਂ ਤਾਂ ਤੁਡਾਡੇ ਤਿੰਨੋਂ ਮਾਮਿਆਂ ਨੂੰ ਸਭ ਕੁਸ਼ ਹੱਥੀਂ ਵੰਡ ਦਿੱਤਾ। ਆਪਣਾ ਕਮੌਂਦੇ, ਆਪਣਾ ਖਾਂਦੇ ਆ। ਦੁੱਖ-ਸੁੱਖ 'ਚ 'ਕੱਠੇ ਖੜ੍ਹਦੇ ਆ। ਤਾਡ੍ਹੇ ਦਾਦੇ ਨੂੰ ਵੀ ਬਥੇਰਾ ਕਹਿੰਦਾ ਰਿਹਾਂ ਮੈਂ, ਪਰ ਉਹਨੂੰ ਡਰ ਸੀ ਕਿ ਜੇ ਉਨ੍ਹੇ ਪੁੱਤਾਂ ਦੇ ਨਾਂ ਵਸੀਅਤ ਕਰ ਦਿੱਤੀ ਤਾਂ ਉਦ੍ਹੇ ਧੀ-ਜਵਾਈ ਦੀ ਇੱਜ਼ਤ ਨਈਂ ਹੋਇਆ ਕਰਨੀ ਏਸ ਘਰ ਵਿਚ। ਉਨ੍ਹੇ ਆਖਣਾ-ਮੈਥੋਂ ਨਈਂ ਮਾਰ ਹੁੰਦਾ, ਆਪਣੇ ਪੈਰੀਂ ਆਪ ਕੁਹਾੜਾ। ਜੇ ਕਿਧਰੇ ਉਹ ਮੇਰਾ ਆਖਾ ਮੰਨ ਲੈਂਦਾ ਤਾਂ ਇਉਂ ਜੰਮਣ-ਮਰਨ ਤਾਂ ਨਾ ਛੁੱਟਦੇ! ਅਸਲ ਗੱਲ ਤਾਂ ਏਹ ਆ ਪੁੱਤਰੋ ਕਿ..." ਉਹ ਪ਼ਲ ਕੁ ਲਈ ਰੁਕਦਾ।

"ਸਾਨੂੰ ਜ਼ਿਮੀਦਾਰਾਂ ਨੂੰ ਨਈਂ ਅਕਲ ਔਣੀ ਕਦੇ ਵੀ। ਆਹ ਬਾਣੀਆਂ-ਸੁਨਿਆਰਿਆਂ ਵੱਲ ਈ ਦੇਖ ਲਓ। ਜਿਹੜਾ ਵੀ ਮੁੰਡਾ ਮੁੱਛ-ਫੁੱਟ ਹੋਈ ਜਾਂਦਾ, ਉਹਨੂੰ ਈਂ ਫੇਰੇ ਦੇ-ਦੇ ਅੱਡ ਕਰੀ ਜਾਂਦੇ ਆ। ਵੱਖਰਾ ਮਕਾਨ ਤੇ ਵੱਖਰੀ ਦੁਕਾਨ। ਨਾ ਕੋਈ ਪੜੀ-ਪੰਚੈਤ, ਨਾ ਕੋਈ ਕੜੀ-ਕਚ੍ਹੈਰੀ। ਪਰ ਸਾਡੇ ਤਾਂ..." ਉਹ ਖਿੜ੍ਹਖਿੜਾ ਕੇ ਹੱਸਦਾ।

"ਬੁੜਾ ਬਾਂਹ ਉਲਾਰ-ਉਲਾਰ ਕੇ ਕਹੂ ਕਿ ਮੇਰੇ ਜੀਂਦੇ-ਜੀ ਨਈਂ ਪੈ ਸਕਦੀ ਵਿਹੜੇ 'ਚ ਕੰਧ। ਮੇਰੇ ਮਰੇ ਤੇ ਪਾਇਓ ਖੇਤਾਂ 'ਚ ਵੱਟ। ਓਏ ਮੇਰੀ ਲਾਸ਼ ਤੋਂ ਦੀ ਲੰਘ ਕੇ ਹੋਇਓ ਅੱਡ। ਉਦ੍ਹੀ ਮੌਤ ਪਿੱਛੋਂ ਪੁੱਤਰ ਨਾ਼ਲੇ ਤਾਂ ਤਸੀਲ੍ਹਾਂ-ਕਚ੍ਹੈਰੀਆਂ ਦੇ ਚੱਕਰ ਕੱਟਦੇ ਆ, ਨਾ਼ਲੇ ਉਹਨੂੰ ਗਾ਼ਲ੍ਹਾਂ ਕੱਢਦੇ ਆ।" ਉਹ ਝੁਰੜਾਏ ਚਿਹਰੇ ਨੂੰ ਕੁੜੱਤਣ ਜਿਹੀ ਨਾ਼ਲ ਇਉਂ ਸੁੰਗੇੜਦਾ, ਜਿਉਂ ਨਿੰਮ ਦਾ ਪੱਤਾ ਮੂੰਹ 'ਚ ਪਾ ਲਿਆ ਹੋਵੇ।



ਉਹਦੀਆਂ ਗੱਲਾਂ ਤਾਂ ਸੱਚੀਆਂ ਸਨ, ਪਰ ਵਿਹੜੇ 'ਚ ਖੜ੍ਹੀ ਨਿੰਮ ਨੂੰ ਕੌਣ ਸਮਝਾਉਂਦਾ ਕਿ ਬਾਪੂ ਉਹਦਾ ਮੁੱਲ ਤਾਰ ਚੁੱਕਿਐ। ਉਹਦੀ ਛਾਂ ਮਲਕੜੇ ਜਿਹੇ ਕੰਧ ਟੱਪਦੀ ਤੇ ਚਾਚੇ ਹੁਰਾਂ ਦੇ ਵਿਹੜੇ 'ਚ ਜਾ ਵਿਛਦੀ। ਬਾਪੂ ਜਦ ਚਾਚੇ ਜਾਂ ਚਾਚੀ ਨੂੰ ਨਿੰਮ ਦੀ ਛਾਵੇਂ ਬੈਠੇ-ਸੁੱਤੇ ਵੇਖ ਲੈਂਦਾ ਤਾਂ ਤੜਫ਼ ਉਠਦਾ। ਉਦੋਂ ਬਾਪੂ ਵੱਧ ਤੜਫ਼ਦਾ, ਜਦੋਂ ਉਹ ਦਾਦੀ ਨੂੰ ਚਾਚੇ ਦੇ ਘਰ ਵੱਲ ਜਾਂਦੀ ਵੇਖ ਲੈਂਦਾ ਸੀ।

"ਜੇ ਏਡਾ ਈ ਹੇਜ ਆਉਂਦਾ ਏ ਤਾਂ ਤੂੰ ਉਦ੍ਹੇ ਕੋ਼ਲ ਈ ਰਹਿ ਲੈ।" ਬਾਪੂ ਦੀ ਗੱਲ ਸੁਣ ਦਾਦੀ ਦੇ ਚਿਹਰੇ ਦੀਆਂ ਝੁਰੜੀਆਂ ਉਦਾਸੀ ਨਾ਼ਲ ਭਰ ਗਈਆਂ ਸਨ।

"ਮੂ਼ਲ ਨਾਲੋਂ ਵਿਆਜ ਵੱਧ ਪਿਆਰਾ ਹੁੰਦੈ ਸ਼ਿੰਗਾਰਿਆ। ਪਿੰਕੀ ਤੇ ਸੁੱਖ ਨੂੰ ਮਿ਼ਲੇ ਬਗੈਰ ਨਈਂ ਰਿਹਾ ਜਾਂਦਾ ਮੈਥੋਂ। ਨਿਹਾਲੇ ਨਾ਼ਲ ਤਾਂ ਮੈਂ ਘੱਟ-ਵੱਧ ਈ ਕਲਾਮ ਕਰਦੀ ਆਂ। ਨਾ਼ਲੇ ਜੇ ਓਧਰ ਰਹਿ ਪਈ ਤਾਂ ਛਿੰਦੇ-ਭਿੰਦੇ ਨੂੰ ਮਿਲਣ ਏਧਰ ਤੁਰੀ ਰਿਹਾ ਕਰੂੰਗੀ। ਫਿਰ ਤੇਰੇ ਵਾ਼ਲੇ 'ਸਲੋਕ' ਉਹ ਸੁਣਾਇਆ ਕਰੂ। ਉਹ ਤਾਂ ਬਥੇਰਾ ਕ੍ਹੈਂਦੇ ਆ ਕਿ ਏਧਰ ਰਹਿ ਲੈ; ਕਮਰਾ ਮਿਲੂ ਅਲੱਗ ਤੇ ਗਰਮੀਆਂ 'ਚ ਪੱਖਾ ਵੀ ਚੱਲਿਆ ਕਰੂ ਰਾਤ-ਦਿਨ; ਚੜ੍ਹਦੇ ਸਿਆਲ ਅ਼ਲਸੀ ਦੀਆਂ ਪਿੰਨੀਆਂ; ਨਹੌਣ ਨੂੰ ਤੱਤਾ ਪਾਣੀ ਮਿਲੂ ਵੱਖਰਾ। ਮੈਂ ਤਾਂ ਅੱਗੋਂ ਟਕੇ ਅਰਗਾ ਜਵਾਬ ਦੇ ਦਿੰਦੀ ਆਂ-ਆਪਣੇ ਸਰਵਣ ਪੁੱਤ ਨੂੰ ਇਉਂ ਮੰਦੇ-ਹਾਲੀਂ ਛੱਡ, ਦੱਸ ਮੈਂ ਤੇਰੇ ਵੱਲ ਕਿਵੇਂ ਆ ਜਾਵਾਂ, ਸੁੱਖ ਭੋਗਣ!" ਭਰੇ ਗ਼ਲੇ ਨਾ਼ਲ ਇਹ ਆਖ, ਉਹ ਚੌਂਕੇ ਵੱਲ ਤੁਰ ਗਈ ਸੀ, ਜਿੱਥੇ ਉਹਨੇ ਮਾਂ ਨਾਲ ਕਿਸੇ ਕੰਮ 'ਚ ਹੱਥ ਵਟਾਉਣਾ ਸੀ।

ਬਾਪੂ ਦੀਆਂ ਅੱਖਾਂ ਭਰ ਆਈਆਂ ਸਨ। ਬਾਪੂ ਨੇ ਮੁੜ ਨਾ ਤਾਂ ਦਾਦੀ ਸਾਹਮਣੇ ਚਾਚੇ ਨੂੰ ਗਾ਼ਲ ਕੱਢੀ ਸੀ ਤੇ ਨਾ ਹੀਂ ਉਹਦੇ ਚਾਚੇ ਵੱਲ ਜਾਣ 'ਤੇ ਉਹ ਕੁੜਿਆ ਸੀ, ਪਰ ਹੁਣ ਕਦੇ-ਕਦੇ ਉਹ ਮਰ ਚੁੱਕੇ ਪਿਉ ਨੂੰ ਮਿਹਣੇ ਮਾਰਨ ਲੱਗ ਜਾਂਦਾ ਸੀ।

"ਨਿਹਾਲਾ ਤਾਂ ਆਏ ਮਹੀਨੇ ਰੁੱਗ ਰੁਪਈਆਂ ਦਾ ਕਮੌਂਦਾ ਤੇ ਅਸੀਂ ਰਹਿ ਗਏ ਮਿੱਟੀ ਨਾ਼ਲ ਮਿੱਟੀ ਹੋਣ ਜੋਗੇ। ਪੁੱਛ ਆ ਕੇ ਆਪਣੇ ਲਾਡਲੇ ਨੂੰ ਕਿ ਜੋ ਚਾਲੀ ਸਾਲ ਲੰਡੇ ਬ਼ਲਦ ਵਾਂਗ ਵੱਗਿਆ, ਉਹਦਾ ਹੱਕ ਕਿੱਥੇ ਗਿਆ?"

ਦਾਦੀ ਪਹਿਲਾਂ ਤਾਂ ਬਾਪੂ ਨੂੰ ਦਿਲ ਦੀ ਭੜਾਸ ਕੱਢ ਲੈਣ ਦਿੰਦੀ, ਪਰ ਜਿਉਂ ਹੀ ਉਹਦੀ ਸੁਰ ਉਚੀ ਹੁੰਦੀ ਤਾਂ ਉਹਨੂੰ ਅਵਾਜ਼ ਦੇ ਕੰਧ ਟੱਪ ਜਾਣ ਦਾ ਡਰ ਖਾਣ ਲੱਗ ਜਾਂਦਾ।

"ਤੂੰ ਤਾਂ ਆਪ ਸਿਆਣਾ..." ਉਹ ਝੱਟ-ਪਟ ਦਖ਼ਲ ਦਿੰਦੀ ਹੋਈ ਆਖਦੀ।

"ਦਸ ਮਾਪਿਆਂ ਨੇ ਕੇੜ੍ਹਾ ਕੁੱਖ 'ਚ ਵੜ ਕੇ ਦੇਖਿਆ ਹੁੰਦਾ ਕਿ ਕਿਨ੍ਹੇਂ ਸ਼ਿੰਗਾਰਾ ਤੇ ਕਿਨ੍ਹੇਂ ਨਿਹਾਲਾ ਨਿਕ਼ਲ ਔਣਾ।" ਦਾਦੀ ਦੀ ਗੱਲ ਸੁਣ, ਬਾਪੂ ਦੇ ਧੁਆਂਖੇ ਚਿਹਰੇ 'ਤੇ ਕੁਝ ਪਲਾਂ ਲਈ ਮਾਣ ਫੈਲ ਜਾਂਦਾ ਹੁੰਦਾ ਸੀ।

***

"ਕਰੋ ਵੀ ਫਿਰ ਅਸਲ ਗੱਲ ਸ਼ੁਰੂ...।" ਜਦੋਂ ਸਾਰੇ ਮੁਹਤਬਰ ਬੰਦੇ ਪਹੁੰਚ ਗਏ ਤਾਂ ਮੰਜੇ ਤੋਂ ਉਠਦਿਆਂ ਹਜ਼ੂਰ ਬੋਲਿਆ ਸੀ।

"ਚੌੜੇ ਮੱਥੇ ਵਾ਼ਲਾ!" ਦਾਦੀ ਬੋਲੀ ਸੀ।

"ਫੀਨ੍ਹੇ ਨੱਕ ਵਾ਼ਲਾ!" ਮਾਂ ਨੇ ਉਸੇ ਰੰਗ 'ਚ ਹੁੰਗਾਰਾ ਭਰਿਆ ਸੀ।

"ਹੁਣ ਜਿਹੜ੍ਹਾ ਮਸਲਾ ਖੜ੍ਹਾ ਹੋ ਗਿਆ, ਉਹ ਹੱਲ ਤਾਂ ਕਰਨਾ ਈ ਹੋਇਆ!" ਏਨਾਂ ਆਖ ਉਹ ਬੈਠ ਗਿਆ ਸੀ।

"ਜਿਸ ਘਰ ਹਜ਼ੂਰਾ ਵੜ ਗਿਆ, ਉਹ ਸਮਝੋ ਅੱਜ ਟੁੱਟਿਆ ਕਿ ਕੱਲ੍ਹ ਟੁੱਟਿਆ!" ਮਾਵਾਂ ਪੁੱਤਰਾਂ ਨੂੰ ਵਰਜਦੀਆਂ ਰਹਿੰਦੀਆਂ, ਪਰ ਹਜ਼ੂਰੇ ਕੋ਼ਲ ਗ਼ਲੀਆਂ ਤੋਂ ਘਰਾਂ ਤੱਕ ਰਾਹ ਬਣਾਉਣ ਦੀ ਕਲਾ ਸੀ।

ਆਮ ਤੌਰ ਤੇ ਉਹਦੇ ਕੱਪੜੇ ਮੈ਼ਲੇ-ਕੁਚੈ਼ਲ ਹੁੰਦੇ, ਪਰ ਪੰਚਾਇਤ ਜਾਂ ਕਚੈਹਰੀ ਜਾਣ ਵੇਲੇ ਉਹਦੀ ਟੌਹਰ ਦੇਖਣ ਵਾ਼ਲੀ ਹੁੰਦੀ। ਉਹ ਮੁੱਛਾਂ ਨੂੰ ਕੁੰਡੀਦਾਰ ਬਣਾ ਲੈਂਦਾ। ਚਿੱਟਾ ਕੁੜਤਾ, ਡੱਬੀਦਾਰ ਚਾਦਰਾ ਤੇ ਤਿੱਲੇਦਾਰ ਜੁੱਤੀ। ਮੂੰਗੀਆ ਪੱਗ ਦਾ ਲੜ ਉਹ ਖੱਬੇ ਕੰਨ ਕੋ਼ਲ ਦੀ ਹਿਠਾਂਹ ਲਮਕਾ ਲੈਂਦਾ ਸੀ। ਇਕ ਗੱਲ ਹੋਰ, ਉਸ ਦਿਨ ਉਹ ਸੁਰਮਾ ਪਾਉਣਾ ਬਿਲਕੁਲ ਨਹੀਂ ਸੀ ਭੁੱਲਦਾ।

"ਸ਼ਿੰਗਾਰਾ ਏਸ ਘਰ 'ਚ ਵੱਡੀ ਥਾਂ ਏ, ਕਿਉਂ ਨਾ ਆਪਾਂ ਇਹਨੂੰ ਪ੍ਹੈਲ ਦਈਏ?" ਸਰਪੰਚ ਨੇ ਬੈਠੇ-ਬੈਠੈ ਆਪਣਾ ਵਿਚਾਰ ਰੱਖਿਆ ਸੀ।

ਇਕੱਠ 'ਚ ਬੈਠੇ ਬੰਦੇ ਬਾਪੂ ਵੱਲ ਵੇਖਣ ਲੱਗ ਪਏ ਸਨ। ਮੈਂ ਉਸ ਦਿਨ ਪਹਿਲੀ ਵਾਰ ਬਾਪੂ ਨੂੰ ਗੋਡਿਆਂ 'ਤੇ ਹੱਥ ਰੱਖ ਕੇ ਉਠਦੇ ਵੇਖਿਆ ਸੀ।

"ਬੇਸ਼ੱਕ ਮੈਂ ਵੱਡਾ ਹਾਂ ਪਤਵੰਤੇ ਸੱਜਣੋ...।" ਉਹਨੇ ਸਹਿਜ ਨਾਲ ਗੱਲ ਸ਼ੁਰੂ ਕੀਤੀ ਸੀ।

"ਪਰ ਅੱਜ ਅਸੀਂ ਸਰਦਾਰ ਮਹਿੰਦਰ ਸਿੰਘ ਦੀ ਇੱਛਾ ਅਨੁਸਾਰ ਜੁੜੇ ਹਾਂ, ਸੋ ਪ੍ਹੈਲਾਂ ਬੋਲਣ ਦਾ ਮੌਕਾ ਵੀ ਇਨ੍ਹਾਂ ਨੂੰ ਈ ਮਿਲਣਾ ਚਾਹੀਦੈ।" ਬਾਪੂ ਬੈਠ ਗਿਆ ਤੇ ਬੰਦੇ ਚਾਚੇ ਦੇ ਬੋਲਾਂ ਦੀ ਉਡੀਕ ਕਰਨ ਲੱਗੇ।

"ਮੈਂ ਸਦਕੇ ਜਾਵਾਂ ਵੇ ਤੇਰੇ ਸ਼ਿੰਗਾਰਿਆ!" ਮੈਨੂੰ ਬਾਹੋਂ ਫੜ ਕੋ਼ਲ ਬਿਠਾਉਂਦਿਆਂ ਦਾਦੀ ਬੋਲੀ

***(ਅਗਲੇ ਸਫੇ 'ਤੇ ਜਾਰੀ)***

ਸੀ।

***

ਉਹ ਦਸੰਬਰ ਦੀ ਕਕਰੀਲੀ ਰਾਤ ਸੀ। ਬਾਪੂ ਨੇ ਪਿਛਲੇ ਡੇਢ ਮਹੀਨੇ ਤੋਂ ਮੰਜਾ ਮੱਲਿਆ ਹੋਇਆ ਸੀ। ਡਾਕਟਰਾਂ ਅਨੁਸਾਰ ਪੇਟ ਦਾ ਕੈਂਸਰ ਸੀ ਉਹਨੂੰ। ਮਾਂ ਤੇ ਦਾਦੀ ਲੋਕਾਂ ਨੂੰ 'ਜੜ੍ਹਾਂ ਵਾਲ਼ਾ ਫੋੜਾ' ਹੀ ਦੱਸਦੀਆਂ ਸਨ। ਮਾਂ ਨੇ ਸਖ਼ਤੀ ਨਾਲ਼ ਸਭ ਨੂੰ ਘਰ 'ਚ ਢਹਿੰਦੀ ਕਲਾ ਵਾਲ਼ੀ ਗੱਲ ਕਰਨ ਤੋਂ ਰੋਕਿਆ ਹੋਇਆ ਸੀ।

ਆਪਣੇ ਕੋਲ਼ ਬਿਠਾਉਂਦਿਆਂ, ਬਾਪੂ ਨੇ ਨਿਹਾਲੇ ਵਾਲ਼ੀ ਕਹਾਣੀ ਛੋਹ ਲਈ ਸੀ।

'ਆ ਗਿਆ ਮੌਕਾ! ' ਉਸਦੀ ਮੌਤ ਬਾਰੇ ਸੋਚਦਿਆਂ ਮੈਂ ਤੜਫ਼ ਉਠਿਆ ਸਾਂ।

"ਫੱਗੂ, ਮੱਘੂ ਤੇ ਨਿਹਾਲਾ; ਤਿੰਨ ਭਰਾਵਾਂ ਦੀ ਕਹਾਣੀ ਆ ਏਹ...।" ਅੱਖਾਂ ਮੁੰਦਦਿਆਂ ਬਾਪੂ ਨੇ ਸ਼ਰਧਾ-ਭਾਵ ਨਾਲ਼ ਇਉਂ ਗੱਲ ਸ਼ੁਰੂ ਕੀਤੀ ਸੀ, ਜਿਉਂ ਕੋਈ ਸਾਖੀ ਸੁਣਾਉਣ ਲੱਗਾ ਹੋਵੇ।

"ਨਿਹਾਲਾ ਤਾਂ ਉਦੋਂ ਦੁੱਧ ਪੀਂਦਾ ਬੱਚਾ ਸੀ, ਜਦੋਂ ਉਨ੍ਹਾਂ ਦੇ ਮਾਪੇ ਜਹਾਨੋਂ ਤੁਰ ਗਏ। ਮਸਾਂ ਚਾਰ ਕਨਾਲ ਭੋਂ ਸੀ ਉਨ੍ਹਾਂ ਕੋਲ਼। ਇੱਕ ਗੱਲ ਯਾਦ ਰੱਖੀਂ ਪੁੱਤਰਾ, ਜਿਦ੍ਹੇ ਪੱਲੇ ਮਿੱਟੀ ਨਈਂ ਨਾ ਹੁੰਦੀ, ਉਦ੍ਹਾ ਕੋਈ ਨਈਂ ਹੁੰਦਾ, ਜੱਗ-ਜਹਾਨ ਉਤੇ। ਲੋਕਾਂ ਦੀਆਂ ਬੁੱਤੀਆਂ ਕਰਕੇ, ਵੱਡਿਆਂ ਨੇ ਛੋਟੇ ਨੂੰ ਪਾਲ਼ਿਆ। ਹਲ਼ ਦੀ ਮੁੰਨੀ ਫੜਨ ਜੋਗੇ ਹੋਏ ਤਾਂ ਉਨ੍ਹਾਂ ਅੱਧ 'ਤੇ ਲੈ ਕੇ ਜ਼ਮੀਨ ਵ੍ਹੌਣੀ ਸ਼ੁਰੂ ਕਰ ਦਿੱਤੀ। ਨਿਹਾਲੇ ਨੂੰ ਉਨ੍ਹਾਂ ਰੱਜ ਕੇ ਪੜ੍ਹਾਇਆ। ਪਹਿਲਾਂ ਪੁਰ ਹੀਰਾਂ ਦੇ ਖਾਲਸਾ ਸਕੂਲ, ਫਿਰ ਬਜਵਾੜੇ ਵਾਲੇ ਸਰਦਾਰ ਅਮੀ ਚੰਦ ਦੇ ਸਕੂਲ ਤੇ ਅਗਾਂਹ ਲਹੌਰ ਦੇ ਦਿਆਲ ਸਿੰਘ ਕਾਲਜ। ਜਿਉਂ-ਜਿਉਂ ਨਿਹਾਲੇ ਦੀਆਂ ਜਮਾਤਾਂ ਉਚੀਆਂ ਹੁੰਦੀਆਂ ਗਈਆਂ, ਤਿਉਂ-ਤਿਉਂ ਫੱਗੂ ਤੇ ਮੱਘੂ ਹੁਰਾਂ ਦੀਆਂ ਕੰਗਰੋੜਾਂ ਕਮਾਨ ਹੁੰਦੀਆਂ ਗਈਆਂ।" ਬਾਪੂ ਕਿਸੇ ਪਹੁੰਚੇ ਹੋਏ ਕਥਾ ਵਾਚਕ ਵਾਂਗ ਚਾਣਚੱਕ ਖ਼ਾਮੋਸ਼ ਹੋ ਗਿਆ ਸੀ।

***

"ਮੈਂ...ਮੈਂ...ਮੈਂ" ਬਾਪੂ ਦੀ ਗੱਲ ਸੁਣ, ਇਕੱਠ 'ਚ ਬੈਠਾ ਚਾਚਾ ਬੌਂਦਲ਼ ਜਿਹਾ ਗਿਆ ਸੀ।

"ਹੁਣ ਬੋਲ ਵੀ ਕੁਝ, ਬੱਕਰੀ ਵਾਂਗੂੰ ਮੈਂ-ਮੈਂ ਕੀ ਕਰੀ ਜਾਨਾਂ!" ਮਾਂ ਘੱਗੀ ਅਵਾਜ਼ 'ਚ ਬੋਲੀ ਸੀ।

"ਅੰਦਰੋਂ ਤਾਂ ਜਮ੍ਹਾਂ ਖੋਖਲੇ ਹੁੰਦੇ ਨੇ ਧੀਏ! ਚਾਰ ਬੰਦਿਆਂ 'ਚ ਗੱਲ ਕਰਨ ਦੀ ਹਿੰਮਤ ਕਿੱਥੇ ਹੁੰਦੀ ਆ, ਇਨ੍ਹਾਂ ਨਿਹਾਲਿਆਂ ਕੋਲ਼।" ਦਾਦੀ ਨੇ ਮਾਂ ਅੱਗੇ ਤੱਥ ਰੱਖਿਆ ਸੀ।

"ਹਾਂ ਤੇ ਨਿਹਾਲਾ..." ਇਸ ਵਾਰ ਬਾਪੂ ਨੇ ਖੰਘੂਰਾ ਮਾਰਦਿਆਂ ਗੱਲ ਸ਼ੁਰੂ ਕੀਤੀ ਸੀ।

"ਬੀ.ਏ. ਕਰਕੇ ਪੁਲਿਸ 'ਚ ਥਾਣੇਦਾਰ ਭਰਤੀ ਹੋ ਗਿਆ। ਉਦੋਂ ਡੀ.ਸੀ. ਜਿੰਨ੍ਹੀ ਟੌਰ ਹੁੰਦੀ ਸੀ ਥਾਣੇਦਾਰ ਦੀ। ਪਰ..." ਚਾਣਚੱਕ ਚੁੱਪ ਹੁੰਦਿਆਂ ਬਾਪੂ ਨੇ ਠੰਢਾ ਹਉਕਾ ਭਰਿਆ ਸੀ।

"ਪਰ...ਮੈਂ...ਤਾਂ ਭਰਾਵੋ..." ਠੰਢਾ ਹਉਕਾ ਭਰਦਿਆਂ ਚਾਚਾ ਅਗਾਂਹ ਬੋਲਿਆ ਸੀ।

"ਸਿੱਧੀ ਗੱਲ..ਮੈਂ..ਕੋਈ ਕਥਾਵਾਚਕ ਤੇ ਹੈਗਾ ਨਈਂ ਕਿ ਲੰਮੀਆਂ-ਲੰਮੀਆਂ ਸਾਖੀਆਂ ਸੁਣਾਵਾਂ। ਮੈਂ ਤਾਂ ਏਸ ਰੋਜ-ਰੋਜ ਦੇ ਕਲੇਸ਼ ਤੋਂ ਅੱਕਿਆਂ ਪਿਆਂ, ਮੈਂ...!" ਹੱਥ ਜੋੜ ਕੇ ਖੜਾ ਉਹ ਵਿਚਾਰਾ ਜਿਹਾ ਲੱਗ ਰਿਹਾ ਸੀ।

ਕਲੇਸ਼ ਸੱਚਮੁਚ ਸਾਡੇ ਘਰ ਦਾ ਨੇਮ ਬਣ ਚੁੱਕਾ ਸੀ। ਚਾਚੀ ਨਿੱਕੀ-ਨਿੱਕੀ ਗੱਲ 'ਤੇ ਬੁੜ-ਬੁੜ ਕਰਨ ਲੱਗ ਪੈਂਦੀ। 'ਉਹ ਸੱਚਾ ਰੱਬ ਵੇਖਦਾ!' ਮਾਂ ਇਸਤੋਂ ਵੱਧ ਕੋਈ ਗੱਲ ਨਾ ਕਰਦੀ। ਚਾਚੀ ਦੀ ਬੁੜ-ਬੁੜ ਹੌਲ਼ੀ-ਹੌਲ਼ੀ ਮਿਹਣਿਆਂ 'ਚ ਬਦਲ ਜਾਂਦੀ। ਉਹ ਮਾਂ ਵੱਲ ਉਲਰ-ਉਲਰ ਆਉਂਦੀ। ਦਾਦੀ ਦੋਹਾਂ ਦੇ ਵਿਚਾਲੇ ਖੜੀ ਹੋ ਕੇ ਆਪਣੇ ਵਾਲ਼ ਪੁੱਟਣ ਲੱਗ ਪੈਂਦੀ। ਚਾਚੀ ਜਦ ਫਿਰ ਵੀ ਚੁੱਪ ਨਾ ਕਰਦੀ ਤਾਂ ਦਾਦੀ ਵਿਹੜੇ ਦੇ ਵਿਚਕਾਹੇ ਬੈਠ ਮੋਏ ਪਤੀ ਦਾ ਪਿੱਟ-ਸਿਆਪਾ ਕਰਨ ਲੱਗ ਜਾਂਦੀ। ਚਾਚੀ ਦੇ ਪੜ੍ਹਿਆਂ-ਲਿਖਿਆਂ ਵਾਲ਼ੇ ਮਿਹਣੇ ਦਾਦੀ ਦੀਆਂ ਨਿਰੋਲ ਪੇਂਡੂ ਲੇਰਾਂ 'ਚ ਕਿਧਰੇ ਗੁੰਮ-ਗੁਆਚ ਜਾਂਦੇ ਤੇ ਨਿੰਮੋਝੂਣੀ ਜਿਹੀ ਹੁੰਦਿਆਂ ਚਾਚੀ ਕਮਰੇ ਅੰਦਰ ਵੜ ਜਾਂਦੀ।

"ਮੈਂ...ਮੈਂ...ਤਾਂ ਸਿੱਧਾ ਜਿਹਾ ਬੰਦਾ...ਤੇ ਸਿੱਧੀ ਗੱਲ ਕਰਦਾਂ ਕਿ ਹੁਣ ਸਾਡੀ ਨਈਓਂ ਨਿਭ ਸਕਦੀ। ਸਾਨੂੰ ਅੱਡ ਕਰ ਦਿਓ ਬਸ!" ਚਾਚੇ ਦੀ ਕੰਬਦੀ ਦੇਹ ਕਿਸੇ ਵੀ ਅੱਖ ਕੋਲੋਂ ਲੁਕੀ ਨਹੀਂ ਸੀ ਰਹੀ।

"ਕਰ ਦਿਓ ਅੱਡ ਏਨੂੰ, ਜਲੇਬੀ ਅਰਗੇ ਸਿੱਧੇ ਨੂੰ!" ਮਾਂ ਨੇ ਨਿਹੋਰਾ ਮਾਰਿਆ ਸੀ।

"ਦੱਸੋ ਆਹ ਚੰਦ ਚਾੜਨ ਲਈ ਪੜ੍ਹਾਇਆ ਸੀ, ਏਸ ਨਿਸ਼ੁਕਰੇ ਨੂੰ!" ਦਾਦੀ ਪਛਤਾਵੇ 'ਚ ਸਿਰ ਮਾਰਦਿਆਂ ਬੋਲੀ ਸੀ।

***

"ਪਰ ਨਿਹਾਲੇ ਨੇ ਤਾਂ ਹੋਰ ਈ ਚੰਦ ਚਾੜ ਦਿੱਤਾ ਸੀ ਪੁੱਤਰਾ...।" ਬਾਪੂ ਨੇ ਨਿਹਾਲੇ ਵਾਲ਼ੀ ਗੱਲ ਜਾਰੀ ਰੱਖਦਿਆਂ ਕਿਹਾ ਸੀ।

"ਇਕ ਸ਼ਾਮ ਉਹ ਆਇਆ ਤੇ ਆਪਣਾ ਨਿੱਕ-ਸੁੱਕ ਚੁੱਕ ਕੇ ਲੈ ਗਿਆ। ਏਹ ਆਖ ਕੇ ਕਿ ਉਦ੍ਹੀ ਬਦਲੀ ਅੰਬਾਲੇ ਦੀ ਹੋ ਗਈ ਏ, ਪਰ ਸਿਗਾ ਉਹ ਜਲੰਧਰ ਈ। ਕਿਸੇ ਪੁਲਸ ਅਫਸਰ ਨੇ ਉਹਨੂੰ ਘਰ ਜਵਾਈ ਬਣਾ ਲਿਆ ਸੀ। ਏਸ ਸ਼ਰਤ 'ਤੇ ਕਿ ਉਹ ਆਪਣੇ ਗਰੀਬ ਤੇ ਅਨਪੜ੍ਹ ਭਰਾਵਾਂ ਨਾਲ ਕਦੇ ਕੋਈ ਵਾਸਤਾ ਨਈਂ ਰੱਖੇਗਾ। ਜਦ ਕਈ ਮਹੀਨਿਆਂ ਬਾਅਦ ਸੱਚਾਈ ਸਾਮ੍ਹਣੇ ਆਈ ਤਾਂ ਪੂਰੇ ਪਿੰਡ 'ਚ ਉਦ੍ਹੀ ਥੂਹ-ਥੂਹ ਹੋਈ। ਫੱਗੂ ਤੇ ਮੱਘੂ ਕਈ ਦਿਨ ਕਿਸੇ ਦੇ ਮੱਥੇ ਨਾ ਲੱਗੇ। ਡ੍ਹਾਢੇ ਕਮਲ਼ੇ ਸਨ ਉਹ...ਮੇਰੇ ਵਰਗੇ!" ਫਿੱਕਾ ਜਿਹਾ ਹੱਸਦਿਆਂ ਬਾਪੂ ਖ਼ਾਮੋਸ਼ ਹੋ ਗਿਆ ਸੀ।

ਫਿੱਕਾ ਜਿਹਾ ਹੱਸਦਿਆਂ ਹਜ਼ੂਰਾ ਫਿਰ ਖੜ੍ਹਾ ਹੋ ਗਿਆ ਸੀ।

"ਫਿਰ ਲੱਗਾ ਕੁੱਤਾ...ਕੁਸ਼ ਭੌਂਕਣ!" ਮਾਂ ਬੋਲੀ ਸੀ।

"ਕਿਤੇ ਆਵੇ ਏਨੂੰ ਢਾਈ ਘੜੀਆਂ ਦੀ!" ਦਾਦੀ ਨੇ ਬਣਦੀ-ਸਰਦੀ ਬਦ-ਦੁਆ ਦਿੱਤੀ ਸੀ।

"ਤੂੰ ਦੱਸ ਫੇ ਸ਼ਿੰਗਾਰਾ ਸਿਹਾਂ, ਹੁਣ ਗੱਲ ਕਿਸੇ ਤਣ-ਪੱਤਣ ਤਾਂ ਲੱਗਣੀ ਚਾਹੀਦੀ ਆ।" ਉਹਨੇ ਮਿੰਨ੍ਹਾਂ-ਮਿੰਨ੍ਹਾਂ ਮੁਸਕਾਉਂਦਿਆਂ ਗੱਲ ਪੂਰੀ ਕੀਤੀ ਸੀ।

"ਠੀਕ ਆ ਜੀ" ਇਸ ਵਾਰ ਬਾਪੂ ਗੋਡਿਆਂ 'ਤੇ ਹੱਥ ਰੱਖੇ ਬਗੈਰ ਉਠਿਆ ਸੀ।



ਦਾਦੀ ਨੇ ਬੁੱਲਾਂ 'ਤੇ ਉਂਗ਼ਲ ਰੱਖਦਿਆਂ ਸਾਨੂੰ ਚੁੱਪ ਰਹਿਣ ਲਈ ਇਸ਼ਾਰਾ ਕੀਤਾ ਸੀ।

"ਇੱਥੇ ਸਾਰੇ ਭਾਈਬੰਦ ਈ ਬੈਠੇ ਆ। ਕੇੜ੍ਹਾ ਕੋਈ ਓਪਰਾ! ਤੁਸੀਂ ਜੋ ਵੀ ਫ਼ੈਸਲਾ ਕਰੋਗੇ, ਮੈਨੂੰ ਮੰਜ਼ੂਰ ਹੋਏਗਾ। ਮੈਂ ਤਾਂ ਸਗੋਂ ਆਪਣੇ ਭਾਈ ਦਾ ਧੰਨਵਾਦ ਕਰਦਾਂ ਕਿ ਨੌਕਰੀ ਲੱਗਣ ਪਿੱਛੋਂ ਵੀ ਉਨ੍ਹੇ ਅੱਠ-ਦਸ ਵਰ੍ਹੇ ਸਾਡੇ ਅਰਗੇ ਗਰੀਬਾਂ-ਮਸਕੀਨਾਂ 'ਚ ਕੱਟ ਲਏ। ਇਨ੍ਹਾਂ ਸਮਿਆਂ 'ਚ ਏਹ ਕੋਈ ਛੋਟੀ ਗੱਲ ਤਾਂ ਨਈਂ ਭਰਾਵੋ! ਲੱਖ ਬੁਰਾ ਹੋਏ ਪਰ ਏਹ ਨਿਹਾਲੇ ਨਾਲੋਂ ਤਾਂ ਚੰਗਾ।" ਬਾਪੂ ਦੀ ਗੱਲ ਵਿਚਲੇ ਵਿਅੰਗ ਨੇ ਚਾਚੇ ਦਾ ਸਿਰ ਹੋਰ ਝੁਕਾ ਦਿੱਤਾ ਸੀ।

***

"ਨਿਹਾਲਾ ਮੁੜ ਕਦੇ ਨਈਂ ਪਿੰਡ ਆਇਆ?" ਮੈਂ ਬਾਪੂ ਨੂੰ ਸਵਾਲ ਕੀਤਾ ਸੀ।

"ਹੋ ਸਕਦੈ ਬਾਰ੍ਹਾਂ ਵਰ੍ਹਿਆਂ ਬਾਦ ਕਦੇ ਰੂੜੀ ਦੀ ਸੁਣੀ ਵੀ ਜਾਂਦੀ ਹੋਵੇ, ਪਰ ਫੱਗੂ ਤੇ ਮੱਘੂ ਤਾਂ ਬੰਦੇ ਸੀ ਪੁੱਤਰਾ। ਉਨ੍ਹਾਂ ਨਿਹਾਲੇ ਨੂੰ ਪੂਰੇ ਬਾਰ੍ਹਾਂ ਵਰ੍ਹੇ ਉਡੀਕਿਆ। ਆਖਰ ਉਨ੍ਹਾਂ ਰੱਖੇ ਬਾਜ਼ੀਗਰ ਨੂੰ ਅੱਧ-ਮਣ ਕਣਕ ਦਿੱਤੀ ਤੇ ਸਾਰੇ ਪਿੰਡ 'ਚ ਮੁਨਾਦੀ ਕਰਵਾ ਦਿੱਤੀ। ਗ਼ਲੀ-ਗ਼ਲੀ 'ਚ ਢੋਲ ਵੱਜਿਆ ਤੇ ਰੱਖੇ ਦੀ ਅਵਾਜ਼ ਗੂੰਜੀ 'ਨਗਰ ਵਾਸਿਓ, ਨਿਹਾਲਾ ਫੱਗੂ ਤੇ ਮੱਘੂ ਲਈ ਮਰ ਚੁੱਕਾ, ਅੱਜ ਤੋਂ ਬਾਅਦ ਕੋਈ ਵੀ ਉਦ੍ਹਾ ਨਾਂ ਫੱਗੂ ਤੇ ਮੱਘੂ ਸਾਮ੍ਹਣੇ ਨਾ ਲਏ। ' ਜੱਗੋਂ ਬਾਹਰਾ ਕੰਮ ਕੀਤਾ ਸੀ ਉਨ੍ਹਾਂ ਨੇ।" ਇਹ ਕਹਿੰਦਿਆਂ ਬਾਪੂ ਦੇ ਚਿਹਰੇ 'ਤੇ ਸੰਤੁਸ਼ਟੀ ਦੇ ਚਿੰਨ੍ਹ ਉਭਰ ਆਏ ਸੀ।

"ਬਈ ਅਗਰ ਕੋਈ ਗਹਿਣੇ-ਗੱਟੇ ਜਾਂ ਪੈਸੇ-ਧੇਲੇ ਦਾ ਰੇੜਕਾ ਹੋਵੇ ਤਾਂ ਉਹ ਵੀ ਨਾਲ ਲੱਗਦੀ ਮੁਕਾ ਲਓ ਤਾਂ ਚੰਗਾ ਈ ਆ ਭਾਈ।" ਪੰਚ ਸੁਰਜਣ ਸਿੰਘ ਰਾਗੀ ਨੇ ਹੇਕ ਲਾਉਂਦੀ ਅਵਾਜ਼ 'ਚ ਆਪਣੀ ਹਾਜ਼ਰੀ ਲਵਾਈ ਸੀ।

"ਉਹ ਤਾਂ ਇਕ ਹੋਰ ਅਨੋਖਾ ਕੰਮ ਕਰਨਾ ਚਾਹੁੰਦੇ ਸੀ।" ਬਾਪੂ ਕਿਸੇ ਚਾਅ ਜਿਹੇ 'ਚ ਅਗਾਂਹ ਬੋਲਿਆ ਸੀ।

"ਬਕਾਇਦਾ ਸਹਿਜ-ਪਾਠ ਰਖਵਾ, ਨਿਹਾਲੇ ਦਾ ਭੋਗ ਪਾਉਣਾ ਚਾਹੁੰਦੇ ਸੀ। ਉਹ ਤਾਂ ਤਾਏ ਕਰਮ ਸਿੰਘ ਨੇ ਰੋਕ ਦਿੱਤਾ ਸੀ ਉਨ੍ਹਾਂ ਨੂੰ। ਫਿਰ ਜਦੋਂ ਵੱਡਾ ਭਾਈ ਫੱਗੂ ਮੋਇਆ ਤਾਂ ਹਜ਼ੂਰੇ ਲੰਬੜ ਨੇ ਦੁੱਲੇ ਨਾਈ ਹੱਥ ਨਿਹਾਲੇ ਨੂੰ ਖ਼ਬਰ ਪੁਚਾਈ। ਉਹ ਜੀਪ 'ਚ ਆਇਆ, ਪਰ ਜਮ੍ਹਾਂ ਕੱਲਾ। ਅਸੀਂ ਪੰਜ-ਸੱਤ ਮੁੰਡੇ ਉਦੋਂ ਅਰਥੀ ਤਿਆਰ ਕਰ ਰਹੇ ਸਾਂ। ਉਹ ਸਾਡੇ ਕੋਲ਼ ਰੁੱਕਿਆ, ਪਰ ਸਾਡੀ ਜਾਣੇ ਬਲਾ। ਫਿਰ ਉਹ ਫੀਰੋ ਬੁੜੀ ਦੇ ਪੈਰੀਂ ਹੱਥ ਲੌਣ ਲੱਗਿਆਂ ਬੋਲ ਪਿਆ-ਚਾਚੀ ਮੈਂ ਨਿਹਾਲਾ। ਉਹ ਪੈਰ ਪਿਛਾਂਹ ਕਰਦਿਆਂ ਕੜ੍ਹਕ ਕੇ ਬੋਲੀ-ਪਰ੍ਹੇ ਰਹਿ ਵੇ ਪਾਪੀਆ। ਕਿਤੇ ਧਰਮ ਭ੍ਰਿਸ਼ਟ ਨਾ ਕਰ ਦਈਂ ਮੇਰਾ। ਏਸ ਪਿੰਡ 'ਚ ਕਦੇ ਕੋਈ ਤੇਰੇ ਅਰਗਾ ਅਕ੍ਰਿਤਘਣ ਨਈਂ ਜੰਮਿਆਂ ਹੋਣਾ। ਬੜੀ ਖਰਾਂਟ ਔਰਤ ਸੀ। ਆਹ ਮੱਖੂ ਝਿਉਰ ਦੀ ਦਾਦੀ ਸੀ ਉਹ!" ਗੱਲ ਰੋਕਦਿਆਂ ਬਾਪੂ ਚੜਦੀ ਕਲਾ 'ਚ ਆ ਗਿਆ ਸੀ।

ਮੱਖੂ ਨੇ ਇਕੱਠ 'ਚ ਜੁੜੇ ਬੰਦਿਆਂ ਨੂੰ ਚਾਚੇ ਵਲੋਂ ਤਿਆਰ ਕਰਵਾਈ ਚਾਹ ਦੇ ਗਿਲਾਸ ਫੜਾਉਣੇ ਸ਼ੁਰੂ ਕਰ ਦਿੱਤੇ ਸਨ।

***

ਕੁਝ ਪਲਾਂ ਲਈ ਇਕੱਠ 'ਚ ਸ਼ਾਂਤੀ ਪਸਰ ਗਈ ਸੀ। ਸਾਰੇ ਬਾਪੂ ਤੇ ਚਾਚੇ ਦੇ ਚਿਹਰੇ ਵੱਲ ਵੇਖ ਰਹੇ ਸਨ। ਆਖਰ ਬਾਪੂ ਬੋਲਿਆ, "ਦੇਖ ਲਓ ਜੀ...ਮੈਂ ਤਾਂ ਗਰੀਬ ਜਿਹਾ ਬੰਦਾ। ਮੇਰੇ ਹੱਥੋਂ ਤਾਂ ਇਨ੍ਹਾਂ ਨੂੰ ਕਦੇ ਕੁਝ ਸਰਿਆ ਨਈਂ। ਹਾਂ ਇਹ ਦੋਵੇਂ ਜੀਅ ਕਮੌਂਦੇ ਰਹੇ ਆ। ਜੇਕਰ ਇਨ੍ਹਾਂ ਨੇ ਮੇਰੀ ਤਲੀ 'ਤੇ ਕਦੇ ਕੁਝ ਧਰਿਆ ਹੋਵੇ ਤਾਂ ਜ਼ਰੂਰ ਦੱਸਣ। ਜ਼ਰੂਰੀ ਗੱਲ ਏਹ ਆ ਕਿ ਕੁੜੀ ਦੇ ਵਿਆਹ ਲਈ ਚੁੱਕਿਆ ਛੱਤੀ ਹਜ਼ਾਰ ਰੁਪਈਆ ਹਾਲ਼ੇ ਉਵੇਂ ਖੜ੍ਹਾ, ਵੀਹ ਹਜ਼ਾਰ ਮੇਰੇ ਤੇ ਸੋਲ੍ਹਾਂ ਹਜ਼ਾਰ ਬਾਪੂ ਦੇ ਸਿਰ। ਇਦ੍ਹੇ ਬਾਰੇ ਵੀ ਫੈਸਲਾ ਅੱਜ ਈ ਹੋਣਾ ਚਾਹੀਦਾ।" ਇਹ ਗੱਲਾਂ ਬਾਪੂ ਨੇ ਬੈਠੇ-ਬੈਠੇ ਹੀ ਕੀਤੀਆਂ ਸਨ ਤੇ ਚਾਹ ਦਾ ਭਰਿਆ-ਭਰਾਇਆ ਗਿਲਾਸ ਮੰਜੇ ਥੱਲੇ ਰੱਖ ਦਿੱਤਾ ਸੀ।

ਬਾਪੂ ਦੀਆਂ ਗੱਲਾਂ ਸੁਣ ਮੈਨੂੰ ਭੂਆ ਦੇ ਘਰ ਦੀ ਚੱਠ ਵਾਲ਼ਾ ਦਿਨ ਯਾਦ ਆ ਗਿਆ ਸੀ। ਉਸ ਦਿਨ ਚਾਚੇ ਨੇ ਗਰਮ ਸੂਟ ਨਾਲ ਟਾਈ ਵੀ ਲਾਈ ਹੋਈ ਸੀ। ਚਾਚੀ ਨੇ ਚਾਚੇ ਦੀ ਪੱਗ ਰੰਗਾ ਉਨਾਬੀ ਸੂਟ ਪਾਇਆ ਹੋਇਆ ਸੀ। ਪਿੰਕੀ ਤੇ ਸੁੱਖ ਦੇ ਰੰਗ-ਬਿਰੰਗੇ ਸੂਟ ਵੀ ਨਵੇਂ-ਨਵੇਂ ਸਨ। ਮਾਂ ਦੇ ਸੂਟ 'ਤੇ ਉਕਰੇ ਫੁੱਲ-ਬੂਟਿਆਂ ਦਾ ਰੰਗ ਫਿੱਕਾ-ਫਿੱਕਾ ਸੀ। ਬਾਪੂ ਤੇ ਸਾਡੇ ਸੂਟ ਵੀ ਸਾਧਾਰਨ ਜਿਹੇ ਹੀ ਸਨ।

"ਬੀਬੀ ਮਿੰਦਰ ਤਾਂ ਨਿਹਾਲਾ ਬਣਨ 'ਤੇ ਤੁੱਲਿਆ ਪਿਐ!" ਅੱਡੇ ਤੋਂ ਪਿੰਡ ਵੱਲ ਪਰਤਦਿਆਂ, ਬਾਪੂ ਲੰਮੀ ਚੁੱਪ ਤੋਂ ਬਾਅਦ ਬੋਲਿਆ ਸੀ।

"ਮਿਹਰ ਕਰੀਂ ਵੇ ਰੱਬਾ!" ਇਹ ਆਖ ਦਾਦੀ ਨਿੱਸਰ ਰਹੀਆਂ ਕਣਕਾਂ ਤੋਂ ਪਾਰ, ਡੁੱਬਦੇ ਸੂਰਜ ਵੱਲ ਵੇਖਣ ਲੱਗ ਪਈ ਸੀ।

***

"ਕੋਈ ਹੋਰ ਹੁੰਦਾ ਤਾਂ ਡੁੱਬ ਕੇ ਮਰ ਜਾਂਦਾ।" ਰਜਾਈ ਨੂੰ ਦੇਹ ਦੁਆਲ਼ੇ ਘੁੱਟਦਿਆਂ, ਬਾਪੂ ਨੇ ਕਹਾਣੀ ਨੂੰ ਅਗਾਂਹ ਤੋਰਿਆ ਸੀ।

"ਪਰ ਫੀਰੋ ਬੁੜੀ ਕੋਲੋਂ ਝਾੜ-ਝੰਬ ਕਰਵਾ, ਨਿਹਾਲਾ ਥੱਕੇ-ਟੁੱਟੇ ਕਦਮਾਂ ਨਾਲ਼ ਆਪਣੇ ਢਾਰੇ ਪਹੁੰਚਿਆ। ਟੁੱਟੀ ਮੰਜੀ 'ਤੇ ਫੱਗੂ ਦੀ ਲਾਸ਼ ਪਈ ਸੀ। ਜਿਸ 'ਤੇ ਮੱਘੂ ਨੇ ਸਿਰੋਂ ਉਤਾਰ ਮੈਲ਼ਾ ਜਿਹਾ ਸਾਫਾ ਦਿੱਤਾ ਹੋਇਆ ਸੀ। ਉਹ ਭੁੱਬ ਮਾਰਦਿਆਂ ਬੋਲਿਆ-ਓਏ ਵੀਰਿਆ ਮੈਂ...ਮੈਂ...ਮੈਂ...ਨਿਹਾਲਾ! ਬੱਚਿਆਂ ਵਾਂਗ ਡੁਸਕਦੇ ਮੱਘੂ 'ਚ ਚਾਣਚੱਕ ਇੰਨ੍ਹੀ ਹਿੰਮਤ ਪਤਾ ਨਈਂ ਕਿੱਥੋਂ ਆ ਗਈ! ਉਹ ਕੜਕ ਕੇ ਬੋਲਿਆ-ਅੱਛਾ ਬਈ ਯਾਦ ਆਇਆ। ਹੁੰਦਾ ਸੀ ਸਾਡਾ ਵੀ ਇਕ ਭਰਾ ਏਸ ਨਾਂ ਦਾ, ਪਰ ਉਹ ਤਾਂ ਦੇਰ ਹੋਈ ਜਲੰਧਰ ਕੰਨੀ ਕਿਤੇ ਡੁੱਬ ਕੇ ਮਰ ਗਿਆ ਸੀ ਤੇ ਅਸੀਂ ਉਸ 'ਤੇ ਬਾਲ਼ਣ ਪਾ ਦਿੱਤਾ ਸੀ। ਸ਼ਰਮਸਾਰ ਹੋਇਆ ਨਿਹਾਲਾ ਝੁਕ ਕੇ ਮੱਘੂ ਦੇ ਪੈਰੀਂ ਹੱਥ ਲੌਣ ਲੱਗਾ, ਪਰ ਮੱਘੂ ਨੇ ਪੈਰ ਉਸ ਬਾਣ ਲਮਕਦੀ ਮੰਜੀ ਥੱਲੇ ਕਰ ਲਏ, ਜਿਸ 'ਤੇ ਫੱਗੂ ਦੀ ਲਾਸ਼ ਪਈ ਸੀ।"

ਬਾਪੂ ਦਾ ਪੈਰ ਵੱਜਣ ਨਾਲ ਮੰਜੇ ਥੱਲੇ ਪਿਆ ਗਿਲਾਸ ਟੇਢਾ ਹੋ ਗਿਆ ਸੀ।

"ਕੰਧ..." ਏਸ ਵਾਰ ਹਜ਼ੂਰੇ ਨੇ ਗੱਲ ਕੰਧ ਤੋਂ ਸ਼ੁਰੂ ਕੀਤੀ ਸੀ।

"...ਬਾਰੇ ਕਰਮ ਸਿੰਘ ਨੇ ਆਪੇ ਮਾਪ ਕੇ ਦੱਸ ਜਾਣਾ ਕਿ ਕਿੱਥੇ ਪੈਣੀ ਏਂ। ਬਾਕੀ ਪਾਸਿਆਂ ਬਾਰੇ ਵੀ ਜੇ ਤੁਸੀਂ ਆਪਣੀ ਰਾਏ ਦੱਸ ਦੇਵੋ ਤਾਂ ਚੰਗਾ। ਨਈਂ ਤਾਂ ਬੰਸੋ ਚਾਚੀ ਕੋਲੋਂ ਪੁੱਛ ਲਓ। ਫਿਰ ਵੀ ਮਾਂ ਆ ਤੁਹਾਡੀ।" ਹਜ਼ੂਰੇ ਨੇ ਗੱਲ ਮੁਕਾਈ ਤੇ ਸੇਵਾ 'ਚ ਹਾਜ਼ਰ ਖੜ੍ਹਾ ਮੱਖੂ ਦਾਦੀ ਨੂੰ ਸੱਦਣ ਚੌਂਕੇ ਵੱਲ ਤੁਰ ਪਿਆ ਸੀ।

ਕਰਮ ਸਿੰਘ ਉਠਿਆ ਤੇ ਉਦਾਸ ਅੱਖਾਂ ਨਾਲ਼ ਕੁਝ ਪਲ ਆਸੇ-ਪਾਸੇ ਦੇਖਦਾ ਰਿਹਾ ਸੀ।

"ਇਹ ਕੋਈ ਜ਼ਰੂਰੀ ਤਾਂ ਨਈਂ ਕਿ ਕੰਧ ਪਾਈ ਜਾਏ। ਵਿਹੜਾ ਸਾਂਝਾ ਵੀ ਤਾਂ ਰਹਿ ਸਕਦੈ। ਕੱਲ੍ਹ ਨੂੰ ਕੋਈ ਬਰਾਤ ਉਤਰਨੀ ਹੋਵੇ ਜਾਂ ਸੌ ਮੌਕੇ ਹੋਰ ਵੀ ਔਂਦੇ ਨੇ ਹੱਸਦੇ-ਵੱਸਦੇ ਘਰਾਂ 'ਚ, ਵਿਹੜਾ ਖੁੱਲ੍ਹਾ-ਡੁੱਲ੍ਹਾ ਹੋਵੇ ਤਾਂ ਕਾਰਜ ਸੋਹਣੇ ਸਪੰਨ ਹੋ ਜਾਂਦੇ ਨੇ। ਸਗੋਂ ਜੇ ਮੇਰੀ ਮੰਨੋਂ ਤਾਂ ਏਹ ਸਾਂਝਾ ਈ ਰੱਖਣਾ ਚਾਹੀਦਾ।"

ਮਿਸਤਰੀ ਕਰਮ ਸਿੰਘ ਨੂੰ ਪਿੰਡ 'ਚ ਸਭ ਨਾਲੋਂ ਇਮਾਨਦਾਰ ਬੰਦਾ ਸਮਝਿਆ ਜਾਂਦਾ ਸੀ। ਘਰ ਤੇ ਜ਼ਮੀਨ ਦੀ ਵੰਡ ਸਮੇਂ ਉਸ ਵਲੋਂ ਕੀਤੇ ਮਾਪ 'ਤੇ ਕਦੇ ਕਿਸੇ ਧਿਰ ਨੇ ਕੋਈ ਇਤਰਾਜ਼ ਨਹੀਂ ਸੀ ਕੀਤਾ। ਇਸ ਕੰਮ ਲਈ ਉਹਨੇ ਪੱਕਾ ਗਜ਼ ਬਣਾ ਰੱਖਿਆ ਸੀ। ਇਹ ਜਾਣਦੇ ਹੋਏ ਵੀ ਕਿ ਵੰਡ ਅਟੱਲ ਏ, ਉਹ ਕਦੇ ਵੀ ਗਜ਼ ਲੈ ਕੇ ਇਕੱਠ 'ਚ ਨਹੀਂ ਸੀ ਗਿਆ। ਜਦੋਂ ਪਾਣੀ ਸਿਰ ਤੋਂ ਦੀ ਲੰਘ ਜਾਂਦਾ, ਉਹ ਕਿਸੇ ਮੁੰਡੇ ਨੂੰ ਭੇਜ ਘਰੋਂ ਗਜ਼ ਮੰਗਵਾ ਲੈਂਦਾ। ਵਿਹੜਾ ਜਾਂ ਜ਼ਮੀਨ ਮਾਪਦਿਆਂ, ਉਹ ਅਕਸਰ ਉਦਾਸ ਹੋ ਜਾਂਦਾ ਸੀ।

"ਏਸ ਇਮਾਨਦਾਰੀ ਨੇ ਸੋਣ੍ਹਾ ਬੰਨ੍ਹਿਆਂ ਮੈਨੂੰ। ਭਾਈਆਂ ਨੂੰ ਵੰਡਦਿਆਂ ਕਲੇਜਾ ਪਾਟਦੈ। ਰੱਬ ਜਾਣੇ ਥੋਨੂੰ ਸੁਣਦੀ ਕਿ ਨਈਂ, ਮੈਨੂੰ ਤਾਂ ਵੰਡ ਵੇਲੇ ਮਿੱਟੀ ਰੋਂਦੀ ਸੁਣਾਈ ਦਿੰਦੀ ਏ!" ਸਾਡੇ ਵਿਹੜੇ 'ਚ ਗਜ਼ ਲਗਾਉਂਦਾ ਉਹ ਚਾਣਚੱਕ ਰੁਕ ਗਿਆ ਸੀ।

"ਏਧਰ ਆ ਓਏ ਛਿੰਦਿਆ, ਆਹ ਸੁਣ...ਹੌਲ਼ੀ-ਹੌਲ਼ੀ ਕੌਣ ਸਿਸਕੀਆਂ ਪਿਆ ਭਰਦਾ?" ਹੱਥ ਦੇ ਇਸ਼ਾਰੇ ਨਾਲ਼ ਮੈਨੂੰ ਕੋਲ਼ ਸੱਦਦਿਆਂ, ਉਹ ਧੀਮੀ ਆਵਾਜ਼ 'ਚ ਬੋਲਿਆ ਸੀ। ਉਸ ਦੇ ਨਜ਼ਦੀਕ ਹੁੰਦਿਆਂ ਮੈਂ ਮਹਿਸੂਸ ਕੀਤਾ ਸੀ ਕਿ ਉਹ ਸੱਚ ਕਹਿ ਰਿਹਾ, ਪਰ ਸਿਸਕਣ ਦੀ ਅਵਾਜ਼ ਮਿੱਟੀ 'ਚੋਂ ਨਹੀਂ, ਉਹਦੀ ਛਾਤੀ 'ਚੋਂ ਆ ਰਹੀ ਸੀ।

"ਬਾਬਾ ਇਹ ਵੰਡਾਂ ਵਾਲ਼ਾ ਸਿਲਸਿਲਾ ਕਦੋਂ ਮੁੱਕੂ?" ਮੈਂ ਉਸ ਕੋਲੋਂ ਪੁੱਛਿਆ ਸੀ।

"ਜਦੋਂ ਦੁਨੀਆਂ ਦੇ ਕੁੱਲ ਗਜ਼ ਟੁੱਟ ਗਏ ਪੁੱਤਰਾ।" ਉਹਨੇ ਬੱਗੀ ਦਾੜ੍ਹੀ 'ਤੇ ਹੱਥ ਫੇਰਦਿਆਂ ਸਹਿਜ ਨਾਲ਼ ਜਵਾਬ ਦਿੱਤਾ ਸੀ। ਪਰ ਇਹ ਸਵਾਲ ਜਦੋਂ ਮੈਂ ਨਾਨੇ ਨੂੰ ਕੀਤਾ ਤਾਂ ਉਹ ਖਿੜ੍ਹਖਿੜਾ ਕੇ ਹੱਸਣ ਮਗਰੋਂ ਬੋਲਿਆ ਸੀ, "ਏਹ ਸਿਲਸਿਲਾ ਤਾਂ ਹੁਣ ਦੁਨੀਆਂ ਦੇ ਨਾਲ਼ ਈ ਮੁੱਕੂ ਪਾੜ੍ਹਿਆ!"

"ਮਾਂ ਨੂੰ ਚਿਣਨਾ ਏਂ ਕੰਧ 'ਚ!" ਦਾਦੀ ਨੇ ਥੋੜ੍ਹਾ ਤਲਖ਼ੀ 'ਚ ਕਿਹਾ ਤਾਂ ਮੱਖੂ ਕੰਨ ਝਾੜਦਾ ਇਕੱਠ ਵੱਲ ਮੁੜ ਗਿਆ ਸੀ।

***

"ਉਸ ਦਿਨ ਮੱਘੂ ਦੀ ਤਲਖ਼ੀ ਦੇਖਣ ਵਾਲ਼ੀ ਸੀ ਪੁੱਤਰਾ।" ਬਾਪੂ ਨੇ ਲੰਮੀ ਉਬਾਸੀ ਲੈਂਦਿਆਂ ਕਹਾਣੀ ਦੀ ਅਗਲੀ ਤੰਦ ਛੇੜ ਲਈ ਸੀ।

"ਉਹ ਬੋਲਿਆ-ਆਪ ਅਸੀਂ ਰੁੱਖੀਆਂ-ਸੁੱਕੀਆਂ ਖਾਂਦੇ ਰਹੇ, ਪਰ ਉਸ ਲਈ ਲਹੌਰ ਤੱਕ ਦੇਸੀ ਘਿਉ ਦੀ ਪੀਪੀ ਪਚੌਂਦੇ ਰਹੇ। ਆਹ ਈ ਲੈ ਕੇ ਜਾਂਦਾ ਹੁੰਦਾ ਸੀ, ਜਿੜ੍ਹਾ ਅੱਜ ਲੰਮੀਆਂ ਤਾਣ ਕੇ ਸੁੱਤਾ ਪਿਆ। ਇਕ ਵਾਰ ਮੈਂ ਇਦ੍ਹੇ ਨਾਲ਼ ਆਪਣੇ ਵਿਆਹ ਦੀ ਗੱਲ ਕਰ ਬੈਠਾ। ਏਹ ਤਾਂ ਮੈਨੂੰ ਚਾਰੇ ਖੁਰ ਚੁੱਕ ਕੇ ਪੈ ਗਿਆ। ਕ੍ਹੈਣ ਲੱਗਾ-ਇੱਕ ਗੱਲ ਸਮਝ ਲੈ ਓਏ ਮੱਘੂਆ, ਤੇਰੇ ਬੀਵੀ-ਬੱਚੇ ਵੀ ਸਾਡੇ ਵਾਂਗ ਈ ਰੁਲ਼ਣਗੇ। ਗਰੀਬੀ ਸਦਾ ਲਈ ਸਾਡੇ ਘਰ 'ਚ ਟਿਕੀ ਰਹਿ ਜਾਏਗੀ। ਆਪਾਂ ਨਿਹਾਲੇ ਨੂੰ ਰੱਜ ਕੇ ਪੜ੍ਹਾਈਏ। ਉਹ ਅਫਸਰ ਲੱਗੂ ਤਾਂ ਔਣ ਵਾਲੀਆਂ ਪੁਸ਼ਤਾਂ ਦੇ ਨਸੀਬ ਬਦਲ ਜਾਣਗੇ। ਕਦੇ ਇਨ੍ਹਾਂ ਢਾਰਿਆਂ ਦੀ ਥਾਂ ਚੁਬਾਰੇ ਹੋਣਗੇ, ਚੁਬਾਰੇ। ਆਹ ਦੇਖ ਲਓ ਲੋਕੋ, ਚੁਬਾਰੇ ਦੀ ਪੌੜ੍ਹੀ ਚੜਦਾ ਰਾਤੀਂ ਆਖਰੀ ਡੰਡੇ ਤੋਂ ਸਿੱਧਾ ਸਿਰ ਦੇ ਭਾਰ ਡਿੱਗ ਪਿਆ! ਏਹ ਆਖ ਮੱਘੂ ਨੇ ਐਸੀ ਦੁਹੱਥੜੀ ਮਾਰੀ ਪੁੱਤਰਾ ਕਿ ਕੋਲ਼ ਖੜ੍ਹੇ ਨਿਹਾਲੇ ਦੀ ਤਿੰਨ ਮਣ ਦੀ ਦੇਹ ਨੂੰ ਕਾਂਬਾ ਛਿੜ ਗਿਆ।" ਗੱਲ ਮੁਕਾਉਂਦਿਆਂ ਬਾਪੂ ਦੀ ਸੁੱਕ ਕੇ ਕਾਨਾਂ ਹੋਈ ਦੇਹ ਕੰਬ ਉਠੀ ਸੀ।

"ਘਰ ਵੰਡਣ ਨੂੰ ਕਿੜ੍ਹਾ ਏਥੇ ਚੁਬਾਰੇ ਪਏ ਹੋਏ ਨੇ! ਪਰ..." ਚਾਣਚੱਕ ਉਠਦਿਆਂ ਚਾਚਾ ਇਕੱਠ ਨੂੰ ਸੰਬੋਧਿਤ ਹੋਇਆ ਸੀ।

"ਮੇਰੀ ਬਿਨਤੀ ਆ ਇਕ। ਓਹ ਲੈਟਰੀਨ-ਬਾਥਰੂਮ ਮੈਂ ਪਰਾਰ ਆਪਣੀ ਜੇਬੋਂ ਬਣਾਏ ਨੇ ਜੀ।" ਚਾਚੇ ਨੇ ਚੜ੍ਹਦੀ ਦਿਸ਼ਾ 'ਚ ਹੱਥ ਨਾਲ਼ ਇਸ਼ਾਰਾ ਕਰਦਿਆਂ ਗੱਲ ਮੁਕਾਈ ਸੀ। ਬਾਪੂ ਤੇ ਕਰਮ ਸਿੰਘ ਤੋਂ ਇਲਾਵਾ ਬਾਕੀ ਸਭ ਮੂੰਹ ਚੁੱਕ ਕੇ ਓਧਰ ਵੇਖਣ ਲੱਗ ਪਏ ਸਨ।

***

"ਮੱਘੂ ਸ਼ੁਦਾਈਆਂ ਵਾਂਗ ਬੋਲੀ ਗਿਆ।" ਬਾਪੂ ਨੇ ਉਦਾਸ ਅਵਾਜ਼ ਨਾਲ਼ ਗੱਲ ਅਗਾਂਹ ਤੋਰੀ ਸੀ।

"ਲੋਕੋ ਇਨ੍ਹੇ ਇੱਕੋ ਗੱਲ ਵਾਰ-ਵਾਰ ਕਰੀ ਜਾਣੀ ਕਿ ਸਾਡੇ ਭਤੀਜੇ-ਭਤੀਜੀਆਂ ਹੋਣਗੀਆਂ। ਅਗਾਂਹ ਉਨ੍ਹਾਂ ਦੇ ਧੀਆਂ-ਪੁੱਤਰ ਹੋਣਗੇ। ਉਹ ਲਾਰੀ 'ਚ ਪੜ੍ਹਨ ਜਾਇਆ ਕਰਨਗੇ। ਅਸੀਂ ਮੌਜ ਨਾਲ ਬੁਢਾਪਾ ਕੱਟਾਂਗੇ। ਵੱਡੇ ਤੜਕੇ ਉਠਿਆ ਕਰਾਂਗੇ। ਚਿੱਟੇ ਕੁੜਤੇ-ਪਜਾਮੇ ਪਾ ਰੋਜ਼ ਬੱਤਖਾਂ ਜਿਹੀਆਂ ਬਣਕੇ ਪੰਡੋਰੀ ਦੇ ਤਕੀਏ ਤੱਕ ਸੈਰ ਕਰਨ ਜਾਇਆ ਕਰਾਂਗੇ। ਸਾਲਾ ਸੇਖ਼-ਚਿੱਲੀ। ਇਹ ਕਹਿੰਦਿਆਂ ਮੱਘੂ ਦਾ ਗੱਚ ਭਰ ਆਇਆ ਸੀ ਪੁੱਤਰਾ। ਉਹ ਚੁੱਪ ਹੋ ਗਿਆ ਤੇ ਲਾਸ਼ ਦੁਆਲ਼ੇ ਜੁੜ੍ਹੇ ਲੋਕ ਸਿਰ ਜੋੜ ਕੇ ਗੱਲਾਂ ਕਰਨ ਲੱਗ ਪਏ।" ਬਾਪੂ ਦੇ ਬੋਲ ਹਉਕੇ 'ਚ ਡੁੱਬ ਗਏ ਸਨ।

ਇਕੱਠ 'ਚ ਜੁੜੇ ਬੰਦੇ ਕਈ ਦੇਰ ਸਿਰ ਜੋੜ ਕੇ ਗੱਲਾਂ ਕਰਦੇ ਰਹੇ। ਆਖਰ ਉਨ੍ਹਾਂ ਇਹ ਫ਼ੈਸਲਾ ਕੀਤਾ ਕਿ ਦੋਹਾਂ ਭਰਾਵਾਂ ਕੋਲੋਂ ਵੱਖਰੇ-ਵੱਖਰੇ ਤੌਰ 'ਤੇ ਰਾਏ ਲੈ ਲਈ ਜਾਵੇ। ਬਾਪੂ ਤੇ ਸਰਪੰਚ ਦਲਾਨ ਅੰਦਰ ਵੜ੍ਹ ਗਏ ਸਨ ਤੇ ਹਜ਼ੂਰੇ ਦੀ ਬਾਂਹ ਫੜੀ ਚਾਚਾ ਓਧਰ ਨੂੰ ਤੁਰ ਪਿਆ ਸੀ, ਜਿੱਥੇ ਚੁੱਲੇ 'ਚ ਪਈਆਂ ਲੱਕੜਾਂ ਹਾਲੇ ਵੀ ਧੁਖ਼ ਰਹੀਆਂ ਸਨ।

***

"ਪੁਤਰਾ ਫੱਗੂ ਤੇ ਮੱਘੂ ਕੋਈ ਤੀਹ-ਪੈਂਤੀ ਸਾਲ ਧੁਖ਼ਦੇ ਰਹੇ ਹੋਣਗੇ।" ਬਾਪੂ ਉਦਾਸ ਸੁਰ 'ਚ ਅਗਾਂਹ ਬੋਲਿਆ ਸੀ।

"ਫੱਗੂ ਵਿਚਾਰਾ ਤਾਂ ਧੁਖ਼ਦਾ-ਧੁਖ਼ਦਾ ਈ ਤੁਰ ਗਿਆ, ਪਰ ਉਦ੍ਹੀ ਮੌਤ ਨੇ ਮੱਘੂ ਨੂੰ ਦਿਲ ਦੀਆਂ ਲਾਹੁਣ ਲਈ ਜਿਉਂ ਸੁਨਹਿਰੀ ਮੌਕਾ ਬਖ਼ਸ਼ਿਆ ਸੀ। ਉਹ ਅਗਾਂਹ ਬੋਲਿਆ-ਜਦ ਕਦੇ ਮੈਂ ਹਲ਼ ਵਾਹੁੰਦਿਆਂ ਥੱਕ ਜਾਣਾ ਤਾਂ ਇਨ੍ਹੇ ਆਖਣਾ-ਮੱਘੂਆ ਜੇ ਵੱਤਰ ਨਾ ਸਾਂਭੀ ਤਾਂ ਬੀਜਾਂਗੇ ਕੀ ਤੇ ਕਟਾਂਗੇ ਕੀ! ਉਠ, ਆਹ ਵੇਲ਼ਾ ਅਰਾਮ ਦਾ ਨਈਂ। ਚੱਲ ਤੇਰੀ ਤਾਂ ਹੋ ਗਈ ਛੁੱਟੀ! ਮੈਂ ਮੰਗਵਾ ਲਿਆ ਤੇਰੇ ਜੋਗਾ ਚਿੱਟਾ ਕੱਪੜਾ ਓਏ ਲਾਰੇਬਾਜ਼ਾ। ਹੁਣ ਤੂੰ ਬਤਖ਼ ਬਣ ਕੇ ਕਰੀਂ ਜਾਈਂ ਨਰਕਾਂ ਦੀ ਸੈਰ!" ਇਹ ਆਖ ਬਾਪੂ ਫਿੱਕਾ ਜਿਹਾ ਹੱਸਦਿਆਂ ਚੁੱਪ ਹੋ ਗਿਆ ਸੀ।

"ਆਹ ਹਜ਼ੂਰਾ ਤੇ ਮਿੰਦਰ ਪਤਾ ਨਈਂ ਕੀ ਸੈਲਾਂ ਜਿਹੀਆਂ ਕਰੀ ਜਾਂਦੇ ਆ?" ਚਾਚੇ ਤੇ ਹਜ਼ੂਰੇ ਨੂੰ ਹਿੱਲ-ਹਿੱਲ ਗੱਲਾਂ ਕਰਦੇ ਵੇਖ, ਦਾਦੀ ਨੇ ਮਾਂ ਕੋਲੋਂ ਪੁੱਛਿਆ ਸੀ।

"ਸੈਰਾਂ ਨਈਂ ਬੀਬੀ, ਏਹ ਕੋਈ ਮਤਾ ਪਕੌਂਦੇ ਫਿਰਦੇ ਆ।" ਮਾਂ ਨੇ ਨੱਕ ਚਾੜਦਿਆਂ ਜਵਾਬ ਦਿੱਤਾ ਸੀ।

ਪਹਿਲਾਂ ਬਾਪੂ ਤੇ ਸਰਪੰਚ ਪਰਤੇ ਸਨ ਤੇ ਉਨ੍ਹਾਂ ਵੱਲ ਵੇਖ ਹਜ਼ੂਰਾ ਤੇ ਚਾਚਾ ਵੀ ਇਕੱਠ 'ਚ ਆਣ ਬੈਠੇ। ਕੁਝ ਦੇਰ ਨਿੱਕੀਆਂ-ਨਿੱਕੀਆਂ ਗੱਲਾਂ ਹੁੰਦੀਆਂ ਰਹੀਆਂ ਸਨ, ਫਿਰ ਹਜ਼ੂਰਾ ਤੇ ਸਰਪੰਚ ਆਖ਼ਰੀ ਫੈਸਲੇ ਤੋਂ ਪਹਿਲਾਂ ਸਲਾਹ-ਮਸ਼ਵਰਾ ਕਰਨ ਲਈ ਦਲਾਨ ਅੰਦਰ ਜਾ ਵੜੇ।

"ਪੁੱਤਰੋ! ਨਿੱਤ ਹਜ਼ਾਰਾਂ ਘਰ ਟੁੱਟਦੇ ਨੇ ਤੇ ਕੰਧਾਂ ਉਸਰਦੀਆਂ ਨੇ। ਖੇਤਾਂ 'ਚ ਪਈਆਂ ਵੱਟਾਂ ਵੀ ਹੌਲ਼ੀ-ਹੌਲ਼ੀ ਬੰਨਿਆਂ ਦੀ ਜੂਨੇ ਪੈ ਜਾਂਦੀਆਂ ਨੇ। ਜੇ ਅਕਲ ਨਾ ਕਰੋ ਤਾਂ ਘਰ ਵੰਡਦਿਆਂ ਕਈ ਕੁਝ ਵੰਡਿਆ ਜਾਂਦਾ। ਕਤਲ ਹੋ ਜਾਂਦੇ ਨੇ, ਪਰ ਮਸਲੇ ਹੱਲ ਨਈਂ ਹੁੰਦੇ। ਇਹ ਸਾਡੀ ਕੌਮ ਏਡੀ ਕੁੱਤੀ ਏ ਕਿ ਪੂਰੇ ਜੱਗ ਦਾ ਤਮਾਸ਼ਾ ਬਣ ਜਾਣਗੇ, ਪਰ ਭਰਾ ਮੂਹਰੇ ਭਰਾ ਨਈਂ ਝੁਕਦਾ। ਇਨ੍ਹਾਂ ਦੀਆਂ ਹਿੰਡਾਂ ਦੇ ਸਿਰ 'ਤੇ ਤਾਂ ਥਾਣੇ ਚੱਲਦੇ ਆ, ਵਕੀਲਾਂ ਤੇ ਮੁਣਸ਼ੀਆਂ ਦੀਆਂ ਜੇਬਾਂ ਭਰਦੀਆਂ ਨੇ ਤੇ

ਅਦਾਲਤਾਂ ਦਾ ਕਾਰੋਬਾਰ ਚੱਲਦੈ!"

ਨਾਨੇ ਦੀਆਂ ਗੱਲਾਂ ਨੂੰ ਕੌਣ ਝੁਠਲਾ ਸਕਦਾ ਸੀ!

***

"ਮੱਘੂ ਬੋਲਿਆ" ਬਾਪੂ ਨੇ ਨਿਹਾਲੇ ਦੀ ਕਹਾਣੀ ਦਾ ਅਗਲਾ ਪੱਖ ਛੋਹਿਆ ਸੀ।

"ਲੋਕੋ ਇਹ ਇਕ ਵਾਰ ਮੈਨੂੰ ਕਹਿਣ ਲੱਗਾ- ਮੱਘੂਆ ਦੇਖ ਲਈਂ ਨਿਹਾਲੇ ਨੇ ਮੈਨੂੰ ਵੱਡਾ ਕਰਕੇ ਕੱਢਣਾ। ਪੋਤਰੇ-ਪੋਤਰੀਆਂ ਮੇਰੀ ਅਰਥੀ ਨਾਲ਼ ਹਰੇ, ਪੀਲ਼ੇ, ਲਾਲ, ਨੀਲੇ, ਭੂਕਾਨੇ ਬੰਨ੍ਹਣਗੇ। ਐਵੇਂ ਸੜੀਂ ਨਾ ਓਏ ਤੂੰ! ਇਕ ਦਿਨ ਤੇਰਾ ਵੀ ਆਊ। ਫਿਰ ਹੋਊ ਮੇਰਾ ਵੱਡਾ 'ਕੱਠ। ਵੱਡੇ-ਵੱਡੇ ਲੋਕ ਤੇ ਵੱਡੇ-ਵੱਡੇ ਅਫਸਰ ਔਣਗੇ। ਨਿਹਾਲੇ ਨੇ ਪਤਾ ਨਈਂ ਕਿੰਨੇ ਪਿੰਡਾਂ 'ਚ ਕਾਟ ਵੰਡਣੇ ਆ। ਉਸ ਦਿਨ ਕਰ ਲੈਣ ਦਈਂ ਉਹਨੂੰ ਦਿਲ ਆਈਆਂ। ਨਾਲ਼ੇ ਆਹ ਜੇੜ੍ਹਾ ਲੰਬੜਾਂ ਦਾ ਛੋਕਰਾ ਟਿੱਚਰਾਂ ਕਰਦਾ ਰਹਿੰਦਾ ਏ ਨਾ, ਏਹਨੂੰ ਵੀ ਪਤਾ ਲੱਗ ਜੂ ਸਾਲ਼ੇ ਨੂੰ ਕਿ ਫੱਗੂ ਤੇ ਮੱਘੂ ਦਿਆਂ ਕੱਛਿਆਂ 'ਚ ਜੂੰਆਂ ਪੈਣ ਦਾ ਮੁੱਲ ਕੀ ਪਿਆ।" ਹਜ਼ੂਰੇ ਦਾ ਜ਼ਿਕਰ ਕਰਦਿਆਂ ਬਾਪੂ ਕਚੀਚੀ ਵੱਟ ਕੇ ਚੁੱਪ ਹੋ ਗਿਆ ਸੀ।

"ਲਓ ਜੀ ਸਾਰੀਆਂ ਗੱਲਾਂ ਕਰੀਬ-ਕਰੀਬ ਤੈਅ ਹੋ ਗਈਆਂ ਨੇ।" ਹਜ਼ੂਰਾ ਫ਼ੈਸਲੇ 'ਤੇ ਪੁੱਜ ਜਾਣ ਵਾਲੇ ਚਾਅ ਨਾਲ਼ ਬੋਲਿਆ ਸੀ।

"ਗੱਲ ਘਰ ਤੋਂ ਈ ਸ਼ੁਰੂ ਕਰਦੇ ਆਂ। ਆਹ ਲੈਟਰੀਨ-ਬਾਥਰੂਮ ਵੱਲ ਦਾ ਪਾਸਾ ਮਾਸਟਰ ਹੁਰਾਂ ਦਾ ਤੇ ਨਿੰਮ ਵੱਲ ਦਾ ਸ਼ਿੰਗਾਰੇ ਦਾ। ਕਾਲ਼ੀ ਮੱਝ ਸ਼ਿੰਗਾਰੇ ਲਈ ਤੇ ਬੂਰੀ ਮਾਸਟਰ ਹੁਰਾਂ ਲਈ।"

"ਤੇਰਾ ਕੱਖ ਨਾ ਰਹੇ, ਹਾਏ ਵੇ ਮੇਰੀ..ਬੂਰੀ!" ਮਾਂ ਵਿਲ਼ਕ ਉਠੀ ਸੀ।

"ਜਿੱਥੇ ਪੁੱਤ ਕਪੁੱਤ ਹੋ ਜਾਣ, ਓਥੇ ਕੀ ਬੂਰੀਆਂ ਤੇ ਕੀ ਕਾਲ਼ੀਆਂ!" ਦਾਦੀ ਨਿਰਾਸ਼ਾ 'ਚ ਮੱਥੇ 'ਤੇ ਹੱਥ ਮਾਰਦਿਆਂ ਬੋਲੀ ਸੀ।

"ਵੱਛਾ ਤੇ ਪੰਜ ਕਲਿਆਣੀ ਝੋਟੀ ਮਾਸਟਰ ਹੁਰਾਂ ਲਈ ਤੇ ਵੱਛੀ ਤੇ ਕੱਟਾ ਵੱਡੇ ਭਾਈ ਲਈ। ਘਰ 'ਚ ਕੁੱਲ ਗਿਆਰਾਂ ਮੰਜੇ ਤੇ ਦੋ ਪਲੰਘ ਨੇ। ਦੋਹਾਂ ਨੂੰ ਇਕ-ਇਕ ਪਲੰਘ ਤੇ ਪੰਜ-ਪੰਜ ਮੰਜੇ; ਗਿਆਰਵਾਂ ਮੰਜਾ ਓਧਰ ਜਾਏਗਾ ਜਿਧਰ ਮਾਂ ਜਾਏਗੀ। ਮਾਂ ਦਾ ਸੰਦੂਕ..."

"ਹਜ਼ੂਰੇ ਪਾਪੀ ਦੀ ਚਿਤਾ 'ਤੇ ਪਾਇਆ ਜਾਊਗਾ।" ਦਾਦੀ ਕਚੀਚੀ ਵੱਟਦਿਆਂ ਬੋਲੀ ਸੀ।

"ਹਜ਼ੂਰਾ ਸਿਹਾਂ..." ਉਸਨੂੰ ਟੋਕਦਿਆਂ ਕਰਮ ਸਿੰਘ ਚਾਣਚੱਕ ਬੋਲਿਆ ਸੀ।

"ਇਨ੍ਹਾਂ ਮਸਲਿਆਂ 'ਚ ਮਾਂ ਦੇ ਸੰਦੂਕ ਦੀ ਗੱਲ ਨਈਓਂ ਕਰੀਦੀ ਭਾਈ ਮੇਰਿਆ।"

"ਚਲੋ ਨਈਂ ਕਰਦੇ।" ਮੌਕਾ ਸੰਭਾਲ਼ਦਿਆਂ ਹਜ਼ੂਰਾ ਏਨਾ ਕੁ ਆਖ ਕੁਝ ਸੋਚਣ ਲੱਗ ਪਿਆ ਸੀ।

***

"ਨਿਹਾਲੇ ਨੇ ਨੋਟਾਂ ਦਾ ਰੁੱਗ..." ਕੁੜਤੱਣ ਜਿਹੀ ਨਾਲ਼ ਅੱਖਾਂ ਨੂੰ ਸੁੰਗੇੜਦਿਆਂ ਬਾਪੂ ਨੇ ਕਹਾਣੀ ਅਗਾਂਹ ਤੋਰੀ ਸੀ।

"ਮੱਘੂ ਮੂਹਰੇ ਕਰ ਦਿੱਤਾ ਸੀ। ਆਹ ਕੁਝ ਰੁਪੈ ਨੇ। ਕਾਦ੍ਹੇ ਲਈ-ਮੱਘੂ ਨੇ ਘਿਰਣਾ ਨਾਲ਼ ਪੁੱਛਿਆ ਤਾਂ ਉਹ ਵਿਚਾਰਿਆਂ ਵਾਂਗ ਬੋਲਿਆ ਸੀ- ਸਸਕਾਰ ਲਈ, ਫੁੱਲ ਤਾਰਨ ਲਈ ਤੇ ਭੋਗ ਲਈ। ਮੱਘੂ ਗਰਜਿਆ-ਉਹ ਜਿਨ੍ਹੇਂ ਜਿਉਂਦੇ-ਜੀ, ਇਕ ਵੀ ਦਿਨ ਸੁੱਖ ਨਾ ਲਿਆ, ਉਦ੍ਹੇ ਮਿੱਟੀ ਹੋਣ ਪਿੱਛੋਂ ਕਾਦ੍ਹੇ ਭੋਗ ਤੇ ਕਿਹੜੀ ਸ਼ਾਂਤੀ?" ਬਾਪੂ ਨੇ ਮੂੰਹ 'ਤੇ ਹੱਥ ਫੇਰਦਿਆਂ ਲੰਮਾ ਹਉਕਾ ਭਰਿਆ ਸੀ।

"ਵੈਸੇ ਅਸੀਂ ਚਾਚੀ ਦੇ ਸੰਦੂਕ ਨੂੰ ਗੱਡੇ ਨਾਲ਼ ਜੋੜਿਆ ਸੀ।" ਹਜ਼ੂਰੇ ਨੇ ਗੱਲ ਅਗਾਂਹ ਤੋਰ ਲਈ ਸੀ।

"ਚਲੋ ਇਦ੍ਹਾ ਫ਼ੈਸਲਾ ਚਾਚੀ ਆਪੇ ਕਰ ਲਊ। ਹਾਂ ਤੇ ਕਾਲ਼ਾ ਬਲ਼ਦ!" ਉਹ ਮੁੜ ਤੋਂ ਅਸਲ ਮੁੱਦੇ ਵੱਲ ਆਉਂਦਿਆ ਬੋਲਿਆ ਸੀ, "ਵੱਡੇ ਲਈ ਤੇ ਲਾਖਾ ਛੋਟੇ ਲਈ।" ਉਹਨੇ ਖੰਘੂਰਾ ਮਾਰਦਿਆਂ ਗਲ਼ਾ ਸਾਫ਼ ਕੀਤਾ ਸੀ।

"ਆਹੋ ਮਾਰਖੰਡਾ ਦਿਓ ਵੱਡੇ ਨੂੰ; ਢਿੱਡ ਤਾਂ ਪਾੜੇ ਏਦ੍ਹਾ।" ਮਾਂ ਨੇ ਫਿਕਰ ਭਰੀ ਆਵਾਜ਼ 'ਚ ਕਿਹਾ ਸੀ।

"ਸੁੱਖ-ਸੁੱਖ ਬੋਲ ਨੀ ਧੀਏ!" ਦਾਦੀ ਨੇ ਮਾਂ ਨੂੰ ਮਿੱਠਾ ਜਿਹਾ ਝਿੜਕਿਆ ਸੀ।

"ਹੋਰ ਜਿਵੇਂ ਵੰਡ ਵੇਲੇ ਹੁੰਦਾ ਈ ਏ, ਦਰੀਆਂ ਨਾਲ਼ ਦਰੀਆਂ, ਖੇਸਾਂ ਨਾਲ਼ ਖੇਸ, ਬੱਠਲਾਂ ਨਾਲ਼ ਬੱਠਲ, ਭੜੋਲੀਆਂ ਨਾਲ ਭੜੋਲੀਆਂ, ਭੜੋਲਿਆਂ ਨਾਲ ਭੜੋਲੇ। ਬਾਕੀ ਨੂੰਹਾਂ ਵਲੋਂ ਲਿਆਂਦਾ ਦਾਜ ਆਪੋ-ਆਪਣਾ।" ਬੋਲਦਾ-ਬੋਲਦਾ ਹਜ਼ੂਰਾ ਚਾਣਚੱਕ ਕੁਝ ਸੋਚਣ ਲਈ ਰੁਕ ਜਾਂਦਾ ਸੀ।

"ਸਾਡਾ ਤਾਂ ਦਾਜ ਵੀ ਮਰ-ਖੱਪ ਗਿਆ, ਏਸ ਘਰ ਨੂੰ ਖੜ੍ਹੇ ਕਰਦਿਆਂ।" ਮਾਂ ਨੇ ਫਿੱਕਾ ਜਿਹਾ ਹੱਸਦਿਆਂ ਨਿਹੋਰਾ ਮਾਰਿਆ ਸੀ।

"ਆਹ ਸੋਨੇ ਵਰਗੇ ਪੁੱਤਰਾਂ ਦੇ ਹੁੰਦਿਆਂ ਤੈਨੂੰ ਕੇੜ੍ਹੀ ਸ਼ੈਅ ਦਾ ਘਾਟਾ ਨੀ ਧੀਏ!" ਸਾਡੇ ਵੱਲ ਹੱਥ ਕਰਦਿਆਂ ਦਾਦੀ ਨੇ ਮਾਂ ਨੂੰ ਦਿਲਾਸਾ ਦਿੱਤਾ ਸੀ।

"ਜ਼ਮੀਨ ਦਾ ਕੁੱਲ ਸੋਲਾਂ ਕਿੱਲੇ ਰਕਬਾ ਆ ਇਨ੍ਹਾਂ ਕੋਲ਼।" ਹਜ਼ੂਰਾ ਬੋਲੀ ਗਿਆ।

"ਪੰਜ ਨਿਆਈਂ ਵਾਲੇ ਤੇ ਗਿਆਰਾਂ ਰੋਹੀ ਵਾਲ਼ੇ। ਨਿਆਈਂ ਵਾਲ਼ੇ ਟੱਕ 'ਚੋਂ ਲਹਿੰਦਾ ਪਾਸਾ ਮਾਸਟਰ ਹੁਰਾਂ ਦਾ ਤੇ ਚੜ੍ਹਦਾ ਵੱਡੇ ਦਾ। ਰੋਹੀ 'ਚੋਂ ਚੜ੍ਹਦੇ ਵੱਲ ਦਾ ਮਹਿੰਦਰ ਸਿੰਘ ਦਾ ਤੇ ਲਹਿੰਦੇ ਵੱਲ ਦਾ ਸ਼ਿੰਗਾਰੇ ਦਾ। ਡੰਗਰਾਂ ਵਾਲ਼ੀ ਥਾਂ ਤਾਂ ਭੁੱਲ ਈ ਚੱਲੇ ਸੀ" ਇਹ ਆਖਦਿਆਂ ਹਜ਼ੂਰਾ ਫਿੱਕਾ ਜਿਹਾ ਹੱਸਿਆ ਸੀ।

"ਨਾ ਭੁੱਲਣਾ ਕਾਤੋਂ ਏ। ਮਸਾਂ-ਮਸਾਂ ਤਾਂ ਤੈਨੂੰ ਮੌਕਾ ਮਿਲਿਆ, ਕੱਲੀ-ਕੱਲੀ ਚੀਜ਼ ਵੰਡ ਕੇ ਜਾਈਂ, ਕਿਸੇ ਕੰਜਰ ਦਿਆ ਪੁੱਤਰਾ।" ਦਾਦੀ ਦੰਦ ਕਰੀਚਦਿਆਂ ਬੋਲੀ ਸੀ।

"ਕੁੱਲ ਡੇਢ ਕਨਾਲ ਰਕਬਾ ਏ। ਉਦ੍ਹੇ ਵਿਚੋਂ ਚੜ੍ਹਦੇ ਵੱਲ ਦੇ ਪੰਦਰਾਂ ਮਰਲੇ ਮਾਸਟਰ ਹੁਰਾਂ ਦੇ ਤੇ ਲਹਿੰਦੇ ਵੱਲ ਦੇ ਸ਼ਿੰਗਾਰੇ ਦੇ। ਹਾਂ, ਆਹ ਇੱਕ ਟੋਕੇ ਦਾ ਰੌਲ਼ਾ..ਇਦ੍ਹੇ ਬਾਰੇ ਅਸੀਂ ਫ਼ੈਸਲਾ ਕੀਤਾ ਆ ਕਿ...।"

"ਇਦ੍ਹੇ ਵਿਚ ਦੀ ਹਜ਼ੂਰੇ ਦੀ ਰੰਨ ਲੰਘਾਈ ਜਾਊਗੀ!" ਇਹ ਆਖਦਿਆਂ ਦਾਦੀ ਕੌੜਾ ਜਿਹਾ ਮੁਸਕਾਈ ਸੀ।

"ਨਿੰਮ ਦੇ ਅੱਧੇ ਮੁੱਲ 'ਚ ਇਹ ਮਾਸਟਰ ਹੁਰਾਂ ਕੋਲ਼ ਰਹੇਗਾ। ਕਰਜ਼ੇ ਬਾਰੇ ਫੈਸਲਾ ਏਹ ਆ ਕਿ ਬਾਪ ਵਾਲ਼ਾ ਕਰਜ਼ ਸਮੇਤ ਵਿਆਜ ਦੇ ਦੋਹਾਂ ਭਰਾਵਾਂ 'ਚ ਅੱਧਾ-ਅੱਧਾ ਵੰਡਿਆ ਜਾਵੇਗਾ। ਹੋਰ ਜਿੜ੍ਹਾ ਕਰਜ਼ ਸ਼ਿੰਗਾਰੇ ਦੇ ਸਿਰ ਆ, ਉਦ੍ਹੇ ਬਾਰੇ ਮਾਸਟਰ ਹੁਰਾਂ ਕੋਈ ਨੰਨ੍ਹਾਂ ਨਈਂ ਭਰਿਆ।" ਹਜ਼ੂਰਾ ਬਾਪੂ ਵੱਲ ਦੇਖਦਿਆਂ ਬੋਲਿਆ ਸੀ।

ਸਭ ਦੀ ਉਮੀਦ ਦੇ ਉਲਟ ਬਾਪੂ ਚੁੱਪ ਰਿਹਾ ਸੀ।

"ਸ਼ਰਮ ਨਈਂ ਔਂਦੀ, ਨਾ ਬੀਬੀ ਕੱਲੀ ਸ਼ਿੰਗਾਰੇ ਦੀ ਭੈਣ ਆ!" ਮਾਂ ਨੇ ਫਿੱਟਕਾਰੀ ਹਾਸਾ ਹੱਸਦਿਆਂ ਕਿਹਾ ਸੀ।

"ਨਿਹਾਲਿਆਂ ਲਈ ਕੋਈ ਭੈਣ-ਭਾਈ ਨਈਂ ਹੁੰਦਾ ਧੀਏ!" ਦਾਦੀ ਨੇ ਮਾਂ ਨੂੰ ਸਮਝਾਇਆ ਸੀ।

"ਏਹ ਕੋਈ ਇਨਸਾਫ ਦੀ ਗੱਲ ਨਈਂ ਮਿੰਦਰ ਸਿਹਾਂ।" ਕਰਮ ਸਿੰਘ ਤੜਫ ਉਠਿਆ ਸੀ।

"ਸਾਂਝੇ ਟੱਬਰ 'ਚ ਰਹਿੰਦਿਆਂ ਜਿੜ੍ਹਾ ਕਰਜ਼ ਸ਼ਿੰਗਾਰੇ ਸਿੰਘ ਨੇ ਕੁੜੀ ਦੇ ਵਿਆਹ 'ਤੇ ਚੁੱਕਿਆ, ਉਹ ਵੀ ਅੱਧੋ-ਅੱਧ ਹੋਣਾ ਚਾਹੀਦਾ।" ਇਹ ਆਖ ਉਹ ਬੈਠ ਗਿਆ ਸੀ।

ਮਾਂ ਤੇ ਦਾਦੀ ਦੇ ਚਿਹਰਿਆਂ 'ਤੋਂ ਰੁਖ਼ਸਤ ਹੋ ਕੇ ਉਦਾਸੀ ਜਿਉਂ ਚਾਚੇ ਦੇ ਚਿਹਰੇ 'ਤੇ ਜਾ ਟਿਕੀ ਸੀ। ਉਵੇਂ ਖੜਾ ਹਜ਼ੂਰਾ ਕਈ ਦੇਰ ਖ਼ਾਮੋਸ਼ ਹੱਥ ਮਲ਼ਦਾ ਰਿਹਾ ਸੀ।

"ਚਲੋ...ਇਕ ਵਾਰ ਫਿਰ ਪੁੱਛ ਲੈਂਦੇ ਆਂ। ਹਾਂ ਬਈ ਮਹਿੰਦਰ ਸਿਹਾਂ!" ਇਹ ਆਖ ਹਜ਼ੂਰਾ ਚਾਚੇ ਵੱਲ ਦੇਖਣ ਲੱਗ ਪਿਆ ਸੀ।

"ਮੈਂ ਆਇਆਂ ਜੀ ਇੱਕ ਮਿੰਟ!" ਇਹ ਕਹਿੰਦਿਆਂ ਚਾਚਾ ਉਠਿਆ ਤੇ ਥੱਕੇ-ਟੁਟੇ ਕਦਮਾਂ ਨਾਲ਼ ਤੁਰਦਾ ਕਮਰੇ ਅੰਦਰ ਜਾ ਵੜਿਆ ਸੀ।

"ਹੁਣ ਸਲਾਹ ਕਰਨ ਗਿਆ ਹੋਣਾ, ਬਾਬੂਆਣੀ ਨਾਲ਼!" ਮਾਂ ਨੇ ਫਿੱਕਾ ਜਿਹਾ ਹੱਸਦਿਆਂ ਕਿਹਾ ਸੀ।

"ਰੰਨ ਦਾ ਮੁਰੀਦ!" ਦਾਦੀ ਬੋਲੀ ਸੀ।

ਚਾਚਾ ਪਰਤਿਆ ਤਾਂ ਸਭ ਉਸ ਦੇ ਚਿਹਰੇ ਤੋਂ ਕਹੇ ਜਾਣ ਵਾਲ਼ੇ ਲਫ਼ਜ਼ਾਂ ਦਾ ਅੰਦਾਜ਼ਾ ਲਗਾਉਣ ਲੱਗੇ। ਕੁਝ ਪਲਾਂ ਲਈ ਮਾਂ ਤੇ ਦਾਦੀ ਨੇ ਵੀ ਸਾਹ ਸੂਤ ਲਏ ਸਨ।

"ਬਈ ਸਿੱਧੀ ਗੱਲ ਆ ਕਿ ਨਾ ਤਾਂ ਏਨ੍ਹਾਂ ਮੇਰੇ ਸਾਮ੍ਹਣੇ ਕਰਜ਼ਾ ਚੁੱਕਿਆ ਤੇ ਨਾ ਹੀ ਖਰਚਿਆ। ਮੇਰੇ ਕੋਲੋਂ ਮੁਸ਼ਕਲ ਆ। ਮੇਰੇ ਵੀ ਬੜੇ ਖਰਚ ਆ ਔਣ ਆਲ਼ੇ ਦਿਨਾਂ ਵਿਚ। ਹਿੱਸੇ ਆਏ ਪੁਰਾਣੇ ਮਕਾਨ ਨੂੰ ਢਾਹ ਕੇ ਨਵਾਂ ਘਰ ਬਣੌਣਾ। ਸੋ...ਸੋ..ਮੇਰਾ ਤਾਂ ਏਹੀ ਫੈਸਲਾ!" ਚਾਚਾ ਬੈਠ ਗਿਆ ਸੀ।

ਮਾਂ ਤੇ ਦਾਦੀ ਦੋਹਾਂ ਨੇ ਠੰਢਾ ਹਉਕਾ ਭਰਿਆ ਸੀ।

"ਮੈਂ ਕੈਂਦਾ ਕਿ ਏਦ੍ਹੇ ਬਾਰੇ..." ਹਜ਼ੂਰੇ ਨੂੰ ਬੜੀ ਦੇਰ ਬਾਅਦ ਬੋਲਣ ਦਾ ਮੌਕਾ ਮਿਲਿਆ ਸੀ।

"ਆਪਾਂ ਹੋਰ ਨਾ ਉਲਝੀਏ। ਹੁਣ ਗੱਲ ਨੂੰ ਮੁਕਾਈਏ..ਪਰ੍ਹਾਂ..! ਬਾਕੀ ਨਿੱਕ-ਸੁੱਕ ਤਾਂ ਚਾਚੀ ਨੇ ਵੀ ਆਪੇ ਵੰਡ ਲੈਣਾ।"

"ਚਾਚੀ ਦੀ ਵੰਡਦੀ ਆ ਜੁੱਤੀ!" ਦਾਦੀ ਕਚੀਚੀ ਵੱਟਦਿਆਂ ਬੋਲੀ ਸੀ।

"ਲਓ ਜੀ ਤੁਾਨੂੰ ਦੋਹਾਂ ਨੂੰ ਆਪੋ-ਆਪਣਾ ਘਰ ਮੁਬਾਰਕ। ਆਹ ਜੋ ਤੁਸੀਂ ਆਪਣਿਆਂ ਵਾਂਗ, ਆਪਣਿਆਂ 'ਚ ਬੈਠ ਕੇ ਨਿਬੇੜ ਲਈ, ਇਦ੍ਹੇ ਨਾਲ ਦੀ ਰੀਸ ਨਈਂ ਕੋਈ। ਭਰਾ ਨੇ ਓੜਕ ਭਰਾ ਹੀ ਰਹਿਣਾ। ਔਖੇ-ਸੌਖੇ ਵੇਲ਼ੇ ਭਰਾ ਨੇ ਈ ਭਰਾ ਨਾਲ਼ ਖੜ੍ਹਨਾ!" ਹਜ਼ੂਰੇ ਦੀ ਆਦਤ ਬਣ ਚੁੱਕੀ ਸੀ ਕਿ ਵੰਡ ਵਾਲਾ ਕੰਮ ਮੁਕਾ, ਉਹ ਕਿਸੇ ਚਾਅ ਜਿਹੇ 'ਚ ਸਿੱਖਿਆਵਾਂ ਦੇਣ ਲਗ ਪੈਂਦਾ ਸੀ।

"ਬੜਾ ਸੋਹਣਾ ਖੜ੍ਹਿਆ...ਕਿਤੇ ਰੀਸ ਆ ਕੋਈ ਭਰਾ ਦੀ!" ਮਾਂ ਬੋਲੀ ਸੀ।

"ਬਾਕੀ ਆਪਣਾ ਕਮਾਓ ਤੇ ਆਪਣਾ ਖਾਓ।



ਸਿਆਣਿਆ ਦਾ ਕਹਿਣਾ ਕਿ ਪਰ੍ਹੇ-ਪੰਚੈਤ 'ਚ ਪ੍ਰਮੇਸ਼ਰ ਆਪ ਹਾਜ਼ਰ ਹੁੰਦਾ, ਸੋ ਅੱਜ ਇੱਥੇ ਜਿੜ੍ਹੇ ਫੈਸਲੇ ਹੋ ਗਏ ਆ, ਉਨ੍ਹਾਂ 'ਤੇ ਪਹਿਰਾ ਦੇਣਾਂ ਆ ਦੋਹਾਂ ਟੱਬਰਾਂ ਨੇ।" ਉਹਨੇ ਗੱਲਾਂ ਦੀ ਲੜੀ ਟੁੱਟਣ ਨਹੀਂ ਸੀ ਦਿੱਤੀ।

"ਕੁਲਗਦਾ ਦੋਹਾਂ ਟੱਬਰਾਂ ਦਾ!" ਦਾਦੀ ਨੇ ਮੱਥੇ 'ਤੇ ਤਿਊੜੀ ਪਾਉਂਦਿਆਂ ਕਿਹਾ ਸੀ।

"ਕੋਈ ਪੁੱਛੇ ਕਿ ਤੂੰ ਇੱਥੇ ਕੁੜੀ ਦੇ ਵਿਆਹ 'ਤੇ ਸਿੱਖਿਆ ਪੜ੍ਹਨ ਆਇਆ!" ਮਾਂ ਘਿਰਣਾ ਨਾਲ਼ ਬੋਲੀ ਸੀ।

***

"ਮੱਘੂ ਅਗਾਂਹ ਬੋਲਿਆ-ਨਾਲ਼ੇ ਇਕ ਗੱਲ ਹੋਰ ਸੁਣ ਲੈ ਓਏ ਵੱਡਿਆ ਅਮੀਰਾ" ਏਸ ਵਾਰ ਬਾਪੂ ਨੇ ਦੰਦ ਕਰੀਚਦਿਆਂ ਗੱਲ ਸ਼ੁਰੂ ਕੀਤੀ ਸੀ।

"ਏਹ ਪਿੰਡ ਮਰਿਆ ਨਈਂ ਹਾਲੇ। ਏਹ ਅੱਜ ਵੀ ਜਿਉਂਦੀਆਂ ਦੇਹਾਂ ਨੂੰ ਟੁੱਕਰ ਤੇ ਮੋਈਆਂ ਨੂੰ ਸਵਾਹ ਕਰਨ ਜੋਗੀਆਂ ਲੱਕੜਾਂ ਬਖ਼ਸ਼ਦਾ ਏ। ਤੈਨੂੰ ਜ਼ਰੂਰੀ ਤਾਕੀਦ ਏਹ ਆ ਕਿ ਤੂੰ ਭੋਗ ਵਾਲ਼ੇ ਦਿਨ ਨਾ ਆਈਂ। ਉਸ ਦਿਨ ਕੋਈ ਝੂਠਾ-ਸੱਚਾ ਮੁਕਾਬਲਾ ਬਣਾਈਂ ਤੇ ਆਪਣੇ ਮੋਢੇ ਦੀ ਫੀਤੀ ਵਧਾਈਂ। ਗੱਲਾਂ ਕਰਦਿਆਂ ਮੱਘੂ ਦੀ ਨਜ਼ਰ ਫੱਗੂ ਦੇ ਚਿਹਰੇ 'ਤੇ ਜੰਮ ਗਈ ਸੀ। ਇਹ ਸਾਲਾ ਕਹਿੰਦਾ ਹੁੰਦਾ ਸੀ ਕਿ ਘਰ ਦੁਆਲ਼ੇ ਉਚੀਆਂ-ਉਚੀਆਂ ਕੰਧਾਂ ਦੀ ਚਾਰ-ਦਿਵਾਰੀ ਜ਼ਰੂਰ ਕਰਵੌਣੀ ਆਂ। ਕਿਸੇ ਦੀ ਕੀ ਮਜਾਲ ਕਿ ਗਲ਼ੀ 'ਚੋਂ ਲੰਘਦਿਆਂ...ਅੱਡੀਆਂ ਚੁੱਕ ਕੇ ਵੀ ਧੀਆਂ-ਭੈਣਾਂ ਵਾਲੇ ਘਰ 'ਚ ਝਾਕ ਸਕੇ। ਉਸਾਰ ਲਈਆਂ ਕੰਧਾਂ ਓਏ ਸੁਪਨ-ਸਾਜ਼ਾ..! ਏਹ ਆਖ ਉਹ ਮੁੜ ਧਾਹਾਂ ਮਾਰਨ ਲੱਗ ਪਿਆ ਸੀ।" ਅੱਥਰੂ ਲੁਕਾਉਣ ਲਈ ਛੱਤ ਵੱਲ ਵੇਖਦਿਆਂ ਬਾਪੂ ਚੁੱਪ ਹੋ ਗਿਆ ਸੀ।

"ਹੁਣ ਦੋਵੇਂ ਭਾਈ ਕੰਧ ਦੇ ਖਰਚ ਬਾਰੇ ਵੀ ਲੱਗਦੇ ਹੱਥ ਸਲਾਹ ਕਰ ਲਓ!" ਹਜ਼ੂਰੇ ਦੀ ਗੱਲ ਕੰਧ 'ਤੇ ਆ ਕੇ ਮੁੱਕੀ ਸੀ।

"ਏਨ੍ਹਾਂ ਕੰਧਾਂ ਦੇ ਉਸਰਨ ਨਾਲ ਨਾ ਤਾਂ ਧਰਤੀ ਦੀ ਚਾਲ ਉਖੜਦੀ ਏ, ਨਾ ਦਰਿਆਵਾਂ ਦੇ ਵਹਿਣ ਰੁਕਦੇ ਨੇ। ਨਾ ਸੂਰਜ ਦੀ ਤਪਸ਼ ਘਟਦੀ ਏ, ਨਾ ਸਾਗਰਾਂ ਦੇ ਨੀਰ ਸੁੱਕਦੇ ਨੇ। ਏਨ੍ਹਾਂ ਕੰਧਾਂ ਦੀ ਕੀ ਔਕਾਤ ਕਿ ਇਹ ਕੁਦਰਤ ਦਾ ਨੇਮ ਵਿਗਾੜ ਦੇਣ। ਇਹ ਕੰਧਾਂ ਤਾਂ ਨਿਮਾਣੇ ਮਨੁੱਖਾਂ ਦੇ ਚੋਜ ਨੇ ਪੁਤਰੋ!" ਆਖਰੀ ਉਮਰੇ ਨਾਨਾ ਗੂੜ੍ਹ-ਗਿਆਨ ਦੀਆਂ ਗੱਲਾਂ ਕਰਨ ਲੱਗ ਪਿਆ ਸੀ।

"ਫਿਰ ਦਿਲ ਕਿਉਂ ਟੁੱਟਦੇ ਨੇ ਮਹਾਂਪੁਰਖੋ?" ਬਾਪੂ ਨੇ ਸਵਾਲ ਕੀਤਾ ਸੀ।

"ਦਿਲ ਜੁ ਹੋਏ!" ਨਾਨਾ ਸੰਖੇਪ ਉਤਰ ਦੇ ਕੇ ਚੁੱਪ ਹੋ ਗਿਆ ਸੀ।

ਗੱਲ ਮੁਕਾ ਹਜ਼ੂਰਾ ਹਾਲੇ ਬੈਠਿਆ ਵੀ ਨਹੀਂ ਸੀ ਕਿ ਬਾਪੂ ਉਠ ਖੜ੍ਹਾ ਹੋਇਆ ਸੀ।

"ਮੇਰੀ ਇਕ ਅਰਜ਼ ਆ ਭਰਾਓ।" ਹੁਣ ਉਹਦੇ ਚਿਹਰੇ 'ਤੇ ਉਦਾਸੀ ਦੀ ਥਾਂ ਆਤਮ-ਵਿਸ਼ਵਾਸ ਸੀ।

"ਮੈਨੂੰ ਨਾ ਤਾਂ ਕੰਧ ਦੀ ਲੋੜ ਆ ਤੇ ਨਾਹੀਂ ਮੇਰੇ ਕੋਲ਼ ਕੋਈ ਗੁੰਜਾਇਸ਼ ਆ। ਜ੍ਹੇਨੂੰ ਲੋੜ ਹੋਏ, ਉਹ ਕੱਢ ਲਏ।" ਉਵੇਂ ਖੜ੍ਹਾ ਬਾਪੂ ਕੁਝ ਦੇਰ ਸਭ ਦੇ ਚਿਹਰਿਆਂ ਵੱਲ ਵੇਖਦਾ ਰਿਹਾ, ਜਦੋਂ ਕੋਈ ਨਾ ਬੋਲਿਆ ਤਾਂ ਉਹ ਬੈਠ ਗਿਆ ਸੀ।

***

"ਫਿਰ ਪੁੱਤਰਾ ਨਿਹਾਲਾ ਮੱਘੂ ਕੋਲ਼ ਧਰਤੀ ਤੇ ਬੈਠ ਗਿਆ।" ਨਿਹਾਲੇ ਦੀ ਕਹਾਣੀ ਅਗਾਂਹ ਤੁਰੀ ਸੀ।

"ਕਿਸੇ ਨੇ ਉਸ ਨਾਲ਼ ਮਸੋਸ ਦੇ ਦੋ ਬੋਲ ਵੀ ਸਾਂਝੇ ਨਾ ਕੀਤੇ। ਅਰਥੀ ਉਠੀ ਤਾਂ ਉਹ ਕਦੇ ਅੱਗੇ, ਕਦੇ ਪਿੱਛੇ। ਅਰਥੀ ਨੂੰ ਮੋਢਾ ਦੇਣ ਲਈ ਉਹ ਸਿਵਿਆਂ ਤੱਕ ਤਰਸਦਾ ਰਿਹਾ, ਪਰ ਅਸੀਂ ਉਦ੍ਹੀ ਕੋਈ ਵਾਹ ਪੇਸ਼ ਨਾ ਜਾਣ ਦਿੱਤੀ। ਦਰਅਸਲ ਸਾਨੂੰ ਪੰਜ-ਸੱਤ ਮੁੰਡਿਆਂ ਨੂੰ ਮੱਘੂ ਨੇ ਪਹਿਲਾਂ ਹੀ ਪੱਕੇ ਕਰ ਦਿੱਤਾ ਸੀ ਕਿ ਨਿਹਾਲੇ ਨੂੰ ਮੋਢਾ ਦੇਣ ਦਾ ਮੌਕਾ ਨਈਂ ਦੇਣਾ। ਜਦੋਂ ਅਰਦਾਸ ਹੋਣ ਲੱਗੀ ਤਾਂ ਉਸ ਕੋਲ਼ ਜੁੱਤੀ ਉਤਾਰਨ ਦੀ ਹੋਸ਼ ਵੀ ਨਈਂ ਸੀ ਬਚੀ। ਫਿਰ ਸਿਵਾ ਮਘਿਆ, ਕਪਾਲ-ਕਿਰਿਆ ਦੀ ਰਸਮ ਹੋਈ ਤੇ ਸਾਰੇ ਜਣੇ ਕੱਖ-ਡੱਕਾ ਲੱਭਣ ਲੱਗੇ। ਜਦੋਂ ਕੱਖ ਚੁੱਕੀ ਨਿਹਾਲਾ ਸਿਵੇ ਵਲ ਵਧਿਆ ਤਾਂ ਮੱਘੂ ਉਚੀ ਆਵਾਜ਼ 'ਚ ਬੋਲਿਆ-ਬਈ ਕੱਖ ਤੋੜ ਕੇ ਪੌਣ ਦਾ ਹੱਕ ਸਿਰਫ ਉਹਨੂੰ ਹੁੰਦਾ, ਜਿਦ੍ਹਾ ਮਰਨ ਵਾਲ਼ੇ ਨਾਲ਼ ਕੋਈ ਰਿਸ਼ਤਾ ਬਚਿਆ ਹੋਵੇ। ਲੈ ਬਈ ਪੁੱਤਰਾ ਨਿਹਾਲੇ ਦੇ ਹੱਥੋਂ ਕੱਖ ਡਿੱਗ ਪਿਆ। ਨੀਵੀਂ ਪਾਈ ਉਹ ਪਿਛਾਂਹ ਮੁੜ ਪਿਆ। ਕਿਸੇ ਨਾਲ਼ ਅੱਖ ਮਿਲਾਉਣ ਦੀ ਹਿੰਮਤ ਕਿੱਥੇ ਬਚੀ ਸੀ ਉਸ ਕੋਲ਼!" ਇਹ ਕਹਿੰਦਿਆਂ ਬਾਪੂ ਦੇ ਚਿਹਰੇ 'ਤੇ ਖੁਸ਼ੀ ਦੇ ਭਾਵ ਉਭਰ ਆਏ ਸਨ।

ਚਾਚਾ ਨਜ਼ਰ ਜ਼ਮੀਨ 'ਤੇ ਗੱਡੀ ਇਉਂ ਬੈਠਾ ਸੀ, ਜਿਉਂ ਉਸ ਕੋਲ਼ ਕਿਸੇ ਨਾਲ਼ ਨਜ਼ਰ ਮਿਲਾਉਣ ਦੀ ਹਿੰਮਤ ਨਾ ਰਹੀ ਹੋਵੇ। ਪਸਰੀ ਖ਼ਾਮੋਸ਼ੀ ਨੂੰ ਤੋੜਨ ਲਈ ਸਰਪੰਚ ਉਠਿਆ ਤੇ ਬੜੇ ਸਲੀਕੇ ਨਾਲ ਗੱਲ ਸ਼ੁਰੂ ਕੀਤੀ, "ਲਓ ਜੀ ਮੁੱਕ ਗਏ ਸਾਰੇ ਮਸਲੇ। ਬਾਕੀ ਨਿੱਕੀਆਂ-ਮੋਟੀਆਂ ਗੱਲਾਂ ਦਾ ਹੱਲ ਤਾਂ ਭਰਾ ਆਪੇ ਕਰ ਲਿਆ ਕਰਨਗੇ।"

"ਸੁੱਖ ਨਾਲ ਮਾਂ ਬੈਠੀ ਏ ਹਾਲੇ!" ਵੰਤੇ ਨੇ ਆਖਿਆ ਸੀ।

"ਚਲੋ ਜੀ ਚੱਲੀਏ।" ਬਿਸ਼ਨ ਸਿੰਘ ਨੇ ਇਹ ਕਿਹਾ ਤਾਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੇ ਬੰਦੇ ਘਰਾਂ ਨੂੰ ਤੁਰ ਪਏ ਸਨ।

ਸਾਰਿਆਂ ਨੂੰ ਅਦਬ ਨਾਲ਼ ਤੋਰ ਬਾਪੂ ਉਸ ਦਲਾਨ 'ਚ ਆਣ ਬੈਠਾ ਸੀ, ਜਿਹੜਾ ਹੁਣ ਉਹਨੂੰ ਪੱਕੇ ਤੌਰ ਤੇ ਮਿਲ ਗਿਆ ਸੀ। ਦਾਦੀ ਵੀ ਥੱਕੇ ਜਿਹੇ ਪੈਰ ਪੁੱਟਦੀ ਉਸ ਕੋਲ਼ ਜਾ ਬੈਠੀ ਸੀ। ਕੁਝ ਦੇਰ ਦੋਵੇਂ ਖ਼ਾਮੋਸ਼ ਬੈਠੇ ਰਹੇ। ਫਿਰ ਦਾਦੀ ਨੇ ਉਹਦਾ ਸਿਰ ਪਲੋਸਿਆ ਤੇ ਦੋਵੇਂ ਡੁਸਕਣ ਲੱਗ ਪਏ ਸਨ।

"ਆਹ ਤੁਸੀਂ ਕੀ ਬੱਚਿਆਂ ਵਾਂਗ ਰੋਣ ਡਹਿ ਪਏ ਹੋ! ਨਾ ਦੱਸੋ ਕੋਈ ਮਰ ਗਿਆ ਇੱਥੇ!" ਮਾਂ ਨੇ ਝਾੜ ਪਾਈ ਤਾਂ ਉਹ ਚੁੱਪ ਕਰ ਗਏ ਸਨ।

***

"ਪੁੱਤਰਾ ਦੋ ਕੁ ਸਾਲਾਂ ਬਾਅਦ ਮੱਘੂ ਵੀ ਮਰ ਗਿਆ।" ਦੁਖੀ ਹੁੰਦਿਆਂ ਬਾਪੂ ਬੋਲਿਆ ਸੀ।

"ਹਜ਼ੂਰੇ ਨੇ ਫਿਰ ਸੁਨੇਹਾ ਘੱਲਿਆ, ਪਰ ਉਹ ਇਸ ਵਾਰ ਨਾ ਆਇਆ। ਮੱਘੂ ਦੀ ਚਿਤਾ ਨੂੰ ਅਗਨੀ ਦਿੰਦਿਆਂ ਕਰਮ ਸਿੰਘ ਸਕੇ ਪੁੱਤਰਾਂ ਵਾਂਗ ਰੋਇਆ। ਕਰਮ ਸਿੰਘ ਉਹ ਬੰਦਾ ਸੀ, ਜਿਨ੍ਹੇ ਦੋਹਾਂ ਭਰਾਵਾਂ ਨੂੰ ਇਕ ਦਿਨ ਵੀ ਭੁੱਖ ਨਈਂ ਸੀ ਕੱਟਣ ਦਿੱਤੀ। ਇਕ ਵਾਰ ਫਿਰ ਤੋਂ ਨਿਹਾਲੇ ਦੀ ਪੂਰੇ ਪਿੰਡ 'ਚ ਥੂਹ-ਥੂਹ ਹੋਈ।" ਹੁਣ ਬਾਪੂ ਦੇ ਚਿਹਰੇ 'ਤੇ ਸੰਤੁਸ਼ਟੀ ਦਾ ਭਾਵ ਸੀ।

"ਬੰਦੇ ਕੋਲ਼ ਬਸ ਛੋਟੀ ਜਿਹੀ ਤਾਂ ਜ਼ਿੰਦਗੀ ਹੁੰਦੀ ਆ ਪੁੱਤਰਾ। ਅਗਰ ਏ੍ਹਨੂੰ ਸਬਰ, ਸੰਤੋਖ ਤੇ ਸਿਰੜ ਨਾਲ਼ ਨਾ ਜੀਵਿਆ ਜਾਏ ਤਾਂ ਏਹ ਖਿੱਲਰ ਜਿਹੀ ਜਾਂਦੀ ਆ। ਰਿਸ਼ਤਿਆਂ ਦੀ ਪਾਕੀਜ਼ਗੀ ਵਿਸਾਰ ਬੰਦਾ ਹਰੇਕ ਸ਼ੈਅ ਨੂੰ ਜੱਫੇ ਮਾਰਨ ਲੱਗ ਜਾਂਦੈ। ਏਸ ਜ਼ਿੰਦਗੀ ਨੂੰ ਪਹਾੜੀ ਯਾਤਰੂਆਂ ਵਾਂਗ ਜੀਣਾ ਚਾਹੀਦੈ, ਪੂਰੀ ਹਿੰਮਤ ਤੇ ਹੁਸ਼ਿਆਰੀ ਨਾਲ਼, ਪਰ ਘੱਟ ਤੋਂ ਘੱਟ ਭਾਰ ਚੁੱਕ ਕੇ!" ਗੱਲ ਮੁਕਾ ਬਾਪੂ ਨੇ ਅੱਖਾਂ ਮੁੰਦਦਿਆਂ ਸਿਰ ਝੁਕਾ ਲਿਆ ਸੀ।

ਬਾਪੂ ਦੀ ਗੱਲ ਸੁਣ ਮੈਨੂੰ ਪਤਾ ਨਹੀਂ ਕਿਉਂ ਦਾਦੀ ਦੀ ਮੌਤ ਵਾਲ਼ਾ ਦਿਨ ਯਾਦ ਆ ਗਿਆ ਸੀ। ਚਾਚਾ-ਚਾਚੀ ਅਰਥੀ ਪਿੱਛੇ ਤੁਰ ਰਹੇ ਲੋਕਾਂ 'ਚ ਮਲਕੜੇ ਜਿਹੇ ਰਲ਼ ਗਏ ਸਨ ਤੇ ਸਾਰੀ ਵਾਟ ਸਿਰ ਉਠਾ ਕਿਸੇ ਨਾਲ਼ ਨਜ਼ਰ ਨਹੀਂ ਸਨ ਮਿਲਾ ਸਕੇ। ਸਿਵਿਆਂ ਤੋਂ ਵਾਪਸ ਮੁੜਦਿਆਂ ਵੀ ਉਹ ਚੁੱਪ-ਚਾਪ ਭੀੜ ਨਾਲੋਂ ਨਿਖੜ ਕੇ ਆਪਣੇ ਘਰ ਦੇ ਵੱਡੇ ਗੇਟ ਅੰਦਰ ਜਾ ਵੜੇ ਸਨ।

...ਤੇ ਜਿਸ ਦਿਨ ਬਾਪੂ ਪੂਰਾ ਹੋਇਆ, ਚਾਚਾ ਝੱਲਿਆਂ ਵਾਂਗ ਕਈ ਦੇਰ ਗਲ਼ੀ 'ਚ ਚੱਕਰ ਲਾਉਂਦਾ ਰਿਹਾ ਸੀ। ਫਿਰ ਉਹ ਸਾਡੇ ਘਰ ਮੂਹਰੇ ਖੜ੍ਹੋ ਗਿਆ ਸੀ, ਪਰ ਉਸ ਕੋਲ਼ ਬੇ-ਦਰਵਾਜ਼ਾ ਦਹਿਲੀਜ਼ ਲੰਘਣ ਦੀ ਹਿੰਮਤ ਨਹੀਂ ਸੀ ਸ਼ਾਇਦ। ਆਖਰ ਉਹਨੇ ਗੁਰਨਾਮੋ ਬੁੜੀ ਨੂੰ ਮਾਂ ਕੋਲ਼ ਭੇਜਿਆ ਸੀ। ਮਾਂ ਨੇ ਸਾਫ਼ ਲਫ਼ਜ਼ਾਂ 'ਚ ਆਖ ਦਿੱਤਾ ਸੀ ਕਿ ਉਸ ਘਰ ਦਾ ਕੋਈ ਵੀ ਜੀਅ ਏਸ ਘਰ 'ਚ ਪੈਰ ਨਾ ਪਾਵੇ।

"ਮੇਰਾ ਮਾਂ-ਜਾਇਆ ਭਰਾ ਏ। ਭਾਬੀ ਨੂੰ ਆਖ ਕਿ ਮੈਨੂੰ ਨੀਵੇਂ ਥਾਂ ਬਿਠਾ ਕੇ ਛਿੱਤਰ ਮਾਰ ਲਏ, ਪਰ ਮੇਰੇ ਕੋਲੋਂ ਏਹ ਹੱਕ ਨਾ ਖੋ੍ਹਵੇ।" ਉਸ ਦਿਨ ਚਾਚੇ ਨੇ ਭੂਆ ਦੇ ਵੀ ਬਹੁਤ ਤਰਲੇ ਕੀਤੇ ਸਨ।

"ਜਦੋਂ ਮੈਂ ਮਿੰਨਤਾਂ ਕਰਦੀ ਸੀ ਕਿ ਵੀਰੇ ਨੇ ਏਸ ਘਰ ਦਾ ਬੜਾ ਲੇਖਾ ਦਿੱਤਾ ਆ, ਏ੍ਹਨੂੰ ਨਾ ਛੱਡੋ। ਉਦੋਂ ਤਾਂ ਤੁਹਾਨੂੰ ਵੱਖਰੇ ਹੋਣ ਦਾ ਚਾਅ ਕੁੱਦਿਆ ਪਿਆ ਸੀ। ਹੁਣ ਤਾਂ ਸੁੱਖ ਨਾਲ਼ ਬਥੇਰੀਆਂ ਤਨਖ਼ਾਹਾਂ ਨੇ ਤੁਹਾਡੀਆਂ, ਖਰੀਦ ਲਿਓ ਕੋਈ ਭਰਾ ਸ਼ਿੰਗਾਰੇ ਵਰਗਾ, ਸਗੋਂ ਉਦ੍ਹੇ ਨਾਲੋਂ ਵੀ ਵਧੀਆ।" ਭੂਆ ਨੇ ਵੀ ਵਰ੍ਹਿਆਂ ਤੋਂ ਦਿਲ 'ਤੇ ਚੁੱਕਿਆ ਭਾਰ ਉਸ ਦਿਨ ਲਾਹ ਦਿੱਤਾ ਸੀ।

"ਤੈਨੂੰ ਆਪਣਿਆਂ ਨੇ ਈ ਲੈ ਲਿਆ, ਵੇ ਮੇਰੇ ਸਿਰ ਦੇ ਸਾਈਆਂ!" ਮਾਂ ਦੀਆਂ ਲੇਰਾਂ ਰਹਿ-ਰਹਿ ਕੇ ਪਿੰਡ ਦੀ ਫ਼ਿਜ਼ਾ 'ਚ ਗੂੰਜਦੀਆਂ ਰਹੀਆਂ ਸਨ।

ਬਾਪੂ ਦੀ ਅਰਥੀ ਪਿੱਛੇ ਤੁਰਨ ਦੀ ਹਿੰਮਤ ਨਹੀਂ ਸੀ ਵਿਖਾਈ ਚਾਚਾ-ਚਾਚੀ ਨੇ।

ਜਦ ਸ਼ਾਮ ਢਲ਼ੀ, ਮੈਂ ਤੇ ਮੇਰਾ ਦੋਸਤ ਬਾਪੂ ਦਾ ਸਿਵਾ ਵੇਖਣ ਗਏ ਤਾਂ ਚਾਚਾ ਧੁਖ਼ਦੇ ਕੋਲਿਆਂ ਕੋਲ਼ ਉਦਾਸ ਖੜ੍ਹਾ ਸੀ। ਸਾਨੂੰ ਦੂਰੋਂ ਵੇਖ, ਉਹ ਹੌਲ਼ੀ-ਹੌਲ਼ੀ ਗੇਟ ਵੱਲ ਨੂੰ ਤੁਰ ਪਿਆ ਸੀ। ਸਾਡੇ ਕੋਲ਼ੋਂ ਲੰਘਦਿਆਂ ਉਹਦੀ ਚਾਲ਼ ਉਖੜ ਗਈ ਤੇ ਉਹ ਰੁਕ ਗਿਆ ਸੀ। ਨਾ ਚਾਹੁੰਦੇ ਹੋਏ ਵੀ ਮੈਨੂੰ ਰੁਕਣਾ ਪਿਆ ਸੀ। ਉਹਨੇ ਦੋ ਕੁ ਪੈਰ ਪੁੱਟੇ ਤੇ ਮੇਰਾ ਸਿਰ ਪਲੋਸਦਿਆਂ ਬੋਲਿਆ ਸੀ,"ਸਬਰ ਈ ਆ ਪੁੱਤਰਾ ਹੁਣ ਤਾਂ! ਬੰਦਾ ਥੋੜ੍ਹੋ, ਕੋਈ ਦੇਵਤਾ ਸੀ ਵੀਰਾ ਤਾਂ! ਏਹ ਤਾਂ ਕਦੇ ਚਿੱਤ-ਚੇਤੇ ਵੀ ਨਈਂ ਸੀ ਕਿ ਇਹ ਸਾਨੂੰ ਏਡੀ ਛੇਤੀਂ ਧੋਖਾ ਦੇ ਜਾਊਗਾ। ਆਹ ਤਾਂ ਤੜਕੇ ਜਦੋਂ ਭਾਬੀ ਦੀਆਂ ਲੇਰਾਂ ਸੁਣੀਆਂ ਤਾਂ ਮੈਨੂੰ ਪਤਾ ਲੱਗਾ। ਚਲੋ...ਹੁਣ...ਹੋਰ..." ਇਹ ਆਖਦਿਆਂ ਉਹਨੇ ਮੇਰਾ ਸਿਰ ਆਪਣੀ ਛਾਤੀ ਨਾਲ਼ ਘੁੱਟ ਲਿਆ ਸੀ। ਫਿਰ ਕਈ ਦੇਰ ਉਹਦੇ ਕੋਸੇ-ਕੋਸੇ ਅੱਥਰੂ ਮੇਰੇ ਮੋਢੇ 'ਤੇ ਡੁੱਲ੍ਹਦੇ ਰਹੇ ਸਨ।

"ਯਾਦ ਰੱਖੀਂ!" ਚਾਣਚੱਕ ਪਿਛਾਂਹ ਹਟਦਿਆਂ ਉਹ ਬੋਲਿਆ ਸੀ।

"ਮਾਂ-ਜਾਏ ਵੀਰ, ਲੱਖੀਂ ਨਾ ਹਜ਼ਾਰੀਂ! ਬੰਦਾ ਦੋ ਦੀ ਥਾਂ ਇਕ ਖਾ ਲਏ, ਚੁਬਾਰਿਆਂ ਦੀ ਥਾਂ ਢਾਰਿਆਂ 'ਚ ਰਹਿ ਲਏ, ਪਰ ਮੇਰੇ ਵਾਂਗ...।" ਉਹਦਾ ਗੱਚ ਭਰ ਆਇਆ ਤੇ ਉਹ ਕੁਝ ਪਲ਼ ਬੋਲ ਨਹੀਂ ਸੀ ਸਕਿਆ।

"ਉਹ ਦੇਖਦਾਂ ਏ ਨਾ ਵੀਰੇ ਦਾ ਸਿਵਾ...ਮੈਂ...ਮੈਂ...ਤਾਂ ਮੌਤ ਤੱਕ ਉਸ ਵਾਂਗ ਧੁਖ਼ਣੈ! ਪਰ ਮੇਰੇ ਵਾਂਗ..." ਇਹ ਆਖ ਉਹ ਪੈਰ ਘਸੀਟਦਾ ਤੁਰ ਪਿਆ ਸੀ। ਕੁਝ ਕਦਮਾਂ ਬਾਅਦ ਉਹ ਚਾਣਚੱਕ ਰੁਕਦਿਆਂ ਮੂੰਹ ਘੁੰਮਾ ਕੇ ਬੋਲਿਆ ਸੀ, "ਤੂੰ ਨਿਹਾਲਾ ਨਾ ਬਣੀਂ!"

**ਪਿੰਡ:ਸਿੰਗੜੀਵਾਲ*
*ਡਾਕਖਾਨਾ:ਪਿੱਪਲਾਂਵਾਲਾ,*
*ਜ਼ਿਲ੍ਹਾ:ਹੁਸ਼ਿਆਰਪੁਰ (ਪੰਜਾਬ)*
*ਫੋਨ:91-94630-70362*

## ਸਫ਼ਰ ਜਿੰਦਗੀ ਦਾ

# ਪਤੀ ਦੀ ਕ੍ਰਿਪਾ ਦ੍ਰਿਸ਼ਟੀ ਨਾਲ ਮਿਲਿਆ ਲਿਖਣ ਦਾ ਵਰ

**ਕੈਲਾਸ਼ ਪੁਰੀ**

ਗੱਲ ਪ੍ਰਥਮ ਤੋਂ ਸ਼ੁਰੂ ਕਰੀਏ। ਜਨਮ ਇਕ ਆਮ ਜਿਹੇ ਪਰਿਵਾਰ ਵਿਚ ਹੋਇਆ। ਨਾਨਕਾ, ਦਾਦਕਾ ਦੋਨੋਂ ਪਰਿਵਾਰ ਮੱਧਵਰਗੀ ਅਤੇ ਸੋਹਣੇ ਵੱਡੇ-ਵੱਡੇ ਘਰਾਂ ਵਿਚ ਨੌਕਰਾਂ-ਚਾਕਰਾਂ ਵਾਲੇ ਸਨ। ਤਿੰਨੋਂ ਮਾਮਾ ਜੀ ਠੇਕੇਦਾਰ ਸਨ ਅਤੇ ਮੇਰੇ ਦਾਦਾ ਜੀ ਸਰ ਰਾਜਾ ਗੁਰਬਖਸ਼ ਸਿੰਘ ਦੇ ਪ੍ਰਧਾਨ ਮੰਤਰੀ ਸਨ। ਮਾਮਾ ਜੀ ਅਮਰੀਕ ਸਿੰਘ ਕੋਲ ਰੋਲਜ਼ ਰਾਇਸ ਕਾਰ ਸੀ ਅਤੇ ਬਾਈ ਨੰਬਰ ਚੌਂਕੀ, ਦੁੱਗਲਾਂ ਦੀ ਢੋਕ, ਧਮਿਆਲਾਂ ਤੋਂ ਆ ਕੇ ਏਥੇ ਘੁਮਾਂ-ਘੁਮਾਂ ਜੇਡੇ ਘਰ ਬਣਾ ਕੇ ਸਾਰੇ ਦਾਦੇ, ਪੋਤਰੇ, ਭਰਾ ਉਤਮ ਸਿੰਘ ਦੁੱਗਲ ਸਮੇਤ ਇਕੱਠੇ ਹੀ ਰਹਿੰਦੇ ਸਨ।

ਮੈਂ ਅਣਚਾਹੀ ਤੇ ਅਣਮੰਗੀ ਪੰਜਵੀਂ ਧੀ ਸਾਂ। ਤਿੰਨ ਧੀਆਂ ਤੋਂ ਪਹਿਲੀ ਧੀ ਪ੍ਰਲੋਕ ਸਿਧਾਰ ਗਈ ਸੀ। ਜੁਲਮ ਸਾਈਂ ਦਾ ਤੋਬਾ-ਤੋਬਾ। ਰੱਬ ਵੀ ਕਿੰਨਾ ਕਹਿਰੀ ਹੈ। ਪਿਤਾ ਜੀ ਬੌਖਲਾਏ। ਵਧਾਈ ਉਡ ਗਈ, ਸੋਗ ਦਾ ਸੰਤਾਪ ਛਾ ਗਿਆ। ਪਿਤਾ ਜੀ ਵਰਾਂਡੇ ਵਿਚ ਚਹਿਲਕਦਮੀ ਕਰਦੇ ਪੁੱਤਰ ਦੇ ਜਨਮ ਦੀ ਉਡੀਕ ਕਰ ਰਹੇ ਸਨ ਤੇ ਦਾਈ ਨੇ ਆ ਝੰਜੋੜਿਆ, "ਭਾਈਆ ਜੀ ਧੀ ਹੋਈ ਹੈ।" ਦਾਈ ਦਾ ਵਿਅੰਗ ਸੀ ਇਹ। ਕੰਨਾਂ ਵਿਚ ਖਬਰ ਪੈਣ ਦੀ ਢਿੱਲ ਸੀ, ਉਨ੍ਹਾਂ ਹੋਠਾਂ ਵਿਚ ਹੀ ਕੁਝ ਆਖਿਆ, ਸਾਈਕਲ 'ਤੇ ਪੈਰ ਧਰਿਆ ਤੇ ਕੁਝ ਵੀ ਕਹੇ ਬਗੈਰ ਚਲੇ ਗਏ, ਖੌਰੇ ਕਿੱਥੇ।

ਦਾਦੀ ਤੇ ਨਾਨੀ ਦੀਆਂ ਅੱਖਾਂ ਭਰ ਆਈਆਂ। 'ਪੰਜਵੀਂ ਧੀ?' ਦੋਨਾਂ ਨੇ ਇਕ ਦੂਜੇ ਵਲ ਮਸੋਸਿਆ ਜਿਹਾ ਤੱਕਿਆ, ਅੱਖੀਆਂ ਪੂੰਝੀਆਂ ਪਰ ਕਿਸੇ ਨੇ ਜੰਮਣ ਵਾਲੀ ਵਲ ਨਿਗਾਹ ਨਾ ਮਾਰੀ ਕਿ ਉਹਦਾ ਕੀ ਦੋਸ਼ ਹੈ। ਕੀ ਇਹ ਸਮੂਲਾ ਉਹਦਾ ਆਪਣਾ ਕਸੂਰ ਸੀ? ਪੀੜੋ-ਪੀੜ ਮੰਜੇ 'ਤੇ ਪਈ ਇਕ ਬੇਗੌਰੀ ਔਰਤ, ਹੈਰਾਨ-ਪ੍ਰੇਸ਼ਾਨ, ਇਸ ਕੁੱਖ ਦਾ ਉਹ ਕੀ ਕਰੇ? ਉਸ ਦਿਨ ਰਾਵਲਪਿੰਡੀ ਸੁੰਨੀ ਹੋ ਗਈ।

ਏਸ ਅਣਮੰਗੀ ਧੀ ਦਾ ਨਾਂ, ਮਾਮੀ ਤੇ ਦਾਦੀ ਨੇ 'ਵੀਰਾਂਵਾਲੀ' ਰੱਖਿਆ, ਯਾਨਿ ਭਰਾਵਾਂ ਦੀ ਭੈਣ। ਇਹ ਸਮਝਦਿਆਂ ਕਿ ਖੌਰੇ ਨਾਂ ਹੀ ਪੁੱਤਰ ਦੀ ਬਖਸ਼ਿਸ਼ ਕਰੇ। ਮੈਨੂੰ ਅਰਦਾਸ ਸਿਖਾਈ ਗਈ, 'ਪੰਜਾ ਸਾਹਿਬ ਜਾਸਾਂ ਤੇ ਵੀਰ ਲੈ ਕੇ ਆਸਾਂ'। ਇਹ ਮੇਰੀ ਹਰ ਵੇਲੇ ਦੀ ਅਰਦਾਸ ਬਣ ਗਈ। ਬਾਬਾ ਜੀ ਦੇ ਕਮਰੇ ਵਿਚ, ਹੱਸਦਿਆਂ-ਖੇਡਦਿਆਂ ਅਤੇ ਪੂਰਨਮਾਸ਼ੀ ਵਾਲੇ ਦਿਨ ਪੰਜਾ ਸਾਹਿਬ ਜਾ ਕੇ ਵੀ ਇਹੋ ਅਰਦਾਸ ਹੁੰਦੀ। ਗੁਰੂ ਦੀ ਮਿੰਨਤ, ਤਰਲਾਹਟ, 'ਪੰਜਾ ਸਾਹਿਬ ਜਾਸਾਂ ਤੇ ਵੀਰ ਲੈ ਕੇ ਆਸਾਂ'। ਗੁਰੂ ਮਿਹਰ ਦੀ ਉਡੀਕ।

ਪੰਦਰਾਂ ਮਹੀਨਿਆਂ ਬਾਅਦ ਮੈਂ ਮਾਪਿਆਂ ਦਾ ਰਿਣ ਲਾਹਿਆ ਪਰ ਨਾਲ ਹੀ ਇਕ ਹੋਰ ਬਿਪਤਾ ਆ ਪਈ। 'ਇਹ ਪੁੱਤਰ ਤਾਂ ਤ੍ਰਿਕੱਲ ਹੈ, ਪਿਉ 'ਤੇ ਭਾਰਾ ਹੋਸੀ'। ਨਜੂਮੀ ਨੇ ਆਪਣਾ ਇਲਮ ਦਰਸਾਇਆ, ਨਾਲ ਹੀ ਇਕ ਮੰਤਰ ਦੱਸਿਆ ਤੇ ਇਹ ਵੀ ਕਿਹਾ ਕਿ ਹੁਣੇ ਹੀ ਕਾਂਸੀ ਦੇ ਥਾਲ ਵਿਚ ਮਘੋਰ ਕਰਕੇ ਕਾਕੇ ਨੂੰ ਇਸ ਵਿਚੋਂ ਲੰਘਾਉ ਤੇ ਕੋਠੇ 'ਤੇ ਜਾ ਕੇ ਉਚੀ-ਉਚੀ ਰੌਲਾ ਪਾਉ, ਸਾਡੇ ਘਰ ਚੋਰ ਆਇਆ ਤੇ ਤੁਸੀਂ ਇਸ ਸੰਸੇ ਤੋਂ ਮੁਕਤ ਹੋ ਜਾਉਗੇ। ਨਜੂਮੀ ਦਾ ਕਿਹਾ ਸਿਰ ਮੱਥੇ ਮੰਨਿਆ ਗਿਆ।

ਮਾਸਟਰ ਲਾਲ ਸਿੰਘ ਦੇ ਪਬਲਿਕ ਸਕੂਲ ਵਿਚ ਮੈਂ ਪੜ੍ਹਦੀ ਸਾਂ। ਉਦੋਂ ਹੀ ਮੈਨੂੰ ਸੰਗ੍ਰਹਿਣੀ ਹੋ ਗਈ। ਸਾਰੀ ਰਾਵਲਪਿੰਡੀ ਦੇ ਹਕੀਮਾਂ, ਡਾਕਟਰਾਂ ਇਸ ਨੂੰ ਦੂਰ ਤਾਂ ਕੀ ਕਰਨਾ ਸੀ, ਘਟਾ ਵੀ ਨਾ ਸਕੇ ਤੇ ਮਾਪੇ ਮੈਨੂੰ ਲਾਹੌਰ ਲੈ ਆਏ ਜਿੱਥੇ ਮੇਰੇ ਭਾਪਾ ਜੀ ਠੇਕੇਦਾਰੀ ਕਰਦੇ ਸਨ। ਸੰਗ੍ਰਹਿਣੀ ਦਾ ਇਲਾਜ ਅਜੇ ਚੱਲ ਹੀ ਰਿਹਾ ਸੀ। ਮੇਰੀ ਮਾਂ ਖਪਦੀ, 'ਪਹਿਲਾਂ ਮੇਰੀ ਵੀਰਾਂਵਾਲੀ ਧੀ ਤਾਂ ਠੀਕ ਹੋਣ ਦਿਉ, ਪਿੱਛੋਂ ਪਏ ਠੇਕੇ ਚਲਾਇਓ।' ਇਹ ਬਹਿਸ-ਮੁਬਾਹਸਾ ਅਕਸਰ ਹੁੰਦਾ।

ਸਿੱਖਾਂ ਤੇ ਮੁਸਲਮਾਨਾਂ ਦੇ ਝਗੜੇ ਉਦੋਂ ਵੀ ਕਾਇਮ ਸਨ। ਉਦੋਂ ਵੀ ਸਿੱਖ ਅਤੇ ਹਿੰਦੂ ਕਾਫਰ ਹੀ ਕਹਿਲਾਂਦੇ ਸਨ। ਮੇਰੀ ਅੰਮੀ ਨੇ ਦੱਸਿਆ ਕਿ ਇਹ ਲੋਕ ਐਲੀ-ਐਲੀ ਕਰਦੇ ਆਉਂਦੇ ਤੇ ਮੁਹੱਲੇ ਦੇ ਮੁਹੱਲੇ ਲੁੱਟ ਲੈ ਜਾਂਦੇ ਸਨ। ਇਨ੍ਹਾਂ ਜਰਵਾਣਿਆਂ ਦੀ ਅੱਖ ਜਵਾਨ ਨੂੰਹਾਂ ਅਤੇ ਧੀਆਂ 'ਤੇ ਹੁੰਦੀ ਸੀ ਜਿਨ੍ਹਾਂ ਨੂੰ ਇਹ ਖਾਸ ਲੁੱਟਣ ਆਉਂਦੇ ਸਨ। 'ਤੂੰ ਨਿੱਕੀ ਜਿਹੀ ਮੇਰੀ ਗੋਦ ਸੀ, ਤੈਨੂੰ ਕੁੱਛੜ ਚੁੱਕਦਿਆਂ ਅਸੀਂ ਲੁਕਦੇ ਫਿਰਦੇ ਸੀ। ਕੇਹਾ ਡਾਹਢਾ ਵੇਲਾ ਸੀ ਇਹ।'

ਸ਼ਾਹ ਆਲਮੀ ਦਰਵਾਜ਼ੇ ਇਕ ਹਕੀਮ ਦੀ ਦੱਸ ਪਈ। ਭਾਪਾ ਜੀ ਉਹਦੇ ਕੋਲ ਮੈਨੂੰ ਲੈ ਗਏ। ਹਕੀਮ ਨੇ ਪੀਲੇ ਜਹੇ ਪਾਊਡਰ ਦੀਆਂ ਪੁੜੀਆਂ ਦਿੱਤੀਆਂ ਤੇ ਨਾਲ ਹੀ ਹਦਾਇਤ ਕੀਤੀ ਕਿ ਰੋਜ਼ਾਨਾ ਵਗਦੇ ਪਾਣੀ ਵਿਚ ਰਿਉੜੀਆਂ ਪਾਉਣੀਆਂ ਨੇ। ਯਾਰਾਂ ਦਿਨ ਮੁਕੰਮਲ ਕਰਨੇ ਸਨ ਪਰ ਰਿਉੜੀਆਂ ਘਰ ਨਹੀਂ ਲਿਆਉਣੀਆਂ, ਬਾਜ਼ਾਰੋਂ ਖਰੀਦ ਕੇ ਰੋਜ਼ਾਨਾ ਨਹਿਰ ਦੇ ਪਾਣੀ ਵਿਚ ਪਾ ਦੇਣੀਆਂ। ਇਕ ਹੋਰ ਜੋਤਸ਼ੀ ਨੇ ਇਕ ਪੈਸਾ ਦਿੱਤਾ ਜੋ ਹਰ ਵੇਲੇ ਮੈਂ ਆਪਣੇ ਕੋਲ ਰੱਖਣਾ ਸੀ। ਇਕ ਹੋਰ ਵੀ ਹਦਾਇਤ ਸੀ ਕਿ ਮੇਰੇ ਮੱਥੇ 'ਤੇ ਨੀਲੀ ਸਿਆਹੀ ਨਾਲ ਟਿੱਕਾ ਲਾਇਆ ਜਾਵੇ ਤੇ ਪੰਦਰਾਂ ਦਿਨ ਇਹ ਜਾਰੀ ਰੱਖਣਾ ਸੀ।

ਰਾਜ਼ੀ ਹੁੰਦਿਆਂ-ਹੁੰਦਿਆਂ ਵਕਤ ਲੱਗ ਗਿਆ ਤੇ ਨਾਲ ਹੀ ਮੰਗਣੀ ਹੋ ਗਈ। ਮੰਗਣੀ ਕਿਵੇਂ ਹੋਈ ਅਤੇ ਅਸੀਂ ਲਾਹੌਰ ਦੋ ਵਾਰੀ ਕਿਵੇਂ ਮਿਲੇ, ਇਹ ਇਕ ਵੱਖਰਾ ਕਿੱਸਾ ਹੈ। ਬਹੁਤ ਕੁਝ ਹੋਇਆ ਜੋ ਉਸ ਜ਼ਮਾਨੇ ਵਿਚ ਕਦੀ ਮੁਮਕਿਨ ਵੀ ਨਹੀਂ ਸੀ ਤੇ ਨਾ ਹੀ ਕੋਈ ਸੋਚ ਸਕਦਾ ਸੀ।

ਵਿਆਹ ਹੋ ਗਿਆ, ਅਸੀਂ ਲਖਨਊ ਆ ਗਏ। ਮੇਰੇ ਪਤੀ ਡਾ. ਗੋਪਾਲ ਸਿੰਘ ਪੁਰੀ ਡਾਕਟ੍ਰੇਟ ਲਈ ਖੋਜ ਕਰ ਚੁੱਕੇ ਸਨ ਅਤੇ ਥੀਸਿਸ ਵੀ ਤਕਰੀਬਨ ਮੁਕੰਮਲ ਹੋ ਚੁੱਕਾ ਸੀ। ਮੇਰੇ ਦੋਵੇਂ ਦਿਓਰ ਵੀ ਪੜ੍ਹ ਰਹੇ ਸਨ। ਹਰਬੰਸ ਨੇ ਲਖਨਊ ਯੂਨੀਵਰਸਿਟੀ ਤੋਂ ਹੀ ਜੀਆਲੋਜੀ ਵਿਚ ਗ੍ਰੈਜੂਏਸ਼ਨ ਕਰਨੀ ਸੀ। ਨਿੱਕੇ ਸੁਰਿੰਦਰ ਨੂੰ ਵੀ ਸਕੂਲ ਦਾਖਲਾ ਲੈ ਦਿੱਤਾ। ਬੇਜੀ, ਸੱਸ ਮਾਂ ਜੀ ਵੀ ਨਾਲ ਸਨ। ਘਰ ਦਾ ਮਾਹੌਲ ਸ਼ਾਂਤਮਈ ਅਤੇ ਅਕਾਦਮਿਕ ਸੀ। ਹਰ ਕਮਰੇ ਵਿਚ ਪੁਸਤਕਾਂ, ਕਾਗਜ਼, ਫਾਈਲਾਂ ਹੀ ਨਜ਼ਰ ਆਉਂਦੀਆਂ ਸਨ।

ਵਿਆਹ ਨੂੰ ਖੌਰੇ ਛੀ ਹਫਤੇ ਜਾਂ ਦੋ ਮਹੀਨੇ ਹੀ ਹੋਏ ਸਨ ਤੇ ਇਨ੍ਹਾਂ ਨੇ ਯੂਨੀਵਰਸਿਟੀ ਵਿਦਿਆਰਥੀਆਂ ਨਾਲ ਖਿਉੜਾ ਮਾਈਨਜ਼ ਸਟੱਡੀ ਕਰਨ ਜਾਣਾ ਸੀ। ਜਾਣ ਵਿਚ ਇਕ ਦਿਨ ਬਾਕੀ ਸੀ ਕਿ ਇਨ੍ਹਾਂ ਮੈਨੂੰ ਆਖਿਆ, 'ਮੇਰੀ ਗ਼ੈਰਹਾਜ਼ਰੀ ਵਿਚ ਤੁਸੀਂ ਬੋਰ ਹੋਵੋਗੇ, ਕਿਉਂ ਨਾ ਇਕ ਕਹਾਣੀ ਲਿਖੋ।'



ਮੈਂ ਸੁਣਿਆ ਤਾਂ ਅਹਿਲ ਹੋ ਗਈ। 'ਕਹਾਣੀ ਤੇ ਮੈਂ' ਮੇਰੀ ਛਾਤੀ 'ਚੋਂ ਜਿਵੇਂ ਚੀਖ ਨਿਕਲੀ। ਜਿਸ ਨੇ ਕਹਾਣੀ ਕਦੀ ਪੜ੍ਹੀ ਨਹੀਂ, ਉਹ ਕਹਾਣੀ ਲਿਖੇ। ਮਾਪਿਆਂ ਦੇ ਘਰ ਕਦੀ ਕੋਈ ਕਹਾਣੀ ਸੰਗ੍ਰਹਿ, ਨਾਵਲ ਜਾਂ ਕਵਿਤਾ ਦੀ ਕਿਤਾਬ ਦੇਖੀ ਨਹੀਂ ਸੀ। ਯਾਦ ਕਰਦੀ ਹਾਂ ਤਾਂ ਹੈਰਾਨੀ ਹੁੰਦੀ ਹੈ ਕਿ ਸਾਡੇ ਘਰ ਵਿਚ ਕੋਈ ਕਿਤਾਬ ਵੀ ਨਹੀਂ ਸੀ। ਗੁਰਦੀਪ ਮੇਰੇ ਕੋਲੋਂ ਢਾਈ ਸਾਲ ਛੋਟਾ ਸੀ। ਇਹ ਉਰਦੂ ਦੇ ਜਾਸੂਸੀ ਨਾਵਲ ਛੁਪ-ਛੁਪ ਕੇ ਪੜ੍ਹਦਾ ਸੀ। ਰਾਤ ਵੇਲੇ ਸਿਰ੍ਹਾਣੇ ਹੇਠ ਲੁਕੋ ਰੱਖਦਾ। ਕਿਸੇ ਨੂੰ ਪਤਾ ਲੱਗ ਜਾਏ ਤਾਂ ਝਾੜ ਪਵੇ। ਪਿਤਾ ਜੀ ਬੜੇ ਰਵਾਇਤੀ ਖਿਆਲਾਂ ਦੇ ਅਤੇ ਗੁਸੈਲੇ ਸਨ। ਜੇ ਉਨ੍ਹਾਂ ਨੂੰ ਗੁਰਦੀਪ ਦੀ ਆਦਤ ਦਾ ਪਤਾ ਲਗਦਾ, ਤਦ ਉਨ੍ਹਾਂ ਨੇ ਸਿਰਫ ਮਨ੍ਹਾਂ ਹੀ ਨਹੀਂ ਸੀ ਕਰਨਾ, ਖੂਬ ਪੈਣੀਆਂ ਸੀ ਤੇ ਹੁਕਮ ਹੋਣਾ ਸੀ, 'ਖਬਰਦਾਰ ਮੁੜ ਕੇ ਇਹ ਹਰਕਤ ਕੀਤੀ ਤਾਂ ਤੇਰੀ ਜਾਨ ਦੀ ਖੈਰ ਨਹੀਂ'। ਇਹ ਸਾਡਾ ਭੈਣਾਂ ਭਰਾਵਾਂ ਦਾ ਹੀ ਰਾਜ਼ ਸੀ।

ਪਿਤਾ ਜੀ ਆਪ ਉਰਦੂ ਦਾ ਰੋਜ਼ਾਨਾ ਅਖ਼ਬਾਰ 'ਮਿਲਾਪ' ਪੜ੍ਹਦੇ ਸਨ। ਸਿਰਫ ਇੱਕੋ ਅਖਬਾਰ। ਮੈਂ ਪਹਿਲੀ ਵਾਰ 'ਪ੍ਰੀਤ ਲੜੀ' ਦਾ ਨਾਮ ਆਪਣੇ ਪਤੀ ਤੋਂ ਸੁਣਿਆ ਅਤੇ ਦਰਸ਼ਨ ਵੀ ਕੀਤੇ। ਪਤਾ ਲੱਗਾ ਕਿ ਸਾਲਾਨਾ ਚੰਦਾ ਭੇਜ ਕੇ ਲਗਵਾਇਆ ਵੀ ਜਾ ਸਕਦਾ ਹੈ। ਯੂਨੀਵਰਸਿਟੀ ਲਾਇਬਰੇਰੀ 'ਸਾਕੀ', 'ਹਮਾਂਯੂੰ', 'ਮੰਟੋ', 'ਕਿਸ਼ਨ ਚੰਦਰ' ਤੇ 'ਰਾਜਿੰਦਰ ਸਿੰਘ ਬੇਦੀ' ਦੇ ਕਹਾਣੀ ਸੰਗ੍ਰਹਿ ਅਤੇ ਨਾਵਲ ਆਉਂਦੇ ਸਨ। ਮੈਨੂੰ ਪਤਾ ਨਹੀਂ ਕਿ ਕਦੋਂ ਤੇ ਕਿਵੇਂ ਅਤੇ ਕਿਸ ਕੋਲੋਂ ਮੈਂ ਉਰਦੂ ਦੀ ਸਿਖਿਆ ਲਈ। ਇਸੇ ਤਰ੍ਹਾਂ ਹਿੰਦੀ ਨਾਲ ਨਾਤਾ ਸੀ। ਲਖਨਊ ਖਾਸ ਯੂ ਪੀ ਹੋਣ ਕਰਕੇ ਪੰਜਾਬੀ ਦੀ ਕਿਸੇ ਨੂੰ ਕੋਈ ਖਬਰ ਨਹੀਂ ਸੀ।

ਇਨ੍ਹਾਂ ਰਸਾਲਿਆਂ ਤੋਂ ਇਲਾਵਾ ਇਹ ਅੰਗ੍ਰੇਜ਼ੀ ਦੀਆਂ ਵੱਡੀਆਂ ਵੱਡੀਆਂ ਪੁਸਤਕਾਂ ਵੀ ਲੈ ਆਏ, ਮੈਨੂੰ ਯਾਦ ਹੈ, ਇਕ ਭੂ-ਵਿਗਿਆਨ ਦੀ ਪੁਸਤਕ ਤੇ ਇਕ ਅੰਗਰੇਜ਼ੀ ਸਿੱਖਣ ਦੀ ਪੁਸਤਕ ਵੀ। ਅੰਗ੍ਰੇਜ਼ੀ ਬੋਲਣੀ ਤਦ ਹੀ ਕਿਸੇ ਨੂੰ ਆ ਸਕਦੀ ਹੈ ਜੇਕਰ ਪੜ੍ਹਨ ਦਾ ਤਜਰਬਾ ਹੋਵੇ। ਮੈਂ ਬਿਨਾਂ ਪੁੱਛਿਆਂ ਹੀ ਜੋ ਕੁਝ ਪੜ੍ਹ ਸਕਦੀ ਸਾਂ, ਪੜ੍ਹਿਆ। ਕੁਝ ਪੱਲੇ ਪਿਆ ਜਾਂ ਨਾ, ਇਹ ਵੱਖਰਾ ਸਵਾਲ ਹੈ। ਮੈਨੂੰ ਕੋਈ ਸ਼ਰਮਿੰਦਗੀ ਨਹੀਂ ਸੀ ਕਿ ਮੈਂ ਅੰਗ੍ਰੇਜ਼ੀ ਪੜ੍ਹ ਨਹੀਂ ਸਾਂ ਸਕਦੀ, ਬੋਲਣ ਦਾ ਤਾਂ ਕੀ ਕਹਾਂ?

ਵਿਆਹ ਅਜਿਹੀ ਸ਼ਖਸੀਅਤ ਨਾਲ ਹੋਇਆ ਸੀ ਜਿਸਦੀ ਜ਼ਿੰਦਗੀ ਹੀ ਇਲਮ ਸੀ। ਇਹ ਪ੍ਰੋ. ਬੀਰਬਲ ਸਾਹਨੀ ਦੀ ਸਰਪ੍ਰਸਤੀ ਵਿਚ ਬਰਮਾ ਆਇਲ ਕੰਪਨੀ ਦੀ ਫੈਲੋਸ਼ਿਪ ਹਾਸਲ ਕਰਕੇ ਆਸਾਮ ਵਿਚ ਤੇਲ ਲੱਭਣ ਦੀ ਕੋਸ਼ਿਸ਼ ਕਰ ਰਹੇ ਸਨ ਤੇ ਨਾਲੋ-ਨਾਲ ਆਪਣਾ ਪੀ ਐਚ ਡੀ ਦਾ ਥੀਸਿਸ ਵੀ ਲਿਖ ਰਹੇ ਸਨ। ਡਾ. ਵਰਮਾ, ਡਾ. ਸਿਠੋਲੇ, ਡਾ. ਮਿਸਰਾ ਅਤੇ ਹੋਰਨਾਂ ਨਾਲ ਰਲ ਕੇ ਖੋਜ ਕਰ ਰਹੇ ਸਨ। ਏਨਾ ਕੰਮ ਸੀ ਕਿ ਸਵੇਰੇ ਅੱਠ ਵਜੇ ਤੋਂ ਲੈ ਕੇ ਸ਼ਾਮ ਦੇ ਅੱਠ ਵਜੇ ਤੱਕ ਪ੍ਰੋ. ਸਾਹਨੀ ਘਰ ਨਾ ਜਾਂਦੇ ਜਿਸ ਕਰਕੇ ਸ਼ਾਗਿਰਦਾਂ ਨੂੰ ਵੀ ਖੋਜ ਜਾਰੀ ਰੱਖਣੀ ਪੈਂਦੀ ਸੀ। ਯਾਦ ਹੈ ਦੀਵਾਲੀ ਦਾ ਦਿਨ ਜਦੋਂ ਸਾਡੇ ਵਿਆਹ ਨੂੰ ਤਿੰਨ ਮਹੀਨੇ ਹੋਏ ਸਨ। ਇਨ੍ਹਾਂ ਹਿੰਮਤ ਕੀਤੀ ਤੇ ਘਰ ਆ ਗਏ। ਸਾਹਨੀ ਸਾਹਿਬ ਦੇ ਕਮਰੇ ਦੀ ਬੱਤੀ ਅਜੇ ਚਮਕ ਰਹੀ ਸੀ। ਇਹ ਮਲਕੜੇ ਨਿਕਲ ਆਏ। ਅਸੀਂ ਦੀਵੇ ਟਿਕਾ ਹੀ ਰਹੇ ਸਾਂ ਕਿ ਚਪੜਾਸੀ ਨੇ ਬੂਹਾ ਆ ਖੜਕਾਇਆ, 'ਆਪ ਕੋ ਪ੍ਰੋਫੈਸਰ ਸਾਹਿਬ ਨੇ ਬੁਲਾਇਆ ਹੈ।' ਰਾਤ ਦੇ ਅੱਠ ਵੱਜੇ ਸਨ, ਇਹ ਤੁਰੰਤ ਯੂਨੀਵਰਸਿਟੀ ਪੁੱਜ ਗਏ।

ਮਿਸਿਜ ਸਾਹਨੀ ਵੀ ਬੜੀ ਵਿਵੇਕ ਤੇ ਮਿੱਠਤ ਨਾਲ ਭਰੀ ਹੋਈ ਸੀ। ਸਾੜ੍ਹੀ ਦੇ ਪੱਲੂ ਨਾਲ ਕੱਜਿਆ ਸਿਰ, ਸਾਰਿਆਂ ਨਾਲ ਬੜੀ ਮਿਹਰਬਾਨੀ ਨਾਲ ਪੇਸ਼ ਆਉਂਦੀ ਸੀ। ਮੈਨੂੰ ਧਿਆਨ ਨਹੀਂ ਕਿ ਮੈਂ ਕਦੀ ਵੀ ਉਸ ਨੂੰ ਸਫੈਦ ਸਾੜੀ ਤੋਂ ਇਲਾਵਾ ਕਿਸੇ ਹੋਰ ਰੰਗ ਵਿਚ ਵੇਖਿਆ ਹੋਵੇ। ਇਸ ਜੋੜੇ ਨੂੰ ਮਿਲਣਾ ਵੀ ਖੁਸ਼ਨਸੀਬੀ ਸੀ।

ਉਨ੍ਹਾਂ ਹੀ ਦਿਨਾਂ ਵਿਚ ਇਕ ਸ਼ਾਮ ਅਸੀਂ ਰੋਟੀ ਖਾਣ ਡਾ. ਸਿਠੋਲੇ ਦੇ ਘਰ ਜਾਣਾ ਸੀ। ਮੈਂ ਤਿਆਰ ਹੋਈ, ਬੈਠਕ ਵਿਚ ਪੈਰ ਧਰਿਆ, ਇਹ ਆਪ ਉਥੇ ਹੀ ਬੈਠੇ ਹੋਏ ਸਨ। ਇਨ੍ਹਾਂ ਇਕ ਪਲ ਮੇਰੇ ਵੱਲ ਵੇਖਿਆ ਤੇ ਫੌਰਨ ਫਰਮਾਇਆ, 'ਇਹ ਦੋ ਗੁੱਤਾਂ ਠੀਕ ਨਹੀਂ, ਇੱਕੋ ਗੁੱਤ ਕਰਕੇ ਆਓ, ਨਾਲੇ ਮੂੰਹ ਵੀ ਧੋ ਲਓ। ਪਾਊਡਰ ਸੁਰਖੀ ਦੀ ਵੀ ਕੋਈ ਲੋੜ ਨਹੀਂ।' ਮੈਂ ਪਰਤ ਕੇ ਬੋਲੀ ਨਹੀਂ। ਦਿਲ ਵਿਚ ਦੁੱਖ ਨਹੀਂ, ਗੁੱਸਾ ਨਹੀਂ। ਉਪਰ ਜਾ ਕੇ ਉਂਜ ਹੀ ਕੀਤਾ ਜਿਵੇਂ ਹੁਕਮ ਹੋਇਆ ਸੀ।

ਉਦੋਂ ਮੈਂ ਸ਼ਰਮਾਕਲ ਸੀ। ਬੋਲੀ ਨਹੀਂ, ਗੁੱਸਾ ਨਹੀਂ ਕੀਤਾ। ਕੀ ਕਹਿੰਦੀ? ਕਹਿਣ ਦਾ ਵੱਲ ਵੀ ਆਉਣਾ ਚਾਹੀਦਾ ਹੈ। ਮੇਰੇ ਕੋਲ ਨਾ ਸ਼ਬਦ ਸਨ, ਨਾ ਹਿੰਮਤ। ਪੀ ਐਚ ਡੀ ਦੇ ਪ੍ਰੋਫੈਸਰ, ਮੈਂ ਮੂੰਹ ਕਿਵੇਂ ਖੋਲ੍ਹ ਸਕਾਂ। ਇਨ੍ਹਾਂ ਦਾ ਤਿੱਖਾ ਸੁਭਾਅ ਸੀ। ਮੈਨੂੰ ਇਨ੍ਹਾਂ ਗੱਲਾਂ ਦੀ ਸਮਝ ਨਹੀਂ ਸੀ। ਮੈਂ ਛੁਪ-ਛੁਪ ਕੇ ਰੋਂਦੀ ਸਾਂ। ਸਾਹਸ ਨਹੀਂ ਸੀ ਕਿ ਮੂੰਹ ਵੀ ਖੋਲ੍ਹਾਂ। ਵਿਆਹ ਹੋਇਆਂ ਵੀ ਅਜੇ ਤਿੰਨ ਮਹੀਨੇ ਹੀ ਹੋਏ ਸਨ ਅਤੇ ਹੁਕਮ-ਅਦੂਲੀ ਇਸ ਘਰ ਦਾ ਅਸੂਲ ਨਹੀਂ ਸੀ। ਅੱਜ ਜਦ ਸੋਚਦੀ ਹਾਂ, ਅਤੀਤ ਵਿਚ ਲਹਿਣ ਦੀ ਕੋਸ਼ਿਸ਼ ਕਰਦਿਆਂ ਜਾਪਦਾ ਹੈ ਕਿ ਉਸ ਵਕਤ ਮੈਂ ਮਾਯੂਸ ਤਾਂ ਜ਼ਰੂਰੀ ਹੋਈ ਹੋਵਾਂਗੀ, ਸ਼ਾਇਦ ਰੋਹ ਅਤੇ ਅਪ੍ਰਵਾਨਗੀ ਦਾ ਅਹਿਸਾਸ ਨਹੀਂ ਸੀ ਹੋਇਆ। ਇਹ ਹੁੰਦਾ ਤਾਂ ਮੈਂ ਬੜੀ ਦੁਖੀ ਹੁੰਦੀ। ਉਮਰ ਦਾ ਵੀ ਸਵਾਲ ਸੀ। ਤਰਬੀਅਤ ਐਸੀ ਕਿ ਵੱਡਿਆਂ ਦਾ ਕਿਹਾ ਮੰਨਣਾ ਲਾਜ਼ਮੀ ਹੈ। ਮਾਪਿਆਂ ਦੀ ਲਾਜ ਤੇ ਸਹੁਰਿਆਂ ਦਾ ਸਤਿਕਾਰ ਔਰਤ ਲਈ ਜ਼ਰੂਰੀ ਸਨ। ਇਕ ਖਾਸ ਚੇਤਨਤਾ ਇਹ ਵੀ ਕਿ ਇਨ੍ਹਾਂ ਦੀ ਸਖਸ਼ੀਅਤ ਤੇ ਪ੍ਰੋਫੈਸ਼ਨ ਅਨੁਸਾਰ ਮੇਰਾ ਰਵੱਈਆ ਸਵੱਲਾ ਹੋਣਾ ਲਾਜ਼ਮੀ ਸੀ। ਇਕ ਹੋਰ ਇਹੋ ਜਿਹੇ ਵੇਲੇ ਗੋਪਾਲ ਜੀ ਨੇ ਮੈਨੂੰ ਉਚੀ ਅੱਡੀ ਵਾਲੀ ਸੈਂਡਲ ਪਾਈ ਵੇਖ ਕੇ ਵੀ ਉਜਰ ਕੀਤਾ ਸੀ। ਆਖਿਆ, 'ਇਹ ਅਜੇ ਸਾਨੂੰ ਸੋਭਾ ਨਹੀਂ ਸੀ ਦਿੰਦਾ।' ਮੈਂ ਹੈਰਾਨ ਸੀ, ਏਨੀ ਸੰਵੇਦਨਸ਼ੀਲਤਾ?

ਵਿਆਹ ਤੋਂ ਦੂਜੇ ਵਰ੍ਹੇ ਇਨ੍ਹਾਂ ਨੂੰ ਫੈਲੋਸ਼ਿਪ ਮਿਲੀ। ਦੋ ਸਾਲ ਲਈ ਯੂਨੀਵਰਸਿਟੀ ਕਾਲਜ ਲੰਡਨ ਵਿਚ ਖੋਜ ਕਰਕੇ ਫਾਰੈਸਟ ਐਕਾਲੋਜੀ ਵਿਚ ਪੀ ਐਚ ਡੀ ਕਰਨੀ ਸੀ। ਦੂਸਰੀ ਆਲਮੀ ਜੰਗ ਤੋਂ ਬਾਅਦ ਬਰਤਾਨੀਆ ਦਾ ਬੁਰਾ ਹਾਲ ਸੀ। ਬਹੁਤੇ ਮਰਦ ਏਸ ਜੰਗ ਵਿਚ ਮਾਰੇ ਗਏ ਸਨ। ਔਰਤਾਂ ਹੀ ਔਰਤਾਂ ਹਰਲ-ਹਰਲ ਕਰਦੀਆਂ ਫਿਰਦੀਆਂ ਸਨ। ਖਾਧ ਪਦਾਰਥ ਦੀ ਹਰ ਚੀਜ਼ ਰਾਸ਼ਨ 'ਤੇ ਸੀ। ਸਿਰਫ ਮੱਛੀ ਰਾਸ਼ਨ ਦੀ 'ਕਿਤਾਬ' ਤੋਂ ਬਾਹਰ ਸੀ। ਤਾਜ਼ੇ ਅੰਡੇ ਦੁਰਲੱਭ ਸਨ। ਸਿਰਫ ਅੰਡਿਆਂ ਦਾ ਪਾਊਡਰ ਹੀ ਬੰਦ ਡੱਬਿਆਂ ਵਿਚ ਮਿਲ ਸਕਦਾ ਸੀ। ਕੇਲੇ ਤੇ ਸੰਗਤਰੇ ਵੀ ਰਾਸ਼ਨ ਬੁੱਕ ਵਿਚ ਸ਼ਾਮਿਲ ਨਹੀਂ ਸਨ। ਗਰੀਨ ਗਰੋਸਰ ਵੀ ਇਨ੍ਹਾਂ ਨੂੰ ਅੰਦਰਲੇ ਸਟੋਰ ਵਿਚ ਲੁਕਾ ਕੇ ਰੱਖਦਾ ਸੀ ਤੇ ਹੌਲੀ ਜਿਹੀ ਕੰਨ ਵਿਚ ਘੁਰ-ਘੁਰ ਕਰਦਾ, 'ਅੱਜ ਸੰਗਤਰੇ ਆਏ ਹਨ, ਤੁਸੀਂ ਲਓਗੇ ਨਾ।' ਹਾਂ ਸੁਣ ਕੇ ਬਰਾਊਨ ਲਿਫਾਫੇ ਵਿਚ ਪਾ ਕੇ ਤੁਹਾਡੇ ਸ਼ਾਪਿੰਗ ਬੈਗ ਵਿਚ ਪਾ ਦਿੰਦਾ ਸੀ।

ਸਾਰਾ ਲੰਡਨ ਤਬਾਹ ਹੋ ਚੁੱਕਾ ਸੀ। ਚਾਰੇ ਪਾਸੇ ਢੱਠੀਆਂ ਬਿਲਡਿੰਗਾਂ ਅਤੇ ਮਲਬੇ ਦੇ ਢੇਰ ਹੀ ਨਜ਼ਰ ਆਉਂਦੇ। ਪਰ ਲੰਡਨ ਵਾਲਿਆਂ ਨੇ ਉਮੀਦ ਜਾਰੀ ਰੱਖੀ ਅਤੇ ਮਿਹਨਤ ਕਰਕੇ ਆਪਣੇ ਸ਼ਹਿਰੀਆਂ ਲਈ ਜ਼ਿੰਦਗੀ ਸੁਧਾਰਨ ਵਿਚ ਰੁੱਝ ਗਏ। ਅਸੀਂ ਦੋ ਸਾਲ ਬਾਅਦ 1949 ਵਿਚ ਵਾਪਸ ਆਏ ਤੇ ਬੜੀ ਕਰੜੀ ਮਿਹਨਤ ਬਾਅਦ ਦੇਹਰਾਦੂਨ ਫਾਰੈਸਟ ਇੰਸਟੀਚਿਊਟ ਵਿਚ ਤਾਇਨਾਤ ਹੋਏ। ਸਟੱਡੀ ਰੂਮ ਵਿਚ ਇਹ ਆਪਣਾ ਕੰਮ ਕਰਦੇ। ਪੇਪਰ ਅਤੇ ਕਿਤਾਬਾਂ ਦੇ ਖਰੜੇ ਤਿਆਰ ਹੁੰਦੇ। 'ਪ੍ਰੀਤ ਲੜੀ' ਲਗਾਤਾਰ ਆ ਰਹੀ ਸੀ ਤੇ ਮੈਂ ਬੜੇ ਸੌਂਕ ਨਾਲ ਪੜ੍ਹਦੀ। ਯਾਦ ਸਨ ਹਮਾਯੂੰ ਅਤੇ ਸਾਕੀ ਦੀਆਂ ਕਹਾਣੀਆਂ ਅਤੇ ਕਵਿਤਾਵਾਂ:

ਤੜਕੇ ਹੀ ਮੈਂ ਸੋ ਜਾਤੀ ਹੂੰ,  
ਭਾਰੀ ਸਰ ਤਕੀਏ ਪਰ ਰੱਖ ਕਰ  
ਨਿੰਦੀਆਂ ਪੁਰ ਮੇਂ ਖੋ ਜਾਤੀ ਹੂੰ।  
ਸਸੁਰ ਮੇਰਾ ਗੁੱਸੇ ਮੇਂ ਭਰ ਕਰ,  
ਚਲਤਾ ਹੈ ਅੰਦਰ ਬਾਹਰ-  
ਚਲ ਰੀ ਚਲ ਐ ਫੂਹੜ ਲੜਕੀ,  
ਚਲ ਹੀ ਚਲ ਐ ਨੀਂਦ ਕੀ ਮਾਰੀ,  
ਮੇਰੀ ਬੰਨੋ, ਮੇਰੀ ਜਾਨ।

ਚੇਤੇ ਦੀਆਂ ਪਰਤਾਂ ਉਲਥਦੀ ਹਾਂ ਤਾਂ ਕੁਝ ਪੱਲੇ ਨਹੀਂ ਪੈਂਦਾ ਕਿ ਉਦੋਂ ਮੈਂ ਕੁਝ ਲਿਖਿਆ ਸੀ, ਪਰ ਇਹ ਤਜਵੀਜ਼, ਇਹ ਵਿਵਸਥਾ, ਅਚੇਤ ਵਿਚ ਝੁੰਗਲਮਾਟਾ ਮਾਰ ਕੇ ਬਹਿ ਗਈ, ਕਾਨੀ, ਕਾਗਜ਼, ਸਬੰਧ, ਆਗਾਜ਼। ਗੋਪਾਲ ਜੀ ਦਾ ਬਿਆਨਿਆ ਕਹਾਣੀ ਪਲਾਟ ਯਾਦ ਪਟ 'ਤੇ ਸੀ। ਇਹ ਅਕਸਰ ਟੂਰ 'ਤੇ ਜਾਂਦੇ, ਉਦੋਂ ਵਕਤ ਮਿਲਦਾ ਤੇ ਮੈਂ ਲਿਖ ਲੈਂਦੀ। ਇਕ ਵਾਰ ਇਹ ਵਾਪਸ ਆਏ ਤਾਂ ਜੋ ਮੈਂ ਲਿਖਿਆ ਸੀ, ਇਨ੍ਹਾਂ ਨੂੰ ਦਿਖਾਇਆ। ਇਨ੍ਹਾਂ ਝੱਟ ਆਖਿਆ, 'ਪੜ੍ਹ ਕੇ ਸੁਣਾਓ'।

ਸੁਣ ਕੇ ਬੜੇ ਖੁਸ਼ ਹੋਏ ਤੇ ਬੋਲੇ, "ਭਾਪਾ ਮੋਹਨ ਸਿੰਘ ਨੂੰ 'ਪੰਜ ਦਰਿਆ' ਲਈ ਭੇਜ ਦਿਓ।" ਮੈਂ ਹੈਰਾਨ ਹੋ ਗਈ ਤੇ ਝਟਪਟ ਆਖਿਆ, 'ਇਹ ਬਲਿੱਖਤ ਭਾਪਾ ਜੀ ਨੂੰ ਭੇਜ ਦੇਵਾਂ। ਉਨ੍ਹਾਂ ਦਾ ਤਾਂ ਮਿਆਰ ਹੀ ਏਨਾ ਉਚਾ ਹੈ।'

'ਨਹੀਂ, ਨਹੀਂ, ਇਹ ਮਿਆਰੀ ਲਿਖਤ ਹੀ ਹੈ। ਜ਼ਰੂਰ ਭੇਜ ਦਿਓ।' ਮੈਂ ਸੁਣੀ-ਅਣਸੁਣੀ ਕਰਕੇ ਕਾਗਜ਼ ਮੇਜ਼ 'ਤੇ ਰੱਖ ਦਿੱਤੇ। ਇਨ੍ਹਾਂ ਨੇ ਅਗਲੇ ਦਿਨ ਆਪੇ ਹੀ ਪ੍ਰੋ. ਮੋਹਨ ਸਿੰਘ ਨੂੰ ਭੇਜ ਦਿੱਤੇ। ਮੁੜਦੀ ਡਾਕ ਉਨ੍ਹਾਂ ਦਾ ਉਤਰ ਆਇਆ, 'ਤੂੰ ਕੈਲਾਸ਼ ਨੂੰ ਕਹਿ ਕਿ ਲਗਾਤਾਰ ਲਿਖਦੀ ਰਹੇ। ਮੈਂ 'ਪੰਜ ਦਰਿਆ' ਵਿਚ ਅਖੀਰਲੇ ਦੋ ਸਫੇ 'ਨਾਰੀ ਸੰਸਾਰ' ਲਈ ਨਿਸ਼ਚਿਤ ਕਰ ਲਏ ਹਨ। ਇਹ ਬਹੁਤ ਵਧੀਆ ਲੇਖ ਨੇ। ਜਾਪਦਾ ਹੈ ਕੈਲਾਸ਼ ਹੀ ਇਸ ਖੱਪੇ ਨੂੰ ਪੂਰਾ ਕਰੇਗੀ।'

ਇਨ੍ਹਾਂ ਖੁਸ਼ੀ-ਖੁਸ਼ੀ ਮੈਨੂੰ ਖਤ ਦਿਖਾਇਆ। ਮੈਂ ਹੈਰਾਨ ਹੋ ਗਈ। ਮੇਰੀ ਲਿਖਤ ਪੰਜਾਬੀ ਦੇ ਮਹਾਨ ਕਵੀ ਦੇ ਤਰਾਜ਼ੂ 'ਤੇ ਪੂਰੀ ਉਤਰੀ ਸੀ। ਉਦੋਂ ਹੀ ਸ. ਗੁਰਮੁਖ ਨਿਹਾਲ ਸਿੰਘ ਰਾਜਸਥਾਨ ਦੇ ਗਵਰਨਰ ਸਨ। ਉਨ੍ਹਾਂ ਦੇ ਏਨੇ ਪਿਆਰੇ ਖਤ ਪੜ੍ਹ ਕੇ ਮੈਂ ਨੀਵੀਉਂ ਨੀਵੀਂ ਅਤੇ ਹੈਰਾਨ ਹੁੰਦੀ। ਵਾਰਤਕ, ਆਦਿਕਾ ਅਤੇ ਪਰਿਵਾਰ ਨਮਿੱਤ ਲੇਖਾਂ ਦੇ ਇਲਾਵਾ, ਕਹਾਣੀ ਦੀ ਸ਼ੁਰੂਆਤ ਵੀ ਹੋ ਗਈ। ਕਸ਼ਮੀਰ ਡੱਲ ਲੇਕ ਦੀ ਕਹਾਣੀ 'ਸੀਤੂ ਦੀ ਨੀਲਮ' ਸੁਭਾਗਵਤੀ ਪਰਚੇ ਵਿਚ ਛਪੀ ਸੀ ਤੇ ਬਾਅਦ ਵਿਚ ਇਕ ਕਹਾਣੀ ਸੰਗ੍ਰਹਿ ਵਿਚ ਸਾਂਭੀ ਗਈ। ਗੋਪਾਲ ਜੀ ਨੇ ਇਹਦਾ ਪਲਾਟ ਮੈਨੂੰ ਦੱਸਿਆ ਸੀ।

ਜਿਸ ਨੇ ਕਲਮ ਸਾਂਝ ਦਾ ਆਦੇਸ਼ ਦਿੱਤਾ, ਉਸੇ ਨੇ ਇਸ ਕਹਾਣੀ ਦੀ ਰੂਹ ਨਾਲ ਸਾਂਝ ਪੁਆਈ। ਇਸ ਕਹਾਣੀ ਦਾ ਆਧਾਰ ਕੀ ਹੈ ਜਾਂ ਨਹੀਂ, ਇਹ ਨਿਰੋਲ ਅਦਬੀ ਸਵਾਲ ਹੈ। ਮੇਰੇ ਲਈ ਇਸ ਕਹਾਣੀ ਵਿਚ ਲਿਖਣ ਕਲਾ ਦੀ ਨਾ ਮਹੱਤਤਾ ਹੈ ਅਤੇ ਨਾ ਹੀ ਚਰਚਾ ਦਾ ਸਵਾਲ। ਇਹ ਨਿਰੋਲ ਹੱਥ ਵਿਚ ਕਲਮ ਫੜਨ ਦਾ ਵੱਲ ਅਤੇ ਉਸਤਾਦ ਦੀ ਫਰਮਾਬਰਦਾਰੀ ਸੀ।

ਕੋਈ ਵਾਕਿਆ ਜਾਂ ਘਟਨਾ ਫਲੈਸ਼ ਵਾਂਗ ਅੱਖਾਂ ਅੱਗੋਂ ਗੁਜ਼ਰ ਜਾਂਦਾ ਹੈ ਪਰ ਉਸਦੀ ਘੁਟਣ ਜ਼ਿੰਦਗੀ ਦੇ ਅਸਮਾਨ ਤੱਕ ਫੈਲ ਜਾਂਦੀ ਹੈ। ਡੇਢ ਕੁ ਵਰ੍ਹਾ ਹੋਇਆ ਸੀ ਵਿਆਹ ਨੂੰ ਕਿ ਇਕ ਦਿਨ ਦੁਪਹਿਰੇ ਸਨੇਹ ਆਈ। ਉਹਦੇ ਨਾਲ ਹੀ ਇਕ ਮੱਧ ਉਮਰ ਦਾ, ਸਫੈਦ ਦਾੜ੍ਹੀ, ਭਗਵਾਂ ਬਾਣਾ, ਗਲ ਵਿਚ ਰੁਦਰਾਖਸ਼ ਦੀ ਮਾਲਾ, ਮੱਥੇ ਚੰਦਨ ਤਿਲਕ, ਹੱਥ ਵਿਚ ਕਮੰਡਲ ਲਈ ਵਿਅਕਤੀ ਬੂਹੇ ਅੱਗੇ ਖੜਾ ਸੀ। ਸਨੇਹ ਆਪਣੇ ਖੁੱਲ੍ਹੇ-ਖੁਲਾਸੇ ਸੁਭਾਅ ਅਨੁਸਾਰ ਹੱਸਣ ਲੱਗੀ, 'ਆ ਇਹਦੇ ਕੋਲੋਂ ਆਪਣੀ ਤਲੀ ਪੜ੍ਹਾਈਏ' ਤੇ ਉਥੇ ਹੀ ਬੈਠਕ ਦੇ ਅੰਦਰ ਅਸੀਂ ਆਪੋ-ਆਪਣੀਆਂ ਤਲੀਆਂ ਵਧਾ ਕੇ ਬੈਠ ਗਈਆਂ।

ਹੋਰ ਸਾਰੇ ਨਜੂਮ ਦੇ ਇਲਾਵਾ ਉਹਨੇ ਮੈਨੂੰ ਕਿਹਾ, 'ਗ' ਤੇ 'ਵ' ਅੱਖਰਾਂ ਦੇ ਨਾਂਵਾਂ ਦਾ ਯੋਗ ਨਹੀਂ। ਨਛੱਤਰ ਵਿਚ ਛਨੀ ਦਾ ਵਾਸ ਅਤੇ ਇਸ ਗ੍ਰਹਿ ਵਿਚ ਰਾਹੂ ਅਤੇ ਕੇਤੂ ਦਾ ਕਲੇਸ਼ ਹੀ ਕਲੇਸ਼ ਹੈ। ਸ਼ਾਂਤੀ ਤੇ ਸਦਭਾਵਨਾ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਇਹ ਸੁਣ ਕੇ ਮੈਂ ਤ੍ਰਹਿ ਗਈ। ਇਨ੍ਹਾਂ ਦਾ ਸੁਭਾਅ ਤਿੱਖਾ ਸੀ। ਇਸ ਕਥਨ ਵਿਚ ਕੋਈ ਹਕੀਕਤ ਸੀ ਜਾਂ ਨਿਰੋਲ ਬੇਮਾਹਨੀ ਭਵਿੱਖਬਾਣੀ, ਗ੍ਰਹਿ ਜਾਂ ਨਾਂਵਾਂ ਦੇ ਯੋਗ-ਅਯੋਗ ਹੋਣ ਦਾ ਇਲਮ ਸੀ ਜਾਂ ਨਹੀਂ, ਪਰ ਮੈ ਝੰਜੋੜੀ ਗਈ। ਫਿਰ ਸੋਚਾਂ ਨਾਂ ਵਿਚ ਕੀ ਪਿਆ ਏ? ਪਰ ਚਿੰਤਨ ਚੜ੍ਹ-ਚੜ੍ਹ ਕੇ ਚਿਲਾਏ, 'ਨਾਂ ਵਿਚ ਕੁਝ ਤਾਂ ਹੁੰਦਾ ਹੀ ਹੈ। ਮੇਰੇ ਮਸਤਕ ਵਿਚ ਕਿਸੇ ਗਿਆਨ ਜਾਂ ਮਨੋਵਿਗਿਆਨ ਦਾ ਦੀਵਾ ਨਹੀਂ ਸੀ ਜਗਦਾ ਪਰ ਕਿਸੇ ਰੌਸ਼ਨ ਦਰਵਾਜ਼ੇ ਦੀ ਝੀਤ 'ਚੋਂ ਚਾਨਣ ਦੀ ਤੰਦ ਜਹੀ ਦਿਸਦੀ ਜਿਸ ਵਿਚ 'ਗ' ਤੇ 'ਵ' ਲਫਜ਼ ਬੇਨਿਆਜ਼ ਤੇ ਸ਼ੈਕਸਪੀਅਰ ਆਖ ਰਿਹਾ, 'ਕਿਸਮਤ ਹੀ ਸਾਡੀ ਹੋਣੀ ਨਿਸ਼ਚਿਤ ਕਰਦੀ ਹੈ।' ਦੋ ਚਾਰ ਦਿਨ ਬਾਅਦ ਮੈਂ ਇਹ ਤੌਖਲਾ ਗੋਪਾਲ ਜੀ ਨੂੰ ਦੱਸਿਆ। ਆਖਣ ਲੱਗੇ, 'ਇਫ ਇੱਟ ਪਲੀਜਜ਼ ਯੂ, ਆਈ ਡੋਂਟ ਮਾਈਂਡ।' ਉਨ੍ਹਾਂ ਨੇ ਕਈ ਲਫਜ਼ ਇਸ ਨਾਂ ਨਾਲ ਜੋੜੇ। ਕਲਮ ਨਾਲ ਕੈਲਾਸ਼ ਜੁੜ ਗਿਆ। ਜਨਮ ਪਰਿਵਾਰ ਵਿਚ 'ਵਾਲੀ' 'ਵਾਲੀ' ਹੀ ਰਹੀ। ਗੋਪਾਲ ਜੀ ਦੇ ਮੂੰਹੋਂ 'ਵਿੰਨੋ' ਨਿਕਲਿਆ ਜੋ ਮੇਰੀ ਮੁਹੱਬਤ ਦੀ ਆਵਾਜ਼ ਬਣ ਗਈ।

'ਪੰਜ ਦਰਿਆ' ਦਾ ਨਾਰੀ ਸੰਸਾਰ ਬਹੁਤ ਸਲਾਹਿਆ ਗਿਆ। ਪਾਠਕਾਂ ਵਾਂਗ ਮੋਹਨ ਸਿੰਘ ਆਪ ਵੀ ਬਹੁਤ ਖੁਸ਼ ਤੇ ਗਰਵ-ਮੱਤੇ ਹੋਏ ਕਿਉਂਕਿ ਇਹ ਧਮਿਆਲ ਦੇ ਪੁਰੀ ਸਨ ਤੇ ਇਨ੍ਹਾਂ ਦਾ ਨਿੱਕਾ ਭਰਾ ਸੁੰਦਰ ਸਿੰਘ ਪੁਰੀ ਮੇਰਾ ਨਣਦੋਈ ਸੀ। ਅਸੀਂ ਕੱਲਰ ਦੇ ਪੁਰੀ ਸਾਂ। ਮੇਰੇ ਪਿਤਾ ਜੀ ਅਤੇ ਸਹੁਰਾ ਸਾਹਿਬ ਦੀ ਖਾਨਦਾਨੀ ਰਿਸ਼ਤੇਦਾਰੀ ਸੀ।

ਪੰਜ ਦਰਿਆ ਅਤੇ ਨਾਰੀ ਸੰਸਾਰ ਦੀ ਸਫਲਤਾ ਤੋਂ ਮੁਤਾਸਰ ਅਸੀਂ ਔਰਤਾਂ ਦਾ ਪਾਈਨੀਅਰ ਮਹੀਨੇ ਵਾਰ ਪਰਚਾ 'ਸੁਭਾਗਵਤੀ' ਸ਼ੁਰੂ ਕੀਤੀ। ਇਹ ਵੀ ਇਨ੍ਹਾਂ ਦਾ ਸੁਝਾਅ ਹੀ ਸੀ। ਇਹ ਤਾਂ ਇੰਜ ਹੋਇਆ ਜਿਵੇਂ ਸਰਸਵਤੀ ਦੇਵੀ ਨੇ ਆਪ ਕਲਮ ਫੜ੍ਹ ਕੇ ਮੇਰੀਆਂ ਉਂਗਲਾਂ ਵਿਚ ਫੜਾਈ ਕਿ 'ਇੰਜ ਲਿਖਦੇ ਨੇ'। ਸੁਭਾਗਵਤੀ ਦੀ ਸਫਲਤਾ ਕੈਲਾਸ਼ ਪੁਰੀ ਦੀ ਸਫਲਤਾ ਸੀ।

ਮਹਿੰਦਰ ਸਿੰਘ ਰੰਧਾਵਾ, ਡਾਕਟਰ ਸਾਹਿਬ ਦੇ ਬੜੇ ਨੇੜੇ ਦੇ ਕੁਲੀਗ ਸਨ। ਹਰ ਵਰ੍ਹੇ ਜਨਵਰੀ ਮਹੀਨੇ ਇੰਡੀਅਨ ਸਾਇੰਸ ਕਾਂਗਰਸ ਦੀ ਹੁੰਦੀ ਕਾਨਫਰੰਸ ਵਿਚ ਮੇਲ ਹੁੰਦਾ ਸੀ। ਇਹ ਉਦੋਂ ਆਪ ਡਾਇਰੈਕਟਰ ਆਫ ਬੋਟੈਨੀਕਲ ਸਰਵੇ ਆਫ ਇੰਡੀਆ ਲੱਗੇ ਹੋਏ ਸਨ। ਕਾਨਫਰੰਸ ਜਾਂ ਹੋਰ ਕੋਈ ਮੀਟਿੰਗ ਨੇੜੇ ਹੋਵੇ ਤਾਂ ਰੰਧਾਵਾ ਜੀ ਦਾ ਠਹਿਰਾਅ ਸਾਡੇ ਘਰ ਹੀ ਹੁੰਦਾ ਸੀ। ਜਦ ਮਹੀਨੇ ਵਾਰ ਪਰਚਾ ਸ਼ੁਰੂ ਕੀਤਾ ਤਾਂ ਰੰਧਾਵਾ ਜੀ ਖੁਸ਼ੀ ਨਾਲ ਝੂਮ ਉਠੇ। ਉਹ ਪਹਿਲਾਂ ਹੀ ਮੇਰੀ ਕਲਮ ਤੋਂ ਮੁਤਾਸਿਰ ਸਨ। ਉਹ ਜਿਥੇ ਵੀ ਜਾਂਦੇ ਆਖਦੇ ਕਿ ਸੁਭਾਗਵਤੀ ਲਗਵਾਉ ਅਤੇ ਜ਼ਰੂਰ ਪੜ੍ਹਿਆ ਕਰੋ। ਤੁਸੀਂ ਚੰਗੇ ਮਾਪੇ ਅਤੇ ਸਿਆਣੇ ਮਨੁੱਖ ਬਣੋਗੇ। ਇਨ੍ਹਾਂ ਨੇ ਹੀ 1977 ਵਿਚ ਮੇਰੀ ਪੁਸਤਕ 'ਕਾਲਾ ਮਣਕਾ' ਪਟਿਆਲਾ ਯੂਨੀਵਰਸਿਟੀ ਨੂੰ ਛਾਪਣ ਲਈ ਦਿੱਤੀ ਸੀ। ਅਸੀਂ ਦੋਵੇਂ ਲੁਧਿਆਣਾ ਯੂਨੀਵਰਸਿਟੀ ਵਿਚ ਦੋ ਹਫਤਿਆਂ ਲਈ ਗਏ ਤਾਂ ਰੰਧਾਵਾ ਜੀ ਨੇ ਇਨ੍ਹਾਂ ਦੇ ਲੈਕਚਰ ਤਾਂ ਜੋੜ ਹੀ ਲਏ ਸਨ ਪਰ ਮੇਰੇ ਸੰਬੋਧਨ ਵੀ ਵਿਉਂਤ ਰੱਖੇ। ਸਾਰੇ ਕੁੜੀਆਂ ਦੇ ਕਾਲਜ, ਸਾਇੰਸ ਕਾਲਜ, ਬੁਆਏਜ਼ ਸਕੂਲ ਮੈਂ ਗਈ। ਇਥੇ ਪ੍ਰਿੰਸੀਪਲ ਪ੍ਰੀਤਮ ਸਿੰਘ ਨਾਲ ਮੁਲਾਕਾਤ

ਹੋਈ। ਕੇਡਾ ਸੁਭਾਗ ਸੀ ਇਹ।

ਜਦ ਸ਼ਾਮ ਨੂੰ ਇਹ ਘਰ ਆਉਂਦੇ ਤਾਂ ਪੁੱਛਦੇ, 'ਅੱਜ ਕੀ ਪੜ੍ਹਿਆ, ਪਸੰਦ ਆਇਆ। ਤੁਸੀਂ ਏਦੂੰ ਵੱਧ ਚੰਗਾ ਲਿਖੋਗੇ।' ਮੈਂ ਅੰਦਰੇ-ਅੰਦਰ ਹੈਰਾਨ ਹੁੰਦੀ ਇਨ੍ਹਾਂ ਦੀ ਪੇਸ਼ੀਨਗੋਈ 'ਤੇ, ਇਨ੍ਹਾਂ ਦੀ ਆਸ ਅਤੇ ਇਨ੍ਹਾਂ ਦੇ ਯਕੀਨ 'ਤੇ। ਇਨ੍ਹਾਂ ਕਦੀ ਵੀ ਨਾਂਹਪੱਖੀ ਰਵਈਆ ਨਾ ਅਪਨਾਇਆ। ਹਮੇਸ਼ਾ ਆਸ ਰੱਖੀ ਤੇ ਮੈਂ ਪੜ੍ਹਦੀ ਰਹੀ, ਪੜ੍ਹਦੀ ਰਹੀ। ਇਹ ਕਹਿੰਦੇ, 'ਬਹੁਤ ਖ਼ੂਬ, ਵੇਖਿਆ ਪੜ੍ਹਨਾ ਵੀ ਕਿਤਨਾ ਵਧੀਆ ਹੈ। ਤੁਸੀਂ ਤਾਂ ਮੇਰਾ ਉਸਤਾਦ ਬਣਨਾ ਹੈ।' ਮੈਂ ਆਪਣੀ ਇਤਨੀ ਹੌਸਲਾ ਅਫਜ਼ਾਈ 'ਤੇ ਹੈਰਾਨ ਹੁੰਦੀ, ਸ਼ਰਮਾਂਦੀ ਅਤੇ ਪੜ੍ਹਨ ਵਿਚ ਰੁੱਝ ਜਾਂਦੀ।

ਵਿਆਹ ਤੋਂ ਪਹਿਲਾਂ ਅਸੀਂ ਦੋ ਤਿੰਨ ਵਾਰ ਮਿਲ ਚੁੱਕੇ ਸਾਂ। ਜਦ ਇਹ ਮਲੀਰ ਵਾਪਸ ਗਏ, ਇਨ੍ਹਾਂ ਮੈਨੂੰ ਅੰਗਰੇਜ਼ੀ ਵਿਚ ਖਤ ਲਿਖਿਆ। ਮੈਂ ਜਿਵੇਂ ਕਿਵੇਂ ਪੜ੍ਹ ਤਾਂ ਲਿਆ ਪਰ ਜਵਾਬ ਪੰਜਾਬੀ ਵਿਚ ਹੀ ਦਿੱਤਾ। ਖੌਰੇ ਕੀ ਲਿਖਿਆ ਸੀ, ਕੁਝ ਔੜਦਾ ਨਹੀਂ। ਇਹ ਅੰਗਰੇਜ਼ੀ ਵਿਚ ਲਿਖਿਆ ਖਤ ਲੇਡੀ ਐਨਤੋਨੀਆ ਪਰੇਜ਼ਰ ਦੀ ਮਸ਼ਹੂਰ ਪੁਸਤਕ 'ਲਵ ਲੈਟਰਜ਼' ਵਿਚ ਸਾਡੀ ਉਦੋਂ ਦੀ ਤਸਵੀਰ ਨਾਲ ਛਪਿਆ ਹੈ। 1976 ਵਿਚ ਇਸ ਪੁਸਤਕ ਦੀ ਕੀਮਤ 25 ਪੌਂਡ ਸੀ। ਇਹ ਪੰਜਾਬੀ ਜਾਂ ਭਾਰਤੀ ਜੋੜੇ ਦੀ ਇਸ ਵਿਚ ਇਕੋ ਇਕ ਤਸਵੀਰ ਹੈ ਤੇ ਉਹ ਖਤ ਜਿਹੜਾ ਇਨ੍ਹਾਂ ਮੈਨੂੰ ਲਿਖਿਆ ਸੀ। ਇਹ ਬੜੀ ਖ਼ੂਬਸੂਰਤ ਕਾਫੀ ਟੇਬਲ ਬੁੱਕ ਹੈ। ਇਹ ਕਿਤਾਬ ਪੜ੍ਹ ਕੇ ਅੰਗਰੇਜ਼ੀ ਪਾਠਕਾਂ ਦੇ ਬੜੇ ਪੱਤਰ ਮਿਲੇ। ਇਨ੍ਹਾਂ ਨੂੰ ਹੈਰਾਨੀ ਇਹ ਸੀ ਕਿ ਅਸੀਂ ਦੋਵੇਂ ਮਿਲੇ ਕਿੰਜ। ਇਹ ਤਾਂ ਅਣਵੇਖੇ ਵਿਆਹ ਹੁੰਦੇ ਨੇ ਤੇ ਫੇਰ ਇਹ ਮਿਲਣੀਆਂ ਕਿੰਜ?

ਪ੍ਰੋਤਸਾਹਨ ਇਤਨਾ ਕਿ ਮੈਂ ਜੋ ਵੀ ਜਿਹੋ ਜਿਹਾ ਵੀ ਲਿਖਿਆ, ਇਨ੍ਹਾਂ ਨੇ ਸਿਫਤ ਹੀ ਕੀਤੀ। ਵਿਧਾਤਾ ਦੀ ਬਖਸ਼ਿਸ਼ ਕਿ ਉਨ੍ਹਾਂ ਦੀਆਂ ਹਦਾਇਤਾਂ ਮੈਂ ਖਿੜੇ ਮੱਥੇ ਸਵੀਕਾਰ ਕਰਦੀ। ਸੀ ਤਾਂ ਅਸੀਂ ਇਕ ਸਾਧਾਰਨ ਪਤੀ ਪਤਨੀ, ਖਹਿਬੜਦੇ ਵੀ ਤੇ ਖਿਝਦੇ ਵੀ। ਸਾਡੀ ਨਿੱਕੀ ਧੀ ਆਖਦੀ, 'ਤੁਸੀਂ ਦੋਵੇਂ ਬਿੱਗ ਕਿਡਜ਼ ਹਰ ਵੇਲੇ ਆਰਗੂਮੈਂਟ ਕਿਉਂ ਕਰਦੇ ਰਹਿੰਦੇ ਹੋ।'

ਜਦੋਂ ਅਸੀਂ ਬਰਤਾਨੀਆ ਆਏ ਤਾਂ ਕਿੰਨਿਆਂ ਹੀ ਵਿਦਿਆਰਥੀਆਂ ਨੇ ਮੇਰੇ ਇੰਟਰਵਿਊ ਲਏ। ਮੇਰੇ ਸਾਹਿਤਕ ਅਤੇ ਐਗੋਨੀ ਆਂਟ ਬਾਰੇ ਥੀਸਿਸ ਲਿਖੇ। ਫਰਾਂਸੀਸੀ ਸੈਸਿਲ, ਪੋਲਿਸ਼ ਮਿਰਾਸਲਾਵਾ, ਜਰਮਨੀ ਦੀ ਮਾਰਤੂਸ਼ਾਵੇ ਅਤੇ ਉਹਦੇ ਮਾਪੇ ਵੀ ਮਿਲਣ ਆਏ। ਲਿਊਇਜ਼ ਸਮਿੱਥ ਨੇ ਬਰਤਾਨੀਆਂ ਦੀਆਂ ਐਗੋਨੀ ਆਂਟਸ ਬਾਰੇ ਕਿਤਾਬ ਲਿਖੀ ਜਿਸ ਵਿਚ ਮੇਰਾ ਭਰਵਾਂ ਜ਼ਿਕਰ ਸੀ। ਬੀ ਬੀ ਸੀ ਨੇ ਡਾਕੂਮੈਂਟਰੀ ਬਣਾਈ। ਸੰਜੇ ਸੂਰੀ ਨੇ ਜੋ ਲੰਡਨ ਹੀ ਰਹਿੰਦਾ ਹੈ ਤੇ ਏਸ਼ੀਅਨ ਖਬਰਾਂ ਦਾ ਇੰਚਾਰਜ ਹੈ, ਇਕ ਕਿਤਾਬ ਲਿਖੀ ਬਰਾਈਡਲੈਸ ਇਨ ਵੈਂਬਲੇ, ਜਿਸ ਵਿਚ ਪੰਜਾਹ ਸਫਿਆਂ ਦਾ ਜ਼ਿਕਰ ਮੇਰੇ 'ਬਾਰੇ ਹੈ। ਪੰਜਾਬ ਵਿਚ ਕਈ ਵਿਦਿਆਰਥੀਆਂ ਨੇ ਮੇਰੇ 'ਤੇ ਪੀ ਐਚ ਡੀ ਤੇ ਐਮ ਫਿਲ ਦੇ ਥੀਸਿਸ ਲਿਖੇ ਹਨ। ਮੈਨੂੰ ਇਸ ਸਾਰੇ ਕੰਮ ਦੀ ਖੁਸ਼ੀ ਹੈ।



ਕੈਲਾਸ਼ਪੁਰੀ ਆਪਣੇ ਪਤੀ ਡਾ. ਗੋਪਾਲ ਸਿੰਘ ਪੁਰੀ ਨਾਲ ਇਕ ਸਮਾਗਮ ਮੌਕੇ

ਦੁੱਖ ਵੀ ਹੈ ਕਿ ਕੁਝ ਲੋਕ ਆਪਣੀ ਜ਼ਿੱਦ ਨਾਲ ਜਾਂ ਪਦਵੀ 'ਤੇ ਬੈਠੇ ਨਿਰਾਦਰ ਕਰਦੇ ਨੇ। ਮਿਸਾਲ ਲਈ ਸ. ਸਰਨ ਸਿੰਘ ਰਿਟਾਇਰਡ ਆਈ ਏ ਐਸ, ਚੀਫ ਐਡੀਟਰ ਸਿੱਖ ਰੀਵੀਊ ਕਲਕੱਤਾ ਅਤੇ ਉਨ੍ਹਾਂ ਦੀ ਪਤਨੀ ਨੇ ਮੇਰੀਆਂ ਕਿਤਾਬਾਂ ਪੜ੍ਹੀਆਂ ਤੇ ਬੜੇ ਪ੍ਰਸੰਨ ਹੋਏ ਤੇ ਉਨ੍ਹਾਂ ਇਕ ਖਤ ਕਬੀਰ ਐਵਾਰਡ ਵਾਲਿਆਂ ਨੂੰ ਪਾਇਆ ਕਿ ਅਗਲੇ ਵਰ੍ਹੇ ਦਾ ਇਹ ਐਵਾਰਡ ਕੈਲਾਸ਼ ਪੁਰੀ ਦੀ ਪੰਜਾਬੀ ਦੇਣ ਕਾਰਨ ਉਨ੍ਹਾਂ ਨੂੰ ਹੀ ਦੇਣਾ ਚਾਹੀਦਾ ਹੈ।

ਜਵਾਬ ਮਿਲਿਆ, 'ਇਹ ਪੁਰਸਕਾਰ ਭਾਰਤ ਵਿਚ ਰਹਿੰਦੇ ਸਾਹਿਤਕਾਰਾਂ ਨੂੰ ਹੀ ਦਿੱਤਾ ਜਾਂਦਾ ਹੈ। ਕੈਲਾਸ਼ ਪੁਰੀ ਇਸ ਦੀ ਹੱਕਦਾਰ ਨਹੀਂ ਹੋ ਸਕਦੀ ਕਿਉਂਕਿ ਉਹ ਬਰਤਾਨੀਆ ਵਿਚ ਰਹਿੰਦੀ ਹੈ।' ਕਬੀਰ ਐਵਾਰਡ ਦੇ ਚੇਅਰਮੈਨ ਦਾ ਇਹ ਜਵਾਬ ਦੇਖ ਕੇ ਸਰਨ ਸਿੰਘ ਜੀ ਸੁੰਨ ਹੋ ਗਏ। ਮੈਂ ਖੁਦ ਅੱਜ ਤੱਕ ਸਰਨ ਸਿੰਘ ਹੋਰਾਂ ਨੂੰ ਮਿਲੀ ਨਹੀਂ।

ਪੰਜਾਬੀ ਸਾਹਿਤ ਦੇ ਥੰਮ ਡਾ. ਹਰਿਭਜਨ ਸਿੰਘ, ਕਰਤਾਰ ਸਿੰਘ ਦੁੱਗਲ, ਖੁਸ਼ਵੰਤ ਸਿੰਘ ਤੇ ਹੋਰ ਸ਼ਖਸੀਅਤਾਂ ਨੇ ਮੇਰੇ ਕੰਮ ਨੂੰ ਖ਼ੂਬ ਸਲਾਹਿਆ। ਹਰਿਭਜਨ ਸਿੰਘ ਨੇ ਆਪਣੇ 26 ਮਈ 1976 ਦੇ ਖਤ ਵਿਚ ਲਿਖਿਆ, 'ਤੇਰੀ ਕਲਮ ਨੂੰ ਸਲਾਮ। ਕੌਮੀ ਏਕਤਾ ਵਿਚ ਤੇਰੀਆਂ ਸੇਜ ਉਲਝਣਾਂ ਹਰ ਮਹੀਨੇ ਪੜ੍ਹਦਾ ਹਾਂ। ਇਸ ਕਾਲਮ ਨੇ ਤਾਂ ਬਹਿ ਜਾ, ਬਹਿ ਜਾ ਕਰਾ ਦਿੱਤੀ ਹੈ। ਸ਼ੈਲੀ ਦੀ ਕਰਾਮਾਤ ਹੈਰਾਨ ਕਰ ਦੇਣ ਵਾਲੀ ਹੈ।'

ਮੈਂ ਆਪਣੀ ਲਿਖਤ ਵਿਚ 'ਸੇਜ' ਦਾ ਜ਼ਿਕਰ ਕਰਦੀ ਰਹੀ। ਜਿਹੜੇ ਪਰਿਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ, ਉਨ੍ਹਾਂ ਨੂੰ ਪਤਾ ਹੈ ਕਿ ਗੁਰਬਾਣੀ ਵਿਚ ਸੇਜ ਦਾ ਜ਼ਿਕਰ ਕਿੰਨੀ ਵਾਰ ਆਇਆ ਹੈ।

ਸੇਜ ਸੁਹਾਵੀ ਰਸ ਬਣੀ-(ਪੰਨਾ 918)
ਕਾਇਆ ਸੇਜ ਕਰੇਈ-(ਪੰਨਾ 359)
ਕਨਿਕ ਕਾਮਨੀ ਸੇਜ ਸੋਹਨੀ-(ਪੰਨਾ 821) ਆਦਿ।

ਮੈਂ ਤਾਂ ਸਿਰਫ ਮਹਾਰਾਜ ਦਾ ਸ਼ੁਕਰਾਨਾ ਹੀ ਕਰ ਸਕਦੀ ਹਾਂ ਜਿਸ ਨੇ ਇਹ ਸੋਝੀ ਦਿੱਤੀ। ਚਿਰ ਹੋਇਆ ਪੜ੍ਹਿਆ ਸੀ ਕਿ ਮਹਾਂਕਵੀ ਟੈਗੋਰ ਨੇ 6000 ਗੀਤ ਲਿਖੇ ਪਰ ਗਾਉਣ ਦੀ ਵਿਹਲ ਨਾ ਮਿਲੀ। ਮੌਤ ਸੇਜ਼ 'ਤੇ ਪਿਆਂ ਏਸ ਤ੍ਰਿਸ਼ਨਾ 'ਤੇ ਹੰਝੂ ਵਹਿ ਗਏ।

ਮੇਰੀ ਸ਼ੁਰੂਆਤ ਤਾਂ ਵਾਰਤਕ ਤੋਂ ਹੋਈ ਸੀ ਪਰ ਫੇਰ ਕਹਾਣੀਆਂ, ਰਸੋਈ ਕਲਾ (ਤਿੰਨ ਪੁਸਤਕਾਂ) ਤੇ 1962 ਤੋਂ ਕਵਿਤਾ ਲਿਖਣੀ ਸ਼ੁਰੂ ਕੀਤੀ। ਮੈਂ ਸੇਜ ਸ਼ਾਸ਼ਤਰ 1976 ਤੋਂ ਲਿਖਣਾ ਆਰੰਭ ਕੀਤਾ। ਮੇਰੀ ਇਹ ਸਾਰੀ ਕਲਮ ਕਲਾ ਕਿੱਥੋਂ ਆਈ? ਜਿਸ ਨੇ ਇਹ ਸਾਹਿਤ ਦੀ ਦੌਲਤ ਦਿੱਤੀ, ਉਹ ਆਪ ਵਿਗਿਆਨੀ ਸੀ। ਉਸ ਨੇ ਸੜਕ ਦੀ ਰੌਸ਼ਨੀ ਵਿਚ ਕਿਤਾਬਾਂ ਪੜ੍ਹੀਆਂ ਕਿਉਂਕਿ ਘਰ ਇਕ ਕਮਰਾ ਸੀ ਤੇ ਲਾਲਟੈਨ ਦੀ ਰੌਸ਼ਨੀ ਵਿਚ ਸਿਰਫ ਪਤੰਗੇ ਝੂਮਦੇ ਸਨ ਤੇ ਪਰਿਵਾਰ ਦੀਆਂ ਗੱਲਾਂ ਦਾ ਸ਼ੋਰ। ਪਿਸ਼ਾਵਰ ਦੀ ਸੜਕ ਹੀ ਸੀ ਜਿੱਥੇ ਰੌਸ਼ਨੀ ਮਿਲਦੀ ਤੇ ਗੋਪਾਲ ਸਿੰਘ ਐਮ ਐਸ ਸੀ ਦੀ ਤਿਆਰੀ ਕਰਦੇ ਸਨ। ਉਨ੍ਹਾਂ ਨੇ ਆਪਣੀ ਪਤਨੀ ਨੂੰ ਲਿਖਣ ਦਾ ਵਰ ਦਿੱਤਾ, ਬੇਹੱਦ ਖੁਸ਼ੀ ਅਤੇ ਤਸਕੀਨ ਮਨਾਈ ਕਿ ਉਨ੍ਹਾਂ ਦੀਆਂ ਨਜ਼ਰਾਂ ਵਿਚ ਮੈਂ ਪੂਰੀ ਉਤਰੀ ਸਾਂ। ਇੰਜ ਮੇਰੀ ਝੋਲੀ ਭਰ ਗਈ। ਮੇਰੇ ਹੋਠਾਂ 'ਤੇ ਸ਼ੁਕਰਾਨਾ, ਸਤਿਕਾਰ, ਪ੍ਰਣਾਮ, ਨਮਸਕਾਰ ਹਰ ਵੇਲੇ ਹਾਜ਼ਰ ਰਹਿੰਦੀ ਹੈ। ਲਿਖਣ ਦਾ ਵਰਦਾਨ ਮੈਨੂੰ ਪ੍ਰਾਪਤ ਹੋਇਆ।

# ਪਹਿਲਵਾਨ ਖਲੀਫ਼ਾ ਗ਼ੁਲਾਮ ਮੁਹੀਉਦੀਨ ਆਫ਼ਤਾਬ ਹਿੰਦ



ਬਲਬੀਰ ਸਿੰਘ ਕੰਵਲ

1906-07 ਦੀ ਗੱਲ ਹੈ। ਦੇਸ਼ ਭਰ ਦੇ ਦੋ ਬਹੁਤ ਵੱਡੇ ਭਲਵਾਨਾਂ, ਖ਼ਲੀਫ਼ਾ ਗ਼ੁਲਾਮ ਮਹੀਉਦੀਨ ਅਤੇ ਗਾਮੇ ਦੀ ਕੁਸ਼ਤੀ ਸੀ। ਕੁਸ਼ਤੀ ਕਾਹਦੀ ਸੀ, ਆਪਸ ਵਿਚ ਦੋ ਸਾਨ੍ਹਾਂ ਦਾ ਭੇੜ ਸੀ। ਆਪਣੀ ਚੜ੍ਹਾਈ ਦੇ ਦਿਨਾਂ ਵਿਚ ਗਾਮਾ ਪਹਿਲਵਾਨ ਕਦੇ-ਕਦੇ ਇਹ ਗੱਲ ਕਹਿੰਦਾ ਸੁਣਿਆ ਗਿਆ ਸੀ ਕਿ ਜੇਕਰ ਉਹ ਊਠ ਦੀ ਧੌਣ 'ਤੇ ਗੋਡਾ ਰੱਖ ਦਏ ਤਾਂ ਉਹ ਥੱਲਿਓਂ ਨਹੀਂ ਨਿਕਲ ਸਕਦਾ, ਇਹ ਖ਼ਲੀਫ਼ਾ ਕਿਹੜੀ ਸ਼ੈਅ ਹੈ। ਉਸ ਦੀਆਂ ਇਹ ਗੱਲਾਂ ਵਿਰੋਧੀ ਧੜੇ ਤਕ ਪੁੱਜ ਚੁੱਕੀਆਂ ਸਨ। ਸੋ, ਹੁਣ ਕੁਸ਼ਤੀ ਹੋਈ ਤਾਂ ਇਸੇ ਜਾਹੋ-ਜਲਾਲ ਵਿਚ। ਖ਼ਲੀਫ਼ੇ ਦਾ ਵੱਡਾ ਭਰਾ ਮੇਰਾਜ ਲਾਹੌਰੀ ਵੀ ਅਖਾੜੇ ਦੇ ਇਕ ਕੰਢੇ ਬੈਠ ਗਿਆ। ਗਾਮੇ ਨੇ ਖ਼ਲੀਫ਼ੇ ਨੂੰ ਥੱਲੇ ਸੁੱਟਦਿਆਂ ਉਸ ਦੀ ਧੌਣ 'ਤੇ ਜਦੋਂ ਪਹਿਲੀ ਵਾਰ ਗੋਡਾ ਰੱਖਿਆ ਤਾਂ ਉਹ ਸਫਾਲ ਉਠ ਕੇ ਖੜ੍ਹਾ ਹੋ ਗਿਆ। ਨਾਲ ਬੈਠੇ ਮੇਰਾਜ ਨੇ ਕਿਹਾ, "ਵਾਹ ਬਈ ਵਾਹ! ਇਕ ਵਾਰੀ ਫਿਰ।" ਅੱਗੋਂ ਗਾਮੇ ਨੇ ਉੱਤਰ ਦਿੱਤਾ, "ਖ਼ਲੀਫ਼ਾ ਜੀ, ਐਤਕੀਂ ਮੇਰਾ ਗੋਡਾ ਅਜੇ ਚੰਗੀ ਤਰ੍ਹਾਂ ਨਹੀਂ ਸੀ ਜੰਮਿਆ। ਇਸੇ ਲਈ ਭਲਵਾਨ ਹੋਰੀਂ ਖੜ੍ਹੇ ਹੋ ਗਏ। ਜੇਕਰ ਇਸ ਵਾਰ ਫਿਰ ਉਠ ਜਾਣ ਤਾਂ ਮੈਂ ਮੰਨਾਂਗਾ।" ਗਾਮੇ ਨੇ ਉਸ ਦੀ ਧੌਣ 'ਤੇ ਦੁਬਾਰਾ ਗੋਡਾ ਰੱਖਿਆ ਤਾਂ ਉਹ ਇਸ ਵਾਰ ਵੀ ਉਠ ਕੇ ਅੱਗੇ ਖੜ੍ਹ ਗਿਆ। ਤਾੜੀਆਂ ਦੀ ਤੜ-ਤੜ ਅਸਮਾਨ ਨੂੰ ਛੋਹ ਰਹੀ ਸੀ।

ਗਾਮੇ ਦੀ ਜੀਵਨੀ ਲਿਖਣ ਵਾਲਾ ਫਹਿਮੀ ਬੇਸ਼ੱਕ ਆਪਣੀ ਲਿਖਤ ਵਿਚ ਲਿਖਦਾ ਹੈ ਕਿ ਲਾਹੌਰ ਗਾਮੇ ਨੇ ਖ਼ਲੀਫ਼ੇ ਨੂੰ ਢਾਹ ਲਿਆ ਸੀ ਪਰ ਅਸਲ ਗੱਲ ਇਹ ਹੈ ਕਿ ਜਦੋਂ ਹੀ ਖ਼ਲੀਫਾ ਗਾਮੇ ਥੱਲਿਓਂ ਦੂਜੀ ਵਾਰ ਉਠਿਆ, ਨਾਲ ਹੀ ਭਿਆਨਕ ਜਿਹੀ ਹਨ੍ਹੇਰੀ ਆ ਗਈ ਜਿਸ ਨਾਲ ਇਕ ਤਰ੍ਹਾਂ ਉਨ੍ਹਾਂ ਦੀ ਉਹ ਕੁਸ਼ਤੀ ਬਰਾਬਰ ਰਹਿ ਗਈ।

ਖ਼ਲੀਫ਼ੇ ਦਾ ਸਬੰਧ ਕੁਸ਼ਤੀ ਦੇ ਮੋਢੀ ਉਸਤਾਦ ਨੂਰਉਦਦੀਨ ਹੁਰਾਂ ਦੇ ਖ਼ਾਨਦਾਨ ਨਾਲ ਸੀ। ਉਸ ਦਾ ਜਨਮ ਲਾਹੌਰ ਵਿਚ 1866 ਵਿਚ ਹੋਇਆ। ਜਵਾਨ ਹੁੰਦਿਆਂ ਮਹਾਰਾਜਾ ਕੋਹਲਾਪੁਰ ਨੇ ਉਸ ਨੂੰ ਆਪਣਾ ਦਰਬਾਰੀ ਪਹਿਲਵਾਨ ਰੱਖ ਲਿਆ। ਆਪਣੇ ਜੀਵਨ ਵਿਚ ਉਂਜ ਤਾਂ ਉਹ ਦੇਸ਼ ਭਰ ਦੇ ਲਗਭਗ ਹਰੇਕ ਰੁਸਤਮ ਨਾਲ ਕੁਸ਼ਤੀਆਂ ਲੜਿਆ ਪਰ ਉਸ ਦੀ ਇਮਾਮ ਬਖ਼ਸ਼ ਬੱਬਰ ਸ਼ੇਰ ਨਾਲ ਵੀ ਖ਼ਾਸ ਕਰਕੇ ਪਹਿਲੀ ਟੱਕਰ ਕਲਾਸਕੀ ਸੀ। ਉਹ ਕੁਸ਼ਤੀ ਲਾਹੌਰ ਵਿਚ ਹੀ 17 ਜਨਵਰੀ, 1909 ਨੂੰ ਭਾਟੀ ਦਰਵਾਜ਼ੇ ਹੋਈ ਸੀ। ਉਸ ਟੱਕਰ ਦਾ ਦਿਲਚਸਪ ਪਹਿਲੂ ਇਹ ਸੀ ਕਿ ਇਮਾਮ ਨੇ ਇਸ ਦੇ ਲਗਾਤਾਰ ਛੇ ਪੁੱਠੀਆਂ ਮਾਰੀਆਂ ਪਰ ਇਹ ਫਿਰ ਵੀ ਚਿੱਤ ਨਹੀਂ ਸੀ ਹੋਇਆ। ਯਾਦ ਰਹੇ, ਪੁੱਠੀ ਉਸ ਦਾਅ ਨੂੰ ਕਹਿੰਦੇ ਹਨ ਜਦੋਂ ਸਾਹਮਣੇ ਆਏ ਵਿਰੋਧੀ ਨੂੰ ਸਿਰ ਤਕ ਉਛਾਲ ਕੇ ਅਜਿਹੀ ਤਾਕਤ ਨਾਲ ਪੁੱਠਾ ਕਰ ਕੇ, ਪਟਕਾ ਕੇ ਥੱਲੇ ਸੁੱਟਿਆ ਜਾਵੇ ਕਿ ਅਗਲਾ ਬੇਵੱਸ ਹੋ ਕੇ ਚਿੱਤ ਹੋ ਜਾਏ ਪਰ ਦਰਸ਼ਕਾਂ ਨੇ ਬੜੀ ਹੈਰਾਨੀ ਇਹ ਦ੍ਰਿਸ਼ ਵੇਖਿਆ ਕਿ ਇਮਾਨ ਬਖ਼ਸ਼ ਵਰਗੇ ਸ਼ਾਹਜ਼ੋਰ ਦੀਆਂ ਧਮਾਕਾਖ਼ੇਜ਼ ਪੁੱਠੀਆਂ ਵੀ ਖ਼ਲੀਫ਼ੇ ਦਾ ਕੁਝ ਨਹੀਂ ਸਨ ਵਿਗਾੜ ਸਕੀਆਂ। ਹਰ ਵਾਰ ਖ਼ਲੀਫ਼ਾ ਇੰਨੀ ਤੜ ਅਤੇ ਤਰਾਰੀ ਨਾਲ ਪੰਜਿਆਂ ਦੇ ਬਲ ਡਿੰਗਦਾ ਕਿ ਵੇਖਣ ਵਾਲੇ ਅਸ਼-ਅਸ਼ ਕਰ ਉਠਦੇ।



1911 ਵਿਚ ਪ੍ਰੋ. ਰਾਮ ਮੂਰਤੀ ਨਾਲ ਉਸ ਨੇ ਯੂਰਪ ਦਾ ਦੌਰਾ ਕੀਤਾ। ਮੌਰਿਸ ਗੈਬੀਅਰ, ਜਿਹੜਾ ਉਸ ਵੇਲੇ ਰੁਸਤਮ-ਇ-ਜਮ੍ਹਾਂ ਸੀ, ਨੂੰ ਇਸ ਨੇ 14 ਮਿੰਟਾਂ ਵਿਚ ਦੋ ਵਾਰ ਚਿੱਤ ਵਗ੍ਹਾ ਮਾਰਿਆ। ਇਹ ਉਸ ਦੀ ਜ਼ਿੰਦਗੀ ਦੀ ਬੜੀ ਵੱਡੀ ਪ੍ਰਾਪਤੀ ਸੀ ਜਿਸ ਨੇ ਉਸ ਦੀਆਂ ਜਿੱਤਾਂ ਦੇ ਤਾਜ ਵਿਚ ਇਕ ਹੋਰ ਸੁਰਖ਼ਾਬੀ ਖੰਭ ਦਾ ਵਾਧਾ ਕਰ ਦਿੱਤਾ।

ਉਨ੍ਹੀਂ ਦਿਨੀਂ ਅਮਰੀਕਾ ਦਾ ਪਹਿਲਵਾਨ ਫਰੈਂਕ ਗੌਜ਼ ਵੀ ਆਪਣੇ ਆਪ ਨੂੰ ਬੜਾ ਖੱਬੀ-ਖ਼ਾਂ ਸਮਝਦਾ ਸੀ ਅਤੇ ਆਪਣੇ ਆਪ ਨੂੰ ਵਰਲਡ ਚੈਂਪੀਅਨ ਅਖਵਾਉਂਦਾ ਸੀ। ਖ਼ਲੀਫ਼ੇ ਨੇ ਉਸ ਨੂੰ ਉਥੇ ਜਾ ਕੇ ਕਈ ਵਾਰ ਵੰਗਾਰਿਆ ਪਰ ਉਹ ਇਸ ਦੇ ਚੈਲਿੰਜ ਉਤੇ ਘੇਸਲ ਹੀ ਵੱਟਦਾ ਰਿਹਾ। ਆਖ਼ਰ ਛੇ ਮਹੀਨੇ ਦੀ ਉਡੀਕ ਪਿੱਛੋਂ ਖਲੀਫ਼ਾ ਉਥੋਂ ਉਵੇਂ ਹੀ ਮੁੜ ਆਇਆ। ਫ਼ਰਾਂਸ ਦੀ ਧਰਤੀ 'ਤੇ ਉਸ ਦੇ ਕੁਝ ਅਜਿਹੇ ਕਾਰਨਾਮੇ ਹਨ ਜਿਨ੍ਹਾਂ ਨੂੰ ਲੋਕੀਂ ਹਾਲੇ ਵੀ ਪੜ੍ਹ-ਸੁਣ ਕੇ ਉਸ ਨੂੰ ਸਤਿਕਾਰ ਸਹਿਤ ਯਾਦ ਕਰਦੇ ਹਨ।

ਯੂਰਪ ਯਾਤਰਾ 'ਤੇ ਕਈ ਵਰ੍ਹੇ ਬਾਅਦ ਖਲੀਫ਼ਾ ਇਕ ਵਾਰ ਕੁਝ ਹੋਰ ਪਹਿਲਵਾਨਾਂ ਦੀ ਪਲਟਣ ਨਾਲ ਕੋਹਲਾਪੁਰ ਭਲਵਾਨਾਂ ਦੇ ਇਲਾਕੇ ਕਾਰਗਿਲ ਵਿਚ ਜ਼ੋਰ ਕਰਨ ਪਿੱਛੋਂ ਖ਼ਰਮਸਤੀਆਂ ਕਰਦੇ-ਕਰਦੇ ਵਾਪਸ ਆ ਰਹੇ ਸਨ ਕਿ ਰਾਹ ਵਿਚ ਨਾਲਾ ਆ ਗਿਆ। ਖ਼ਲੀਫ਼ੇ ਨੇ ਛਾਲ ਮਾਰ ਕੇ ਟੱਪਿਆ ਤਾਂ ਉਸ ਦੇ ਲੱਕ ਦਾ ਮਾਸ ਫਟ ਗਿਆ। ਪਿੱਛੋਂ ਇਹੀ ਅੰਦਰਲਾ ਜ਼ਖ਼ਮ ਪਹਿਲਾਂ ਸੋਜੇ ਪਿੱਛੋਂ ਮਲਿਕਾ ਦੇ ਰੁਪਏ ਜਿੱਡੇ ਫੋੜੇ ਵਿਚ ਬਦਲ ਗਿਆ। ਕੁਝ ਕੈਂਸਰ ਵਰਗੀ ਗੱਲ ਸੀ। ਮਹਾਰਾਜ ਨੇ ਬੜਾ ਇਲਾਜ ਕਰਵਾਇਆ ਪਰ ਬੇਸੂਦ। ਇਥੋਂ ਤਕ ਕਿ ਸ਼ਾਹੀ ਹਕੀਮ ਅਜਮਲ ਖ਼ਾਂ ਨੇ ਵੀ ਜ਼ੋਰ ਲਾ ਲਿਆ ਪਰ ਜਦੋਂ ਆਰਾਮ ਆਇਆ ਤਾਂ ਇਕ ਵੈਦ ਦੀਆਂ ਪੁੜੀਆਂ ਤੋਂ ਹੀ ਆ ਗਿਆ। ਭਾਵੇਂ ਉਸ ਨੂੰ ਆਰਾਮ ਤਾਂ ਆ ਗਿਆ ਪਰ ਇਸ ਦ੍ਰੇੜ ਨਾਲ ਉਸ ਦਾ ਸਰੀਰ ਇੰਨਾ ਤ੍ਰੁੰਡਿਆ ਗਿਆ ਕਿ ਪਹਿਲਾਂ ਵਰਗੀ ਗੱਲ ਨਹੀਂ ਰਹੀ। ਇਸ ਲਈ ਬੀਮਾਰੀ ਪਿੱਛੋਂ ਉਸ ਦੀਆਂ ਕੁਝ ਕੁਸ਼ਤੀਆਂ ਨਰਮ ਬਲਕਿ ਇਕ-ਦੋ ਪੁੱਠੀਆਂ ਵੀ ਪੈ ਗਈਆਂ।

ਲੇਖਕ ਨੂੰ ਉਸ ਦੀ ਆਖ਼ਰੀ ਉਮਰੇ ਮਿਲਣ ਦਾ ਮੌਕਾ ਜੁੜਦਾ ਰਿਹਾ ਹੈ। ਖ਼ਲੀਫ਼ਾ ਬੜੇ ਦਰਵੇਸ਼ ਕਿਸਮ ਦੇ ਇਨਸਾਨ ਸਨ। ਆਮ ਤੌਰ 'ਤੇ ਕਮੀਜ਼-ਪਜਾਮਾ, ਵਾਸਕਟ ਅਤੇ ਸਾਦੀ ਦੇਸੀ ਜੁੱਤੀ ਪਹਿਨਦੇ ਸਨ। ਆਪ ਭਾਵੇਂ ਔਲਾਦ ਦੀ ਨਿਆਮਤ ਤੋਂ ਵਾਂਝੇ ਸਨ ਪਰ ਕੁਦਰਤ ਦੀ ਇਸ ਕਰਨੀ 'ਤੇ ਵੀ ਕਿਸੇ ਭਲਾਈ ਦਾ ਪਹਿਲੂ ਵੇਖਦੇ ਸਨ। ਜਵਾਨੀ ਸਮੇਂ ਉਨ੍ਹਾਂ ਦੀ ਆਮ ਵੱਡੇ ਭਲਵਾਨਾਂ ਵਾਂਗ ਬੜੀ ਖ਼ੁਰਾਕ ਸੀ ਜਿਸ ਵਿਚ ਵਾਧਾ ਸਿਰਫ਼ ਇਹ ਸੀ ਕਿ ਉਹ ਚੌਵੀ ਘੰਟਿਆਂ ਵਿਚ ਦੂਜੀ ਖ਼ੁਰਾਕ ਤੋਂ ਛੁੱਟ ਇਕ ਸੇਰ ਕੱਚੀ ਘਾਣੀ ਦਾ ਤੇਲ ਵੀ ਹਜ਼ਮ ਕਰਦੇ ਸਨ। ਡੰਡ ਬੈਠਕਾਂ ਤੋਂ ਛੁੱਟ ਕਸਰਤ ਵਿਚ ਵੀ ਵਾਧਾ ਸਿਰਫ਼ ਇਹ ਸੀ ਕਿ ਚਾਲੀ ਵਾਰ ਭੱਜ-ਭੱਜ ਕੇ ਬਾਦਸ਼ਾਹੀ ਮਸਜਿਦ ਦੇ ਮੀਨਾਰ 'ਤੇ ਚੜ੍ਹਦੇ ਅਤੇ ਉਤਰਦੇ। ਉਨ੍ਹਾਂ ਦੇ ਮਹਾਵਤ ਬਾਬਾ ਜੁਮਾ ਜਦੋਂ ਤਕ ਇਹ ਚੱਕਰ ਕਢਵਾ ਕੇ ਉਨ੍ਹਾਂ ਦਾ ਪੀਤਾ ਹੋਇਆ ਤੇਲ ਪਸੀਨੇ ਰਾਹੀਂ ਖ਼ਾਰਜ ਨਾ ਕਰਵਾ ਲੈਂਦੇ, ਛੁਟਕਾਰਾ ਨਹੀਂ ਸੀ ਹੋ ਸਕਦਾ। ਭਲਵਾਨਾਂ ਲਈ ਯਖਣੀ ਸ਼ਰਦਾਈ ਆਦਿ ਨੂੰ ਚੰਗਾ ਸਮਝਦੇ ਪਰ ਉਸ ਨੂੰ ਗਰਮ ਦੁੱਧ ਵਿਚ ਬਾਦਾਮ ਰੋਗਨ ਪਾ ਕੇ ਪੀਣ ਦੀ ਸਲਾਹ ਦਿੰਦੇ। ਅਖੇ ਦਿਮਾਗ਼ੀ ਕੰਮ ਕਰਨ ਵਾਲਿਆਂ ਲਈ ਇਹ ਬੜੀ ਚੰਗੀ ਚੀਜ਼ ਹੈ।

ਅਜੋਕੀ ਕੁਸ਼ਤੀ ਦਾ ਮੁੱਢ ਕਿਉਂਕਿ ਕਿਸੇ ਸਮੇਂ ਇਨ੍ਹਾਂ ਦੇ ਖ਼ਾਨਦਾਨ ਵਿਚੋਂ ਖ਼ਲੀਫ਼ਾ ਨੂਰਉਦਦੀਨ ਉਰਫ਼ ਬਾਬਾ ਨੂਰਾ ਤੋਂ ਬੱਝਿਆ ਸੀ, ਇਸ ਲਈ ਪਹਿਲਵਾਨੀ ਸਬੰਧੀ ਆਪ ਕੋਲ ਬੜਾ ਮਵਾਦ ਸੀ। ਇਥੋਂ ਤਕ ਕਿ ਬਾਬਾ ਨੂਰਾ ਤੋਂ ਪੁੱਜੀ ਇਕ ਹੱਥ-ਲਿਖਤ ਕਿਤਾਬ ਵੀ ਸੀ ਜਿਸ ਵਿਚ ਬਾਰਾਂ ਮਹੀਨਿਆਂ ਦੇ ਪਾਣੀਆਂ ਦਾ ਜ਼ਿਕਰ ਸੀ, ਭਾਵ ਭਲਵਾਨ ਨੂੰ ਕਿਹੜੇ ਮਹੀਨੇ ਕਿਹੜੀ ਗਜ਼ਾ ਦੇਣ ਦੀ ਤਫ਼ਸੀਲ ਤੋਂ ਛੁੱਟ, ਉਸ ਵਿਚ ਪਹਿਲਵਾਨੀ ਬਾਰੇ ਵੀ ਕਈ ਤਰ੍ਹਾਂ ਦੀਆਂ ਹਦਾਇਤਾਂ ਸਨ। ਇਕ ਹੋਰ ਖਰੜਾ ਖ਼ਲੀਫ਼ਾ ਸਰਾਜਉਦਦੀਨ ਹੁਰਾਂ ਦਾ ਲਿਖਿਆ ਹੋਇਆ ਵੀ ਸੀ ਜਿਸ ਵਿਚ ਕੁੱਲ ਛੇ ਸੌ ਸ਼ਿਅਰ ਸਨ। ਉਸ ਵਿਚ ਕੁਸ਼ਤੀ ਦੇ 361 ਦਾਅ-ਪੇਚ ਅਤੇ ਉਨ੍ਹਾਂ ਦੇ ਤੋੜ ਲਿਖੇ ਹੋਏ ਸਨ। ਇਕ ਸ਼ਿਅਰ ਮੁਲਾਹਜਾ ਫ਼ਰਮਾਓ:

"ਚਾਹੀਏ ਰਖਨੀ ਹਥੇਲੀ ਪਰ ਨਜ਼ਰ,
ਸਾਡੀ ਮੁਸ਼ਕਲ ਸੇ ਨਿਕਾਲੀ ਜਾਏਗੀ।
ਬਨ ਹੀ ਜਾਏਗਾ ਅਟੇਰਨ ਪਹਿਲਵਾਨ,
ਟਾਂਗ ਜਬ ਚਰਖੇ ਕੀ ਡਾਲੀ ਜਾਏਗੀ।"

ਖ਼ਲੀਫ਼ਾ ਗ਼ੁਲਾਮ ਮਹੀਉਦੀਨ ਲਗਪਗ ਅੱਧੀ ਸਦੀ ਆਪਣੇ ਖ਼ਾਨਦਾਨ ਦੀਆਂ ਰਵਾਇਤਾਂ ਨੂੰ ਬਰਕਰਾਰ ਰੱਖਦੇ ਹੋਏ 1963 ਦੀਆਂ ਸਰਦੀਆਂ 'ਚ ਚਲਾਣਾ ਕਰ ਗਏ।

## ਡਾ. ਸੁਤਿੰਦਰ ਸਿੰਘ ਨੂਰ ਦੀ ਯਾਦ ਵਿਚ



### ਤੇਰੇ ਜਾਣ ਮਗਰੋਂ

ਤੇਰੇ ਜਾਣ ਮਗਰੋਂ, ਤੇਰੇ ਜਾਣ ਮਗਰੋਂ,
ਸੀ ਕੰਧਾਂ ਵੀ ਰੋਈਆਂ, ਚੁਗਾਠਾਂ ਵੀ ਰੋਈਆਂ,
ਛੱਤਾਂ ਵੀ ਰੋਈਆਂ, ਮੁਹਾਠਾਂ ਵੀ ਰੋਈਆਂ,
ਵਿਹੜਾ ਵੀ ਰੋਇਆ ਤੇ ਖੇੜਾ ਵੀ ਰੋਇਆ,
ਜਿਸ ਨੇ ਵੀ ਸੁਣਿਆ, ਸੀ ਹਰ ਕੋਈ ਰੋਇਆ,
ਜਿੱਥੇ ਸਨ ਖੁੱਸ਼ੀਆਂ ਉਹ ਘਰ ਅੱਜ ਰੁਨਾਂ,
ਭਰਿਆ ਭੁਕਨਾ, ਲਗੇ ਸੁੰਨਾ ਸੁੰਨਾ,
ਤੇਰੇ ਜਾਣ ਮਗਰੋਂ...।

ਉਦਾਸੇ ਗਏ ਨੇ ਵੀਰੇ ਵੀ ਤੇਰੇ,
ਤੇਰੇ ਵਿਛੋੜੇ 'ਚ ਹਾਰੇ ਨੇ ਜੇਰੇ,
ਧੀਆਂ ਵੀ ਰੋਈਆਂ ਤੇ ਪੁੱਤਰ ਵੀ ਰੋਏ,
ਸਭਨਾਂ ਦੇ ਅੱਖਾਂ ਦੇ ਗਿੱਲੇ ਨੇ ਕੋਏ,
ਪਰਿਵਾਰਕ ਮਾਲਾ ਦਾ ਸੁੱਚਾ ਸੀ ਮੋਤੀ,
ਬਿਖਰ ਗਈ ਨਾ ਰਹੀ ਉਹ ਪਰੋਤੀ,
ਤੇਰੇ ਜਾਣ ਮਗਰੋਂ ...।

ਨੂਰ ਜੀ! ਸਾਡੇ ਹੱਥ ਜੋਤੀ ਫੜਾ ਕੇ,
ਆਪ ਛੁਪ ਬੈਠਾ ਕੋਈ ਰੋਸਾ ਮਨਾ ਕੇ,
ਇਸ ਜੋਤੀ ਨਾਲ ਅੱਗੋਂ ਕੁਝ ਜੋਤਾਂ ਜਗਾ ਕੇ,
ਪੰਜਾਬੀ ਦਾ ਵਿਹੜਾ ਰਖਾਂਗੇ ਸਜਾ ਕੇ,
ਕਦਮ ਅੱਗੇ ਹੀ ਅੱਗੇ ਧਰਦੇ ਰਹਾਂਗੇ,
ਤੇਰੀ ਸੌਂਹ ਕਦਮ ਇਕ ਨਾ ਪਿੱਛੇ ਧਰਾਂਗੇ,
ਤੇਰੇ ਜਾਣ ਮਗਰੋਂ ...।

ਆਪੋਂ ਨੂਰ ਹੋਇਓਂ ਕੱਠਾ ਨੂਰ ਕਰਕੇ,
ਲੋਕਾਂ 'ਚ ਵੰਡਿਆ ਕਿਤਾਬਾਂ 'ਚ ਧਰ ਕੇ,
ਜੋ ਸਿੱਖਿਆ, ਉਸ ਨੂੰ ਤੈਂ ਅੱਗੇ ਸਿੱਖਾ ਕੇ,
ਬੜਾ ਕੰਮ ਕੀਤਾ ਹੋਰ ਦੀਵੇ ਜਗਾ ਕੇ,
ਕਿਤਾਬਾਂ ਦਾ ਥੱਬਾ ਦੱਸ ਕਿੱਥੇ ਧਰੇਂਗਾ,
ਛੁਪ ਕੇ ਵੀ ਸਾਥੋਂ ਨੂਰ ਛੁਪ ਨਾ ਸਕੇਂਗਾ,
ਘੱਗ ਨੂੰ ਜਦੋਂ ਯਾਦ ਤੇਰੀ ਸਤਾਊ,
ਗੱਲਾਂ ਕਰ ਲਏਗਾ ਕਿਤਾਬ ਅੱਗੇ ਧਰ ਕੇ,
ਤੇਰੇ ਜਾਣ ਮਗਰੋਂ ...।

-ਮੁਹਿੰਦਰ ਸਿੰਘ ਘੱਗ
ਫੋਨ:(530) 695-1318

# ਨਵੀਆਂ ਲੀਹਾਂ ਪਾਉਣ ਵਾਲੀ ਮਧੂਬਾਲਾ



ਆਜ਼ਾਦੀ ਤੋਂ ਪਹਿਲਾਂ ਸੰਨ 1942 'ਚ ਬਾਂਬੇ ਟਾਕੀਜ਼ ਦੇ ਬੈਨਰ ਹੇਠ ਅਮਿਤ ਚੱਕਰਵਰਤੀ ਦੇ ਨਿਰਦੇਸ਼ਨ 'ਚ ਬਣੀ ਫ਼ਿਲਮ 'ਬਸੰਤ' ਨਾਲ ਸੱਤ ਸਾਲ ਦੀ ਛੋਟੀ ਜਿਹੀ ਉਮਰ 'ਚ ਬਤੌਰ ਕਲਾਕਾਰ ਅਦਾਕਾਰੀ ਦੀ ਸ਼ੁਰੂਆਤ ਕਰਨ ਵਾਲੀ ਮੁਮਤਾਜ ਜਹਾਂ ਬੇਗਮ ਕੋਈ ਹੋਰ ਨਹੀਂ ਸਗੋਂ ਮਧੂਬਾਲਾ ਹੀ ਸੀ। ਬਾਲ ਕਲਾਕਾਰ ਦੇ ਰੂਪ 'ਚ ਮਧੂਬਾਲਾ ਨੇ ਬੇਬੀ ਮੁਮਤਾਜ ਦੇ ਨਾਂ ਨਾਲ ਕੰਮ ਕੀਤਾ ਸੀ। 'ਮੇਰੇ ਛੋਟੇ ਸੇ ਦਿਲ ਮੇਂ ਛੋਟੀ ਸੀ ਦੁਨੀਆ ਰੇ' ਗੀਤ 'ਬਸੰਤ' ਫ਼ਿਲਮ 'ਚ ਬੇਬੀ ਮੁਮਤਾਜ ਨੇ ਹੀ ਗਾਇਆ ਸੀ।

ਪਠਾਨ ਅਤਾਹਉੱਲ੍ਹਾ ਖਾਨ ਦੇ ਘਰ 14 ਫਰਵਰੀ 1932 'ਚ ਪੈਦਾ ਹੋਈ ਮੁਮਤਾਜ 8 ਭਰਾਵਾਂ ਤੇ ਚਾਰ ਭੈਣਾਂ 'ਚੋਂ ਇਕ ਸੀ। ਅਤਾਹਉੱਲ੍ਹਾ ਖਾਨ ਦਾ ਮੱਧਵਰਗੀ ਪਰਿਵਾਰ ਵੱਡਾ ਸੀ ਜਿਸ ਕਰਕੇ ਬੱਚਿਆਂ ਦੇ ਪਾਲਣ-ਪੋਸ਼ਣ ਲਈ ਪੈਸਾ ਕਮਾਉਣਾ ਜ਼ਰੂਰੀ ਸੀ। ਅਤਾਹਉੱਲ੍ਹਾ ਖਾਨ ਦਿੱਲੀ ਤੋਂ ਮੁੰਬਈ ਆ ਗਿਆ ਤੇ ਫ਼ਿਲਮਕਾਰਾਂ ਨੂੰ ਆਪਣੀ ਪਰਿਵਾਰਕ ਹਾਲਤ ਤੋਂ ਰੂ-ਬ-ਰੂ ਕਰਵਾਉਂਦਿਆਂ, ਨਾਲ ਹੀ ਆਪਣੀ ਪਿਆਰੀ ਜਿਹੀ ਬੱਚੀ ਮੁਮਤਾਜ ਲਈ ਫ਼ਿਲਮਾਂ 'ਚ ਕੰਮ ਮੰਗਦਾ। ਅਖੀਰ ਅਮਿਤ ਚੱਕਰਵਰਤੀ ਨੇ ਬੇਬੀ ਮੁਮਤਾਜ ਨੂੰ ਫ਼ਿਲਮ 'ਬਸੰਤ' 'ਚ ਗਾਉਣ ਤੇ ਅਦਾਕਾਰੀ ਦਾ ਮੌਕਾ ਦਿੱਤਾ। ਬਾਲ ਕਲਾਕਾਰ ਦੇ ਤੌਰ 'ਤੇ ਫ਼ਿਲਮ 'ਬਸੰਤ' ਨਾਲ ਉਸ ਦਾ ਅਦਾਕਾਰੀ ਦਾ ਸਿਲਸਿਲਾ ਸ਼ੁਰੂ ਹੋਇਆ ਜੋ ਪੰਜ ਸਾਲਾਂ ਤਕ ਇਸੇ ਨਾਂ ਨਾਲ ਚੱਲਦਾ ਰਿਹਾ। ਇਨ੍ਹਾਂ ਪੰਜਾਂ ਸਾਲਾਂ 'ਚ ਬੇਬੀ ਮੁਮਤਾਜ ਨੇ ਬਾਲ ਕਲਾਕਾਰ ਦੇ ਤੌਰ 'ਤੇ 'ਬਸੰਤ', 'ਮੁਮਤਾਜ ਮਹੱਲ', 'ਧੰਨਾ ਭਗਤ ਪੁਜਾਰੀ', 'ਫੁਲਵਾਰੀ ਤੇ 'ਰਾਜਪੂਤਾਨੀ' 'ਚ ਕੰਮ ਕੀਤਾ।

'ਨੀਲਕਮਲ' ਫ਼ਿਲਮ 'ਚ ਬਤੌਰ ਨਾਇਕਾ ਮਧੂਬਾਲਾ ਨੇ ਪਹਿਲੀ ਵਾਰ ਅਦਾਕਾਰੀ ਕੀਤੀ। ਨਿਰਮਾਤਾ ਓਰੀਐਂਟਲ ਪਿਕਚਰਸ ਦੇ ਬੈਨਰ ਹੇਠ ਕੇਦਾਰ ਸ਼ਰਮਾ ਦੇ ਨਿਰਦੇਸ਼ਨ 'ਚ 1947 'ਚ ਬਣੀ ਇਸ ਫ਼ਿਲਮ ਦਾ ਨਾਇਕ ਸੀ ਰਾਜਕਪੂਰ। ਇਸੇ ਫ਼ਿਲਮ ਦੇ ਨਿਰਮਾਣ ਦੌਰਾਨ ਕੇਦਾਰ ਸ਼ਰਮਾ ਨੇ ਬੇਬੀ ਮੁਮਤਾਜ ਜਹਾਂ ਬੇਗਮ ਨੂੰ ਫ਼ਿਲਮੀ ਨਾਂ ਮਧੂਬਾਲਾ ਦਿੱਤਾ। 'ਨੀਲਕਮਲ' ਨਾਲ ਫ਼ਿਲਮੀ ਮੈਦਾਨ 'ਚ ਉਤਰਣ ਵਾਲੀ ਮਧੂਬਾਲਾ ਨੇ ਸਮਕਾਲੀ ਅਭਿਨੇਤਰੀਆਂ ਵਿਚਾਲੇ ਆਪਣੀ ਇਕ ਵੱਖਰੀ ਪਛਾਣ ਬਣਾਈ।

ਮਧੂਬਾਲਾ ਨੇ ਆਪਣੇ ਸਮੇਂ ਦੇ ਤਕਰੀਬਨ ਸਾਰੇ ਨਾਇਕਾਂ ਨਾਲ ਕੰਮ ਕਰਕੇ ਅਦਾਕਾਰੀ ਦੀ ਕਲਾ ਦਾ ਪ੍ਰਦਰਸ਼ਨ ਕੀਤਾ, ਜਿਨ੍ਹਾਂ 'ਚ 'ਨੀਲਕਮਲ', 'ਦੋ ਉਸਤਾਦ', 'ਮਹੱਲ', 'ਨਿਸ਼ਾਨ', 'ਏਕ ਸਾਲ', 'ਹਾਵੜਾ ਬ੍ਰਿਜ', 'ਗੇਟਵੇ ਆਫ ਇੰਡੀਆ', 'ਫਾਗੁਨ', 'ਕਲ ਹਮਾਰਾ ਹੈ', 'ਬਰਸਾਤ ਕੀ ਏਕ ਰਾਤ', 'ਨਿਰਾਲਾ', 'ਮਧੂਬਾਲਾ', 'ਕਾਲਾਪਾਨੀ', 'ਜਾਲੀ ਨੋਟ', 'ਸ਼ਰਾਬੀ', 'ਰਾਜਹਠ', 'ਸ਼ੀਰੀ ਫਰਹਾਦ', 'ਮਿਸਟਰ ਐਂਡ ਮਿਸਿਜ਼ 55?, 'ਢਾਕੇ ਕੀ ਮਲਮਲ', 'ਚਲਤੀ ਕਾ ਨਾਮ ਗਾੜੀ', 'ਮਹਲੋਂ ਕੇ ਖਵਾਬ', 'ਝੁਮਰੂ', 'ਹਾਫ ਟਿਕਟ', 'ਇਨਸਾਨ ਜਾਗ ਉਠਾ', 'ਜਵਾਲਾ', 'ਤਰਾਨਾ', 'ਸੰਗਦਿਲ', 'ਅਮਰ' ਤੇ 'ਮੁਗਲ-ਏ-ਆਜ਼ਮ' ਆਦਿ ਮੁੱਖ ਹਨ।

ਪਹਿਲਾਂ ਮਧੂਬਾਲਾ ਦਾ ਪਿਤਾ ਅਤਾਹਉੱਲ੍ਹਾ ਖਾਨ ਜਿਹੜੇ ਆਪਣੀ ਮਾਲੀ ਹਾਲਤ ਚੰਗੀ ਨਾ ਹੋਣ ਕਾਰਨ ਫ਼ਿਲਮਕਾਰਾਂ ਦੇ ਘਰਾਂ ਤੇ ਦਫ਼ਤਰਾਂ 'ਚ ਜਾ ਕੇ ਬੇਬੀ ਮੁਮਤਾਜ ਲਈ ਫ਼ਿਲਮਾਂ 'ਚ ਕੰਮ ਕਰਵਾਉਣ ਦੀ ਬੇਨਤੀ ਕਰਦਾ ਸੀ, ਉਸੇ ਪਿਤਾ ਨੂੰ ਧੀ ਨੇ ਥੋੜ੍ਹੇ ਹੀ ਸਮੇਂ 'ਚ ਮਾਲਾਮਾਲ ਕਰ ਦਿੱਤਾ ਪਰ ਮਧੂਬਾਲਾ ਦੇ ਜਵਾਨੀ 'ਚ ਕਦਮ ਰੱਖਦਿਆਂ ਹੀ ਅਤਾਹਉੱਲ੍ਹਾ ਨੇ ਮਧੂਬਾਲਾ 'ਤੇ ਸਖਤ ਪਹਿਰਾ ਬਿਠਾ ਦਿੱਤਾ। ਆਪਣੀ ਚੌਕੀਦਾਰੀ ਦੇਖ ਕੇ ਖਿਝੀ ਹੋਈ ਮਧੂਬਾਲਾ ਨੇ ਕੰਮ ਕੀਤਾ ਤਾਂ ਇਸ਼ਕ ਦੇ ਅਫਸਾਨੇ ਵੀ ਉੱਡਣ ਲੱਗੇ। ਜਦੋਂ ਵੀ ਮਧੂਬਾਲਾ ਦੇ ਪਿਤਾ ਨੂੰ ਇਹੋ ਜਿਹੀਆਂ ਉਡਦੀਆਂ ਖ਼ਬਰਾਂ ਮਿਲਦੀਆਂ ਤਾਂ ਉਸ ਦਾ ਖ਼ੂਨ ਖੌਲਣ ਲਗਦਾ। ਕਿਸ਼ੋਰ ਕੁਮਾਰ ਨੇ ਮਧੂਬਾਲਾ ਨਾਲ ਵਿਆਹ ਕਰ ਲਿਆ। ਵਿਆਹ ਪਿੱਛੋਂ ਵੀ ਮਧੂਬਾਲਾ ਨੇ 'ਮੁਗਲ-ਏ-ਆਜ਼ਮ', 'ਝੁਮਰੂ', 'ਬੁਆਏਫ੍ਰੈਂਡ', 'ਹਾਫ ਟਿਕਟ', 'ਸ਼ਰਾਬੀ' ਵਰਗੀਆਂ ਯਾਦਗਾਰ ਫ਼ਿਲਮਾਂ 'ਚ ਕੰਮ ਕੀਤਾ। ਮਧੂਬਾਲਾ ਨੇ ਗਾਇਕੀ ਤੇ ਅਦਾਕਾਰੀ ਤੋਂ ਇਲਾਵਾ ਫਿਲਮ ਨਿਰਮਾਣ ਦੇ ਖੇਤਰ 'ਚ ਕਦਮ ਰੱਖ ਕੇ ਆਪਣੀ ਹੋਮ ਪ੍ਰੋਡਕਸ਼ਨ 'ਮਧੂਬਾਲਾ ਪ੍ਰਾਈਵੇਟ ਲਿਮਟਿਡ' ਦੇ ਬੈਨਰ ਹੇਠ ਦੋ ਫ਼ਿਲਮਾਂ ਵੀ ਬਣਾਈਆਂ, ਉਨ੍ਹਾਂ 'ਚ ਇਕ ਸੀ 'ਨਾਤਾ' ਤੇ ਦੂਜੀ ਸੀ 'ਮਹਲੋਂ ਕੇ ਖਵਾਬ'। ਕਹਿੰਦੇ ਹਨ ਕਿ 'ਮੁਗਲ-ਏ-ਆਜ਼ਮ' ਦੇ ਆਖਰੀ ਦ੍ਰਿਸ਼ ਨੂੰ ਸਜੀਵਤਾ ਦੇਣ ਪੱਖੋਂ ਮਧੂਬਾਲਾ ਨੇ ਆਪਣੇ ਸਰੀਰ 'ਤੇ ਪਲਾਸਟਰ ਆਫ ਪੈਰਿਸ ਦਾ ਲੇਪ ਕਰਵਾਇਆ। ਜੇਕਰ ਉਹ ਚਾਹੁੰਦੀ ਤਾਂ ਨਿਰਦੇਸ਼ਕ ਕਿਸੇ ਦੂਜੀ ਕੁੜੀ ਨਾਲ ਉਹ ਦ੍ਰਿਸ਼ ਪਿਕਚਰਾਈਜ਼ ਕਰ ਸਕਦਾ ਸੀ ਪਰ ਮਧੂਬਾਲਾ ਨੇ ਖ਼ੁਦ ਇਹ ਜੋਖ਼ਮ ਭਰਿਆ ਕੰਮ ਕੀਤਾ। ਨਤੀਜਾ ਇਹ ਹੋਇਆ ਕਿ ਕੈਲਸ਼ੀਅਮ ਕਾਰਬੋਨੇਟ ਦੇ ਕਣ ਉਸ ਦੇ ਸਰੀਰ 'ਚ ਸਮਾ ਗਏ ਤੇ ਇਹ ਕਣ ਹੀ ਮਧੂਬਾਲਾ ਦੀ ਮੌਤ ਦਾ ਸਬੱਬ ਬਣ ਗਏ। 23 ਫਰਵਰੀ 1960 ਨੂੰ ਮਧੂਬਾਲਾ ਆਪਣੇ ਲੱਖਾਂ ਚਾਹੁਣ ਵਾਲਿਆਂ ਨੂੰ ਛੱਡ ਕੇ ਇਸ ਦੁਨੀਆਂ ਨੂੰ ਅਲਵਿਦਾ ਆਖ ਗਈ।

# ਅੰਡਰਵਰਲਡ ਦੇ ਅੰਦਰ ਦਾ ਸੰਸਾਰ 'ਭਿੰਡੀ ਬਾਜ਼ਾਰ'



ਮੁੰਬਈ ਦੇ ਅੰਡਰਵਰਲਡ ਨੂੰ ਮੁੱਖ ਰੱਖ ਕੇ ਸਮੇਂ-ਸਮੇਂ 'ਤੇ ਫ਼ਿਲਮਾਂ ਬਣਦੀਆਂ ਰਹੀਆਂ ਹਨ। ਇਸ ਮਹਾਂਨਗਰ ਦੀ ਕਾਲੀ ਦੁਨੀਆਂ 'ਤੇ ਫ਼ਿਲਮਾਂ ਬਣਾ ਕੇ ਰਾਮ ਗੋਪਾਲ ਵਰਮਾ ਨੇ ਬਹੁਤ ਨਾਂ ਅਤੇ ਪੈਸਾ ਕਮਾਇਆ ਹੈ। ਇਹ ਹਕੀਕਤ ਹੈ ਕਿ ਫ਼ਿਲਮ ਵਾਲਿਆਂ ਨੂੰ ਅੰਡਰਵਰਲਡ ਪ੍ਰਤੀ ਖਿੱਚ ਰਹੀ ਹੈ ਤੇ ਫ਼ਿਲਮ ਇੰਡਸਟਰੀ ਵਿਚ ਆਉਣ ਵਾਲੇ ਨਵੇਂ ਨਿਰਮਾਤਾ 'ਅੰਡਰਵਰਲਡ' ਦੇ ਦੇ ਵਿਸ਼ੇ 'ਤੇ ਹੱਥ ਅਜਮਾਈ ਜ਼ਰੂਰ ਕਰਦੇ ਹਨ। ਨਵੇਂ ਨਿਰਮਾਤਾ ਕਰਨ ਅਰੋੜਾ ਨੇ ਜਦੋਂ ਫ਼ਿਲਮ ਬਣਾਉਣੀ ਚਾਹੀ ਤਾਂ ਆਪਣੀ ਪਹਿਲੀ ਫ਼ਿਲਮ ਦੇ ਵਿਸ਼ੇ ਲਈ ਉਨ੍ਹਾਂ ਨੇ ਅੰਡਰਵਰਲਡ 'ਤੇ ਹੀ ਆਪਣੀ ਪਸੰਦ ਉਤਾਰੀ ਤੇ 'ਭਿੰਡੀ ਬਾਜ਼ਾਰ' ਦੇ ਰੂਪ ਵਿਚ ਆਪਣੀ ਪਹਿਲੀ ਫ਼ਿਲਮ ਦਾ ਨਿਰਮਾਣ ਕੀਤਾ।

ਮੁੰਬਈ ਦੇ ਇਕ ਇਲਾਕੇ ਚੋਰ ਬਾਜ਼ਾਰ ਦੀ ਤਰ੍ਹਾਂ ਭਿੰਡੀ ਬਾਜ਼ਾਰ ਦਾ ਵੀ ਜੁਰਮ ਦੀ ਦੁਨੀਆਂ ਨਾਲ ਨੇੜੇ ਦਾ ਸਬੰਧ ਰਿਹਾ ਹੈ। ਮੁੰਬਈ ਦੀ ਜੁਰਮ ਦੀ ਦੁਨੀਆਂ ਵਿਚ ਚਰਚਿਤ ਕਈ ਨਾਂ ਇਸੇ ਇਲਾਕੇ ਨੇ ਉਭਾਰੇ ਹਨ। ਭਿੰਡੀ ਬਾਜ਼ਾਰ ਨੂੰ ਮੁੱਖ ਰੱਖ ਕੇ ਫ਼ਿਲਮ ਬਣਾਉਣ ਬਾਰੇ ਕਰਨ ਕਹਿੰਦੇ ਹਨ, 'ਮੈਂ ਆਮ ਬਜਟ ਵਾਲੀ ਇਕ ਇਸ ਤਰ੍ਹਾਂ ਦੀ ਫ਼ਿਲਮ ਬਣਾਉਣਾ ਚਾਹੁੰਦਾ ਸੀ ਜਿਸ ਵਿਚ ਥ੍ਰਿਲਰ ਹੋਵੇ ਤੇ ਨਾਲ ਹੀ ਅਸਲੀਅਤ ਵੀ ਹੋਵੇ। ਮੇਰੀਆਂ ਇਹ ਦੋਵੇਂ ਜ਼ਰੂਰਤਾਂ ਅੰਡਰਵਰਲਡ ਦੇ ਵਿਸ਼ੇ ਰਾਹੀਂ ਪੂਰੀਆਂ ਹੋ ਰਹੀਆਂ ਸਨ ਤੇ ਕਿਉਂਕਿ ਭਿੰਡੀ ਬਾਜ਼ਾਰ ਦਾ ਨਾਂ ਅੰਡਰਵਰਲਡ ਦੀ ਦੁਨੀਆਂ ਵਿਚ ਵਾਰ-ਵਾਰ ਚਮਕਦਾ ਰਿਹਾ ਹੈ ਤਾਂ ਮੈਨੂੰ ਲੱਗਿਆ ਕਿ ਕਿਉਂ ਨਾ ਇਸ ਇਲਾਕੇ ਨੂੰ ਮੁੱਖ ਰੱਖ ਕੇ ਫ਼ਿਲਮ ਬਣਾਈ ਜਾਵੇ। ਫ਼ਿਲਮ ਦੇ ਟਾਈਟਲ ਦੇ ਨਾਲ ਨਿਆਂ ਕਰਦੇ ਹੋਏ ਅਸੀਂ ਫ਼ਿਲਮ ਦੀ ਪੂਰੀ ਸ਼ੂਟਿੰਗ ਭਿੰਡੀ ਬਾਜ਼ਾਰ ਵਿਚ ਹੀ ਕੀਤੀ ਹੈ।'

ਫ਼ਿਲਮ ਵਿਚ ਇਕ ਜੇਬਕਤਰੇ ਫਤਿਹ (ਪ੍ਰਸ਼ਾਂਤ ਨਾਰਾਇਣ) ਨੂੰ ਜੁਰਮ ਦੀ ਦੁਨੀਆਂ ਵਿਚ ਆਪਣੇ ਨਾਂ ਦੀ ਧਾਕ ਜਮਾਉਣ ਦੀ ਇੱਛਾ ਰੱਖਦੇ ਦਿਖਾਇਆ ਗਿਆ ਹੈ। ਦੂਜੇ ਪਾਸੇ ਮਾਮੂ (ਪਵਨ ਮਲਹੋਤਰਾ) ਨੇ ਆਪਣੀ ਮਸਲ ਤਾਕਤ ਦੀ ਬਦੌਲਤ ਆਪਣਾ ਦਬਦਬਾ ਜਮਾਇਆ ਹੋਇਆ ਹੈ। ਰਾਜਨੇਤਾਵਾਂ ਵੱਲੋਂ ਆਪਣੇ ਸਵਾਰਥ ਲਈ ਇਨ੍ਹਾਂ ਦੋਵਾਂ ਦੀ ਵਰਤੋਂ ਕੀਤੀ ਜਾਂਦੀ ਹੈ ਤੇ ਆਪਣੀ ਧੌਂਸ ਜਮਾਉਣ ਦੀ ਇੱਛਾ ਇਨ੍ਹਾਂ ਨੂੰ ਕਿੱਥੇ ਲੈ ਆਉਂਦੀ ਹੈ, ਇਹ ਇਸ ਦੀ ਕਹਾਣੀ ਹੈ।

ਨਵੇਂ ਨਿਰਦੇਸ਼ਕ ਅੰਕੁਸ਼ ਭੱਟ ਵੱਲੋਂ ਨਿਰਦੇਸ਼ਿਤ ਕੀਤੀ ਗਈ ਇਸ ਫ਼ਿਲਮ ਵਿਚ ਪ੍ਰਸ਼ਾਂਤ ਨਾਰਾਇਣ ਤੇ ਪਵਨ ਮਲਹੋਤਰਾ ਦੇ ਨਾਲ-ਨਾਲ ਪਿਊਸ਼ ਮਿਸ਼ਰਾ, ਕੇ.ਕੇ. ਮੈਨਨ, ਸ਼ਿਲਪਾ ਸ਼ੁਕਲਾ, ਦੀਪਤੀ ਨਵਲ, ਸ਼ਵੇਤਾ ਵਰਮਾ, ਵੇਦਿਤਾ ਅਤੇ ਗੌਤਮ ਸ਼ਰਮਾ ਨੇ ਅਭਿਨੈ ਕੀਤਾ ਹੈ। ਅਮਰੀਕੀ ਅਭਿਨੇਤਰੀ ਕ੍ਰਿਸਟੀਨਾ ਲੋਪੇਜ਼ ਦੀ ਵੀ ਇਸ ਫ਼ਿਲਮ ਵਿਚ ਅਹਿਮ ਭੂਮਿਕਾ ਹੈ। ਅੰਡਰਵਰਲਡ ਦੇ ਸੱਭਿਆਚਾਰ ਨੂੰ ਦਿਖਾਉਂਦੀ ਇਹ ਫ਼ਿਲਮ ਜਲਦੀ ਰਿਲੀਜ਼ ਹੋਣ ਜਾ ਰਹੀ ਹੈ।

# ਪ੍ਰਿਅੰਕਾ ਚੋਪੜਾ ਦਾ ਜਾਦੂ




ਵਿਸ਼ਾਲ ਭਾਰਦਵਾਜ ਦੀ ਨਵੀਂ ਫ਼ਿਲਮ '7 ਖ਼ੂਨ ਮਾਫ਼' ਫਿਰ ਚਰਚਾ 'ਚ ਹੈ ਕਿਉਂਕਿ ਇਸ ਫ਼ਿਲਮ 'ਚ ਉਸ ਨੇ ਫ਼ਿਲਮ 'ਐਤਰਾਜ਼' 'ਚ ਨਾਂਹ-ਪੱਖੀ ਰੋਲ ਕਰਨ ਵਾਲੀ ਪ੍ਰਿਅੰਕਾ ਚੋਪੜਾ ਨੂੰ ਇਕ ਵਾਰ ਨਾਂਹ-ਪੱਖੀ ਰੋਲ 'ਚ ਲਿਆ ਹੈ। ਇਹ ਫ਼ਿਲਮ ਅੰਗਰੇਜ਼ੀ ਦੇ ਪ੍ਰਸਿੱਧ ਲੇਖਕ ਰਸਕਿਨ ਬਾਂਡ ਦੀ ਕਹਾਣੀ 'ਸੈਵਨ ਹਸਬੈਂਡਜ਼' 'ਤੇ ਆਧਾਰਤ ਹੈ। ਪ੍ਰਿਅੰਕਾ ਇਸ ਫ਼ਿਲਮ 'ਚ ਸੱਤ ਵਾਰ ਵਿਆਹ ਕਰਦੀ ਹੈ ਤੇ ਉਸ ਦੇ ਪਤੀਆਂ ਦੇ ਕਿਰਦਾਰ ਨਿਭਾਉਣ ਵਾਲੇ ਕਲਾਕਾਰਾਂ ਦੇ ਨਾਂ ਹਨ-ਨਸੀਰੂਦੀਨ ਸ਼ਾਹ, ਜਾਨ ਅਬਰਾਹਮ, ਨੀਲ ਨਿਤਿਨ ਮੁਕੇਸ਼, ਇਰਫਾਨ, ਅਨੂ ਕਪੂਰ, ਵਿਵਾਨ ਸ਼ਾਹ (ਨਸੀਰੂਦੀਨ ਸ਼ਾਹ ਦਾ ਛੋਟਾ ਬੇਟਾ) ਤੇ ਰੂਸ ਦਾ ਕਲਾਕਾਰ ਅਲੈਗਜ਼ੈਂਡਰ ਹੈ। ਜਾਨ ਅਬਰਾਹਮ ਇਸ ਫ਼ਿਲਮ 'ਚ ਕੀਤੇ ਰੋਲ ਤੋਂ ਕਾਫ਼ੀ ਉਤਸ਼ਾਹਤ ਨਜ਼ਰ ਆ ਰਿਹਾ ਹੈ ਕਿਉਂਕਿ ਉਸ ਨੇ ਕਾਫ਼ੀ ਦੇਰ ਬਾਅਦ ਅਜਿਹਾ ਰੋਲ ਕੀਤਾ ਹੈ। ਜਾਨ ਕੋਲ ਗਿਣਤੀ ਦੀਆਂ ਹੀ ਫ਼ਿਲਮਾਂ ਹਨ, ਉਹ ਵੀ ਕਰਨ ਜੌਹਰ, ਸੁਭਾਸ਼ ਘਈ, ਯਸ਼ ਚੋਪੜਾ ਤੇ ਇਕ ਦੱਖਣ ਦੀ ਤੇ ਦੋ ਹਾਲੀਵੁੱਡ ਦੇ ਨਿਰਦੇਸ਼ਕਾਂ ਦੀਆਂ ਹਨ। ਇਸ ਫ਼ਿਲਮ ਦੀ ਸ਼ੂਟਿੰਗ ਸਮੇਂ ਨਿਰਦੇਸ਼ਕ ਨੂੰ ਪ੍ਰੇਸ਼ਾਨੀ ਵੀ ਆਈ ਕਿਉਂਕਿ ਉਸ ਨੇ ਸਾਰੇ ਹੀ ਬਿਜ਼ੀ ਕਲਾਕਾਰ ਲਏ ਸਨ। ਸਾਰੇ ਕਲਾਕਾਰ ਆਪਣੇ ਕਿਸੇ ਨਾ ਕਿਸੇ ਫ਼ਿਲਮ, ਐਡ ਫ਼ਿਲਮ, ਪ੍ਰਚਾਰ ਨਾਲ ਜੁੜੇ ਹੋਏ ਸਨ।

ਪ੍ਰਿਅੰਕਾ ਚੋਪੜਾ ਸੁਜੈਨ ਨਾਂ ਦੀ ਮੁਟਿਆਰ ਦੀ ਭੂਮਿਕਾ ਨਿਭਾਅ ਰਹੀ ਹੈ। ਨੀਲ ਨਿਤਿਨ ਮੁਕੇਸ਼ ਇਹ ਫ਼ਿਲਮ ਕਰਕੇ ਇਸ ਕਰਕੇ ਖ਼ੁਸ਼ ਹੈ ਕਿਉਂਕਿ ਉਹ ਇਸ ਫ਼ਿਲਮ 'ਚ ਪ੍ਰਿਅੰਕਾ ਦੇ ਸੱਤ ਪਤੀਆਂ 'ਚੋਂ ਇਕ ਪਤੀ ਹੈ। ਉਸ ਨੂੰ ਇਹ ਫ਼ਿਲਮ ਇਸ ਕਰਕੇ ਵੀ ਚੰਗੀ ਲੱਗੀ ਕਿਉਂਕਿ ਇਸ 'ਚ ਉਸ ਨੂੰ ਹਰਮਨ ਪਿਆਰੀ ਅਭਿਨੇਤਰੀ ਪ੍ਰਿਅੰਕਾ ਚੋਪੜਾ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਨੀਲ ਮੇਜਰ ਐਡਵਿਨ ਬਣਿਆ ਹੈ। ਉਮਰ ਦੇ ਹਿਸਾਬ ਨਾਲ ਨੀਲ ਮੇਜਰ ਤਾਂ ਨਹੀਂ ਲਗਦਾ, ਫਿਰ ਵੀ ਉਸ ਨੇ ਦਿੱਲੀ 'ਚ ਰਹਿੰਦੇ ਅੰਕਲ ਜੋ ਆਰਮੀ 'ਚ ਹਨ, ਤੋਂ ਬਾਕਾਇਦਾ ਟ੍ਰੇਨਿੰਗ ਲਈ ਕਿ ਇਕ ਮੇਜਰ ਦੀ ਬੋਲਚਾਲ, ਤੋਰ ਕਿਸ ਤਰ੍ਹਾਂ ਹੁੰਦੀ ਹੈ। ਨੀਲ ਨੂੰ ਵੀ ਇਸ ਫ਼ਿਲਮ ਤੋਂ ਬੜੀ ਆਸ ਹੈ ਕਿਉਂਕਿ ਨੀਲ ਦੀਆਂ ਪਹਿਲੀਆਂ ਫ਼ਿਲਮਾਂ ਕੁਝ ਚੰਗੀਆਂ ਗਈਆਂ ਹਨ ਤੇ ਕੁਝ ਢਿੱਲੀਆਂ। ਇਸ ਫ਼ਿਲਮ ਨੂੰ ਕਈ ਅੰਤਰਰਾਸ਼ਟਰੀ ਐਵਾਰਡ ਵੀ ਮਿਲਣ ਦੀ ਸੰਭਾਵਨਾ ਹੈ। ਜਾਨ ਤੇ ਪ੍ਰਿਅੰਕਾ, ਇਰਫਾਨ, ਨਸੀਰੂਦੀਨ ਵੀ ਇਹੋ ਹੀ ਸੋਚਦੇ ਹਨ।


HOT OFFER!
BEST DEAL
@540TVL
built-in 4-9mm vari-focal lens & 42pcs IR LED
1/3" SONY Super HAD CCD
Model SA-1838HS
$99
VT-100
Dome Camera
Price: $49.00
VT-1565
IR Camera
Price: $199.00
VT-1566
Bullet Camera
Price: $99.00
NOW BUY ONLINE
www.EzChase.com
CCTV
$599
4 Cameras + 4CH DVR
PRO PACKAGE
BEST PRICE GUARANTEE
$1199
8 Cameras + 8CH DVR
ADVANCED PACKAGE
ONE STOP SHOP FOR CCTV EQUIPMENTS TO PROTECT YOUR HOME & BUSINESS
We sell less price but make your security priceless.
We only provide high quality at economy price.
Two year Warranty on our products.
Watch your business from anywhere on your smart phone
iPhone, BlackBerry or Windows Mobiles
Customer Service : 1-800-235-1391


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF
MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# Golden State Realty

**Real Estate and Loans Under One Roof**

ਪਿਛਲੇ 24 ਸਾਲਾਂ ਤੋਂ ਬਿਜਨਸ ਵਿਚ ਦਿਤੇ ਭਰਪੂਰ ਸਹਿਯੋਗ ਲਈ ਸਮੁਚੇ ਭਾਈਚਾਰੇ ਦਾ ਬਹੁਤ ਬਹੁਤ ਧੰਨਵਾਦ

## Refinance Now

**15 & 30 Yr Fixed Rates Are Still Better!!!**

**5/1, 7/1 ARM are also attractive**

**Refinance Now At Zero Cost**

**Call Sukhi Gill @ 510-207-9067**

CA DRE Lic.#01180969, NMLS# 352095

## Short Sale Specialist

### We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

### JUST SOLD

1. 680 Upper Vinters Cir Fremont, CA 94539
2. 3257 Poetry Ct., Stockton, CA 95206
3. 2201 Monroe St. #504 Santa Clara, CA 95050
4. 2370 Picasso Way Stockton, CA 95206
5. 950 Silver Ct., Lathrop, CA 95330
6. 304 Pennyhill Dr., San Jose, CA 95127
7. 234 Pamela Ave 6plex San Jose CA 95116
8. 3809 Amy Pl Union city, CA 94587
9. 6400 Christie Ave #5322 Emeryville, CA 94608
10. 2728 Jackson Ave Tracy CA 95377
11. 1027 Boardwalk Dr Stockton CA 95206
12. 2975 Winwood Way San jose CA 95148

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

ਦੁਨੀਆਂ ਦੇ ਕੋਨੇ-ਕੋਨੇ ਅਤੇ ਬੇ-ਏਰੀਆ ਕੈਲੀਫੋਰਨੀਆ ਵਿਚ ਸਭ ਤੋਂ ਵਧ ਸੁਣਿਆ ਜਾਣ ਵਾਲਾ ਪੰਜਾਬੀ ਰੇਡੀਓ: ਰੇਡੀਓ ਚੜ੍ਹਦੀ ਕਲਾ www.radiock.com

ਨੋਟ: ਨਵੇਂ ਸਾਲ 2011 ਦੇ ਕੈਲੰਡਰ ਗੋਲਡਨ ਸਟੇਟ ਰਿਐਲਟੀ ਦੇ ਦਫਤਰ ਤੋਂ ਲਏ ਜਾ ਸਕਦੇ ਹਨ।